ਹਰਿਮੰਦਰ ਦਰਸ਼ਨ

ਡਾ. ਸਰੂਪ ਸਿੰਘ ਅਲੱਗ

ਪੀਐਚ.ਡੀ., ਡੀ.ਲਿਟ., ਯੂ.ਐਸ.ਏ.

SPONSORS :

SARDARNI MOHINDER KAUR
SARDAR GURMUKH SINGH
AND
SARDARNI SURINDER KAUR
SARDAR AVTAR SINGH
3917 25 Ave, Edmonton (AB)
CANADA.

66ਵਾਂ ਡੀਲਕਸ ਸੋਧਿਆ ਹੋਇਆ ਵਿਕਸਤ ਐਡੀਸ਼ਨ : 22 ਫਰਵਰੀ, 2013

ਭੇਟਾ ਮੁਫਤ (ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਾਓ ਜੀ) 1000 ਕਾਪੀਆਂ

Please donate generously to Alag Shabad Yug Trust Ludhiana-141 010 at its Ludhiana address for further publication and free distribution of this book and other 91 publications of the Trust.

ੴ ਸਤਿਗੁਰ ਪ੍ਰਸਾਦਿ
ਸਰਬੱਤ ਦਾ ਭਲਾ
Welfare unto all

ਪੁਸਤਕ ਦਾ ਨਾਂ	ਹਰਿਮੰਦਰ ਦਰਸ਼ਨ
ਲੇਖਕ	ਡਾ. ਸਰੂਪ ਸਿੰਘ ਅਲੱਗ, ਪੀ.ਐਚ.ਡੀ., ਡੀ.ਲਿਟ. ਯੂ.ਐਸ.ਏ.
© ਕਾਪੀ ਰਾਈਟਸ	ਸਭ ਹੱਕ ਲੇਖਕ ਦੇ ਰਾਖਵੇਂ ਹਨ
ਸਪਾਂਸਰਜ਼	ਸਰਦਾਰਨੀ ਮਹਿੰਦਰ ਕੌਰ ਜੀ ਸ. ਗੁਰਮੁੱਖ ਸਿੰਘ ਜੀ ਅਤੇ ਸਰਦਾਰਨੀ ਸੁਰਿੰਦਰ ਕੌਰ ਜੀ ਸ. ਅਵਤਾਰ ਸਿੰਘ ਜੀ 3917 25 ਐਵੀਨਿਊ, ਐਡਮੋਂਟਨ (AB), ਕੈਨੇਡਾ
ਵਿਤਰਨ ਵਿਧੀ	ਮੁਫਤ ਸਪਾਂਸਰਜ਼ ਦੇ ਧੰਨਵਾਦ ਸਹਿਤ
ਪ੍ਰਕਾਸ਼ਕ	ਡਾ. ਸਰੂਪ ਸਿੰਘ ਅਲੱਗ ਚੇਅਰਮੈਨ ਅਲੱਗ ਸ਼ਬਦ ਯੁੱਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਰਜਿ.) 593, ਅਰਬਨ ਅਸਟੇਟ, ਫੇਜ਼-2, ਫੋਕਲ ਪੁਆਇੰਟ, ਲੁਧਿਆਣਾ-141010. (ਪੰਜਾਬ) ਭਾਰਤ ਫੋਨ: +91-161-2671947, 2673416 ਫੈਕਸ : +91-161-2670593
ਟਰੱਸਟ ਦਾ ਈ-ਮੇਲ	alag@alagshabadyug.org
ਬਦਲਵਾਂ ਈ-ਮੇਲ	jagbir.s@sify.com
ਟਰੱਸਟ ਦੀ ਵੈਬਸਾਈਟ	www.sikhglory.alagshabadyug.org
ਸੰਖਿਆ	1000 ਕਾਪੀਆਂ
ਐਡੀਸ਼ਨ	66ਵਾਂ ਡੀਲਕਸ ਸੋਧਿਆ ਹੋਇਆ ਵਿਕਸਤ ਐਡੀਸ਼ਨ, 22 ਫਰਵਰੀ, 2013
ਟਾਈਟਲ ਡੀਜ਼ਾਇਨ	ਪ੍ਰੋ. ਰੁਪਿੰਦਰ ਕੌਰ ਸੋਨੀਆ
ਕੰਪਿਊਟਰ ਕਾਰਜ	ਸੁਨਿੰਦਾ ਸਿੰਘ ਅਲੱਗ
ਪ੍ਰਿੰਟਰ	ਫਾਇਲ ਪ੍ਰਿੰਟਰਜ਼, ਲੁਧਿਆਣਾ
ਪਰੂਫ ਰੀਡਿੰਗ	ਪ੍ਰੋ. ਰਮਿੰਦਰ ਦੀਪ ਸਿੰਘ
ਪੁਤਸਕ ਦੀ ਹੋਰ ਭਾਸ਼ਾਵਾਂ ਵਿੱਚ ਉਪਲੱਬਧਤਾ	(i) ਹਿੰਦੀ, (ii) ਅੰਗਰੇਜ਼ੀ
ਇਸ ਵਿਸ਼ੇ ਬਾਰੇ ਟਰੱਸਟ ਦੀਆਂ ਕੁਝ ਹੋਰ ਪ੍ਰਕਾਸ਼ਨਾਵਾਂ	ਹਰਿਮੰਦਰ ਸ਼ੋਭਾ, ਸਚਖੰਡ ਸ੍ਰੀ ਹਰਿਮੰਦਰ ਸਾਹਿਬ, Realm of Harmandar, Harmandar - The Golden Temple, ਹਰਿਮੰਦਰ ਦਰਸ਼ਨ
ਸਮੁੱਚੀ ਨਿਗਰਾਨੀ	ਸ. ਸੁਖਿੰਦਰ ਪਾਲ ਸਿੰਘ ਅਲੱਗ

Printed in India
by
Alag Shabad Yug Trust Ludhiana-141010 for Free Distribution

ਅਕਲੀ ਕੀਚੈ ਦਾਨ

ਹਰਿਮੰਦਰ ਸਾਹਿਬ ਵਿਚ ਹੋਰ ਦੁਰਲਭ ਵਸਤਾਂ ਦੇ ਨਾਲ ਨਾਲ ਸ਼ਰਧਾਲੂ ਆਪਣੀਆਂ ਸੁਖਾਂ ਦੀ ਪੂਰਤੀ ਵਿਚ ਰੁਮਾਲੇ ਚੜ੍ਹਾਅ ਕੇ ਆਪਣੇ ਮਨ ਨੂੰ ਸੰਤੁਸ਼ਟ ਕਰਨ ਦਾ ਯਤਨ ਕਰਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਉਨ੍ਹਾਂ ਵੱਲੋਂ ਚੜ੍ਹਾਇਆ ਜਾਂਦਾ ਰੁਮਾਲਾ, ਇਕ ਦੋ ਸਕਿੰਟ ਗੁਰੂ ਗ੍ਰੰਥ ਸਾਹਿਬ ਜੀ ਨਾਲ ਛੁਹਾ ਕੇ ਪੋਟਲੀ ਵਿਚ ਬੰਨ੍ਹ ਲਿਆ ਜਾਂਦਾ ਹੈ ਅਤੇ ਫਿਰ ਉਹ ਕਿੱਥੇ ਜਾਂਦਾ ਹੈ, ਇਸ ਬਾਰੇ ਸਾਨੂੰ ਸਹੀ ਸਹੀ ਪਤਾ ਨਹੀਂ। ਹਰਿਮੰਦਰ ਸਾਹਿਬ ਦੇ ਇਕ ਜ਼ਿੰਮੇਵਾਰ ਬੁਲਾਰੇ ਨੇ ਇਹ ਦੱਸਿਆ ਕਿ ਆਮ ਦਿਨਾਂ ਵਿਚ ਹਰਿਮੰਦਰ ਸਾਹਿਬ ਵਿਚ ਸ਼ਰਧਾਲੂਆਂ ਵੱਲੋਂ ਇਕ ਹਜ਼ਾਰ ਦੇ ਕਰੀਬ ਰੁਮਾਲੇ ਚੜ੍ਹਾਏ ਜਾਂਦੇ ਹਨ ਜਿਨ੍ਹਾਂ ਦੀ ਸਾਂਭ ਸੰਭਾਲ ਪ੍ਰਬੰਧਕਾਂ ਲਈ ਸਮੱਸਿਆ ਹੈ। ਇਹ ਵੀ ਆਮ ਕਿਹਾ ਜਾਂਦਾ ਹੈ ਕਿ ਇਹ ਰੁਮਾਲੇ ਥੋਕ ਵਿਚ ਕੌਡੀਆਂ ਦੇ ਭਾਅ ਨਿਲਾਮ ਕਰ ਦਿੱਤੇ ਜਾਂਦੇ ਹਨ। ਸਥਿਤੀ ਨੂੰ ਦੇਖਦਿਆਂ ਹੋਇਆਂ ਸਾਨੂੰ ਹਰਿਮੰਦਰ ਸਾਹਿਬ ਵਿਖੇ ਜਾਂ ਕਿਸੇ ਵੀ ਹੋਰ ਧਾਰਮਿਕ ਸਥਾਨ ਤੇ ਉਹ ਚੀਜ਼ ਹੀ ਭੇਂਟ ਕਰਨੀ ਚਾਹੀਦੀ ਹੈ ਜਿਸ ਦਾ ਸਦ ਉਪਯੋਗ ਹੋ ਸਕੇ। ਇਸ ਗੱਲ ਵੱਲ ਧਿਆਨ ਦੇਂਦਿਆਂ ਸੰਗਤਾਂ ਦੀ ਸੋਚ ਵਿਚ ਕੁਝ, ਕੁਝ ਬਦਲਾਓ ਆਉਣ ਲੱਗ ਵੀ ਪਿਆ ਹੈ ਜੋ ਕਿ ਇਕ ਚੰਗਾ ਸੰਕੇਤ ਹੈ।

ਹਰਿਮੰਦਰ ਸਾਹਿਬ ਦੀ ਸਰਬ ਪੱਖੀ ਮਹਾਨਤਾ ਦੇ ਸਤਿਕਾਰ ਵਿਚ ਅਤੇ ਇਸ ਵਿਸ਼ਵ ਪੱਧਰੀ ਤੀਰਥ ਬਾਰੇ ਵੱਧ ਤੋਂ ਵੱਧ ਲੁਕਾਈ ਨੂੰ ਜਾਣੂੰ ਕਰਵਾਣ ਲਈ ਏਡਮੋਂਟਨ, ਕੈਨੇਡਾ ਨਿਵਾਸੀ ਅਜ਼ੀਜ਼ ਵੀਰ ਸ. ਗੁਰਮੁਖ ਸਿੰਘ ਜੀ ਨੇ ਪੁਸਤਕ ਦਾ ਇਕ ਵਿਸ਼ੇਸ਼ ਡੀਲਕਸ ਐਡੀਸ਼ਨ ਸਪਾਂਸਰ ਕਰਵਾ ਕੇ ਉਸ ਨੂੰ ਮੁਫਤ ਵੰਡਣ ਦੀ ਸੇਵਾ ਕੀਤੀ ਹੈ ਜੋ ਅਤੀ ਸ਼ਲਾਘਾਜਨਕ ਹੈ। ਇਹ ਪੁਸਤਕ ਇਕ ਹਜ਼ਾਰ ਘਰਾਂ, ਲਾਇਬਰੇਰੀਆਂ ਵਿਚ ਜਾ ਕੇ ਗੁਰਸਿੱਖੀ ਦਾ ਸੁੱਚਾ ਚਾਨਣ ਫੈਲਾਏਗੀ। ਅਜਿਹੀ ਸੇਵਾ ਮਹੱਤਵਪੂਰਣ ਹੈ, ਅਤੀ ਅਵਸ਼ੱਕ ਹੈ, ਲਾਭਦਾਇਕ ਹੈ ਅਤੇ ਪ੍ਰਮਾਤਮਾ ਦੇ ਦਰਬਾਰ ਵਿਚ ਵੀ ਪ੍ਰਵਾਣਤ ਹੈ। ਅਸੀਂ ਇਸ ਗੁਰਮੁਖ ਪਰਿਵਾਰ ਦਾ ਇਸ ਪਵਿੱਤਰ ਸੇਵਾ ਲਈ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਪਰਿਵਾਰ ਦੀ ਚੜ੍ਹਦੀ ਕਲਾ ਅਤੇ ਸਰਬਪੱਖੀ ਖੁਸ਼ਹਾਲੀ ਲਈ ਅਰਦਾਸ ਕਰਦੇ ਹਾਂ। ਇਹ ਪਰਿਵਾਰ ਆਪਣੀ ਨੇਕ ਕਿਰਤ ਕਮਾਈ ਵਿਚੋਂ ਹਰ ਸਾਲ ਅਲੱਗ ਸ਼ਬਦ ਯੱਗ ਦੀ ਘੱਟੋ ਘੱਟ ਇਕ ਪੁਸਤਕ ਜ਼ਰੂਰ ਸਪਾਂਸਰ ਕਰਵਾ ਕੇ ਸਤਿਗੁਰਾਂ ਦੀਆਂ ਬਖਸ਼ਸ਼ਾਂ ਦਾ ਪਾਤਰ ਬਣਦਾ ਹੈ। ਅਸੀਂ ਹੋਰ ਦਾਨੀਆਂ ਅਤੇ ਗੁਰਬਾਣੀ ਪ੍ਰੇਮੀਆਂ ਨੂੰ ਵੀ ਅਜਿਹੀ ਸੇਵਾ ਕਰਨ ਲਈ ਬੇਨਤੀ ਕਰਦੇ ਹਾਂ ਤਾਂਕਿ ਅਸੀਂ ਸ਼ਬਦ ਦੇ ਇਸ ਲੰਗਰ ਨੂੰ ਘਰ ਘਰ ਤੱਕ ਪਹੁੰਚਾ ਸਕੀਏ।

ਭਾਈ ਦਲਜੀਤ ਸਿੰਘ	**ਗਿਆਨ ਸਿੰਘ ਕੋਟਲੀ**	**ਡਾ. ਸਰੂਪ ਸਿੰਘ ਅਲੱਗ**
ਕੇਂਟ, ਯੂ.ਐਸ.ਏ.	ਸਰੀ, ਕੈਨੇਡਾ	ਲੁਧਿਆਣਾ, ਭਾਰਤ
253-239-2790	778-706-7151	98153-23523

Index

ਛਿਣੇ ਸਰੇ ਸ਼ਾਖ :

ਸਿਫਤੀ ਦਾ ਘਰ ਸ੍ਰੀ ਅੰਮ੍ਰਿਤਸਰ

ਸੰਸਾਰ ਵਿਚ ਜਿਥੇ ਕਿਧਰੇ ਵੀ ਕੋਈ ਸਿੱਖ ਰਹਿ ਰਿਹਾ ਹੈ ਉਸ ਦੀ ਪ੍ਰਬਲ ਤਾਂਘ ਬਣੀ ਰਹਿੰਦੀ ਹੈ ਕਿ ਜ਼ਿੰਦਗੀ ਵਿਚ ਘਟੋ ਘਟ ਇਕ ਵਾਰੀ ਤਾਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਹੋ ਜਾਣ। ਉਹ ਇਸ ਇੱਛਾ ਦੀ ਪੂਰਤੀ ਲਈ ਆਪਣੀ ਨਿਤ ਦੀ ਅਰਦਾਸ ਵਿਚ ਅਕਾਲਪੁਰਖ ਅੱਗੇ ਅਰਜੋਈਆਂ ਕਰਦਾ ਰਹਿੰਦਾ ਹੈ। ਉਸ ਲਈ ਇਸ ਅਸਥਾਨ ਤੋਂ ਪਵਿੱਤਰ ਅਸਥਾਨ ਸੰਸਾਰ ਭਰ ਵਿਚ ਹੋਰ ਕੋਈ ਨਹੀਂ ਕਿਉਂਕਿ ਇਹੀ ਸੁਭਾਗੀ ਭੂਮੀ ਹੈ ਜਿਥੇ ਦਸ ਵਿਚੋਂ ਅਠ ਸਿੱਖ ਗੁਰੂ ਸਾਹਿਬਾਨ ਦੇ ਚਰਨ ਪਏ ਹਨ, ਆਦਿ ਗ੍ਰੰਥ ਸਾਹਿਬ ਦਾ ਪ੍ਰਥਮ ਪਰਕਾਸ਼ ਹੋਇਆ ਹੈ।

ਗੁਰੂ ਨਾਨਕ ਸਾਹਿਬ ਪਹਿਲੀ ਵਾਰ ਭਾਈ ਮਰਦਾਨਾ ਜੀ ਨਾਲ ਇੱਥੇ 1502 ਈ. ਵਿਚ ਪਧਾਰੇ ਤੇ ਇਸ ਦਾ ਸ਼ਾਂਤ ਵਾਤਾਵਰਨ ਉਨ੍ਹਾਂ ਨੂੰ ਬਹੁਤ ਭਾਇਆ। ਇਸ ਤੋਂ ਮਗਰੋਂ 1532 ਈ. ਨੂੰ ਉਹ ਫਿਰ ਭਾਈ ਲਹਿਣੇ ਤੇ ਬਾਬਾ ਬੁੱਢਾ ਜੀ ਨਾਲ ਇਸ ਛਪੜੀ ਦੇ ਕੰਢੇ ਕੁਝ ਦੇਰ ਲਈ ਠਹਿਰੇ ਤੇ ਉਨ੍ਹਾਂ ਨੇ ਇਸ ਨੂੰ ਸੁਖਾਵੀਂ ਜਗ੍ਹਾ ਸਮਝ ਕੇ ਇਸ ਨੂੰ ਦਿਲੋਂ ਪਸੰਦ ਕੀਤਾ।

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥ ਅੰਗ-319

ਇੱਥੇ ਇਕ ਤਲਾਅ ਸੀ ਜਿਸ ਨੂੰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਗੁਰੂ ਅਮਰਦਾਸ ਜੀ ਦੇ ਹੁਕਮਾਂ ਨਾਲ ਵੱਡਾ ਤੇ ਡੂੰਘਾ ਕਰਵਾਇਆ ਤੇ ਇਸ ਦਾ ਨਾਂ ਪਹਿਲੇ ਰਾਮ ਸਰ ਪਿਆ ਤੇ ਮਗਰੋਂ ਅੰਮ੍ਰਿਤਸਰ (ਅੰਮ੍ਰਿਤ ਦਾ ਸਰੋਵਰ) ਹੋ ਗਿਆ। ਇਸ ਦੇ ਆਸ ਪਾਸ ਸਿੱਖ ਸੰਗਤਾਂ ਤੇ ਹੋਰ ਵਿਓਪਾਰੀਆਂ ਨੇ ਆਪਣੀ ਅਬਾਦੀ ਕਰ ਲਈ, ਉਸ ਵਸੋਂ ਨੂੰ ਵੀ ਅੰਮ੍ਰਿਤਸਰ ਹੀ ਕਿਹਾ ਜਾਣ ਲਗ ਪਿਆ। ਇਸ ਤਰ੍ਹਾਂ ਮੌਜੂਦਾ ਸ਼ਹਿਰ ਅੰਮ੍ਰਿਤਸਰ ਉਸ ਥਾਂ ਤੇ ਵਿਸ਼ਵ ਦੇ ਅਧਿਆਤਮਿਕ ਨਕਸ਼ੇ ਤੇ ਉਭਰ ਕੇ ਸਾਹਮਣੇ ਆਇਆ ਜਿਸ ਨੂੰ ਸ਼ੁਰੂ ਸ਼ੁਰੂ ਵਿਚ 'ਚਕ ਗੁਰੂ ਕਾ' ਕਰਕੇ ਜਾਣਿਆ ਜਾਂਦਾ ਸੀ ਤੇ ਜਿਸ ਲਈ ਥਾਂ ਤੁੰਗ ਪਿੰਡ ਦੇ ਜ਼ਿਮੀਦਾਰਾਂ ਨੂੰ 700 ਅਕਬਰੀ ਮੁਹਰਾਂ ਦੇ ਕੇ ਖਰੀਦੀ ਗਈ ਸੀ। (ਹਵਾਲਾ ਅੰਮ੍ਰਿਤਸਰ ਗਜ਼ਟੀਅਰ ਵਰਸ਼ 1914 ਅਤੇ 'Guide to the Darbar Sahib or Golden Temple' by Sunder Singh Ramgarhia page 5, edition 1903)

ਅੰਮ੍ਰਿਤਸਰ ਸਰੋਵਰ ਦੀ ਖੁਦਾਈ ਗੁਰੂ ਅਮਰਦਾਸ ਜੀ ਦੇ ਹੁਕਮ ਨਾਲ ਗੁਰੂ ਰਾਮਦਾਸ ਜੀ ਨੇ 6 ਨਵੰਬਰ 1573 ਈ. ਨੂੰ ਆਰੰਭ ਕਰਵਾਈ। (ਹਵਾਲਾ ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਪੰਨਾ-344)। ਬਾਬਾ ਬੁੱਢਾ

ਜੀ ਅਨੁਸਾਰ ਸਰੋਵਰ ਦੀ ਖੁਦਾਈ ਲਈ ਪਹਿਲਾ ਟਕ ਗੁਰੂ ਰਾਮ ਦਾਸ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਲਗਾਇਆ ਅਤੇ ਇਹ ਸੇਵਾ ਕਾਰਜ ਦੁਖ ਭੰਜਨੀ ਬੇਰੀ ਨੇੜਿਓਂ ਪ੍ਰਾਰੰਭ ਹੋਇਆ। ਅਗਲੇ ਸਾਲ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਜਿਸ ਕਰਕੇ ਇਹ ਸੇਵਾ ਕਾਰਜ ਰੁਕ ਗਿਆ। 1576 ਈ. ਵਿਚ ਦੋਬਾਰਾ ਸਰੋਵਰ ਦੀ ਸੇਵਾ ਦਾ ਕਾਰਜ ਜ਼ੋਰਾਂ ਸ਼ੋਰਾਂ ਨਾਲ ਆਰੰਭ ਹੋਇਆ ਅਤੇ 13 ਸਾਲ ਦੇ ਸਮੇਂ ਮਗਰੋਂ ਇਸਦੀ ਸੰਪੰਨਤਾ ਹੋਈ। ਸਤਿਗੁਰਾਂ ਦੀਆਂ ਬਖਸ਼ਿਸ਼ਾਂ ਸਦਕਾ ਤਿਆਰ ਹੋਏ ਇਸ ਸਰੋਵਰ ਦੀ ਪਵਿੱਤਰਤਾ ਦਾ ਅਨੁਮਾਨ ਗੁਰਬਾਣੀ ਦੀ ਇਸ ਪੰਗਤੀ ਤੋਂ ਸਹਿਜੇ ਹੀ ਹੋ ਜਾਂਦਾ ਹੈ:

ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥ *ਅੰਗ-623

ਸੇਵਾ ਕਰਦਿਆਂ ਹਰ ਸਮੇਂ ਸੰਗਤਾਂ ਵਿਚ ਵਿਸ਼ੇਸ਼ ਉਮਾਹ ਦੇਖਿਆ ਜਾਂਦਾ ਸੀ। ਇਸ ਸਮੇਂ ਤੱਕ ਗੁਰਗਦੀ ਤੇ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਦੇ ਰੂਪ ਵਿਚ ਬਿਰਾਜਮਾਨ ਹੋ ਚੁਕੇ ਸਨ। ਉਨ੍ਹਾਂ ਨੇ ਇਸ ਪਾਵਨ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ (ਰੱਬ ਦਾ ਘਰ) ਬਣਵਾਇਆ ਜਿਸ ਦਾ ਨੀਂਹ ਪੱਥਰ ਮੁਸਲਮਾਨ ਦਰਵੇਸ਼ ਮੀਰ ਮੁਹੰਮਦ ਮਯੀਨਲ ਇਸਲਾਮ, ਜਿਨ੍ਹਾਂ ਨੂੰ ਪਿਆਰ ਤੇ ਸਤਿਕਾਰ ਨਾਲ ਮੀਆਂ ਮੀਰ ਜੀ ਕਰਕੇ ਯਾਦ ਕੀਤਾ ਜਾਂਦਾ ਹੈ, ਨੇ ਜਨਵਰੀ 1589 ਈ. ਵਿਚ ਰਖਿਆ ਤੇ 1601 ਈ. ਵਿਚ ਇਹ ਕਾਰਜ ਮੁਕੰਮਲ ਹੋਇਆ। (ਹਵਾਲਾ ਪੁਸਤਕ The Golden Temple by SGPC ਪੰਨਾ 6)। ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਪੰਜਵੇਂ ਪਾਤਸ਼ਾਹ ਨੇ 1604 ਈ. ਵਿਚ ਸੰਪੂਰਨ ਕਰਵਾਈ ਤੇ ਨਾਨਕ ਸ਼ਾਹੀ ਕਲੰਡਰ ਅਨੁਸਾਰ 1 ਸਤੰਬਰ 1604 ਨੂੰ ਆਦਿ ਗ੍ਰੰਥ ਸਾਹਿਬ ਨੂੰ ਹਰਿਮੰਦਰ ਸਾਹਿਬ ਵਿੱਚ ਬਿਰਾਜਮਾਨ ਕਰਨ ਦੀ ਪਵਿੱਤਰ ਕਾਰਵਾਈ ਅਮਲ ਵਿੱਚ ਆਈ। ਬਾਬਾ ਬੁੱਢਾ ਜੀ ਨੇ ਆਪਣੇ ਸੀਸ ਤੇ ਆਦਿ ਗ੍ਰੰਥ ਸਾਹਿਬ ਜੀ ਨੂੰ ਅਦਬ ਸਤਿਕਾਰ ਨਾਲ ਸੁਭਾਇਮਾਨ ਕੀਤਾ ਅਤੇ ਪੰਚਮ ਪਿਤਾ ਸਤਿਕਾਰ ਵਿਚ ਚੌਰ ਕਰਦੇ ਰਹੇ। ਸਾਰੇ ਸ਼ਹਿਰ ਵਿਚ ਇਸ ਪਾਵਨ ਗ੍ਰੰਥ ਸਾਹਿਬ ਨੂੰ ਇਕ ਨਗਰ ਕੀਰਤਨ ਦੇ ਰੂਪ ਵਿਚ ਲਿਜਾ ਕੇ ਹਰੀ ਦੇ ਮੰਦਰ ਵਿਚ ਬਿਰਾਜਮਾਨ ਕੀਤਾ। ਇਸ ਸ਼ੁਭ ਕਰਮ ਨਾਲ ਨਵੀਂ ਨਵੀਂ ਉਸਰੀ ਨਗਰੀ ਦੀ ਕਿਸਮਤ ਜਾਗ ਪਈ। ਸਾਰਾ ਸ਼ਹਿਰ ਧਾਰਮਿਕ ਸੁਗੰਧੀ ਨਾਲ ਪੁਨੀਤ ਹੋ ਗਿਆ। ਹਰਿਮੰਦਰ ਸਾਹਿਬ ਦੇ ਪ੍ਰਥਮ ਗ੍ਰੰਥੀ ਵਜੋਂ ਥਾਪੇ ਗਏ ਬਾਬਾ ਬੁੱਢਾ ਜੀ ਨੇ ਆਦਿ ਗ੍ਰੰਥ ਸਾਹਿਬ ਵਿਚੋਂ ਪ੍ਰਥਮ ਹੁਕਮਨਾਮਾ ਲਿਆ ਜਿਸ ਦੇ ਪ੍ਰਾਰੰਭਕ ਸ਼ਬਦ ਇਵੇਂ ਹਨ:-

ਸੂਹੀ ਮਹਲਾ-੫
ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥ ਅੰਗ-783

** ਸਾਰੀ ਪੁਸਤਕ ਵਿਚ ਗੁਰਬਾਣੀ ਪੰਗਤੀ ਦੇ ਸਾਹਮਣੇ ਸੱਜੇ ਪਾਸੇ ਨੁਕਰ ਤੇ ਦਿੱਤੇ ਗਏ ਅੰਗ ਤੋਂ ਭਾਵ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਹੈ।*

ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਉਪਕਾਰ ਸਦਕਾ ਸਿੱਖ ਕੌਮ ਨੂੰ ਇਕ ਪਵਿੱਤਰ ਸ਼ਹਿਰ, ਜਿਸ ਵਿਚ ਵਾਹਿਗੁਰੂ ਦਾ ਆਪਣਾ ਧਾਮ ਹੈ, ਪ੍ਰਾਪਤ ਹੋਇਆ ਅਤੇ ਇਲਾਹੀ ਬਾਣੀ ਦਾ ਆਤਮਿਕ ਸ਼ੁਧੀ ਪ੍ਰਦਾਨ ਕਰਨ ਵਾਲਾ ਗ੍ਰੰਥ ਵੀ ਬਖਸ਼ਿਸ਼ ਦੇ ਰੂਪ ਵਿਚ ਮਿਲਿਆ। ਇਸ ਸ਼ੋਭਨੀਕ ਅਸਥਾਨ ਦੇ ਰੂਪ ਮਾਨ ਹੋ ਜਾਣ ਨਾਲ ਦੂਰ ਨੇੜੇ ਤੋਂ ਸੰਗਤਾਂ ਦਰਸ਼ਨਾਂ ਅਤੇ ਇਸ਼ਨਾਨਾਂ ਲਈ ਆਉਣ ਲਗ ਪਈਆਂ। ਹਰਿਮੰਦਰ ਸਾਹਿਬ ਵਿੱਚ ਕੀਰਤਨ ਦੀ ਛਹਿਬਰ ਲਗ ਗਈ ਤੇ ਸਚਖੰਡੀ ਮਾਹੌਲ ਸਿਰਜ ਗਿਆ।

ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤਸਰਿ ਨਾਤਾ ਅੰਗ-510

ਇਵੇਂ ਹਰਿਮੰਦਰ ਵਿਚ ਗਾਈ ਜਾਣ ਵਾਲੀ ਬਾਣੀ ਨੇ ਹਰ ਪਾਸੇ ਨੂਰ ਬਖੇਰਨਾ ਸ਼ੁਰੂ ਕਰ ਦਿੱਤਾ ਅਤੇ ਇਸਦੇ ਕਣ ਕਣ ਵਿਚ ਇਲਾਹੀ ਨਾਦ ਗੂੰਜਣ ਲਗ ਪਏ।

ਜ਼ੱਰਾ ਜ਼ੱਰਾ ਤੇਰਾ ਨੂਰੋ ਨੂਰ ਹੈ,
ਨਾਮ ਤੇਰਾ ਜਗ ਤੇ ਮਸ਼ਹੂਰ ਹੈ।

ਚਾਤ੍ਰਿਕ

ਹਰਿਮੰਦਰ ਸਾਹਿਬ ਤੇ ਸਰੋਵਰ ਵਾਲੇ ਸਥਾਨ ਦੀ ਪੁਰਾਤਨ ਸਮਿਆਂ ਵਿਚ ਪ੍ਰਾਪਤ ਕੀਤੀ ਮਹੱਤਤਾ ਬਾਰੇ ਲਿਖਿਆ ਮਿਲਦਾ ਹੈ ਕਿ ਮਹਾਤਮਾ ਬੁਧ ਇੱਥੇ ਕੁਝ ਦੇਰ ਲਈ ਰੁਕੇ ਸਨ ਤੇ ਉਨ੍ਹਾਂ ਨੇ ਇਸ ਢਾਬ ਵਾਲੀ ਬਹੁਤ ਹੀ ਸੁਹਾਵਣੀ ਕੁਦਰਤੀ ਰੰਗ ਵਿਚ ਰੰਗੀ ਜਗ੍ਹਾ ਤੇ ਆਰਾਮ ਕੀਤਾ ਸੀ ਅਤੇ ਇਸ ਸਥਾਨ ਬਾਰੇ ਫਰਮਾਇਆ ਸੀ ਕਿ ਭਿਕਸ਼ੂਆਂ ਵਲੋਂ ਨਿਰਵਾਣ ਪ੍ਰਾਪਤੀ ਲਈ ਇਹ ਜਗ੍ਹਾ ਹਾਲੇਂ ਤਕ ਦੇਖੀਆਂ ਸਾਰੀਆਂ ਜਗ੍ਹਾਂ ਨਾਲੋਂ ਵਧੇਰੇ ਉੱਤਮ ਹੈ। ਬੁਧ ਜੀ ਦੇ ਇਨ੍ਹਾਂ ਬਚਨਾਂ ਸਦਕਾ ਇਸ ਸਥਾਨ ਨੂੰ ਕੁਝ ਮਹਾਨਤਾ ਮਿਲੀ ਪਰ ਬੁਧ ਧਰਮ ਦੇ ਭਾਰਤ ਵਿਚੋਂ ਪਤਣ ਹੋਣ ਨਾਲ ਇੱਥੋਂ ਬੋਧੀ ਪ੍ਰਭਾਵ ਵੀ ਜ਼ਾਇਲ (ਖਤਮ) ਹੋ ਗਿਆ ਤੇ ਇਹ ਧਰਤੀ ਫਿਰ ਗ਼ੈਰ-ਆਬਾਦ ਜਹੀ ਹੋ ਗਈ। ਇਵੇਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਇਹ ਇਲਾਕਾ ਇਕ ਵਾਰੀ ਫਿਰ ਜੰਗਲ ਤੇ ਸੁਨਸਾਨ ਸੀ (ਹਵਾਲਾ ਪੁਸਤਕ, The Golden Temple by SGPC page-5)।

ਜੇ ਅੰਮ੍ਰਿਤਸਰ ਵਾਲੇ ਇਸ ਅਸਥਾਨ ਦੇ ਹੋਰ ਪਿਛਲੇ ਕਾਲਾਂ ਵਿਚਲੇ ਇਤਿਹਾਸ ਵਲ ਨਜ਼ਰ ਮਾਰੀਏ ਤਾਂ ਇਹ ਹਵਾਲੇ ਵੀ ਮਿਲਦੇ ਹਨ ਕਿ ਸੀਤਾ ਮਾਤਾ ਆਪਣੇ ਮਹਿਲਾਂ ਵਿਚੋਂ ਕੱਢੇ ਜਾਣ ਉਪਰੰਤ ਇਸੇ ਅਸਥਾਨ ਦੇ ਨੇੜੇ ਹੀ ਆ ਕੇ ਰਹੇ ਸਨ। ਲਵ ਤੇ ਕੁਸ਼ ਜੋ ਉਨ੍ਹਾਂ ਦੇ ਦੋ ਸੂਰਬੀਰ ਸਪੁਤਰ ਹੋਏ ਹਨ ਅਤੇ ਜਿਨ੍ਹਾਂ ਦੇ ਨਾਵਾਂ ਉੱਤੇ ਲਾਹੌਰ ਤੇ ਕਸੂਰ ਸ਼ਹਿਰ ਵਸੇ ਹਨ, ਉਹ ਵੀ ਇੱਥੇ ਹੀ ਆਸ਼ਰਮ ਵਿਚ ਪੈਦਾ ਹੋਏ ਤੇ ਉਨ੍ਹਾਂ ਦਾ ਬਚਪਨ ਵੀ ਇੱਥੇ ਹੀ ਬੀਤਿਆ। ਦੁਖ ਭੰਜਨੀ ਬੇਰੀ ਵਾਲੀ ਧਰਤੀ ਹੀ ਉਹੀ ਧਰਤੀ ਹੈ ਜਿਥੇ ਲਵ ਤੇ ਕੁਸ਼ ਨੇ ਆਪਣੇ ਪਿਤਾ ਅਤੇ ਚਾਚਿਆਂ ਨਾਲ ਯੁਧ ਕੀਤਾ ਅਤੇ ਸੂਰਜ ਵੰਸ਼ ਦੇ ਕਈ ਜੋਧਿਆਂ ਅਤੇ ਵਡੀ ਗਿਣਤੀ ਵਿਚ ਫੌਜ ਨੂੰ ਮੂਰਛਤ (ਅਧ ਮੋਇਆ) ਕਰ ਦਿੱਤਾ। ਰਾਜ ਖੁਲ੍ਹਣ ਤੇ ਅਰਸ਼ਾਂ ਤੋਂ ਅੰਮ੍ਰਿਤ ਦਾ ਘੜਾ ਲਿਆ ਕੇ ਸਭ ਨੂੰ ਸੁਰਜੀਤ ਕੀਤਾ ਗਿਆ ਅਤੇ ਜੋ ਅੰਮ੍ਰਿਤ ਬਚ ਗਿਆ ਉਹ ਇੱਥੇ ਬਣੀ ਛਪੜੀ ਵਾਲੀ ਥਾਂ ਤੇ ਦਬਾ ਦਿੱਤਾ ਗਿਆ (ਹਵਾਲਾ ਐਸ.ਐਸ. ਅਮੋਲ ਦੀ ਪੁਸਤਕ 'ਅੰਮ੍ਰਿਤਸਰ' ਪੰਨਾ 25)।

ਰਜਨੀ ਦਾ ਪਿੰਗਲਾ ਪਤੀ ਵੀ ਇਸੇ ਛਪੜੀ ਵਿੱਚ ਇਸ਼ਨਾਨ ਕਰਕੇ ਨੌ-ਬਰ-ਨੌ ਤੇ ਰਾਜ਼ੀ ਹੋਇਆ ਸੀ। ਇਸ ਤਰ੍ਹਾਂ ਇਤਿਹਾਸ ਮਿਥਿਆਸ ਦੀਆਂ ਕਈ ਘਟਨਾਵਾਂ ਇਸ ਅਸਥਾਨ ਨਾਲ ਜੁੜਦੀਆਂ ਗਈਆਂ ਪਰ ਸਿੱਖਾਂ ਲਈ ਇਸ ਦੀ ਪਵਿੱਤਰਤਾ ਇਸ ਲਈ ਹੈ ਕਿ ਇੱਥੇ ਉਨ੍ਹਾਂ ਦਾ ਸਰਬ ਮਹਾਨ ਤੀਰਥ ਹਰਿਮੰਦਰ ਹੈ, ਅਕਾਲ ਤਖਤ ਹੈ, ਅੰਮ੍ਰਿਤ ਸਰੋਵਰ ਹੈ, 8 ਗੁਰੂ ਸਾਹਿਬਾਨ ਦੀ ਚਰਨ ਛੂਹ ਪ੍ਰਾਪਤ ਧਰਤੀ ਹੈ, ਗੌਰਵਮਈ ਇਤਿਹਾਸ ਹੈ ਅਤੇ ਇਹ ਸਾਰੀਆਂ ਗੱਲਾਂ ਇਕ ਸਿੱਖ ਲਈ ਵਧ ਤੋਂ ਵਧ ਮਾਣ ਕਰਨ ਵਾਲੀਆਂ ਹਨ ਜਿਸ ਕਰਕੇ ਉਹ ਇਸ ਪਵਿੱਤਰ ਨਗਰੀ ਨੂੰ ਗੁਰਾਂ ਦੀ ਨਗਰੀ ਕਹਿ ਕੇ ਯਾਦ ਕਰਦਾ ਹੈ, ਸਤਿਕਾਰਦਾ ਹੈ।

.2.

ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਨਾਲ ਸਬੰਧਤ ਪ੍ਰੇਮ ਉਮਾਹ

ਰੱਬ ਦੇ ਘਰ ਹਰਿਮੰਦਰ ਸਾਹਿਬ ਦੀ ਨੀਂਹ ਜਿਵੇਂ ਕਿ ਸਿੱਖ ਸੰਸਾਰ ਵਿਚ ਪ੍ਰਚਲਤ ਹੈ, ਇਕ ਸੂਫੀ ਦਰਵੇਸ਼ ਮੀਆਂ ਮੀਰ* ਜੀ ਨੇ ਰੱਖੀ, ਜਿਨ੍ਹਾਂ ਦੇ ਦਿਲ ਵਿਚ ਗੁਰੂ ਅਰਜਨ ਦੇਵ ਜੀ ਬਾਰੇ ਵੱਡਾ ਸਤਿਕਾਰ ਸੀ ਅਤੇ ਇਹ ਦੋਨੋਂ ਮਹਾਂਪੁਰਸ਼ ਅਧਿਆਤਮਿਕ ਸਾਂਝ ਕਾਰਨ ਇਕ ਦੂਜੇ ਦੇ ਬਹੁਤ ਨੇੜੇ ਸਨ, ਪਰਮ ਮਿੱਤਰ ਸਨ। ਮੀਆਂ ਮੀਰ ਜੀ ਦੀ ਗੱਦੀ ਦੇ ਮੌਜੂਦਾ ਗੱਦੀਨਸ਼ੀਨ ਜਨਾਬ ਸੱਜਦ ਚੰਨ ਪੀਰ ਕਾਦਰੀ ਅਨੁਸਾਰ ਇਹ ਦੋਸਤੀ ਦਾ ਰਿਸ਼ਤਾ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਤੋਂ ਪ੍ਰਾਰੰਭ ਹੋਇਆ ਕਿਉਂਕਿ ਜਦ ਮੀਆਂ ਮੀਰ ਜੀ ਲਾਹੌਰ ਅਨਾਰਕਲੀ ਮੁਹੱਲੇ ਕੋਲ ਆ ਕੇ ਆਬਾਦ ਹੋਏ ਤਾਂ ਉਹ ਅਕਸਰ ਚੂਨਾ ਮੰਡੀ ਲਾਹੌਰ ਵਿਖੇ ਤਸ਼ਰੀਫ਼ ਰੱਖ ਰਹੇ ਗੁਰੂ ਰਾਮ ਦਾਸ ਜੀ ਪਾਸ ਮਿਲਣ ਤੇ ਰੱਬੀ ਨੂਰ ਦੀਆਂ ਰਮਜ਼ਾਂ ਸਾਂਝੀਆਂ ਕਰਨ ਜਾਂਦੇ ਹੁੰਦੇ ਸਨ। ਪੀਰ ਜੀ ਅਨੁਸਾਰ ਉਸ ਵਕਤ ਵੀ ਗੁਰੂ ਰਾਮ ਦਾਸ ਜੀ ਦੀ ਇੱਛਾ ਸੀ ਕਿ ਉਹ ਇਕ ਅਜਿਹੇ ਹਰਿਮੰਦਰ ਦਾ ਨਿਰਮਾਣ ਕਰਨਾ ਚਾਹੁੰਦੇ ਹਨ ਜਿਹੜਾ ਹਰ ਕਿਸੇ ਮਨੁੱਖ ਲਈ ਬਿਨਾ ਕਿਸੇ ਭੇਦ ਭਾਵ ਦੇ ਖੁਲ੍ਹਾ ਹੋਵੇ ਤੇ ਉਸਦੀ ਨੀਂਹ ਵੀ ਉਹ ਕਿਸੇ ਉੱਚ ਪਾਏ ਦੇ ਰੱਬ ਦੇ ਭਗਤ ਤੋਂ ਰਖਵਾਣਾ ਚਾਹੁੰਦੇ ਸਨ। ਇਸ ਲਈ ਜਦ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 1589 ਈ. ਨੂੰ ਹਰਿਮੰਦਰ ਸਾਹਿਬ ਦੀ ਉਸਾਰੀ ਕਰਨ ਦੀ ਵਿਉਂਤ ਤੇ ਅਮਲ ਕਰਨਾ ਚਾਹਿਆ ਤਾਂ ਉਸਦੀ ਨੀਂਹ ਰੱਖਣ ਲਈ ਉਨ੍ਹਾਂ ਨੇ ਹਜ਼ਰਤ ਮੀਆਂ ਮੀਰ ਜੀ ਦੀ ਹੀ ਚੋਣ ਕੀਤੀ। 101 ਸਿੱਖਾਂ ਨੂੰ ਬੜੇ ਚਾਅ ਨਾਲ ਲਾਹੌਰ ਵਿਖੇ ਮੀਆਂ ਮੀਰ ਜੀ ਨੂੰ ਸਤਿਕਾਰ ਨਾਲ ਅੰਮ੍ਰਿਤਸਰ ਲਿਆਉਣ ਲਈ ਭੇਜਿਆ ਗਿਆ ਜਿਨ੍ਹਾਂ ਨੇ ਪੀਰ ਜੀ ਨੂੰ ਇਕ ਪਾਲਕੀ ਵਿਚ ਬਿਰਾਜਮਾਨ ਕਰਕੇ ਲਾਹੌਰ ਤੋਂ ਅੰਮ੍ਰਿਤਸਰ ਤਕ ਆਪਣਾ ਮੋਢਾ ਦੇ ਕੇ ਲਿਆਂਦਾ। ਗੁਰੂ ਜੀ ਆਪਣੇ ਸਿੱਖਾਂ ਦੇ ਇਸ ਸਤਿਕਾਰੀ ਕਰਮ ਤੋਂ ਬਹੁਤ ਖੁਸ਼ ਹੋਏ। ਨੀਂਹ ਰੱਖਣ ਦਾ ਕਾਰਜ ਬੜੇ ਹੀ ਸਤਿਕਾਰੀ ਤੇ ਮਲਹਾਰੀ ਢੰਗ ਨਾਲ ਨੇਪਰੇ ਚੜ੍ਹਿਆ ਅਤੇ ਇਵੇਂ

*ਨੀਂਹ ਰੱਖਣ ਦੀ ਅਰਦਾਸ ਬਾਬਾ ਬੁੱਢਾ ਜੀ ਨੇ ਕੀਤੀ। ਭਾਈ ਸੰਤੋਖ ਸਿੰਘ ਤੇ ਕਾਹਨ ਸਿੰਘ ਨਾਭਾ ਅਨੁਸਾਰ ਨੀਂਹ ਗੁਰੂ ਅਰਜਨ ਦੇਵ ਜੀ ਨੇ ਖੁਦ ਰੱਖੀ ਪਰ ਗਿਆਨੀ ਗਿਆਨ ਸਿੰਘ, ਪ੍ਰੋ. ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ, ਸੋਹਣ ਲਾਲ, ਪਿਆਰਾ ਸਿੰਘ ਪਦਮ ਅਤੇ ਬੂਟੇ ਸ਼ਾਹ (ਤਾਰੀਖ ਪੰਜਾਬ ਪੰਨਾ 139) ਅਨੁਸਾਰ ਨੀਂਹ ਸਾਈਂ ਮੀਆਂ ਮੀਰ ਜੀ ਨੇ ਰੱਖੀ।

ਰੱਬ ਦੇ ਘਰ ਦੀ ਨੀਂਹ ਰੱਖਣ ਦੇ ਕਰਮ ਨਾਲ ਦੋ ਧਰਮਾਂ ਦਾ ਇਕ ਅਦੁੱਤੀ ਮੇਲ ਹੋਇਆ, ਸਦ ਭਾਵਨਾ ਬਣੀ ਤੇ ਰੱਬ ਦੀ ਜ਼ਾਤ ਨੂੰ ਪਿਆਰ ਕਰਨ ਵਾਲੇ ਇਨਸਾਨ ਇਕ ਦੂਜੇ ਦੇ ਹੋਰ ਨੇੜੇ ਹੋਏ। ਵਕਤ ਦੇ ਹਾਲਾਤਾਂ ਮੁਤਾਬਕ ਇਹ ਇਕ ਲਾਸਾਨੀ ਸੋਚ ਸੀ ਜਿਸ ਸਦਕਾ ਆਪਸੀ ਪਿਆਰ ਤੇ ਪਰਸਪਰ ਸਨੇਹ ਵਿਕਸਤ ਹੋਣ ਦੇ ਪਿੜ ਮੋਕਲੇ ਹੋਏ।

ਹਰਿਮੰਦਰ ਕੀ ਨੀਂਵ ਕੀ ਈਂਟ ਦੇ ਰਹੀ ਹੈ ਗਵਾਹੀ,
ਕਿ ਅਹਿਲੇ ਮਜ਼ਾਹਬ ਮੇਂ ਕਭੀ ਦੋਸਤੀ ਮੁਸਕਰਾਈ ਥੀ।

ਆਖਰ ਇਕ ਦਿਨ ਉਹ ਵੀ ਆਇਆ ਜਦ ਗੁਰੂ ਅਰਜਨ ਦੇਵ ਜੀ ਸੱਚੇ ਪਾਤਸ਼ਾਹ ਨੂੰ ਮੁਗ਼ਲ ਸਮਰਾਟ ਜਹਾਂਗੀਰ ਦੇ ਕੱਟੜਪੁਣੇ ਕਾਰਨ ਤੱਤੀਆਂ ਤਵੀਆਂ ਤੇ ਬੈਠਣਾ ਪਿਆ। ਇਹ ਘਨਾਉਣਾਂ ਅਤੇ ਨਿਰਦੇਈ ਜ਼ੁਲਮ ਵੇਖ ਕੇ ਮੀਆਂ ਮੀਰ ਜੀ ਦੀ ਰੂਹ ਕੰਬ ਉਠੀ। ਉਨ੍ਹਾਂ ਲਾਹੌਰ ਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਦੇਣ ਤਕ ਦੀ ਪੇਸ਼ਕਸ਼ ਕੀਤੀ ਪਰ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਉਨ੍ਹਾਂ ਨੂੰ ਸ਼ਾਂਤ ਰਹਿਣ ਲਈ ਬੇਨਤੀ ਕਰਕੇ ਫਰਮਾਇਆ ਕਿ ਉਹ ਅਕਾਲਪੁਰਖ ਦੇ ਭਾਣੇ ਵਿਚ ਬਹੁਤ ਪ੍ਰਸੰਨ ਹਨ ਇਸ ਲਈ ਕ੍ਰਿਪਾ ਕਰਕੇ ਇਸ ਵਿਚ ਖਲਲ ਨਾ ਪਾਇਆ ਜਾਵੇ। ਇਹ ਠੀਕ ਹੈ ਹਜ਼ਰਤ ਮੀਆਂ ਮੀਰ ਜੀ ਦੇ ਸਾਹਮਣੇ ਉਨ੍ਹਾਂ ਦੇ ਇੱਕ ਪਰਮ ਮਿੱਤਰ ਤੇ ਰੱਬੀ ਨੂਰ ਨੇ ਅਜ਼ੀਮ ਸ਼ਹੀਦੀ ਦਾ ਜਾਮ ਪੀਤਾ ਪਰ ਇਹ ਜੋ ਹਰਿਮੰਦਰ ਦੀ ਨੀਂਹ ਰੱਖਣ ਦੇ ਨਾਲ ਨਾਲ ਧਾਰਮਿਕ ਅਕੀਦਿਆਂ ਵਿਚ ਪਿਆਰ ਤੇ ਵਿਸ਼ਵਾਸ਼ ਦੀ ਨੀਂਹ ਰੱਖੀ ਗਈ ਸੀ, ਉਸ ਤੇ ਇਕ ਸੁੰਦਰ ਮਹਿਲ ਦੀ ਉਸਾਰੀ ਬਦਸਤੂਰ ਚਲਦੀ ਰਹੀ।

ਜਦ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਛੇਵੇਂ ਪਾਤਸ਼ਾਹ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨ ਕੇ ਗੁਰਗੱਦੀ ਤੇ ਬਿਰਾਜੇ ਤਾਂ ਮੀਆਂ ਮੀਰ ਜੀ ਨੇ ਉਨ੍ਹਾਂ ਨੂੰ ਆਪਣਾ ਸਤਿਕਾਰ ਭੇਜਿਆ। ਮਗਰੋਂ ਗੁਰੂ ਸਾਹਿਬ ਪੀਰ ਜੀ ਨੂੰ ਮਿਲਣ ਲਈ ਲਾਹੌਰ ਗਏ ਤਾਂ ਪੀਰ ਜੀ ਨੇ ਉਨ੍ਹਾਂ ਦੇ ਸਤਿਕਾਰ ਵਿਚ ਅੱਗੇ ਹੋ ਕੇ ਉਨ੍ਹਾਂ ਨੂੰ ਘੋੜੇ ਤੋਂ ਆਪ ਉਤਾਰਿਆ ਅਤੇ ਆਪਣੇ ਦੋਨਾਂ ਹੱਥਾਂ ਦੀਆਂ ਤਲੀਆਂ ਉੱਤੇ ਸਤਿਗੁਰਾਂ ਦੇ ਚਰਨਾਂ ਨੂੰ ਸੁਭਾਇਮਾਨ ਕੀਤਾ ਤੇ ਉਸ ਤੋਂ ਮਗਰੋਂ ਹੀ ਸਤਿਗੁਰਾਂ ਦੇ ਚਰਨ ਧਰਤੀ ਨਾਲ ਸਪਰਸ਼ ਕਰ ਸਕੇ। ਉਸ ਸਮੇਂ ਗੁਰੂ ਸਾਹਿਬ ਦੀ ਉਮਰ 12, 13 ਸਾਲ ਦੀ ਸੀ ਤੇ ਪੀਰ ਜੀ ਆਪਣੀ ਬਜ਼ੁਰਗੀ ਵਿਚ ਸਨ। ਇਸ ਸਤਿਕਾਰ ਨੇ ਦੋਨਾਂ ਅਕੀਦਿਆਂ ਨੂੰ ਹੋਰ ਨੇੜਤਾ ਬਖਸ਼ੀ ਤੇ ਇਵੇਂ ਮਨੁੱਖੀ ਮਨਾਂ ਨੂੰ ਅਧਿਆਤਮਿਕ ਚਾਨਣ ਪ੍ਰਦਾਨ ਕਰਨ ਹਿਤ ਹਰਿਮੰਦਰ ਦੀ ਨੀਂਹ ਹੋਰ ਮਜਬੂਤ ਹੋਈ, ਪਿਆਰ ਵਿਕਸਤ ਹੋਇਆ ਤੇ ਦੋਸਤੀ ਪ੍ਰਪੱਕ ਹੁੰਦੀ ਗਈ।

ਇਹ ਆਪਸੀ ਪਿਆਰ, ਸਤਿਕਾਰ ਤੇ ਅਦਭੁਤ ਸਨੇਹ ਦੀ ਗੱਲ ਉਸ ਸਮੇਂ ਸਿਖਰਾਂ ਛੂਹ ਗਈ ਜਦ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿਚੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਰਿਹਾਅ ਕਰਵਾਣ ਲਈ, ਮੀਆਂ ਮੀਰ ਜੀ ਨੂੰ ਖੁਦ ਚਲ ਕੇ ਜਹਾਂਗੀਰ ਦੇ ਦਰਬਾਰ ਵਿਚ ਜਾਣਾ ਪਿਆ ਤੇ ਉਸਨੂੰ ਖਰੀਆਂ ਖਰੀਆਂ ਸੁਣਾਈਆਂ ਪਈਆਂ। ਇਵੇਂ ਜਹਾਂਗੀਰ ਨੂੰ ਬੜੀ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਗੁਰੂ ਜੀ ਸ਼ਾਨ ਨਾਲ ਆਪ ਰਿਹਾਅ ਹੋਏ ਅਤੇ ਕਿਲ੍ਹੇ ਵਿੱਚ ਬੰਦੀ ਦੇ ਤੌਰ ਤੇ ਕੈਦ ਕੀਤੇ ਗਏ ਹੋਰ 52 ਭਾਰਤੀ ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆਏ ਅਤੇ ਗਵਾਲੀਅਰ ਤੋਂ ਅੰਮ੍ਰਿਤਸਰ ਪਹੁੰਚੇ ਤੇ ਹਰਿਮੰਦਰ ਸਾਹਿਬ ਨੂੰ ਬੰਦੀ-ਛੋੜ-ਦਿਵਸ ਦੇ ਇਸ ਖੁਸ਼ੀਆਂ ਭਰੇ ਅਵਸਰ ਤੇ ਦੀਪ ਮਾਲਾ ਨਾਲ ਨੂਰੋ ਨੂਰ ਕਰ ਦਿੱਤਾ ਗਿਆ। ਇਸ ਕਰਮ ਨਾਲ ਹਰਿਮੰਦਰ ਦੀ ਨੀਂਹ ਹੋਰ ਪੱਕੀ ਹੋਈ, ਆਪਸੀ ਸਨੇਹ ਮਜ਼ਬੂਤ ਹੋਇਆ, ਦੂਰ ਨੇੜੇ ਤਕ ਆਤਮਿਕ ਨੂਰ ਪਕਾਸ਼ਮਾਨ ਹੋਣ ਲਗ ਪਿਆ।

ਸ਼ਾਲਾ! ਪਿਆਰ ਤੇ ਮਾਨਵੀ ਬਿਹਤਰੀ ਨੂੰ ਮੁੱਖ ਰੱਖ ਕੇ ਗੁਰੂ ਅਰਜਨ ਦੇਵ ਜੀ ਅਤੇ ਸੱਜਦ ਮੀਆਂ ਮੀਰ ਜੀ ਦੀ ਆਪਸੀ ਨਿਕਟਤਾ ਦਾ ਲਖਾਇਕ ਇਹ ਹਰਿਮੰਦਰ, ਮਨੁੱਖ ਮਾਤਰ ਲਈ ਖੁਸ਼ੀਆਂ ਖੇੜਿਆਂ ਅਤੇ ਅਧਿਆਤਮਿਕ, ਰੂਹਾਨੀ ਉਚਾਈਆਂ ਪ੍ਰਦਾਨ ਕਰਨ ਲਈ ਸਦਾ ਤਤਪਰ ਰਹੇ ਅਤੇ ਇੱਥੋਂ ਉਤਪੰਨ ਹੁੰਦੀ ਹਰ ਧੁਨੀ, ਹਰ ਤਰੰਗ, ਸਰਬੱਤ ਦੇ ਭਲੇ ਦੇ ਸਰਬ ਸਾਂਝੇ ਪੈਗ਼ਾਮ ਨੂੰ ਹੋਰ ਬਲ ਪ੍ਰਦਾਨ ਕਰੇ।

ਸਾਡੀ ਇਹ ਵੀ ਅਰਦਾਸ ਹੈ ਕਿ ਇਹ ਪਿਆਰਾਂ ਤੇ ਵਰਦਾਨਾਂ ਨਾਲ ਸਜਿਆ ਸੰਵਾਰਿਆ ਅਤੇ ਪਰੀਪੂਰਨ ਕੀਤਾ ਹੋਇਆ ਹਰਿਮੰਦਰ, ਵਿਸ਼ਵ ਭਾਈਚਾਰੇ ਵਿੱਚ ਦੋਸਤੀਆਂ ਉਜਾਗਰ ਕਰਦਾ ਰਹੇ, ਨਫ਼ਰਤਾਂ ਮਿਟਾਉਂਦਾ ਰਹੇ ਅਤੇ ਮਾਨਵਤਾ ਨੂੰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਖੂਬਸੂਰਤ ਭਾਵਨਾ ਨਾਲ ਸ਼ਕਤੀ ਪ੍ਰਦਾਨ ਕਰਦਾ ਰਹੇ ਅਤੇ ਇਸ ਲਿਹਾਜ਼ ਨਾਲ ਸਮੁੱਚੀ ਮਾਨਵਤਾ ਲਈ ਚਾਨਣ ਮੁਨਾਰੇ ਦਾ ਰੋਲ ਅਦਾ ਕਰਦਾ ਰਹੇ ਤਾਕਿ ਵਿਸ਼ਵ ਭਰ ਦੇ ਸ਼ਾਂਤੀ ਪ੍ਰੇਮੀ ਮਨੁੱਖ ਇੱਥੋਂ ਹੋਰ ਸ਼ਕਤੀ ਪ੍ਰਾਪਤ ਕਰ ਕੇ ਮਾਨਵਤਾ ਦੀ ਨਿਸ਼ਕਾਮ ਸੇਵਾ ਵਿੱਚ ਤੱਤਪਰ ਰਹਿ ਸਕਣ।

ਧੰਨਵਾਦ, ਪੰਜਾਬ ਰੇਡੀਓ, ਲੰਡਨ
ਪਰਸਾਰਣ 6.7.2001

ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵਦੈ॥ ਅੰਗ-966

.3.

ਹਰਿਮੰਦਰ ਅਠ ਸਠ ਤੀਰਥ

ਹਰਿਮੰਦਰ, ਪ੍ਰਮਾਤਮਾ ਦਾ ਆਪਣਾ ਧਾਮ ਹੈ। ਵਾਹਿਗੁਰੂ ਦਾ ਇਹ ਘਰ ਹਰ ਕਿਸੇ ਨੂੰ ਭਾਵੰਦਾ ਹੈ। ਇਸ ਅਸਥਾਨ ਤੇ ਆ ਕੇ ਆਤਮਿਕ ਆਨੰਦ ਮਿਲਦਾ ਹੈ, ਮਨੁੱਖੀ ਭਾਈਚਾਰੇ ਨਾਲ ਮੋਹ ਵਿਗਸਦਾ ਹੈ, ਪਿਆਰ, ਹਮਦਰਦੀ, ਦਿਆ ਤੇ ਨਿਸ਼ਕਾਮ ਸੇਵਾ ਵਿਕਸਤ ਹੁੰਦੀ ਹੈ। ਪਰਾਏ ਧਨ ਦੀ ਲਾਲਸਾ ਮੁਕਦੀ ਹੈ ਤੇ ਸਭ ਪਰਾਣੀ 'ਏਕੁ ਪਿਤਾ ਏਕਸ ਕੇ ਹਮ ਬਾਰਕਿ' ਦਾ ਹੀ ਰੂਪ ਲਗਦੇ ਹਨ। ਮੇਰ ਤੇਰ ਦਾ ਭਰਮ ਖੰਭ ਲਾ ਕੇ ਉਡ ਜਾਂਦਾ ਹੈ ਅਤੇ ਮਨੁੱਖ ਇਵੇਂ ਮਹਿਸੂਸ ਕਰਦਾ ਹੈ ਕਿ ਉਹ ਬੇਗ਼ਮਪੁਰੇ ਦਾ ਵਾਸੀ ਹੋ ਗਿਆ ਹੋਵੇ। ਮਹਾਨ ਵਿਦਵਾਨ ਪ੍ਰੋ. ਪੂਰਨ ਸਿੰਘ ਆਪਣੀ ਪੁਸਤਕ 'The book of the Ten Masters' ਵਿਚ ਹਰਿਮੰਦਰ ਦੀ ਮਹਿੰਮਾ ਦਾ ਵਿਖਿਆਨ ਕਰਦਿਆਂ ਲਿਖਦਾ ਹੈ ਕਿ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਤਾਂ ਬਸ ਮਿਲਾਪ ਹੀ ਮਿਲਾਪ ਹੈ, ਪਿਆਰ ਹੀ ਪਿਆਰ ਹੈ, ਇਹ ਐਸਾ ਮਹਾਨ ਤੀਰਥ ਹੈ ਜਿਥੇ ਹੋਰ ਤੀਰਥ ਆ ਕੇ ਸੇਵਕ ਬਣ ਜਾਂਦੇ ਹਨ ਅਤੇ ਆਪਣੀ ਹਾਜ਼ਰੀ ਲਵਾਉਂਦੇ ਹਨ। ਭਾਈ ਨੰਦ ਲਾਲ ਵੀ ਇਸ ਇਲਾਹੀ ਤੀਰਥ ਦੀ ਸ਼ੋਭਾ ਆਪਣੀ ਲਿਖਤ 'ਜੋਤ-ਬਿਗਾਸ' ਵਿਚ ਕੁਝ ਇਸੇ ਪਰਕਾਰ ਹੀ ਕਰਦੇ ਹਨ।

ਗੁਰੂ ਅਰਜਨ ਦੇਵ ਸਚੇ ਪਾਤਸ਼ਾਹ ਨੇ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਰਚਨਾ ਲਈ ਜੋ ਥੜਾ ਉਸਰਵਾਇਆ, ਉਹ 67 ਹੱਥ ਲੰਬਾ ਤੇ 67 ਹੱਥ ਹੀ ਚੌੜਾ ਹੈ। ਸੰਤ ਆਤਮਾਵਾਂ ਦਾ ਇਸ ਪ੍ਰਥਾਏ ਵਿਚਾਰ ਹੈ ਕਿ 67 ਹੱਥਾਂ ਦਾ ਹਿਸਾਬ ਕਤਾਬ ਸਚੇ ਪਾਤਸ਼ਾਹ ਨੇ ਬਹੁਤ ਸੋਚ ਵਿਚਾਰ ਕੇ ਮਿਥਿਆ ਹੋਵੇਗਾ। 68 ਤੀਰਥਾਂ ਦੇ ਦਰਸ਼ਨ ਤੇ ਉਨ੍ਹਾਂ ਦੀ ਜ਼ਿਆਰਤ ਕਰਨਾ, ਉੱਥੇ ਹਾਜ਼ਰੀ ਭਰ ਕੇ ਆਪਣੇ ਆਪ ਨੂੰ ਉਨ੍ਹਾਂ ਤੀਰਥਾਂ ਦੇ ਮਹੱਤਵ ਨਾਲ ਸੁਭਾਗਾ ਬਣਾਉਣਾ ਬਹੁਤੇ ਭਾਰਤੀਆਂ ਦੀ ਜ਼ੁਬਾਨ ਤੇ ਪਹਿਲੇ ਵੀ ਸੀ ਤੇ ਅਜ ਤਕ ਵੀ ਹੈ। ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਥੱਲ ਨੂੰ 67 ਹੱਥ ਵਰਗਾਕਾਰ ਰਖ ਕੇ ਸੰਸਾਰ ਦੇ 67 ਤੀਰਥ ਇਸ ਦੀ ਹਸਤੀ ਨਾਲ ਜੋੜ ਦਿੱਤੇ ਅਤੇ ਅਠ੍ਹਾਠਵਾਂ ਤੀਰਥ ਹਰਿਮੰਦਰ ਸਾਹਿਬ ਉਸ ਸਥੱਲ ਉੱਪਰ ਸਿਰਜ ਕੇ ਸ਼ਰਧਾਲੂਆਂ ਦੇ ਦਿਲ ਵਿਚੋਂ ਤੀਰਥਾਂ ਦੇ ਭਰਮਣ ਤੇ ਭਟਕਣ ਦੀ ਲਾਲਸਾ ਹੀ ਮੁਕਾ ਦਿਤੀ। ਇਸ ਤਰ੍ਹਾਂ ਇਕ ਪਰੰਪਰਾਵਾਦੀ ਸ਼ਰਧਾਲੂ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਿਚ ਹੀ ਸਾਰੇ 68 ਤੀਰਥਾਂ ਦਾ ਫਲ ਮਿਲ ਜਾਂਦਾ ਹੈ। ਇਸ ਨਵੀਂ ਸੋਚ ਨੇ ਸੰਗਤਾਂ ਵਿਚ ਨਵਾਂ ਇਨਕਲਾਬ ਲਿਆ ਦਿੱਤਾ, ਜਿਸ ਨੇ ਉਨ੍ਹਾਂ ਦੀ ਵੱਖ ਵੱਖ ਤੀਰਥਾਂ ਦੇ ਫਜ਼ੂਲ ਵਿਚ ਗੇੜੇ ਕਟ ਕਟ ਕੇ ਆਪਣਾ ਧਨ ਤੇ ਸਮਾਂ ਅਜਾਈਂ ਬਰਬਾਦ ਕਰਨ ਦੀ ਰੁਚੀ ਨੂੰ ਠਲ੍ਹ ਪਾਉਣੀ ਸ਼ੁਰੂ ਕਰ ਦਿੱਤੀ। ਤੀਰਥਾਂ ਦੇ ਦਰਸ਼ਨ. ਨਾਲੋਂ ਬਾਣੀ ਤੇ ਸ਼ਬਦ ਨਾਲ

ਜੁੜ ਕੇ ਜੀਵਨ ਦੀ ਜੁਗਤ ਨੂੰ ਸੰਵਾਰਨ ਦੀ ਕਿਰਿਆ ਹਰਿਮੰਦਰ ਤੋਂ ਪ੍ਰਫੁਲਤ ਹੋਈ। ਸ਼ਰਧਾਲੂਆਂ ਨੂੰ ਇਹ ਗੱਲ ਸਮਝ ਆਉਣ ਲਗ ਪਈ ਕਿ ਹਰਿਮੰਦਰ ਵਿਚ ਗਾਈ ਜਾਂਦੀ ਅਕਾਲ ਉਸਤਤ ਰੂਪੀ ਗੁਰਬਾਣੀ ਵਿਚ ਦਿੱਤੇ ਪੈਗ਼ਾਮਾਂ ਨੂੰ ਜ਼ਿੰਦਗੀ ਦਾ ਆਧਾਰ ਬਣਾਉਣ ਨਾਲ ਮਨੁੱਖ ਦਾ ਇਹ ਜਨਮ ਵੀ ਸਫਲਾ ਹੁੰਦਾ ਹੈ ਅਤੇ ਅਗਲਾ ਵੀ ਸੰਵਰਦਾ ਹੈ। ਕੇਵਲ ਤੀਰਥਾਂ ਦੇ ਦਰਸ਼ਨਾਂ ਨਾਲ ਗੱਲ ਬਿਲਕੁਲ ਹੀ ਨਹੀਂ ਬਣਦੀ। ਇਹ ਕਰਮ ਕਾਂਢ ਫਜ਼ੂਲ ਹਨ।

ਦਰਸ਼ਨੀ ਡਿਉਡੀ ਤੋਂ ਹਰਿਮੰਦਰ ਸਾਹਿਬ ਤੱਕ ਪ੍ਰਵੇਸ਼ ਕਰਨ ਤਕ 84 ਕਦਮ ਚਲ ਕੇ ਆਉਣਾ ਪੈਂਦਾ ਹੈ। ਇਹ ਤਥ ਵੀ ਇਸ ਗੱਲ ਦਾ ਲਖਾਇਕ ਹੈ ਕਿ ਦੁਨਿਆਵੀ ਮੋਹ, ਹੈਂਕੜਬਾਜ਼ੀ ਤੇ ਲਾਲਚ ਨੂੰ ਤਿਆਗ ਕੇ ਹਰਿਮੰਦਰ ਪਰੀਸਰ ਵਿਚ ਦਾਖਲ ਹੋਇਆ ਮਨੁੱਖ ਜਦ ਦਰਸ਼ਨੀ ਡਿਉਡੀ ਤੋਂ ਦਰਬਾਰ ਸਾਹਿਬ ਤਕ ਪਹੁੰਚਣ ਲਈ ਬਣੇ ਪੁਲ ਤੇ 84 ਕਦਮ ਪੁਟ ਕੇ ਅੱਗੇ ਵਧਦਾ ਹੈ ਤਾਂ ਉਸ ਦਾ 84 ਦਾ ਕਥਿਥ ਗੇੜ ਟੁਟ ਜਾਂਦਾ ਹੈ। (ਅਜਿਹੀ ਧਾਰਨਾ ਕਈ ਸ਼ਰਧਾਲੂਆਂ ਦੇ ਮਨਾਂ ਵਿੱਚ ਜੀਵਤ ਹੈ ਪਰ ਗੁਰਬਾਣੀ ਵਿੱਚ ਦੱਸੇ ਮੁਤਾਬਕ ਮੁਕਤੀ, ਗੁਰਬਾਣੀ ਅਨੁਸਾਰ ਜੀਵਣ ਜੀਣ ਨਾਲ ਪ੍ਰਾਪਤ ਹੋਵੇਗੀ, ਅਜਿਹੇ ਕਦਮ ਚੱਲਣ ਨਾਲ ਨਹੀਂ)। ਹਰਿਮੰਦਰ ਅੰਦਰ ਗਾਈ ਜਾਂਦੀ ਇਲਾਹੀ ਬਾਣੀ ਦੀ ਪਵਿੱਤਰ ਭਾਵਨਾ ਅਭਿਲਾਸ਼ੀ ਦੀ ਆਤਮਾ ਤੋਂ ਦੁਨਿਆਵੀ ਮੈਲਾਂ ਲਾਹ ਦੇਂਦੀ ਹੈ। ਅਵੱਸ਼ ਹੀ ਗੁਰਬਾਣੀ ਕੀਰਤਨ ਉਸ ਦੇ ਮਨ ਨੂੰ ਸਹਿਜਤਾ ਤੇ ਸੁਹਜਤਾ ਬਖਸ਼ਦਾ ਹੈ, ਸਮੇਂ ਦੀ ਔਖਿਆਈ ਤੋਂ ਨਿਜਾਤ ਦਵਾਂਦਾ ਹੈ ਅਤੇ ਇਵੇਂ ਮਨੁੱਖ ਭਟਕਣ ਤੋਂ ਹਟ ਕੇ ਟਕਾਓ ਦੀ ਅਵਸਥਾ ਵਿਚ ਆ ਜਾਂਦਾ ਹੈ। ਅਧਿਆਤਮਿਕ ਮਾਰਗ ਦੇ ਪਾਂਧੀ ਨੂੰ ਆਪਣਾ ਮਾਰਗ ਸਰਲ ਜਾਪਣ ਲਗ ਪੈਂਦਾ ਹੈ ਤੇ ਮੰਜ਼ਲ ਬਿਲਕੁਲ ਸਾਹਮਣੇ। ਇਵੇਂ ਗੁਰਬਾਣੀ ਵਿਚ ਦਸੇ ਅਨੁਸਾਰ ਜੀਵਨ ਜੀਣ ਵਾਲੇ ਉਪਾਸ਼ਕ ਨੂੰ ਨਾ ਤਾਂ 68 ਤੀਰਥਾਂ ਦੇ ਭਰਮਣ ਦੀ ਲੋੜ ਹੈ ਕਿਉਂਕਿ 'ਨਾਮ ਜਪਤ ਕੋਟਿ ਮਜਨ ਇਸਨਾਨ' ਹੋ ਜਾਂਦਾ ਹੈ ਅਤੇ ਨਾ ਹੀ 84 ਲੱਖ ਜੂਨਾਂ ਦਾ ਹੀ ਡਰ ਰਹਿ ਜਾਂਦਾ ਹੈ। ਹਰਿਮੰਦਰ ਸਾਹਿਬ ਦੀ ਜ਼ਿਆਰਤ ਕਰਨ ਤੇ ਇਹ ਗੱਲ ਹਰ ਕਿਸੇ ਨੂੰ ਸੁਦ੍ਰਿੜ ਹੁੰਦੀ ਰਹਿੰਦੀ ਹੈ ਕਿ ਉਸਨੇ ਗੁਰਬਾਣੀ ਅਧਾਰਤ ਜੀਵਨ ਜੀਣਾ ਹੈ ਅਤੇ ਤੀਰਥਾਂ ਬਾਰੇ ਪ੍ਰਚਲਤ ਫਜ਼ੂਲ ਭਰਮਾਂ ਵਿਚ ਨਹੀਂ ਪੈਣਾ। ਇਹ ਹਰਿਮੰਦਰ ਦੀ ਪਵਿੱਤਰ ਦੇਣ ਹੈ।

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥ ਅੰਗ-759

ਅਸੀਂ ਆਮ ਕਹਿੰਦੇ ਹਾਂ ਕਿ ਜਿਹੜੀ ਚੀਜ਼ ਅਤੀ ਉੱਤਮ ਹੋਵੇ ਉਹ 16 ਕਲਾਂ ਸੰਪੂਰਣ ਹੁੰਦੀ ਹੈ। ਹਰਿਮੰਦਰ ਤਾਂ ਇਸ ਲਿਹਾਜ਼ ਨਾਲ ਸਰਬ ਕਲਾ ਸੰਪੂਰਣ ਹੈ। ਇਸ ਦਾ ਪਵਿੱਤਰ ਸਰੋਵਰ ਨੱਕੋ ਨੱਕ ਭਰਿਆ ਹੋਇਆ ਪਰ ਅਡੋਲਤਾ ਵਿਚ ਪਸਰਿਆ ਹੋਇਆ ਹਰ ਕਿਸੇ ਨੂੰ ਪਰੀਪੂਰਨ ਹੋਣ ਦਾ ਆਭਾਸ ਕਰਾਉਂਦਾ ਹੈ। 16 ਕਲਾ ਸੰਪੂਰਣ ਚੀਜ਼ ਉੱਤਮ ਤੋਂ ਉੱਤਮ ਹੁੰਦੀ ਹੈ, ਅੰਮ੍ਰਿਤ

ਸਰੋਵਰ 17 ਫੁੱਟ ਡੂੰਘਾ ਹੋਣ ਕਾਰਨ 16 ਕਲਾ ਨਾਲੋਂ ਵੀ ਉੱਤੇ ਹੈ, ਇਸ ਦੇ ਅੰਮ੍ਰਿਤ ਦੇ ਤੁਲ ਹੋਰ ਕੁਝ ਵੀ ਨਹੀਂ। ਪਿਛਲੇ 4 ਸੌ ਤੋਂ ਵੀ ਵੱਧ ਸਾਲਾਂ ਤੋਂ ਨਿਰੰਤਰ ਰੂਪ ਵਿਚ ਦਿਨ ਰਾਤ ਇਸ ਵਿਚ ਰੱਬੀ ਬਾਣੀ ਦੀਆਂ ਤਰੰਗਾਂ ਸੰਚਤ ਹੁੰਦੀਆਂ ਆ ਰਹੀਆਂ ਹਨ ਇਸ ਲਈ ਇਸ ਜਲ ਤੋਂ ਵਧ ਹੋਰ ਕਿਹੜਾ ਜਲ ਹੋਵੇਗਾ ਜਿਸ ਵਿਚ ਪ੍ਰਭੂ ਰੂਪੀ ਨਾਮ ਦੀ ਅਗੰਮੀ ਮਿਠਾਸ ਸਮਾਈ ਹੋਈ ਹੋਵੇਗੀ? ਇਸੇ ਪਵਿੱਤਰਤਾ ਕਾਰਨ ਇਹ ਜਲ ਖਰਾਬ ਨਹੀਂ ਹੁੰਦਾ, ਇਸ ਵਿਚ ਜਾਲਾ ਨਹੀਂ ਬਝਦਾ, ਕੋਈ ਜ਼ਹਿਰੀਲਾ ਕੀੜਾ ਮਕੌੜਾ ਇਸ ਵਿਚ ਪਰਵੇਸ਼ ਨਹੀਂ ਕਰਦਾ। ਮਕਾਰ ਤੇ ਢੋਂਗੀ ਬਗਲਾ, ਚੰਚਲ ਕਾਂ, ਗੰਦਗੀ ਨਾਲ ਜੀਵਨ ਜੋੜਨ ਤੇ ਤੋਰਨ ਵਾਲੀ ਇੱਲ ਵੀ ਇੱਥੇ ਆਉਣ ਤੋਂ ਕਤਰਾਉਂਦੀ ਹੈ ਅਤੇ ਕੋਈ ਐਸੀ ਚੀਜ਼ ਇਸ ਪਵਿੱਤਰ ਸਰੋਵਰ ਵਿਚ ਬਸੇਰਾ ਨਹੀਂ ਕਰ ਸਕਦੀ ਜਿਹੜੀ ਖਪ ਰੌਲਾ ਪਾਉਣ ਦੇ ਸੁਭਾਅ ਵਾਲੀ ਹੋਵੇ। ਇਹੀ ਕਾਰਨ ਹੈ ਕਿ ਕਿਸੇ ਨੇ ਹਾਲੇ ਤਕ ਹਰਿਮੰਦਰ ਦੇ ਇਲਾਹੀ ਸਰੋਵਰ ਵਿਚ ਹਰ ਵਕਤ ਟਾਂ ਟਾਂ ਕਰਕੇ ਅਸਮਾਨ ਨੂੰ ਸਿਰ ਤੇ ਚੁਕਣ ਵਾਲਾ ਇਕ ਵੀ ਡੱਡੂ ਨਹੀਂ ਦੇਖਿਆ। ਜੈਸੀ ਰਾਮ ਤਸੀਲਦਾਰ ਅਤੇ ਅੰਮ੍ਰਿਤਸਰ ਦੇ ਡੀ. ਸੀ. ਸਾਂਡਰਜ਼ ਨੇ ਆਪਣੇ ਬੰਦਿਆਂ ਨੂੰ ਪਹਿਰਿਆਂ ਤੇ ਬਿਠਾ ਕੇ ਇਸ ਗੱਲ ਦੇ ਸਹੀ ਹੋਣ ਨੂੰ ਪਰਮਾਣਤ ਕੀਤਾ ਹੈ (ਹਵਾਲਾ ਤਵਾਰੀਖ ਸ੍ਰੀ ਅੰਮ੍ਰਿਤਸਰ ਲਿਖਤ ਗਿਆਨੀ ਗਿਆਨ ਸਿੰਘ ਪੰਨਾ-20)।

ਇਕ ਅੰਗਰੇਜ਼ ਲੇਖਕ ਤੇ ਯਾਤਰੂ ਹਰਿਮੰਦਰ ਸਰੋਵਰ ਨੂੰ Lake of immortality (ਅਮਰ ਕਰ ਦੇਣ ਵਾਲਾ ਸਰੋਵਰ) ਕਹਿ ਕੇ ਸਤਿਕਾਰਦਾ ਹੈ ਜਿਸ ਦੇ ਜਲ ਵਿਚ ਇਸ਼ਨਾਨ ਕਰ ਕੇ ਮਨੁੱਖ ਅਮਰ ਹੋ ਜਾਂਦਾ ਹੈ, ਉਸ ਦੇ ਮਨ ਤੇ ਤਨ ਦੀ ਮੈਲ ਉਤਰ ਜਾਂਦੀ ਹੈ ਤੇ ਉਹ ਨਿਰਛਲ, ਨਿਰਵੈਰ ਹੋ ਨਿਬੜਦਾ ਹੈ।

ਦੁਰਮਤਿ ਮੈਲੁ ਗਈ ਸਭ ਨੀਕਰਿ
ਹਰਿ ਅੰਮ੍ਰਿਤ ਹਰਿ ਸਰਿ ਨਾਤਾ ਅੰਗ-984

ਡੂੰਘਾ ਤੇ ਖੁੱਲ੍ਹਾ ਹੋਣ ਕਾਰਨ ਮਨੁੱਖੀ ਹੱਥਾਂ ਵੱਲੋਂ ਬਣਾਏ ਜਾਣ ਦੇ ਬਾਵਜੂਦ ਵੀ ਇਸ ਸਰੋਵਰ ਵਿਚ ਕੁਦਰਤੀ ਪੰਨ ਦਾ ਪੂਰਾ ਪੂਰਾ ਝਲਕਾਰਾ ਮਿਲਦਾ ਹੈ। ਇਤਿਹਾਸਕ ਤਥ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪਟੀ ਦੇ ਹਾਕਮ ਰਾਏ ਦੁਨੀ ਚੰਦ ਦੀ ਧੀ ਰਜਨੀ ਦਾ ਪਿੰਗਲਾ ਘਰ ਵਾਲਾ ਇਸੇ ਸਰੋਵਰ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਬਿਲਕੁਲ ਰਾਜ਼ੀ ਹੋ ਗਿਆ। (ਹਵਾਲਾ ਪੰਨਾ 111 ਪੰਥ ਪਰਕਾਸ਼, ਕਰਤਾ ਗਿਆਨੀ ਗਿਆਨ ਸਿੰਘ)। ਅਕਾਲਪੁਰਖ ਨੇ ਮੁਢ ਕਦੀਮਾਂ ਤੋਂ ਇਸ ਵਿਚ ਇਲਾਹੀ ਖੂਬੀਆਂ ਦਾ ਸੰਚਾਰ ਕੀਤਾ ਹੋਇਆ ਹੈ। ਭਾਈ ਸੰਤੋਖ ਸਿੰਘ ਰਚਤ ਸੂਰਜ ਪਰਕਾਸ਼ ਜਿਲਦ ਛੇਵੀਂ ਪੰਨਾ 1870 ਅਨੁਸਾਰ ਜੋ ਮਨੁੱਖ ਦੀਵਾਲੀ ਅਤੇ ਵਿਸਾਖੀ ਤੇ ਇਸ ਪਵਿੱਤਰ ਸਰੋਵਰ ਵਿਚ ਵਿਸ਼ੇਸ਼ ਤੌਰ ਤੇ ਇਸ਼ਨਾਨ ਕਰਦਾ ਹੈ ਉਸ ਨੂੰ ਸਰਬ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਉਹ ਲਿਖਦਾ ਹੈ:

ਦੀਪਮਾਲਾ ਬੈਸਾਖੀ ਦੋਇ.....
ਜੋ ਨਰ ਤਿਸ ਛਿਨ ਇਹਾਂ ਨਹਾਇ
ਸਭ ਤੀਰਥ ਕਾ ਮਜਨ (ਇਸ਼ਨਾਨ) ਹੋਇ
ਯਾਂ ਤੇ ਅਧਿਕ ਮਹਾਤਮ ਜੋਇ
ਕਰਹਿ ਸ਼ਨਾਨ ਸਕਲ ਫਲ ਪਾਵੈ
ਸੁਤ ਬਿਤ ਲਾਭ, ਕਲੂਖ ਨਸਾਵੈ।

ਗੁਰੂ ਅਰਜਨ ਦੇਵ ਜੀ ਤਾਂ ਇਸ ਸਰੋਵਰ ਦੀ ਉਪਮਾ ਵਿਚ ਆਪਣੇ ਮੁਖਾਰਬਿੰਦ ਤੋਂ ਇਵੇਂ ਫਰਮਾਉਂਦੇ ਹਨ:

ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥ ਅੰਗ-625

ਇਸ ਲਈ ਗੁਰੂ ਦਾ ਸਿੱਖ ਤਾਂ ਇਸ ਸਰੋਵਰ ਦਾ ਸ਼ੈਦਾਈ ਹੈ ਜਿਸ ਨੂੰ ਕਿਸੇ ਵਿਸ਼ੇਸ਼ ਸਮੇਂ ਇਸ਼ਨਾਨ ਕਰਕੇ ਨਹੀਂ ਸਗੋਂ ਹਰ ਸਮੇਂ ਇਸ਼ਨਾਨ ਕਰਕੇ ਮਨ ਚਿੰਦੇ ਫਲ ਮਿਲਦੇ ਹਨ। ਇਕ ਮੁਸਲਮਾਨ ਸਮਕਾਲੀ ਦੇ ਹਵਾਲੇ ਵਿਚ ਇਤਿਹਾਸਕਾਰ ਮੈਲਕਮ ਲਿਖਦਾ ਹੈ, 'ਬਹੁਤ ਕਰਕੇ ਬਾਹਰੋਂ ਸਿੱਖ ਸਵਾਰ ਘੋੜਿਆਂ ਨੂੰ ਸਰਪਟ ਦੌੜਾ ਕੇ ਦਰਬਾਰ ਸਾਹਿਬ ਦੀ ਯਾਤਰਾ ਲਈ ਭੱਜੇ ਆਉਂਦੇ। ਅਜਿਹੀ ਦਲੇਰੀ ਕਰਕੇ ਉਹ ਬਹੁਤੀ ਵਾਰੀ ਕਤਲ ਵੀ ਕਰ ਦਿੱਤੇ ਜਾਂਦੇ ਪਰ ਅਜਿਹੇ ਸਮਿਆਂ ਤੇ ਸਿੱਖ ਡਰਨ ਦੀ ਥਾਂ ਖੁਸ਼ੀ ਖੁਸ਼ੀ ਸ਼ਹਾਦਤ ਦੇ ਪਿਆਲੇ ਪੀਂਦੇ। ਕਿਸੇ ਇਕ ਸਿੱਖ ਦੀ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਿਥੇ ਉਹ ਦਰਬਾਰ ਸਾਹਿਬ ਵਲ ਘੋੜੇ ਤੇ ਉੱਡਦਾ ਆਉਂਦਿਆਂ ਫੜੇ ਜਾਣ ਤੇ ਆਪਣੇ ਧਰਮ ਤੋਂ ਬੇਮੁਖ ਹੋਣ ਲਈ ਤਿਆਰ ਹੋ ਗਿਆ ਹੋਵੇ।' ਇਸ ਪਿੱਛੇ ਜਜ਼ਬਾ ਇਹ ਹੀ ਸੀ ਕਿ ਸਿੱਖ ਹਰਿਮੰਦਰ ਅਤੇ ਇਸਦੇ ਸਰੋਵਰ ਦੇ ਇਸ਼ਨਾਨ ਦੇ ਤੁਲ ਹੋਰ ਕੁਝ ਵੀ ਨਹੀਂ ਸਮਝਦੇ। ਇਸ ਇਸ਼ਨਾਨ ਦੀ ਪ੍ਰਾਪਤੀ ਵਿਚ ਜੇਕਰ ਉਨ੍ਹਾਂ ਦੀ ਜਾਨ ਵੀ ਚਲੀ ਜਾਵੇ ਤਾਂ ਵੀ ਉਹ ਇਸਨੂੰ ਲਾਹੇਵੰਦਾ ਸੌਦਾ ਸਮਝ ਕੇ ਖੁਸ਼ ਹੁੰਦੇ। ਕਵੀ ਹਸਰਤ, ਪਵਿੱਤਰ ਅੰਮ੍ਰਿਤ ਸਰੋਵਰ ਬਾਰੇ ਆਪਣੀ ਕਵਿਤਾ ਵਿਚ ਇਸ ਦੀ ਭਰਪੂਰ ਉਸਤਤੀ ਕਰਦਾ ਹੈ। ਉਸ ਦਾ ਇਕ ਸ਼ਿਅਰ ਇਵੇਂ ਹੈ:

ਇਥੇ ਮਿਟਦੇ ਦੁਖ ਸਭ, ਰਹੇ ਨਾ ਚਿੰਤਾ ਸੋਗ
ਇਥੇ ਨਹਾਤਿਆਂ ਉਮਰ ਦੇ, ਦੂਰ ਨੇ ਹੁੰਦੇ ਰੋਗ।

ਕਵੀ ਤਖਤ ਸਿੰਘ ਦੀ ਗ਼ਜ਼ਲ ਜੋ ਸਰੋਵਰ ਮਹਿਮਾ ਬਾਰੇ ਹੈ, ਦਾ ਇਕ ਸ਼ਿਅਰ ਵੀ ਹਵਾਲੇ ਮਾਤਰ ਦਿੱਤਾ ਜਾਂਦਾ ਹੈ:

ਏਸ ਸਰੋਵਰ ਨੇ ਇਉਂ ਆਪਣੀ ਉਮਰ ਦੇ ਚਾਰ ਸੌ ਸਾਲ ਹੰਢਾਏ
ਦੁਖੀਆਂ ਦੇ ਦੁਖ ਦਰਦ ਵੰਡਾਏ, ਕਮਬਖਤਾਂ ਨੂੰ ਭਾਗ ਲਗਾਏ।

ਸਿੱਖ ਦੇ ਦਿਲ ਵਿਚ ਹਰਿਮੰਦਰ ਸਾਹਿਬ ਤੇ ਇਸ ਦੇ ਅੰਮ੍ਰਿਤ ਸਰੋਵਰ ਪ੍ਰਤੀ ਜੋ ਨਿਸ਼ਠਾ, ਸਤਿਕਾਰ ਤੇ ਸ਼ਰਧਾ ਹੈ, ਉਹ ਬਿਆਨ ਤੋਂ ਬਾਹਰੀ ਹੈ। ਉਹ ਤਾਂ ਇਸ ਅਸਥਾਨ ਦੇ ਦਰਸ਼ਨ ਦੀਦਾਰਿਆਂ ਅਤੇ ਇਸ਼ਨਾਨ ਲਈ ਨਿਤ

ਅਰਦਾਸਾਂ ਕਰਦਾ ਰਹਿੰਦਾ ਹੈ, ਅਰਜੋਈਆਂ ਕਰਦਾ ਰਹਿੰਦਾ ਹੈ ਅਤੇ ਆਪਣੀ ਜਾਨ ਹੂਲ ਕੇ ਵੀ ਇਸ ਵਿਚ ਇਸ਼ਨਾਨ ਕਰਨ ਵਿਚ ਪ੍ਰਮਾਤਮਾ ਦੀ ਮਿਹਰ ਸਮਝਦਾ ਹੈ। ਉਹ ਤਾਂ ਹਰਿਮੰਦਰ ਸਰੋਵਰ ਵਿਚ ਇਵੇਂ ਇਸ਼ਨਾਨ ਕਰਨ ਆਉਂਦਾ ਹੈ ਜਿਵੇਂ ਪਰਵਾਨਾ ਆਪਣੇ ਇਸ਼ਟ, ਸ਼ਮ੍ਹਾ ਤੇ ਕੁਰਬਾਣ ਹੋਣ ਹਿਤ ਚਾਈਂ ਚਾਈਂ ਆਉਂਦਾ ਹੈ। ਇਹ ਗੱਲ ਮੁਗ਼ਲ ਹਾਕਮਾਂ ਨੂੰ ਜਦ ਸਮਝ ਆਈ ਤਾਂ ਉਨ੍ਹਾਂ ਨੇ ਸਿੱਖਾਂ ਦੇ ਦਰਬਾਰ ਸਾਹਿਬ ਵਿਚ ਪਰਵੇਸ਼ ਨੂੰ ਰੋਕਣ ਲਈ ਸਖ਼ਤ ਪਹਿਰੇ ਬਠਾ ਦਿੱਤੇ। ਜਿਥੇ ਕਿਧਰੇ ਸਿੱਖ ਮਿਲਦਾ ਬਿਨਾਂ ਕਸੂਰ ਕਰਨ ਦੇ ਵੀ ਉਸ ਨੂੰ ਸ਼ਹੀਦ ਕਰ ਦਿੱਤਾ ਜਾਂਦਾ। ਸਿੱਖ ਹੋਣਾ ਹੀ ਉਸ ਦਾ ਸਭ ਤੋਂ ਵੱਡਾ ਕਸੂਰ ਹੋ ਗਿਆ। ਪਰ ਸਭ ਸਖ਼ਤੀਆਂ ਤੇ ਅਤਿਆਚਾਰਾਂ ਦੇ ਬਾਵਜੂਦ ਵੀ ਸਿੱਖ ਆਪਣੇ ਇਸ ਗੁਰਧਾਮ ਨਾਲ ਆਪਣਾ ਅਟੁੱਟ ਰਿਸ਼ਤਾ ਬਣਾਈ ਰਖਣ ਵਿਚ ਸਫਲ ਰਹੇ। ਜੇ ਅਬਦਾਲੀ ਨੇ ਸਿੱਖਾਂ ਨੂੰ ਨਿਰਬਲ ਤੇ ਕਮਜ਼ੋਰ ਕਰਨ ਲਈ ਹਰਿਮੰਦਰ ਸਾਹਿਬ ਨੂੰ ਢਾਹ ਦਿੱਤਾ, ਸਰੋਵਰ ਨੂੰ ਪੂਰ ਦਿੱਤਾ ਤਾਂ ਵੀ ਉਹ ਸਿੱਖਾਂ ਦਾ ਮਨੋ ਬਲ ਗੇਰਨ ਵਿਚ ਸਫਲ ਨਾ ਹੋ ਸਕਿਆ। 'ਜਬੈ ਬਾਣ ਲਾਗੈ ਤਬੈ ਰੋਸ ਜਾਗੈ' ਦੀ ਭਾਵਨਾ ਤੇ ਅਧਾਰਤ ਜੀਵਨ ਬਤੀਤ ਕਰਦਿਆਂ ਆਪਣੀਆਂ ਵਡਮੁਲੀਆਂ ਪਰੰਪਰਾਵਾਂ ਦੀ ਸ਼ੋਭਾ ਵਧਾਉਂਦਿਆਂ ਸਿੱਖਾਂ ਨੇ ਉਸ ਨੂੰ ਚੈਨ ਨਾਲ ਇਕ ਪਲ ਵੀ ਨਹੀਂ ਰਹਿਣ ਦਿੱਤਾ। ਉਸ ਨੂੰ ਵਾਪਸ ਕਾਬਲ ਜਾਂਦਿਆਂ ਕਰਾਰੀ ਹਾਰ ਦਿੱਤੀ। ਉਸ ਦਾ ਲੜਕਾ ਜੰਗ ਵਿਚ ਮਾਰਿਆ ਗਿਆ। ਅਬਦਾਲੀ ਨੇ ਸ਼ੂਕਦੇ ਝਨਾ ਦਰਿਆ ਵਿਚ ਛਾਲ ਮਾਰ ਕੇ ਆਪਣੀ ਜਾਨ ਬਚਾਈ। ਸਿੱਖਾਂ ਨੇ ਉਸ ਦੇ ਫੌਜੀਆਂ ਨੂੰ ਬੰਦੀ ਬਣਾ ਲਿਆ ਅਤੇ ਉਨ੍ਹਾਂ ਕੋਲੋਂ ਹੀ ਸਰੋਵਰ ਨੂੰ ਫਿਰ ਸਾਫ ਕਰਵਾਇਆ।

ਹਰਿਮੰਦਰ ਵਲ ਮਾੜੀ ਅੱਖ ਰਖਣ ਵਾਲਾ ਜਰਵਾਣਾ ਅਹਿਮਦ ਸ਼ਾਹ ਅਬਦਾਲੀ ਆਪਣਾ ਬਾਦਸ਼ਾਹੀ ਜਲੌ ਗਵਾ ਬੈਠਾ। ਸਿੱਖਾਂ ਨੇ ਉਸ ਦੇ ਪੈਰਾਂ ਥੱਲੇ ਧਮੂਚੇ ਡਾਹ ਦਿੱਤੇ। ਉਸ ਨੂੰ ਇਤਨਾ ਡਰਾਇਆ ਕਿ ਉਹ ਮੁੜ ਭਾਰਤ ਤੇ ਹਮਲਾ ਕਰਨ ਜੋਗਾ ਨਾ ਰਿਹਾ। ਭਾਰਤ ਵਲ ਲਲਚਾਈਆਂ ਅੱਖਾਂ ਨਾਲ ਵੇਖਦਾ ਵੇਖਦਾ 1772 ਈ. ਵਿਚ ਮਰ ਗਿਆ। ਸਿੱਖ ਸੂਰਮਿਆਂ ਨੇ ਹਰਿਮੰਦਰ ਸਾਹਿਬ ਤੋਂ ਪਰੇਰਨਾ ਲੈ ਕੇ ਇਸ ਜਰਵਾਣੇ ਨੂੰ ਉਹ ਚਣੇ ਚਬਾਏ ਕਿ ਉਸ ਦੇ ਸਾਰੇ ਮਨਸੂਬੇ ਖਾਕ ਵਿਚ ਮਿਲ ਗਏ ਤੇ ਖਾਲਸੇ ਦੀ ਸ਼ਾਨ ਰੂਪੀ ਨਿਸ਼ਾਨ ਸਾਹਿਬ, ਅਬਦਾਲੀ ਦੇ ਘਰ ਤਕ ਤੇ ਝੁਲਣ ਲਗ ਪਏ। ਇਵੇਂ ਹਰਿਮੰਦਰ ਨੂੰ ਢਾਹੁਣ ਵਾਲਾ ਖੁਦ ਢਹਿ ਢੇਰੀ ਹੋ ਗਿਆ ਪਰ ਹਰਿਮੰਦਰ ਤਾਂ ਅਜ ਵੀ ਜੀਵਤ ਹੈ, ਸੁਜਿੰਦ ਹੈ ਤੇ ਕਿਆਮਤ ਤਕ ਇਵੇਂ ਹੀ ਰਹੇਗਾ। ਉਹ ਮਾਨਵਤਾ ਦੇ ਭਲੇ ਲਈ ਸਭ ਨੂੰ ਪਿਆਰ ਦਾ ਸੰਦੇਸ਼ ਦੇ ਰਿਹਾ ਹੈ, ਹਰ ਪਾਸੇ ਆਤਮਿਕ ਰੰਗ ਬਖੇਰ ਰਿਹਾ ਹੈ ਤੇ ਹਰ ਕਿਸੇ ਦੀਆਂ ਮਨੋਕਾਮਨਾਵਾਂ ਪੂਰੀਆਂ ਕਰ ਰਿਹਾ ਹੈ।

ਕਹੇ ਅਗੰਮੇ ਚੋਜ ਇਥੇ ਹੋਵੰਦੇ,
ਹਸਦੇ ਇਥੋਂ ਜਾਣ, ਜੋ ਆਵਣ ਰੋਵੰਦੇ।

.4.

ਹਰਿਮੰਦਰ ਤੇ ਸਿੱਖ ਗੁਰੂ ਸਾਹਿਬਾਨ

ਦਸ ਗੁਰੂ ਸਾਹਿਬਾਨ ਵਿਚੋਂ ਅਠ ਦਾ ਹਰਿਮੰਦਰ ਸਾਹਿਬ, ਸਰੋਵਰ ਸਾਹਿਬ ਜਾਂ ਉਸ ਜਗ੍ਹਾ ਨਾਲ ਜਿਥੇ ਇਹ ਪਵਿੱਤਰ ਤੀਰਥ ਬਣੇ ਹਨ, ਕਿਸੇ ਨਾ ਕਿਸੇ ਰੂਪ ਵਿਚ ਸਿਧਾ ਤੇ ਨੇੜਲਾ ਸਬੰਧ ਰਿਹਾ ਹੈ।

ਕਹਿੰਦੇ ਹਨ ਗੁਰੂ ਨਾਨਕ ਸਚੇ ਪਾਤਸ਼ਾਹ 1502 ਈ. ਵਿਚ ਭਾਈ ਮਰਦਾਨੇ ਨਾਲ ਇਸ ਅਸਥਾਨ ਤੇ ਆਏ ਤੇ ਇਸ ਨੂੰ ਬੜਾ ਪਾਕ ਪਵਿੱਤਰ ਸਥਾਨ ਕਿਹਾ। ਇਹ ਸੁਣ ਕੇ ਨਾਲ ਲਗਦੇ ਪਿੰਡ ਦਾ ਜ਼ਿਮੀਂਦਾਰ ਭਾਈ ਤਾਰਾ* ਆਪਣੇ ਘਰੋਂ ਦੇਸੀ ਘਿਓ ਦਾ ਪ੍ਰਸ਼ਾਦ ਬਣਾ ਕੇ ਲੈ ਆਇਆ ਜਿਸ ਨੂੰ ਛਕ ਕੇ ਭਾਈ ਮਰਦਾਨੇ ਨੇ ਕਿਹਾ ਕਿ ਇਹ ਤਾਂ ਅੰਮ੍ਰਿਤ ਭੋਜਨ ਹੈ। ਇਸ ਦੇ ਉੱਤਰ ਵਿਚ ਗੁਰੂ ਜੀ ਨੇ ਬਖਸ਼ਿਸ਼ ਰੂਪ ਵਿਚ ਫਰਮਾਨ ਕੀਤਾ ਕਿ ਇੱਥੇ ਹਮੇਸ਼ਾ ਇਹੋ ਜਿਹਾ ਅੰਮ੍ਰਿਤ ਪ੍ਰਸ਼ਾਦ ਹੀ ਵੰਡਿਆ ਜਾਂਦਾ ਰਹੇਗਾ। ਸਹਿਜ ਸੁਭਾਏ ਅਜਿਹੇ ਸ਼ਬਦ ਉਚਰ ਕੇ ਸਤਿਗੁਰਾਂ ਨੇ ਹਰਿਮੰਦਰ ਸਾਹਿਬ ਦੀ ਅਧਿਆਤਮਿਕ ਰੂਪ ਵਿੱਚ ਨੀਂਹ ਤਾਂ ਰੱਖ ਹੀ ਦਿੱਤੀ। ਇਸ ਤੋਂ ਮਗਰੋਂ 1532 ਈ. ਵਿਚ ਗੁਰੂ ਸਾਹਿਬ ਭਾਈ ਲਹਿਣਾ ਜੀ ਨਾਲ ਆ ਕੇ ਉਸ ਛਪੜੀ ਦੇ ਕੰਢੇ ਬੈਠੇ ਜਿਥੇ ਅੱਜ ਸਰੋਵਰ ਅਤੇ ਹਰਿਮੰਦਰ ਸਾਹਿਬ ਸੁਭਾਇਮਾਨ ਹਨ ਅਤੇ ਇਸ ਅਸਥਾਨ ਦੀ ਮਹਤਤਾ ਬਾਰੇ ਭਵਿਸ਼ ਬਾਣੀ ਕੀਤੀ [(ਹਵਾਲਾ ਤਾਰੀਖ ਖਾਲਸਾ ਪੰਨਾ 644, ਸੂਰਜ ਪਰਕਾਸ਼ (ਵਜ਼ੀਰ ਹਿੰਦ ਪ੍ਰੈੱਸ ਪੰਨਾ 2081)]। ਇਸੇ ਅਸਥਾਨ ਤੇ ਉਨ੍ਹਾਂ ਦਾ ਮੇਲ ਬਾਬਾ ਬੁੱਢਾ ਜੀ ਨਾਲ ਵੀ ਹੋਇਆ (ਹਵਾਲਾ History of Punjab ਮੈਕਾਲਫ ਪੰਨਾ 247)।

ਤੀਜੇ ਪਾਤਸ਼ਾਹ ਨੇ ਦੂਜੇ ਸਤਿਗੁਰਾਂ ਪਾਸੋਂ ਇਸ ਢਾਬ ਦੀ ਮਹਿਮਾ ਸੁਣੀ ਤਾਂ ਆਪਣੇ ਸੰਕਲਪ ਵਿਚ ਇਸ ਪਵਿੱਤਰ ਅਸਥਾਨ ਨੂੰ ਸਿਫਤੀ ਦਾ ਘਰ ਕਹਿ ਕੇ ਇਸ ਦੀ ਸਿਰਜਨਾ ਵਿਚ ਆਪਣੀਆਂ ਅਸੀਸਾਂ ਸੰਜੋ ਦਿੱਤੀਆਂ। ਉਹ ਕਈ ਵਾਰੀ ਇਸ ਥਾਂ ਤੇ ਪਧਾਰੇ ਤੇ ਅਭਿਲਾਸ਼ੀ ਪੁਰਸ਼ਾਂ ਨੂੰ ਅਧਿਆਤਮਿਕ ਸੰਦੇਸ਼ ਤੇ ਉਪਦੇਸ਼ ਦੇ ਕੇ ਉਨ੍ਹਾਂ ਦਾ ਉਧਾਰ ਕਰਦੇ ਰਹੇ (ਹਵਾਲਾ ਸਿੰਘ ਸਭਾ ਪਤ੍ਰਕਾ ਅੰਮ੍ਰਿਤਸਰ, ਅੰਕ ਅਕਤੂਬਰ-ਨਵੰਬਰ 1977)। ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਗੁਰਗਦੀ ਦੇਣ ਤੋਂ ਪਹਿਲਾਂ ਹੀ ਇਸ ਅਸਥਾਨ ਤੇ ਅੰਮ੍ਰਿਤ ਸਰੋਵਰ ਬਣਵਾਉਣ ਅਤੇ ਨਗਰ ਵਸਾਉਣ ਲਈ ਭੇਜਿਆ (ਹਵਾਲਾ ਸੂਰਜ ਪਰਕਾਸ਼ ਪੰਨਾ 2088)। ਇਸ ਤਰ੍ਹਾਂ ਭਾਈ ਜੇਠਾ ਜੀ ਨੇ, ਜੋ ਮਗਰੋਂ ਚੌਥੇ ਗੁਰੂ ਥਾਪੇ ਜਾਣ ਤੇ ਗੁਰੂ ਰਾਮਦਾਸ ਪਾਤਸ਼ਾਹ ਅਖਵਾਏ, ਨੇ ਤਾਂ ਆਪਣੇ ਹੱਥੀਂ ਸਰੋਵਰ ਸਾਹਿਬ ਦੀ

*ਹਵਾਲਾ ਤਵਾਰੀਖ ਗੁਰੂ ਖਾਲਸਾ ਪੰਨਾ 66-67 ਗਿਆਨੀ ਗਿਆਨ ਸਿੰਘ

ਸੇਵਾ ਕਰਕੇ ਇਸ ਦੇ ਕਣ ਕਣ ਵਿਚ ਅਮਰਤਾ ਭਰ ਦਿੱਤੀ। ਇਵੇਂ ਹੀ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੇ ਨਿਰਮਾਣ ਨੂੰ ਆਪਣੇ ਹੱਥਾਂ ਵਿਚ ਲੈ ਕੇ ਇਸ ਨੂੰ ਸੰਪੂਰਣ ਕਰਵਾਇਆ।

ਭਯੋ ਸੰਪੂਰਨ ਸ੍ਰੀ ਹਰਿਮੰਦਰ
ਜਿਹ ਸਮਸਰ (ਬਰਾਬਰ) ਨ ਅਪਰ (ਹੋਰ) ਜੁਗ ਅੰਦਰ।

ਗੁਰੂ ਅਰਜਨ ਦੇਵ ਜੀ ਨੇ ਗੁਰਸਿੱਖੀ ਨੂੰ ਕਈ ਨਵੀਆਂ ਦਿਸ਼ਾਵਾਂ ਦੇਣੀਆਂ ਸਨ। ਉਨ੍ਹਾਂ ਨੇ ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਅਬਾਦ ਕਰਵਾ ਕੇ ਸਿੱਖਾਂ ਨੂੰ **ਅਹਿਲੇ-ਮੁਕਾਮ** ਬਣਾਇਆ ਜਿਥੇ ਵਸ ਕੇ ਸਿੱਖ ਆਪਣਾ ਜੀਵਨ ਗੁਰ ਆਸ਼ੇ ਅਨੁਸਾਰ ਬਿਤਾ ਸਕਣ ਅਤੇ ਇਕ ਥਾਂ ਤੇ ਇਕੱਠੇ ਰਹਿ ਕੇ ਜਥੇਬੰਦਕ ਰੂਪ ਵਿਚ ਵਧੇਰੇ ਸ਼ਕਤੀ ਦੇ ਮਾਲਕ ਬਣ ਸਕਣ। ਉਨ੍ਹਾਂ ਨੇ ਆਮ ਮਨੁੱਖ ਨੂੰ ਅਕਾਲਪੁਰਖ ਦੇ ਪਿਆਰ ਕਲਾਵੇ ਵਿਚ ਲਿਆਉਣ ਲਈ ਸਰਲ ਪੰਜਾਬੀ ਭਾਸ਼ਾ ਵਿਚ ਵਡੀ ਮਾਤਰਾ ਵਿਚ ਇਲਾਹੀ ਬਾਣੀ ਰਚੀ ਜਿਸ ਦੇ 2218 ਸ਼ਬਦ ਸਨ। ਇਸ ਤਰ੍ਹਾਂ ਸਿੱਖ ਇਕ ਸ਼ਕਤੀਸ਼ਾਲੀ ਦੇਸੀ ਭਾਸ਼ਾ ਨਾਲ ਜੁੜ ਗਏ ਜੋ ਉਨ੍ਹਾਂ ਦੀ ਆਪਣੀ ਬੋਲ ਚਾਲ ਦੀ ਭਾਸ਼ਾ ਹੋਣ ਕਾਰਨ ਉਸ ਵਿਚ ਰਚੀ ਇਲਾਹੀ ਬਾਣੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਆਉਣ ਲਗ ਪਈ। ਇਵੇਂ ਆਪਣੇ ਧਾਰਮਿਕ ਕੰਮਾਂ ਕਾਜਾਂ ਲਈ ਸੰਸਕ੍ਰਿਤ ਰੂਪੀ ਪੰਡਤਾਊ ਭਾਸ਼ਾ ਨਾਲੋਂ ਆਮ ਮਨੁੱਖ ਦਾ ਨਾਤਾ ਟੁੱਟ ਜਿਹਾ ਗਿਆ ਕਿਉਂਕਿ ਉਨ੍ਹਾਂ ਦੀਆਂ ਅਜਿਹੀਆਂ ਲੋੜਾਂ ਹੁਣ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਹੀ ਪੂਰੀਆਂ ਕਰਨ ਲਗ ਪਈ। ਇਵੇਂ ਪੰਜਾਬ ਵਾਸੀਆਂ ਨੂੰ ਪੰਚਮ ਪਿਤਾ ਨੇ **ਅਹਿਲੇ-ਜ਼ਬਾਨ** ਬਣਾ ਕੇ ਅਥਾਹ ਸ਼ਕਤੀ ਪ੍ਰਦਾਨ ਕੀਤੀ ਜਿਸਨੇ ਉਨ੍ਹਾਂ ਦਾ ਸਮਾਜਿਕ ਮਾਣ ਵੀ ਵਧਾਇਆ। ਫਿਰ ਜਦ ਸੰਨ 1601 ਈ. ਵਿੱਚ ਹਰਿਮੰਦਰ ਸਾਹਿਬ ਦੀ ਸਿਰਜਨਾ ਸੰਪੂਰਨ ਹੋਈ ਤਾਂ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਪ੍ਰਾਰੰਭ ਕਰ ਦਿੱਤਾ ਅਤੇ 1 ਸਤੰਬਰ 1604 ਈ. ਨੂੰ ਆਦਿ ਗ੍ਰੰਥ ਸਾਹਿਬ ਨੂੰ ਦਰਬਾਰ ਸਾਹਿਬ ਵਿਚ ਬਿਰਾਜਮਾਨ ਕਰਨ ਦਾ ਸ਼ਗਨਾਂ ਭਰਪੂਰ ਕਾਰਜ ਸੰਪੰਨ ਹੋਇਆ। ਜਦ ਹਰਿਮੰਦਰ ਸਾਹਿਬ ਵਿਚ ਆਦਿ ਗ੍ਰੰਥ ਸਾਹਿਬ ਨੂੰ ਸ਼ਸ਼ੋਭਤ ਕਰ ਕੇ ਪ੍ਰਥਮ ਹੁਕਮਨਾਮਾ ਲਿਆ ਗਿਆ ਤਾਂ ਹਰਿਮੰਦਰ ਸਾਹਿਬ ਦੀ ਸਾਰੀ ਫਿਜ਼ਾ ਸਤਿਨਾਮੁ ਵਾਹਿਗੁਰੂ ਦੇ ਪਵਿੱਤਰ ਉਚਾਰਨ ਨਾਲ ਰਤੀ ਜਹੀ ਗਈ। ਆਦਿ ਗ੍ਰੰਥ ਸਾਹਿਬ ਦਾ ਵਰਦਾਨ ਪ੍ਰਾਪਤ ਕਰਕੇ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਨਾਲ ਸਿੱਖ ਅਹਿਲੇ-ਗ੍ਰੰਥ ਬਣ ਗਏ। ਇਵੇਂ ਸ਼ਬਦ-ਗੁਰੂ ਦੇ ਪ੍ਰਗਟ ਹੋਣ ਦਾ ਅਮਲ ਪ੍ਰਾਰੰਭ ਹੋ ਗਿਆ ਜੋ ਅਕਤੂਬਰ 1708 ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਾਦੇੜ ਵਿਖੇ ਜੋਤੀ ਜੋਤ ਸਮਾਉਣ ਲਗਿਆਂ ਆਦਿ ਗ੍ਰੰਥ ਸਾਹਿਬ ਨੂੰ ਸ਼ਬਦ-ਗੁਰੂ ਦੇ ਰੂਪ ਵਿਚ ਗੁਰਗਦੀ ਪ੍ਰਦਾਨ ਕਰਨ ਨਾਲ ਸਿੱਖ ਸੰਗਤਾਂ ਵਲੋਂ ਸ਼ਰਧਾ ਸੁਮਨ ਅਰਪਤ

ਕਰਦਿਆਂ ਸੰਪੰਨ ਹੋਇਆ। ਸਾਰੇ ਕਾਰਜ ਵਿਚ ਗੁਰੂ-ਜੋਤਾਂ ਅਤੇ ਉਨ੍ਹਾਂ ਦੇ ਸਰੂਪ ਵਿਚ ਅਕਾਲਪੁਰਖ ਦੀ ਸੁਦ੍ਰਿੜ ਕਿਰਿਆ ਕਰਮਸ਼ੀਲ ਰਹੀ।

ਗੁਰੂ ਅਰਜਨ ਦੇਵ ਜੀ ਜਦ ਹਰਿਮੰਦਰ ਸਾਹਿਬ ਦੀ ਸੇਵਾ ਕਰਵਾ ਰਹੇ ਸਨ ਤਾਂ ਉਹ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ ਕਿ ਅਕਾਲਪੁਰਖ ਖ਼ੁਦ ਮਨੁੱਖ ਦੇ ਸਰੂਪ ਵਿਚ ਹਰਿ ਕੀ ਪਉੜੀ ਦੇ ਅਸਥਾਨ ਤੇ ਟੋਕਰੀ ਸਿਰ ਤੇ ਚੁਕੀ ਇਸ ਪੁਨੀਤ ਸਥਾਨ ਦੀ ਸੇਵਾ ਵਿਚ ਜੁਟੇ ਹੋਏ ਸਨ। ਇਸ ਅਗੰਮੀ ਨਜ਼ਾਰੇ ਨੂੰ ਗੁਰੂ ਸਾਹਿਬ ਨੇ ਆਪਣੇ ਇਕ ਸ਼ਬਦ ਵਿਚ ਮੂਰਤੀਮਾਨ ਕੀਤਾ ਹੈ ਜਿਸ ਨੂੰ ਸੂਹੀ ਰਾਗ ਵਿਚ ਕਲਮੀ ਰੂਪ ਦਿੱਤਾ ਗਿਆ ਹੈ। ਸ਼ਬਦ ਦੇ ਕੁਝ ਅੰਸ਼ ਇਵੇਂ ਹਨ :-

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥
....
ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ॥
ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ॥
ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ (ਜੀਉਂਦਾ ਹੈ)॥

ਅੰਗ-783/84

ਇਸ ਤੋਂ ਵਡੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਹਰਿਮੰਦਰ ਸਾਹਿਬ ਤੇ ਇਸ ਦੀ ਪਵਿੱਤਰ ਭੂਮੀ ਨਾਲ ਜਿਥੇ ਅਠ ਗੁਰੂ ਸਾਹਿਬਾਨ ਸਿਧੇ ਤੌਰ ਤੇ ਸਬੰਧਤ ਰਹੇ ਹਨ, ਉੱਥੇ ਅਕਾਲਪੁਰਖ ਨੇ ਵੀ ਹਰਿਮੰਦਰ ਦੇ ਨਿਰਮਾਣ ਵਿਚ ਆਪਣਾ ਯੋਗਦਾਨ ਪਾਇਆ ਹੈ ਅਤੇ ਇਵੇਂ ਇਸ ਨੂੰ ਵਿਸ਼ਵ ਭਰ ਦਾ ਸਭ ਨਾਲੋਂ ਮਹੱਤਵਪੂਰਣ ਅਸਥਾਨ ਹੋਣ ਦਾ ਸੁਭਾਗਾ ਮਾਣ ਬਖਸ਼ਿਆ ਹੈ। ਹਰਿਮੰਦਰ ਤਾਂ ਧਰਤੀ ਤੇ ਸਚਖੰਡ ਜਾਂ ਬੈਕੁੰਠ ਦੇ ਰੂਪ ਵਿੱਚ ਉਤਰਿਆ ਹੈ :

ਸਈਓ ਨੀ, ਇਹ ਸੁਹਣਾ ਤੇ ਸੁਨਹਿਰੀ ਮੰਦਰ ਕਿਸ ਦਾ ਏ,
ਮੰਗੀਆਂ ਮੁਰਾਦਾਂ ਮਿਲਣ, ਐਸਾ ਉੱਚਾ ਦਰ ਕਿਸਦਾ ਏ।
ਇਥੇ ਖੁਸ਼ੀਆਂ ਦੇ ਨੇ ਬੇਅੰਤ ਖਜ਼ਾਨੇ ਖੁਲ੍ਹੇ,
ਕਿਤੇ ਬੈਕੁੰਠ ਨ ਹੋਵੇ, ਇਹ ਨਗਰ ਕਿਸ ਦਾ ਏ।

ਅਰਸ਼ ਤੋਂ ਨੀਝ ਲਗਾ ਚੰਨ ਤੇ ਸਿਤਾਰੇ ਵੇਖਣ,
ਫਰਸ਼ ਤੇ ਹੀਰੇ ਜੜ੍ਹੇ ਨੇ, ਇਹ ਹੁਨਰ ਕਿਸ ਦਾ ਏ।
ਏਹਦੀ ਹਰ ਤਾਨ 'ਚ ਸਵਰਗਾਂ ਦੇ ਸੁਨੇਹੇ ਹਨ 'ਸ਼ੌਕ'
ਹਲਕਾ ਹਲਕਾ ਇਹ ਮਧੁਰ ਨਾਦ, ਇਹ ਸੁਰ ਕਿਸ ਦਾ ਏ।

ਸਵਰਗੀ ਧਰਮ ਸਿੰਘ 'ਸ਼ੌਕ'

ਭੱਟਾਂ ਨੇ ਆਪਣੇ ਸਵਈਆਂ ਵਿਚ ਇਸ ਗੱਲ ਦੇ ਹਵਾਲੇ ਦੇ ਕੇ ਖੁਸ਼ੀ ਪ੍ਰਗਟਾਈ ਹੈ ਕਿ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਜੋਤ ਹਰਿਮੰਦਰ ਪਰੀਸਰ ਵਿਚ ਹਰ ਸਮੇਂ ਵਿਦਮਾਨ ਹੈ ਅਤੇ ਇਸ ਅਸਥਾਨ ਨੂੰ ਆਪਣੇ ਪੁਨੀਤ ਵਰਦਾਨਾਂ ਨਾਲ ਨਿਰੰਤਰ ਮਾਲਾ ਮਾਲ ਕਰ ਰਹੀ ਹੈ।

ਕਰਹਿ ਕਾਮਨਾ ਤਤਛਿਨ (ਤੁਰੰਤ) ਪਾਵਹਿ

ਗੁਰੂ ਹਰਿਗੋਬਿੰਦ ਸਾਹਿਬ ਦੀ ਹਰਿਮੰਦਰ ਸਾਹਿਬ ਪ੍ਰਤੀ ਅਸੀਮ ਸ਼ਰਧਾ ਇਸ ਗੱਲ ਤੋਂ ਭਲੀ ਭਾਂਤ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਅੱਜ ਵੀ ਉਨ੍ਹਾਂ ਦੇ ਨਾਂ ਦੀ ਚੌਕੀ, ਸ਼ਬਦ ਗਾਉਂਦੀ ਗਾਉਂਦੀ ਹਰਿਮੰਦਰ ਸਾਹਿਬ ਦੀ ਪਰਕਰਮਾ ਕਰਦੀ ਹੈ ਜੋ ਉਨ੍ਹਾਂ ਦੇ ਜੀਵਨ ਕਾਲ ਵਿਚ ਪ੍ਰਾਰੰਭ ਕੀਤੀ ਗਈ ਸੀ। ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਅਧਿਆਤਮਿਕ ਰੋਲ ਨੂੰ ਸਤਿਕਾਰਦਿਆਂ ਹੋਇਆਂ ਉਸ ਮਰਿਆਦਾ ਨੂੰ ਉਵੇਂ ਜਿਵੇਂ ਹੀ ਬਣਿਆ ਰਹਿਣ ਦਿੱਤਾ ਪਰ ਪੀਰੀ ਦੇ ਨਾਲ ਮੀਰੀ ਜਾਂ ਭਗਤੀ ਦੇ ਨਾਲ ਸ਼ਕਤੀ ਦਾ ਸਿੱਖ ਕੌਮ ਵਿਚ ਸੰਚਾਰ ਕਰਨ ਦੇ ਮਨੋਰਥ ਨਾਲ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਸਾਹਿਬ ਦਾ ਨਿਰਮਾਣ ਕਰਵਾਇਆ ਜਿਸ ਨਾਲ ਹਰਿਮੰਦਰ ਸਾਹਿਬ ਦੀ ਮਹੱਤਤਾ ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਹੋਰ ਵਿਸ਼ੇਸ਼ ਤੇ ਗੌਰਵਮਈ ਹੋ ਗਈ। ਦਰਬਾਰ ਸਾਹਿਬ ਮਨੁੱਖੀ ਮਨ ਨੂੰ ਜੋਤ ਸਰੂਪ ਨਾਲ ਜੋੜਨ ਲਈ ਉਪਦੇਸ਼ ਦੇਣ ਲਗ ਪਿਆ ਅਤੇ ਅਕਾਲ ਤਖਤ ਗੁਰਸਿੱਖੀ ਸ਼ਾਨ ਨੂੰ ਹੋਰ ਤਜੱਸਵੀ ਬਣਾਉਣ ਲਈ ਉਪਦੇਸ਼ਾਂ ਤੇ ਅਮਲ ਕਰਨ ਹਿਤ ਅਗਵਾਈ ਬਖਸ਼ਣ ਲਗ ਪਿਆ।

ਆਪਣੇ ਯੋਧੇ ਬਲਕਾਰੀ ਦਾਦਾ ਜੀ ਨਾਲ ਪਕੇ ਤੌਰ ਤੇ ਕੀਰਤਪੁਰ ਜਾਣ ਤੋਂ ਪਹਿਲਾਂ ਸਤਵੇਂ ਪਿਤਾ ਗੁਰੂ ਹਰਿਰਾਏ ਸਾਹਿਬ ਨੇ ਵੀ ਹਰਿਮੰਦਰ ਪਰੀਸਰ ਨੂੰ ਆਪਣੇ ਪਿਆਰ ਨਾਲ ਨਿਹਾਰਿਆ ਤੇ ਸਿੱਖ ਜਗਤ ਵਿਚ ਇਸ ਤੀਰਥ ਦਾ ਮਾਣ ਵਧਾਇਆ। ਸੰਗਤਾਂ ਦੀ ਵਿਸ਼ੇਸ਼ ਬੇਨਤੀ ਤੇ ਉਹ 1651 ਈ. ਨੂੰ ਦੀਵਾਲੀ ਤੇ ਕੁਝ ਸਮੇਂ ਲਈ ਕੀਰਤਪੁਰ ਸਾਹਿਬ ਤੋਂ ਹਰਿਮੰਦਰ ਸਾਹਿਬ ਪਧਾਰੇ।

ਗੁਰੂ ਹਰਿਕ੍ਰਿਸ਼ਨ ਸਾਹਿਬ ਬਹੁਤ ਛੋਟੀ ਉਮਰ ਵਿਚ ਹੀ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਬਹੁਤਾ ਸਮਾਂ ਦਿੱਲੀ ਵਿਚ ਹੀ ਲੰਘਿਆ ਜਿਸ ਕਰਕੇ ਉਹ ਹਰਿਮੰਦਰ ਸਾਹਿਬ ਨਾਲ ਆਪਣਾ ਸਰੀਰਕ ਨਾਤਾ ਨਾ ਜੋੜ ਸਕੇ।

ਗੁਰੂ ਤੇਗ ਬਹਾਦਰ ਜੋ ਹਿੰਦ ਦੀ ਚਾਦਰ ਕਰਕੇ ਵਿਸ਼ਵ ਵਿਚ ਪ੍ਰਸਿੱਧ ਹਨ, ਅੰਮ੍ਰਿਤਸਰ ਵਿਖੇ ਹੀ ਪੈਦਾ ਹੋਏ ਇਸ ਲਈ ਉਨ੍ਹਾਂ ਦਾ ਬਚਪਨ ਹਰਿਮੰਦਰ

ਪਰੀਸਰ ਨਾਲ ਓਤ ਪੋਤ ਰਿਹਾ ਪਰ ਉਨ੍ਹਾਂ ਦੇ ਸਪੁੱਤਰ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਸਾਹਿਬ ਵਿਚ ਅਵਤਾਰ ਧਾਰਿਆ, ਛੋਟੀ ਉਮਰੇ ਆਨੰਦਪੁਰ ਸਾਹਿਬ ਆ ਗਏ। 9 ਸਾਲ ਦੀ ਆਯੂ ਵਿਚ ਉਨ੍ਹਾਂ ਦੇ ਗੁਰੂ ਪਿਤਾ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਦਿਲੀ ਚਾਂਦਨੀ ਚੌਕ ਵਿਚ ਅਨਿਆਂ ਤੇ ਜ਼ੁਲਮ ਵਿਰੁਧ ਸ਼ਹਾਦਤ ਦਿੱਤੀ ਜਿਸ ਕਾਰਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਦੀ ਵਿਉਂਤਬੰਦੀ ਕਰਨੀ ਸ਼ੁਰੂ ਕਰ ਦਿੱਤੀ। ਉਹ ਜੰਗਲਾਂ, ਪਹਾੜਾਂ ਵਿਚ ਆਪਣੇ ਸਿੱਖਾਂ ਨੂੰ ਯੁਧ ਕਰਤਵਾਂ ਵਿਚ ਨਿਪੁੰਨ ਕਰਨ ਵਿਚ ਲਗ ਗਏ, ਫਿਰ ਕਈ ਜਗ੍ਹਾ ਉਨ੍ਹਾਂ ਮੁਗਲਾਂ ਤੇ ਪਹਾੜੀ ਰਾਜਿਆਂ ਵਿਰੁਧ ਲੜਾਈਆਂ ਲੜੀਆਂ, ਅੰਤ ਆਨੰਦਪੁਰ ਸਾਹਿਬ ਨੂੰ ਛਡ ਕੇ 640 ਕਿਲੋਮੀਟਰ ਦਾ ਬਿਖੜਾ ਪੈਂਡਾ ਸਰ ਕਰਦੇ ਹੋਏ ਮੁਕਤਸਰ ਤਕ ਪਹੁੰਚੇ ਜਿਥੇ ਚਾਲੀ ਮੁਕਤੇ ਸ਼ਹੀਦ ਹੋਏ। ਦੀਨਾ ਕਾਂਗੜ ਵਿਖੇ ਗੁਰੂ ਸਾਹਿਬ ਨੇ ਕੁਝ ਦੇਰ ਵਿਸ਼ਰਾਮ ਕੀਤਾ। ਧੀਰ ਮਲੀਆਂ ਤੋਂ ਆਦਿ ਗ੍ਰੰਥ ਸਾਹਿਬ ਦੀ ਬੀੜ ਮੰਗਵਾ ਭੇਜੀ ਜੋ ਉਨ੍ਹਾਂ ਨੇ ਨਾ ਦਿੱਤੀ ਜਿਸ ਕਰਕੇ ਉਨ੍ਹਾਂ ਆਪਣੀ ਦਿਬ ਦ੍ਰਿਸ਼ਟੀ ਸਦਕਾ ਸਾਰੀ ਬੀੜ ਦੋਬਾਰਾ ਲਿਖਵਾਈ ਜਿਸ ਦਾ ਨਾਂ ਦਮਦਮੀ ਬੀੜ ਰਖਿਆ ਗਿਆ। ਇੱਥੋਂ ਗੁਰੂ ਸਾਹਿਬ ਪੰਜਾਬ ਨੂੰ ਸਦਾ ਲਈ ਅਲਵਿਦਾ ਕਹਿ ਕੇ ਨਾਦੇੜ ਚਲੇ ਗਏ ਜਿਥੇ ਉਹ 42 ਸਾਲ ਦੀ ਉਮਰ ਵਿਚ 8 ਅਕਤੂਬਰ 1708 ਈ. ਨੂੰ ਜੋਤੀ ਜੋਤ ਸਮਾਏ ਤੇ ਆਪਣੀ ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ ਵਲੀਨ ਕਰ ਗਏ। ਇਵੇਂ ਦਸਵੇਂ ਪਿਤਾ ਜੀ ਨੂੰ ਵੀ ਹਰਿਮੰਦਰ ਸਾਹਿਬ ਪਧਾਰਨ ਦਾ ਅਵਸਰ ਨਹੀਂ ਮਿਲਿਆ ਪਰ 1699 ਈ. ਵਿਚ ਅੰਮ੍ਰਿਤਸਰ ਦੀਆਂ ਸੰਗਤਾਂ ਦੀ ਬੇਨਤੀ ਤੇ ਹਰਿਮੰਦਰ ਸਾਹਿਬ ਦਾ ਪ੍ਰਬੰਧ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥਾਂ ਵਿਚ ਲੈ ਲਿਆ ਤੇ ਹਰਿਮੰਦਰ ਸਾਹਿਬ ਦੀ ਆਭਾ ਨੂੰ ਦੇਖਦਿਆਂ ਹੋਇਆਂ ਉੱਥੇ ਗੁਰਸਿੱਖੀ ਮਰਿਆਦਾ ਅਨੁਸਾਰ ਕਾਰਜ ਵਿਧੀ ਚਲਾਉਣ ਲਈ ਗੁਰੂ ਸਾਹਿਬ ਨੇ ਆਪਣੇ ਅਨਿਨ ਸਿੱਖ ਭਾਈ ਮਨੀ ਸਿੰਘ ਜੀ ਨੂੰ ਉਸੇ ਸਾਲ ਹਰਿਮੰਦਰ ਸਾਹਿਬ ਦਾ ਇੰਚਾਰਜ ਥਾਪ ਕੇ ਅੰਮ੍ਰਿਤਸਰ ਭੇਜਿਆ ਜੋ ਹਰ ਮਾਮਲੇ ਵਿਚ ਗੁਰੂ ਸਾਹਿਬ ਤੋਂ ਪੂਰੀ ਪੂਰੀ ਅਗਵਾਈ ਲੈਂਦੇ ਰਹੇ।

ਭਾਵੇਂ ਅੱਠਵੇਂ ਤੇ ਦਸਵੇਂ ਦੋ ਗੁਰੂ ਸਾਹਿਬਾਨ ਨਿੱਜੀ ਰੂਪ ਵਿਚ ਦਰਬਾਰ ਸਾਹਿਬ ਨਾ ਪਧਾਰ ਸਕੇ ਪਰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦਸ ਗੁਰੂ ਸਾਹਿਬਾਨ ਦੀ ਪਵਿੱਤਰ ਜੋਤ ਹਰਿਮੰਦਰ ਸਾਹਿਬ ਵਿਚ ਨਿਰੰਤਰ ਰੂਪ ਵਿਚ ਹਰ ਸਮੇਂ ਬਿਰਾਜਮਾਨ ਹੈ ਅਤੇ ਜਦ ਤਕ ਦੁਨੀਆਂ ਕਾਇਮ ਰਹੇਗੀ ਮਾਨਵ ਸਮਾਜ ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਨ੍ਹਾਂ ਦੇ ਖੁਲ੍ਹ ਕੇ ਦਰਸ਼ਨ ਕਰਦਾ ਰਹੇਗਾ ਤੇ ਕਰਦਾ ਹੀ ਰਹੇਗਾ।

ਸਾ ਧਰਤਿ ਭਈ ਹਰੀਆਵਲੀ॥
ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ ਅੰਗ-310

.5.

ਹਰਿਮੰਦਰ ਭਵ ਸਾਗਰ ਦਾ ਬੋਹਿਥ

ਨਿਰਮਲ ਤੇ ਪਵਿੱਤਰ ਜਲ ਦੇ ਸਰੋਵਰ ਦੇ ਐਨ ਵਿਚਕਾਰ ਕੰਵਲ ਦੇ ਫੁਲ ਦੇ ਨਿਆਈਂ ਸਜਿਆ ਹਰਿਮੰਦਰ ਸਾਹਿਬ ਸਾਨੂੰ ਇਹ ਅਮਲੀ ਉਪਦੇਸ਼ ਦੇਂਦਾ ਹੈ ਕਿ ਅਸੀਂ ਵੀ ਇਸ ਸੰਸਾਰ ਵਿਚ ਇਵੇਂ ਹੀ ਰਹਿਣਾ ਹੈ ਜਿਵੇਂ ਕੰਵਲ ਦਾ ਫੁਲ ਰਹਿੰਦਾ ਹੈ ਜੋ ਸੁੰਦਰਤਾ, ਸਹਿਜਤਾ, ਸ਼ਾਂਤਚਿਤਤਾ, ਉਜਵਲਤਾ, ਕੋਮਲਤਾ, ਪਵਿੱਤਰਤਾ, ਨਿਰਲੇਪਤਾ ਅਤੇ ਅਮਨ ਪਸੰਦੀ ਦਾ ਪ੍ਰਤਿਨਿਧ ਮੰਨਿਆ ਜਾਂਦਾ ਹੈ। ਉਹ ਜਲ ਵਿਚ ਉਗ ਕੇ ਵੀ ਉਸ ਤੋਂ ਅਭਿਜ ਰਹਿੰਦਾ ਹੈ, ਨਿਰਲੇਪ ਰਹਿੰਦਾ ਹੈ ਅਤੇ ਹਰ ਹਾਲਤ ਵਿਚ ਆਪਣੀ ਟਹਿਕ ਬਰਕਰਾਰ ਰਖਦਾ ਹੈ। ਹਰਿਮੰਦਰ ਸਾਹਿਬ ਵਿਚ ਨਾਮ ਦਾ ਪ੍ਰਵਾਹ ਹਰ ਵਕਤ ਚਲਦਾ ਰਹਿੰਦਾ ਹੈ। ਇਸ ਵਿਚ ਬਾਣੀ ਦਾ ਬੋਹਿਥ ਗੁਰੂ ਗ੍ਰੰਥ ਸਾਹਿਬ ਹਰ ਪਰਾਣੀ ਨੂੰ ਸੰਸਾਰ ਸਾਗਰ ਤੋਂ ਸਹੀ ਸਲਾਮਤ ਪਾਰ ਹੋਣ ਦੀ ਸੋਝੀ ਕਰਵਾਉਂਦਾ ਹੈ। ਜਗਿਆਸੂ ਦੀ ਸ਼ਰਧਾ ਭਾਵਨਾ ਵਿਚ ਇੱਥੇ ਆ ਕੇ ਨਰੋਆ ਪਲਟਾ ਆਉਂਦਾ ਹੈ ਅਤੇ ਅਭਿਲਾਸ਼ੀ ਜਗਿਆਸੂ ਕੀਰਤਨ ਦੀਆਂ ਵਿਸਮਾਦੀ ਧੁੰਨਾਂ ਦਾ ਆਨੰਦ ਮਾਣਦਾ ਹੈ ਅਤੇ ਜ਼ਿੰਦਗੀ ਦੇ ਸੁਚੇ ਮਨੋਰਥ ਦੇ ਹੋਰ ਨੇੜੇ ਹੁੰਦਾ ਹੋਇਆ ਆਪਣੇ ਅੰਦਰ ਇਸ ਅਹਿਸਾਸ ਨੂੰ ਜਗਾਉਂਦਾ ਹੈ ਕਿ ਜ਼ਿੰਦਗੀ ਦਾ ਸਹੀ ਮਨੋਰਥ ਮਾਨਵ ਸਮਾਜ ਦੀ ਨਿਸ਼ਕਾਮ ਸੇਵਾ ਕਰਨਾ ਹੈ, ਸਰਬੱਤ ਦਾ ਭਲਾ ਚਾਹੁਣਾ ਹੈ, ਨੇਕ ਕਿਰਤ ਕਮਾਈ ਵਿਚੋਂ ਦੂਜੇ ਦੀ ਮਦਦ ਕਰਨਾ ਹੈ ਅਤੇ ਸਭ ਤੋਂ ਵੱਡੀ ਗੱਲ ਨਾਮ ਜਪਣਾ ਅਤੇ ਆਪਣੇ ਕਰਮਾਂ, ਬਚਨਾਂ ਤੇ ਅਮਲਾਂ ਦੁਆਰਾ ਪ੍ਰਭੂ ਦੀ ਕੀਰਤੀ ਗਾਉਣੀ ਹੈ, ਚੇਤ ਅਚੇਤ ਰੂਪ ਵਿਚ ਪ੍ਰਭੂ ਦਾ ਸਿਮਰਨ ਕਰਨਾ ਹੈ ਅਤੇ ਆਪਣੇ ਆਪ ਨੂੰ ਮੋਹ ਮਾਇਆ ਤੋਂ ਬੇਨਿਆਜ਼ ਰਖਕੇ ਮਨ ਨੂੰ ਵਾਹਿਗੁਰੂ ਦੀ ਪ੍ਰਾਪਤੀ ਦੇ ਉਚੇਰੇ ਮਨੋਰਥ ਵਲ ਜੋੜਨਾ ਹੈ। ਹਰਿਮੰਦਰ ਦਾ ਪਵਿੱਤਰ ਵਾਤਾਵਰਨ ਤੇ ਮਰਿਆਦਾ ਉਸ ਦੇ ਇਨ੍ਹਾਂ ਸਾਰੇ ਕਾਰਜਾਂ ਵਿਚ ਬਹੁਤ ਸਹਾਈ ਹੁੰਦੀ ਹੈ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਇਸ ਅਲੌਕਿਕ ਢੰਗ ਨਾਲ ਕੀਤੀ ਹੈ ਕਿ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਵਾਲੇ ਪ੍ਰਵੇਸ਼ ਦਵਾਰ ਰਾਹੀਂ ਜੇਕਰ ਹਰਿਮੰਦਰ ਕੰਪਲੈਕਸ (ਪਰੀਸਰ) ਵਿਚ ਦਾਖਲ ਹੋਣ ਲਗਿਆਂ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ ਜਾਣ ਤਾਂ ਇਵੇਂ ਮਹਿਸੂਸ ਹੁੰਦਾ ਹੈ ਕਿ ਜਲ ਵਿਚ ਇਕ ਜਹਾਜ਼ ਤੈਰਦਾ ਹੋਇਆ ਅੱਗੇ ਵਧਦਾ ਆ ਰਿਹਾ ਹੈ। ਇਸ ਜਹਾਜ਼ ਰੂਪੀ ਹਰਿਮੰਦਰ ਦਾ ਨਿਰਮਾਣ ਵੀ ਕੁਝ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਇਸ ਵਿਚ ਬੈਠੇ ਯਾਤਰੂ ਨੂੰ ਨਾ ਤਾਂ ਕੋਈ ਸਰੀਰਕ

ਤਕਲੀਫ ਹੀ ਹੋਵੇ ਅਤੇ ਨਾ ਹੀ ਕੋਈ ਹੋਰ ਖੇਰਾ ਲਗੇ। ਸਭ ਸੁਵਿਧਾਵਾਂ ਇਸ ਵਿਚ ਮੌਜੂਦ ਹਨ। ਅਚੰਭਤ ਨਿਰਮਾਣ ਕਾਰਨ ਗਰਮੀਆਂ ਦੀ ਰੁਤ ਸਮੇਂ ਪੱਛਮ ਦੇ ਪੁਰੇ ਦੀ ਆਨੰਦਮਈ ਹਵਾ ਬਾਰੀਆਂ ਵਿਚੋਂ ਪ੍ਰਵੇਸ਼ ਕਰ ਕੇ ਠੰਡ ਵਰਤਾ ਜਾਂਦੀ ਹੈ ਅਤੇ ਪਸੀਨਾ ਆਦਿ ਨਹੀਂ ਆਉਂਦਾ ਅਤੇ ਇਸ ਤਰ੍ਹਾਂ, ਗਰਮੀ ਦੇ ਬਾਵਜੂਦ ਸਰੀਰਕ ਪ੍ਰੇਸ਼ਾਨੀ ਦਾ ਅਹਿਸਾਸ ਤਕ ਨਹੀਂ ਹੁੰਦਾ। ਇਵੇਂ ਹੀ ਇਸ ਦੀ ਅਨੋਖੀ ਨਿਰਮਾਣ ਜੁਗਤ ਕਾਰਨ ਸਰਦੀਆਂ ਵਿਚ ਬਹੁਤ ਠੰਡ ਦਾ ਆਭਾਸ ਵੀ ਨਹੀਂ ਹੁੰਦਾ ਅਤੇ ਵਰਖਾ ਰੁਤ ਵਿਚ ਤਾਂ ਹਰ ਪਾਸੇ ਉੱਪਰ ਥੱਲੇ ਜਲ ਹੀ ਜਲ ਦੇ ਨਜ਼ਾਰੇ ਮਨੁੱਖ ਨੂੰ ਮੋਹ ਲੈਂਦੇ ਹਨ। ਭਾਈ ਸੰਤੋਖ ਸਿੰਘ ਇਸ ਬਾਰੇ ਇਵੇਂ ਲਿਖਦੇ ਹਨ:

ਖਸ਼ਟ (ਛੇ) ਰੁਤਨ ਮਹਿੰ ਸਭ ਸੁਖਦਾਈ
ਲਗਹਿ ਪਵਨ ਪਸ਼ਚਮ ਪੁਰਵਾਈ
ਜਹਿੰ ਗ੍ਰੀਖਮ (ਗਰਮੀਆਂ) ਮਹਿੰ ਸਵੇਦ (ਮੁੜਕਾ) ਨ ਜੋਵੈਂ
ਹਿਮ (ਠੰਡੀ) ਰੁਤ ਮਹਿੰ ਪਾਲੋ ਨਹਿੰ ਹੋਵੈ
ਬਰਖਾ ਮਹਿੰ ਬਡ ਹੋਤਿ ਬਹਾਰ
ਬਿਨ ਕਰਦਮ (ਚਿਕੜ ਮਿਟੀ) ਤੇ ਸੁੰਦਰ ਬਾਰਿ
ਚਹੁੰ ਦਿਸ਼ (ਦਿਸ਼ਾਵਾਂ) ਦ੍ਰਿਸ਼ਟ ਨੀਰ (ਜਲ) ਪਰ ਪਰੈ
ਮੇਘ ਧਾਰ (ਸਰੋਵਰ) ਬਿਨ ਮਲ (ਮੈਲ) ਤੇ ਭਰੈ
ਜਗਤ ਮਝਾਰ (ਵਿੱਚ) ਨ ਐਸੋ ਕੋਈ
ਮੰਦਰ ਦਿਖਤਿ ਅਨੰਦ ਨ ਹੋਈ (ਪੰਨਾ-1866 ਸੂਰਜ ਪ੍ਰਕਾਸ਼)

ਕੁਦਰਤੀ ਰੂਪ ਵਿਚ ਵਾਤਾ-ਅਨੁਕੂਲਤ (Air-conditioned) ਇਹ ਜਹਾਜ਼ ਮਨੁੱਖ ਦੇ ਪਾਰ ਉਤਾਰੇ ਦਾ ਕਾਰਜ ਨਿਰਵਿਘਨ ਕਰਦਾ ਦਖਾਈ ਦੇਂਦਾ ਹੈ। ਇਸ ਭਵ ਸਾਗਰ ਦੇ ਬੋਹਿਥ ਰੂਪੀ ਹਰਿਮੰਦਰ ਦੀ ਸ਼ਾਨ ਨਿਰਾਲੀ ਹੈ ਤੇ ਦਿਖ ਮਤਵਾਲੀ ਹੈ। ਇਹ ਹਰ ਕਿਸੇ ਤੇ ਆਪਣੀ ਅਮਿਟ ਛਾਪ ਛੱਡਦਾ ਜਾਂਦਾ ਹੈ ਪਰ ਆਪਣੇ ਆਪ ਤੇ ਕਿਸੇ ਦਾ ਪਰਛਾਵਾਂ ਤਕ ਨਹੀਂ ਪੈਣ ਦੇਂਦਾ। **ਅਸਮਾਨੀ ਬਿਜਲੀਆਂ ਹਰਿਮੰਦਰ ਦੀ ਕਦਮ-ਬੋਸੀ ਕਰਨ ਆਉਂਦੀਆਂ ਹਨ ਅਤੇ ਬਦਲਾਂ ਦੀਆਂ ਗਰਜਾਂ ਇਸ ਦੀ ਹਸਤੀ ਦੀ ਵਡਿੱਤਣ ਦੇ ਦਮਾਮੇ ਗਜਾਂਦੀਆਂ ਹਨ ਤੇ ਸਤਿਕਾਰੀ ਇਲਾਹੀ ਨਾਦ ਦੀ ਭੂਮਕਾ ਨਿਭਾਉਂਦੀਆਂ ਹਨ।** ਹਰਿਮੰਦਰ ਰੂਪੀ ਇਸ ਜਹਾਜ਼ ਵਿਚ ਬੈਠੇ ਜਾਂ ਇਸ ਦੀ ਅੰਦਰਲੀ ਪ੍ਰਕਰਮਾ ਵਿਚ ਚਲਦੇ ਫਿਰਦੇ ਸ਼ਰਧਾਲੂ ਕੀਰਤਨ ਦੀਆਂ ਇਲਾਹੀ ਧੁਨਾਂ ਦਾ ਰਸ ਮਾਣਦੇ ਇਸ ਜਹਾਜ਼ ਦੇ ਖੁਸ਼ ਨਸੀਬ ਯਾਤਰੂ ਪ੍ਰਤੀਤ ਹੁੰਦੇ ਹਨ। ਇੰਜ ਅਨੁਭਵ ਹੁੰਦਾ ਹੈ ਕਿ ਇਸ

ਜਾਹਜ਼ ਵਿਚ ਬੈਠਿਆ ਮਨੁੱਖ ਕਿਸੇ ਡਰ, ਕਿਸੇ ਖਤਰੇ, ਕਿਸੇ ਜੋਖਮ ਤੇ ਸਘੰਰਸ਼ ਤੋਂ ਬਿਨਾਂ ਹੀ ਆਪਣੀ ਮੰਜ਼ਲ ਤੇ ਜ਼ਰੂਰ ਅਪੜੇ ਗਾ ਅਤੇ ਬਾਇਜ਼ਤ ਅਪੜੇ ਗਾ। ਵਾਸਤਵ ਵਿਚ ਇਸ ਜਹਾਜ਼ ਤੇ ਚੜ੍ਹਨ ਨਾਲ ਸਭ ਚਿੰਤਾਵਾਂ ਰੋਗ, ਸੋਗ, ਸੰਤਾਪ ਤੇ ਤੌਖਲੇ ਮੁਕ ਜਾਂਦੇ ਹਨ, ਹੰਕਾਰ ਟੁੱਟਦਾ ਹੈ ਅਤੇ ਮੰਜ਼ਲ ਸਾਹਮਣੇ ਦਿਸਣ ਲਗ ਪੈਂਦੀ ਹੈ ਕਿਉਂਕਿ ਇਸ ਜਹਾਜ਼ ਦਾ ਚਾਲਕ ਪ੍ਰਭੂ ਆਪ ਹੈ।

ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ॥
ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ॥ ਅੰਗ-807

ਕਰਤਾ ਗੁਰ ਪ੍ਰਤਾਪ ਸੂਰਜ ਗ੍ਰੰਥ ਇਸ ਜਹਾਜ਼ ਰੂਪੀ ਹਰਿਮੰਦਰ ਦੀ ਅਲੌਕਿਕ ਸ਼ੋਭਾ ਵਿਚ ਇਵੇਂ ਲਿਖਦਾ ਹੈ:

ਮਾਨ ਸਰੋਵਰ ਜਥਾ ਬਿਰਾਜਾ ਹਰਿਮੰਦਰ ਵਿਚ ਬਨਹਿ ਜਹਾਜਾ
ਸ਼ਰਧਾ ਸਹਿਤ ਕਰਹਿ ਇਸ਼ਨਾਨ ਪਾਪ ਮਿਟਹਿੰ ਪ੍ਰਾਪਤ ਕਲਯਾਨ

ਆਖਰਕਾਰ ਇਸ ਹਰਿਮੰਦਰ ਰੂਪੀ ਜਹਾਜ਼ ਦਾ ਆਨੰਦ ਮਾਨਣ ਵਾਲਾ ਪਰਾਣੀ ਇਹ ਜਾਣ ਜਾਂਦਾ ਹੈ ਕਿ ਵਾਸਤਿਵ ਵਿਚ

ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ॥ ਅੰਗ-1346

ਜਿਉਂ ਜਿਉਂ ਉਸ ਦੀ ਆਤਮਿਕ ਅਵਸਥਾ ਵਿਚ ਨਿਖਾਰ ਆਉਂਦਾ ਜਾਂਦਾ ਹੈ ਤਿਉਂ ਤਿਉਂ ਹੀ ਉਸ ਦੇ ਕਪਾਟ ਖੁਲ੍ਹਦੇ ਜਾਂਦੇ ਹਨ ਤਾਂ ਫਿਰ ਉਸਦਾ ਸਰੀਰ ਹੀ ਉਸ ਲਈ ਹਰਿਮੰਦਰ ਦਾ ਸਰੂਪ ਬਣ ਜਾਂਦਾ ਹੈ ਕਿਉਂਕਿ ਅਕਾਲਪੁਰਖ ਦਾ ਇਸ ਵਿਚ ਵਾਸਾ ਹੈ ਤੇ ਇਵੇਂ ਪ੍ਰਭੂ ਪ੍ਰਾਪਤੀ ਦਾ ਕਰਮ ਸਰੀਰ ਰੂਪੀ ਹਰਿਮੰਦਰ ਦੇ ਅੰਦਰ ਚੱਲਣ ਲੱਗ ਪੈਂਦਾ ਹੈ।

ਹਰਿ ਮੰਦਰੁ ਸੋਈ ਆਖੀਐ
ਜਿਥਹੁ ਹਰਿ ਜਾਤਾ॥ ਅੰਗ-953

.6.

ਮਾਨਵਤਾ ਦਾ ਧੜਕਦਾ ਦਿਲ: ਹਰਿਮੰਦਰ

ਇਤਿਹਾਸਕਾਰ ਮਾਈਕਲ ਐਡਵਰਡਜ਼ ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਤੇ ਇਸ ਵਿਚ ਪ੍ਰਚਲਤ ਮਰਿਆਦਾ ਨੂੰ ਦੇਖ ਕੇ ਖੁਸ਼ੀ ਨਾਲ ਭਰਿਆ ਗਿਆ। ਉਸ ਨੂੰ ਇਹ ਦੇਖ ਕੇ ਸੰਤੋਖ ਹੋਇਆ ਕਿ ਦੁਨੀਆ ਵਿਚ ਕਿਧਰੇ ਤਾਂ ਕੋਈ ਐਸਾ ਕੇਂਦਰ ਮੌਜੂਦ ਹੈ ਜਿੱਥੇ ਹਰ ਧਰਮ ਦੇ ਪਰਾਣੀ ਦੀ ਪਛਾਣ ਇਹੀ ਹੈ ਕਿ ਉਹ ਅਕਾਲਪੁਰਖ ਦੀ ਸੰਤਾਨ ਹੈ ਅਤੇ ਪੂਰੇ ਸਵੈਮਾਣ ਤੇ ਅਜ਼ਾਦੀ ਨਾਲ ਜੀਣ ਦਾ ਉਸ ਨੂੰ ਪੂਰਾ ਪੂਰਾ ਹੱਕ ਹੈ। ਉਹ ਆਪਣੀ ਦੌਲਤ ਜਾਂ ਜ਼ਾਤ-ਪਾਤ ਕਾਰਨ ਦੂਜੇ ਨਾਲੋਂ ਉੱਚਾ ਸੁੱਚਾ ਜਾਂ ਨੀਵਾਂ ਨੀਚ ਨਹੀਂ। ਸਭ ਦੇ ਹਿਰਦਿਆਂ ਵਿਚ ਅਕਾਲਪੁਰਖ ਦਾ ਵਾਸਾ ਹੈ ਇਸ ਲਈ ਕਿਸੇ ਦੇ ਦਿਲ ਨੂੰ ਦੁਖਾਉਣਾ ਅਕਾਲਪੁਰਖ ਨੂੰ ਸਤਾਉਣਾ ਹੈ। ਧਰਮ ਨੂੰ ਸਚੇ ਦਿਲੋਂ ਪਿਆਰ ਕਰਨ ਵਾਲਾ ਮਨੁੱਖ ਕਿਸੇ ਨੂੰ ਸਤਾਉਣ ਨਾਲੋਂ ਉਸ ਨੂੰ ਵਸਾਉਣ ਤੇ ਰਜਾਉਣ ਵਿਚ ਵਧੇਰੇ ਵਿਸ਼ਵਾਸ਼ ਰਖਦਾ ਹੈ। ਇਹ ਸੰਦੇਸ਼ ਹਰਿਮੰਦਰ ਵਿਚੋਂ ਪਰਸਾਰਤ ਹੋ ਕੇ ਫਿਜ਼ਾ ਨੂੰ ਪਵਿੱਤਰ ਕਰਦਾ ਹੋਇਆ ਪਲ ਪਲ ਤੇ ਸਾਨੂੰ ਇਨਸਾਨੀਅਤ ਪ੍ਰਤੀ ਸੁਚੇ ਵਿਹਾਰ ਦਾ ਦਰਸ (ਸਿੱਖਿਆ) ਦੇਂਦਾ ਹੈ। ਇਸ ਸਾਰੇ ਕੁਝ ਨੂੰ ਦੇਖ ਕੇ ਮਾਈਕਲ ਸਹਿਜ ਸੁਭਾਏ ਕਹਿ ਉਠਦਾ ਹੈ ਕਿ 'ਐ ਮੇਰੇ ਪਿਆਰੇ ਵੀਰੋ, ਹਰਿਮੰਦਰ ਨੂੰ ਨਾਦਾਨੀ ਵਿਚ ਆ ਕੇ ਕੇਵਲ ਇਕ ਸੁਹਣੀ ਜਹੀ ਇਮਾਰਤ ਜਾਂ ਅਜਾਇਬ ਘਰ ਹੀ ਨਾ ਸਮਝ ਲੈਣਾ, ਇਹ ਤਾਂ ਮਨੁੱਖੀ ਜੀਵਨ ਨੂੰ ਗਤੀ ਦੇਣ ਦੀ ਇਕ ਇਲਾਹੀ ਕਲਾ ਹੈ, ਉਤਸ਼ਾਹ ਬਖਸ਼ਣ ਦਾ ਮਰਕਜ਼ ਹੈ, ਸੁਹਿਰਦਤਾ ਪਰਦਾਨ ਕਰਨ ਵਾਲਾ ਕੇਂਦਰ ਹੈ।' (ਹਵਾਲਾ ਪੁਸਤਕ 'Temples and Palaces')। ਇਸ ਗੱਲ ਵਿਚ ਵੀ ਕੋਈ ਅਤਕਥਨੀ ਨਹੀਂ ਕਿ ਇਹ ਰੱਬੀ ਨੂਰ ਨਾਲ ਪਰੀਪੂਰਨ ਅਸਥਾਨ ਰੱਬ ਵਿਚ ਪੂਰਨ ਆਸਤਾ ਰਖਣ ਦਾ ਮੂਲ ਸਰੋਤ ਹੈ, ਮਨੁੱਖੀ ਮਨ ਨੂੰ ਪ੍ਰੇਮ ਵਸ ਕਰਨ ਦੀ ਜੁਗਤ ਹੈ, ਤਪਦੀ ਤੇ ਤੜਪਦੀ ਰੂਹ ਨੂੰ ਸਕੂਨ ਤੇ ਸ਼ਾਂਤੀ ਬਖਸ਼ਣ ਦਾ ਮਹਾਨ ਤੀਰਥ ਹੈ, ਰੂਹਾਨੀਅਤ ਤੇ ਇਨਸਾਨੀਅਤ ਦਾ ਚਸ਼ਮਾ ਹੈ ਜੋ ਸੁਰਤੀ ਅਤੇ ਸਿਮਰਤੀ ਨੂੰ ਨਿਖਾਰਦਾ ਹੈ। ਇਹ ਤਾਂ ਈਮਾਨ ਤਾਜ਼ਾ ਕਰਨ ਦਾ ਕੇਂਦਰ ਹੈ ਜਿਥੋਂ ਰੂਹ ਨੂੰ ਇਕ ਅਜਬ ਹੁਲਾਰਾ ਮਿਲਦਾ ਹੈ। ਸਿੱਖ ਦੀ ਤਾਂ ਹਰਿਮੰਦਰ ਨਾਲ ਪਰਾਣਾਂ ਦੀ ਸਾਂਝ ਹੈ, ਉਸ ਦੀਆਂ ਆਸਾਂ ਤੇ ਸਵਾਸਾਂ ਇਸ ਨਾਲ ਬੱਝੀਆਂ ਪਈਆਂ ਹਨ। ਇਸੇ ਲਈ ਉਹ ਦੁਨੀਆ ਵਿਚ ਕਿਧਰੇ ਵੀ ਕਿਉਂ ਨਾ ਰਹਿ ਰਿਹਾ ਹੋਵੇ, ਉਸ ਦੇ ਸਾਹਾਂ ਵਿਚ ਆਤਮਿਕ ਬਲ, ਦਮਾਗ ਵਿਚ ਕਲਾਤਮਿਕ ਬਲ ਅਤੇ ਸਰੀਰ ਵਿਚ ਕਰਮ ਆਤਮਿਕ ਬਲ ਹਰਿਮੰਦਰ

ਤੇ ਉਸ ਦੀ ਵਿਚਾਰ ਧਾਰਾ ਤੋਂ ਹੀ ਪ੍ਰਾਪਤ ਤੇ ਸੁਦਰਿੜ ਹੁੰਦਾ ਹੈ। ਹਰਿਮੰਦਰ ਅਤੇ ਅਕਾਲ ਤਖਤ ਨਾਲੋਂ ਟੁੱਟਿਆ ਸਿੱਖ ਇਵੇਂ ਹੀ ਹੈ ਜਿਵੇਂ ਕੋਈ ਪੰਛੀ ਆਪਣੀ ਡਾਰ ਨਾਲੋਂ ਵਿਛੜਿਆ ਹੋਵੇ ਜਾਂ ਜਿਵੇਂ ਨਦੀ ਦਾ ਜਲ ਨਦੀ ਨਾਲੋਂ ਵੱਖ ਹੋ ਕੇ ਕਿਸੇ ਟੋਭੇ ਵਿਚ ਪੈ ਕੇ ਸੜਾਂਦ ਮਾਰਨ ਕਰ ਕੇ ਆਪਣੇ ਗੁਣ ਗਵਾ ਬੈਠਾ ਹੋਵੇ। ਐਨ ਇਵੇਂ ਹੀ ਹਰਿਮੰਦਰ ਦੀ ਸੱਚੀ ਸੁਚੀ ਭਾਵਨਾ ਤੋਂ ਬੇਮੁਖ ਹੋਇਆ ਸਿੱਖ ਅੰਦਰੋਂ ਖੋਖਲਾ ਤੇ ਬਾਹਰੋਂ ਖਾਲੀ ਹੋ ਜਾਂਦਾ ਹੈ ਕਿਉਂਕਿ ਹਰਿਮੰਦਰ ਸਿੱਖ ਦਾ ਸਭ ਕੁਝ ਹੀ ਹੈ। ਇਹ ਉਸਦਾ ਦਿਲ ਵੀ ਹੈ ਤੇ ਦਿਮਾਗ ਵੀ, ਸ਼ਰਮ ਵੀ ਹੈ ਤੇ ਧਰਮ ਵੀ, ਤਕਦੀਰ ਵੀ ਹੈ ਤੇ ਤਾਬੀਰ ਵੀ, ਜਿੰਦ ਵੀ ਹੈ ਤੇ ਜਹਾਨ ਵੀ, ਈਮਾਨ ਵੀ ਹੈ ਤੇ ਨਿਸ਼ਾਨ ਵੀ, ਸ਼ਾਨ ਵੀ ਹੈ ਤੇ ਸਨਮਾਨ ਵੀ, ਆਸ ਵੀ ਹੈ ਤੇ ਸਵਾਸ ਵੀ, ਆਦਿ ਵੀ ਹੈ ਤੇ ਅੰਤ ਵੀ। ਇਸਦਾ ਇਕ ਕਾਰਨ ਇਹ ਵੀ ਹੈ ਕਿ :

ਸ੍ਰੀ ਸਤਿਗੁਰ ਹਰਿਮੰਦਰ ਹੋਇ
ਜਿਸ ਤੇ ਸੁਖ ਪ੍ਰਾਪਤਿ ਸਭਿ ਕੋਇ (ਹਵਾਲਾ ਸੂਰਜ ਪਰਕਾਸ਼, ਪੰਨਾ-1856)

ਅਜਿਹੇ ਹਰਿਮੰਦਰ ਨਾਲ ਜੁੜਨਾ ਸਿੱਖੀ ਤੇ ਸੇਵਕੀ ਦੀ ਨਿਰਾਲੀ ਜੁਗਤ ਨਾਲ ਜੁੜਨਾ ਹੈ ਜੋ ਸਿੱਖ ਦੀ ਆਭਾ ਵਿਚ ਵਾਧਾ ਕਰਦੀ ਹੈ, ਮਰਿਆਦਾ ਵਿਚ ਪਰਪੱਕਤਾ ਲਿਆਂਦੀ ਹੈ ਅਤੇ ਇਵੇਂ ਉਸ ਵਿਚ ਜਥੇਬੰਦਕ ਬਲ ਦੀ ਆਪ ਮੁਹਾਰੇ ਸਿਰਜਨਾ ਹੁੰਦੀ ਰਹਿੰਦੀ ਹੈ। ਰਾਮ ਦਾਸ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਜਗਿਆਸੂ ਦੇ ਤਨ ਦੀ ਮੈਲ ਲਹਿੰਦੀ ਹੈ, ਹਰਿਮੰਦਰ ਕੀਰਤਨ ਉਸ ਦੇ ਮਨ ਦੀ ਮੈਲ ਲਾਹ ਦੇਂਦਾ ਹੈ। ਇਸ ਪਰਥਾਇ ਫਰਮਾਨ ਹੈ:

ਸੰਤਹੁ ਰਾਮ ਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥ ਰਹਾਉ॥
ਜੈਜੈਕਾਰੁ ਜਗੁ ਗਾਵੈ॥ ਮਨ ਚਿੰਦਿਅੜੇ ਫਲ ਪਾਵੈ॥
ਸਹੀ ਸਲਾਮਤਿ ਨਾਇ ਆਏ॥ ਅਪਣਾ ਪ੍ਰਭੂ ਧਿਆਏ॥ ਅੰਗ-623

ਇਸ ਤਰ੍ਹਾਂ ਇਹ ਪਵਿੱਤਰ ਅੰਮ੍ਰਿਤ ਰੂਪੀ ਜਲ ਅਤੇ ਧੁਰ ਕੀ ਬਾਣੀ ਦਾ ਮਿਸ਼ਰਨ ਸ਼ਰਧਾਲੂ ਦੀ ਕਾਇਆ ਕਲਪ ਕਰ ਦੇਂਦੇ ਹਨ। ਹਰਿਮੰਦਰ ਕਰਤੇ ਦਾ ਆਪਣਾ ਧਾਮ ਹੈ, ਨਿਜ ਵਾਸਾ ਹੈ। ਇਸ ਨਾਲ ਪਰੀਤ ਪਾਉਣ ਨਾਲ ਕਰਤੇ ਤਕ ਸਿਧੀ ਰਸਾਈ ਹੋ ਜਾਂਦੀ ਹੈ ਫਿਰ ਕਿਸੇ ਪ੍ਰਕਾਰ ਦੀ ਕੋਈ ਤੋਟ ਨਹੀਂ ਆਉਂਦੀ, ਮਨ ਦੀ ਭਟਕਣਾ ਮੁਕਦੀ ਹੈ, ਦੁਨਿਆਵੀ ਮੋਹ ਮਾਇਆ ਤੇ ਕਾਬੂ ਪਾਣ ਦੀ ਸਮਰਥਾ ਆ ਜਾਂਦੀ ਹੈ, ਦੇਹ ਧਾਰੀ ਗੁਰੂਆਂ ਤੇ ਭੇਖੀ ਸੰਤਾਂ ਤੋਂ ਨਿਜਾਤ ਮਿਲਦੀ ਹੈ। ਇਹ ਕੇਂਦਰ ਸਾਨੂੰ ਡਾਲ ਛਡ ਕੇ ਮੂਲ ਤਨੇ ਨਾਲ ਜੋੜ ਕੇ ਸ਼ਕਤੀਸ਼ਾਲੀ ਬਣਾਉਂਦਾ ਹੈ। ਇਸ ਦੀ ਤਾਬਿਆ ਵਿਚ ਵਿਚਰਦਿਆਂ ਜਗਿਆਸੂ ਦੀਨ ਤੇ ਦੁਨੀ ਦੋਨਾਂ ਦੇ ਸੁਖ ਆਨੰਦ ਦਾ ਪਾਤਰ ਬਣਦਾ ਹੈ। ਫਿਰ ਉਸ ਨੂੰ ਧਾਰਮਿਕ,

ਸਦਾਚਾਰਕ, ਸਮਾਜਕ, ਰਾਜਨੀਤਕ ਅਤੇ ਆਤਮਿਕ ਪਤਨ ਦਾ ਡਰ ਭਉ ਨਹੀਂ ਰਹਿੰਦਾ। ਉਸ ਨੂੰ ਆਪਣੀ ਹਸਤੀ, ਆਪਣੀ ਹੋਂਦ ਬੜੀ ਸੁਰਖਿਅਤ ਦਿਸਦੀ ਹੈ ਜਿਸ ਕਾਰਨ ਉਹ ਸਦਾ ਚੜ੍ਹਦੀਕਲਾ ਦਾ ਧਾਰਨੀ ਬਣ ਕੇ ਇਕ ਜੇਤੂ ਸੂਰਮੇ ਵਾਂਗਰਾਂ ਜੀਂਦਾ ਹੈ ਅਤੇ ਜੇ ਆਪਣੇ ਵਿਰਸੇ, ਆਪਣੇ ਗੌਰਵ, ਆਪਣੇ ਮਰਕਜ਼ ਭਾਵ ਕੇਂਦਰ, ਆਪਣੇ ਗੁਰਧਾਮਾਂ ਦੀ ਕਾਇਮੀ ਦਾਇਮੀ ਤੇ ਪਵਿੱਤਰਤਾ ਅਤੇ ਸਲਾਮਤੀ ਲਈ ਉਸ ਨੂੰ ਆਪਣਾ ਆਪਾ ਵੀ ਵਾਰਨਾ ਪਵੇ ਤਾਂ ਉਹ ਪਿੱਛੇ ਨਹੀਂ ਹਟਦਾ ਤੇ ਨਾ ਹੀ ਸੰਕੋਚ ਕਰਦਾ ਹੈ ਸਗੋਂ ਆਪਣਾ ਇਲਾਹੀ ਫਰਜ਼ ਸਮਝ ਕੇ ਹਸ ਹਸ ਕੇ ਪਤੰਗੇ ਦੀ ਤਰ੍ਹਾਂ ਆਪਣੀ ਜਾਨ ਵਾਰ ਕੇ ਅਕਾਲਪੁਰਖ ਦੇ ਦਰਬਾਰ ਵਿਚ ਜਾ ਹਾਜ਼ਰੀ ਲਗਵਾਉਂਦਾ ਹੈ। ਉਹ ਸੋਚਦਾ ਹੈ ਤੇ ਠੀਕ ਹੀ ਸੋਚਦਾ ਹੈ ਕਿ ਜੇਕਰ ਉਸ ਦਾ ਕੇਂਦਰ ਕਾਇਮ ਹੈ, ਉਸ ਦਾ ਹਰਿਮੰਦਰ ਸੁਜਿੰਦ ਹੈ, ਉਸ ਦੇ ਅਕਾਲ ਤਖਤ ਦੀ ਪ੍ਰਤਭਾ ਸੁਰਜੀਤ ਹੈ ਤਾਂ ਉਹ ਮਰਿਆ ਹੋਇਆ ਵੀ ਜੀਵਤ ਹੈ ਪਰ ਜੇ ਅਜਿਹਾ ਨਹੀਂ ਤਾਂ ਜੀਣਾ ਬੇਗੈਰਤੀ ਨਾਲ ਭਰਿਆ ਹੈ, ਨਿਰਾਰਥਕ ਹੈ ਤੇ ਮਕਸਦ-ਹੀਨ ਵੀ :

ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ-142

ਸਿੱਖ ਨੇ ਅਜਿਹੇ ਜੀਵਨ ਨੂੰ ਕਦੇ ਵੀ ਪਰਵਾਨ ਨਹੀਂ ਕੀਤਾ ਅਤੇ ਰੱਬ ਦੇ ਹਰਿਮੰਦਰ ਦੀ ਸ਼ਾਨ ਵਿਚ ਹੀ ਆਪਣੀ ਸ਼ਾਨ ਸਮਝੀ ਹੈ। ਇਸ ਹਰਿਮੰਦਰ ਨੂੰ ਉਹ ਮਨੁੱਖੀ ਕਿਰਤ ਨਾ ਸਮਝਦਾ ਹੋਇਆ ਇਸ ਦੀ ਸਿਰਜਨਾ ਦਾ ਸਿਹਰਾ ਅਕਾਲਪੁਰਖ ਦੇ ਸਿਰ ਹੀ ਬੰਨ੍ਹਦਾ ਹੈ। ਪੰਜਵੇਂ ਸਤਿਗੁਰਾਂ ਵਲੋਂ ਤਾਕੀਦ ਵੀ ਹੈ:

ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥
ਅੰਗ-781

ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਿੱਖ ਸਭ ਕੁਝ ਵਿਸਾਰ ਸਕਦਾ ਹੈ, ਲੁਟਾ ਸਕਦਾ ਹੈ, ਬਰਬਾਦ ਕਰ ਸਕਦਾ ਹੈ, ਕਟਵਾ ਸਕਦਾ ਹੈ ਪਰ ਸਰਬ-ਸਾਂਝੇ ਹਰਿਮੰਦਰ ਨੂੰ ਨਾ ਤਾਂ ਆਪਣੇ ਮਨ ਮੰਦਰ ਵਿਚੋਂ ਕੱਢ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਅਮੁਲ ਤੋਂ ਅਮੁਲ ਵਸਤੂ ਨੂੰ ਇਸ ਦੇ ਤੁਲ ਸਮਝ ਸਕਦਾ ਹੈ। ਇਹ ਹਰਿਮੰਦਰ ਜਿਥੇ ਉਸ ਨੂੰ ਰੱਬ ਦਾ ਘਰ ਦਿਸਦਾ ਹੈ, ਉੱਥੇ ਉਸ ਨੂੰ ਮਾਨਵਤਾ ਵਿਚ ਏਕੇ ਭਾਵ ਦਾ ਬੇਲਾਗ ਤੀਰਥ ਵੀ ਜਾਪਦਾ ਹੈ। ਇਸ ਲਈ ਇਸ ਮੰਦਰ ਦੀ ਰਾਖੀ ਤੇ ਸਾਂਭ ਸੰਭਾਲ ਕਰਨਾ ਸਿੱਖ ਦਾ ਹੀ ਨਹੀਂ, ਸਾਰੀ ਮਨੁੱਖਤਾ ਦਾ ਪਹਿਲਾ ਫਰਜ਼ ਹੋਣਾ ਚਾਹੀਦਾ ਹੈ ਕਿਉਂਕਿ ਇਹ ਸਰਬ ਮਾਨਵਤਾ ਦਾ ਸਰਬ ਸਾਂਝਾ ਪੂਜਾ ਸਥੱਲ ਹੈ ਜਿਸ ਦੀ ਸਿਰਜਨਾ ਦਰਗਾਹੀ ਹੁਕਮ ਦੇ ਤਾਬੇ ਹੋਈ ਹੈ ਅਤੇ ਜਿਥੇ ਹਰ ਸਮੇਂ ਹਰ ਪ੍ਰਾਣੀ ਲਈ 'ਝਿਮਿ ਝਿਮਿ ਵਰਸੈ

ਅੰਮ੍ਰਿਤ ਧਾਰਾ' ਨਿਰੰਤਰ ਰੂਪ ਵਿਚ ਵਰਸ ਰਹੀ ਹੈ। ਹਰਿਮੰਦਰ ਦੀ ਸ਼ਰਨ ਵਿਚ ਜੋ ਕੋਈ ਵੀ ਆਉਂਦਾ ਹੈ ਹਰਿਮੰਦਰ ਉਸ ਨੂੰ ਕੰਠ ਲਗਾ ਕੇ ਨਿਹਾਲ ਨਿਹਾਲ ਕਰ ਦੇਂਦਾ ਹੈ। ਉਦਮ, ਸਿਦਕ ਤੇ ਸ਼ਰਧਾ ਨਾਲ ਸਰਸ਼ਾਰ ਹਰਿਮੰਦਰ, ਸਰਬ ਮਾਨਵਤਾ ਨੂੰ ਨਿਤਾ ਪ੍ਰਤੀ ਨਾਮ ਨਿਧਾਨ ਨਾਲ ਮਾਲਾ ਮਾਲ ਕਰਦਾ ਹੈ। ਇਸ ਦੀ ਸ਼ਰਨ ਵਿਚ ਪੈ ਕੇ ਕਿਲ ਵਿਖ (ਪਾਪ) ਦੂਰ ਹੋ ਜਾਂਦੇ ਹਨ ਤੇ ਰੋਗਾਂ, ਸੋਗਾਂ, ਸੰਤਾਪਾਂ ਦਾ ਨਾਸ਼ ਹੋ ਜਾਂਦਾ ਹੈ।

ਉਦਮੁ ਕਰਤ ਮਨੁ ਨਿਰਮਲੁ ਹੋਆ॥
ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ
ਮਿਟਿ ਗਏ ਸਗਲੇ ਰੋਗਾ ਜੀਉ॥

ਅੰਗ-99

ਅਜਿਹੇ ਪੁਨੀਤ ਹਰਿਮੰਦਰ ਵਿਚ ਕਿਸੇ ਪ੍ਰਕਾਰ ਦੀ ਅਵੱਗਿਆ ਜਾਂ ਲਾਪਰਵਾਹੀ ਪ੍ਰਵਾਨ ਨਹੀਂ। ਜੇ ਕੋਈ ਗ੍ਰੰਥੀ, ਅਰਦਾਸੀਆ ਜਾਂ ਕੀਰਤਨੀਆ ਬਾਣੀ ਆਦਿ ਪੜ੍ਹਦਿਆਂ ਬੇਧਿਆਨਾ ਹੋ ਕੇ ਥਿੜਕ ਜਾਵੇ ਤਾਂ ਉਹ ਹਰਿਮੰਦਰ ਸੇਵਾ ਲਈ ਸੁਯੋਗ ਨਹੀਂ ਰਹਿੰਦਾ। ਹੁਣੇ ਹੁਣੇ ਹੀ ਪ੍ਰਬੰਧਕਾਂ ਨੇ ਹੈੱਡ ਗ੍ਰੰਥੀ ਤਕ ਨੂੰ ਪਦ ਤੋਂ ਹਟਾ ਦਿੱਤਾ ਜੋ ਰਹਿਰਾਸ ਸਾਹਿਬ ਦਾ ਪਾਠ ਕਰਦਿਆਂ ਚੌਪਈ ਸਾਹਿਬ ਦਾ ਪਾਠ ਕਰਨਾ ਹੀ ਭੁੱਲ ਗਿਆ। ਉਸਦੇ ਨਾਲ ਨਾਲ ਦੂਜੇ ਇਕ ਅਰਦਾਸੀਏ ਅਤੇ ਗ੍ਰੰਥੀ ਨੂੰ ਵੀ ਇਸ ਲਈ ਡੰਡਤ ਕੀਤਾ ਗਿਆ ਕਿ ਉਨ੍ਹਾਂ ਨੇ ਪਾਠ ਕਰਨ ਵਾਲੇ ਨੂੰ ਉਸਦੀ ਭੁਲ ਦੀ ਸੋਝੀ ਕਿਉਂ ਨਹੀਂ ਕਰਾਈ। ਅਜਿਹੀ ਸਖ਼ਤ ਮਰਿਆਦਾ ਸਦਕਾ ਹੀ ਹਰਿਮੰਦਰ ਸਾਹਿਬ ਨਾਲ ਸਬੰਧਤ ਪਰੰਪਰਾਵਾਂ ਸੁਜਿੰਦ ਰਹਿ ਸਕਦੀਆਂ ਹਨ ਜਿਹੜੀਆਂ ਜ਼ਰੂਰੀ ਹਨ ਕਿਉਂਕਿ ਹਰਿਮੰਦਰ ਹਰ ਕਿਸੇ ਲਈ ਪਰਮ ਵਿਸ਼ੇਸ਼ ਹੈ। ਹਰਿਮੰਦਰ ਪ੍ਰਤੀ ਇਕ ਸ਼ਰਧਾਲੂ ਦੇ ਮਨ ਦੀ ਭਾਵਨਾ ਨਿਮਨ ਪੰਗਤੀਆਂ ਬਾਖ਼ੂਬੀ ਪ੍ਰਗਟ ਕਰਦੀਆਂ ਹਨ, ਆਓ ਇਨ੍ਹਾਂ ਦਾ ਅਨੰਦ ਮਾਣੀਏ:

ਗੋਦ ਤੇਰੀ ਵਿਚ ਸਮਾਈ ਜੇ ਮਿਲੇ, ਹੋਰ ਕੀ ਲੈਣਾ ਫਿਰ ਸੰਸਾਰ ਤੋਂ,
ਜੋ ਵੀ ਚਾਹੋ ਪਾਓ ਰਜ ਰਜ ਝੋਲੀਆਂ, ਹਰਿਮੰਦਰ ਨਾਮੀ ਸੁਹਣੇ ਇਸ ਦਰਬਾਰ ਤੋਂ।
ਮਾਨਵਤਾ ਦਾ ਇਹ ਪਵਿੱਤਰ ਧਾਮ ਹੈ, ਬਖ਼ਸ਼ਿਸ਼ਾਂ ਮਿਲੀਆਂ ਇਨੂੰ ਕਰਤਾਰ ਤੋਂ।
ਸਭ ਨੂੰ ਆਪਣੇ ਪਿਆਰ ਕਲਾਵੇ ਵਿੱਚ ਲਵੇ, ਸਦਕੇ ਜਾਈਏ ਇਹਦੇ ਪਰਉਪਕਾਰ ਤੋਂ,
ਵਾਰੇ ਜਾਈਏ ਇਸ ਦੇ ਸ਼ੁਭ ਦੀਦਾਰ ਤੋਂ, ਹਰਿਮੰਦਰ ਨਾਮੀ ਸੁਹਣੇ ਇਸ ਦਰਬਾਰ ਤੋਂ।

.7.

ਹਰਿਮੰਦਰ ਵਿੱਚ ਮਨਮੋਹਕ ਕੀਰਤਨ

ਅਜ ਤੋਂ ਲਗਪਗ ਸਾਢੇ ਚਾਰ ਸੌ ਸਾਲ ਪਹਿਲੇ ਜਿਸ ਵਕਤ ਹਰਿਮੰਦਰ ਸਾਹਿਬ ਦੀ ਸਿਰਜਨਾ ਹੋਈ ਸੀ ਉਸ ਸਮੇਂ ਅਵਾਜ਼ ਨੂੰ ਉੱਚਾ ਕਰਨ ਲਈ ਲਾਊਡ ਸਪੀਕਰ ਆਦਿ ਨਹੀਂ ਹੁੰਦੇ ਸਨ। ਮਨੁੱਖ ਆਪਣੀ ਗੱਲ ਨੂੰ ਦੂਜਿਆਂ ਤਕ ਪਹੁੰਚਾਣ ਲਈ ਆਪਣੇ ਗਲੇ ਦੇ ਜ਼ੋਰ ਤੇ ਹੀ ਨਿਰਭਰ ਕਰਦਾ ਸੀ। ਗੁਰੂ ਅਰਜਨ ਸਾਹਿਬ ਨੇ ਜਦ 500 ਫੁਟ ਲੰਮੇ ਤੇ 490 ਫੁਟ ਚੌੜੇ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ ਦੀ ਸਾਜਨਾ ਕੀਤੀ ਤਾਂ ਉਨ੍ਹਾਂ ਨੇ ਜਿਥੇ ਇਸ ਅਦਭੁਤ ਅਸਥਾਨ ਦੇ ਕਈ ਹੋਰ ਪਹਿਲੂਆਂ ਵਲ ਵਿਸ਼ੇਸ਼ ਧਿਆਨ ਦਿੱਤਾ ਉੱਥੇ ਇਸ ਗੱਲ ਨੂੰ ਵੀ ਧਿਆਨ ਗੋਚਰੇ ਰਖਿਆ ਕਿ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਬਾਹਰ ਲਗਦੀ ਪਰਕਰਮਾ ਵਿਚ ਬੈਠੀ ਸੰਗਤ ਤੋਂ ਇਲਾਵਾ ਜੇ ਹੋ ਸਕੇ ਤਾਂ ਸਰੋਵਰ ਦੇ ਕੰਢਿਆਂ ਤੇ ਬੈਠੇ ਸ਼ਰਧਾਲੂਆਂ ਨੂੰ ਵੀ ਕੀਰਤਨ ਦੀ ਅਵਾਜ਼ ਪਹੁੰਚ ਸਕੇ ਕਿਉਂਕਿ ਕੀਰਤਨ ਰੂਪ ਵਿਚ ਗਾਈ ਜਾਣ ਵਾਲੀ ਬਾਣੀ ਨੇ ਹੀ ਸਭ ਦੇ ਮਨਾਂ ਦੀ ਮੈਲ ਉਤਾਰਨੀ ਹੈ। ਇਸ ਲਈ ਉਨ੍ਹਾਂ ਨੇ ਧੁੰਨੀ ਸਿਸਟਮ ਦੀ ਮਹਾਨਤਾ ਨੂੰ ਮੁਖ ਰਖਦਿਆਂ ਹੋਇਆਂ ਹਰਿਮੰਦਰ ਭਵਨ ਨਿਰਮਾਣ ਨੂੰ ਉਸ ਦੇ ਬਿਲਕੁਲ ਅਨੁਕੂਲ ਬਣਾਇਆ। ਭਵਨ ਦੀ ਉਚਾਈ, ਬਾਰੀਆਂ, ਦਰਵਾਜ਼ਿਆਂ ਦੀ ਲੰਬਾਈ, ਚੌੜਾਈ ਤੇ ਉਚਾਈ ਦਾ ਧੁਨੀ ਤਕਨੀਕ ਦੇ ਪਖੋਂ ਪੂਰਾ ਪੂਰਾ ਹਿਸਾਬ ਰਖਿਆ ਗਿਆ। ਇਕ ਦੀਵਾਰ ਦਾ ਦੂਜੀ ਦੀਵਾਰ ਤੋਂ ਫਾਸਲਾ ਇਤਨਾ ਹੀ ਰਖਿਆ ਗਿਆ ਕਿ ਕੋਈ ਵੀ ਚੀਜ਼ ਕੀਰਤਨ ਦੀ ਅਵਾਜ਼ ਵਿਚ ਰੁ ਵਟ ਨਾ ਪਾਵੇ। ਨਾ ਤਾਂ ਇਮਾਰਤੀ ਢਾਂਚੇ ਕਾਰਨ ਅਵਾਜ਼ ਫਟੇ ਤੇ ਨਾ ਹੀ ਗੂੰਜੇ ਸਗੋਂ ਉਹ ਹੋਰ ਮੁਲਾਇਮ ਹੋ ਕੇ ਵਧੇਰੇ ਸੁਰੀਲੀ ਹੋ ਜਾਵੇ ਅਤੇ ਕੰਨਾਂ ਨੂੰ ਚੰਗੀ ਲੱਗੇ। ਇਹ ਸਾਰਾ ਕਾਰਜ ਆਪਣੇ ਆਪ ਵਿਚ ਬਹੁਤ ਤਕਨੀਕੀ ਪ੍ਰਕਾਰ ਦਾ ਸੀ ਪਰ ਇਸ ਗੱਲ ਵਿਚ ਸਤਿਗੁਰਾਂ ਦੀ ਅਦੁੱਤੀ ਸੂਝ ਬੂਝ ਤੇ ਯੋਜਨਾਬੰਦੀ ਅੱਗੇ ਸਿਰ ਝੁਕਦਾ ਹੈ ਕਿ ਇਸ ਇਲਾਹੀ ਹਰਿਮੰਦਰ ਵਿਚੋਂ ਕੀਰਤਨ ਦੀਆਂ ਸੁਰੀਲੀਆਂ ਧੁੰਨਾਂ ਦੀਆਂ ਲਪਟਾਂ ਦਰਬਾਰ ਸਾਹਿਬ ਤੇ ਇਸਦੇ ਇਰਦ ਗਿਰਦ ਬੈਠੇ ਮਨੁੱਖ ਨੂੰ ਸੁਣ ਸਕਦੀਆਂ ਸਨ। ਸਰੋਤਿਆਂ ਨੂੰ ਇਵੇਂ ਮਹਿਸੂਸ ਹੁੰਦਾ ਸੀ ਕਿ ਇਲਾਹੀ ਬਾਣੀ ਦੇ ਮਨਮੋਹਕ ਕੀਰਤਨ ਦੀਆਂ ਧੁੰਨਾਂ ਅਕਾਸ਼ੋਂ ਉਤਰ ਰਹੀਆਂ ਹਨ। ਗੁਰੂ ਅਰਜਨ ਦੇਵ ਜੀ ਮਹਾਰਾਜ ਖ਼ੁਦ ਵੀ ਕੀਰਤਨ ਕਰ ਕੇ ਇਲਾਹੀ ਰੰਗ ਬੰਨ੍ਹ ਦੇਂਦੇ ਸਨ। ਉਨ੍ਹਾਂ ਦੇ ਨਾਲ ਜੋੜੀ ਤੇ ਸੰਗਤ ਭਾਈ ਗੁਰਦਾਸ ਜੀ ਕਰਦੇ ਸਨ ਅਤੇ ਬਾਬਾ ਬੁਢਾ ਜੀ ਸਿਤਾਰ ਵਜਾਉਂਦੇ ਸਨ। ਕਿਤਨੀਆਂ ਸੁਭਾਗੀਆਂ ਘੜੀਆਂ ਹੋਣਗੀਆਂ ਉਹ ਅਤੇ ਕਿਤਨੇ ਭਾਗਾਂ ਵਾਲੇ ਹੋਣਗੇ ਉਹ ਮਾਈ

ਭਾਈ ਜੋ ਸੰਗਤ ਰੂਪ ਵਿਚ ਇਨ੍ਹਾਂ ਦੇ ਮੁਖਾਰਬਿੰਦ ਤੋਂ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਦੇ ਹੋਣਗੇ। ਗੁਰੂ ਸਾਹਿਬ ਦੇ ਸਮੇਂ ਵਿਚ ਭਾਈ ਸਤਾ ਤੇ ਬਲਵੰਡ ਜੀ ਰਬਾਬੀ ਵੀ ਰਸ ਭਿੰਨਾ ਕੀਰਤਨ ਕਰਦੇ ਰਹੇ। ਕੀ ਇਹ ਆਪਣੇ ਆਪ ਵਿਚ ਇਕ ਅਲੌਕਿਕ ਗੱਲ ਨਹੀਂ ਕਿ ਗੁਰੂ ਅਰਜਨ ਦੇਵ ਜੀ ਦੇ ਜੀਵਨ ਕਾਲ ਵਿੱਚ ਸਤ ਕੀਰਤਨੀ ਜਥਿਆਂ ਵਿਚੋਂ 6 ਮੁਸਲਮਾਨ ਰਬਾਬੀ ਜਥੇ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰ ਗਦੀ ਕਾਲ ਵਿਚ ਹਰਿਮੰਦਰ ਸਾਹਿਬ ਤੋਂ ਰਬਾਬੀਆਂ ਵਲੋਂ ਗੁਰਬਾਣੀ ਗਾਈ ਜਾਂਦੀ ਤੇ ਅਕਾਲ ਤਖਤ ਤੇ ਢਾਡੀਆਂ ਵਲੋਂ ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ। ਇਵੇਂ ਸੰਗਤਾਂ ਨੂੰ ਭਗਤੀ ਤੇ ਸ਼ਕਤੀ ਦੋਹਾਂ ਰੂਪਾਂ ਦਾ ਅਨੰਦ ਮਿਲਣ ਲਗ ਪਿਆ। ਸੰਨ 1900 ਦੇ ਆਸ ਪਾਸ 15 ਕੀਰਤਨੀ ਜੱਥੇ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਦੀ ਸੇਵਾ ਨਿਭਾਉਂਦੇ ਹੁੰਦੇ ਸਨ। ਇਨ੍ਹਾਂ ਜੱਥਿਆਂ ਵਿੱਚੋਂ 8 ਜੱਥੇ ਸਿੱਖ ਕੀਰਤਨੀਆਂ ਦੇ ਸਨ ਜੋ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਹਿਰ ਤਕ ਕੀਰਤਨ ਕਰਦੇ ਸਨ ਅਤੇ 7 ਜੱਥੇ ਮੁਸਲਮਾਨ ਰਬਾਬੀਆਂ ਦੇ ਸਨ ਜੋ ਦੁਪਹਿਰ ਤੋਂ ਲੈ ਕੇ ਦੀਵਾਨ ਦੀ ਸਮਾਪਤੀ ਤਕ ਇਲਾਹੀ ਬਾਣੀ ਦੇ ਕੀਰਤਨ ਦੀ ਸੇਵਾ ਵਿਚ ਲਗੇ ਰਹਿੰਦੇ ਸਨ। ਉਨ੍ਹਾਂ ਦਿਨਾਂ ਵਿਚ ਕੀਰਤਨ ਦੇ ਸਾਜ਼ਾਂ ਵਿਚ ਰਬਾਬ, ਦੋਤਾਰਾ, ਚੋਤਾਰਾ, ਸਰੰਦਾ, ਤਾਊਸ, ਸਿਤਾਰ, ਤੰਬੂਰਾ ਤੇ ਤਬਲਾ ਜੋੜੀ ਦੀ ਪ੍ਰਧਾਨਤਾ ਹੁੰਦੀ ਸੀ। ਅੱਜ ਕੱਲ੍ਹ ਵਰਗਾ ਹਾਰਮੋਨੀਅਮ ਉਸ ਵਕਤ ਨਹੀਂ ਹੋਵੇਗਾ ਪਰ ਹਵਾ ਭਰ ਕੇ ਵਜਾਉਣ ਵਾਲਾ ਇਕ ਹਾਰਮੋਨੀਅਮ ਵਰਗਾ ਸਾਜ਼ ਜ਼ਰੂਰ ਵਰਤੋਂ ਵਿਚ ਆਉਂਦਾ ਸੀ (ਹਵਾਲਾ Guide to Darbar Sahib Page 28, edi 1903)। ਕਹਿੰਦੇ ਹਨ ਜਦ ਭਾਈ ਮਨਸ਼ਾ ਸਿੰਘ ਜੀ ਕੀਰਤਨ ਕਰਦੇ ਸਨ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਨੇਤਰ ਗੁਰੂ ਦੇ ਸਤਿਕਾਰ ਵਿਚ ਨਮ ਹੋ ਜਾਂਦੇ। ਇਵੇਂ ਹੀ ਜਦ ਭਾਈ ਦੇਸਾ ਜੀ, ਭਾਈ ਗਰਜਾ ਸਿੰਘ ਜੀ, ਭਾਈ ਬੂੜਾ ਜੀ ਕੀਰਤਨ ਕਰਦੇ ਤਾਂ ਕੀਰਤਨ ਦੀ ਅਵਾਜ਼ ਨਾਲ ਇਵੇਂ ਲਗਦਾ ਕਿ ਸਰੋਵਰ ਦੀਆਂ ਨਿਕੀਆਂ ਨਿਕੀਆਂ ਲਹਿਰਾਂ ਕਲੋਲ ਕਰਨ ਲਗ ਪਈਆਂ ਹੋਣ। ਵਾਤਾਵਰਨ ਵੀ ਮਧੁਰ ਪਰ ਪੁਰਸੋਜ਼ ਗਾਇਨ ਨਾਲ ਮੁਅੱਤਰ ਹੋ ਜਾਂਦਾ ਸੀ। ਸੰਗਤਾਂ ਜਿਥੇ ਵੀ ਬੈਠ ਜਾਂਦੀਆਂ ਰਸ ਭਿੰਨਾ ਕੀਰਤਨ ਉਨ੍ਹਾਂ ਦੇ ਕੰਨਾਂ ਵਿਚ ਅੰਮ੍ਰਿਤ ਘੋਲਦਾ ਰਹਿੰਦਾ। ਇਹੀ ਹਾਲ ਹੋਰ ਕੀਰਤਨੀਆਂ ਦਾ ਵੀ ਸੀ। ਉਹ ਕੀਰਤਨ ਕਰਨ ਨੂੰ ਆਪਣੇ ਇਸ਼ਟ ਨਾਲ ਸੁਰ ਮਈ ਗੱਲਾਂ ਕਰਨ ਸਮਾਨ ਸਮਝਦੇ। ਉਨ੍ਹਾਂ ਦੇ ਮਨਾਂ ਵਿਚ ਮਾਇਆ ਦਾ ਲਾਲਚ ਉਕਾ ਹੀ ਨਹੀਂ ਸੀ ਹੁੰਦਾ। ਸਤੇ ਬਲਵੰਡ ਦੀ ਲਾਲਚ ਦੀ ਘਟਨਾ ਸਭ ਕੀਰਤਨੀਆਂ ਨੂੰ ਪ੍ਰਮਾਤਮਾ ਦੇ ਸਿਦਕ ਤੇ ਗੁਰਬਾਣੀ ਦੇ ਸਤਿਕਾਰ ਵਿਚ ਹਮੇਸ਼ਾ ਬੰਨ੍ਹੀ ਰਖਦੀ। ਦਰਬਾਰ ਸਾਹਿਬ ਦੇ ਕੀਰਤਨੀਏ ਵਡੇ ਵਡੇ ਸਰਦਾਰਾਂ ਦੀਆਂ

ਹਵੇਲੀਆਂ ਵਿਚ ਕੀਰਤਨ ਕਰਨ ਦੀਆਂ ਪੇਸ਼ਕਸ਼ਾਂ ਇਹ ਕਹਿ ਕੇ ਠੁਕਰਾ ਦੇਂਦੇ ਕਿ ਉਹ ਤਾਂ ਦਰਬਾਰ ਸਾਹਿਬ ਵਿਚ ਹੀ ਆਪਣਾ ਗਲਾ ਖੋਲ੍ਹਣਗੇ। ਉਨ੍ਹਾਂ ਦੀ ਅਵਾਜ਼ ਇਸ ਅਸਥਾਨ ਵਿਖੇ ਪ੍ਰਭੂ ਜਸ ਗਾਇਣ ਕਰਨ ਲਈ ਹੀ ਬੈ ਹੋਈ ਪਈ ਹੈ। ਇਕ ਦਿਨ ਸੰਗਤਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਹਿਜ ਸੁਭਾਏ ਇਹ ਆਖਿਆ ਕਿ ਸ. ਮਨਸ਼ਾ ਸਿੰਘ ਵਰਗਾ ਰਾਗੀ ਹੋਣਾ ਬੜੀ ਮਹਾਨ ਗੱਲ ਪਰ ਉਸ ਉੱਤੇ ਗ਼ਰੀਬੀ ਦਾ ਬਹੁਤ ਬੋਝ ਹੈ ਜਿਸ ਕਾਰਨ ਉਹ ਸਖ਼ਤ ਮੰਦਹਾਲੀ ਵਿੱਚ ਜੀਵਨ ਬਤੀਤ ਕਰ ਰਿਹਾ ਹੈ। ਮਹਾਰਾਜੇ ਨੇ ਜਦ ਇਹ ਗੱਲ ਸੁਣੀ ਤਾਂ ਉਸੇ ਵਕਤ ਸ. ਮਨਸ਼ਾ ਸਿੰਘ ਰਾਗੀ ਦੇ ਘਰ ਪਹੁੰਚ ਗਿਆ। ਘਰ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਖੜਕਾਣ ਤੇ ਮਨਸ਼ਾ ਸਿੰਘ ਨੂੰ ਦੱਸਿਆ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਉਸਦੀ ਮਦਦ ਕਰਨ ਲਈ ਆਇਆ ਉਸਦੇ ਦਰਵਾਜ਼ੇ ਤੇ ਖੜਾ ਹੈ। ਇਹ ਸੁਣ ਕੇ ਸ. ਮਨਸ਼ਾ ਸਿੰਘ ਨੇ ਬੂਹਾ ਨਾ ਖੋਲ੍ਹਿਆ ਅਤੇ ਅੰਦਰੋਂ ਹੀ ਬੜੇ ਨਿਮਰ ਸ਼ਬਦਾਂ ਨਾਲ ਮਹਾਰਾਜੇ ਦਾ ਧੰਨਵਾਦ ਕਰ ਦਿੱਤਾ। ਜਦ ਦੋਬਾਰਾ ਬੂਹਾ ਖੋਲ੍ਹਣ ਲਈ ਬੇਨਤੀ ਕੀਤੀ ਗਈ ਤਾਂ ਮਨਸ਼ਾ ਸਿੰਘ ਨੇ ਇਹ ਕਹਿ ਕੇ ਗੱਲ ਮੁਕਾ ਦਿੱਤੀ ਕਿ ਗੁਰੂ ਰਾਮਦਾਸ ਸਾਹਿਬ ਜੀ ਦੀ ਅਰਦਲ ਵਿੱਚ ਹੁੰਦਿਆਂ ਮਨਸ਼ਾ ਸਿੰਘ ਨੂੰ ਕਿਸੇ ਦੁਨਿਆਵੀ ਮਨੁੱਖ ਦੀ ਕਿਸੇ ਟੇਕ ਦੀ ਜ਼ਰੂਰਤ ਨਹੀਂ। ਇਹ ਸ਼ਬਦ ਸੁਣ ਕੇ ਮਹਾਰਾਜੇ ਨੇ ਤੁਰੰਤ ਇਹ ਅਨੁਮਾਨ ਲਗਾ ਲਿਆ ਕਿ ਗੁਰੂ ਦੀ ਸ਼ਰਨ ਵਿੱਚ ਜੀਂਦਾ ਮਨੁੱਖ ਅੰਦਰੋਂ ਬਾਹਰੋਂ ਕਿਤਨਾ ਰੱਜਿਆ ਹੋਇਆ ਅਤੇ ਤ੍ਰਿਪਤ ਹੁੰਦਾ ਹੈ।

ਇਕ ਵਾਰੀ ਟੈਗੋਰ ਨੇ ਸ. ਸੁੰਦਰ ਸਿੰਘ ਦਾ ਕੀਰਤਨ ਸੁਣਿਆ ਤਾਂ ਉਹ ਗੁਰਮਤਿ ਕੀਰਤਨ ਦਾ ਦੀਵਾਨਾ ਹੋ ਗਿਆ। ਵਾਪਸ ਬੰਗਾਲ ਜਾਣ ਲਗਿਆਂ ਉਸ ਨੇ ਕਿਹਾ ਕਿ ਸ. ਸੁੰਦਰ ਸਿੰਘ ਦਰਬਾਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਾ ਨਿਭਾ ਰਹੇ ਹੁੰਦੇ ਤਾਂ ਮੈਂ ਇਨ੍ਹਾਂ ਨੂੰ ਚੁਕ ਕੇ ਆਪਣੇ ਨਾਲ ਲੈ ਜਾਂਦਾ। ਪਰ ਆਪਣੇ ਨਿਜੀ ਹਿਤ ਨਾਲੋਂ ਮੈਨੂੰ ਹਰਿਮੰਦਰ ਸਾਹਿਬ ਦਾ ਸਤਿਕਾਰ ਤੇ ਸੰਗਤਾਂ ਦਾ ਹਿਤ ਵਧ ਪਿਆਰਾ ਹੈ। ਪਰ ਅਜ ਇਹ ਅਵਸਥਾ ਕਾਫ਼ੀ ਹਦ ਤਕ ਬਦਲ ਗਈ ਹੈ। ਹੁਣ 5 ਤੰਤਰੀ ਸਾਜ਼ਾਂ ਵਾਲੇ ਜੱਥਿਆਂ ਸਮੇਤ ਕੁਲ 22 ਕੀਰਤਨੀ ਜੱਥੇ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਇਨ੍ਹਾਂ ਵਿਚੋਂ 12 ਜੱਥੇ 15 ਚੌਕੀਆਂ ਵਿਚ ਰੋਜ਼ ਕੀਰਤਨ ਕਰਦੇ ਹਨ। ਅੱਜ ਕੱਲ੍ਹ ਸਰਦੀਆਂ ਵਿੱਚ ਰੋਜ਼ 19 ਘੰਟੇ ਅਤੇ ਗਰਮੀਆਂ ਵਿੱਚ 21 ਘੰਟੇ ਨਿਰੰਤਰ ਕੀਰਤਨ ਹੁੰਦਾ ਹੈ। ਮੌਜੂਦਾ ਜੱਥਿਆਂ ਵਿਚ ਸ. ਸੁੰਦਰ ਸਿੰਘ ਵਰਗੀ ਸ਼ਰਧਾ ਭਾਵਨਾ ਘਟ ਵਧ ਹੀ ਦਿਸਦੀ ਹੈ ਕਿਉਂਕਿ ਗੁਰਬਾਣੀ ਨੂੰ ਕੀਰਤਨ ਰੂਪ ਵਿਚ ਗਾ ਕੇ ਕੈਸਟਾਂ ਬਣਾ ਕੇ ਵੇਚ ਕੇ ਰੁਪਿਆ ਕਮਾਉਣ ਦੀ ਸਰਪੱਟ ਦੌੜ ਹਰ ਪਾਸੇ ਲੱਗੀ ਹੋਈ ਹੈ। ਮੋਟੀਆਂ ਮੋਟੀਆਂ ਰਕਮਾਂ ਦੇ ਕੇ ਹੁਣ ਤਾਂ ਜਿਸ ਤੋਂ ਚਾਹੋ, ਜਿੱਥੇ ਚਾਹੋ ਕੀਰਤਨ ਕਰਵਾ ਲਵੋ। ਕੀਰਤਨੀ ਸਿੰਘਾਂ ਦੇ ਇਸ਼ਤਿਹਾਰ ਤੇ ਵਿਗਿਆਪਨ ਅਖ਼ਬਾਰਾਂ,

ਟੀ.ਵੀ. ਤੇ ਰੇਡੀਓ ਤੇ ਦੇਖੇ ਸੁਣੇ ਜਾ ਸਕਦੇ ਹਨ ਉਵੇਂ ਹੀ ਜਿਵੇਂ ਗਵੱਈਆਂ ਦੇ ਇਸ਼ਤਿਹਾਰ ਛਪਦੇ ਹਨ। ਸ਼ਰਧਾਵਾਨ ਰਾਗੀਆਂ ਦੀ ਕਾਫ਼ੀ ਘਾਟ ਹਰ ਕਿਸੇ ਨੂੰ ਮਹਿਸੂਸ ਹੋ ਰਹੀ ਹੈ। ਇਸ ਵਪਾਰੀਕਰਨ ਦੇ ਪ੍ਰਭਾਵ ਵਿੱਚ ਆਏ ਹਜ਼ੂਰੀ ਕੀਰਤਨੀਏ ਦਰਬਾਰ ਸਾਹਿਬ ਵਿੱਚ ਕੀਰਤਨ ਕਰਨ ਦੀ ਆਪਣੀ ਵਾਰੀ ਵੀ ਭੁੱਲਣ ਲਗ ਪਏ ਹਨ। ਅਜਿਹਾ ਇਕ ਅਫ਼ਸੋਸਨਾਕ ਕਾਰਾ ਅਗਸਤ 2012 ਵਿੱਚ ਹੋਇਆ ਜਦ ਕੀਰਤਨੀਏ ਸਿੰਘ ਦਰਬਾਰ ਸਾਹਿਬ ਕੀਰਤਨ ਕਰਨ ਹੀ ਨਾ ਆਏ ਅਤੇ ਅੱਧਾ ਘੰਟਾ ਕੀਰਤਨ ਨਾ ਹੋ ਸਕਿਆ ਅਤੇ ਇਵੇਂ ਮਰਿਆਦਾ ਖੰਡਤ ਹੋ ਗਈ। ਇਹ ਸਖਤ ਅਣਉਚਤ ਰੁਚੀ ਹੈ। ਇਸ ਸਿਲਸਿਲੇ ਵਿਚ ਉਸ ਪੁਰਾਤਨ ਭਾਵਨਾ ਨੂੰ ਰਾਗੀ ਸਿੰਘਾਂ ਵਿਚ ਬੇਦਾਰ ਕਰਨਾ ਐਨ ਉਚਤ ਹੈ।

ਹੁਣ ਤਾਂ ਦਰਬਾਰ ਸਾਹਿਬ ਵਿਖੇ ਅਤੀ ਆਧੁਨਿਕ ਧੁਨੀ ਸਿਸਟਮ ਫਿਟ ਹੈ ਜਿਹੜਾ ਹੌਲੀ ਜਹੀ ਅਵਾਜ਼ ਨੂੰ ਵੀ ਬੜਾ ਸੂਖਮ, ਮੁਲਾਇਮ ਤੇ ਸੁਰੀਲਾ ਬਣਾ ਕੇ ਸਾਰੇ ਪਰੀਸਰ ਵਿਚ ਇਵੇਂ ਖਿੰਡਾ ਦੇਂਦਾ ਹੈ ਜਿਵੇਂ ਇਕ ਹਵਾ ਦਾ ਝੌਂਕਾ ਫੁੱਲਾਂ ਦੀ ਮਹਿਕ ਨੂੰ ਸਭ ਪਾਸੇ ਖਿਲਾਰ ਦੇਂਦਾ ਹੈ। ਇਸ ਲਈ ਸਾਨੂੰ ਪੁਰਾਣੇ ਕੀਰਤਨੀਆਂ ਦੀਆਂ ਲਾਊਡ ਸਪੀਕਰ-ਰਹਿਤ ਸੁਰੀਲੀਆਂ ਤੇ ਮਧੁਰ ਧੁੰਨਾਂ ਦਾ ਅਹਿਸਾਸ ਹੋਣਾ ਮੁਸ਼ਕਲ ਹੋ ਗਿਆ ਹੈ ਪਰ ਫਿਰ ਵੀ ਜਿਨ੍ਹਾਂ ਸ਼ਰਧਾਲੂਆਂ ਨੇ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦੇ ਦਰਬਾਰ ਸਾਹਿਬ ਵਲ ਪਧਾਰਨ ਦੇ ਨਜ਼ਾਰੇ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਪਾਲਕੀ ਸਾਹਿਬ ਦੇ ਅੱਗੇ ਅੱਗੇ ਇਕ ਸਿੰਘ ਪੂਰੇ ਜ਼ੋਰ ਨਾਲ ਨਰਸਿੰਘਾ ਵਜਾਂਦਾ ਹੈ ਜਿਸ ਦੀ ਧੁੰਨੀ ਦੀ ਵਿਸ਼ੇਸ਼ਤਾ ਆਪਣੀ ਹੀ ਕਿਸਮ ਦੀ ਹੈ। ਜਦ ਉਸ ਨਰਸਿੰਘੇ ਦੀ ਅਵਾਜ਼ ਹਰਿਮੰਦਰ ਸਾਹਿਬ ਦੀਆਂ ਦੀਵਾਰਾਂ ਨਾਲ ਛੂਹੰਦੀ ਹੈ ਜਾਂ ਦਰਵਾਜ਼ਿਆਂ, ਬਾਰੀਆਂ ਵਿਚੋਂ ਆਰ ਪਾਰ ਹੁੰਦੀ ਹੈ ਤਾਂ ਇਕ ਵਿਸਮਾਦੀ ਰੰਗ ਬੰਨ੍ਹ ਦੇਂਦੀ ਹੈ। ਇਵੇਂ ਲਗਦਾ ਹੈ ਕਿ ਪ੍ਰਮਾਤਮਾ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਖੁਦ ਅਕਾਸ਼ ਤੋਂ ਇਸ ਅਨਾਦੀ ਨਾਦ ਦਾ ਵਰਦਾਨ ਕਰ ਰਿਹਾ ਹੈ। ਕੇਵਲ ਇਕ ਨਰਸਿੰਘੇ ਦੀ ਅਵਾਜ਼ ਹੀ ਅਜਿਹਾ ਸਮਾਂ ਬੰਨ੍ਹਦੀ ਹੈ ਜਿਸ ਨਾਲ ਸਰੋਤਿਆਂ ਦੀਆਂ ਆਤਮਾਵਾਂ ਨਸ਼ਿਆ ਜਹੀਆਂ ਜਾਂਦੀਆਂ ਹਨ ਅਤੇ ਸਾਰਾ ਵਾਤਾਵਰਨ ਬਹੁਤ ਸੁਹਾਵਣਾ ਤੇ [illegible] ਭਿੰਨਾ ਹੋ ਜਾਂਦਾ ਹੈ। ਉਂਜ ਵੀ ਦਰਬਾਰ ਸਾਹਿਬ ਵਿਚ ਜਦ ਕੀਰਤਨ ਹੋ ਰਿਹਾ ਹੁੰਦਾ ਹੈ ਤਾਂ ਉਹ ਕੀਰਤਨ ਇਵੇਂ ਲਗਦਾ ਹੈ ਜਿਵੇਂ ਕਿ ਹਰਿਮੰਦਰ ਰੂਪੀ ਕੰਵਲ ਦੀ ਮਹਿਕ ਹੋਵੇ। ਕੀਰਤਨ ਦੀਆਂ ਸੁਰੀਲੀਆਂ ਲਪਟਾਂ ਪੰਖੜੀ ਰੂਪੀ ਬਾਰੀਆਂ ਵਿਚੋਂ ਨਿਕਲ ਕੇ ਵਾਤਾਵਰਨ ਨੂੰ ਪਵਿੱਤਰ, ਮੁਅੱਤਰ, ਸਵੱਛ ਤੇ ਸ਼ੋਭਨੀਕ ਬਣਾ ਦੇਂਦੀਆਂ ਹਨ ਜਿਨ੍ਹਾਂ ਸਦਕਾ ਸਰੋਤਾ ਆਪ ਮੁਹਾਰੇ ਹੀ ਅਗੰਮੀ ਦੁਨੀਆ ਦੇ ਆਨੰਦ ਨੂੰ ਮਾਣਨ ਲਗ ਜਾਂਦਾ ਹੈ (ਹਵਾਲਾ ਪੁਸਤਕ-ਜੰਮੂ ਜੀ ਤੁਸੀਂ ਬੜੇ ਰਾਅ, ਪੰਨਾ-130/131)।

.8.

ਹਰਿਮੰਦਰ ਤੋਂ ਹੁਕਮਨਾਮਿਆਂ ਰਾਹੀਂ ਸੰਦੇਸ਼

ਸਿੱਖ ਲਈ ਗੁਰਬਾਣੀ ਰੱਬੀ ਬਖਸ਼ਸ਼ ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਨਿਸਚੇ ਨਾਲ ਲਿਆ ਹੁਕਮਨਾਮਾ (ਮੁਖ ਵਾਕ) ਉਸ ਦਿਨ ਲਈ ਅਕਾਲਪੁਰਖ ਦਾ ਸੰਗਤਾਂ ਪ੍ਰਤੀ ਫਰਮਾਨ ਹੈ, ਤਾਕੀਦ ਹੈ ਜਾਂ ਇਲਾਹੀ ਸੰਦੇਸ਼ ਹੈ। ਹਰ ਗੁਰਸਿੱਖ ਹੁਕਮਨਾਮੇ ਨੂੰ ਇਸ ਭਾਵਨਾ ਨਾਲ ਹੀ ਸਵੀਕਾਰ ਕਰਦਾ ਹੈ। ਹੁਣ ਹਰ ਰੋਜ਼ ਦਰਬਾਰ ਸਾਹਿਬ ਤੋਂ ਅੰਮ੍ਰਿਤ ਵੇਲੇ ਜੋ ਹੁਕਮਨਾਮਾ ਬਖਸ਼ਿਸ਼ ਰੂਪ ਵਿਚ ਮਾਨਵਤਾ ਨੂੰ ਪ੍ਰਾਪਤ ਹੁੰਦਾ ਹੈ, ਉਹ ਰੇਡੀਓ ਤੇ ਟੀ. ਵੀ. ਰਾਹੀਂ ਦੂਰ ਦਰਾਜ਼ ਬੈਠੀਆਂ ਸੰਗਤਾਂ ਦਾ ਪਥ ਪ੍ਰਦਰਸ਼ਨ ਕਰਦਾ ਹੈ ਅਤੇ ਬਹੁਤ ਸਾਰੀਆਂ ਨਿਸਚੇਵਾਨ ਸੰਗਤਾਂ ਅੰਮ੍ਰਿਤ ਵੇਲੇ ਦੇ ਇਸ ਇਲਾਹੀ ਹੁਕਮਨਾਮੇ ਨੂੰ ਸਰਵਣ ਕਰਨ ਦੇ ਕਰਮ ਨੂੰ ਵਸੋਂ ਵਸੋਂ ਖੁੰਝਣ ਨਹੀਂ ਦੇਂਦੀਆਂ। ਇੰਟਰਨੈੱਟ ਅਤੇ ਮੋਬਾਇਲ ਫੋਨ ਵਿਚ ਹੁਕਮਨਾਮੇ ਦੇ ਫੀਡ ਹੋ ਜਾਣ ਦੀ ਸੁਵਿਧਾ ਉਪਲਬਧ ਹੋ ਜਾਣ ਕਾਰਨ ਹੁਣ ਤਾਂ ਦੁਨੀਆ ਦੇ ਕਿਸੇ ਹਿੱਸੇ ਵਿਚ ਬੈਠੇ ਗੁਰਬਾਣੀ ਪ੍ਰੇਮੀ ਹਰਿਮੰਦਰ ਸਾਹਿਬ ਦੇ ਕੀਰਤਨ ਦਾ ਸਿਧਾ ਪ੍ਰਸਾਰਣ ਪ੍ਰਾਪਤ ਕਰ ਰਹੇ ਹਨ ਅਤੇ ਹੁਕਮਨਾਮਾ ਸੁਣ ਕੇ ਨਿਹਾਲ ਹੁੰਦੇ ਹਨ। ਇਹ ਹੁਕਮਨਾਮਾ ਸਿੱਖ ਦੀ ਅਗਵਾਈ ਕਰਦਾ ਹੈ, ਉਪਦੇਸ਼ ਦੇਂਦਾ ਹੈ, ਤਾਕੀਦ ਕਰਦਾ ਹੈ, ਹੌਸਲਾ ਵਧਾਉਂਦਾ ਹੈ, ਉਸ ਦਿਨ ਲਈ ਰੱਬੀ ਫਰਮਾਨ ਹੁੰਦਾ ਹੈ ਅਤੇ ਕਈ ਅਗੰਮੀ ਰਮਜ਼ਾਂ ਸਾਂਭੀਆਂ ਕਰ ਜਾਂਦਾ ਹੈ। ਇਸ ਸਬੰਧੀ ਇਕ ਘਟਨਾ ਪੇਸ਼ ਹੈ:

1975 ਵਿਚ ਦੇਸ਼ ਵਿਚ ਐਮਰਜੈਂਸੀ ਲਗੀ ਹੋਈ ਸੀ। ਸਿੱਖਾਂ ਨੇ ਇਸ ਨਵੀਂ ਗ਼ੁਲਾਮੀ ਵਿਰੁੱਧ ਮੋਰਚਾ ਲਗਾ ਦਿੱਤਾ। ਸਖਤ ਐਮਰਜੈਂਸੀ ਤੇ ਧਕੇਸ਼ਾਹੀ ਕਾਰਨ ਹਰ ਪਰਕਾਰ ਦੇ ਸ਼ਹਿਰੀ ਹੱਕ ਖਤਮ ਕਰ ਦਿੱਤੇ ਗਏ ਸਨ ਅਤੇ ਐਮਰਜੈਂਸੀ ਦੀ ਆੜ ਵਿਚ ਜਿਸ ਨੂੰ ਵੀ ਸਰਕਾਰ ਚਾਹੁੰਦੀ ਬਿਨਾਂ ਕਿਸੇ ਦਾਦ ਫਰਿਆਦ ਦੇ ਜੇਲ੍ਹ ਵਿਚ ਠੋਕ ਦੇਂਦੀ ਸੀ। ਇਸ ਸਥਿਤੀ ਨੂੰ ਆਪਣੇ ਹੱਕਾਂ ਉੱਤੇ ਜਬਰ ਸਮਝਦੇ ਹੋਏ ਸਿੰਘ ਹੱਕੀ ਅਜ਼ਾਦੀ ਲਈ ਜੂਝ ਰਹੇ ਸਨ ਅਤੇ ਐਮਰਜੈਂਸੀ ਦੇ ਵਿਰੋਧ ਵਿਚ ਆਪਣਾ ਰੋਸ ਪ੍ਰਗਟਾਉਣ ਲਈ ਦਰਬਾਰ ਸਾਹਿਬ ਤੋਂ ਗ੍ਰਿਫਤਾਰੀਆਂ ਦਿੱਤੀਆਂ ਜਾ ਰਹੀਆਂ ਸਨ। ਇਨ੍ਹਾਂ ਹਾਲਾਤਾਂ ਵਿਚ ਹਰ ਰੋਜ਼ ਗ੍ਰਿਫਤਾਰੀਆਂ ਦੇਣ ਲਈ ਜੱਥਾ ਤਿਆਰ ਕਰਨਾ ਤੇ ਫਿਰ ਉਸ ਨੂੰ ਗ੍ਰਿਫਤਾਰੀ ਲਈ ਭੇਜਣਾ ਆਪਣੇ ਆਪ ਵਿਚ ਇਕ ਵੱਡੀ ਚਨੌਤੀ ਸੀ ਜਿਸਨੂੰ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਹਰ ਰੋਜ਼ ਝਲਦੇ। ਉਨ੍ਹਾਂ ਦੱਸਿਆ ਕਿ ਵਕਤ ਬੀਤਣ ਦੇ ਨਾਲ ਨਾਲ ਸਰਕਾਰੀ ਨਾਕਾਬੰਦੀ ਅਤੇ ਭਾਰੀ ਸਖਤੀ ਕਾਰਨ ਜਥਾ ਭੇਜਣਾ ਅਤੀ ਕਠਨ ਹੋ ਗਿਆ ਪਰ ਫਿਰ ਵੀ ਉਨ੍ਹਾਂ ਹੌਸਲਾ ਨਹੀਂ ਹਾਰਿਆ। ਹਰ ਰੋਜ਼ ਦੀ ਤਰ੍ਹਾਂ ਉਹ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ

ਆਉਂਦੇ ਤੇ ਹੁਕਮਨਾਮਾ ਸਰਵਣ ਕਰਕੇ ਹੀ ਆਪਣੇ ਦਿਨ ਦੀ ਰੂਪ ਰੇਖਾ ਤਿਆਰ ਕਰਦੇ। 10 ਜਨਵਰੀ 1976 ਦਾ ਦਿਨ ਸੀ, ਸੰਤ ਜੀ ਗ੍ਰਿਫਤਾਰੀਆਂ ਦੇਣ ਵਾਲੀ ਮਨੁੱਖੀ ਸ਼ਕਤੀ ਦੀ ਤੇਜ਼ੀ ਨਾਲ ਵਾਪਰੀ ਘਾਟ ਕਾਰਨ ਬਹੁਤ ਚਿੰਤਾ ਵਿਚ ਸਨ। ਵੱਡੇ ਲੀਡਰ ਸਾਰੇ ਜੇਲ੍ਹਾਂ ਵਿਚ ਸਨ, ਪਿੰਡਾਂ ਦੀਆਂ ਸੰਗਤਾਂ ਨਾਲ ਸੰਪਰਕ ਸਥਾਪਤ ਕਰਨ ਵਿਚ ਕਠਨਾਈਆਂ ਹੀ ਕਠਨਾਈਆਂ ਸਨ। ਅਜਿਹੀ ਹਾਲਤ ਵਿਚ ਮੋਰਚੇ ਨੂੰ ਸਫਲਤਾ ਨਾਲ ਅੱਗੇ ਤੋਰਨ ਵਿਚ ਰੱਬ ਦੇ ਆਸਰੇ ਤੋਂ ਬਿਨਾਂ ਹੋਰ ਕੋਈ ਸਹਾਰਾ ਨਹੀਂ ਸੀ ਦਿਸਦਾ। ਇਸ ਸਥਿਤੀ ਨੂੰ ਝੇਲਦਿਆਂ ਹੋਇਆਂ ਉਸ ਦਿਨ ਦਰਬਾਰ ਸਾਹਿਬ ਤੋਂ ਹੁਕਮਨਾਮਾ ਆਇਆ ਜੋ ਅੰਗ 629/30 ਤੇ ਅੰਕਤ ਹੈ:

ਸੋਰਠਿ ਮਹਲਾ ੫ ॥
ਹਰਿ ਮਨਿ ਤਨਿ ਵਸਿਆ ਸੋਈ ॥ ਜੈਜੈਕਾਰੁ ਕਰੇ ਸਭੁ ਕੋਈ ॥....

ਸੰਤ ਜੀ ਦੇ ਕਥਨ ਅਨੁਸਾਰ ਹੁਕਮਨਾਮੇ ਦੇ ਸ਼ਬਦ ਸੁਣ ਕੇ ਉਨ੍ਹਾਂ ਦੇ ਮਨ ਵਿਚ ਇਕ ਆਸ ਦੀ ਕਿਰਨ ਪੈਦਾ ਹੋ ਗਈ। ਉਹ ਇਸ ਉਤਸ਼ਾਹੀ ਹੁਕਮਨਾਮੇ ਦੀ ਬਦੌਲਤ ਪੂਰਨ ਚੜ੍ਹਦੀਕਲਾ ਦੀ ਅਵਸਥਾ ਵਿਚ ਆ ਗਏ। ਇਧਰੋਂ ਉਧਰੋਂ ਕੁਝ ਸਿੰਘ ਇਕੱਠੇ ਕਰਕੇ ਸ਼ਾਮ ਨੂੰ ਜਥੇ ਦੇ ਰੂਪ ਵਿਚ ਰੋਜ਼ ਵਾਂਗ ਗ੍ਰਿਫਤਾਰੀਆਂ ਦਿੱਤੀਆਂ ਗਈਆਂ ਅਤੇ ਮਨ ਵਿਚੋਂ ਅਵਾਜ਼ ਆਉਣੀ ਪ੍ਰਤੀਤ ਹੋਣ ਲਗ ਪਈ ਕਿ ਵਾਹਿਗੁਰੂ ਕੋਈ ਕੌਤਕ ਵਰਤਾਉਣ ਵਾਲੇ ਹਨ।

ਅਗਲੇ ਦਿਨ ਫਿਰ ਅੰਮ੍ਰਿਤ ਵੇਲੇ ਹੁਕਮਨਾਮੇ ਦੇ ਸ਼ੁਭ ਬਚਨ ਸਰਵਣ ਕਰਨ ਲਈ ਸੰਤ ਜੀ ਸੰਗਤ ਵਿਚ ਸ਼ਾਂਤ ਚਿਤ ਬੈਠੇ ਸਨ। ਹੁਕਮਨਾਮਾ ਪ੍ਰਾਰੰਭ ਹੋਇਆ ਅਤੇ ਬੜੀ ਅਸਚਰਜਤਾ ਹੋਈ ਕਿ ਹੁਕਮਨਾਮਾ ਪਿਛਲੇ ਦਿਨ ਵਾਲਾ ਹੀ ਨਿਕਲਿਆ '**ਹਰਿ ਮਨਿ ਤਨਿ ਵਸਿਆ ਸੋਈ ॥ ਜੈ ਜੈ ਕਾਰ ਕਰੇ ਸਭੁ ਕੋਈ ॥**' ਇਸ ਨਾਲ ਸੰਤ ਜੀ ਸਮੇਤ ਸਾਰੀਆਂ ਸੰਗਤਾਂ ਵਿਸਮਾਦ ਵਿਚ ਆ ਗਈਆਂ ਤੇ ਹਰ ਕਿਸੇ ਦੇ ਮਨ ਵਿਚ ਇਹ ਖਿਆਲ ਘਰ ਕਰਨ ਲਗ ਪਏ ਕਿ ਕੁਝ ਬਹੁਤ ਹੀ ਅਸਾਧਾਰਨ ਘਟਨਾ ਵਾਪਰਣ ਵਾਲੀ ਹੈ। ਰੱਬ ਦੀਆਂ ਮਿਹਰਾਂ ਦੇਖੋ, ਆਪਣੇ ਪ੍ਰੇਮੀਆਂ ਨੂੰ ਪੂਰਨ ਤੌਰ ਤੇ ਸੁਦਰਿੜ ਕਰਨ ਲਈ ਸਤਿਗੁਰਾਂ ਨੇ ਤੀਜੇ ਦਿਨ ਵੀ ਇਸੇ ਹੁਕਮਨਾਮੇ ਦ ਪਰਕਾਸ਼ ਕਰ ਦਿੱਤਾ। ਫਿਰ ਕੀ ਸੀ ਸੰਗਤ ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ ਕਰਨ ਲਗ ਪਈ ਅਤੇ ਸੰਤ ਜੀ ਅਨੁਸਾਰ ਉਨ੍ਹਾਂ ਨੂੰ ਪੂਰਨ ਵਿਸ਼ਵਾਸ ਹੋ ਗਿਆ ਕਿ ਸਿੰਘਾਂ ਦਾ ਮੋਰਚਾ ਅਵੱਸ਼ ਹੀ ਕਾਮਯਾਬ ਹੋਣ ਵਾਲਾ ਹੈ ਅਤੇ ਸ਼ਹਿਰੀ ਅਧਿਕਾਰਾਂ ਤੇ ਕੀਤੀ ਜਾ ਰਹੀ ਅਮਾਨਵੀ ਜ਼ਿਆਦਤੀ ਦਾ ਅੰਤ ਨੇੜੇ ਹੈ। ਹਾਲਾਤਾਂ ਨੇ ਕਰਵਟ ਬਦਲੀ ਤੇ ਭਾਰਤ ਸਰਕਾਰ ਨੇ ਦੋ ਤਿੰਨ ਦਿਨਾਂ ਮਗਰੋਂ ਹੀ ਦੇਸ਼ ਵਿਚ ਚੋਣਾਂ ਦਾ ਐਲਾਨ ਕਰ ਦਿੱਤਾ ਅਤੇ ਚੋਣਾਂ ਕਾਰਨ ਲੋਕਾਂ ਨੇ ਐਮਰਜੈਂਸੀ ਦੌਰਾਨ ਹੋ ਰਹੀਆਂ ਜ਼ਿਆਦਤੀਆਂ ਦਾ ਆਪਣੇ ਭਾਸ਼ਨਾਂ ਤੇ ਲਿਖਤਾਂ ਵਿਚ ਕੋਝੇ ਤੇ ਨਿੰਦਣਯੋਗ ਢੰਗਾਂ ਨਾਲ ਜ਼ਿਕਰ

ਆਰੰਭ ਦਿੱਤਾ। ਨਤੀਜਾ ਇਹ ਨਿਕਲਿਆ ਕਿ ਲਿਹ ਲਦਾਖ ਤੋਂ ਲੈ ਕੇ ਮਧਿਆ ਪਰਦੇਸ਼ ਤਕ ਐਮਰਜੈਂਸੀ ਲਗਾਉਣ ਦੀ ਸਜ਼ਾ ਵਜੋਂ ਹੁਕਮਰਾਨ ਪਾਰਟੀ ਨੂੰ ਪਾਰਲੀਮੈਂਟ ਦੀ ਇਕ ਵੀ ਸੀਟ ਨਾ ਮਿਲੀ। ਫਲ ਸਰੂਪ ਜਨਤਾ ਸਰਕਾਰ ਅੱਗੇ ਆਈ, ਐਮਰਜੈਂਸੀ ਦਾ ਖਾਤਮਾ ਕਰਕੇ ਇਕ ਵਾਰੀ ਫੇਰ ਦੇਸ਼ ਵਿਚ ਖੁੱਲ੍ਹੇਪੰਨ ਦਾ ਵਾਤਾਵਰਨ ਸਿਰਜ ਦਿੱਤਾ ਗਿਆ। ਸਾਰੇ ਸੰਸਾਰ ਵਿਚ ਤੇ ਵਿਸ਼ੇਸ਼ ਕਰਕੇ ਭਾਰਤ ਵਿਚ ਸਿੱਖਾਂ ਦੇ ਸਫਲ ਮੋਰਚੇ ਦਾ ਭਰਵਾਂ ਜ਼ਿਕਰ ਹੋਇਆ ਤੇ ਇਨ੍ਹਾਂ ਨੂੰ ਇਹ ਕਹਿ ਕੇ ਮਾਣ ਦਿੱਤਾ ਗਿਆ ਕਿ ਇਨ੍ਹਾਂ ਸਿੱਖਾਂ ਦੀ ਬਦੌਲਤ ਹੀ ਭਾਰਤੀਆਂ ਨੂੰ ਇਕ ਵਾਰੀ ਫਿਰ ਗਵਾਚੀ ਹੋਈ ਅਜ਼ਾਦੀ ਨਸੀਬ ਹੋਈ ਹੈ।

ਇਵੇਂ ਹੁਕਮਨਾਮੇ ਦੇ ਰੂਪ ਵਿਚ ਹਰਿਮੰਦਰ ਸਾਹਿਬ ਤੋਂ ਅਗੰਮੀ ਸੰਦੇਸ਼ ਦੇ ਕੇ ਸਤਿਗੁਰਾਂ ਨੇ ਆਪਣੀ ਕਲਾ ਵਰਤਾ ਦਿੱਤੀ, ਸਿਦਕ ਨੂੰ ਫਲ ਲਾਏ ਅਤੇ ਹੁਕਮਨਾਮੇ ਦੇ ਆਪਣੇ ਬਚਨ 'ਜੈ ਜੈ ਕਾਰ ਕਰੇ ਸਭ ਕੋਈ' ਸਤ ਕਰ ਵਿਖਾਏ। ਇਸ ਇਕੱਲੀ ਘਟਨਾ ਨਾਲ ਹੀ ਹਰਿਮੰਦਰ ਸਾਹਿਬ ਅਤੇ ਗੁਰਬਾਣੀ ਪ੍ਰਤੀ ਗੈਰ-ਸਿੱਖ ਵੀਰਾਂ ਭੈਣਾਂ ਵਿਚ ਵੀ ਇਸ ਪਵਿੱਤਰ ਧਾਮ ਅਤੇ ਇਲਾਹੀ ਬਾਣੀ ਬਾਰੇ ਸਤਿਕਾਰ ਵਧਿਆ, ਨਵੀਂ ਚੇਤਨਾ ਪੈਦਾ ਹੋਈ ਅਤੇ ਪ੍ਰਭੂ ਦੀਆਂ ਅਸੀਮ ਸ਼ਕਤੀਆਂ ਵਿਚ ਆਸਥਾ ਵਧੀ।

ਜਿੱਥੇ ਤੱਕ ਹਰਿਮੰਦਰ ਸਾਹਿਬ ਵਿੱਚ ਹੁਕਮਨਾਮਾ ਲੈਣ ਦੀ ਮਰਿਆਦਾ ਵਿਧੀ ਦਾ ਸਬੰਧ ਹੈ ਉਹ ਇਵੇਂ ਹੈ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਦ ਪ੍ਰਕਾਸ਼ ਕਰਨ ਹਿਤ ਖੋਲ੍ਹਿਆ ਜਾਂਦਾ ਹੈ ਤਾਂ ਖੱਬੇ ਅੰਗ ਤੋਂ ਜੋ ਸ਼ਬਦ ਸਭ ਤੋਂ ਉੱਤੇ ਪ੍ਰਾਰੰਭ ਵਿੱਚ ਪ੍ਰਾਪਤ ਹੁੰਦਾ ਹੈ ਉਸਨੂੰ ਉਚਾਰਨ ਕੀਤਾ ਜਾਂਦਾ ਹੈ, ਉਹ ਉਸ ਵਿਸ਼ੇਸ਼ ਦਿਨ ਦਾ ਹੁਕਮਨਾਮਾ ਹੁੰਦਾ ਹੈ ਜਿਸ ਦੀਆਂ ਪਹਿਲੀਆਂ ਦੋ ਪੰਗਤੀਆਂ ਸੰਗਤਾਂ ਦੀ ਵਾਕਫ਼ੀ ਲਈ ਬਲੈਕ ਬੋਰਡ ਤੇ ਵੀ ਲਿਖ ਦਿੱਤੀਆਂ ਜਾਂਦੀ ਹਨ। ਜੇਕਰ ਪਹਿਲੀ ਪੰਗਤੀ ਤੋਂ ਨਵਾਂ ਸ਼ਬਦ ਸ਼ੁਰੂ ਨਾ ਹੁੰਦਾ ਹੋਵੇ ਤਦ ਉਸ ਅੰਗ ਨੂੰ ਪਿਛਲੇ ਪਾਸੇ ਪਰਤਾਇਆ ਜਾਂਦਾ ਹੈ ਜਿੱਥੋਂ ਉਹ ਸ਼ਬਦ ਸ਼ੁਰੂ ਹੁੰਦਾ ਹੈ ਅਤੇ ਉੱਥੋਂ ਉਸ ਨੂੰ ਪੜ੍ਹਿਆ ਜਾਂਦਾ ਹੈ। ਹੁਕਮਨਾਮੇ ਦੀਆਂ ਅੰਤਲੀਆਂ ਪੰਗਤੀਆਂ ਅਤੇ ਪਹਿਲੀਆਂ ਪ੍ਰਾਰੰਭਕ ਪੰਗਤੀਆਂ ਨੂੰ ਦੋ ਦੋ ਵਾਰੀ ਪੜ੍ਹਿਆ ਜਾਂਦਾ ਹੈ ਅਤੇ ਹੁਕਮਨਾਮਾ ਸੰਪੰਨ ਹੋ ਜਾਣ ਮਗਰੋਂ ਪ੍ਰਾਰੰਭਕ ਪੰਗਤੀਆਂ ਨੂੰ ਫਿਰ ਦੁਹਰਾਇਆ ਜਾਂਦਾ ਹੈ। ਅੰਮ੍ਰਿਤ ਵੇਲੇ ਆਏ ਹੁਕਮਨਾਮੇ ਨੂੰ ਹੀ ਸਵੇਰੇ ਆਸਾ ਦੀ ਵਾਰ ਦੀ ਸਮਾਪਤੀ ਮਗਰੋਂ ਅਰਦਾਸ ਉਪਰੰਤ ਦੋਹਰਾਇਆ ਜਾਂਦਾ ਹੈ।

ਦੁਪਹਿਰ ਤੋਂ ਮਗਰੋਂ ਲਏ ਗਏ ਹੁਕਮਨਾਮੇ ਦੇ ਪ੍ਰਰੰਭਕ ਅਤੇ ਅੰਤਲੇ ਬੋਲ ਤਾਂ ਦੋ ਦੋ ਵਾਰੀ ਪੜ੍ਹੇ ਜਾਂਦੇ ਹਨ ਪਰ ਹੁਕਮਨਾਮੇ ਦੇ ਪ੍ਰਾਰੰਭਕ ਬੋਲਾਂ ਨੂੰ ਤੀਜੀ ਵਾਰੀ ਨਹੀਂ ਪੜ੍ਹਿਆ ਜਾਂਦਾ ਜਿਵੇਂ ਕਿ ਸਵੇਰੇ ਪੜ੍ਹਿਆ ਜਾਂਦਾ ਹੈ। ਹੁਕਮਨਾਮਾ ਲੈਣ ਲਈ ਇਸ ਮਰਿਆਦਾ ਨੂੰ ਲਗਪਗ ਸਭ ਗੁਰਦਵਾਰਿਆਂ ਵਿੱਚ ਅਪਨਾਇਆ ਜਾਂਦਾ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ ਅੰਗ-1

.੭.

ਹਰਿਮੰਦਰ ਦੀ ਅਨੋਖੀ ਮਰਿਆਦਾ

ਸਾਰੇ ਸਿੱਖ ਸੰਸਾਰ ਦੀ ਧਾਰਮਿਕ ਮਰਿਆਦਾ ਇਕ ਸਮਾਨ ਹੈ ਜੋ ਅਕਾਲ ਤਖਤ ਦੇ ਤਾਬੇ ਹੈ। ਹਰਿਮੰਦਰ ਉਸ ਮਰਿਆਦਾ ਦਾ ਸੁਚਾ ਅੰਗ ਹੋ ਕੇ ਵੀ ਆਪਣੀ ਨਵੇਕਲੀ ਹਸਤੀ ਬਣਾਈ ਰਖਣ ਦਾ ਮਾਲਕ ਹੈ, ਕਿਉਂਕਿ ਇਹ ਅਸਥਾਨ ਸਿੱਖਾਂ ਦੇ ਨਾਲ ਨਾਲ ਸਾਰੇ ਮਾਨਵ ਭਾਈਚਾਰੇ ਦਾ ਵੀ ਪੂਜਨੀਕ ਤੀਰਥ ਹੈ।

ਹਰਿਮੰਦਰ ਨੂੰ ਦੁਧ ਨਾਲ ਇਸ਼ਨਾਨ ਕਰਵਾਣ ਉਪਰੰਤ ਅੰਮ੍ਰਿਤ ਵੇਲੇ ਕੀਰਤਨ ਪ੍ਰਾਰੰਭ ਹੋ ਜਾਂਦਾ ਹੈ ਅਤੇ ਜਦ ਆਸਾ ਦੀ ਵਾਰ ਦਾ ਲਗਪਗ ਅਧਾ ਕੀਰਤਨ ਹੋ ਚੁਕਾ ਹੁੰਦਾ ਹੈ ਤਦ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਾਲਕੀ ਸਾਹਿਬ ਵਿਚ ਸ਼ਸ਼ੋਭਤ ਕਰਕੇ ਬੜੇ ਸਤਿਕਾਰੀ ਰੂਪ ਵਿਚ ਅਕਾਲ ਤਖਤ ਸਾਹਿਬ ਵਿਖੇ ਸਥਿਤ ਕੋਠਾ ਸਾਹਿਬ ਵਿਚੋਂ ਲਿਆਂਦਾ ਜਾਂਦਾ ਹੈ ਅਤੇ ਇਕ ਇਕ ਸ਼ਰਧਾਲੂ ਵਲੋਂ ਵਾਰੋ-ਵਾਰੀ ਖੜੇ ਹੋ ਕੇ ਬੜੀ ਸ਼ਰਧਾ ਭਾਵਨਾ ਨਾਲ ਭੱਟਾਂ ਦੇ ਸਵਈਆਂ ਦੇ ਗਾਇਨ ਨਾਲ ਗੁਰੂ ਮਹਾਰਾਜ ਦੇ ਪਰਕਾਸ਼ ਕਰਨ ਦੀ ਮਰਿਆਦਾ ਆਰੰਭ ਹੁੰਦੀ ਹੈ ਅਤੇ ਜਦ ਭੱਟ ਕਲਸਹਾਰ ਦੇ ਸਵੱਈਏ ਦੀ ਪੰਗਤੀ ਦੇ ਸ਼ਬਦ **'ਦਰਸਨਿ ਪਰਸਿਐ ਗੁਰੂ ਕੈ'** ਉਚਾਰੇ ਜਾਂਦੇ ਹਨ ਤਦ ਗੁਰੂ ਗ੍ਰੰਥ ਸਾਹਿਬ ਨੂੰ ਸ਼ਰਧਾਮਈ ਢੰਗ ਨਾਲ ਖੋਹਲ ਕੇ ਪਰਕਾਸ਼ ਕੀਤਾ ਜਾਂਦਾ ਹੈ ਅਤੇ ਗੁਰੂ ਮਹਾਰਾਜ ਦੇ ਸਰੂਪ ਦੇ ਖਬੇ ਹੱਥ ਦੇ ਅੰਗ ਦੇ ਉੱਤੇ ਜੋ ਸ਼ਬਦ ਹੋਵੇ ਉਸ ਨੂੰ ਉਸ ਦਿਨ ਦਾ ਫਰਮਾਨ ਸਮਝ ਕੇ ਸੁਣਾਇਆ ਜਾਂਦਾ ਹੈ। ਜੇਕਰ ਅੰਗ ਦੇ ਪ੍ਰਾਰੰਭ ਤੇ ਪਿਛਲੇ ਅੰਗ ਦਾ ਸ਼ਬਦ ਚਲ ਰਿਹਾ ਹੁੰਦਾ ਹੋਵੇ ਤਾਂ ਇਕ ਅੰਗ ਪਿੱਛੇ ਜਾ ਕੇ ਜਿਥੋਂ ਉਹ ਸ਼ਬਦ ਪ੍ਰਾਰੰਭ ਹੁੰਦਾ ਹੈ ਉਥੋਂ ਹੁਕਮਨਾਮਾ ਲਿਆ ਜਾਂਦਾ ਹੈ। ਹੁਕਮਨਾਮਾ ਲੈਣ ਉਪਰੰਤ ਫੌਰਨ ਹੀ ਹੁਕਮਨਾਮੇ ਵਾਲੇ ਖੁਲ੍ਹੇ ਹੋਏ ਅੰਗਾਂ ਤੇ ਪਲਕਾਂ ਪਾ ਕੇ ਉਨ੍ਹਾਂ ਨੂੰ ਢੱਕ ਦਿੱਤਾ ਜਾਂਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੁਖ ਆਸਨ ਵਾਲੇ ਵਸਤਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਕਜ ਕੇ ਉੱਪਰ ਸੁਹਣੇ ਰੁਮਾਲੇ ਸਜਾ ਦਿੱਤੇ ਜਾਂਦੇ ਹਨ। ਬਾਕੀ ਗੁਰਧਾਮਾਂ ਤੇ ਪ੍ਰਥਾ ਕੁਝ ਇਸ ਪ੍ਰਕਾਰ ਦੀ ਹੈ ਕਿ ਉੱਥੇ ਪਹਿਲੇ ਗੁਰੂ ਮਹਾਰਾਜ ਦਾ ਪਰਕਾਸ਼ ਕੀਤਾ ਜਾਂਦਾ ਹੈ ਤੇ ਫਿਰ ਉਨ੍ਹਾਂ ਦੀ ਹਾਜ਼ਰੀ ਵਿਚ ਕੀਰਤਨ ਆਰੰਭ ਹੁੰਦਾ ਹੈ। ਹੁਕਮਨਾਮਾ ਲੈਣ ਉਪਰੰਤ ਗੁਰੂ ਮਹਾਰਾਜ ਦੇ ਸਰੂਪ ਤੇ ਰੁਮਾਲਾ ਚੜ੍ਹਾ ਦਿੱਤਾ ਜਾਂਦਾ ਹੈ ਅਤੇ ਆਮ ਕਰਕੇ ਉਸਨੂੰ ਸਫੇਦ ਚਾਦਰਾਂ ਵਿਚ ਵਲੇਟਿਆ ਨਹੀਂ ਜਾਂਦਾ।

ਆਮ ਗੁਰਦਵਾਰਿਆਂ ਅਤੇ ਧਾਰਮਿਕ ਅਸਥਾਨਾਂ ਤੇ ਕੀਰਤਨ ਉਪਰੰਤ ਆਨੰਦ ਸਾਹਿਬ ਦੀਆਂ 6 ਪਉੜੀਆਂ (ਪਹਿਲੀਆਂ ਪੰਜ ਤੇ ਇਕ ਆਖਰੀ) ਦਾ ਗਾਇਨ ਕਰਕੇ ਸੰਗਤਾਂ ਅਰਦਾਸੇ ਲਈ ਸੁਚੇਤ ਹੁੰਦੀਆਂ ਹਨ ਅਤੇ **'ਤੂ ਠਾਕੁਰ ਤੁਮ ਪਹਿ ਅਰਦਾਸਿ'** ਵਾਲੇ ਸ਼ਬਦ ਦਾ ਸਾਂਝਾ ਗਾਇਨ ਹੁੰਦਾ ਹੈ। ਅਰਦਾਸੇ ਮਗਰੋਂ

ਵੀ 'ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ' ਦੀਆਂ ਪੰਗਤੀਆਂ ਪੜ੍ਹ ਕੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਂਦਾ ਹੈ ਤੇ ਇਸ ਪਿੱਛੋਂ ਹੁਕਮਨਾਮਾ ਲਿਆ ਜਾਂਦਾ ਹੈ ਪਰ ਹਰਿਮੰਦਰ ਸਾਹਿਬ ਵਿਖੇ ਪਹਿਲੇ ਹੁਕਮਨਾਮਾ ਲਿਆ ਜਾਂਦਾ ਹੈ, ਕੁਝ ਚਿਰ ਲਈ ਗੁਰਬਾਣੀ ਦੇ ਇਕ ਦੋ ਸ਼ਬਦ ਹੋਰ ਗਾਇਨ ਕਰਨ ਉਪਰੰਤ ਆਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਗਾਇਨ ਕਰਨ ਉਪਰੰਤ ਅਰਦਾਸਾ ਕੀਤਾ ਜਾਂਦਾ ਹੈ। ਅਰਦਾਸੇ ਤੋਂ ਪਹਿਲੇ ਤੇ ਪਿੱਛੋਂ ਖੜ੍ਹ ਕੇ ਕੋਈ ਉਸਤਤੀ ਸ਼ਬਦ ਆਦਿ ਨਹੀਂ ਗਾਇਆ ਜਾਂਦਾ ਤੇ ਨਾ ਹੀ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਲਗਾਇਆ ਜਾਂਦਾ ਹੈ। ਇਹ ਪ੍ਰਥਾ ਆਮ ਗੁਰਧਾਮਾਂ ਤੋਂ ਹਟਵੀਂ ਹੈ। ਪਰ ਕਮਾਲ ਦੀ ਗੱਲ ਇਹ ਵੀ ਹੈ ਕਿ ਸਵੇਰੇ 7 ਵਜੇ ਦੇ ਕਰੀਬ ਜਦ ਦੂਜੀ ਵਾਰੀ ਉਹੀ ਹੁਕਮਨਾਮਾ ਲਿਆ ਜਾਂਦਾ ਹੈ ਤਾਂ ਉਸ ਤੋਂ ਪਹਿਲੇ ਆਮ ਗੁਰਧਾਮਾਂ ਵਾਲੀ ਪ੍ਰਚਲਤ ਮਰਿਆਦਾ ਅਨੁਸਾਰ ਪਹਿਲੇ ਅਰਦਾਸਾ ਕੀਤਾ ਜਾਂਦਾ ਹੈ ਤੇ ਉਸ ਤੋਂ ਮਗਰੋਂ ਹੀ ਹੁਕਮਨਾਮਾ ਲਿਆ ਜਾਂਦਾ ਹੈ। ਪਰ ਅਰਦਾਸ ਤੋਂ ਪਹਿਲੇ ਅਤੇ ਮਗਰੋਂ ਉਸਤਤੀ ਦੇ ਸ਼ਬਦ ਫਿਰ ਵੀ ਨਹੀਂ ਪੜ੍ਹੇ ਜਾਂਦੇ।

ਹਰਿਮੰਦਰ ਸਾਹਿਬ ਵਿਖੇ ਕਿਸੇ ਵੀ ਸੂਰਤ ਵਿਚ ਕੋਈ ਵਿਖਿਆਨ, ਕੋਈ ਲੈਕਚਰ, ਕੋਈ ਭਾਸ਼ਨ ਹਰਗਿਜ਼ ਹਰਗਿਜ਼ ਨਹੀਂ ਕੀਤਾ ਜਾ ਸਕਦਾ। ਹੁਣ ਤਾਂ ਹੁਕਮਨਾਮੇ ਦੀ ਵਿਆਖਿਆ ਵੀ ਇਥੇ ਨਹੀਂ ਕੀਤੀ ਜਾਂਦੀ। ਕਈ ਸਦੀਆਂ ਤੋਂ ਬਦਸਤੂਰ ਉਕਤ ਮਰਿਆਦਾ ਨੂੰ ਅਪਣਾਇਆ ਜਾ ਰਿਹਾ ਹੈ ਪਰ ਬਾਕੀ ਗੁਰਧਾਮਾਂ ਤੇ ਧਾਰਮਿਕ ਅਤੇ ਰਾਜਨੀਤਕ ਗਤੀ-ਵਿਧੀਆਂ ਇਕੱਠੀਆਂ ਤੋਰੀਆਂ ਜਾਂਦੀਆਂ ਹਨ।

ਹਰਿਮੰਦਰ ਹਰ ਪ੍ਰਕਾਰ ਦੀ ਰਾਜਨੀਤੀ ਤੋਂ ਉੱਪਰ ਤੇ ਪਾਕ ਹੈ। ਇੱਥੇ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਸੋਹਲੇ ਹੀ ਗਾਏ ਜਾਂਦੇ ਹਨ। ਦੁਨੀਆ ਵਿਚ ਕੁਝ ਵੀ ਚੰਗਾ ਮਾੜਾ ਕਿਉਂ ਨਾ ਵਾਪਰਿਆ ਹੋਇਆ ਹੋਵੇ, ਹਰਿਮੰਦਰ ਸਾਹਿਬ ਦੀ ਮਰਿਆਦਾ ਅਤੇ ਨਿਤਾ ਪਰਤੀ ਦੇ ਕਰਮ ਤੇ ਉਸ ਦਾ ਕੋਈ ਅਸਰ ਨਹੀਂ ਹੁੰਦਾ। ਕੌਮ ਦੁਖ ਵਿਚ ਹੋਵੇ ਜਾਂ ਸੁਖ ਵਿਚ, ਹਰਿਮੰਦਰ ਸਾਹਿਬ ਦੀ ਕਿਰਿਆ ਵਿਚ ਇਸ ਕਰਕੇ ਕੋਈ ਫਰਕ ਨਹੀਂ ਪੈਂਦਾ। ਨੀਲਾ ਤਾਰਾ ਅਤੇ ਬਲੈਕ ਥੰਡਰ ਓਪਰੇਸ਼ਨਾਂ ਦੇ ਕੁਝ ਦੁਖਦਾਈ ਦਿਨਾਂ ਤੋਂ ਇਲਾਵਾ ਇਸ ਅਸਥਾਨ ਤੇ ਸਾਰੀ ਮਰਿਆਦਾ ਹਰ ਹਾਲਤ ਵਿਚ ਪੂਰੀ ਤਰ੍ਹਾਂ ਪੂਰੇ ਸਤਿਕਾਰ ਤੇ ਸ਼ਰਧਾ ਨਾਲ ਕਾਫੀ ਲੰਮੇ ਅਰਸੇ ਤੋਂ ਨਿਰਵਿਘਨ ਨਿਭਾਈ ਜਾ ਰਹੀ ਹੈ। ਸਰਦੀ, ਗਰਮੀ, ਬਾਰਸ਼, ਹਨੇਰੀ, ਝਖੜ ਤੇ ਵਾਵਰੋਲਿਆਂ ਦੇ ਪ੍ਰਭਾਵਾਂ ਤੋਂ ਇਹ ਮਰਿਆਦਾ ਅਭਿਜ ਹੈ। ਹਰ ਕਾਰਜ ਨਿਸਚਤ ਸਮੇਂ ਤੇ ਹੀ ਹੋਣਾ ਹੈ ਅਤੇ ਉਸ ਵਿਚ ਕਿਸੇ ਪ੍ਰਕਾਰ ਦੀ ਢਿਲ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਕਿਸਮ ਦੀ ਮਰਿਆਦਾ ਤੇ ਪੂਰੀ ਤਨਦੇਹੀ ਨਾਲ ਅਮਲ ਕਰਨਾਂ ਹਰਿਮੰਦਰ ਸਾਹਿਬ ਦੇ ਹੀ ਹਿਸੇ ਆਇਆ ਹੈ। ਸੰਗਤ ਵੀ ਹਰਿਮੰਦਰ ਸਾਹਿਬ ਵਿਚ ਜਾ ਕੇ ਕੇਵਲ ਇਕ ਮੂਕ ਸਰੋਤਾ ਬਣ

ਜਾਂਦੀ ਹੈ ਜਿਸ ਦੀ ਰਸਨਾ ਬੰਦ ਤੇ ਕੰਨ ਖੁਲ੍ਹ ਜਾਂਦੇ ਹਨ। ਕੀਰਤਨ ਦਾ ਆਨੰਦ ਮਾਣਦੀ ਇਹ ਸੁਹਿਰਦ ਸੰਗਤ ਹਰਿਮੰਦਰ ਦੀਆਂ ਸਦੀਵੀ ਖੂਬੀਆਂ ਦਾ ਇਕ ਅਨਿਖੜਵਾਂ ਹਿੱਸਾ ਬਣੀ ਸ਼ਰਧਾ, ਸਤਿਕਾਰ ਤੇ ਪਿਆਰ ਦੇ ਵਾਤਾਵਰਨ ਵਿਚ ਆਪਣੇ ਆਪਣੇ ਹਿਰਦਿਆਂ ਵਿਚ 'ਵਾਹਿਗੁਰੂ', 'ਵਾਹਿਗੁਰੂ' ਦੇ ਸ਼ਬਦਾਂ ਨੂੰ ਸੁੱਚੇ ਮੋਤੀਆਂ ਦੀ ਮਾਲਾ ਵਿਚ ਪਰੋਂਦੀ ਹੋਈ ਹਰਿਮੰਦਰ ਦੇ ਨੂਰਾਨੀ ਹੁਸਨ ਨੂੰ ਹੋਰ ਸ਼ੋਭਨੀਕ ਬਣਾਉਣ ਵਿਚ ਪੇਸ਼ ਪੇਸ਼ ਰਹਿੰਦੀ ਹੈ। ਸੱਚੀ ਭਾਵਨਾ ਤੇ ਸੁੱਚੀ ਲਗਨ ਨਾਲ ਇਹ ਅਮਲ ਚਲਦਾ ਹੀ ਜਾ ਰਿਹਾ ਹੈ ਤੇ ਗੁਰੂ ਕਿਰਪਾ ਸਦਕਾ ਚਲਦਾ ਹੀ ਰਹੇਗਾ।

ਆਮ ਗੁਰਧਾਮਾਂ ਵਿਖੇ ਕੋਈ ਵੀ ਸ਼ਰਧਾਲੂ ਗੁਰੂ ਮਹਾਰਾਜ ਦੀ ਤਾਬਿਆ ਵਿੱਚ ਬੈਠ ਸਕਦਾ ਹੈ, ਹੁਕਮਨਾਮਾ ਵੀ ਲੈ ਸਕਦਾ ਹੈ ਪਰ ਹਰਿਮੰਦਰ ਸਾਹਿਬ ਵਿਖੇ ਕੇਵਲ ਨਿਸ਼ਚਤ ਗ੍ਰੰਥੀ ਹੀ ਇਹ ਸੇਵਾ ਨਿਭਾਅ ਸਕਦੇ ਹਨ, ਹੋਰ ਕੋਈ ਤਾਬਿਆ ਵਿਚ ਨਹੀਂ ਬੈਠ ਸਕਦਾ।

ਹਰਿਮੰਦਰ ਦੀ ਬਣਤਰ ਤੇ ਦਿਖ ਆਮ ਮੰਦਰਾਂ ਤੇ ਧਾਰਮਿਕ ਅਸਥਾਨਾਂ ਤੋਂ ਬਿਲਕੁਲ ਨਿਆਰੀ ਹੈ। ਜੇ ਮੀਰੀ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਉਚੇ ਅਸਥਾਨ ਤੇ ਸਥਿਤ ਹੈ ਤਾਂ ਪੀਰੀ, ਹਲੀਮੀ ਤੇ ਨਿਮਰਤਾ ਦਾ ਸਰਚਸ਼ਮਾ ਹਰਿਮੰਦਰ ਸਾਹਿਬ ਨੀਵੀਂ ਥਾਂ ਤੇ ਸ਼ਸ਼ੋਭਤ ਹੈ। ਜੇ ਅਕਾਲ ਤਖਤ ਸ਼ਕਤੀ ਪ੍ਰਚੰਡ ਕਰਦਾ ਹੈ ਤਾਂ ਹਰਿਮੰਦਰ ਵਿਚ ਲਗੀ ਇਕ ਇਕ ਇੱਟ, ਸੰਗਮਰ ਦੀ ਹਰ ਇਕ ਸਲੈਬ, ਸੋਨੇ ਵਿਚ ਮੜ੍ਹਿਆ ਪ੍ਰਤੀ ਏਕ ਪਤਰਾ ਤੇ ਪੂੜਾ ਗੁਰਬਾਣੀ ਦੇ ਅਰਥਾਂ ਦੀ ਤਰਜਮਾਨੀ ਕਰਦਾ ਹੈ। ਹਰਿਮੰਦਰ ਦੀ ਮਰਿਆਦਾ ਦੇ ਖੁਲ੍ਹੇ-ਪੰਨ ਦਾ ਇਕ ਪ੍ਰਤਾਪੀ ਗੁਣ ਇਹ ਵੀ ਹੈ ਕਿ ਇਸ ਦੇ ਚਾਰੇ ਪਾਸੇ ਲਗੇ ਦਰਵਾਜ਼ਿਆਂ ਦੇ ਬਾਹਰ ਜੰਦਰੇ ਕੁੰਡੇ ਲਗਾਣ ਦੀ ਵਿਵਸਥਾ ਹੀ ਕੋਈ ਨਹੀਂ। ਇਸ ਲਈ ਇਹ ਦਰਬਾਰ ਬੰਦ ਹੋ ਹੀ ਨਹੀਂ ਸਕਦਾ, ਇਹ ਹਰ ਵਕਤ ਖੁੱਲ੍ਹਾ ਹੈ ਤੇ ਹਰ ਕਿਸੇ ਲਈ ਖੁੱਲ੍ਹਾ ਹੈ। ਇਹ ਵੀ ਇਸ ਦੀ ਇਕ ਗੌਰਵਮਈ ਵਿਲਖਣਤਾ ਹੈ।

ਹਰਿਮੰਦਰ ਦਾ ਸਰੂਪ ਮਾਨੋ ਤਿੰਨਾਂ ਲੋਕਾਂ ਵਿਚ ਪਸਰਿਆ ਹੋਇਆ ਹੈ। ਇਸ ਦੀਆਂ ਨੀਹਾਂ ਜਲ ਵਿਚ ਹਨ, ਪਰਕਾਸ਼ ਧਰਤੀ ਤੇ ਹੈ ਅਤੇ ਦਰਸ਼ਨ ਅਕਾਸ਼ ਵਿਚੋਂ ਚਮਕਦੇ ਹਨ। ਜੇ ਗਗਨਾਂ ਵਿਚ ਇਸ ਦੀ ਸੁਨਹਿਰੀ ਸ਼ਾਨ ਤੇਜਮਾਨ ਹੈ ਤਾਂ ਧਰਤੀ ਤੇ ਸ਼ਾਂਤੀ ਦਾ ਸੁਨੇਹਾ ਦੇਂਦਾ ਸਫ਼ੇਦ ਰੰਗ ਹਰ ਕਿਸੇ ਨੂੰ ਸੁਖਾਵਾਂ ਹੁਲਾਰਾ ਬਖਸ਼ਦਾ ਹੈ ਅਤੇ ਜਲ ਵਿੱਚ ਸਦਾ ਡੁੱਬਿਆ ਭਾਗ ਜਾਨ ਹੂਲ ਕੇ ਤੇ ਗੁਮਨਾਮ ਰਹਿ ਕੇ ਨਿਸ਼ਕਾਮ ਸੇਵਾ ਦੀ ਅਮਲੀ ਗਵਾਹੀ ਭਰਦਾ ਹੈ। ਕਮਾਲ ਹੈ ਹਰਿਮੰਦਰ ਦੀ ਸਿਰਜਨਾ। ਸਦਕੇ ਜਾਈਏ ਇਸ ਦੀ ਅਤੀ ਵਿਲਖਣ ਮਰਿਆਦਾ ਤੇ ਮਨਮੋਹਣੀ ਸਿਰਜਨਾ ਵਿਉਂਤ ਤੋਂ।

ਕਹਾਂ ਬੁਧ ਪ੍ਰਭ ਤੁਛ ਹਮਾਰੀ॥
ਬਰਨਿ ਸਕੈ ਮਹਿਮਾ ਜੁ ਤਿਹਾਰੀ॥

.10.

ਹਰਿਮੰਦਰ ਵਿੱਚ ਕੀਤੀ ਅਰਦਾਸ: ਇੱਕ ਅਧਿਆਤਮਕ ਕ੍ਰਿਸ਼ਮਾ

ਪਿਛਲੀ ਸਦੀ ਦੇ ਪਹਿਲੇ ਦਹਾਕਿਆਂ ਦੀ ਗੱਲ ਹੈ, ਗਰਮੀਆਂ ਦਾ ਮੌਸਮ ਪੂਰੇ ਜੋਬਨ ਤੇ ਸੀ। ਹਾੜ ਦਾ ਸਾਰਾ ਮਹੀਨਾ ਇਤਨਾ ਤਪਦਾ ਰਿਹਾ ਕਿ ਧੁਪ ਦੇਖ ਕੇ ਕਾਂ ਦੀ ਅੱਖ ਨਿਕਲਦੀ ਸੀ। ਸਾਵਣ ਵੀ ਲੰਘ ਗਿਆ ਪਰ ਇੰਦਰ ਦੇਵਤਾ ਵਰਖਾ ਪਾਉਣ ਦੀ ਆਪਣੀ ਡਿਊਟੀ ਤੋਂ ਬੇਖਬਰ ਰਿਹਾ। ਲੋਕੀ ਸਖਤ ਗਰਮੀ ਅਤੇ ਪਾਣੀ ਦੀ ਭਾਰੀ ਕਿੱਲਤ ਤੋਂ ਦੁਖੀ ਹੋਏ ਹੋਏ ਅਤਿਅੰਤ ਪ੍ਰੇਸ਼ਾਨ ਸਨ ਪਰ ਬਾਰਸ਼ ਨਹੀਂ ਸੀ ਹੋ ਰਹੀ। ਸੋਕੇ ਦਾ ਪ੍ਰਭਾਵ ਵਧਦਾ ਜਾ ਰਿਹਾ ਸੀ ਜਿਸ ਤੋਂ ਹਰ ਕਿਸੇ ਨੂੰ ਡੂੰਘੀ ਚਿੰਤਾ ਹੋਣੀ ਸੁਭਾਵਕ ਸੀ ਕਿਉਂਕਿ ਹਰ ਪ੍ਰਕਾਰ ਦੇ ਜੀਵਨ ਦਾ ਨਿਰਬਾਹ ਬਾਰਸ਼ੀ ਪਾਣੀ ਨਾਲ ਹੀ ਬੱਝਿਆ ਪਿਆ ਸੀ। ਬਾਰਸ਼ ਦੀ ਆਸ ਆਸ ਵਿਚ ਅਧਾ ਭਾਦੋਂ ਵੀ ਬੀਤ ਗਿਆ। ਪੰਜਾਬ ਵਾਸੀਆਂ ਨੂੰ ਆਪਣੀ ਕਿਰਸਾਣੀ ਦਾ ਭਵਿੱਖ ਵੀ ਕਾਲਾ ਸਿਆਹ ਦਿਸਣ ਲਗ ਪਿਆ। ਅਜਿਹੀ ਸਥਿਤੀ ਤੇ ਮੰਦਹਾਲੀ ਦੀ ਹਾਲਤ ਵਿਚ ਅੰਮ੍ਰਿਤਸਰ ਦੀਆਂ ਸੰਗਤਾਂ ਦੇ ਮਨ ਵਿਚ ਆਇਆ ਕਿ ਹਰਿਮੰਦਰ ਸਾਹਿਬ ਚਲ ਕੇ ਸੰਗਤ ਰੂਪ ਵਿਚ ਅਰਦਾਸ ਕਰੀਏ ਕਿ ਸਤਿਗੁਰੂ ਜੀ ਮੀਂਹ ਦੀ ਮਿਹਰ ਕਰੋ ਤਾਂ ਕਿ ਲੁਕਾਈ ਬਚ ਸਕੇ। ਕਾਫੀ ਸੰਗਤ ਦਰਬਾਰ ਸਾਹਿਬ ਆ ਗਈ। ਉਸ ਸਮੇਂ ਰਾਗੀ ਭਾਈ ਸਾਈਂ ਦਿਤਾ ਜੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਚੌਕੀ ਭਰਨ ਜਾ ਰਹੇ ਸਨ। ਸੰਗਤਾਂ ਨੇ ਹਿੰਮਤ ਕਰਕੇ ਉਨ੍ਹਾਂ ਨੂੰ ਦਰਸ਼ਨੀ ਡਿਉਡੀ ਤੋਂ ਲੰਘਦੇ ਸਾਰ ਹੀ ਪੁਲ ਤੇ ਰੋਕ ਲਿਆ ਅਤੇ ਬੇਨਤੀ ਕੀਤੀ ਕਿ ਉਹ ਅਕਾਲਪੁਰਖ ਅੱਗੇ ਕੀਰਤਨ ਰੂਪ ਵਿਚ ਅਰਜੋਈ ਕਰਨ ਕਿ ਮਨੁੱਖ ਜਾਤੀ ਦੇ ਗੁਣ ਔਗਣ ਚਿਤਾਰੇ ਬਿਨਾਂ ਬਾਰਸ਼ ਦੀ ਮਿਹਰ ਕਰਕੇ ਸਭ ਨੂੰ ਨਿਹਾਲ ਕਰ ਦੇਣ। ਧੁਪ ਚੜ੍ਹੀ ਹੋਈ ਸੀ, ਗਰਮੀ ਬਹੁਤ ਸੀ ਤੇ ਅਸਮਾਨ ਬਿਲਕੁਲ ਸਾਫ ਸੀ। ਭਾਈ ਸਾਈਂ ਦਿਤਾ ਜੀ ਨੇ ਸੰਗਤਾਂ ਦੀ ਵੇਦਨਾ ਸੁਣੀ ਤੇ ਹੱਥ ਜੋੜ ਕੇ ਕਹਿਣ ਲਗੇ ਕਿ ਮੈਂ ਤਾਂ ਗੁਰੂ ਘਰ ਦਾ ਕੂਕਰ ਹਾਂ ਪਰ ਸੰਗਤ ਬਹੁਤ ਮਹਾਨ ਹੈ, ਸਰਬ ਸਮਰਥ ਹੈ, ਇਸ ਲਈ ਆਓ ਆਪਾਂ ਸਾਰੇ ਕੀਰਤਨ ਰੂਪ ਵਿਚ ਮਾਲਕ ਸੁਆਮੀ ਨੂੰ ਇਲਾਹੀ ਬਾਣੀ ਦੇ ਸ਼ਬਦਾਂ ਦੁਆਰਾ ਅਰਜੋਈ ਕਰਦੇ ਹਾਂ, ਵਾਹਿਗੁਰੂ ਜ਼ਰੂਰ ਮਿਹਰ ਕਰਨਗੇ।

ਸਾਰੀ ਸੰਗਤ ਉਨ੍ਹਾਂ ਨਾਲ ਦਰਬਾਰ ਸਾਹਿਬ ਵਿਚ ਚਲੀ ਗਈ ਤੇ ਸ਼ਰਧਾ ਨਾਲ ਮੱਥਾ ਟੇਕ ਕੇ ਕੀਰਤਨ ਸੁਣਨ ਲਈ ਬੈਠ ਗਈ। ਭਾਈ ਸਾਈਂ ਦਿੱਤਾ ਜੀ ਨੇ ਵਾਜੇ ਤੇ ਸਿਰ ਸੁੱਟ ਕੇ ਪਤਾ ਨਹੀਂ ਕਿਤਨੇ ਮਿੰਟ ਅਕਾਲਪੁਰਖ

ਅੱਗੇ ਅਰਦਾਸਾਂ ਕੀਤੀਆਂ ਤੇ ਫਿਰ ਅੱਖਾਂ ਮੁੰਦ ਕੇ ਕੀਰਤਨ ਕਰਨ ਵਿਚ ਜੁੜ ਗਏ। ਕੀਰਤਨ ਦੀ ਮੁਖ ਮੁਦਰਾ ਬੇਨਤੀ ਅਤੇ ਅਰਜੋਈ ਹੀ ਰਹੀ। ਭਾਈ ਸਾਈਂ ਦਿੱਤਾ ਜੀ, ਉਨ੍ਹਾਂ ਦੇ ਸਪੁੱਤਰ ਭਾਈ ਦੇਸਾ ਜੀ ਅਤੇ ਭਾਈ ਸੰਤਾ ਜੀ ਵੀ ਪੂਰੇ ਵਜਦ ਵਿਚ ਆ ਕੇ ਆਪਣੇ ਪਿਤਾ ਨਾਲ ਉਚੀ ਉਚੀ ਕੀਰਤਨ ਕਰ ਰਹੇ ਸਨ। ਉਨ੍ਹਾਂ ਦੇ ਸਰੀਰ ਪਸੀਨੇ ਨਾਲ ਗਚੋਗਚ ਹੋ ਗਏ ਪਰ ਉਹ ਇਕ ਤੋਂ ਬਾਅਦ ਦੂਜਾ ਤੇ ਦੂਜੇ ਤੋਂ ਮਗਰੋਂ ਤੀਜਾ ਬੇਨਤੀ ਦਾ ਸ਼ਬਦ ਲਗਾ ਕੇ ਅਕਾਲਪੁਰਖ ਦੀ ਅਰਾਧਨਾ ਵਿਚ ਜੁਟੇ ਰਹੇ। ਉਨ੍ਹਾਂ ਨੂੰ ਭੁਲ ਗਿਆ ਕਿ ਉਨ੍ਹਾਂ ਨੇ ਕਿਤਨੀ ਦੇਰ ਤਕ ਕੀਰਤਨ ਕਰਨਾ ਹੈ, ਬਸ ਉਨ੍ਹਾਂ ਦੀ ਤਾਂ ਕੀਰਤਨ ਦੁਆਰਾ ਆਪਣੇ ਸਵਾਮੀ ਨੂੰ ਰਿਝਾਉਣ ਦੀ ਲਿਵ ਲਗੀ ਹੋਈ ਸੀ। ਸੰਗਤ ਵੀ ਨੇਤਰ ਮੁੰਦ ਕੇ ਕੀਰਤਨ ਵਿੱਚ ਗੜੂੰਦ ਹੋ ਗਈ। ਕੁਝ ਸਮੇਂ ਮਗਰੋਂ ਇਕ ਸਜਣ ਬਾਹਰੋਂ ਆਇਆ ਤੇ ਉਸ ਨੇ ਸੰਗਤ ਵਿਚੋਂ ਕਿਸੇ ਇਕ ਦੇ ਕੰਨ ਵਿਚ ਹੌਲੀ ਜਹੀ ਕਿਹਾ ਕਿ ਬਾਹਰ ਆਸਮਾਨ ਵਿਚ ਕੁਝ ਬਦਲ ਦਖਾਈ ਦੇਣ ਲਗ ਪਏ ਹਨ। ਕੀਰਤਨ ਜਾਰੀ ਰਿਹਾ, ਕੁਝ ਸਮਾਂ ਹੋਰ ਬੀਤਣ ਮਗਰੋਂ ਬੱਦਲ ਸੰਘਣੇ ਹੋ ਗਏ ਤੇ ਬੱਦਲਾਂ ਨੇ ਸਭ ਪਾਸੇ ਛਾਂ ਜਹੀ ਕਰ ਦਿੱਤੀ। ਸੰਗਤ ਇਹ ਦੇਖ ਕੇ ਵਿਸਮਾਦ ਵਿਚ ਆ ਗਈ ਤੇ ਕੀਰਤਨੀਏ ਸਿੰਘ ਕੀਰਤਨ ਕਰਨ ਵਿਚ ਲੀਨ ਰਹੇ। ਹੋਰ ਥੋੜ੍ਹੀ ਦੇਰ ਬੀਤਣ ਤੇ ਮੀਂਹ ਪੈਣਾ ਆਰੰਭ ਹੋ ਗਿਆ ਤੇ ਪਲਾਂ ਪਲਾਂ ਵਿਚ ਠੰਡੀ ਠੰਡੀ ਹਵਾ ਹਰਿਮੰਦਰ ਸਾਹਿਬ ਵਿਚ ਦਾਖਲ ਹੋ ਕੇ ਕੀਰਤਨ ਦੁਆਰਾ ਬੇਨਤੀ ਵਿਚ ਜੁਟੀ ਹੋਈ ਸੰਗਤ ਨੂੰ ਖੇੜੇ ਭਰਿਆ ਸੁਨੇਹਾ ਦੇ ਗਈ। ਫਿਰ ਕੀ ਸੀ ਸਭ ਪਾਸੇ ਧੰਨ ਗੁਰੂ ਰਾਮਦਾਸ, ਧੰਨ ਗੁਰੂ ਗ੍ਰੰਥ ਸਾਹਿਬ ਦੇ ਸ਼ਰਧਾਮਈ ਬੋਲ ਸੁਣੇ ਜਾਣ ਲਗ ਪਏ। ਬੜੀ ਬਾਰਸ਼ ਹੋਈ, ਜਲ ਥਲ ਹੋ ਗਿਆ। ਸੋਕਾ ਤੇ ਗਰਮੀ ਖੰਭ ਲਾ ਕੇ ਉਡ ਪੁਡ ਗਏ। ਸਭ ਪਾਸੇ ਖੁਸ਼ੀ ਦਾ ਮਾਹੌਲ ਪਸਰ ਗਿਆ। ਸੰਗਤਾਂ ਦੇ ਹਿਰਦਿਆਂ ਵਿਚ ਗੁਰਬਾਣੀ ਅਤੇ ਹਰਿਮੰਦਰ ਸਾਹਿਬ ਪ੍ਰਤੀ ਸਤਿਕਾਰ ਦੀ ਭਾਵਨਾ ਹੋਰ ਪਰਬਲ ਹੋ ਗਈ। 'ਬਿਰਥੀ ਕਦੇ ਨ ਹੋਈ ਜਨ ਕੀ ਅਰਦਾਸਿ' ਦੇ ਅਰਥ ਬਿਲਕੁਲ ਸਪੱਸ਼ਟ ਹੋ ਗਏ। 'ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ' ਦੀ ਭਾਵਨਾ ਪ੍ਰਤਖ ਹੋ ਗਈ। ਸਿਦਕ ਨਾਲ ਕੀਤੀ ਕੀਰਤਨੀਆਂ ਦੀ ਬੇਨਤੀ ਫਲੀਭੂਤ ਹੋਈ। ਨਿਸਚੇਵਾਨਾਂ ਦਾ ਨਿਸਚਾ ਹੋਰ ਪ੍ਰਪੱਕ ਹੋਇਆ, ਕਚੇ ਪਿਲੇ ਵੀ ਪ੍ਰਭੂ ਪ੍ਰੇਮ ਨਾਲ ਭਰ ਗਏ। ਹਰ ਕਿਸੇ ਨੂੰ ਇਹ ਅਹਿਸਾਸ ਹੋਣ ਲਗ ਪਿਆ ਕਿ ਹਰਿਮੰਦਰ ਨਾਲ ਸਚੇ ਦਿਲੋਂ ਪਾਈ ਸਾਂਝ ਅਗੰਮੀ ਸ਼ਕਤੀ ਦੇ ਰਾਹ ਦਰਸਾਉਂਦੀ ਹੈ ਅਤੇ ਨਵੀਂ ਲਗਨ ਤੇ ਭਰਪੂਰ ਅਪਣੱਤ ਦੇ ਦਰ ਮੋਕਲੇ ਹੁੰਦੇ ਹਨ, ਰੂਹਾਨੀ ਸਚ ਨਾਲ ਪ੍ਰੀਤ ਪੈਂਦੀ ਹੈ ਅਤੇ ਮਨੁੱਖ ਵਿਚ ਉਹ ਸਾਰੀਆਂ ਸ਼ਕਤੀਆਂ ਦਾ ਅਸਰ ਮਹਿਸੂਸ ਹੋਣ ਲਗ ਪੈਂਦਾ ਹੈ ਜੋ ਇਸ ਵਡਭਾਗੇ ਰੱਬੀ

ਅਸਥਾਨ ਵਿਚ ਮੌਜੂਦ ਹਨ। ਅਸਲੀਅਤ ਤਾਂ ਇਹ ਹੈ ਕਿ ਹਰਿਮੰਦਰ, ਮਨੁੱਖ ਸਮਾਜ ਲਈ ਕਾਮਧੇਨ ਗਊ ਹੈ, ਕਲਪ ਬਰਿਛ ਹੈ ਜੋ ਹਰ ਕਿਸੇ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦਾ ਹੈ। ਇਸ ਦਰ ਤੇ ਨਿਸਚੇ ਨਾਲ ਕੀਤੀ ਅਰਦਾਸ ਜ਼ਰੂਰ ਪੂਰੀ ਹੁੰਦੀ ਹੈ ਤੇ ਮੁਰਾਦਾਂ ਬਰ ਆਵੰਦੀਆਂ ਹਨ। ਹਰ ਕਿਸੇ ਦੀਆਂ ਝੋਲੀਆਂ ਖੈਰਾਂ ਨਾਲ ਭਰ ਜਾਂਦੀਆਂ ਹਨ। ਇੱਕ ਅਗੰਮੀ ਖੇਡ ਅਕਾਲਪੁਰਖ ਵਲੋਂ ਹਰ ਸਮੇਂ ਇੱਥੇ ਖੇਡੀ ਜਾ ਰਹੀ ਹੈ ਜਿਸ ਤੋਂ ਹਰ ਕੋਈ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਦਾ। ਜੇ ਹਰਿਮੰਦਰ ਤੋਂ ਮਿਲਦੇ ਵਰਦਾਨਾਂ ਦਾ ਕੁਝ ਵਿਸਥਾਰ ਪੂਰਵਕ ਵੇਰਵਾ ਦੇਣਾ ਹੋਵੇ ਤਾਂ ਹਰ ਹਿਰਦਾ ਇਸਦੇ ਸਤਿਕਾਰ ਵਿਚ ਆਪਣੀ ਹੱਡ ਬੀਤੀ ਸੁਣਾ ਕੇ ਦੂਜਿਆਂ ਨੂੰ ਅਸਚਰਜ ਕਰ ਸਕਦਾ ਹੈ। ਹਰਿਮੰਦਰ ਵਿਚ ਆ ਕੇ ਨੇਕ ਮੁਰਾਦਾਂ ਮੰਗਣ ਵਾਲੇ ਨੂੰ ਹਰਿਮੰਦਰ ਨੇ ਕਦੇ ਨਿਰਾਸ਼ ਨਹੀਂ ਮੋੜਿਆ। ਇਹ ਹਰਿਮੰਦਰ ਦਾ ਬਿਰਦ ਹੈ ਕਿ :

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ। ਅੰਗ-544

ਕੀ ਸਾਡੀ ਖੁਸ਼ਕਿਸਮਤੀ ਨਹੀਂ ਕਿ ਅਸੀਂ ਇਸ ਮਹਾਨ ਅਸਥਾਨ ਨਾਲ ਸਰੀਰਕ, ਮਾਨਸਕ ਤੇ ਆਤਮਿਕ ਰੂਪ ਵਿਚ ਕਈ ਸਦੀਆਂ ਤੋਂ ਜੁੜੇ ਹੋਏ ਹਾਂ? ਇਹ ਸਾਡੇ ਚੰਗੇ ਭਾਗਾਂ ਦੀ ਨਿਸ਼ਾਨੀ ਹੈ। ਇਸ ਪਵਿੱਤਰ ਅਸਥਾਨ ਨੇ ਹਰ ਕਿਸੇ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਹਭਾ ਕੁਝ ਦਿੱਤਾ ਹੈ ਤੇ ਨਿਰੰਤਰ ਦੇ ਰਿਹਾ ਹੈ। ਇਹ ਵਾਹਿਗੁਰੂ ਦਾ ਘਰ ਹੈ ਜੋ ਸਾਡਾ ਸਾਰਿਆਂ ਦਾ ਮਾਂ ਪਿਉ ਹੈ। ਮਾਪਿਆਂ ਦੇ ਘਰੋਂ ਬੱਚੇ ਦਾਈਏ ਨਾਲ ਵੀ ਲੈਂਦੇ ਹਨ, ਮੰਗ ਕੇ ਵੀ ਲੈਂਦੇ ਹਨ ਤੇ ਪਿਆਰ ਨਾਲ ਵੀ ਲੈਂਦੇ ਹਨ। ਹਰਿਮੰਦਰ ਸਾਹਿਬ ਵੀ ਸਾਨੂੰ ਇਵੇਂ ਹੀ ਦੇਂਦਾ ਹੈ। ਉੱਥੇ ਜਾਣ ਨਾਲ ਸਰੀਰ ਨੂੰ ਸੁਖ, ਮਨ ਨੂੰ ਸ਼ਾਂਤੀ ਤੇ ਆਤਮਾ ਨੂੰ ਤਰਿਪਤੀ ਮਿਲਦੀ ਹੈ। ਇਤਨੀਆਂ ਦੁਰਲਭ ਚੀਜ਼ਾਂ ਹੋਰ ਕਿਥੇ ਮਿਲਦੀਆਂ ਹਨ? ਇਸ ਲਈ ਆਓ ਹਰਿਮੰਦਰ ਤੇ ਉਸ ਦੀ ਭਾਵਨਾ ਨਾਲ ਜੁੜੀਏ ਤੇ ਜੀਵਨ ਨੂੰ ਅਲੌਕਿਕ ਰੰਗ ਨਾਲ ਰੰਗ ਲਈਏ ਅਤੇ ਫਿਰ ਇਹ ਹਰਿਮੰਦਰ ਸਾਡੇ ਹਿਰਦਿਆਂ ਵਿਚ ਵਾਸ ਕਰੇਗਾ, ਸਾਨੂੰ ਹਰ ਸਮੇਂ ਅਗਵਾਈ ਬਖਸ਼ੇਗਾ।

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ॥
ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ॥ ਅੰਗ-1346

ਜਿੱਥੇ ਤਕ ਹਰਿਮੰਦਰ ਸਾਹਿਬ ਵਿੱਚ ਰੋਜ਼ਾਨਾ ਕੀਤੀਆਂ ਜਾਣ ਵਾਲੀਆਂ ਅਰਦਾਸਾਂ ਦਾ ਸਬੰਧ ਹੈ ਉਨ੍ਹਾਂ ਦਾ ਸੰਖੇਪ ਵੇਰਵਾ ਨਿਮਨ ਅਨੁਸਾਰ ਹੈ:

(1) ਪਹਿਲੇ ਹੁਕਮਨਾਮੇ ਤੋਂ ਕੁਝ ਮਿੰਟਾਂ ਮਗਰੋਂ ਆਨੰਦ ਸਾਹਿਬ ਦੀਆਂ 6 ਪਉੜੀਆਂ ਪੜ੍ਹਨ ਉਪਰੰਤ ਪਹਿਲੀ ਅਰਦਾਸ ਹੁੰਦੀ ਹੈ ਅਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

(2) 'ਆਸਾ ਕੀ ਵਾਰ' ਦੇ ਭੋਗ ਉਪਰੰਤ ਦੂਜੀ ਅਰਦਾਸ ਹੁੰਦੀ ਹੈ ਅਤੇ ਇਸ ਸਮੇਂ ਅੰਮ੍ਰਿਤ ਵੇਲੇ ਵਾਲਾ ਹੁਕਮਨਾਮਾ ਹੀ ਪੜ੍ਹਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਹੁਕਮਨਾਮੇ ਜਾਂ ਮੁਖ ਵਾਕ ਨੂੰ ਆਵਾਜ਼ਾ ਕਿਹਾ ਜਾਂਦਾ ਸੀ।

(3) ਆਨੰਦ ਦੀ ਚੌਂਕੀ ਤੋਂ ਮਗਰੋਂ ਦੁਪਹਿਰੇ ਬਾਰਾਂ ਵਜੇ ਤੀਜੀ ਅਰਦਾਸ ਹੁੰਦੀ ਹੈ ਅਤੇ ਇਸ ਤੋਂ ਮਗਰੋਂ ਵੀ ਕੜ੍ਹਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

(4) ਤਿੰਨ ਵਜੇ, ਚੌਥੀ ਅਰਦਾਸ ਕੀਤੀ ਜਾਂਦੀ ਹੈ। ਇਹ ਚਰਨ ਕੰਵਲ ਦੀ ਚੌਂਕੀ ਦੀ ਅਰਦਾਸ ਅਖਵਾਉਂਦੀ ਹੈ।

(5) ਸੋਦਰੁ ਦੇ ਪਾਠ ਮਗਰੋਂ ਪੰਜਵੀਂ ਅਰਦਾਸ ਹੁੰਦੀ ਹੈ ਅਤੇ ਅਰਦਾਸ ਉਪਰੰਤ ਹੁਕਮਨਾਮਾ ਵੀ ਲਿਆ ਜਾਂਦਾ ਹੈ।

ਹਰਿਮੰਦਰ ਸਾਹਿਬ ਵਿਖੇ ਸਭ ਤੋਂ ਸੰਖੇਪ ਅਰਦਾਸ

(6) ਹਰਿਮੰਦਰ ਸਾਹਿਬ ਵਿਖੇ ਆਰਤੀ ਦੇ ਸ਼ਬਦਾਂ ਦਾ ਗਾਇਨ ਕਰਦਿਆਂ ਬਹੁਤ ਹੀ ਸੰਖੇਪ ਜਹੀ ਅਰਦਾਸ ਹੁੰਦੀ ਹੈ। ਅਰਦਾਸੀਆ ਸਿੰਘ ਖੜਾ ਹੋ ਕੇ ਅਰਦਾਸ ਰੂਪ ਵਿੱਚ ਕਹਿੰਦਾ ਹੈ ਕਿ 'ਸਤਿਗੁਰੂ ਸੱਚੇ ਪਾਤਸ਼ਾਹ ਜੀਓ, ਆਪ ਜੀ ਦੇ ਹਜ਼ੂਰ ਸ਼ਬਦ ਚੌਂਕੀ, ਆਰਤੀ ਸਾਹਿਬ ਜੀ ਕੀ ਅਰਦਾਸ ਹੈ ਜੀ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਅਤੇ ਮਗਰੋਂ ਫਤਿਹ ਬੁਲਾਈ ਜਾਂਦੀ ਹੈ। ਸਾਰੀ ਸੰਗਤ ਅਰਦਾਸ ਵੇਲੇ ਬੈਠੀ ਰਹਿੰਦੀ ਹੈ। ਹਰਿਮੰਦਰ ਸਾਹਿਬ ਵਿੱਚ ਇਹ ਸਭ ਤੋਂ ਸੰਖੇਪ ਸੰਗਤੀ ਰੂਪ ਵਿੱਚ ਕੀਤੀ ਜਾਂਦੀ ਰੋਜ਼ਾਨਾ ਅਰਦਾਸ ਹੈ ਜੋ 28, 29 ਸਕਿੰਟਾਂ ਵਿੱਚ ਸੰਪੰਨ ਹੋ ਜਾਂਦੀ ਹੈ।

(7) ਇਸ ਤੋਂ ਮਗਰੋਂ ਬਾਬਾ ਬੁੱਢਾ ਜੀ ਦੀ ਇਤਿਹਾਸਕ ਚੌਂਕੀ ਹਰਿਮੰਦਰ ਸਾਹਿਬ ਪੁਜਦੀ ਹੈ, ਕੁਝ ਸਮੇਂ ਲਈ ਇਸ ਚੌਂਕੀ ਦੀ ਕਾਰਵਾਈ ਅਤੇ ਅਰਦਾਸ ਕਰਕੇ ਕੀਰਤਨ ਰੁਕ ਜਾਂਦਾ ਹੈ। ਮਗਰੋਂ ਹਰਿਮੰਦਰ ਸਾਹਿਬ ਅੰਦਰ ਫਿਰ ਕੀਰਤਨ ਸ਼ੁਰੂ ਹੋ ਜਾਂਦਾ ਹੈ।

(8) ਕੀਰਤਨ ਸੋਹਲੇ ਦੇ ਪਾਠ ਦੀ ਸਮਾਪਤੀ ਮਗਰੋਂ ਗੁਰੂ ਸਾਹਿਬ ਦੇ ਸੁਖ ਅਸਥਾਨ ਤੇ ਉਨ੍ਹਾਂ ਨੂੰ ਕੋਠਾ ਸਾਹਿਬ ਵਿਖੇ ਲੈ ਜਾਉਣ ਤੋਂ ਪਹਿਲੇ ਹਰਿਮੰਦਰ ਸਾਹਿਬ ਵਿੱਚ ਉਸ ਦਿਨ ਦੀ ਅੰਤਲੀ ਅਰਦਾਸ ਕੀਤੀ ਜਾਂਦੀ ਹੈ।

ਦੋ ਹੋਰ ਵਿਸ਼ੇਸ਼ ਅਰਦਾਸਾਂ

ਉਕਤ ਦੱਸੀਆਂ ਰੋਜ਼ਾਨਾ ਅਰਦਾਸਾਂ ਤੋਂ ਇਲਾਵਾ ਮਾਘੀ ਵਾਲੇ ਦਿਨ ਰਾਗ ਬਸੰਤ ਪ੍ਰਾਰੰਭ ਕਰਨ ਲਈ ਹਰਿਮੰਦਰ ਸਾਹਿਬ ਵਿੱਚ ਕੀਰਤਨ ਰੋਕ ਕੇ ਵਿਸ਼ੇਸ਼ ਅਰਦਾਸ ਕੀਤੀ ਜਾਂਦੀ ਹੈ ਅਤੇ ਇਵੇਂ ਹੀ ਹੋਲੇ ਮਹਲੇ ਵਾਲੇ ਦਿਨ

ਇਸ ਰਾਗ ਦੀ ਸਮਾਪਤੀ ਦੀ ਵਿਸ਼ੇਸ਼ ਅਰਦਾਸ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਕ ਵਿਸ਼ੇਸ਼ ਅਰਦਾਸ ਉਸ ਸਮੇਂ ਵੀ ਕੀਤੀ ਜਾਂਦੀ ਹੈ ਜਦ ਕਿਸੇ ਨਵੇਂ ਗ੍ਰੰਥੀ ਸਿੰਘ ਨੂੰ ਪਹਿਲੀ ਵਾਰੀ ਹਰਿਮੰਦਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬਠਾਇਆ ਜਾਂਦਾ ਹੈ।

ਉਕਤ ਅਰਦਾਸਾਂ ਤੋਂ ਇਲਾਵਾ ਹੋਰ ਕਿਸੇ ਕਾਰਨ ਕਰਕੇ ਵਿਸ਼ੇਸ਼ ਅਰਦਾਸ ਹਰਿਮੰਦਰ ਸਾਹਿਬ ਵਿੱਚ ਨਹੀਂ ਕੀਤੀ ਜਾਂਦੀ। ਪੁਰਾਣੇ ਸਮਿਆਂ ਵਿੱਚ ਅਰਦਾਸੀਆ ਸਿੰਘ ਅਰਦਾਸ ਤੋਂ ਮਗਰੋਂ ਨਾਲ ਹੀ ਕਹਿੰਦਾ ਹੁੰਦਾ ਸੀ ਕਿ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਗ ਸਿੰਘ, ਮਹਾਰਾਜਾ ਸ਼ੇਰ ਸਿੰਘ, ਕੰਵਰ ਨੌ ਨਿਹਾਲ ਸਿੰਘ, ਪ੍ਰਤਾਪ ਸਿੰਘ ਦਾ ਸੱਚੇ ਪਾਤਸ਼ਾਹ ਆਪ ਜੀ ਦੇ ਚਰਨਾਂ ਵਿੱਚ ਵਾਸਾ ਰਹੇ। ਇੱਥੇ ਮਹਾਰਾਜਾ ਦਲੀਪ ਸਿੰਘ ਦਾ ਨਾਂ ਨਹੀਂ ਸੀ ਲਿਆ ਜਾਂਦਾ ਕਿਉਂਕਿ ਉਸਨੇ ਧਰਮ ਪਰਵਰਤਤ ਕਰ ਲਿਆ ਸੀ। ਮਗਰੋਂ ਸਿੱਖ ਰਿਆਸਤਾਂ ਦੇ ਮਹਾਰਾਜਿਆਂ ਦੇ ਵੀ ਨਾਂ ਅਰਦਾਸ ਵਿੱਚ ਲੈਣੇ ਸ਼ੁਰੂ ਹੋ ਗਏ ਅਤੇ ਇਵੇਂ ਅਰਦਾਸ ਬਹੁਤ ਲੰਮੀ ਹੋ ਗਈ ਜਿਸ ਕਰਕੇ ਪਿਛਲੀ ਸਦੀ ਦੇ ਅਠਵੇਂ ਦਹਾਕੇ ਵਿੱਚ ਇਹ ਸਾਰੇ ਨਾਂ ਲੈਣੇ ਬੰਦ ਕਰ ਦਿੱਤੇ ਗਏ ਅਤੇ ਅਰਦਾਸ ਸਰਬੱਤ ਦੇ ਭਲੇ ਤਕ ਹੀ ਕੀਤੀ ਜਾਣੀ ਨਿਸਚਤ ਹੋਈ ਜੋ ਹੁਣ ਵੀ ਉਵੇਂ ਹੀ ਹੋ ਰਹੀ ਹੈ।

ਜਦੋਂ ਕਿਸੇ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਹੋਵੇ, ਗੁਰਗੱਦੀ ਪੁਰਬ ਜਾਂ ਜੋਤੀ ਜੋਤ ਸਮਾਉਣ ਦਾ ਪੁਰਬ ਹੋਵੇ ਤਾਂ ਸਵੇਰ ਦੀਆਂ ਪਹਿਲੀਆਂ ਦੋ ਅਰਦਾਸਾਂ ਵਿੱਚ ਸਬੰਧਤ ਅਵਸਰਾਂ ਦਾ ਸੰਖੇਪ ਜਿਹਾ ਪਰ ਸ਼ਰਧਾਮਈ ਜ਼ਿਕਰ ਜ਼ਰੂਰ ਕਰਕੇ ਸਤਿਕਾਰ ਅਰਪਤ ਕੀਤਾ ਜਾਂਦਾ ਹੈ ਪਰ ਦੁਪਹਿਰ ਤੋਂ ਮਗਰੋਂ ਕੀਤੀਆਂ ਜਾਣ ਵਾਲੀਆਂ ਅਰਦਾਸਾਂ ਵਿੱਚ ਉਨ੍ਹਾਂ ਅਵਸਰਾਂ ਦਾ ਵਿਸ਼ੇਸ਼ ਵਰਨਣ ਨਹੀਂ ਕੀਤਾ ਜਾਂਦਾ। ਇਹ ਮਰਿਆਦਾ ਚਿਰਾਂ ਤੋਂ ਪ੍ਰਚਲਤ ਹੈ।

ਹਰ ਸ਼ਰਧਾਲੂ ਨੂੰ ਭਲੀ ਭਾਂਤ ਪਤਾ ਹੀ ਹੈ ਕਿ ਅਰਦਾਸ ਸੱਚੇ ਮਨ ਨਾਲ ਪ੍ਰਮਾਤਮਾ ਦੇ ਦਰਬਾਰ ਵਿੱਚ ਹਾਜ਼ਰੀ ਲਵਾਉਣ ਦੀ ਕਿਰਿਆ ਹੈ। ਵਿਸ਼ੇਸ਼ ਨਾਂ ਲੈ ਕੇ ਕੁਝ ਮੰਗਣ ਜਾਂ ਨਾ ਮੰਗਣ ਦਾ ਬਹੁਤਾ ਪ੍ਰਭਾਵ ਨਹੀਂ ਕਿਉਂਕਿ ਪ੍ਰਮਾਤਮਾ ਜਿਸ ਅੱਗੇ ਅਰਦਾਸ ਕੀਤੀ ਜਾਂਦੀ ਹੈ, ਉਹ ਘਟ ਘਟ ਦਾ ਜਾਣਨਹਾਰ ਹੈ, ਉਸ ਤੋਂ ਕੁਝ ਵੀ ਲੁਕਿਆ ਛੁਪਿਆ ਨਹੀਂ।

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥

ਅੰਗ-611

.II.

ਹਰਿਮੰਦਰ ਦਰਸ਼ਨਾਂ ਸਮੇਂ ਉਪਜਦੇ ਸੁੱਚੇ ਪ੍ਰਭਾਵ

ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਲਖਾਂ ਸ਼ਰਧਾਲੂ, ਯਾਤਰੂ ਤੇ ਸੈਲਾਨੀ ਦੁਨੀਆ ਦੇ ਕੋਨੇ ਕੋਨੇ ਤੋਂ ਹਰ ਰੋਜ਼ ਆਉਂਦੇ ਹਨ। ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤਕ ਯਾਤਰੂਆਂ ਦਾ ਤਾਂਤਾ ਲਗਾ ਰਹਿੰਦਾ ਹੈ। ਕੋਈ ਇਸ਼ਨਾਨ ਕਰ ਰਿਹਾ ਹੈ, ਕੋਈ ਪਰਕਰਮਾ ਕਰ ਰਿਹਾ ਹੈ। ਕੋਈ ਕੀਰਤਨ ਸਰਵਣ ਕਰ ਰਿਹਾ ਹੈ, ਕੋਈ ਪਵਿੱਤਰ ਪਰਕਰਮਾ ਦੇ ਕਿਸੇ ਕੋਨੇ ਵਿਚ ਬੈਠਾ ਆਪਣੇ ਢੰਗ ਨਾਲ ਰੱਬ ਨੂੰ ਯਾਦ ਕਰ ਰਿਹਾ ਹੈ। ਇਸੇ ਤਰ੍ਹਾਂ ਸੇਵਾ ਕਰਨ ਵਾਲੇ ਆਪਣੇ ਰੰਗ ਵਿਚ ਰੰਗੇ ਦਿਸਦੇ ਹਨ। ਉਨ੍ਹਾਂ ਦੇ ਮੂੰਹ ਵਿਚੋਂ ਇਕੋ ਸ਼ਬਦ ਸੁਣਨ ਨੂੰ ਮਿਲਦਾ ਹੈ ਤੇ ਉਹ ਹੈ 'ਵਾਹਿਗੁਰੂ'। ਵਾਹਿਗੁਰੂ ਦੇ ਘਰ ਵਿਚ ਇਸ ਤੋਂ ਇਲਾਵਾ ਹੋਰ ਕੁਝ ਵੀ ਬੋਲਿਆ ਸੁਣਿਆ ਝਖ ਮਾਰਨ ਦੀ ਗੱਲ ਹੈ। ਇਸ ਅਸਥਾਨ ਦਾ ਅਗੰਮੀ ਪ੍ਰਤਾਪ ਹੀ ਕੁਝ ਐਸਾ ਹੈ ਕਿ ਇੱਥੇ ਆ ਕੇ ਇਕਾਗਰਤਾ ਆਪਣੇ ਆਪ ਜੀਵਨ ਦੀ ਵਾਗ ਡੋਰ ਸੰਭਾਲ ਲੈਂਦੀ ਹੈ। ਬੇਲੋੜੀ ਤੇ ਦੁਨਿਆਵੀ ਵਾਰਤਾਲਾਪ ਠੰਡੀ ਪੈ ਜਾਂਦੀ ਹੈ ਤੇ ਜਦ ਕੋਈ ਵਿਅਕਤੀ ਆਪਣੀ ਜ਼ੁਬਾਨ ਖੋਲ੍ਹਦਾ ਹੈ ਤਾਂ ਉਹ ਅਕਾਲ ਉਸਤਤ ਵਿਚ ਹੀ ਖੋਲ੍ਹਦਾ ਹੈ। ਹਰ ਸ਼ਰਧਾਲੂ ਸ਼ਰਧਾ ਵਿਚ ਪੂਰੀ ਤਰ੍ਹਾਂ ਭਿਜਿਆ ਜਿਧਰ ਵੀ ਜਾਂਦਾ ਹੈ ਉਸ ਨੂੰ ਪ੍ਰਭੂ ਦੀ ਕੀਰਤੀ ਦੀਆਂ ਧੁੰਨਾਂ ਹੀ ਸੁਣਾਈ ਦੇਂਦੀਆਂ ਹਨ। 70 ਕੁ ਸਾਲ ਪਹਿਲੇ ਇੱਕ ਮੁਸਲਮਾਨ ਬਜ਼ੁਰਗ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਇਆ। ਮਸਤੀ ਦੇ ਆਲਮ ਵਿੱਚ ਉਸਨੇ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਉਸਦਾ ਰੋਮ ਰੋਮ ਪ੍ਰਭੂ ਦੇ ਰੰਗ ਵਿਚ ਰੰਗਿਆ ਗਿਆ। ਜਦ ਉਹ ਪੂਰੀ ਤਰ੍ਹਾਂ ਨਿਹਾਲ ਹੋ ਕੇ ਦਰਬਾਰ ਸਾਹਿਬ ਤੋਂ ਬਾਹਰ ਛੋਟੀ ਪਰਕਰਮਾ ਵਿੱਚ ਆਇਆ ਤਾਂ ਸੇਜਲ ਨੇਤਰਾਂ ਨਾਲ ਕਹਿਣ ਲਗ ਪਿਆ ਕਿ ਕਈ ਅਵਤਾਰ ਇਸ ਧਰਤੀ ਤੇ ਆਏ ਤੇ ਕੁਝ ਸਮਾਂ ਇੱਥੇ ਰਹਿ ਕੇ ਰੁਖਸਤ ਹੋ ਗਏ। ਗੁਰੂ ਨਾਨਕ ਸਾਹਿਬ 1469 ਈ. ਵਿਚ ਇਸ ਮਾਤ ਲੋਕ ਵਿਖੇ ਪਧਾਰੇ ਪਰ ਉਹ ਇਹ ਲੋਕ ਛਡ ਕੇ ਵਾਪਸ ਨਹੀਂ ਗਏ, ਕਿਉਂਕਿ ਕੀਰਤਨ ਰੂਪ ਵਿੱਚ ਉਹ ਹਰਿਮੰਦਰ ਸਾਹਿਬ ਵਿਚ ਖੁਦਾ ਦੀ ਉਸਤਤ ਕਰਨ ਵਿੱਚ ਹਮੇਸ਼ਾ ਲੀਨ ਹਨ ਅਤੇ ਮਾਨਵਤਾ ਦੀ ਅਗਵਾਈ ਕਰ ਕੇ ਸਾਡਾ ਦੁਨਿਆਵੀ ਮਾਰਗ ਸੌਖਾ ਬਣਾਉਂਦੇ ਹੋਏ ਸਾਨੂੰ ਇਲਾਹੀ ਮਾਰਗ ਦਾ ਪਾਂਧੀ ਬਣਾ ਰਹੇ ਹਨ। ਇਸ ਬਜ਼ੁਰਗ ਸ਼ਰਧਾਲੂ ਵਾਂਗ ਹਰ ਕੋਈ ਦਰਸ਼ਕ ਹਰਿਮੰਦਰ ਦਰਸ਼ਨ ਕਰਨ ਉਪਰੰਤ ਇਹ ਮਹਿਸੂਸ ਕਰਦਾ ਖੁਸ਼ੀ ਅਨੁਭਵ ਕਰਦਾ ਹੈ ਕਿ ਇੱਥੇ ਆ ਕੇ ਪਹਿਲੀ ਵਾਰੀ ਉਸ ਨੂੰ ਧਰਮ ਦਾ ਇਤਨਾ ਡੂੰਘਾ ਤੇ ਪਵਿੱਤਰ ਅਨੁਭਵ ਹੋਇਆ ਹੈ। ਉਹ ਇਹ ਵੇਖ

ਕੇ ਦੰਗ ਹੋ ਜਾਂਦਾ ਹੈ ਕਿ ਇਸ ਥਾਂ ਤੇ ਕਿਤਨੇ ਸ਼ਰਧਾਮਈ ਤਰੀਕੇ ਸਲੀਕੇ ਤੇ ਪਰੰਮਪਰਾਮਈ ਢੰਗ ਨਾਲ ਰਵਾਇਤਾਂ ਦੇ ਖ਼ਜਾਨੇ ਨੂੰ ਸੰਭਾਲ ਕੇ ਰਖਿਆ ਗਿਆ ਹੈ ਜਿਸ ਤੇ ਹਰ ਕੋਈ ਬਜਾ ਮਾਣ ਕਰ ਸਕਦਾ ਹੈ। ਹਰ ਕਿਸੇ ਨੂੰ ਇੱਥੇ ਧਰਮ ਦੀ ਸਰਬਪਖੀ ਵਿਆਪਕਤਾ (Universalism) ਦੇ ਭਰਪੂਰ ਦਰਸ਼ਨ ਹੁੰਦੇ ਹਨ ਜਿਥੇ ਮਾਨਵੀ ਪ੍ਰੇਮ ਸ਼ਕਤੀਸ਼ਾਲੀ ਰੂਪ ਵਿੱਚ ਪਸਰਿਆ ਹੋਇਆ ਹੈ ਤੇ ਹਰ ਪਲ ਵਿਕਸਤ ਵੀ ਹੋ ਰਿਹਾ ਹੈ। ਹਰਿਮੰਦਰ ਹਰ ਦਰਸ਼ਕ ਲਈ ਜੀਂਦੇ ਜਾਗਦੇ ਮਹਾਨ ਸਮਾਰਕ ਦੀ ਨਿਆਂਈ ਹੈ ਜੋ ਸਾਨੂੰ ਆਪਣੇ ਨਾਲ ਅਤੇ ਆਪਣੀਆਂ ਸੂਖਮ ਪੁਨੀਤ ਤਰੰਗਾਂ ਨਾਲ ਇਕਮਿਕ ਕਰਕੇ ਪ੍ਰਵਾਨ ਚੜ੍ਹਾਉਂਦਾ ਹੈ। ਇਸ ਦੀ ਜ਼ਾਬਤਾਬਧ ਸੁਸ਼ੀਲ ਤੇ ਸਰਬਸਾਂਝੀ ਨਿਤ-ਕਿਰਿਆ ਮਨ ਨੂੰ ਟੁੰਬਦੀ ਹੈ, ਹਿਰਦੇ ਨੂੰ ਪਿਆਰ ਹੁਲਾਰਾ ਬਖ਼ਸ਼ਦੀ ਹੋਈ ਦਿਲ ਨੂੰ ਪਰਸੰਨ ਕਰਦੀ ਹੈ ਤੇ ਆਤਮਾ ਨੂੰ ਸੁਖ ਸ਼ਾਂਤੀ ਪਰਦਾਨ ਕਰਦੀ ਹੈ।

ਹਰਿਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ॥ ਅੰਗ-1346

ਹਰਿਮੰਦਰ ਪ੍ਰੇਮ ਵਿਚ ਵਿਗੁਤੇ ਪ੍ਰਾਣੀ ਇੱਥੇ ਆ ਕੇ ਇਹ ਬਿਲਕੁਲ ਜਾਇਜ਼ ਹੀ ਅਨੁਭਵ ਕਰਦੇ ਹਨ ਕਿ ਇੱਥੇ ਦਰਸ਼ਨ ਕਰਕੇ ਉਨ੍ਹਾਂ ਦੀ ਅਕਾਲਪੁਰਖ ਵਿਚ ਸ਼ਰਧਾ ਵਧਦੀ ਹੈ ਅਤੇ ਗੁਰਬਾਣੀ ਤੇ ਸੰਗਤ ਦੇ ਨਿਰੰਤਰ ਉਮਾਹ ਸਦਕਾ ਇਸ ਅਸਥਾਨ ਤੋਂ ਅੰਦਰੂਨੀ ਸ਼ਕਤੀ ਮਿਲਦੀ ਹੈ ਕਿਉਂਕਿ ਇਹ ਅਸਥਾਨ ਪਰਸਪਰ ਮਾਨਵੀ ਪ੍ਰੇਮ ਤੇ ਧਾਰਮਿਕ ਪੁਨੀਤਤਾ ਦਾ ਕੇਂਦਰ ਹੈ, ਆਤਮਿਕ ਖੇੜੇ ਦਾ ਚਸ਼ਮਾ ਹੈ ਜੋ ਨਿਰੰਤਰ ਵਹਿ ਰਿਹਾ ਹੈ ਅਤੇ ਇਸਦਾ ਅੰਮ੍ਰਿਤ ਜਲ ਮਲੀਨਤਾ ਦੀ ਮੈਲ ਉਤਾਰ ਕੇ ਸਾਨੂੰ ਚਰਨਜੀਵਤਾ ਦੀਆਂ ਇਲਾਹੀ ਖੁਸ਼ੀਆਂ ਦਾ ਭਾਈਵਾਲ ਬਣਾ ਰਿਹਾ ਹੈ। ਇਸ ਅਲੌਕਿਕ ਪ੍ਰਭੂ ਧਾਮ ਦੀ ਹਰ ਨੁਕਰ ਵਿੱਚ ਮਾਣਜਨਕ ਇਤਿਹਾਸ ਦੇ ਨਾਦ ਸੁਣਾਈ ਦੇਂਦੇ ਹਨ, ਕਣ ਕਣ ਵਿਚ ਧਾਰਮਿਕਤਾ ਦੀ ਮਨਮੋਹਕ ਖੁਸ਼ਬੂ ਪਰਤੀਤ ਹੁੰਦੀ ਹੈ। ਇਹ ਪਾਵਨ ਪਵਿੱਤਰ ਅਸਥਾਨ ਮਨੁੱਖੀ ਮਨਾਂ ਨੂੰ ਸਾਫ ਸੁਥਰਾ ਕਰਦਾ ਹੈ, ਆਤਮਾ ਨੂੰ ਪੁਰਨੂਰ ਕਰਦਾ ਹੈ, ਸਰੀਰ ਨੂੰ ਸੁਜਿੰਦ ਕਰਦਾ ਹੈ, ਵਿਹਾਰ ਨੂੰ ਸ਼ੁਧ ਤੇ ਸ਼ੋਭਨੀਕ ਕਰਦਾ ਹੈ, ਸਮਾਜਿਕ ਭਾਵਨਾਵਾਂ ਨੂੰ ਭਰਾਤਰੀ ਭਾਵਾਂ ਨਾਲ ਓਤਪੋਤ ਕਰਦਾ ਹੈ ਅਤੇ ਸੁਭਾਅ ਨੂੰ ਸੁਹਿਰਦ ਬਣਾਂਦਾ ਹੈ। ਇੱਥੇ ਦੀ ਪ੍ਰਚਲਤ ਮਰਿਆਦਾ ਮੁਨਕਰ ਤੋਂ ਮੁਨਕਰ ਮਨੁੱਖ ਨੂੰ ਵੀ ਇਹ ਅਮਲੀ ਸੰਦੇਸ਼ ਦੇਣ ਵਿਚ ਸਫਲ ਭੂਮਿਕਾ ਨਿਭਾਉਂਦੀ ਹੈ ਕਿ ਸਚਮੁਚ ਹੀ ਮਨੁੱਖ ਆਪਸ ਵਿਚ ਭਰਾ ਭਰਾ ਬਣ ਸਕਦੇ ਹਨ। ਇੱਥੇ ਆ ਕੇ ਸਭ ਆਪਣੇ ਲਗਦੇ ਹਨ ਤੇ ਬੇਗਾਨਾ ਕੋਈ ਦਿਸਦਾ ਹੀ ਨਹੀਂ। ਸ਼ਾਇਦ ਦੁਨੀਆ ਸਾਰੀ ਵਿਚ ਇਹੋ ਹੀ ਇਕੋ ਇਕ ਤੀਰਥ ਹੋਵੇਗਾ ਜਿਥੇ ਉਕਤ ਦਸੇ ਸਾਰੇ ਵਰਦਾਨ ਰੂਪੀ ਗੁਣ ਇਤਨੇ ਬੇਨਜ਼ੀਰ ਰੰਗ ਢੰਗ ਵਿਚ ਆਪਣਾ ਜਲਵਾ

ਦਿਖਾ ਰਹੇ ਹੋਣ, ਆਪਣਾ ਜਮਾਲ ਪ੍ਰਗਟਾ ਰਹੇ ਹੋਣ ਤੇ ਆਪਣੇ ਇਲਾਹੀ ਹੁਸਨ ਨਾਲ ਹਰ ਕਿਸੇ ਨੂੰ ਮਾਲਾ ਮਾਲ ਕਰ ਰਹੇ ਹੋਣ।

ਰੱਬੀ ਖੁਸ਼ੀਆਂ ਪਰਦਾਨ ਕਰਨ ਵਾਲੇ ਇਸ ਹਰਿਮੰਦਰ ਅਤੇ ਇਸ ਵਿਚ ਬਿਰਾਜਮਾਨ ਰੱਬੀ ਬਾਣੀ ਰੂਪ ਪ੍ਰਮਾਤਮਾ ਦੀ ਦਾਤ ਬਖ਼ਸ਼ਣ ਵਾਲੇ ਪੰਚਮ ਪਿਤਾ ਗੁਰੂ ਅਰਜਨ ਸਾਹਿਬ ਨੇ ਮਾਨਵਤਾ ਤੇ ਕਿਤਨਾ ਵੱਡਾ ਪਰਉਪਕਾਰ ਕੀਤਾ ਹੈ ਜਦ ਕਿ ਸਚ ਨੂੰ ਸਚ ਕਹਿਣ ਅਤੇ ਸਚ ਹੰਡਾਉਣ ਕਾਰਨ ਉਨ੍ਹਾਂ ਨੂੰ ਖੁਦ ਤੱਤੀਆਂ ਤਵੀਆਂ ਤੇ ਬੈਠਣਾ ਪਿਆ। ਉਨ੍ਹਾਂ ਦੀ ਇਸ ਮਹਾਨ ਸ਼ਹੀਦੀ ਨੇ ਭਾਰਤੀਆਂ ਦਾ ਮਾਣ ਵਧਾਇਆ ਤੇ ਗੁਰੂ ਸਾਹਿਬ ਨੂੰ ਹਿੰਦੁਸਤਾਨ ਦਾ ਪ੍ਰਥਮ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੋਇਆ। ਪਰ ਇਤਨੀ ਮਹਾਨ ਸ਼ਹੀਦੀ ਨੂੰ ਪਿਛਲੇ 4 ਸੌ ਸਾਲਾਂ ਵਿਚ ਸ਼ਰਧਾਮਈ ਢੰਗ ਨਾਲ ਯਾਦ ਕਰਨ ਤੇ ਸਤਿਕਾਰ ਅਰਪਤ ਕਰਨ ਦੇ ਬਾਵਜੂਦ ਵੀ 30 ਮਈ 2000 ਦੀ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਟ੍ਰਿਬਿਯੂਨ ਚੰਡੀਗੜ੍ਹ ਵਿਚ ਇਹ ਲਿਖਿਆ ਮਿਲਦਾ ਹੈ ਕਿ ਅੱਜ ਦੇ ਦਿਨ ਸਿੱਖਾਂ ਦੇ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਰਾਵੀ ਦਰਿਆ ਵਿਚ ਡੁੱਬ ਗਏ। ਸੱਚ ਨੂੰ ਇਤਨਾ ਝੂਠਾ ਰੰਗ ਦੇ ਕੇ ਵੀ ਸ਼ਾਇਦ ਅਖ਼ਬਾਰ ਨੂੰ ਸ਼ਰਮ ਨਹੀਂ ਆਈ। ਜੇ ਅਖ਼ਬਾਰ ਦੀ ਇਹ ਲਿਖਤ ਸੱਚ ਹੈ ਤਾਂ ਝੂਠ ਕੀ ਹੋਵੇਗਾ, ਇਸਦਾ ਅੰਦਾਜ਼ਾ ਹਰ ਪਾਠਕ ਸਹਿਜੇ ਹੀ ਲਗਾ ਸਕਦਾ ਹੈ। ਅਖ਼ਬਾਰ ਦੀ ਇਹ ਅਣਗਹਿਲੀ ਹਰ ਲਿਹਾਜ਼ ਨਾਲ ਨਖਿੱਧਣ ਯੋਗ ਹੈ। ਸਾਡੀ ਅਰਦਾਸ ਹੈ ਵਾਹਿਗੁਰੂ ਅਜਿਹੀ ਅਧੂਰੀ ਤੇ ਗ਼ਲਤ ਜਾਣਕਾਰੀ ਨੂੰ ਸਚ ਦਾ ਚੋਲਾ ਪਵਾ ਕੇ ਪਰਦਰਸ਼ਤ ਕਰਨ ਵਾਲਿਆਂ ਨੂੰ ਸੁਮੱਤ ਬਖ਼ਸ਼ਣ। ਇਕ ਕਵੀ, ਗੁਰੂ ਸਾਹਿਬ ਦੀ ਇਸ ਮਹਾਨ ਸ਼ਹੀਦੀ ਨੂੰ ਕਿਵੇਂ ਬਿਆਨ ਕਰਦਾ ਹੈ, ਜ਼ਰਾ ਦੇਖਣਾ :

ਗੁਰ ਦਰਬਾਰ ਦੀਆਂ ਰਖਵਾਈਆਂ ਪਿਆਰ ਤੇ ਜਿਸ ਬੁਨਿਆਦਾਂ,
ਉਸਦੇ ਖਾਤਰ ਤਵੀ ਤਪਾਈ ਨਫਰਤ ਦਿਆਂ ਜਲਾਦਾਂ,
ਰਚਨਾ ਕਰ ਗ੍ਰੰਥ ਪਵਿੱਤਰ ਜਿਸ ਬਖਸ਼ੀ ਅੰਮ੍ਰਿਤ ਬਾਣੀ,
ਉਸਦੇ ਸਿਰ ਤੇ ਤਪਦੀ ਰੇਤਾ, ਇਹ ਕੀ ਕਹਿਰ ਕਹਾਣੀ?

ਹਰਿਮੰਦਰ ਦੇ ਪਵਿੱਤਰ ਸਰੋਵਰ ਦੇ ਨਿਰਮਲ ਜਲ ਦੀ ਸੀਤਲਤਾ, ਤਤੀਆਂ ਤਵੀਆਂ ਦੇ ਸੇਕ ਨੂੰ ਅਕਾਲਪੁਰਖ ਦਾ 'ਭਾਣਾ' ਸਮਝ ਕੇ ਸਬਰ ਸੰਤੋਖ ਦੀ ਭਾਵਨਾ ਵਿਚ ਜਰਨ ਦਾ ਬਲ ਪਰਦਾਨ ਕਰਦੀ ਹੈ ਅਤੇ ਹਰਿਮੰਦਰ ਪਰੀਸਰ ਦੀ ਭੋਰਾ ਭੋਰਾ ਧਰਤੀ ਇਸ ਘਨਾਉਣੀ ਅਗਨ ਨੂੰ ਆਪਣੇ ਪਿੰਡੇ ਤੇ ਕਈ ਵਾਰੀ ਸਹਾਰ ਕੇ ਫਿਰ ਵੀ ਮਨੁੱਖੀ ਕਲਿਆਣ ਲਈ ਸਾਨੂੰ ਸੀਤਲਤਾ, ਸ਼ਾਂਤੀ, ਸੁਹਿਰਦਤਾ, ਪ੍ਰੇਮ ਤੇ ਸੁਚੇ ਪਿਆਰ ਦਾ ਪੈਗਾਮ ਦੇ ਰਹੀ ਹੈ ਤੇ ਦੇਂਦੀ ਰਹੇਗੀ।

ਮਹਾ ਕਿਲਬਿਖ ਕੋਟਿ ਦੋਖ ਰੋਗਾ
ਪ੍ਰਭ ਦ੍ਰਿਸਟਿ ਤੁਹਾਰੀ ਹਾਤੇ (ਨਾਸ ਹੋਏ)॥ ਅੰਗ-530

.12.

ਹਰਿਮੰਦਰ ਸਾਹਿਬ ਵਿੱਚ ਵਾਪਰਿਆ ਕੁਦਰਤੀ ਚਮਤਕਾਰ

ਜਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖ਼ਤਮ ਹੋ ਗਿਆ ਅਤੇ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਗਿਆ ਤਾਂ ਲਾਰਡ ਡਲਹੌਜ਼ੀ ਜੋ ਭਾਰਤ ਦਾ ਗਵਰਨਰ ਜਨਰਲ ਸੀ, ਅੰਮ੍ਰਿਤਸਰ ਆਇਆ। ਉਸ ਨੇ ਬੜੀ ਡੀਂਗ ਮਾਰ ਕੇ ਕਿਹਾ ਕਿ ਹੁਣ ਗੁਰੂ ਨਾਨਕ ਦਾ ਸਿੱਖ ਤਾਂ ਭਾਵੇਂ ਕੋਈ ਰਹਿ ਜਾਵੇ ਤਾਂ ਰਹਿ ਜਾਵੇ ਪਰ ਗੁਰੂ ਗੋਬਿੰਦ ਸਿੰਘ ਦੇ ਸਿੱਖ ਦਾ ਆਪਣੇ ਪੂਰੇ ਰੂਪ ਸਰੂਪ ਵਿਚ ਰਹਿ ਸਕਣਾ ਮੁਸ਼ਕਲ ਹੋ ਜਾਵੇਗਾ ਕਿਉਂਕਿ ਹਾਲਾਤ ਉਸ ਲਈ ਸੁਖਾਵੇਂ ਨਹੀਂ ਰਹੇ। ਅਭਿਮਾਨੀ ਡਲਹੌਜ਼ੀ ਨੂੰ ਇਤਨਾ ਵੀ ਨਹੀਂ ਸੀ ਪਤਾ ਕਿ ਗੁਰੂ ਨਾਨਕ ਦੇ ਸਿੱਖ ਅਤੇ ਗੁਰੂ ਗੋਬਿੰਦ ਸਿੰਘ ਦੇ ਸਿੱਖ ਕੋਈ ਵਖਰੀ ਵਖਰੀ ਹਸਤੀ ਦੇ ਮਾਲਕ ਨਹੀਂ ਹਨ ਪਰ ਵਕਤ ਦਾ ਹਾਕਮ ਹੋਣ ਕਾਰਨ ਹਰ ਕੋਈ ਉਸ ਦੇ ਬੋਲਾਂ ਨੂੰ ਵਜ਼ਨ ਦਿੱਤੇ ਬਗ਼ੈਰ ਨਹੀਂ ਸੀ ਰਹਿ ਸਕਦਾ। ਸਿੱਖਾਂ ਲਈ ਉਸ ਦੇ ਇਹ ਬੋਲ ਬੜੇ ਮੰਦਭਾਗੇ ਸਨ। ਇੱਥੇ ਤਕ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਦਰਬਾਰ ਸਾਹਿਬ ਦੀ ਅਲੌਕਿਕ ਸੁੰਦਰਤਾ ਦੇਖ ਕੇ ਇਹ ਇਛਾ ਵੀ ਪ੍ਰਗਟਾਈ ਕਿ ਕਾਸ਼ ਇਹ ਹਰਿਮੰਦਰ ਗਿਰਜੇ ਦੇ ਰੂਪ ਵਿਚ ਧਰਤੀ ਤੇ ਬਿਰਾਜਮਾਨ ਹੁੰਦਾ। ਡਲਹੌਜ਼ੀ ਦੇ ਅਜਿਹੇ ਸ਼ਬਦਾਂ ਸਦਕਾ ਈਸਾਈਆਂ ਨੂੰ ਪੂਰੀ ਪੂਰੀ ਸ਼ਹਿ ਮਿਲ ਗਈ ਅਤੇ ਉਨ੍ਹਾਂ ਆਪਣੇ ਧਰਮ ਨੂੰ ਤੇਜ਼ੀ ਨਾਲ ਪੰਜਾਬ ਵਿਚ ਫੈਲਾਉਣ ਦਾ ਅਮਲ ਪ੍ਰਾਰੰਭ ਦਿੱਤਾ।

ਈਸਾਈ ਮਤ ਦੇ ਸ਼ਕਤੀਸ਼ਾਲੀ ਪ੍ਰਚਾਰ ਸਦਕਾ, ਸਰਕਾਰੀ ਲਾਲਚ ਤੇ ਕੁਝ ਦਬਾਅ ਕਾਰਨ ਬਹੁਤ ਸਾਰੇ ਲੋਕੀ ਸਿੱਖ ਧਰਮ ਨੂੰ ਤਿਲਾਂਜਲੀ ਦੇ ਕੇ ਈਸਾਈ ਮਤ ਵਿਚ ਬੜੀ ਤੇਜ਼ੀ ਨਾਲ ਪਰਵੇਸ਼ ਕਰਨ ਲਗ ਪਏ। ਈਸਾਈ ਪਰਚਾਰਕ ਇਸ ਰੁਝਾਨ ਤੋਂ ਬਹੁਤ ਉਤਸ਼ਾਹਤ ਹੋਏ ਤੇ ਉਨ੍ਹਾਂ ਨੇ ਇਸ ਕਿਸਮ ਦੀ ਹਵਾ ਫੈਲਾ ਦਿੱਤੀ ਕਿ ਸਿੱਖ ਧਰਮ ਹੁਣ ਲਗਪਗ ਖ਼ਤਮ ਹੀ ਹੋਣ ਵਾਲਾ ਹੈ। ਜਿਹੜੇ ਲੋਕੀ ਹਾਲੇਂ ਵੀ ਸਿੱਖੀ ਸਰੂਪ ਵਿਚ ਸਨ ਉਹ ਇਸ ਗੱਲ ਤੋਂ ਬਹੁਤ ਚਿੰਤਾਤਰ ਸਨ ਕਿ ਕੀ ਕੀਤਾ ਜਾਵੇ ਤੇ ਕੌਮ ਨੂੰ ਇਸ ਮੰਦਹਾਲੀ ਭਰੀ ਸਥਿਤੀ ਵਿਚੋਂ ਕਿਵੇਂ ਬਾਹਰ ਕਢਿਆ ਜਾਵੇ ਪਰ ਕੋਈ ਉਪਾਅ ਸਾਹਮਣੇ ਨਜ਼ਰ ਨਾ ਆਇਆ। ਅੰਗਰੇਜ਼ਾਂ ਨੇ ਸਿੱਖਾਂ ਤੇ ਆਪਣਾ ਪ੍ਰਭਾਵ ਹੋਰ ਦ੍ਰਿੜ ਕਰਨ ਲਈ ਦਰਬਾਰ ਸਾਹਿਬ ਦੇ ਮੁਖ ਦਵਾਰ ਦੇ ਸਾਹਮਣੇ 1862 ਈ ਨੂੰ ਇਕ ਘੰਟਾ ਘਰ

ਉਸਾਰ ਦਿੱਤਾ ਜਿਹੜਾ ਪੱਛਮੀ ਗਿਰਜੇ ਦੀ ਤਰਜ਼ ਤੇ ਬਣਾਇਆ ਗਿਆ ਸੀ। ਦੂਰ ਤੋਂ ਦੇਖਣ ਵਾਲੇ ਨੂੰ ਦਰਬਾਰ ਸਾਹਿਬ ਦਾ ਵਾਤਾਵਰਨ ਗਿਰਜਾ-ਨੁਮਾ ਦਿਸਣ ਲਗ ਪਿਆ ਜਿਸ ਨਾਲ ਸਿੱਖ ਸੰਗਤਾਂ ਨੂੰ ਦੁਖ ਹੋਣਾ ਸੁਭਾਵਕ ਸੀ। ਸਿੱਖਾਂ ਦੇ ਇਤਰਾਜ਼ ਤੇ ਸਰਕਾਰ ਨੇ ਇਸ ਘੰਟਾ ਘਰ ਨੂੰ ਬਣਾਉਣ ਦਾ ਬਹਾਨਾ ਇਹ ਘੜਿਆ ਕਿ ਉਹ ਨਗਰ ਪਾਲਕਾ ਦੀ ਇਮਾਰਤ ਦੀ ਟੋਹਰ ਵਧਾਉਣਾ ਚਾਹੁੰਦੀ ਹੈ ਪਰ ਇਸ ਚਤਰਾਈ ਪਿੱਛੇ ਮਨਸੂਬੇ ਕੁਝ ਹੋਰ ਹੀ ਲਗਦੇ ਸਨ।

ਘੰਟਾ ਘਰ ਦੀ ਉਸਾਰੀ ਦੀ ਆੜ ਵਿਚ ਸਰਕਾਰ ਨੇ ਕਈ ਬੁੰਗਿਆਂ ਤੇ ਵੀ ਆਪਣਾ ਕਬਜ਼ਾ ਜਮਾ ਲਿਆ ਅਤੇ ਇੱਥੇ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਰਦਾਰਨੀ ਸਦਾ ਕੌਰ ਦੇ ਬੁੰਗੇ ਨੂੰ ਸਿੱਖਾਂ ਤੋਂ ਜਬਰੀ ਖੋਹ ਕੇ ਉਸ ਨੂੰ ਈਸਾਈ ਸਕੂਲ ਵਿਚ ਬਦਲ ਦਿੱਤਾ (ਹਵਾਲਾ ਗੋਲਡਨ ਟੈਂਪਲ ਪਾਸਟ ਐਂਡ ਪਰੈਜ਼ੇਂਟ ਪੰਨਾ-64, ਲੇਖਕ ਡਾ. ਮਦਨ ਜੀਤ ਕੌਰ)। ਸ਼ਹਿਰ ਦੇ ਚਾਰ ਸਿੱਖ ਵਿਦਿਆਰਥੀਆਂ ਨੂੰ ਈਸਾਈ ਬਣਾ ਲਿਆ ਗਿਆ ਅਤੇ ਜਲੰਧਰ ਵਿੱਚ ਤਾਂ ਕਈ ਸਿਖ ਬੱਚਿਆਂ ਦੇ ਕੇਸ ਕਤਲ ਕਰਕੇ ਉਹਨਾਂ ਦਾ ਰੱਸਾ ਬਣਾ ਕੇ ਵੇਚਿਆ ਗਿਆ। ਸਿੱਖਾਂ ਦੀ ਮਾਯੂਸੀ ਭਰੀ ਇਸ ਹਾਲਤ ਵਿਚ ਸਤਿਗੁਰਾਂ ਨੇ ਆਪ ਮਿਹਰ ਕਰ ਦਿੱਤੀ ਅਤੇ ਇਕੋ ਘਟਨਾ ਨੇ ਕੌਮ ਦਾ ਮਨੋਬਲ ਤਕੜਾ ਕਰ ਦਿੱਤਾ। ਹਰਿਮੰਦਰ ਸਾਹਿਬ ਵਿਖੇ 30 ਅਪ੍ਰੈਲ 1877 ਨੂੰ ਅੰਮ੍ਰਿਤ ਵੇਲੇ 4-30 ਵਜੇ ਇਕ ਅਦਭੁਤ ਕੌਤਕ ਵਾਪਰਿਆ ਜਿਸ ਦਾ ਵਰਨਣ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਡੀ ਦੇ ਖੱਬੇ ਪਾਸੇ ਜਿਥੇ ਘੜਿਆਲ ਟੰਗਿਆ ਹੋਇਆ ਹੈ ਉਸ ਦੇ ਲਗਪਗ ਉੱਪਰ ਸੋਨੇ ਦੇ ਇਕ ਪੁੜੇ ਤੇ ਉਕਰਿਆ ਪਿਆ ਹੈ ਤੇ ਇਸ ਵਿਚ 1984 ਦੌਰਾਨ ਲੱਗੀਆਂ ਗੋਲੀਆਂ ਦੇ ਨਿਸ਼ਾਨ ਵੀ ਲਗੇ ਹੋਏ ਸਨ ਪਰ ਇਸ ਤੇ ਨਵੇਂ ਸਿਰਿਓਂ ਸੋਨਾ ਚੜ੍ਹਾਉਣ ਕਾਰਨ ਉਹ ਕੁਝ ਹੱਦ ਤਕ ਅਲੋਪ ਹੋ ਗਏ ਹਨ। ਇਸ ਪਤਰੇ ਤੇ ਜੋ ਕੁਝ ਲਿਖਿਆ ਹੋਇਆ ਹੈ ਉਹ ਇਨ ਬਿਨ ਇਵੇਂ ਹੈ:

ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੁਦਰਤੀ ਚਮਤਕਾਰ

'ਸਭਨਾਂ ਦੀ ਗਯਾਤ ਲਈ ਦਸਿਆ ਜਾਂਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ 30 ਅਪ੍ਰੈਲ 1877 ਨੂੰ ਸਵੇਰੇ ਦੇ 4-30 ਵਜੇ ਇਕ ਅਜਬ ਖੇਲ ਵਰਤਿਆ। ਕੋਈ ਚਾਰ ਕੁ ਸੌ ਪ੍ਰੇਮੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੀਰਤਨ ਦਾ ਆਨੰਦ ਲੈ ਰਹੇ ਸਨ ਜਦ ਕਿ ਅਚਨਚੇਤ ਹੀ ਬਿਜਲੀ ਦੀ ਲਿਸ਼ਕ ਦਿਸੀ। ਉਹ ਇਕ ਵੱਡੀ ਰੋਸ਼ਨੀ ਦੀ ਸ਼ਕਲ ਵਿਚ ਪਹਾੜ ਦੀ ਬਾਹੀ ਦੇ ਦਰਵਾਜ਼ੇ ਵਿੱਚੋਂ ਆਈ ਤੇ ਠੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਗੋਲਾ ਜਿਹਾ ਬਣਕੇ ਫਟੀ ਅਤੇ ਚਾਨਣ ਹੀ ਚਾਨਣ ਕਰਕੇ ਦੱਖਣੀ ਦਰਵਾਜ਼ੇ ਥਾਣੀ ਇਕ ਰੋਸ਼ਨੀ

ਦੀ ਲੀਕ ਹੋਕੇ ਨਿਕਲ ਗਈ। ਭਾਵੇਂ ਇਸ ਦੇ ਫਟਣ ਸਮੇਂ ਬੜੀ ਭਿਆਨਕ ਤੇ ਜ਼ੋਰ ਦੀ ਅਵਾਜ਼ ਆਈ ਪਰ ਅੰਦਰ ਬੈਠੇ ਕਿਸੇ ਪ੍ਰੇਮੀ, ਅਮਾਰਤ ਜਾਂ ਚੀਜ਼ ਨੂੰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਾ ਪੁੱਜਾ। ਇਸ ਅਲੌਕਿਕ ਦ੍ਰਿਸ਼ ਨੂੰ ਸਭ ਲੋਕੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਆਪਣਾ ਕੌਤਕ ਦਸਦੇ ਹਨ।'

ਹੈ ਵੀ ਇਹ ਇਕ ਸਾਖਿਆਤ ਕੌਤਕ ਹੀ, ਕਿਉਂਕਿ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਅੰਮ੍ਰਿਤ ਵੇਲੇ ਸਾਢੇ ਚਾਰ ਵਜੇ ਇਹ ਰੌਸ਼ਨੀ ਆਈ ਤੇ ਆਈ ਕਿਥੋਂ ਜਦ ਕਿ 30 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਸੂਰਜ ਸਵੇਰੇ 5 ਵੱਜ ਕੇ 39 ਮਿੰਟ ਤੇ ਚੜ੍ਹਦਾ ਹੈ। ਜਦ ਸਾਢੇ ਚਾਰ ਵਜੇ ਸੂਰਜ ਹੀ ਨਹੀਂ ਚੜ੍ਹਿਆ ਅਤੇ ਉਸ ਨੇ ਹਾਲੇਂ ਇਕ ਘੰਟਾ ਅਤੇ 9 ਮਿੰਟਾਂ ਮਗਰੋਂ ਚੜ੍ਹਨਾ ਹੈ, ਤਦ ਇਸ ਰੌਸ਼ਨੀ ਦੇ ਗੋਲੇ ਦਾ ਬਣਨਾ ਇਕ ਕਰਿਸ਼ਮਾ ਹੀ ਕਿਹਾ ਜਾ ਸਕਦਾ ਹੈ। ਵਿਗਿਆਨੀ ਇਸ ਦਾ ਜੋ ਕੋਈ ਵੀ ਸਪੱਸ਼ਟੀਕਰਨ ਦੇਣ ਉਹ ਵਖਰੀ ਗੱਲ ਹੋਵੇਗੀ ਪਰ ਇਸ ਕੌਤਕ ਨਾਲ ਸਮੁੱਚੀ ਕੌਮ ਨੂੰ ਨਵਾਂ ਉਤਸ਼ਾਹ ਪ੍ਰਾਪਤ ਹੋਇਆ। ਇਸ ਨਾਲ ਇਹ ਨਿਸਚਾ ਪੂਰੀ ਤਰ੍ਹਾਂ ਪਰਪੱਕ ਹੋ ਗਿਆ ਕਿ ਹਰਿਮੰਦਰ ਮਨੁੱਖੀ ਏਕਤਾ ਦੇ ਪ੍ਰਤੀਕ ਦੇ ਨਾਲ ਨਾਲ ਸਵੈ-ਮਾਣ ਭਰਿਆ ਜੀਵਨ ਜੀਣ ਦੀ ਜੁਗਤ ਦਸਦਾ ਹੈ, ਜਬਰ ਵਿਰੁੱਧ ਜੂਝਣ ਅਤੇ ਅੰਨਿਆਂ ਨੂੰ ਨਾ ਝੱਲਣ ਦਾ ਅਮਲੀ ਸਬਕ ਪ੍ਰਦਾਨ ਕਰਦਾ ਹੈ ਅਤੇ ਇਹ ਇਲਾਹੀ ਤੀਰਥ ਸੁੱਚੇ ਜਜ਼ਬਿਆਂ ਦਾ ਸੋਮਾ ਹੈ। ਫਲਸਰੂਪ ਕੌਮ ਨੂੰ ਨਵੇਂ ਸਿਰਿਓਂ ਸ਼ਕਤੀਸ਼ਾਲੀ ਬਣਾਉਣ ਦੀਆਂ ਵਿਉਂਤਾਂ ਬਣਨ ਲਗ ਪਈਆਂ। ਸਿੰਘ ਸਭਾ ਲਹਿਰ ਜੋ ਉਨ੍ਹਾਂ ਸਾਲਾਂ ਵਿਚ ਚਲੀ ਹੀ ਸੀ, ਉਹ ਹੋਰ ਸਰਗਰਮ ਹੋਈ ਅਤੇ ਕਈ ਉਤਸ਼ਾਹੀ ਗੁਰਸਿੱਖਾਂ ਨੇ ਕੌਮ ਨੂੰ ਨਵੇਂ ਸਿਰਿਉਂ ਬਲਵਾਨ ਕਰਨ ਹਿਤ ਨਵੀਆਂ ਲੀਹਾਂ ਤੇ ਪਰਚਾਰ ਕਰਨ ਦੀ ਹਿੰਮਤ ਕੀਤੀ। ਗੁਰਸਿੱਖ ਲੇਖਕਾਂ ਨੇ ਆਪਣੀਆਂ ਲਿਖਤਾਂ ਤੇ ਭਾਸ਼ਨਾਂ ਸਦਕਾ ਕੌਮ ਨੂੰ ਸੰਭਾਲਿਆ ਅਤੇ ਉਸ ਉੱਤੇ ਹੋ ਰਹੇ ਹਰ ਪ੍ਰਕਾਰ ਦੇ ਮਾਰੂ ਹੱਲਿਆਂ ਤੋਂ ਉਸ ਨੂੰ ਸੁਚੇਤ ਕੀਤਾ। ਇਕੱਲੇ ਭਾਈ ਵੀਰ ਸਿੰਘ ਜੀ ਦੇ ਪ੍ਰਯਤਨਾਂ ਨੇ ਈਸਾਈ ਪ੍ਰਚਾਰ ਨੂੰ ਠਲ੍ਹ ਪਾਉਣ ਲਈ ਬੜਾ ਵੱਡਾ ਯੋਗਦਾਨ ਪਾਉਣਾ ਪ੍ਰਾਰੰਭ ਕਰ ਦਿੱਤਾ। ਉਨ੍ਹਾਂ ਦੀਆਂ ਸ਼ਰਧਾਮਈ ਲਿਖਤਾਂ, ਵਿਦਵਤਾ ਭਰੀਆਂ ਤਕਰੀਰਾਂ ਤੇ ਬਹਿਸਾਂ ਨੇ ਸਿੱਖ ਸੋਚ ਨੂੰ ਬੜੀ ਸ਼ਕਤੀ ਪ੍ਰਦਾਨ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਗੁਰਸਿੱਖੀ ਪ੍ਰਚਾਰ ਨੂੰ ਸਰਬ ਵਿਆਪੀ ਬਣਾਉਣ ਲਈ ਲਿਥੋਗ੍ਰਾਫਕ ਛਾਪਾਖਾਨਾ ਲਗਾਇਆ, ਖਾਲਸਾ ਸਮਾਚਾਰ ਅਖ਼ਬਾਰ ਸ਼ੁਰੂ ਕੀਤੀ, ਖਾਲਸਾ ਬੈਂਕ ਖੋਲ੍ਹਿਆ, ਖਾਲਸਾ ਕਾਲਜ ਨੂੰ ਖਾਲਸਈ ਰੰਗ ਪ੍ਰਦਾਨ ਕਰਨ ਵਿਚ ਕਾਮਯਾਬੀ ਹਾਸਲ ਕੀਤੀ, ਖਾਲਸਾ ਟਰੈਕਟ ਸੁਸਾਇਟੀ ਰਾਹੀਂ ਗੁਰਮਤਿ ਸਾਹਿਤ ਛਾਪ ਕੇ ਵੰਡਣ ਦੇ ਉਪਰਾਲੇ ਕੀਤੇ ਅਤੇ ਚੀਫ਼ ਖਾਲਸਾ ਦੀਵਾਨ ਦੇ ਨਾਂ ਹੇਠ ਸਿੱਖ ਜਥੇਬੰਦੀ

ਸਥਾਪਤ ਕੀਤੀ ਜਿਸਨੂੰ ਸਿੱਖ ਸਮਾਜ ਵਿਚ ਵਿੱਦਿਆ ਦੇ ਪਰਸਾਰ ਦੀ ਸੇਵਾ ਸੌਂਪੀ। ਉਨ੍ਹਾਂ ਬੜੀਆਂ ਵਧੀਆ ਮਿਸਾਲਾਂ ਦੇ ਕੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਦੋ ਧਰਮਾਂ ਦੇ ਇਕੋ ਜਹੇ ਨੁਕਤਿਆਂ ਤੇ ਜ਼ੋਰ ਦੇ ਕੇ ਉਨ੍ਹਾਂ ਨੂੰ ਇਕੋ ਜਿਹਾ ਦੱਸਣ ਦੀ ਥਾਂ ਉਨ੍ਹਾਂ ਦੇ ਸਮੁੱਚੇ ਪ੍ਰਭਾਵਾਂ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਉਨ੍ਹਾਂ ਮਿਸਾਲ ਦੇ ਕੇ ਆਪਣੀ ਗੱਲ ਸਪੱਸ਼ਟ ਕੀਤੀ ਕਿ ਗਾਂ ਅਤੇ ਮੱਝ ਭਾਵੇਂ ਦੋਨੋਂ ਹੀ ਦੁੱਧ ਦੇਂਦੀਆਂ ਹਨ ਅਤੇ ਇਨ੍ਹਾਂ ਵਿਚ ਹੋਰ ਵੀ ਕਈ ਗੱਲਾਂ ਸਾਂਝੀਆਂ ਹਨ ਪਰ ਫਿਰ ਵੀ ਗਾਂ, ਗਾਂ ਹੈ ਤੇ ਮੱਝ, ਮੱਝ, ਦੋਨੋਂ ਕਿਸੇ ਵੀ ਹਾਲਤ ਵਿਚ ਇਕ ਨਹੀਂ ਹਨ। ਇਸੇ ਤਰ੍ਹਾਂ ਸਿੱਖ ਧਰਮ ਵੀ ਈਸਾਈ ਧਰਮ ਤੇ ਹੋਰ ਧਰਮਾਂ ਦੇ ਕਈ ਅਸੂਲਾਂ ਨਾਲ ਮੇਲ ਖਾਣ ਦੇ ਬਾਵਜੂਦ ਵੀ ਇਨ੍ਹਾਂ ਤੋਂ ਬਹੁਤ ਵੱਖਰਾ ਹੈ ਤੇ ਬਹੁਤ ਉੱਤਮ ਵੀ। ਸਾਨੂੰ ਆਪਣੇ ਧਰਮ ਅਤੇ ਰਹੁ-ਰੀਤੀ ਤੇ ਮਾਣ ਹੋਣਾ ਚਾਹੀਦਾ ਹੈ। ਜਿੱਥੇ ਤਕ ਗੁਰਸਿੱਖੀ ਦਾ ਸਬੰਧ ਹੈ ਇਹ ਹਰ ਲਿਹਾਜ਼ ਨਾਲ ਬੇਮਿਸਾਲ ਜੀਵਨ ਜਾਚ ਹੈ ਜਿਸ ਵਿੱਚ ਸਰਬੱਤ ਦੇ ਭਲੇ ਲਈ ਹੀ ਅਰਦਾਸਾਂ ਕੀਤੀਆਂ ਜਾਂਦੀਆਂ ਹਨ।

ਅਜਿਹੇ ਨਵੇਂ ਪ੍ਰਾਰੰਭੇ ਪ੍ਰਚਾਰ ਨਾਲ ਈਸਾਈਆਂ ਦੇ ਮਨਸੂਬੇ ਕੁਝ ਬੇਅਸਰ ਹੋਣੇ ਸ਼ੁਰੂ ਹੋ ਗਏ ਤੇ ਇਵੇਂ ਹਨੇਰੇ ਵਿਚ ਪ੍ਰਗਟਿਆ ਇਹ ਰੌਸ਼ਨੀ ਦਾ ਕੁਦਰਤੀ ਗੋਲਾ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਵਿਚ ਫਟ ਕੇ ਸਿੱਖ ਕੌਮ ਦਾ ਰਾਹ ਰੁਸ਼ਨਾ ਗਿਆ ਤੇ ਆਸ਼ਾ ਦੀ ਇਕ ਨਵੀਂ ਕਿਰਨ ਜਗਾਅ ਗਿਆ ਜਿਸ ਦੇ ਫਲਸਰੂਪ ਕੌਮ ਸਾਵਧਾਨ ਹੋਣੀ ਸ਼ੁਰੂ ਹੋ ਗਈ ਤੇ ਮਾਯੂਸੀ ਦੇ ਬਦਲ ਛਟਣ ਲਗ ਪਏ ਅਤੇ ਕੌਮ ਵਾਸੀਆਂ ਦੇ ਹਿਰਦਿਆਂ ਵਿਚ ਦੋਬਾਰਾ ਚੜ੍ਹਦੀਕਲਾ ਦਾ ਵਾਸਾ ਹੋ ਗਿਆ। ਨਤੀਜੇ ਵਜੋਂ ਹਰਿਮੰਦਰ ਦੀ ਸਿਫਤੋ-ਸਨਾਹ ਵਿੱਚ ਬੇਸ਼ੁਮਾਰ ਰਚਨਾਵਾਂ ਤੇ ਕਵਿਤਾਵਾਂ ਹੋਂਦ ਵਿਚ ਆਉਣ ਲਗ ਪਈਆਂ।

ਉਪਮਾ ਮਿਲੇ ਨਾ ਢੂੰਡਿਆਂ, ਪਵਿੱਤਰ ਅੰਮ੍ਰਿਤਸਰ ਦੀ
ਸਿਫਤ ਕਰਾਂ ਮੈਂ ਕਿਸ ਤਰ੍ਹਾਂ, ਏਸ 'ਸਿਫਤੀ ਦੇ ਘਰ' ਦੀ 'ਮਾਹੀਆ'

ਇਸ ਕਿਸਮ ਦੇ ਭਾਵਾਂ ਵਾਲੀਆਂ ਲਿਖਤਾਂ ਨੇ ਸਿੱਖ ਸੇਵਕਾਂ ਦੇ ਮਨਾਂ ਵਿਚ ਚੇਤਨਾ ਜਗਾ ਦਿੱਤੀ। ਇਵੇਂ ਹਰਿਮੰਦਰ ਸਾਹਿਬ ਨੇ ਇਕ ਵਾਰੀ ਫਿਰ ਕੌਮ ਨੂੰ ਹਲੂਣਾ ਦਿੱਤਾ ਤੇ ਇਹ ਗੱਲ ਮੂਰਤੀਮਾਨ ਹੋ ਗਈ ਕਿ-

ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥ ਅੰਗ-542

.13.

ਸਿੱਖ ਦਾ ਹਰਿਮੰਦਰ ਨਾਲ ਰਿਸ਼ਤਾ

ਜੇ ਹਰਿਮੰਦਰ ਇਕ ਸ਼ਮ੍ਹਾ ਹੈ ਤਾਂ ਸਿੱਖ ਪਰਵਾਨਾ ਹੈ ਜੋ ਸ਼ਮ੍ਹਾ ਤੇ ਹੱਸ ਹੱਸ ਕੇ ਕੁਰਬਾਨ ਹੁੰਦਾ ਹੈ ਤੇ ਕਦੇ ਵੀ ਆਪਣਿਆਂ ਇਰਾਦਿਆਂ ਵਿਚ ਡੋਲਦਾ ਨਹੀਂ। ਜੇ ਹਰਿਮੰਦਰ ਸਾਹਿਬ ਸਿੱਖ ਕੌਮ ਲਈ ਧਾਰਮਿਕ ਆਨ ਸ਼ਾਨ ਅਤੇ ਗੌਰਵ ਦਾ ਪ੍ਰਤੀਕ ਹੈ ਤਾਂ ਸਿੱਖ ਇਸ ਗੌਰਵ ਦਾ ਅਨਿਖੜਵਾਂ ਅੰਗ ਹੈ, ਅਟੁੱਟ ਭਾਗ ਹੈ। ਸਿੱਖ ਦੀ ਹਰਿਮੰਦਰ ਤੋਂ ਬਿਨਾਂ ਸੋਚ ਅਧੂਰੀ ਹੈ, ਸਰੀਰ ਨਿਰਜਿੰਦ ਹੈ, ਮਨ ਬੇਚੈਨ ਹੈ, ਆਤਮਾ ਬੇਬੱਲ ਹੈ ਤੇ ਹਸਤੀ ਨਾਬੂਦ ਹੈ ਅਤੇ ਉਹ ਕਿਸੇ ਕੰਮ ਦੀ ਨਹੀਂ। ਹਰਿਮੰਦਰ ਨੂੰ ਆਪਣੇ ਮਨ ਮੰਦਰ ਵਿਚ ਟਿਕਾ ਕੇ ਜਿੱਥੇ ਕਿਦਰੇ ਵੀ ਕੋਈ ਸਿੱਖ ਰਹਿੰਦਾ ਜਾਂ ਵਿਚਰਦਾ ਹੈ ਉਹ ਆਪਣੇ ਆਪ ਨੂੰ ਬਾ-ਬਰਕਤ (ਭਾਗਾਂ ਵਾਲਾ) ਇਨਸਾਨ ਸਮਝਦਾ ਹੈ। ਉਹ ਸੁਭਾਗਾ ਮਨੁੱਖ ਹੈ ਜਿਹੜਾ ਇਸ ਅਗੰਮੀ ਸ਼ਕਤੀ ਸਰੋਤ ਨਾਲ ਜੁੜਿਆ ਹੋਇਆ ਹੈ ਅਤੇ ਇਸ ਘਨਿਸ਼ਟ ਸੰਪਰਕ ਕਰਕੇ ਉਸ ਦੇ ਜੀਵਨ ਦਾ ਕੋਈ ਆਧਾਰ ਹੈ, ਲਕਸ਼ ਹੈ, ਮਕਸਦ ਹੈ, ਉਦੇਸ਼ ਹੈ ਅਤੇ ਧਾਰਨਾ ਹੈ। ਹਰਿਮੰਦਰ ਵਲ ਮੂੰਹ ਕਰਕੇ ਜੀਣ ਵਾਲਾ ਮਨੁੱਖ ਨਾ ਤਾਂ ਧਾੜਵੀ ਹੋ ਸਕਦਾ ਹੈ ਤੇ ਨਾ ਹੀ ਜਰਵਾਣਾ। ਹਰਿਮੰਦਰ ਦਾ ਸਵਰਨ ਸਰੂਪ ਉਸ ਦੇ ਜੀਵਨ ਨੂੰ ਸੁਨਹਿਰੀ ਅੱਖਰਾਂ ਵਿਚ ਲਿਖਣ ਜੋਗੀ ਜੀਵਨ ਜੁਗਤ ਦਾ ਮਾਲਕ ਬਣਾਉਂਦਾ ਹੈ। ਹਰਿਮੰਦਰ ਦਾ ਚਿੱਟਾ ਦੁੱਧ ਅਧਾਰ, ਮਨੁੱਖ ਦੇ ਜੀਵਨ ਨੂੰ ਗੌਰਵਮਈ ਸ਼ਾਂਤੀ ਪ੍ਰਦਾਨ ਕਰਦਾ ਹੈ ਜਿਸ ਵਿਚ ਇਲਾਹੀ ਹਰਕਤ ਹੋਣ ਦੇ ਬਾਵਜੂਦ ਉਸ ਵਿਚ ਚੰਗੇਜ਼ੀ ਭਾਵਨਾਵਾਂ ਦੀ ਕੋਈ ਥਾਂ ਨਹੀਂ ਹੁੰਦੀ।

ਹਰਿਮੰਦਰ ਦਾ ਅਜਿਹਾ ਸ਼ਰਧਾਵਾਨ ਤਾਂ ਸਚ ਦਾ ਪੁਜਾਰੀ ਹੁੰਦਾ ਹੈ, ਨੇਕੀ ਦਾ ਮੁਜੱਸਮਾ ਬਣਕੇ ਹੱਕ ਇਨਸਾਫ ਦਾ ਪ੍ਰੀਤਵਾਨ ਸੇਵਕ ਅਖਵਾ ਕੇ ਖੁਸ਼ੀ ਪ੍ਰਤੀਤ ਕਰਦਾ ਹੈ ਪਰ ਮੰਦੇ ਇਰਾਦੇ ਰੱਖਣ ਵਾਲਿਆਂ ਲਈ ਹਰਿਮੰਦਰ ਦੋ ਧਾਰੀ ਖੰਡਾ ਹੈ ਤੇ ਨਾਗਨੀ ਬਰਛਾ ਵੀ। ਜਿਸ ਕਿਸੇ ਨੇ ਵੀ ਰੱਬ ਦੇ ਘਰ ਇਸ ਹਰਿਮੰਦਰ ਨੂੰ ਨੁਕਸਾਨ ਪਹੁੰਚਾਣ ਜਾਂ ਉਸ ਦੀ ਆਭਾ ਨੂੰ ਮੈਲਾ ਕਰਨ ਦੇ ਨਾਪਾਕ ਪ੍ਰਯਤਨ ਕੀਤੇ ਹਨ, ਉਹ ਆਪਣੀ ਜ਼ਮੀਰ ਜਾਂ ਆਪਣੇ ਕੁਕਰਮਾਂ ਦੇ ਭਾਰ ਹੇਠ ਦਬ ਕੇ ਹੀ ਗ਼ਰਕ ਹੋ ਗਿਆ। ਪਰ ਹਰਿਮੰਦਰ ਨੇ ਤਾਂ ਸਭ ਨੂੰ ਪਰਵਾਨਿਆ ਹੈ। ਹਰਿਮੰਦਰ ਵਿਚੋਂ ਦਿਨ ਰਾਤ ਰਸਦੇ ਅਮਿਓ ਰਸ ਦਾ ਆਨੰਦ ਮਾਣਦਾ ਹੋਇਆ ਪ੍ਰਾਣੀ ਤਾਂ ਸਮੁਚੀ ਮਖਲੂਕਾਤ ਦਾ ਨਿਮਾਣਾ ਸੇਵਕ ਹੈ, ਪਿਆਰ ਦੀ ਮੂਰਤ ਹੈ ਅਤੇ ਨੇਕੀਆਂ ਦਾ ਸਰੋਤ ਹੈ।

ਹਰਿਮੰਦਰ ਕਿਸੇ ਨੂੰ ਕੁਝ ਵੀ ਬੁਰਾ ਕਰਨ ਤੋਂ ਹੋੜਦਾ ਹੈ ਅਤੇ ਸਭ ਕੁਝ ਚੰਗਾ ਕਰਨ ਲਈ ਪਰੇਰਦਾ ਹੈ, ਉਤਸ਼ਾਹਿਤ ਕਰਦਾ ਹੈ ਤੇ ਗੁਰਬਾਣੀ ਤੇ

ਅਧਾਰਤ ਜੀਵਨ ਜੀਣ ਲਈ ਉਭਾਰਦਾ ਹੈ। ਸਿੱਖ ਦੀ ਹਰਿਮੰਦਰ ਨਾਲ ਪ੍ਰੀਤ ਸ਼ਬਦਾਂ ਦੇ ਚੋਖਟੇ ਤੋਂ ਬਾਹਰ ਦੀ ਪ੍ਰੀਤ ਹੈ ਕਿਉਂਕਿ ਹਰਿਮੰਦਰ ਉਸਦਾ ਇਸ਼ਟ ਵੀ ਹੈ ਤੇ ਈਮਾਨ ਵੀ, ਕਰਮ ਵੀ ਹੈ ਤੇ ਧਰਮ ਵੀ, ਆਸ ਵੀ ਹੈ ਤੇ ਸਵਾਸ ਵੀ, ਤੇਜ ਵੀ ਹੈ ਤੇ ਤਪ ਵੀ, ਜਮਾਲ ਵੀ ਹੈ ਤੇ ਜਲਾਲ ਵੀ, ਹਰਕਤ ਵੀ ਹੈ ਤੇ ਬਰਕਤ ਵੀ। ਰਾਜੇ ਮਹਾਰਾਜੇ ਵੀ ਇਸ ਅੱਗੇ ਸਿਰ ਨਿਵਾ ਕੇ ਆਪਣੀ ਅਕੀਦਤ ਦੇ ਫੁੱਲ ਭੇਂਟ ਕਰਦੇ ਹਨ। ਹਰਿਮੰਦਰ ਤਾਂ ਇਕ ਬਹੁਤ ਵੱਡੀ ਤੇ ਮਾਣਜਨਕ ਹਸਤੀ ਹੈ ਜਿਸ ਦਾ ਕਿ ਸਿੱਖ ਸ਼ੈਦਾਈ ਹੈ। ਇਸ ਪਵਿੱਤਰ ਅਸਥਾਨ ਦੇ ਮਾਣ ਮੁਰਾਤਬੇ ਦੀ ਕਦਰ ਇਕ ਸ਼ਰਧਾਲੂ ਦੇ ਮਨ ਵਿਚ ਕਿਤਨੀ ਹੈ, ਉਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹਰਿਮੰਦਰ ਦੇ ਟਹਿਲੀਆਂ ਅਤੇ ਗ੍ਰੰਥੀਆਂ ਦੇ ਬਚਨ ਟਾਲਣ ਦੀ ਵੀ ਕਿਸੇ ਦੀ ਮਜਾਲ ਨਹੀਂ ਹੁੰਦੀ। ਮਹਾਰਾਜਾ ਸ਼ੇਰ ਸਿੰਘ ਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਵਾਰਸ ਬਣ ਕੇ ਸ਼ਕਤੀਸ਼ਾਲੀ ਮਹਾਰਾਜਾ ਬਣਿਆ, ਉਹ ਹਰਿਮੰਦਰ ਸਾਹਿਬ ਵਿਚ ਆਪਣੇ ਪਿਤਾ ਵਾਂਗ ਬੇਪਨਾਹ ਸ਼ਰਧਾ ਤੇ ਸਤਿਕਾਰ ਦੀ ਭਾਵਨਾ ਰਖਦਾ ਸੀ। ਇਕ ਵਾਰੀ ਦਰਬਾਰ ਸਾਹਿਬ ਮੱਥਾ ਟੇਕਣ ਆਇਆ ਤੇ ਜੋ ਭੇਟਾਵਾਂ ਉਹ ਦਰਬਾਰ ਸਾਹਿਬ ਚੜ੍ਹਾਉਣ ਲਈ ਨਾਲ ਲੈ ਕੇ ਆਇਆ, ਉਨ੍ਹਾਂ ਨੂੰ ਲਿਆਉਣ ਵਾਲਾ ਸੇਵਕ ਕੁਝ ਪਿੱਛੇ ਰਹਿ ਗਿਆ। ਮਹਾਰਾਜਾ ਹਰਿਮੰਦਰ ਸਾਹਿਬ ਵਿਚ ਦਾਖਲ ਹੋ ਕੇ ਜਦ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋਇਆ ਤਾਂ ਆਪਣੇ ਭੇਟਾਵਾਂ ਵਾਲੇ ਸੇਵਕ ਨੂੰ ਨਾਲ ਨਾ ਦੇਖ ਕੇ ਬਹੁਤ ਘਬਰਾਇਆ। ਇਸ ਘਬਰਾਹਟ ਵਿਚ ਉਸ ਨੇ ਆਪਣੀਆਂ ਜੇਬਾਂ ਵਿਚ ਹੱਥ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਖੁਸ਼ਕਿਸਮਤੀ ਨਾਲ ਇਕ ਸੁਚੇ ਹੀਰੇ ਮੋਤੀਆਂ ਤੇ ਰਤਨਾਂ ਦੀ ਮਾਲਾ ਉਸ ਦੇ ਜੇਬ ਵਿਚੋਂ ਨਿਕਲ ਆਈ। ਮਹਾਰਾਜੇ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਤੇ ਉਹ ਬਹੁਮੁਲੀ ਮਾਲਾ ਮੱਥਾ ਟੇਕ ਕੇ ਸਤਿਗੁਰਾਂ ਅੱਗੇ ਨਕ ਰਗੜੇ।

ਇੱਥੇ ਹੀ ਬਸ ਨਹੀਂ ਮਹਾਰਾਜਾ ਸ਼ੇਰ ਸਿੰਘ ਨੇ ਹਰਿਮੰਦਰ ਸਾਹਿਬ ਦੇ ਅਦੁਤੀ ਸਤਿਕਾਰ ਵਿਚ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਨੂੰ ਖੁਲ੍ਹਾ ਅਖਤਿਆਰ ਦਿੱਤਾ ਹੋਇਆ ਸੀ ਕਿ ਉਸ ਨੂੰ ਇਹ ਹੱਕ ਹਾਸਲ ਹੈ ਕਿ ਉਹ ਮਹਾਰਾਜੇ ਤੋਂ ਜਦ ਚਾਹੇ ਦੋ ਗੱਲਾਂ ਮਨਵਾ ਸਕਦਾ ਹੈ ਅਤੇ ਮਹਾਰਾਜੇ ਨੂੰ ਹਰਿਮੰਦਰ ਸਾਹਿਬ ਦੇ ਸਤਿਕਾਰ ਵਿਚ ਇਨ੍ਹਾਂ ਨੂੰ ਮੰਨਣ ਵਿਚ ਹਮੇਸ਼ਾ ਬਹੁਤ ਹੀ ਖੁਸ਼ੀ ਹੋਵੇਗੀ। ਇਤਿਹਾਸ ਗਵਾਹ ਹੈ ਕਿ ਹਰਿਮੰਦਰ ਸਾਹਿਬ ਦੇ ਇਕ ਗ੍ਰੰਥੀ ਨੇ ਇਕ ਵਾਰੀ ਮਹਾਰਾਜੇ ਪਾਸੋਂ ਦੋ ਗੱਲਾਂ ਮਨਵਾਈਆਂ ਵੀ। ਇਕ ਗੱਲ ਤਾਂ ਉਸ ਗ੍ਰੰਥੀ ਨੇ ਇਹ ਮਨਵਾਈ ਕਿ ਲਹਿਣਾ ਸਿੰਘ ਸੰਧਾਵਾਲੀਆ ਨੂੰ ਛੱਡ ਦਿੱਤਾ ਜਾਵੇ ਅਤੇ ਦੂਜੀ ਗੱਲ ਇਹ ਕਿ ਅਤਰ ਸਿੰਘ ਅਤੇ ਅਜੀਤ ਸਿੰਘ ਜੋ ਅੰਗਰੇਜ਼ੀ ਇਲਾਕੇ ਵਿਚ ਗਏ ਹੋਏ ਸਨ, ਉਨ੍ਹਾਂ ਨੂੰ ਵਾਪਸ ਬੁਲਾਉਣ ਦਾ ਹੁਕਮ ਦਿੱਤਾ ਜਾਵੇ। ਭਾਵੇਂ ਇਨ੍ਹਾਂ ਦੋਹਾਂ ਗੱਲਾਂ ਦਾ ਹਰਿਮੰਦਰ ਸਾਹਿਬ ਦੇ ਪ੍ਰਬੰਧ ਜਾਂ ਬਿਹਤਰੀ ਨਾਲ ਸਿੱਧਾ

ਜਾਂ ਅਸਿੱਧਾ ਕੋਈ ਵੀ ਵਾਸਤਾ ਨਹੀਂ ਸੀ ਅਤੇ ਇਹ ਦੋਨੋਂ ਗੱਲਾਂ ਰਾਜਨੀਤੀ ਨਾਲ ਸੰਬੰਧਿਤ ਸਨ ਫਿਰ ਵੀ ਮਹਾਰਾਜਾ ਸ਼ੇਰ ਸਿੰਘ ਨੇ ਇਨ੍ਹਾਂ ਦੋਨਾਂ ਗੱਲਾਂ ਨੂੰ ਪੂਰਾ ਕਰਨ ਲਈ ਫੌਰੀ ਹੁਕਮ ਜਾਰੀ ਕਰ ਦਿੱਤੇ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਨੂੰ ਮੰਨਣ ਵਿਚ ਅੱਗੇ ਜਾ ਕੇ ਉਸ ਨੂੰ ਆਪਣੀ ਜਾਨ ਵੀ ਦੇਣੀ ਪਈ।

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਅੰਗ-83

ਮਹਾਰਾਜੇ ਨੇ ਬਤੌਰ ਇਕ ਨਿਮਾਣੇ ਸਿੱਖ ਦੇ, ਹਰਿਮੰਦਰ ਪ੍ਰਤੀ ਆਪਣੇ ਸਤਿਕਾਰ ਨੂੰ ਪ੍ਰਮੁੱਖ ਰਖਿਆ ਅਤੇ ਇਸ ਦੀ ਹਸਤੀ, ਇਸ ਦੀ ਮਰਿਆਦਾ, ਇਸ ਦੇ ਚਜ ਅਚਾਰ ਦੇ ਸਤਿਕਾਰ ਵਿਚ ਫਨਾਹ ਹੋ ਜਾਣ ਨੂੰ ਵੀ ਜ਼ਿੰਦਗੀ ਦਾ ਸਵਾਬ ਸਮਝਿਆ। ਆਪਣੀ ਰੋਜ਼ ਦੀ ਅਰਦਾਸ ਵਿਚ ਹਰਿਮੰਦਰ ਦੇ ਦਰਸ਼ਨਾਂ ਦੀ ਲੋਚਾ ਪ੍ਰਗਟਾਉਣ ਵਾਲੇ ਸਿੱਖ ਲਈ ਇਸ ਤੋਂ ਉੱਤੇ ਹੋਰ ਕੀ ਹੋ ਸਕਦਾ ਹੈ? ਉਹ ਦਰਬਾਰ ਸਾਹਿਬ ਅੱਗੇ ਵਧੀਆ ਵਧੀਆ ਚੜ੍ਹਾਵੇ ਚੜ੍ਹਾ ਕੇ ਖੀਵਾ ਹੁੰਦਾ ਹੈ। ਆਪਣੀ ਨਿਕੀ ਨਿਕੀ ਮਿਹਨਤ ਭਰੀ ਕਮਾਈ ਵਿਚੋਂ ਹਰਿਮੰਦਰ ਸਾਹਿਬ ਦੀ ਸੇਵਾ ਦਾ ਹਿੱਸਾ ਪਹਿਲੇ ਕਢਦਾ ਰਹਿੰਦਾ ਹੈ ਅਤੇ ਜਦ ਇਸ ਨੂੰ ਇਹ ਅਦਾਇਗੀ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਹੈ ਤਾਂ ਉਹ ਆਪਣੇ ਆਪ ਨੂੰ ਚੰਗੇ ਭਾਗਾਂ ਵਾਲਾ ਸਮਝਦਾ ਹੈ। ਸ਼ਾਇਦ ਇਹੋ ਸਭ ਕੁਝ ਦੇਖ ਕੇ ਹੀ ਇਤਿਹਾਸਕਾਰ ਮੁਹਸਨ ਫਾਨੀ ਇਹ ਲਿਖਣ ਵਿਚ ਗੁਰੇਜ਼ ਨਹੀਂ ਕਰਦਾ ਕਿ ਮੁਗ਼ਲ ਬਾਦਸ਼ਾਹਾਂ ਦਾ ਟੈਕਸ, ਲਗਾਨ ਜਾਂ ਕਰ ਅਦਾ ਕਰਨ ਵਿਚ ਪਰਜਾ ਹੀਲ ਹੁਜਤ ਕਰਦੀ ਹੈ ਤੇ ਉਹ ਪੂਰੇ ਯਤਨਾਂ ਨਾਲ ਵੀ ਪੂਰੇ ਦਾ ਪੂਰਾ ਨਹੀਂ ਉਗਰਾਹਿਆ ਜਾਂਦਾ ਪਰ ਹਰਿਮੰਦਰ ਸਾਹਿਬ ਵਿਚ ਚੜ੍ਹਾਵਾ ਚੜਾਉਣ ਲਗਿਆਂ ਸਿੱਖਾਂ ਨੂੰ ਖੁਸ਼ੀ ਹੁੰਦੀ ਹੈ ਤੇ ਉਹ ਆਪਣਾ ਸਭ ਕੁਝ ਇਸ ਅਸਥਾਨ ਲਈ ਵਾਰਨ ਵਿਚ ਕਦੇ ਪਿੱਛੇ ਨਹੀਂ ਰਹਿੰਦੇ ਅਤੇ ਆਪਣੀ ਕਮਾਈ ਵਿਚੋਂ ਦਸਵੰਧ ਇਕ ਪਾਸੇ ਰਖ ਕੇ ਹੀ ਆਪਣੀ ਕਮਾਈ ਨੂੰ ਸੁੱਚਾ ਸਮਝ ਕੇ ਉਸਦਾ ਪ੍ਰਯੋਗ ਕਰਦੇ ਹਨ।

ਅਸੀਂ ਦੇਖਦੇ ਹਾਂ ਹਰਿਮੰਦਰ ਸਾਹਿਬ ਵਿਖੇ ਹਰ ਰੋਜ਼ ਅਤੀ ਸੁੰਦਰ ਚੰਦੋਆ ਸਾਹਿਬ ਸਜਾਇਆ ਜਾਂਦਾ ਹੈ ਜਿਸਦੇ ਨਾਲ ਉਸੇ ਰੰਗ ਅਤੇ ਸ਼ਾਨਦਾਰ ਕਢਾਈ ਦੇ 5 ਰੁਮਾਲਿਆਂ ਦਾ ਵੀ ਸੈੱਟ ਹੁੰਦਾ ਹੈ ਜਿਸਦੀ ਆਬੋਤਾਬ ਦੇਖਦਿਆਂ ਹੀ ਬਣਦੀ ਹੈ। ਇਸ ਸਾਰੇ ਸਜਾਵਟੀ ਸੈੱਟ ਦੀ ਕੀਮਤ 2,3 ਲੱਖ ਰੁਪਏ ਤੱਕ ਵੀ ਜਾ ਸਕਦੀ ਹੈ। ਹਰ ਸ਼ਰਧਾਲੂ ਦੀ ਦਿਲੀ ਇੱਛਾ ਹੁੰਦੀ ਹੈ ਕਿ ਹਰਿਮੰਦਰ ਸਾਹਿਬ ਵਿੱਚ ਤਣਿਆ ਚੰਦੋਆ ਸਾਹਿਬ ਤੇ ਸਜਾਵਟੀ ਰੁਮਾਲੇ ਬੇ ਮਿਸਾਲ ਹੋਣ, ਇਸ ਵਿੱਚ ਉਸਨੂੰ ਵਸਮਾਦੀ ਖ਼ੁਸ਼ੀ ਹੁੰਦੀ ਹੈ। ਇਨ੍ਹਾਂ ਚੰਦੋਆ ਸਾਹਿਬਾਨ ਤੇ ਰੁਮਾਲਿਆਂ ਦੇ ਸੈੱਟਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨਾਲ ਅੰਗੀਕਾਰ ਕਰਵਾਣ ਵਾਲੀਆਂ ਸੰਗਤਾਂ ਦੀ ਲੰਮੀ ਲਾਈਨ ਲਗੀ ਹੋਈ ਹੈ ਅਤੇ ਜੇਕਰ ਕੋਈ ਸ਼ਰਧਾਲੂ ਇਸ ਸਜਾਵਟੀ ਸੈੱਟ ਦੀ ਸੇਵਾ ਕਰਵਾਣਾ ਚਾਹੇ ਤਾਂ ਉਸਨੂੰ 2014 ਤਕ ਉਡੀਕ ਕਰਨੀ ਪਵੇਗੀ।

ਚੰਦੋਆ ਸਾਹਿਬ ਅੱਗੇ 55 ਪਰਕਾਰ ਦੇ ਸ਼ੁਧ ਸੋਨੇ ਦੇ ਛਬੇ ਵੀ ਲਗੇ ਹੋਏ ਹਨ ਜਿਨ੍ਹਾਂ ਵਿੱਚ ਅਤੀ ਕੀਮਤੀ ਮੋਤੀ ਤੇ ਰਤਨ ਜੜ੍ਹੇ ਹੋਏ ਹਨ। ਸੈਂਟਰ ਵਿੱਚ ਲਗੇ ਛਬਾ ਸਾਹਿਬ ਦਾ ਵਜ਼ਨ ਦੋ ਕਿਲੋ ਹੈ। ਇਹ ਸਾਰੇ ਛਬੇ ਸੰਗਤਾਂ ਨੇ ਆਪਣੇ ਗੁਰੂ ਦੇ ਸਤਿਕਾਰ ਵਿੱਚ ਚੜ੍ਹਾਅ ਕੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਹਨ। ਹਰ ਸ਼ਰਧਾਲੂ ਹਰਿਮੰਦਰ ਸਾਹਿਬ ਲਈ ਕੁਝ ਵੀ ਕਰਨ ਵਿੱਚ ਇਲਾਹੀ ਖ਼ੁਸ਼ੀ ਮਹਿਸੂਸ ਕਰਦਾ ਹੈ ਕਿਉਂਕਿ ਹਰਿਮੰਦਰ ਸਮੁੱਚੇ ਪੰਥ ਦੀ ਹਸਤੀ ਅਤੇ ਚੜ੍ਹਤ ਦੀ ਨਿਸ਼ਾਨੀ ਹੈ, ਖ਼ੂਬਸੂਰਤ ਤਸਵੀਰ ਹੈ।

ਅਤਿ ਰਮਣੀਕ ਬਨੀ ਜਿਹ ਸੋਭਾ
ਦੇਖਤਿ ਜਿਸਹਿ ਨ ਗਿਹਿ ਮਨ ਲੋਭਾ ਸੂਰਜ ਪਰਕਾਸ਼ ਪੰਨਾ-1857

ਕੀ ਇਹ ਗੱਲ ਆਪਣੇ ਆਪ ਵਿਚ ਹੈਰਾਨਗੀ ਵਾਲੀ ਨਹੀਂ ਕਿ ਹਰਿਮੰਦਰ ਦੀ ਉਪਮਾ ਸੁਣ ਕੇ ਇਕ ਗ਼ੈਰ-ਭਾਰਤੀ ਮੁਸਲਮਾਨ ਹਜ਼ਰਤ ਹਾਜੀ ਮਸਕੀਨ ਹਰਿਮੰਦਰ ਦਾ ਸ਼ਰਧਾਲੂ ਤੇ ਸ਼ੈਦਾਈ ਹੋ ਗਿਆ ਜਿਸ ਨੇ 9 ਮਣ 14 ਸੇਰ ਚੰਦਨ ਦੀ ਸ਼ੁਧ ਲਕੜੀ ਵਿਚੋਂ 1 ਲੱਖ 45 ਹਜ਼ਾਰ ਬਾਰੀਕ ਤਾਰਾਂ ਘੜ ਕੇ ਕੱਢੀਆਂ ਤੇ 5 ਸਾਲ 7 ਮਹੀਨੇ ਲਗਾਤਾਰ ਦਿਨ ਰਾਤ ਦੀ ਮਿਹਨਤ ਨਾਲ ਇਕ ਚੌਰ ਤਿਆਰ ਕੀਤਾ ਜੋ ਉਹ 31.12.1925 ਨੂੰ ਹਰਿਮੰਦਰ ਸਾਹਿਬ ਦੇ ਰਾਗੀ ਭਾਈ ਹੀਰਾ ਸਿੰਘ ਨੂੰ ਨਾਲ ਲੈ ਕੇ ਖ਼ੁਦ ਦਰਬਾਰ ਸਾਹਿਬ ਚੜ੍ਹਾਉਣ ਲਈ ਲੈ ਕੇ ਆਇਆ ਅਤੇ ਅਜਿਹੀ ਭੇਟਾ ਚੜ੍ਹਾ ਕੇ ਉਸ ਨੂੰ ਇਲਾਹੀ ਖੁਸ਼ੀ ਅਨੁਭਵ ਹੋਈ (ਹਵਾਲਾ ਦਰਬਾਰ ਸਾਹਿਬ ਰਿਪੋਰਟ)। ਦਰਬਾਰ ਸਾਹਿਬ ਪ੍ਰਬੰਧ ਵਲੋਂ ਇਸ ਸ਼ਰਧਾਲੂ ਦੇ ਸਨਮਾਨ ਵਜੋਂ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ ਜਿਸ ਵਿਚ ਇਸ ਮੁਸਲਮਾਨ ਸ਼ਰਧਾਲੂ ਦਾ ਭਰਵਾਂ ਸਤਿਕਾਰ ਕਰਦਿਆਂ ਹੋਇਆਂ ਉਸ ਨੂੰ 101 ਸੋਨੇ ਦੇ ਪੌਂਡ, ਕਈ ਦੁਸ਼ਾਲੇ ਤੇ ਹੋਰ ਯਾਦਗਾਰੀ ਉਪਹਾਰ ਭੇਂਟ ਕੀਤੇ ਗਏ। ਇਸ ਸਨਮਾਨ ਸਮਾਰੋਹ ਨੇ ਸਾਰੇ ਵਾਤਾਵਰਨ ਵਿੱਚ ਸਾਂਝੀਵਾਲਤਾ ਦੀ ਖ਼ੁਸ਼ਬੂ ਖਿਲਾਰ ਦਿੱਤੀ।

ਅਜਿਹੇ ਸਿਦਕਵਾਨਾਂ ਦੀਆਂ ਸੇਵਾਵਾਂ ਹਮੇਸ਼ਾ ਹਮੇਸ਼ਾ ਲਈ ਯਾਦ ਰਖੀਆਂ ਜਾਣਗੀਆਂ ਜਿਨ੍ਹਾਂ ਤੋਂ ਇਹ ਉਭਰਵਾਂ ਸੰਕੇਤ ਮਿਲਦਾ ਹੈ ਕਿ ਪਰਮਾਤਮਾ ਦਾ ਸਿਰਜਿਆ ਇਹ ਤੀਰਥ ਹਰ ਸ਼ਰਧਾਲੂ ਨੂੰ ਜੀ ਆਇਆਂ ਆਖਦਾ ਹੈ ਅਤੇ ਕਿਸੇ ਵੀ ਧਰਮ ਦਾ ਪ੍ਰੇਮੀ ਦਰਬਾਰ ਸਾਹਿਬ ਨਾਲ ਆਪਣਾ ਸਨੇਹ ਭਰਿਆ ਰਿਸ਼ਤਾ ਜਿਵੇਂ ਵੀ ਚਾਵੇ, ਜਦ ਵੀ ਚਾਹੇ ਜੋੜ ਕੇ ਅਕਾਲਪੁਰਖ ਦੀਆਂ ਖ਼ੁਸ਼ੀਆਂ ਨਾਲ ਆਪਣੀ ਸਾਂਝ ਪਾ ਸਕਦਾ ਹੈ ਤੇ ਇਸ ਕੰਮ ਲਈ ਉਸਨੂੰ ਕਿਸੇ ਵਿਚੋਲੇ ਦੀ ਲੋੜ ਨਹੀਂ। ਪਿਤਾ ਦੇ ਘਰ ਆਉਣ ਲਗਿਆਂ ਕਿਸੇ ਤੋਂ ਪੁੱਛਣ ਦੀ ਲੋੜ ਥੋੜ੍ਹੀ ਹੁੰਦੀ ਹੈ?

ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ਅੰਗ-97

.14.

ਅਫ਼ਗਾਨੀਆਂ ਦਾ ਹਰਿਮੰਦਰ ਪ੍ਰਤੀ ਹਵਾਈ ਸਤਿਕਾਰ

1981 ਦੇ ਜੂਨ ਮਹੀਨੇ ਦੀ 28 ਤਰੀਖ ਦੀ ਗੱਲ ਹੈ। ਸਵੇਰੇ 8 ਵਜੇ ਅਫ਼ਗਾਨ ਏਅਰ ਵੇਜ਼ ਦੇ ਜਹਾਜ਼ ਨੇ ਰਾਜਾ ਸਾਂਸੀ ਹਵਾਈ ਅੱਡੇ ਤੋਂ ਉਡਾਨ ਭਰਦਿਆਂ ਹੀ ਅੰਮ੍ਰਿਤਸਰ ਸ਼ਹਿਰ ਵਲ ਰੁਖ ਕਰ ਲਿਆ। ਹਾਲੇ ਬਹੁਤਾ ਉੱਚਾ ਨਹੀਂ ਸੀ ਹੋਇਆ ਕਿ ਉਹ ਹਰਿਮੰਦਰ ਸਾਹਿਬ ਕੰਪਲੈਕਸ ਦੀਆਂ ਪ੍ਰਕਰਮਾ ਦੇ ਆਲੇ-ਦੁਆਲੇ ਇਕ ਖੰਭ ਨੀਵਾਂ ਤੇ ਦੂਜਾ ਕੁਝ ਉੱਚਾ ਕਰਕੇ ਪ੍ਰਕਰਮਾਂ ਕਰਨ ਮਗਰੋਂ ਉੱਚਾ ਹੋਣਾ ਸ਼ੁਰੂ ਹੋ ਗਿਆ। ਬਾਰੀ ਦੇ ਨਾਲ ਬੈਠਾ ਹੋਣ ਕਾਰਨ ਮੈਨੂੰ ਦਰਬਾਰ ਸਾਹਿਬ ਦੇ ਅਕਾਸ਼ ਤੋਂ ਦਰਸ਼ਨ ਕਰਨ ਦਾ ਪਹਿਲੀ ਵਾਰੀ ਸੁਭਾਗਾ ਅਵਸਰ ਮਿਲਿਆ। ਸੱਚਮੁਚ ਬੜਾ ਅਲੌਕਿਕ ਨਜ਼ਾਰਾ ਸੀ ਥੱਲੇ। ਇਵੇਂ ਲਗਦਾ ਸੀ ਕਿ ਕੋਈ ਸੱਚਖੰਡ ਸਜਿਆ ਹੋਵੇ। ਮੇਰੇ ਲਈ ਇਹ ਬੜਾ ਅਸਚਰਜ ਜਿਹਾ ਕੌਤਕ ਬਣ ਗਿਆ। ਉਸੇ ਦਿਨ ਅੰਮ੍ਰਿਤ ਵੇਲੇ 4 ਵਜੇ ਮੈਂ ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਵੇਸ਼ ਸਮੇਂ ਪਾਲਕੀ ਸਾਹਿਬ ਨੂੰ ਮੋਢਾ ਦੇ ਰਿਹਾ ਸਾਂ। ਗੁਲਾਬ ਦੇ ਫੁਲਾਂ ਦੀਆਂ ਪਤੀਆਂ ਜੋ ਅਸਵਾਰਾ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਜੋਂ ਸੁਟੀਆਂ ਜਾ ਰਹੀਆਂ ਸਨ ਉਨ੍ਹਾਂ ਨੂੰ ਲੰਡਨ ਵਿਖੇ ਆਪਣੇ ਮਿੱਤਰਾਂ ਨੂੰ ਪ੍ਰਸ਼ਾਦ ਵਜੋਂ ਦੇਣ ਲਈ ਚੁਗ ਰਿਹਾ ਸਾਂ। ਦਰਬਾਰ ਸਾਹਿਬ ਦਾ ਪ੍ਰਸ਼ਾਦ ਮੇਰੇ ਹੱਥਾਂ ਵਿਚ ਸੀ। ਉਸ ਵਕਤ ਮੈਂ ਉਸ ਪਵਿੱਤਰ ਪਰੀਸਰ ਦਾ ਇਕ ਅੰਗ ਸਾਂ, ਹੁਣ ਤਿੰਨ ਚਾਰ ਘੰਟਿਆਂ ਮਗਰੋਂ ਹਵਾਈ ਦਰਸ਼ਕ ਬਣ ਕੇ ਅਜੀਬ ਜਿਹਾ ਨਜ਼ਾਰਾ ਨਿਹਾਰ ਰਿਹਾ ਸਾਂ ਅਤੇ ਆਪਣੇ ਸਤਿਗੁਰਾਂ ਪ੍ਰਤੀ ਆਪਣਾ ਸਤਿਕਾਰ ਵਿਅਕਤ ਕਰ ਰਿਹਾ ਸਾਂ। ਜਦ ਹਵਾਈ ਜਹਾਜ਼ ਆਪਣੀ ਪੂਰੀ ਉਚਾਣ ਤੇ ਜਾਣ ਮਗਰੋਂ ਕਾਬਲ ਵੱਲ ਵੱਧਣਾ ਸ਼ੁਰੂ ਹੋ ਗਿਆ ਤਾਂ ਮੁਸਾਫਰਾਂ ਨੂੰ ਨਾਸ਼ਤਾ ਦਿੱਤਾ ਜਾਣ ਲੱਗਾ।

ਜਦੋਂ ਹਵਾਈ ਪ੍ਰਚਾਲਕਾ (Air Hostess) ਮੇਰੇ ਪਾਸ ਨਾਸ਼ਤਾ ਲੈ ਕੇ ਆਈ ਤਾਂ ਮੈਂ ਉਸ ਨੂੰ ਕਿਹਾ ਕਿ ਦਰਬਾਰ ਸਾਹਿਬ ਦੇ ਅਕਾਸ਼ੋਂ ਦਰਸ਼ਨ ਕਰਵਾਉਣ ਲਈ ਕੈਪਟਨ ਨੂੰ ਮੇਰਾ ਧੰਨਵਾਦ ਪਹੁੰਚਾ ਦੇਣਾ। ਇਸ ਦੇ ਉੱਤਰ ਵਿਚ ਏਅਰ ਹੋਸਟਸ ਨੇ ਮੈਨੂੰ ਬੜੇ ਖੁਸ਼ੀ ਭਰੇ ਲਹਿਜੇ ਵਿਚ ਦੱਸਿਆ ਕਿ ਹਵਾਈ ਜਹਾਜ਼ ਦਾ ਅਫ਼ਗਾਨ ਕੈਪਟਨ ਖੁਦ ਵੀ ਗੋਲਡਨ ਟੈਂਪਲ ਪ੍ਰਤੀ ਬਹੁਤ ਸਤਿਕਾਰੀ ਸ਼ਰਧਾ ਰੱਖਦਾ ਹੈ। ਉਸ ਹੋਰ ਦੱਸਿਆ ਕਿ ਜਦ ਕਦੀ ਵੀ ਸਾਡੀ ਟੀਮ ਇਸ ਪਾਇਲਟ ਦੀ ਅਗਵਾਈ ਹੇਠ ਅੰਮ੍ਰਿਤਸਰ ਦੀ ਫਲਾਈਟ ਤੇ ਆਉਂਦੀ

ਹੈ ਤਾਂ ਅਸੀਂ ਹਰ ਹਾਲਤ ਵਿਚ ਰਾਤ ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਹਾਂ ਤੇ ਇਕ ਸ਼ਰਧਾਵਾਨ ਸ਼ਰਧਾਲੂ ਵਾਂਗ ਵਾਹਿਗੁਰੂ ਤੋਂ ਸ਼ੁਭ ਕਾਮਨਾ ਦੀ ਯਾਚਨਾ ਕਰਦੇ ਹਾਂ ਤੇ ਇਵੇਂ ਸਾਡੀਆਂ ਸਾਰੀਆਂ ਪਰੇਸ਼ਾਨੀਆਂ ਤੇ ਚਿੰਤਾਵਾਂ ਮੁਕ ਜਾਂਦੀਆਂ ਹਨ।

ਅੰਮ੍ਰਿਤਸਰ ਵਲ ਜਾਂਦੇ ਰਾਹੀਓ, ਜਾਣਾ ਗੁਰਦਵਾਰੇ ਭਈ,
ਹਰਿਮੰਦਰ ਦੇ ਦਰਸ਼ਨ ਕਰਕੇ, ਟੁੱਟ ਜਾਂਦੇ ਦੁਖ ਸਾਰੇ ਭਈ।

ਸਵੇਰੇ ਜਦ ਜਹਾਜ਼ ਅੰਮ੍ਰਿਤਸਰ ਤੋਂ ਉਡਾਨ ਭਰਦਾ ਹੈ ਤਾਂ ਕੈਪਟਨ ਗੋਲਡਨ ਟੈਂਪਲ ਪ੍ਰਤੀ ਆਪਣਾ ਸਤਿਕਾਰ ਵਿਅਕਤ ਕਰਨ ਹਿਤ ਇਸ ਸਾਰੇ ਪਵਿੱਤਰ ਕੰਪਲੈਕਸ ਦੀ ਹਵਾਈ ਪਰਕਰਮਾ ਜਹੀ ਕਰਦਾ ਹੈ। ਉਹ ਇਸ ਦੌਰਾਨ ਜਹਾਜ਼ ਨੂੰ ਬਿਲਕੁਲ ਟੇਡਾ ਰੱਖ ਕੇ ਸਲੂਟ ਮਾਰਨ ਦੀ ਮੁਦਰਾ ਵਿਚ ਜਹਾਜ਼ ਦਾ, ਆਪਣਾ, ਜਹਾਜ਼ ਦੇ ਕਰਿਊ ਦਾ ਤੇ ਸਾਰੇ ਮੁਸਾਫਰਾਂ ਦਾ ਸਤਿਕਾਰ ਹਰਿਮੰਦਰ ਸਾਹਿਬ ਪ੍ਰਤੀ ਅਰਪਤ ਕਰਦਾ ਹੈ। ਅਜਿਹਾ ਕਰਦੇ ਹੋਏ ਉਸ ਨੂੰ ਤੇ ਸਾਨੂੰ ਸਾਰਿਆਂ ਨੂੰ ਬਹੁਤ ਖੁਸ਼ੀ ਹੁੰਦੀ ਹੈ ਅਤੇ ਇਸ ਕਰਮ ਨਾਲ ਸਾਡੇ ਮਨ ਮੰਦਰ ਵਿਚ ਇਸ ਅਦਭੁਤ ਸਥਾਨ ਬਾਰੇ ਪਵਿੱਤਰਤਾ ਨਾਲ ਗੁੰਦੇ ਵਿਚਾਰ ਸਾਰਾ ਸਾਰਾ ਦਿਨ ਉਤਪੰਨ ਹੁੰਦੇ ਰਹਿੰਦੇ ਹਨ। ਇਸ ਫਲਾਈਟ ਦੀ ਸਾਨੂੰ ਹਮੇਸ਼ਾ ਤਾਂਘ ਰਹਿੰਦੀ ਹੈ। ਉਸ ਦੇ ਇਹ ਸ਼ਬਦ ਸੁਣ ਕੇ ਕਵੀ ਡਾ. ਇੰਦਰਜੀਤ ਸਿੰਘ ਦੇ ਇਹ ਕਾਵਿਕ ਸ਼ਬਦ ਕਿਤਨੇ ਸਚੇ ਲਗਦੇ ਹਨ-

ਹਰਿਮੰਦਰ ਸਭ ਦਾ ਸਾਂਝਾ ਹੈ, ਕਿਸੇ ਇੱਕ ਦਾ ਬਣ ਨਹੀਂ ਸਕਦਾ।
ਇਹ ਮਨੁੱਖਤਾ ਦਾ ਚੰਦੋਆ ਹੈ, ਕਿਸੇ ਇਕ ਲਈ ਤਣ ਨਹੀਂ ਸਕਦਾ।

ਇਸ ਸਾਰੀ ਵਾਰਤਾਲਾਪ ਨਾਲ ਮੇਰੀ ਆਤਮਾ ਜੋ ਪਹਿਲੇ ਹੀ ਦਰਬਾਰ ਸਾਹਿਬ ਦੇ ਹਵਾਈ ਦਰਸ਼ਨ ਕਰ ਕੇ ਗਦ ਗਦ ਹੋਈ ਪਈ ਸੀ, ਨੂੰ ਹੋਰ ਬਲ ਪ੍ਰਦਾਨ ਹੋਇਆ। ਮੇਰੇ ਅੰਦਰ ਇਹ ਭਾਵਨਾ ਹੋਰ ਪ੍ਰਬਲ ਹੋ ਗਈ ਕਿ ਧਰਮ ਨਿਸ਼ਚੇ ਤੇ ਅਧਾਰਤ ਜੀਵਨ ਜਾਚ ਹੈ। ਜੇ ਨਿਸ਼ਚਾ ਨਹੀਂ ਤਾਂ ਸਭ ਕੁਝ ਰਸਮੀ ਤੇ ਬੇਮਹਿਨੀ ਹੈ ਤੇ ਨਿਸ਼ਚੇ ਵਾਲੇ ਦੇ ਬੇੜੇ ਪਾਰ ਹਨ।

ਹਰਿਮੰਦਰ ਦੀਆਂ ਫਿਜ਼ਾਈ ਝਲਕੀਆਂ ਦੇ ਕੌਤਕ ਨਿਆਰੇ ਨੇ,
ਚਹਿਚਹੁੰਦੇ ਪੰਛੀਆਂ ਨੇ ਵੀ ਇੱਥੇ ਬਸ ਉਸੇ ਨੂੰ ਗਾਇਆ ਏ॥

ਹਰਿਮੰਦਰ ਦੀ ਆਤਮਿਕ ਆਭਾ ਤੋਂ ਵਾਰਨੇ ਜਾਂਦਾ ਮੈਂ ਵੀ ਇਸੇ ਦੇ ਸਤਿਕਾਰ ਵਿਚ ਗੜੂੰਦ ਹੋ ਕੇ ਮੂਕ ਉਸਤਤ ਵਿਚ ਲੀਨ ਹੋ ਗਿਆ।

ਉਸਤਤਿ ਬਰਨਿ ਨ ਸਕੀਐ
ਸਦ ਸਦ ਕੁਰਬਾਨਾ॥ ਅੰਗ-556

.15.

ਹੈ ਸੋਨੇ ਦੇ ਵਿੱਚ ਖੇਡਦੀ ਇਮਾਰਤ ਇਹ ਕਰਤਾਰ ਦੀ

ਹਰਿਮੰਦਰ ਸਾਹਿਬ ਸਿੱਖ ਦੀ ਸਰਬੰਗੀ ਸਤਾ ਦਾ ਸਰੋਤ ਹੈ, ਸਦਾਚਾਰ ਤੇ ਆਤਮਿਕ ਜੀਵਨ ਦਾ ਸਰਚਸ਼ਮਾ ਹੈ। ਸੁਹਿਰਦਤਾ, ਸਚਿਆਈ, ਨੇਕੀ, ਹਮਦਰਦੀ, ਸੇਵਾ, ਸੁਗਮਤਾ, ਪਵਿੱਤਰਤਾ, ਸੁੰਦਰਤਾ, ਪਰਉਪਕਾਰਤਾ ਅਤੇ ਬਲੀਦਾਨੀ ਜਜ਼ਬੇ ਦੇ ਨਿਖਾਰ ਦਾ ਸਚਖੰਡੀ ਕੇਂਦਰ ਹੈ। ਮਲੀਨ ਮਨ ਤੇ ਮੈਲੀਆਂ ਆਤਮਾਵਾਂ ਇੱਥੇ ਸਮਰਪਤ ਭਾਵਨਾ ਨਾਲ ਸਿਰ ਨਿਵਾਉਣ ਉਪਰੰਤ ਉਪਰੋਕਤ ਗੁਣਾਂ ਨਾਲ ਜੁੜਨਾ ਆਰੰਭ ਕਰ ਦੇਂਦੀਆਂ ਹਨ। ਸਾਰੇ ਹਰਿਮੰਦਰ ਖੇਤਰ ਵਿਚ ਕੋਈ ਐਸਾ ਚਿਤਰ, ਐਸੀ ਮੂਰਤੀ, ਐਸੀ ਜਗ੍ਹਾ ਜਾਂ ਐਸਾ ਇਸ਼ਤਿਹਾਰ ਤੇ ਪੋਸਟਰ ਨਹੀਂ ਦਿਸਦਾ ਜਿਸ ਰਾਹੀਂ ਵਿਸਰ ਭੋਲੇ ਵਿਚ ਵੀ ਕਿਸੇ ਅਸ਼ਲੀਲਤਾ ਦਾ ਝੌਲਾ ਪੈਂਦਾ ਹੋਵੇ, ਕਿਸੇ ਨਫਰਤ ਦੀ ਬੂ ਨਿਕਲਦੀ ਪਰਤੀਤ ਹੋਵੇ ਜਾਂ ਊਚ ਨੀਚ ਦੇ ਮਾੜੇ ਪ੍ਰਭਾਵਾਂ ਨਾਲ ਮਨ ਪੀੜਤ ਹੁੰਦਾ ਹੋਵੇ।

ਪਾਈ ਵਿਥ ਨਾ ਰੰਕਾਂ ਤੇ ਰਾਣਿਆਂ ਵਿੱਚ ਸਾਂਝੀ ਥਾਂ ਤੇ ਸਾਂਝਾ ਬਿਠਾ ਦਿਤਾ,
ਦੇ ਕੇ ਸਬਕ ਪ੍ਰੇਮ ਤੇ ਪਿਆਰ ਵਾਲਾ ਊਚ ਨੀਚ ਦਾ ਝਗੜਾ ਮਿਟਾ ਦਿਤਾ।

ਇਸ ਪਰੀਸਰ ਦਾ ਸਭ ਕੁਝ ਉੱਤਮ ਸੁਹਜ ਅਤੇ ਆਤਮਿਕ ਖੇੜੇ ਨੂੰ ਹੀ ਉਭਾਰਦਾ ਹੈ। ਇੱਥੇ ਨਾਮ ਨਿਧਾਨ ਨੂੰ ਝੋਲੀਆਂ ਭਰ ਭਰ ਕੇ ਵੰਡਿਆ ਜਾਂਦਾ ਹੈ।

ਹਰਿਮੰਦਰ ਮਹਿ ਨਾਮੁ ਨਿਧਾਨੁ ਹੈ
ਨਾ ਬੂਝਹਿ ਮੁਗਧ ਗਵਾਰ॥ ਅੰਗ-1346

ਸਖਣਾ ਮਨੁੱਖ ਵੀ ਜਦ ਇੱਥੇ ਆਉਂਦਾ ਹੈ ਤਾਂ ਹਰ ਪਰਕਾਰ ਦੀਆਂ ਬਖਸ਼ਿਸ਼ਾਂ ਨਾਲ ਭਰਿਆ ਹੋਇਆ ਵਾਪਸ ਜਾਂਦਾ ਹੈ। ਕਪਟੀ ਤੋਂ ਕਪਟੀ ਹਿਰਦਾ ਵੀ ਹਰਿਮੰਦਰ ਦੀ ਅਧਿਆਤਮਿਕ ਤੇ ਸਦਾਚਾਰਕ ਮਹਿਕ ਤੋਂ ਅਭਿਜ ਨਹੀਂ ਰਹਿ ਸਕਦਾ। ਕਈਆਂ ਮੁਜਰਮਾਂ ਤੇ ਕਾਤਲਾਂ ਨੇ ਆਪਣੇ ਜੁਰਮਾਂ ਦਾ ਇਕਬਾਲ ਭਾਵੇਂ ਥਾਣਿਆਂ, ਕਚਹਿਰੀਆਂ ਵਿਚ ਨਾ ਕੀਤਾ ਹੋਵੇ ਪਰ ਇਸ ਪਵਿੱਤਰ ਵਾਤਾਵਰਨ ਵਿਚ ਪੈਰ ਧਰਦਿਆਂ ਹੀ ਉਨ੍ਹਾਂ ਨੂੰ ਆਪਣੇ ਕੀਤੇ ਦਾ ਪਛਤਾਵਾ ਹੋਣ ਲਗ ਪਿਆ ਹੋਵੇ ਅਤੇ ਉਨ੍ਹਾਂ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਆਪਣੇ ਜੁਰਮ ਇਕਬਾਲ ਕੀਤੇ ਹੋਣ ਅਤੇ ਫਿਰ ਇਸ ਅਸਥਾਨ ਤੋਂ ਸੁਚੇ ਜੀਵਨ ਦਾ ਸੁਨੇਹਾ ਲੈ ਕੇ ਇਕ ਸੱਜਣ ਪੁਰਸ਼ ਵਾਂਗਰਾਂ ਜੀਵਨ ਬਤੀਤ ਕਰਨ ਵਿਚ ਸੰਤੋਖ ਅਨੁਭਵ ਕੀਤਾ ਹੋਵੇ। ਹਰਿਮੰਦਰ ਦੀ ਜ਼ਿਆਰਤ ਕਰਨ ਆਏ

ਸ਼ਰਧਾਲੂ ਯਾਤਰੂ ਦੀ ਮਨੋਦਸ਼ਾ ਦਾ ਜ਼ਿਕਰ ਪ੍ਰਸਿਧ ਪੰਜਾਬੀ ਕਵੀ ਜਸਵੰਤ ਸਿੰਘ ਰਾਹੀ ਬਹੁਤ ਖ਼ੂਬਸੂਰਤ ਲਹਿਜੇ ਵਿਚ ਕਰਦਿਆਂ 'ਸਭਿ ਉਤਰੇ ਪਾਪ ਕਮਾਤੇ' ਨਾਮੀ ਆਪਣੀ ਕਵਿਤਾ ਵਿਚ ਕਹਿੰਦਾ ਹੈ :

ਹਰਿਮੰਦਰ ਤੋਂ ਇਸ਼ਨਾਨ ਕਰ ਕਈ ਪਿੰਗਲੇ ਮੁੜਦੇ ਗਾਉਂਦੇ
ਮਿਹਰ ਕਰਨ ਜਦ ਰਾਮਦਾਸ ਗੁਰ, ਝਟ ਕਾਗੋਂ ਹੰਸ ਬਣਾਉਂਦੇ
ਉਹ ਜਾਣ ਥਕੇਵੇਂ ਲਾਹ ਕੇ, ਜੋ ਮੰਜ਼ਲਾਂ ਕਟ ਕਟ ਆਉਂਦੇ
ਕਟ ਲੈਂਦੇ ਗੇੜ ਚੁਰਾਸੀਆਂ, ਜੋ ਬਾਣੀ ਕੰਨੀਂ ਪਾਉਂਦੇ
ਅੰਮ੍ਰਿਤ ਵੇਲੇ ਸਤਿਨਾਮ, ਜਿਨ ਚੇਤਿਆ, ਕਦੇ ਨਾ ਹਾਰਿਆ
ਧੰਨੁ ਧੰਨੁ ਰਾਮ ਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ ॥

ਕੀਰਤਨ ਸੁਣ ਅਖੰਡ ਜੋ, ਘਰ ਮੁੜਦਾ ਸਚ ਵਖਾਣ ਕੇ
ਹੈ ਮਥੇ ਧਰਦਾ ਕਈ ਵਾਰ, ਉਹ ਗੋਦ ਪਿਤਾ ਦੀ ਜਾਣ ਕੇ
ਨਸ਼ਿਆਇਆ ਫਿਰਦਾ ਅਨੰਦ ਵਿਚ, ਉਹ ਰਬੀ ਰੂਪ ਨੂੰ ਮਾਣ ਕੇ
ਦਰਸ ਦਰਬਾਰ ਦੇ ਦੇਵੰਦਾ, ਚਲਦੇ ਨੂੰ, ਛਾਤੀ ਤਾਣ ਕੇ
ਜੋ ਸੇਵ ਕਰੇ ਤੇ ਜਪੇ ਹਰਿ, ਉਹ ਜਾਂਦਾ ਹੈ ਸਤਿਕਾਰਿਆ
ਧੰਨੁ ਧੰਨੁ ਰਾਮ ਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ ॥

ਅੱਗੇ ਚਲ ਕੇ ਸ਼ਰਧਾ ਵਸ ਆਇਆ ਕਵੀ ਹੋਰ ਲਿਖਦਾ ਹੈ:

ਸ਼ਾਹਾਂ ਦੇ ਸ਼ਾਹ ਹੋਣ ਮਾਤ, ਪ੍ਰਤੱਖ ਝਲਕ ਦੀਦਾਰ ਦੀ
ਲਖ ਡੁਬਦੇ ਬੇੜੇ ਤਾਰਦੀ, ਇਕ ਧੁੰਨ ਜੋ ਏਕੁੰਕਾਰ ਦੀ
ਹੈ ਸੋਨੇ ਦੇ ਵਿਚ ਖੇਡਦੀ, ਇਕ ਕਰਾਮਾਤ ਕਰਤਾਰ ਦੀ
ਚੁੰਮਣ ਦੇ ਲਈ ਚਰਨ ਧੂੜ, ਲਿਫ ਗਈ ਹਉਮੈ ਤਲਵਾਰ ਦੀ
ਬਖਸ਼ਿੰਦਾ ਸਦਾ ਅਕਾਲਪੁਰਖ, ਇਕ ਸਿਮਰਿਆ, ਸਚ ਚਿਤਾਰਿਆ
ਧੰਨੁ ਧੰਨੁ ਰਾਮ ਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ ॥

ਕਈ ਤਾਰੇ ਅੰਬਰੋਂ ਉਤਰੇ, ਕਈ ਚੰਨ ਆਏ ਪਰਦਖਣੀ,
ਕਈ ਸੂਰਜ ਸੀਸ ਨਿਵਾਇ ਕੇ, ਭਰ ਲੈ ਗਏ ਝੋਲੀ ਸਖਣੀ,
ਜਦ ਸੰਗਮਰਮਰ ਨੂੰ ਚੁੰਮੀਏ, ਮੂੰਹ ਜਾਪੇ ਆਉਂਦੀ ਮਖਣੀ,
ਚਰਨ ਕਮਲ ਦੀ ਓਟ ਲੈ, ਜੋ ਝੁਕਿਆ, ਗਿਆ ਉਭਾਰਿਆ,
ਧੰਨੁ ਧੰਨੁ ਰਾਮ ਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ ॥

ਹਰਿਮੰਦਰ ਦੇ ਦਰਸ਼ਨ ਦੀਦਾਰਿਆਂ ਨਾਲ ਇਨਸਾਨੀ ਜ਼ਿੰਦਗੀ ਦੀਆਂ ਨੀਹਾਂ ਬੇਲਾਗ ਪ੍ਰੇਮ, ਅਟੁੱਟ ਨਿਹੋਂ, ਸ਼ਰਧਾ ਮਈ ਸੰਤੋਖ ਅਤੇ ਸੇਵਾ ਰੂਪੀ ਸੁਚਮਤਾ ਨਾਲ ਭਰ ਕੇ ਅਜਿਹੀਆਂ ਪਰਪੱਕ ਹੋ ਜਾਂਦੀਆਂ ਹਨ ਕਿ ਉਨ੍ਹਾਂ ਨੂੰ ਫਿਰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦਾ ਵੰਨ ਸਵੰਨਾ ਮਾਰੂ ਬਰੂਦ ਵੀ ਉਖਾੜ ਨਹੀਂ ਸਕਦਾ। ਹਰਿਮੰਦਰ ਮਨੁੱਖੀ ਮਨ ਵਿਚ ਸਚ ਦੀ ਪੁਖਤਗੀ (ਪਕਿਆਈ) ਤੇ ਨੇਕ-ਕਰਮੀ ਦੀ ਦ੍ਰਿੜਤਾ ਦਾ ਸੂਚਕ ਹੈ ਅਤੇ ਸਿੱਖ ਦੀ ਸੇਵਾ ਤੇ ਸ਼ਰਧਾ ਭਰਪੂਰ ਆਤਮਾ ਦਾ ਪ੍ਰਤੀਕ ਹੈ। ਸੱਚੇ ਦਿਲੋਂ ਹਰਿਮੰਦਰ ਨਾਲ ਜੁੜਨ ਸਦਕਾ ਸੁਰਤ ਅਕਾਸ਼ ਮੰਡਲ ਦੇ ਹੁਲਾਰੇ ਖਾਣ ਲਗਦੀ ਹੈ, ਰੂਹ ਖੇੜਿਆਂ ਦੀ ਰੂਹਾਨੀ ਸੰਗਤ ਵਿੱਚ ਖੀਵੀ ਹੋਈ ਨਹੀਂ ਮਿਟਦੀ, ਨੌ ਨਿਧੀਆਂ ਤੇ ਅਠਾਰਾਂ ਸਿਧੀਆਂ ਦਾਸੀਆਂ ਬਣ ਖਲੌਂਦੀਆਂ ਹਨ ਅਤੇ ਇਵੇਂ ਹਰ ਪਰਕਾਰ ਦੀ ਪਰੇਸ਼ਾਨੀ ਤੇ ਪਸ਼ੇਮਾਨੀ ਨਿਰ-ਅਸਰ ਹੋ ਕੇ ਖਿੰਡ ਪੁੰਡ ਜਾਂਦੀ ਹੈ।

ਅੰਮ੍ਰਿਤ ਵੇਲੇ $2^1/_2$ ਵਜੇ ਜਦ ਹਰਿਮੰਦਰ ਸਾਹਿਬ ਦਾ ਪਰਵੇਸ਼ ਦੁਆਰ ਖੁਲ੍ਹਦਾ ਹੈ ਤਾਂ ਸੈਂਕੜੇ ਪ੍ਰੇਮੀ ਦਰਬਾਰ ਸਾਹਿਬ ਅੰਦਰ ਬੈਠ ਕੇ ਕੀਰਤਨ ਸਰਵਣ ਕਰਨ ਦੇ ਇੱਛੁਕ ਹੁੰਦੇ ਹਨ। ਕਈ ਅਜਿਹੇ ਗੁਰਮੁਖਾਂ ਨੂੰ ਰੋਜ਼ ਸਵੇਰੇ ਸਵੇਰੇ ਦਰਬਾਰ ਸਾਹਿਬ ਦੇਖ ਕੇ ਇਵੇਂ ਸਮਝਿਆ ਜਾਂਦਾ ਹੈ ਕਿ ਉਹ ਤਾਂ ਸ਼ਾਇਦ ਹਰਿਮੰਦਰ ਤੋਂ ਬਿਨਾਂ ਰਹਿ ਹੀ ਨਹੀਂ ਸਕਦੇ। ਇਨ੍ਹਾਂ ਗੁਰਸਿੱਖਾਂ ਵਿੱਚੋਂ ਇਕ ਦਰਬਾਰ ਸਾਹਿਬ ਦੇ ਸਾਬਕਾ ਮੈਨੇਜਰ ਸ. ਹਰਭਜਨ ਸਿੰਘ ਜੀ ਹਨ (ਜੋ ਹੁਣ ਕੈਨੇਡਾ ਚਲੇ ਗਏ ਹਨ)। ਜਦ ਅਸੀਂ ਉਨ੍ਹਾਂ ਤੋਂ ਪੁੱਛਿਆ ਕਿ ਉਹ ਹਰਿਮੰਦਰ ਸਾਹਿਬ ਨੂੰ ਜਿੰਦ ਜਾਨ ਸਮਝ ਕੇ ਸਤਿਕਾਰ ਕਰਦੇ ਹਨ ਤਾਂ ਉਨ੍ਹਾਂ ਦੇ ਇਸ ਪਵਿੱਤਰ ਅਸਥਾਨ ਬਾਰੇ ਕੀ ਅਨੁਭਵ ਹਨ? ਇਸਦੇ ਉੱਤਰ ਵਿੱਚ ਉਹ ਇਕ ਅੱਖਰ ਵੀ ਨਾ ਬੋਲ ਸਕੇ ਅਤੇ ਉਨ੍ਹਾਂ ਦੇ ਨੇਤਰ ਸੇਜਲ ਹੋ ਗਏ ਜੋ ਉਨ੍ਹਾਂ ਦੀ ਹਰਿਮੰਦਰ ਸਾਹਿਬ ਪ੍ਰਤੀ ਸ਼ਰਧਾ ਦੀ ਸਿਖਰ ਪ੍ਰਗਟਾ ਗਏ। ਇਸੇ ਤਰ੍ਹਾਂ ਉੱਥੇ ਅੰਮ੍ਰਿਤ ਵੇਲੇ ਸ. ਰਾਜਿੰਦਰ ਸਿੰਘ ਜੀ ਮਹਿਤਾ, ਸ. ਨਰਿੰਦਰ ਸਿੰਘ ਜੀ ਪ੍ਰੇਮੀ, ਡਾ. ਗੁਰਚਰਨ ਸਿੰਘ ਅਤੇ ਸ. ਹਰਿਇਕਬਾਲ ਸਿੰਘ ਜੀ ਵਰਗੇ ਸ਼ਰਧਾਲੂ ਸਿੰਘ ਵੀ ਦੇਖੇ ਜਾ ਸਕਦੇ ਹਨ ਜੋ ਅੰਮ੍ਰਿਤ ਵੇਲੇ ਗੁਰਬਾਣੀ ਰੰਗ ਵਿੱਚ ਰੰਗੇ ਜਾਪਦੇ ਹਨ।

ਦਰਬਾਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਇਕ 11, 12 ਸਾਲ ਦਾ ਬੱਚਾ ਹਰ ਰੋਜ਼ ਆਉਂਦਾ ਹੈ। ਸਾਨੂੰ ਉਸ ਬਾਰੇ ਵੀ ਪਤਾ ਲੱਗਾ ਹੈ ਕਿ ਉਸਦਾ ਨਾਂ ਸ. ਸਿਮਰਨਜੀਤ ਸਿੰਘ ਹੈ। ਉਸਦੀ ਇਸ ਅਸਥਾਨ ਨਾਲ ਲਗਨ ਦਾ ਇਹ ਆਲਮ ਹੈ ਕਿ ਉਹ ਹਰ ਰੋਜ਼ ਆਪਣੀ ਸਾਈਕਲ ਤੇ ਇਕੱਲਾ ਹੀ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਵੱਲ ਚਲ ਪੈਂਦਾ ਹੈ। ਦਰਬਾਰ ਸਾਹਿਬ ਵਿੱਚ ਅਣਦਾਹੜੀਆ

ਅਤੇ ਜਿਸਨੇ ਅੰਮ੍ਰਿਤ ਨਾ ਛਕਿਆ ਹੋਵੇ, ਅੰਮ੍ਰਿਤ ਵੇਲੇ ਦੇ ਸਵੱਈਏ ਨਹੀਂ ਪੜ੍ਹ ਸਕਦਾ ਇਸ ਲਈ ਇਹ ਬੱਚਾ ਭਾਵੇਂ ਖੜਾ ਹੋ ਕੇ ਦਰਬਾਰ ਸਾਹਿਬ ਵਿਖੇ ਸਵੱਈਏ ਦਾ ਗਾਇਨ ਨਹੀਂ ਕਰ ਸਕਦਾ ਪਰ ਆਪਣੇ ਮੂੰਹ ਵਿੱਚ ਨਾਲ ਨਾਲ ਗਾਏ ਜਾਣ ਵਾਲੇ ਸਾਰੇ ਸਵੱਈਆਂ ਨੂੰ ਬੋਲਦਾ ਜ਼ਰੂਰ ਹੈ। ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ ਤਕਰੀਬਨ 100 ਸਵੱਈਏ ਉਸਨੂੰ ਜ਼ਬਾਨੀ ਯਾਦ ਹਨ। ਦਰਬਾਰ ਸਾਹਿਬ ਵਿਖੇ ਹੁਕਮਨਾਮਾ ਸੁਣ ਕੇ ਉਹ ਫੌਰਨ ਗੁਰਦਵਾਰਾ ਰਾਮਸਰ ਸਾਹਿਬ ਪਹੁੰਚ ਜਾਂਦਾ ਹੈ ਅਤੇ ਉੱਥੇ ਦੇ ਨਿਯਮਾਂ ਅਨੁਸਾਰ ਉਹ ਉੱਥੇ ਸਵੱਈਏ ਪੜ੍ਹ ਸਕਦਾ ਹੈ ਅਤੇ ਸ਼ਰਧਾਮਈ ਢੰਗ ਨਾਲ ਸਵੱਈਏ ਗਾ ਕੇ ਸਭ ਨੂੰ ਨਿਹਾਲ ਕਰਦਾ ਹੈ। ਹਰ ਕੋਈ ਉਸਦੀ ਨਿੱਕੀ ਜਹੀ ਉਮਰ ਵਿੱਚ ਗੁਰਬਾਣੀ ਲਗਨ ਅਤੇ ਹਰਿਮੰਦਰ ਸਾਹਿਬ ਪ੍ਰਤੀ ਬੇਪਨਾਹ ਸਤਿਕਾਰ ਨੂੰ ਦੇਖ ਕੇ ਉਸਨੂੰ ਅਸੀਸਾਂ ਦੇਂਦਾ ਹੈ ਅਤੇ ਆਪਣੇ ਮਨ ਵਿੱਚ ਇਹ ਪ੍ਰਭਾਵ ਸੰਜੋ ਕੇ ਜਾਂਦਾ ਹੈ ਕਿ ਉਸਦੇ ਪਰਿਵਾਰ ਦੇ ਬੱਚੇ ਵੀ ਗੁਰਬਾਣੀ ਅਤੇ ਹਰਿਮੰਦਰ ਸਾਹਿਬ ਪ੍ਰਤੀ ਅਜਿਹੇ ਸਤਿਕਾਰ ਨੂੰ ਗ੍ਰਹਿਣ ਕਰ ਕੇ ਅੰਮ੍ਰਿਤਮਈ ਜੀਵਨ ਬਤੀਤ ਕਰ ਸਕਣ।

ਅੰਮ੍ਰਿਤ ਵੇਲੇ ਇਕ ਹੋਰ ਬੱਚਾ ਜਿਸਦਾ ਨਾਂ ਕਾਕਾ ਗੁਰਨੀਤ ਸਿੰਘ ਹੈ, ਆਪਣੇ ਪਿਤਾ ਸ. ਬਲਦੇਵ ਸਿੰਘ ਜੀ ਰਾਗੀ ਹਰਿਮੰਦਰ ਸਾਹਿਬ ਨਾਲ ਜ਼ਰੂਰ ਦਰਬਾਰ ਸਾਹਿਬ ਆਉਂਦਾ ਹੈ। ਇਨ੍ਹਾਂ ਬੱਚਿਆਂ ਅਤੇ ਹੋਰ ਹਰਿਮੰਦਰ ਪਿਆਰ ਵਿੱਚ ਲੀਨ ਹੋਈਆਂ ਸੰਗਤਾਂ ਦੇ ਦਰਸ਼ਨ ਕਰਕੇ ਹਰ ਕਿਸੇ ਦੇ ਮਨ ਵਿੱਚ ਹਰਿਮੰਦਰ ਪ੍ਰੇਮ ਬਾਰੇ ਚੰਗੇ ਚੰਗੇ ਪ੍ਰਭਾਵ ਉਤਪੰਨ ਹੋਣੇ ਬੜੇ ਸੁਭਾਵਕ ਹਨ ਅਤੇ ਆਪਣੀ ਅਦੁੱਤੀ ਹਰਿਮੰਦਰ ਲਗਨ ਕਾਰਨ ਇਹ ਬੱਚੇ ਅਤੇ ਨਿਤ ਨੇਮੀ ਗੁਰਸਿੱਖ ਸਭ ਲਈ ਚੰਗੇ ਰੋਲ ਮਾਡਲ ਦੀ ਭੂਮਿਕਾ ਨਿਭਾਉਂਦੇ ਹਨ।

ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਅੰਮ੍ਰਿਤਸਰ ਦੀ ਪਾਵਨ ਧਰਤੀ ਤੇ ਸੁਭਾਇਮਾਨ ਹਰਿਮੰਦਰ ਸਾਹਿਬ, ਸਚਮੁਚ ਸਮੁਚੇ ਸਿੱਖ ਭਾਈਚਾਰੇ ਅਤੇ ਆਸਤਕ ਮਾਨਵ ਦਾ ਰੂਹਾਨੀ ਸਚਖੰਡ ਹੈ ਜਿਸ ਵਿਚ ਜੁਗੋ ਜੁਗ ਅਟੱਲ ਸ਼ਬਦ ਗੁਰੂ ਬਿਰਾਜਮਾਨ ਹੋ ਕੇ ਸਰਬ ਮਾਨਵਤਾ ਨੂੰ ਰੱਬੀ ਨੂਰ ਨਾਲ ਮਾਲਾ ਮਾਲ ਜੀਵਨ ਜੀਣ ਦਾ ਉਪਦੇਸ਼ ਦੇ ਕੇ ਤਪਦੀ ਲੁਕਾਈ ਵਿਚ ਠੰਡ ਵਰਤਾ ਰਿਹਾ ਹੈ।

ਕੌਨ ਕਮੀ ਪ੍ਰਭ ਕੇ ਦਰਬਾਰ?
ਜਹਾਂ ਤ੍ਰਿਲੋਕ ਪਤੀ ਬਸਹੇਂ ਉਦਾਰ।

ਜੇ ਇਹ ਕਹੀਏ ਕਿ ਹਰਿਮੰਦਰ ਸਮੂਹ ਧਰਮਾਂ ਦੀ ਸੱਚੀ ਤੇ ਸੁਚੀ ਏਕਤਾ ਦਾ ਇਕ ਸੁੰਦਰ ਪ੍ਰਤੀਨਿਧ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਹਰਿ ਮੰਗਲੁ ਗਾਉ ਸਖੀ
ਗ੍ਰਿਹੁ ਮੰਦਰੁ ਬਣਿਆ॥ ਅੰਗ-921

.16.

ਬਦੇਸ਼ੀ ਮਹਿਲਾ ਦਾ
ਹਰਿਮੰਦਰ ਦਰਸ਼ਨਾਂ ਸਦਕਾ ਸਿੱਖ ਸਜਣਾ

ਹਰਿਮੰਦਰ ਸਾਹਿਬ ਨਾਲ ਸਬੰਧਤ ਇਕ ਵਚਿਤਰ ਘਟਨਾ ਹਾਲੈਂਡ ਦੀ ਵਸਨੀਕ ਡਚ ਔਰਤ ਡੋਲ ਗੋਲਡੀ ਨਾਲ ਵਾਪਰੀ ਜੋ ਹਾਲੈਂਡ ਵਿਚ ਜੰਮੀ ਪਲੀ ਤੇ ਵਡੀ ਹੋਈ, ਇੰਡੋਨੇਸ਼ੀਆ ਵਿਚ ਵਿਆਹੀ ਆਉਣ ਕਾਰਨ ਉੱਥੇ ਉਸ ਨੇ ਰਿਹਾਇਸ਼ ਰਖੀ ਪਰ ਉਸ ਦੇ ਮਨ ਵਿਚ ਬਚਪਨ ਤੋਂ ਹੀ ਇਕ ਸੰਕਲਪ ਸਰਗਰਮ ਰੂਪ ਵਿਚ ਜੀਵਤ ਸੀ ਤੇ ਉਹ ਇਹ ਸੀ ਕਿ ਸੰਸਾਰ ਵਿਚ ਉਹ ਕਿਹੜਾ ਧਰਮ ਹੈ ਜੋ ਸਭ ਤੋਂ ਉੱਤਮ ਹੈ? ਉਂਜ ਤਾਂ ਹਰ ਧਰਮ ਆਪਣੇ ਆਪ ਵਿਚ ਉੱਤਮ ਹੈ ਕਿਉਂਕਿ ਉਹ ਮਨੁੱਖ ਮਾਤਰ ਨੂੰ ਪ੍ਰਭੂ ਪ੍ਰਾਪਤੀ ਵਲ ਲੈ ਜਾਂਦਾ ਹੈ ਪਰ ਇਹ ਬੀਬੀ ਨਿਰਪੱਖ ਹੋ ਕੇ ਖੁਦ ਹੀ ਕਿਸੇ ਨਤੀਜੇ ਤੇ ਪਹੁੰਚਣਾ ਚਾਹੁੰਦੀ ਸੀ। ਆਪਣੇ ਮਨ ਵਿਚੋਂ ਉਠੇ ਇਸ ਵੇਗ ਨੂੰ ਸ਼ਾਂਤ ਕਰਨ ਹਿਤ ਉਸ ਨੇ ਦੁਨੀਆ ਦੇ ਪ੍ਰਮੁੱਖ ਧਰਮਾਂ ਦਾ ਡੂੰਘਾ ਅਧਿਐਨ ਕੀਤਾ ਤੇ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਦੇ ਅਮਲੀ ਜੀਵਨ ਨੂੰ ਵੀ ਦੇਖਿਆ, ਭਾਂਪਿਆ, ਘੋਖਿਆ। ਤੀਰਥ ਸਥਾਨਾਂ ਦਾ ਭਰਮਣ ਕਰ ਕੇ ਉੱਥੇ ਪ੍ਰਚਲਤ ਰਹਿਤ ਮਰਿਆਦਾਵਾਂ ਦੀ ਪਰਖ ਕੀਤੀ। ਜਦ ਉਸ ਨੇ ਸਿੱਖ ਧਰਮ ਦਾ ਅਧਿਐਨ ਕੀਤਾ ਤਾਂ ਉਸ ਦਾ ਮਨ ਇਸ ਦੇ ਪਰਮੁਖ ਅਸੂਲਾਂ ਨੂੰ ਜਾਨਣ ਤੇ ਕੁਝ ਟਿਕ ਜਿਹਾ ਗਿਆ। ਉਹ ਹੋਰ ਜਾਣਕਾਰੀ ਲਈ ਅੰਮ੍ਰਿਤਸਰ ਦਰਬਾਰ ਸਾਹਿਬ ਆ ਗਈ। ਇੱਥੇ ਆ ਕੇ ਉਸ ਨੇ ਗੁਰਬਾਣੀ ਕੀਰਤਨ ਸੁਣਿਆ ਅਤੇ ਭਿੰਨ ਭਿੰਨ ਮਨੁੱਖਾਂ ਵਿਚ ਸੰਗਤੀ ਪਿਆਰ ਤੇ ਆਪਸੀ ਬਰਾਬਰੀ ਦੇ ਸਾਖਿਆਤ ਦਰਸ਼ਨ ਕੀਤੇ। ਇੱਥੇ ਚਲ ਰਹੀ ਨਿਸ਼ਕਾਮ ਸੇਵਾ ਨੇ ਉਸ ਨੂੰ ਬਹੁਤ ਤਸਕੀਨ ਦਿੱਤੀ ਤੇ ਬਿਨਾਂ ਭੇਦ ਭਾਵ ਤੋਂ ਇਕੋ ਲੰਗਰ ਵਿਚ, ਸੰਗਤ ਪੰਗਤ ਵਿਚ, ਅਮੀਰ ਗਰੀਬ ਲੋਕਾਂ ਨੂੰ ਲੰਗਰ ਛਕਦਿਆਂ ਦੇਖ ਕੇ ਤਾਂ ਉਹ ਬਹੁਤ ਖੁਸ਼ ਹੋਈ। ਪੰਗਤ ਵਿਚ ਇਕੋ ਜਿਹਾ ਲੰਗਰ ਛਕਣ ਸਮੇਂ ਉਸ ਲਈ ਇਹ ਪਛਾਣਨਾ ਮੁਸ਼ਕਲ ਸੀ ਕਿ ਕੌਣ ਹਿੰਦੂ ਹੈ ਤੇ ਕੌਣ ਮੁਸਲਮਾਨ, ਸਿੱਖ, ਈਸਾਈ ਜਾਂ ਅਧਰਮੀ ਕਿਹੜਾ ਹੈ। ਗੋਲਡੀ ਇਹ ਵੇਖ ਕੇ ਇਸ ਨਿਰਣੇ ਤੇ ਪਹੁੰਚੀ ਕਿ ਸਿੱਖ ਸਰਬੱਤ ਦਾ ਭਲਾ ਮੰਗਦਾ ਵੀ ਹੈ, ਚਾਹੁੰਦਾ ਵੀ ਹੈ ਤੇ ਕਰਦਾ ਵੀ ਹੈ ਅਤੇ ਇਸ ਦਾ ਇਤਿਹਾਸ ਦਸਦਾ ਹੈ ਕਿ ਇਸ ਭਾਵਨਾ ਨੂੰ ਬਰਕਰਾਰ ਰਖਣ ਲਈ ਇਹ ਸਿਤਮ-ਜ਼ਰੀਫ (ਦੁਖ ਦੇਣ ਵਾਲੇ) ਤੇ ਧਾੜਵੀ ਨਾਲ ਅੜਦਾ ਵੀ ਹੈ ਤੇ ਜਾਨ ਹੂਲ ਕੇ ਲੜਦਾ ਵੀ ਹੈ। ਸਿੱਖ ਧਰਮ ਕਥਨੀ ਤੇ ਕਰਨੀ ਵਿਚ ਪੂਰਾ ਹੈ। ਸਿੱਖ ਇਹ ਵੀ ਭਲੀ ਭਾਂਤ ਜਾਣਦਾ ਹੈ ਕਿ ਹਰਕਤ

ਵਿਚ ਬਰਕਤ ਹੈ ਇਸ ਲਈ ਉਹ ਨੇਕ ਕਾਰ-ਵਿਹਾਰ ਵਾਸਤੇ ਹਮੇਸ਼ਾ ਸਰਗਰਮ ਤੇ ਉਦਮਸ਼ੀਲ ਰਹਿੰਦਾ ਹੈ। ਇਹ ਸਾਰਾ ਕੁਝ ਦੇਖ ਸੁਣ ਕੇ ਹਰਿਮੰਦਰ ਸਾਹਿਬ ਵਿਚ ਬਿਤਾਏ ਕੁਝ ਪਲਾਂ ਨੇ ਗੋਲਡੀ ਦਾ ਕਾਇਆ ਕਲਪ ਹੀ ਕਰ ਦਿੱਤਾ। ਇਸ ਲਈ ਉਸ ਨੇ ਇਹ ਐਲਾਨ ਹੀ ਨਹੀਂ ਕੀਤਾ ਕਿ ਸਿੱਖ ਧਰਮ ਸਭ ਤੋਂ ਸਰੇਸ਼ਠ ਧਰਮ ਹੈ ਸਗੋਂ 20 ਨਵੰਬਰ 1925 ਨੂੰ ਉਹ ਅੰਮ੍ਰਿਤ ਛਕ ਕੇ ਸਿੰਘ ਸਜ ਕੇ ਗੋਲਡੀ ਤੋਂ ਸਰਦਾਰਨੀ ਭਗਵਾਨ ਕੌਰ ਬਣ ਗਈ।

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਅੰਗ-266

ਗੋਲਡਨ ਟੈਂਪਲ ਤੇ ਇਸ ਪਵਿੱਤਰ ਪਰੀਸਰ ਦੇ ਦਰਸ਼ਨ ਕਰਕੇ ਜੋ ਸੁਤੇ ਸਿਧ ਉਸ ਦੇ ਮੂੰਹ ਵਿਚੋਂ ਨਿਕਲਿਆ ਉਹ ਇਸ ਪਰਕਾਰ ਹੈ। **'ਸ੍ਰੀ ਹਰਿਮੰਦਰ ਸਾਹਿਬ ਦੀ ਅਜ਼ਮਤ (ਵਡਿੱਤਣ ਭਰੀ ਸ਼ਾਨ) ਨੇ ਮੇਰੇ ਦਿਲ ਨੂੰ ਖਰੀਦ ਹੀ ਲਿਆ ਹੈ। ਇੱਥੇ ਚਲ ਰਹੇ ਨਿਤ ਦੇ ਕਾਰਜ ਕਰਮ ਨੇ ਮੇਰੇ ਮਨ ਨੂੰ ਪਹਿਲੀ ਨਜ਼ਰੇਂ ਪੂਰਨ ਸ਼ਾਂਤੀ ਤੇ ਤੱਸਲੀ ਦਿੱਤੀ ਹੈ। ਸ੍ਰੀ ਦਰਬਾਰ ਸਾਹਿਬ ਦੀ ਲਾਸਾਨੀ ਸ਼ਾਨ ਤੇ ਰੂਹਾਨੀ ਕਸ਼ਿਸ਼ ਨੇ ਮੈਨੂੰ ਇਹ ਨਿਸ਼ਚਾ ਕਰਨ ਲਈ ਉਤਸ਼ਾਹਤ ਕੀਤਾ ਕਿ ਮੇਰੇ ਵਾਸਤੇ ਸਭ ਤੋਂ ਚੰਗਾ ਧਰਮ ਸਿੱਖ ਧਰਮ ਹੈ। ਸ੍ਰੀ ਹਰਿਮੰਦਰ ਸਾਹਿਬ ਨੇ ਮੇਰਾ ਦਿਲ ਜਿੱਤ ਲਿਆ ਹੈ।'**

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥ਅੰਗ-991

ਅਖਬਾਰ ਨਵੀਸਾਂ ਵਲੋਂ ਪੁਛੇ ਜਾਣ ਤੇ ਕਿ ਕੀ ਤੁਸੀਂ ਇਹ ਧਰਮ ਕਿਸੇ ਹੋਰ ਮਕਸਦ ਜਾਂ ਦਬਾਓ ਹੇਠ ਆ ਕੇ ਤਾਂ ਨਹੀਂ ਧਾਰਨ ਕੀਤਾ, ਦੇ ਉੱਤਰ ਵਿਚ ਗੋਲਡੀ (ਸਰਦਾਰਨੀ ਭਗਵਾਨ ਕੌਰ) ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਉੱਤਰ ਦਿੱਤਾ, **'ਸਿੱਖ ਧਰਮ ਧਾਰਨ ਕਰਨਾ ਮੇਰੇ ਸੁਤੰਤਰ ਅਧਿਐਨ ਦਾ ਨਤੀਜਾ ਹੈ ਤੇ ਇਹ ਅਕਾਲਪੁਰਖ ਦੀ ਅਪਰੰ ਅਪਾਰ ਕਿਰਪਾ, ਮਿਹਰ ਤੇ ਬਖਸ਼ਿਸ਼ ਦਾ ਪ੍ਰਤਾਪ ਹੈ ਕਿ ਮੈਂ ਇਸ ਨਾਦਰ ਰਹੁ-ਰੀਤੀ ਨੂੰ ਆਤਮਿਕ ਸ਼ਾਂਤੀ ਗ੍ਰਹਿਣ ਕਰਨ ਹਿਤ ਧਾਰਨ ਕਰ ਸਕੀ ਹਾਂ। ਇਸ ਪਿੱਛੇ ਮੇਰੀ ਕੋਈ ਵੀ ਤੇ ਕਿਸੇ ਪ੍ਰਕਾਰ ਦੀ ਦੁਨਿਆਵੀ ਗਰਜ਼ਮੰਦੀ ਕੰਮ ਨਹੀਂ ਕਰ ਰਹੀ। ਮੈਂ ਗੋਲਡਨ ਟੈਂਪਲ ਦੀ ਆਭਾਰੀ ਹਾਂ ਜਿਸ ਦੇ ਦਰਸ਼ਨਾਂ ਨੇ ਪਹਿਲੀ ਨਜ਼ਰੇਂ ਮੇਰਾ ਕਾਇਆ ਕਲਪ ਕਰ ਦਿੱਤਾ ਹੈ।** A fine example of **'Love at first sight.'** ਭਾਵ 'ਪਹਿਲੀ ਤਕਣੀ ਤੇ ਪਿਆਰ ਹੋ ਜਾਣ' ਦੀ ਵਧੀਆ ਉਦਾਹਰਣ ਹੈ ਇਹ ਘਟਨਾ।

ਖਜ਼ਾਨਾ ਏਂ ਤੂੰ ਰਹਿਮਤ ਦਾ, ਸਦਾ ਰਖੀਂ ਮਿਹਰ ਅਪਣੀ,
ਬਹੁਤ ਆਸਾਂ ਉਮੀਦਾਂ ਨਾਲ, ਸੇਵਕ ਦਰਸ਼ਨ ਨੂੰ ਆਇਆ ਏ॥

ਇਸੇ ਤਰ੍ਹਾਂ ਦੇ ਦਿਲਕਸ਼ ਤੇ ਅਨੋਖੇ ਵਿਚਾਰ ਇਕ ਵਿਸ਼ਿਸ਼ਟ ਪਤਵੰਤਾ ਸ੍ਰੀ. ਸੀ. ਐਸ. ਸੁਬਰਾਮਨੀਅਮ ਜੋ ਭਾਰਤ ਸਰਕਾਰ ਵਿਚ ਵਿਤ ਮੰਤਰੀ ਰਹਿ ਚੁੱਕਾ ਹੈ, ਹਰਿਮੰਦਰ ਦੇ ਦਰਸ਼ਨਾਂ ਮਗਰੋਂ ਇਵੇਂ ਪ੍ਰਗਟ ਕਰਦਾ ਹੈ 'After visiting the Golden Temple one forgets religion and one can only think of God and sacrifices made by so many to preserve our culture.' ਸਾਧਾਰਨ ਸ਼ਬਦਾਂ ਵਿਚ ਸ੍ਰੀ ਸੁਬਰਾਮਨੀਅਮ ਦੇ ਵਿਚਾਰ ਇਵੇਂ ਬਣਦੇ ਹਨ: **'ਸਵਰਨ ਮੰਦਰ ਦੇ ਦਰਸ਼ਨ ਕਰਕੇ ਮਨੁੱਖ ਧਰਮ ਨੂੰ ਭੁੱਲ ਜਾਂਦਾ ਹੈ ਅਤੇ ਉਹ ਕੇਵਲ ਵਾਹਿਗੁਰੂ ਬਾਰੇ ਸੋਚਦਾ ਹੈ ਜਾਂ ਉਨ੍ਹਾਂ ਕੁਰਬਾਨੀਆਂ ਬਾਰੇ ਜਿਹੜੀਆਂ ਸਾਨੂੰ ਬਹੁਤ ਸਾਰਿਆਂ ਨੂੰ ਆਪਣੀ ਸੰਸਕ੍ਰਿਤੀ ਨੂੰ ਸਾਂਭੀ ਰਖਣ ਲਈ ਕਰਨੀਆਂ ਪਈਆਂ।'**

ਇਕ ਹੋਰ ਗੋਰਾ ਸੈਲਾਨੀ ਹਰਿਮੰਦਰ ਦਰਸ਼ਨਾਂ ਮਗਰੋਂ ਇਹ ਕਹਿਣ ਵਿਚ ਸੰਕੋਚ ਨਹੀਂ ਕਰਦਾ ਕਿ It is not a Golden Temple, it is a house of God. God lives here twenty four hours. ਭਾਵ **ਇਹ ਸਵਰਨ ਮੰਦਰ ਨਹੀਂ, ਇਹ ਤਾਂ ਰੱਬ ਦਾ ਘਰ ਹੈ ਜਿਥੇ ਪ੍ਰਮਾਤਮਾ 24 ਘੰਟੇ ਨਿਵਾਸ ਕਰਦਾ ਹੈ।**

ਗੋਲਡੀ ਦੀ ਉਕਤ ਘਟਨਾ ਨੂੰ ਵਾਚਣ ਉਪਰੰਤ ਇਹ ਗੱਲ ਹੋਰ ਦ੍ਰਿੜ ਤੇ ਸੁਦ੍ਰਿੜ ਹੁੰਦੀ ਹੈ ਕਿ ਰੱਬ ਦੀ ਮਿਹਰ ਪ੍ਰਾਪਤ ਕਰਨ ਲਈ ਕੇਵਲ ਕਰਮਾਂ ਦੇ ਹਿਸਾਬ ਕਿਤਾਬ ਦੀ ਮੁਥਾਜੀ ਵਿਚ ਫਸੇ ਰਹਿਣਾ ਬਹੁਤਾ ਜ਼ਰੂਰੀ ਨਹੀਂ। ਜੇ ਨਦਰ ਸਵੱਲੀ ਹੋ ਜਾਵੇ ਤਾਂ ਪਲਾਂ ਪਲਾਂ ਵਿਚ ਪਾਰ-ਉਤਾਰਾ ਹੋ ਸਕਦਾ ਹੈ। ਭਾਵਨਾ ਵਿਚ ਪਵਿੱਤਰਤਾ, ਇਰਾਦੇ ਵਿਚ ਦਰਿੜ ਪਕਿਆਈ ਤੇ ਉਤਸ਼ਾਹ ਵਿਚ ਸਭ ਕੁਝ ਆਪਣੇ ਸਤਿਗੁਰਾਂ ਅੱਗੇ ਅਰਪਤ ਕਰ ਕੇ ਆਨੰਦ ਪ੍ਰਾਪਤ ਕਰਨ ਦੀ ਲੋਚਾ ਦਾ ਹੋਣਾ ਜ਼ਰੂਰੀ ਹੈ, ਫਿਰ ਬੇੜੇ ਪਾਰ ਹਨ। **ਰਸਮੀ ਗੱਲਾਂ ਬਾਤਾਂ ਤਾਂ ਬਸ ਕਾਗਜ਼ ਦੇ ਫੁਲਾਂ ਨੂੰ ਸੁੰਘਣ ਸਮਾਨ ਹਨ ਜੋ ਨਿਰ-ਗੰਧ ਤੇ ਨਿਰ-ਜਿੰਦ ਹੁੰਦੇ ਹਨ। ਇਸ ਲਈ ਜੇ ਜ਼ਿੰਦਗੀ ਨੂੰ ਸੁਚੇ ਮਕਸਦਾਂ ਦੀ ਪੂਰਤੀ ਲਈ ਜੀਣਾਂ ਹੋਵੇ ਤਾਂ ਗੁਰਬਾਣੀ ਵਿਚ ਦਸੇ ਮਾਰਗ ਤੇ ਅਮਲੀ ਰੂਪ ਵਿਚ ਚੱਲਣਾ ਅਤੀ ਆਵਸ਼ਕ ਹੈ। ਹਰਿਮੰਦਰ ਦਾ ਵੀ ਇਹੀ ਸੰਦੇਸ਼ ਹੈ ਜਿਸਦਾ ਮਧੁਰ ਬਖਾਨ ਇਲਾਹੀ ਬਾਣੀ ਦੇ ਰੂਪ ਵਿਚ ਹਰ ਸਮੇਂ, ਹਰ ਪਲ, ਹਰ ਘੜੀ ਹਰ ਕਿਸੇ ਲਈ ਉੱਥੇ ਨਿਰੰਤਰ ਪ੍ਰਸਾਰਤ ਹੋ ਰਿਹਾ ਹੈ ਤੇ ਹੁੰਦਾ ਹੀ ਰਹੇਗਾ।**

ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥ ਅੰਗ-286

.17.

ਹਰਿਮੰਦਰ ਵਿੱਚ ਅੰਗਰੇਜ਼ੀ ਸਰਕਾਰ ਵਲੋਂ ਕਰਵਾਏ ਅਖੰਡ ਪਾਠ

ਸਿੱਖ ਦੀ ਗੁਰਬਾਣੀ ਵਿੱਚ ਬੇਪਨਾਹ ਸ਼ਰਧਾ ਹੈ, ਉਹ ਗੁਰਬਾਣੀ ਨੂੰ ਹੀ ਗੁਰੂ ਤੇ ਪ੍ਰਮਾਤਮਾ ਦਾ ਸ਼ਬਦੀ ਸਰੂਪ ਮੰਨਦਾ ਹੈ। ਗੁਰਬਾਣੀ ਨੂੰ ਧਿਆਉਣਾ ਪ੍ਰਭੂ ਨਾਲ ਮੇਲ ਕਰਨਾ ਹੈ, ਉਸ ਦੀ ਉਸਤਤ ਕਰਨੀ ਹੈ, ਕੀਰਤੀ ਗਾਉਣੀ ਹੈ ਤੇ ਸੰਗਤ ਮਾਨਣੀ ਹੈ। ਇਹ ਸੰਗਤ ਸਿੱਖ ਹੀ ਨਹੀਂ ਕੋਈ ਵੀ ਮਾਣ ਸਕਦਾ ਹੈ ਕਿਉਂਕਿ ਇਹ 'ਸ਼ਬਦ' ਸਰਬਤਰ ਮਾਨਵ ਦਾ ਗੁਰੂ ਹੈ, ਪਥ-ਪ੍ਰਦਰਸ਼ਕ ਹੈ।

ਜਦ 1914 ਵਿਚ ਜਰਮਨੀ ਦੀਆਂ ਤਾਨਾਸ਼ਾਹ ਵਧੀਕੀਆਂ ਕਾਰਨ ਇੰਗਲੈਂਡ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਮਜਬੂਰਨ ਉਸ ਨਾਲ ਜੰਗ ਕਰਨੀ ਪਈ ਤਾਂ ਉਹ ਜੰਗ ਮਹਾਂ ਯੁਧ ਵਿਚ ਬਦਲ ਗਈ। ਦੁਨੀਆ ਦੇ ਬਹੁਤੇ ਦੇਸ਼ ਦੋ ਧੜਿਆਂ ਵਿਚ ਵੰਡੇ ਗਏ ਤੇ ਵੱਡੀ ਪੱਧਰ ਤੇ ਖ਼ੂਨ ਖ਼ਰਾਬਾ ਤੇ ਬਰਬਾਦੀ ਹੋਣੀ ਸ਼ੁਰੂ ਹੋ ਗਈ। ਜਰਮਨ ਇਤਨਾ ਹਾਵੀ ਹੋ ਗਿਆ ਕਿ ਇੰਗਲੈਂਡ ਨੂੰ ਆਪਣੀ ਹਸਤੀ ਵੀ ਖ਼ਤਰੇ ਵਿਚ ਪਈ ਦਿਸਣ ਲਗ ਪਈ। ਉਸ ਨੇ ਜੰਗ ਵਿਚ ਜਰਮਨ ਦੀ ਵਧੀਕੀ ਰੋਕਣ ਲਈ ਜਿਥੇ ਹਰ ਪ੍ਰਕਾਰ ਦੇ ਰਾਜਸੀ, ਫ਼ੌਜੀ ਉਪਰਾਲੇ ਕੀਤੇ, ਉੱਥੇ ਉਸ ਨੇ ਰੱਬ ਅੱਗੇ ਪ੍ਰਾਰਥਨਾ ਕਰ ਕੇ ਉਨ੍ਹਾਂ ਦੀ ਝੋਲੀ ਵਿੱਚ ਜਿਤ ਦੀ ਖੈਰ ਪਾਉਣ ਲਈ ਅਰਦਾਸਾਂ ਕਰਨ ਦਾ ਸਿਲਸਿਲਾ ਵੀ ਆਰੰਭਿਆ।

ਉਸ ਵਕਤ ਅੰਗਰੇਜ਼ ਰਾਜ ਵਿਚ ਸੂਰਜ ਨਹੀਂ ਸੀ ਡੁੱਬਦਾ ਜਿਸਦਾ ਅਰਥ ਇਹ ਹੀ ਸੀ ਕਿ ਉਨ੍ਹਾਂ ਦਾ ਧਰਤੀ ਦੇ ਬਹੁਤ ਵੱਡੇ ਭਾਗ ਤੇ ਰਾਜ ਸੀ ਪਰ ਅਰਦਾਸ ਕਰਨ ਦੇ ਮੰਤਵ ਲਈ ਉਨ੍ਹਾਂ ਨੇ ਹਰਿਮੰਦਰ ਸਾਹਿਬ ਤੋਂ ਵੱਧ ਹੋਰ ਪਵਿੱਤਰ ਜਗ੍ਹਾ ਕਿਧਰੇ ਨਾ ਮਹਿਸੂਸ ਕੀਤੀ ਇਸ ਲਈ ਹਰਿਮੰਦਰ ਸਾਹਿਬ ਵਿਖੇ ਉਨ੍ਹਾਂ ਨੇ 1915 ਵਿੱਚ ਅਖੰਡ ਪਾਠ ਆਰੰਭ ਕਰਵਾਇਆ। ਕਈ ਫ਼ੌਜੀ ਤੇ ਸਿਵਲੀਅਨ ਗੋਰੇ ਅਫ਼ਸਰਾਂ ਨੇ ਪੂਰੀ ਗੁਰਸਿੱਖੀ ਮਰਿਆਦਾ ਅਨੁਸਾਰ ਅਖੰਡ ਪਾਠ ਸਾਹਿਬ ਦੌਰਾਨ ਸੇਵਾ ਕੀਤੀ ਤੇ ਸਲਾਮਤੀ ਦੀਆਂ ਸੁੱਖਾਂ ਮੰਗੀਆਂ। ਭੋਗ ਪੈਣ ਤੇ ਸਰਕਾਰ ਨੂੰ ਤਸਕੀਨ ਜਿਹੀ ਹੋਈ ਤੇ ਸਭ ਕੁਝ ਸੋਚਣ ਉਪਰੰਤ ਇਹ ਫ਼ੈਸਲਾ ਲਿਆ ਗਿਆ ਕਿ ਜਦ ਤਕ ਜੰਗ ਜਾਰੀ ਹੈ ਤਦ ਤਕ ਹਰਿਮੰਦਰ ਸਾਹਿਬ ਵਿਚ ਲਗਾਤਾਰ ਅਖੰਡ ਪਾਠਾਂ ਦੀ ਲੜੀ ਚਲਦੀ ਹੀ ਰਵੇ। ਇਵੇਂ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਤਾਂ ਨਾਲ ਹੀ ਦੂਜਾ ਪ੍ਰਾਰੰਭ ਕਰ ਦਿੱਤਾ ਜਾਂਦਾ। ਅੰਗਰੇਜ਼ ਸਰਕਾਰ ਦੇ ਇਸ ਸ਼ਰਧਾਮਈ ਉਦਮ ਦਾ ਜਦ ਫੌਜ ਨੂੰ

ਤੇ ਵਿਸ਼ੇਸ਼ ਕਰਕੇ ਜੰਗ ਲੜ ਰਹੇ ਹਜ਼ਾਰਾਂ ਸਿੱਖ ਫੌਜੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਅੰਦਰ ਇਕ ਅਗੰਮੀ ਸ਼ਕਤੀ ਦਾ ਪ੍ਰਵੇਸ਼ ਹੋ ਗਿਆ। ਉਨ੍ਹਾਂ ਦਾ ਮਨੋਬਲ ਵਧਣਾ ਸੁਭਾਵਕ ਹੀ ਸੀ ਕਿਉਂਕਿ ਉਨ੍ਹਾਂ ਨੂੰ ਇਹ ਅਹਿਸਾਸ ਹੋਣ ਲਗ ਪਿਆ ਕਿ ਉਨ੍ਹਾਂ ਉੱਤੇ ਗੁਰੂ ਦੀਆਂ ਬਖਸ਼ਿਸ਼ਾਂ ਤੇ ਅਕਾਲਪੁਰਖ ਦੀਆਂ ਰਖਾਂ ਵੀ ਹਨ। ਸਿੱਖ ਸੰਗਤ ਵੀ ਇਸ ਕਰਮ ਤੋਂ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕੀ ਤੇ ਸੰਗਤ ਵਿਚੋਂ ਲੋਕਾਂ ਅਤੇ ਪਾਠੀਆਂ ਨੇ ਰੋਲਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਦੀ ਕੋਈ ਮੋਕਸ਼ ਨਹੀਂ ਸੀ ਲਈ ਜਾਂਦੀ। ਅਖੰਡ ਪਾਠਾਂ ਦਾ ਇਹ ਸਿਲਸਿਲਾ 1915 ਵਿਚ ਸ਼ੁਰੂ ਹੋ ਕੇ 1919 ਤਕ ਲਗਾਤਾਰ ਚਲਦਾ ਰਿਹਾ ਜਦ ਤਕ ਕਿ ਅੰਗਰੇਜ਼ਾਂ ਨੇ ਜੰਗ ਜਿਤ ਨਾ ਲਈ। ਹਰਿਮੰਦਰ ਨੇ ਇੰਗਲੈਂਡੀਆਂ ਦੀ ਝੋਲੀ ਵਿਚ ਜਿੱਤ ਦੀ ਖੈਰ ਪਾ ਕੇ ਧਾਰਮਿਕ ਸ਼ਰਧਾ ਦਾ ਇਕ ਨਵਾਂ ਤੇ ਮਾਣਜਨਕ ਇਤਿਹਾਸ ਰਚ ਦਿੱਤਾ।

ਇਸ ਅਖੰਡ ਪਾਠ ਦੀ ਲੰਮੀ ਲੜੀ ਦੀ ਮਹੱਤਤਾ ਨੂੰ ਦੇਖਦਿਆਂ ਹੋਇਆਂ ਹਰਿਮੰਦਰ ਸਾਹਿਬ ਵਿਖੇ ਹੋਰ ਸ਼ਰਧਾਲੂ ਸਜਣਾਂ ਨੇ ਵੀ ਵੱਡੀ ਗਿਣਤੀ ਵਿਚ ਉੱਥੇ ਅਖੰਡ ਪਾਠ ਕਰਵਾਉਣੇ ਸ਼ੁਰੂ ਕਰ ਦਿੱਤੇ ਅਤੇ ਕਈ ਵਾਰੀ ਦੋ ਦੋ, ਤਿੰਨ ਤਿੰਨ ਅਖੰਡ ਪਾਠ ਹਰਿਮੰਦਰ ਸਾਹਿਬ ਦੀ ਉਪਰਲੀ ਮੰਜ਼ਿਲ ਤੇ ਹਰ ਵਕਤ ਚਲਦੇ ਰਹਿੰਦੇ। ਇਹ ਪ੍ਰਥਾ ਅੱਜ ਕਲ ਵੀ ਪੂਰੇ ਜ਼ੋਰਾਂ ਸ਼ੋਰਾਂ ਨਾਲ ਪ੍ਰਚਲਤ ਹੈ। ਹੁਣ ਤਾਂ ਹਾਲਤ ਇਹ ਹੋ ਗਈ ਹੈ ਕਿ ਹਰਿਮੰਦਰ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਰਖਵਾਉਣ ਵਾਲਿਆਂ ਨੂੰ ਕਈ ਕਈ ਸਾਲਾਂ ਦੀ ਉਡੀਕ ਕਰਨੀ ਪੈਂਦੀ ਹੈ। ਇਸਦਾ ਇਕ ਕਾਰਨ ਇਹ ਵੀ ਹੈ ਕਿ ਹਰਿਮੰਦਰ ਸਾਹਿਬ ਵਿਖੇ ਹਰ ਕਿਸੇ ਦੀਆਂ ਨੇਕ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਅਤੇ ਸ਼ੁਕਰਾਨੇ ਵਜੋਂ ਸੰਗਤਾਂ ਦੇ ਅਖੰਡ ਪਾਠਾਂ ਦੀ ਲੜੀ ਅਟੁੱਟ ਬਣੀ ਰਹਿੰਦੀ ਹੈ। ਸੰਗਤਾਂ ਦੀਆਂ ਅਖੰਡ ਪਾਠ ਸਾਹਿਬ ਕਰਵਾਉਣ ਦੀ ਛੇਤੀ ਪੂਰਤੀ ਲਈ 500 ਤੋਂ ਵੱਧ ਪਾਠੀ ਦਿਨ ਰਾਤ ਪਾਠ ਕਰਨ ਦੀ ਸੇਵਾ ਨਿਭਾਅ ਰਹੇ ਹਨ। ਅੱਜ ਕੱਲ੍ਹ ਇਕ ਅਖੰਡ ਪਾਠ ਸਾਹਿਬ ਦਾ ਮੋਕਸ਼ 5100/- ਰੁਪਏ ਹੈ। ਪ੍ਰਾਰੰਭ ਵਿਚ ਇਹ 50/- ਰੁਪਏ ਸੀ।

ਹਰਿਮੰਦਰ ਸਾਹਿਬ ਵਿਖੇ ਪਾਠ ਕਰਵਾਉਣ ਦੀ ਅਪਣੀ ਹੀ ਨਵੇਕਲੀ ਮਰਿਆਦਾ ਹੈ। ਇਸ ਇਮਾਰਤ ਵਿਚ ਕੇਵਲ ਅਖੰਡ ਪਾਠ ਹੀ ਕਰਵਾਏ ਜਾ ਸਕਦੇ ਹਨ, ਸਹਿਜ ਪਾਠ ਜਾਂ ਸਪਤਾਹ ਪਾਠ ਨਹੀਂ ਕਰਵਾਏ ਜਾ ਸਕਦੇ। ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਅਖੰਡ ਪਾਠ ਦੇ ਚਲਦੇ ਕਿਸੇ ਪ੍ਰਕਾਰ ਦੀਆਂ ਗੱਲਾਂ ਬਾਤਾਂ ਦੀ ਗੁੰਜਾਇਸ਼ ਨਹੀਂ ਰਹਿੰਦੀ ਤੇ ਹਰ ਵਕਤ ਗੁਰਬਾਣੀ ਦਾ ਪਰਵਾਹ ਨਿਰਵਿਘਨ ਚਲਦਾ ਹੀ ਰਹਿੰਦਾ ਹੈ। ਕੁਝ ਸਮਾਂ ਪਹਿਲੇ ਤਕ ਤਾਂ ਹਰਿਮੰਦਰ ਸਾਹਿਬ ਵਿਖੇ ਕਿਸੇ ਦੀ ਮੌਤ ਨਾਲ ਸਬੰਧਤ ਅਖੰਡ ਪਾਠ ਵੀ ਨਹੀਂ

ਸੀ ਕਰਵਾਇਆ ਜਾ ਸਕਦਾ ਕਿਉਂਕਿ ਕਈ ਵਾਰੀ ਅਗਿਆਨਤਾ ਵਸ ਪਰਿਵਾਰ ਦੇ ਮੈਂਬਰ ਵਿਛੜੀ ਆਤਮਾ ਨੂੰ ਯਾਦ ਕਰਕੇ ਅਖੰਡ ਪਾਠ ਸਮੇਂ ਜਾਂ ਅਰਦਾਸੇ ਸਮੇਂ ਰੁਦਨ ਕਰ ਸਕਦੇ ਹਨ ਜਦ ਕਿ ਹਰਿਮੰਦਰ ਅਤੇ ਗੁਰਬਾਣੀ ਦੁਖ ਸੁਖ ਵਿਚ ਇਕ ਸਮਾਨ ਰਹਿਣ ਦਾ ਪੈਗ਼ਾਮ ਦੇਂਦੀ ਹੈ। ਇਹ ਤੀਰਥ ਖੁਸ਼ੀਆਂ ਅਤੇ ਸੁਖ ਸ਼ਾਂਤੀ ਬਖਸ਼ਣ ਵਾਲਾ ਹੈ। ਇੱਥੇ ਜੇ ਕਿਸੇ ਨੂੰ ਅੱਥਰੂ ਆਉਂਦੇ ਹਨ ਤਾਂ ਉਹ ਪ੍ਰਭੂ ਮਿਲਾਪ ਜਾਂ ਪ੍ਰਭੂ ਵਿਯੋਗ ਵਿਚ ਹੀ ਆਉਣੇ ਚਾਹੀਦੇ ਹਨ ਕਿਸੇ ਪ੍ਰਾਣੀ ਦੇ ਵਿਯੋਗ ਵਿਚ ਨਹੀਂ। ਗੁਰਬਾਣੀ ਕਿਸੇ ਪ੍ਰਾਣੀ ਦੀ ਮੌਤ ਤੇ ਅੱਥਰੂ ਵਗਾਉਣ, ਵਿਰਲਾਪ ਕਰਨ ਦੀ ਥਾਂ ਗੁਰਬਾਣੀ ਗਾਇਨ ਕਰਨ ਦਾ ਉਪਦੇਸ਼ ਦੇਂਦੀ ਹੈ। ਬਾਬਾ ਸੁੰਦਰ ਜੀ ਗੁਰੂ ਅਮਰ ਦਾਸ ਜੀ ਦੇ ਜੋਤੀ ਜੋਤ ਸਮਾਣ ਸਮੇਂ ਗੁਰੂ ਸਾਹਿਬ ਦੇ ਹਵਾਲੇ ਵਿਚ ਤਾਕੀਦ ਕਰਦੇ ਹਨ-

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥... ਅੰਗ-923

ਅੰਤੇ ਸਤਿਗੁਰੁ ਬੋਲਿਆ
ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥ ਅੰਗ-923

ਜੰਗ ਜਿਤਣ ਨਾਲ ਅੰਗਰੇਜ਼ ਸਰਕਾਰ ਦੀ ਦਰਬਾਰ ਸਾਹਿਬ ਅਤੇ ਗੁਰਬਾਣੀ ਬਾਰੇ ਸ਼ਰਧਾ ਵਿਚ ਵਾਧਾ ਹੋਇਆ। ਜੰਗ ਜਿਤ ਕੇ ਆਏ ਕਈ ਸਿੱਖ ਤੇ ਗ਼ੈਰ-ਸਿੱਖ ਸ਼ਰਧਾਲੂਆਂ ਨੇ ਨਿਜੀ ਰੂਪ ਵਿਚ ਉੱਥੇ ਅਖੰਡ ਪਾਠ ਕਰਵਾ ਕੇ ਹਰਿਮੰਦਰ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ ਤੇ ਵੱਡੀਆਂ ਵੱਡੀਆਂ ਭੇਟਾਵਾਂ ਚੜ੍ਹਾ ਕੇ ਖ਼ੁਸ਼ੀ ਮਹਿਸੂਸ ਕੀਤੀ। ਕਈ ਪਲਟਣਾਂ ਨੇ ਰਲ ਕੇ ਆਪਣੇ ਸਤਿਕਾਰ ਨੂੰ ਵਿਅਕਤ ਕਰਦਿਆਂ ਸੰਗਮਰਮਰ ਦੀਆਂ ਯਾਦਗਾਰੀ ਸਿਲ੍ਹਾਂ ਵੀ ਲਗਵਾਈਆਂ। ਹਰ ਭਾਰਤੀ ਦੇ ਹਿਰਦੇ ਵਿਚ ਹਰਿਮੰਦਰ ਦੀ ਮਹਾਨ ਕੀਰਤੀ ਦਾ ਡੂੰਘਾ ਪ੍ਰਭਾਵ ਬਣਿਆ। ਅੰਗਰੇਜ਼ ਸ਼ਾਸਕ ਵੀ ਹਰਿਮੰਦਰ ਨੂੰ ਵਧੇਰੇ ਸਤਿਕਾਰ ਦੇਣ ਲਗ ਪਏ ਅਤੇ ਸਮਾਂ ਮਿਲਦੇ ਦਰਸ਼ਨਾਂ ਲਈ ਆਉਣ ਲਗ ਪਏ। ਇਵੇਂ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਆਪੀ ਪ੍ਰਸਿੱਧੀ ਪ੍ਰਾਪਤ ਹੋਈ।

ਮਗਰੋਂ ਜਦ ਸਿੰਘਾਂ ਦਾ ਅੰਗਰੇਜ਼ਾਂ ਨਾਲ ਜੈਤੋਂ ਦਾ ਮੋਰਚਾ ਲਗ ਗਿਆ ਤਾਂ ਸਿੰਘਾਂ ਨੇ ਚੜ੍ਹਦੀਕਲਾ ਲਈ ਅਰਦਾਸਾਂ ਕੀਤੀਆਂ ਅਤੇ ਹਰਿਮੰਦਰ ਸਾਹਿਬ ਵਿਖੇ ਸੁਖ ਸ਼ਾਂਤੀ ਅਤੇ ਮੋਰਚੇ ਦੀ ਸਫਲਤਾ ਲਈ ਵੀ ਅਖੰਡ ਪਾਠਾਂ ਦੀ ਲੜੀ ਚਲ ਪਈ ਤੇ ਇਵੇਂ ਜੁਲਾਈ 1925 ਤੱਕ ਇਕ ਇਕ ਕਰਕੇ 320 ਅਖੰਡ ਪਾਠ ਸਾਹਿਬਾਂ ਦਾ ਭੋਗ ਪਿਆ ਤੇ ਸਾਰੇ ਮੋਰਚੇ ਫਤਿਹ ਹੋ ਗਏ। 321ਵਾਂ ਅਖੰਡ ਪਾਠ ਸਮੁਚੀ ਜਿਤ ਦੇ ਧੰਨਵਾਦ ਵਜੋਂ ਰਖਿਆ ਗਿਆ। (ਹਵਾਲਾ ਰਪੋਟ ਦਰਬਾਰ ਸਾਹਿਬ 1930, ਪੰਨਾ-33 ਅਤੇ ਹਰਿਮੰਦਰ ਸਾਹਿਬ ਦਾ ਸੁਨਿਹਰੀ

ਇਤਹਾਸ ਪੰਨਾ-365)। ਜਿਤ ਹਾਰ ਦੀ ਗੱਲ ਨੂੰ ਇਕ ਪਾਸੇ ਰਖਦੇ ਹੋਏ ਇਹ ਮਹਿਸੂਸ ਕਰਨ ਵਿਚ ਕਿਤਨਾ ਸੰਤੋਖ ਤੇ ਖੁਸ਼ੀ ਪ੍ਰਤੀਤ ਹੁੰਦੀ ਹੈ ਕਿ ਹਰਿਮੰਦਰ ਸਾਹਿਬ ਵਿਚ ਦਿਨ ਰਾਤ ਲਗਾਤਾਰ ਗੁਰਬਾਣੀ ਦਾ ਕੀਰਤਨ ਤੇ ਪਾਠ ਹੁੰਦਾ ਆ ਰਿਹਾ ਹੈ ਜੋ ਫਿਜ਼ਾ ਨੂੰ ਪਵਿੱਤਰ ਕਰ ਰਿਹਾ ਹੈ ਤੇ ਇਸ ਪਵਿੱਤਰ ਹਰਿਮੰਦਰ ਵਿਚ ਹੋਰ ਦੈਵੀ ਰਸ ਘੋਲ ਰਿਹਾ ਹੈ।

ਅਜਕੱਲ੍ਹ ਸਾਰੇ ਹਰਿਮੰਦਰ ਪਰੀਸਰ ਵਿਚ 50 ਥਾਵਾਂ ਤੇ ਨਿਰੰਤਰ ਅਖੰਡ ਪਾਠ ਸਾਹਿਬ ਚਲ ਰਹੇ ਹਨ ਤੇ ਇਕ ਸਾਲ ਵਿਚ ਤਕਰੀਬਨ 20 ਹਜ਼ਾਰ ਅਖੰਡ ਪਾਠ ਸਾਹਿਬ ਸੰਪੰਨ ਹੁੰਦੇ ਹਨ। ਉੱਥੇ ਅਖੰਡ ਪਾਠ ਕਰਵਾਣ ਦੀ ਸੂਚੀ ਇਤਨੀ ਲੰਮੀ ਹੈ ਕਿ ਦੁਖ ਭੰਜਨੀ ਬੇਰੀ ਵਾਲੇ ਅਸਥਾਨ ਤੇ 1.4.06 ਨੂੰ ਬੁਕ ਕਰਵਾਏ ਗਏ ਅਖੰਡ ਪਾਠ ਸਾਹਿਬ ਦੀ ਵਾਰੀ ਮਈ 2021 ਨੂੰ ਹੀ ਆਵੇਗੀ। ਇੱਥੇ ਅਖੰਡ ਪਾਠ ਕਰਵਾਉਣ ਵਾਲਿਆਂ ਦੀ ਬੜੀ ਲੰਮੀ ਸੂਚੀ ਵਿੱਚ, ਉੱਘੀਆਂ ਰਾਜਨੀਤਕ ਹਸਤੀਆਂ, ਫੌਜੀ ਅਫ਼ਸਰ, ਫਿਲਮੀ ਸਿਤਾਰੇ ਅਤੇ ਸ਼ਰਧਾਲੂ ਸ਼ਾਮਲ ਹਨ। ਬੀ.ਜੇ.ਪੀ. ਦੇ ਵੱਡੇ ਨੇਤਾ ਸ੍ਰੀ ਅਡਵਾਨੀ ਸਾਹਿਬ ਦੀ ਮਾਤਾ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਉੱਥੇ ਅਖੰਡ ਪਾਠ ਸਾਹਿਬ ਦੇ ਭੋਗ ਪੈਂਦੇ ਹਨ।

ਸੂਰਜ ਪਰਕਾਸ਼ ਵਿਚ ਹਵਾਲਾ ਮਿਲਦਾ ਹੈ ਕਿ ਇਕ ਅਖੰਡ ਪਾਠ ਦਾ ਮਹੱਤਵ 33 ਕਰੋੜ ਦੇਵਤਿਆਂ ਦੇ ਤਪ ਦੇ ਬਰਾਬਰ ਹੈ ਅਤੇ ਜਿਥੇ 20 ਹਜ਼ਾਰ ਅਖੰਡ ਪਾਠ ਇਕ ਸਾਲ ਵਿਚ ਹੁੰਦੇ ਹੋਣ ਉਸ ਅਸਥਾਨ ਦੀ ਮਹੱਤਤਾ ਤੇ ਪਵਿੱਤਰਤਾ ਦਾ ਅੰਦਾਜ਼ਾ ਲਗਾਉਣਾ ਕਿਤਨਾ ਔਖਾ ਹੈ। ਹਾਂ ਇਤਨਾ ਤਾਂ ਸਹਿਜੇ ਕਿਹਾ ਜਾ ਸਕਦਾ ਕਿ ਹਰਿਮੰਦਰ ਪਰੀਸਰ ਵਿਚ ਜਿਥੇ ਕਿਧਰੇ ਵੀ ਕੋਈ ਜਗਿਆਸੂ, ਕੋਈ ਸ਼ਰਧਾਲੂ, ਕੋਈ ਉਪਾਸ਼ਕ, ਕੋਈ ਰਸੀਆ ਜਾਂ ਕੋਈ ਸੈਲਾਨੀ ਬੈਠਾ ਹੈ ਜਾਂ ਰਵ ਰਿਹਾ ਹੈ, ਰੱਬੀ ਬਾਣੀ ਨਾਲ ਪਾਕੀਜ਼ਾ ਹੋਈ ਪਵਨ ਉਸਦੇ ਸਵਾਸਾਂ ਰਾਹੀਂ ਉਸਦੇ ਸਰੀਰ ਅੰਦਰ ਪਰਵੇਸ਼ ਕਰਕੇ ਉਸਨੂੰ ਆਤਮਿਕ ਸਵੱਛਤਾ ਪਰਦਾਨ ਕਰ ਰਹੀ ਹੁੰਦੀ ਹੈ। ਹਰਿਮੰਦਰ ਵਿਚ ਸਰੀਰ ਰੂਪੀ ਹਾਜ਼ਰੀ ਭਰਨ ਵਾਲੇ ਵਿਅਕਤੀ ਦੀ ਸੁਰਤ ਗੁਰਬਾਣੀ ਦੀ ਸ਼ਕਤੀ ਸਦਕਾ ਸੁੱਤੇ ਸਿਧ ਹੀ ਬਲਵਾਨ ਹੁੰਦੀ ਰਹਿੰਦੀ ਹੈ। ਇਹ ਸ਼ਬਦ ਰੂਪੀ ਮਾਖਿਉਂ ਮਿੱਠੀ ਬਾਣੀ ਸ਼ਕਤੀ ਸੰਚਤ ਕਰਦੀ ਹੈ ਤੇ ਇਸ ਸ਼ਕਤੀ ਨੂੰ ਵਾਤਾਵਰਨ ਵਿਚ ਬਖੇਰਦੀ ਹੈ ਜਿਸ ਨਾਲ ਕਿਲਵਿਖ ਨਾਸ ਹੁੰਦੇ ਹਨ, ਆਤਮਾ ਪਵਿੱਤਰ ਹੁੰਦੀ ਹੈ ਅਤੇ ਅਨੰਦ ਦਾ ਜੀਵਨ ਵਿਚ ਪਰਵੇਸ਼ ਹੁੰਦਾ ਹੈ।

ਗੁਨ ਬੇਅੰਤ ਬੇਅੰਤ ਭਨੁ
ਨਾਨਕ ਕਹਨੁ ਨ ਜਾਈ ਪਰੈ ਪਰਾਤਿ॥ ਅੰਗ-535

.18.

ਹਰਿਮੰਦਰ ਸਾਹਿਬ ਨਾਲ ਜੁੜਿਆ ਸਤਿਕਾਰ

ਸਿੱਖ ਲਈ ਦਸ ਗੁਰੂ ਸਾਹਿਬਾਨ ਇੱਕੋ ਜੋਤ ਹਨ, ਰੱਬੀ ਸਰੂਪ ਹਨ। ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਦਾ ਸ਼ਾਬਦਿਕ ਸਰੂਪ ਹੈ ਜਿਸ ਵਿਚ ਦਸ ਗੁਰੂ ਸਾਹਿਬਾਨ ਦੀ ਆਤਮਾ ਬਿਰਾਜਮਾਨ ਹੈ। ਉਂਜ ਤਾਂ ਜਿਥੇ ਵੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੈ ਉਹ ਅਸਥਾਨ ਸਿੱਖ ਲਈ ਪੂਜਨੀਕ ਹੈ ਪਰ ਹਰਿਮੰਦਰ ਸਾਹਿਬ ਜਿਸ ਨੂੰ ਗੋਲਡਨ ਟੈਂਪਲ, ਦਰਬਾਰ ਸਾਹਿਬ ਜਾਂ ਸਵਰਨ ਮੰਦਰ ਸਾਹਿਬ ਵੀ ਕਿਹਾ ਜਾਂਦਾ ਹੈ, ਹਰ ਸਿੱਖ ਲਈ ਕਈ ਕਾਰਨਾਂ ਕਰਕੇ ਪਰਮ ਸਰੇਸ਼ਠ ਸਤਿਕਾਰਯੋਗ ਤੀਰਥ ਹੈ। ਹਰ ਸਿੱਖ ਨਿਤ ਦੀ ਅਰਦਾਸ ਵਿਚ ਅੰਮ੍ਰਿਤਸਰ ਸਾਹਿਬ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਲੋਚਦਾ ਹੈ। ਇਹ ਹਰਿਮੰਦਰ ਸਾਹਿਬ ਇਕ ਅਜਿਹਾ ਪਵਿੱਤਰ ਧਾਮ ਹੈ ਜਿਥੇ ਪਿਛਲੇ ਚਾਰ ਸੌ ਸਾਲਾਂ ਤੋਂ ਨਿਰੰਤਰ ਰੂਪ ਵਿਚ ਕੀਰਤਨ ਜਾਂ ਪਾਠ ਹੁੰਦਾ ਚਲਾ ਆ ਰਿਹਾ ਹੈ ਜਿਸ ਦੀ ਬਦੌਲਤ ਪਰੀਸਰ ਦਾ ਸਾਰਾ ਵਾਤਾਵਰਨ ਗੁਰਬਾਣੀ ਤਰੰਗਾਂ ਅਤੇ ਅਕਾਲਪੁਰਖ ਦੇ ਲਾਸਾਨੀ ਨਾਮ ਨਾਲ ਚਾਰਜ ਹੋਇਆ ਪਿਆ ਹੈ। ਹਾਲਾਤ ਭਾਵੇਂ ਕੁਝ ਵੀ ਕਿਉਂ ਨਾ ਹੋਣ, ਹਰਿਮੰਦਰ ਸਾਹਿਬ ਦੇ ਅੰਦਰ ਪ੍ਰਭੂ ਉਪਾਸ਼ਨਾ ਤੋਂ ਇਲਾਵਾ ਇਕ ਅੱਖਰ ਵੀ ਨਹੀਂ ਬੋਲਿਆ ਜਾ ਸਕਦਾ ਅਤੇ ਇੱਥੇ ਤਕ ਕਿ ਖਾਲਸਈ ਜੈਕਾਰਾ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਵੀ ਨਹੀਂ ਗਜਾਇਆ ਜਾ ਸਕਦਾ ਕਿਉਂਕਿ ਆਮ ਕਰ ਕੇ ਇਹ ਜੰਗੀ ਜੈਕਾਰਾ ਹੈ ਜੋ ਜੋਸ਼, ਜੁੱਧਸ਼ ਤੇ ਚੜ੍ਹਦੀਕਲਾ ਦਾ ਪ੍ਰਤੀਕ ਹੈ ਅਤੇ ਹਰਿਮੰਦਰ ਸਾਹਿਬ ਵਿਚ ਨਿਰੰਤਰ ਗੁਰਬਾਣੀ ਪ੍ਰਵਾਹ ਚਲਣ ਕਾਰਨ ਉੱਥੇ ਸਹਿਜਤਾ, ਸੁਹਜਤਾ, ਹਲੀਮੀ, ਦਿਆ, ਨਿਮਰਤਾ ਪ੍ਰਧਾਨ ਹਨ।

ਇਸ ਪਵਿੱਤਰ ਸਥਾਨ ਤੋਂ ਹਰ ਸਿੱਖ ਤੇ ਗੁਰਬਾਣੀ ਪ੍ਰੇਮੀ ਨੂੰ ਸਿੱਖ ਸਿਧਾਂਤਾਂ ਦੀ ਇਨ ਬਿਨ ਪਾਲਣਾ ਕਰਨ ਦੀ ਅਮਲੀ ਟਰੇਨਿੰਗ ਮਿਲਦੀ ਰਹਿੰਦੀ ਹੈ ਅਤੇ ਹੋਰ ਨੇਕ ਕੀਮਤਾਂ ਕਦਰਾਂ ਦੇ ਨਾਲ ਨਾਲ ਸੇਵਾ ਤੇ ਸਿਮਰਨ ਨੂੰ ਇੱਥੇ ਸਿੱਖ ਚਜ-ਅਚਾਰ ਦੇ ਮੂਲ ਥੰਮ੍ਹ ਵਜੋਂ ਸਮਝਿਆ ਜਾਂਦਾ ਹੈ। **ਸਿਮਰਨ ਦੀ ਖੁਰਾਕ ਨੂੰ ਹਜ਼ਮ ਕਰਨ ਲਈ ਸੇਵਾ ਦੀ ਐਕਸਰਸਾਈਜ਼ (ਮਸ਼ਕ) ਕਰਨੀ ਅਤੀ ਜ਼ਰੂਰੀ ਹੈ ਅਤੇ ਹਰਿਮੰਦਰ ਸਾਹਿਬ ਵਿਚ ਹਰ ਸਮੇਂ ਇਨ੍ਹਾਂ ਦੋਨੋ ਨੇਕ ਭਾਵਨਾਵਾਂ ਨੂੰ ਹੋਰ ਉਭਾਰਨ ਹਿਤ ਵਡੀ ਮਾਤਰਾ ਵਿਚ ਅਮਲ ਹੁੰਦਾ ਵੇਖਿਆ ਜਾ ਸਕਦਾ ਹੈ।**

ਹਰਿਮੰਦਰ ਸਾਹਿਬ ਇਕ ਅਜਿਹਾ ਵਰਸੋਇਆ ਹੋਇਆ ਪੁਨੀਤ ਪ੍ਰਾਰਥਨਾ ਘਰ ਹੈ ਜਿਥੇ ਹਰ ਵੇਲੇ ਸਾਧ ਸੰਗਤ ਜੁੜਦੀ ਹੈ ਅਤੇ ਪ੍ਰਭੂ ਜਸ ਗਾਉਂਦੀ ਹੈ।

ਕੋਈ ਵੀ ਮਨੁੱਖ ਭਾਵੇਂ ਉਸ ਦਾ ਆਪਣਾ ਨਿਜੀ ਅਕੀਦਾ ਕੁਝ ਵੀ ਕਿਉਂ ਨਾ ਹੋਵੇ ਇਸ ਸੰਗਤ ਦਾ ਸਾਂਝੀਦਾਰ ਬਣ ਸਕਦਾ ਹੈ। ਇਹ ਪਵਿੱਤਰ ਸੰਗਤ ਮਾਨਣ ਨਾਲ ਮਨ ਨਿਰਮਲ ਹੁੰਦਾ ਹੈ ਤੇ ਅਘ (ਪਾਪ) ਖਤਮ ਹੋ ਜਾਂਦੇ ਹਨ ਅਤੇ ਦੁਰਮਤ ਮੈਲ ਦਾ ਨਾਸ ਹੋਣ ਲਗਦਾ ਹੈ।

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ (ਪਾਪ) **ਹਰੇ** (ਨਸ ਗਏ)
ਨਿਰਮਲ ਭਏ ਚੀਤਾ॥ ਰਹਾਉ॥ ਅੰਗ-809

ਉਂਜ ਤਾਂ ਸਾਰੇ ਹੀ ਗੁਰਦਵਾਰਿਆਂ ਵਿਚ ਗੁਰੂ ਦੇ ਲੰਗਰ ਦੀ ਪ੍ਰਥਾ ਪ੍ਰਚਲਤ ਹੈ ਪਰ ਦਰਬਾਰ ਸਾਹਿਬ ਵਿਖੇ ਹਜ਼ਾਰਾਂ ਯਾਤਰੂ ਜਾਂ ਗਰਜ਼ਮੰਦ ਸਜਣ ਰੋਜ਼ ਲੰਗਰ ਛਕਦੇ ਹਨ। (ਸ਼੍ਰੋਮਣੀ ਕਮੇਟੀ ਦੇ ਇਕ ਤਾਜ਼ਾ ਅਨੁਮਾਨ ਅਨੁਸਾਰ 40,45 ਹਜ਼ਾਰ ਪ੍ਰੇਮੀ ਹਰ ਰੋਜ਼ ਲੰਗਰ ਛਕਦੇ ਹਨ) ਰਾਤ ਬਹੁਤ ਦੇਰ ਤਕ ਪੰਗਤਾਂ ਸਜਦੀਆਂ ਰਹਿੰਦੀਆਂ ਹਨ ਤੇ ਹਰ ਇਕ ਨੂੰ ਗੁਰੂ ਦਾ ਲੰਗਰ 24 ਘੰਟੇ ਅਟੁੱਟ ਵਰਤਾਇਆ ਜਾਂਦਾ ਹੈ। ਇਹ ਲੰਗਰ ਦੀ ਪ੍ਰਥਾ ਆਪਣੇ ਆਪ ਵਿਚ ਬੜੀ ਮਹੱਤਵਪੂਰਨ, ਵਿਲਖਣ ਤੇ ਜ਼ਾਤਾਂ ਪਾਤਾਂ ਵਿਚ ਕਟੇ ਫਟੇ ਸਮਾਜ ਲਈ ਤਾਂ ਇਕ ਵਰਦਾਨ ਹੈ ਜੋ ਸਿੱਖਾਂ ਦੇ ਹਿਸੇ ਹੀ ਆਇਆ ਹੈ। ਇਸ ਸਾਂਝੇ ਲੰਗਰ ਕਾਰਨ ਸਿੱਖ ਹਰ ਸਮੇਂ ਸੁਤੇ ਸਿਧ ਹੀ ਜਥੇਬੰਦਕ ਰੂਪ ਵਿਚ ਇਕ ਦੂਸਰੇ ਨਾਲ ਜੁੜੇ ਹੋਏ ਹਨ ਤੇ ਇਹ ਗੁਰੂ ਦੇ ਲੰਗਰ ਦੀ ਨਿਰੰਤਰ ਸਾਂਝ ਉਨ੍ਹਾਂ ਨੂੰ ਹਮੇਸ਼ਾ ਸਰਬ ਮਾਨਵਤਾ ਨਾਲ ਅਟੁੱਟ, ਅਮਿੱਟ, ਅਮੁੱਕ ਸਾਂਝ ਪ੍ਰਦਾਨ ਕਰਨ ਦੇ ਰੂਪ ਵਿਚ ਸਹਾਈ ਸਿੱਧ ਹੁੰਦੀ ਹੈ। ਇਹੀ ਕਾਰਨ ਹੈ ਕਿ ਅਜ ਸੰਸਾਰ ਵਿਚ ਜਿਥੇ ਕਿਧਰੇ ਵੀ ਸਿੱਖ ਰਹਿ ਰਿਹਾ ਹੈ ਉਸ ਨੇ ਲੰਗਰ ਦੀ ਅਮੁੱਲ ਦਾਤ ਨੂੰ ਬਲਵਾਨ ਰੂਪ ਵਿਚ ਆਪਣੀ ਸਮਾਜਕ ਤੇ ਆਤਮਿਕ ਜ਼ਿੰਦਗੀ ਦਾ ਮਹਤਵਪੂਰਣ ਅੰਗ ਬਣਾਇਆ ਹੋਇਆ ਹੈ। ਸਮੁਚੀ ਦੁਨੀਆ ਸਿੱਖਾਂ ਦੀ ਇਸ ਗੁਰੂ ਦੇ ਲੰਗਰ ਦੀ ਬੇਨਜ਼ੀਰ ਪਵਿੱਤਰ ਪਰੰਪਰਾ ਦੀ ਦਾਦ ਦੇਂਦੀ ਤੇ ਕਦਰ ਕਰਦੀ ਹੈ। ਦੁਨੀਆ ਭਰ ਵਿੱਚ ਤਕਰੀਬਨ 60 ਹਜ਼ਾਰ ਗੁਰਦਵਾਰਿਆਂ ਵਿੱਚ ਇਹ ਮਾਨਵੀ ਪਿਆਰ ਵਿਕਸਤ ਕਰਨ ਵਾਲੀ ਪਰਨਾਲੀ ਪੂਰੀ ਸਜ ਧਜ ਨਾਲ ਚਲ ਰਹੀ ਹੈ।

ਹਰਿਮੰਦਰ ਸਾਹਿਬ ਪ੍ਰਤੀ ਹਰ ਸਿੱਖ ਦੇ ਦਿਲ ਵਿਚ ਅਗਾਧ ਸ਼ਰਧਾ ਤੇ ਪਿਆਰ ਦਾ ਇੱਕ ਕਾਰਨ ਇਹ ਵੀ ਹੈ ਕਿ ਇਸ ਪਵਿੱਤਰ ਧਰਤੀ, ਜਿਸ ਤੇ ਇਹ ਪ੍ਰਭੂ ਦਾ ਸੱਚਖੰਡ ਸਾਜਿਆ ਗਿਆ ਹੈ, ਨੂੰ, ਦਸਾਂ ਵਿਚੋਂ ਅੱਠ ਗੁਰੂ ਸਾਹਿਬਾਨ ਦੀ ਚਰਨ ਛੂਹ ਪ੍ਰਾਪਤ ਹੈ। ਇਸ ਤੋਂ ਵੀ ਵੱਡੀ ਗੱਲ ਇਹ ਵੀ ਹੋਈ ਹੈ ਕਿ ਚੌਥੇ ਤੇ ਪੰਜਵੇਂ ਸਤਿਗੁਰਾਂ ਨੇ ਆਪਣੇ ਕਰ ਕਮਲਾਂ ਨਾਲ ਇਸ ਪਰੀਸਰ ਤੇ ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਸੇਵਾ ਕਰ ਕੇ ਇਸਦੀ ਸ਼ੋਭਾ ਵਧਾਈ ਹੈ। ਅਕਾਲਪੁਰਖ ਖੁਦ ਵੀ ਇਸ ਅਸਥਾਨ ਦੀ ਸੇਵਾ ਕਰਦਿਆਂ ਟੋਕਰੀਆਂ

ਉਂਦਾ ਰਿਹਾ ਹੈ। ਇਨ੍ਹਾਂ ਇਲਾਹੀ ਮਿਹਰਬਾਨੀਆਂ ਕਰ ਕੇ ਇਸ ਪਵਿੱਤਰ ਪਰੀਸਰ ਦੀ ਸ਼ੋਭਾ ਦਾ ਬਿਆਨ ਕਰਨਾ ਅਸੰਭਵ ਹੈ। ਇਸ ਸਭ ਕੁਝ ਕਰਕੇ ਅੰਮ੍ਰਿਤ ਮਈ ਸਰੋਵਰ ਵਿਚ ਇਸ਼ਨਾਨ ਸਿੱਖ ਦੀ ਦਲਿਦਰੀ ਦੂਰ ਕਰਕੇ ਉਸ ਨੂੰ ਮਾਨਸਿਕ ਤੇ ਸਰੀਰਕ ਤੌਰ ਤੇ ਵੀ ਚੁਸਤ ਦਰੁਸਤ ਕਰ ਦੇਂਦਾ ਹੈ ਜਿਸ ਨਾਲ ਉਹ ਨਾਮ ਰਸ ਗ੍ਰਿਹਣ ਕਰਨ ਵਿਚ ਵਧੇਰੇ ਤਤਪਰ ਹੋ ਜਾਂਦਾ ਹੈ।

ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥ ਅੰਗ-625

ਜਿਤਨੀ ਦੇਰ ਤੱਕ ਕੋਈ ਸਿੱਖ ਸ਼ਰਧਾਲੂ ਹਰਿਮੰਦਰ ਸਾਹਿਬ ਵਿਚ ਰਹਿੰਦਾ ਹੈ ਉਹ ਇਸ ਅਸਥਾਨ ਦੇ ਸਤਿਕਾਰ ਵਿੱਚ ਇਸ ਨੂੰ ਚੁੰਮਦਾ ਚੱਟਦਾ ਨਹੀਂ ਥਕਦਾ। ਦੀਪ ਸਿੰਘ ਯਾਤਰੂਆਂ ਦੀ ਮਨੋ-ਅਵਸਥਾ ਇਵੇਂ ਪ੍ਰਗਟਾਉਂਦਾ ਹੈ:

ਗੋਲਡਨ ਟੈਂਪਲ ਕਹਿਣ ਜੋ ਲੱਖਾਂ, ਲੱਖਾਂ ਨੇ ਹਰਿਮੰਦਰ ਕਹਿੰਦੇ
ਹਰਿਮੰਦਰ ਇਹ ਹਰੀ ਦਾ ਮੰਦਰ, ਹਰਿ ਜੀ ਆਪ ਨੇ ਇਥੇ ਰਹਿੰਦੇ
ਹਰਿ ਕੋਈ ਇਥੇ ਹਰਿ ਹਰਿ ਆਖੇ, ਹਰਿ ਜੀ ਉਠਦੇ ਹਰਿ ਜੀ ਬਹਿੰਦੇ
ਹਰਿ ਜੀ ਬੰਦ ਨਹੀਂ ਇਕ ਪਾਸੇ, ਹਰਿ ਜੀ ਚੜ੍ਹਦੇ ਹਰਿ ਜੀ ਲਹਿੰਦੇ
ਉਸ ਦੇ ਸਮਝੋ ਭਾਗ ਨੇ ਖੋਟੇ, ਜੋ ਦਰਸ਼ਨਾਂ ਤੋਂ ਉਕ ਜਾਵੇ
ਇਸਦੇ ਅਜਬ ਨਜ਼ਾਰੇ ਵੇਖ, ਕਾਫਰ ਤਕ ਵੀ ਝੁਕ ਜਾਵੇ।

ਇਨ੍ਹਾਂ ਕੁਝ ਇਕ ਕਾਰਨਾਂ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਸਿੱਖਾਂ ਲਈ 'ਰੱਬ ਦਾ ਘਰ' ਜਾਂ ਸਚਖੰਡ ਹੋਣ ਦੀ ਮਹਾਨਤਾ ਰੱਖਦਾ ਹੈ। ਇਸ ਲਈ ਸਿੱਖਾਂ ਦੇ ਦਿਲ ਵਿਚ ਇਸ ਅਸਥਾਨ ਪ੍ਰਤੀ ਬੇਪਨਾਹ ਪ੍ਰੇਮ ਹੋਣਾ ਤਾਂ ਸੁਭਾਵਿਕ ਗੱਲ ਹੈ ਹੀ ਪਰ ਕਈ ਗ਼ੈਰ-ਸਿੱਖ ਵੀਰਾਂ ਨੇ ਵੀ ਇਸ ਅਸਥਾਨ ਤੋਂ ਆਪਣੀਆਂ ਮਨ ਦੀਆਂ ਮੁਰਾਦਾਂ ਸੁਤੇ ਸਿਧ ਪੂਰੀਆਂ ਹੁੰਦੇ ਵੇਖ ਕੇ ਇਸ ਪ੍ਰਤੀ ਆਪਣਾ ਦਿਲੀ ਸਤਿਕਾਰ ਪ੍ਰਗਟਾਇਆ ਹੈ ਤੇ ਇਸ ਦੀ ਅਜ਼ਮਤ ਨਾਲ ਆਪਣੀ ਸਾਂਝ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਦੇ ਪਾਤਰ ਬਣੇ ਹਨ। ਇਕ ਫਰਾਂਸੀਸੀ ਚਿਤਰਕਾਰ ਸ੍ਰੀ ਜਾਰਲ ਜਦ ਇਕ ਵਾਰ ਗੋਲਡਨ ਟੈਂਪਲ ਦਾ ਚਿਤਰ ਬਣਾ ਰਿਹਾ ਸੀ ਤਾਂ ਉਸ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਆਮ ਕਰ ਕੇ ਜਦ ਮੈਂ ਕੋਈ ਚਿਤਰ ਬਣਾਉਂਦਾ ਹਾਂ ਤਾਂ ਉਸ ਉੱਤੇ ਰੌਸ਼ਨੀ ਬਾਹਰੋਂ ਪੈਂਦੀ ਹੈ ਪਰ ਹਰਿਮੰਦਰ ਸਾਹਿਬ ਦਾ ਚਿਤਰ ਬਣਾਨ ਲਗਿਆਂ ਮੈਨੂੰ ਬੇਹੱਦ ਹੈਰਾਨੀ ਹੋਈ ਕਿ ਇਹ ਰੌਸ਼ਨੀ ਗੋਲਡਨ ਟੈਂਪਲ ਦੇ ਅੰਦਰੋਂ ਪੈ ਰਹੀ ਸੀ। ਇਹ ਇਸ ਅਸਥਾਨ ਦੀ ਅਦਭੁਤ ਹਸਤੀ ਦਾ ਜੀਂਦਾ ਜਾਗਦਾ ਸਬੂਤ ਹੈ ਜਿਸ ਨੇ ਮੈਨੂੰ ਇਸ ਨਾਲ ਸਤਿਕਾਰੀ ਰੂਪ ਵਿਚ ਜੋੜ ਦਿੱਤਾ ਹੈ। ਇਸੇ ਤਰ੍ਹਾਂ ਦੇ ਸਤਿਕਾਰੀ ਅਨੁਭਵ ਇਸਰਾਇਲੀ ਆਰਕੀਟੇਕਟ ਮੋਸ਼ੇ ਸੈਫਦੀ ਨੇ ਵੀ ਦਰਬਾਰ ਸਾਹਿਬ ਪ੍ਰਤੀ ਪ੍ਰਗਟਾਏ ਹਨ ਜਿਸਨੇ ਆਨੰਦਪੁਰ ਸਾਹਿਬ ਵਿਖੇ ਖਾਲਸਾ ਵਿਰਾਸਤ ਪਰੀਸਰ ਦਾ ਅਦਭੁਤ ਡਿਜ਼ਾਇਨ ਤਿਆਰ ਕੀਤਾ ਹੈ ਅਤੇ ਇਸ ਅਲੌਕਿਕ ਕੰਪਲੈਕਸ ਨੂੰ ਮੁਕੰਮਲ

ਕਰਵਾਇਆ ਹੈ। ਖ਼ੁਸ਼ੀ ਦੀ ਗੱਲ ਇਹ ਵੀ ਹੈ ਕਿ ਉਸਨੇ ਦਰਬਾਰ ਸਾਹਿਬ ਦੇ ਗਲਿਆਰੇ ਨੂੰ ਅਤੀ ਸੁੰਦਰ ਬਣਾਉਣ ਲਈ ਆਪਣੀਆਂ ਸੇਵਾਵਾਂ ਪ੍ਰਬੰਧਕਾਂ ਨੂੰ ਪ੍ਰਦਾਨ ਕਰਕੇ ਪ੍ਰਸੰਨਤਾ ਪ੍ਰਗਟਾਈ ਹੈ ਅਤੇ ਹਰਿਮੰਦਰ ਸਾਹਿਬ ਦੇ ਗਲਿਆਰੇ ਨੂੰ ਖ਼ੂਬਸੂਰਤ ਬਣਾਉਣ ਦਾ ਕਾਰਜ ਉਸਦੀ ਦੇਖ ਰੇਖ ਵਿੱਚ ਸੰਪੂਰਣ ਹੋਣ ਦੀ ਆਸ ਹੈ ਜਿਸ ਵਿੱਚ 100 ਕਰੋੜ ਰੁ. ਦੀ ਲਾਗਤ ਨਾਲ ਇਕ ਅਤੀ ਉੱਤਮ ਅਤੇ ਆਧੁਨਿਕ ਕਿਸਮ ਦਾ ਪਲਾਜ਼ਾ ਵੀ ਬਣ ਰਿਹਾ ਜੋ ਹਰਿਮੰਦਰ ਸਾਹਿਬ ਪ੍ਰਤੀ ਇਲੈਕਟਰਾਨਿਕ ਜੁਗਤਾਂ ਨਾਲ ਚਾਨਣਾ ਪਾ ਕੇ ਯਾਤਰੂਆਂ ਨੂੰ ਸ਼ਰਧਾਮਈ ਰੰਗ ਵਿੱਚ ਰੰਗ ਦੇਵੇਗਾ। ਇਹ ਕਾਰਜ ਆਉਂਦੀ ਦੀਵਾਲੀ ਤਕ ਸੰਪੰਨ ਹੋਵੇਗਾ।

ਸਾਬਕਾ ਬਰਤਾਨਵੀ ਹਾਈ ਕਮਿਸ਼ਨਰ ਜਾਨ ਥਾਮਸਨ ਤੇ ਉਸ ਦੀ ਧਰਮ ਪਤਨੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਇਸ ਪ੍ਰਤੀ ਆਪਣਾ ਸਤਿਕਾਰ ਅਰਪਤ ਕਰਦੇ ਲਿਖਤੀ ਰੂਪ ਵਿਚ ਕਹਿੰਦੇ ਹਨ ਕਿ ਅਸੀ ਹਰਿਮੰਦਰ ਸਾਹਿਬ ਨੂੰ ਸ਼ਾਂਤੀ ਦਾ ਘਰ ਅਤੇ ਆਤਮਿਕ ਭਾਵਨਾਵਾਂ ਵਾਲਾ ਪਵਿੱਤਰ ਸਥਾਨ ਪਾਇਆ ਹੈ। **ਇਸਦੀ ਖ਼ੂਬਸੂਰਤੀ ਅੱਖਾਂ ਉੱਤੇ ਡਾਢਾ ਸੁਹਣਾ ਪ੍ਰਭਾਵ ਪਾਉਂਦੀ ਹੈ ਪਰ ਇਸ ਤੋਂ ਵੀ ਵੱਧ ਉਹ ਪ੍ਰਭਾਵ ਹੈ ਜੋ ਇਹ ਅਸਥਾਨ ਆਤਮਾ ਉੱਤੇ ਪਾਉਂਦਾ ਹੈ।**

ਇੱਥੇ ਇਹ ਗੱਲ ਲਿਖਣੀ ਵੀ ਬੇਅਰਥ ਨਹੀਂ ਹੋਵੇਗੀ ਕਿ ਜੋ ਅਲੌਕਿਕ ਨਜ਼ਾਰਾ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਕੋਠਾ ਸਾਹਿਬ ਤੋਂ ਸਜੀ ਹੋਈ ਪਾਲਕੀ ਵਿੱਚ ਹਰਿਮੰਦਰ ਸਾਹਿਬ ਲਿਆ ਕੇ ਸੁਭਾਇਮਾਨ ਕਰਨ ਦਾ ਦਰਿਸ਼ਟਮਾਨ ਹੁੰਦਾ ਹੈ, ਉਸਦਾ ਕੋਈ ਸਾਨੀ ਨਹੀਂ। ਸੰਗਤਾਂ ਪ੍ਰਮਾਤਮਾ ਦੇ ਉੱਚੇ ਸੁੱਚੇ ਰੰਗ ਵਿੱਚ ਰੰਗੀਆਂ ਰੱਬੀ ਬਾਣੀ ਦਾ ਜਾਪ ਕਰਦੀਆਂ, ਫੁੱਲਾਂ ਦੀ ਵਰਸ਼ਾ ਕਰਦੀਆਂ ਆਪਣੇ ਸਤਿਗੁਰਾਂ ਦੀ ਪਾਲਕੀ ਨੂੰ ਮੋਢਾ ਦੇਂਦੀਆਂ, ਚੁੰਮਦੀਆਂ, ਸਤਿਕਾਰਦੀਆਂ ਹਨ ਅਤੇ ਆਪਣੀ ਅਨੰਤ ਸ਼ਰਧਾ ਸਦਕਾ ਧਰਤੀ ਤੇ ਸਚਖੰਡ ਦਾ ਜਲਓ ਬੰਨ੍ਹ ਦੇਂਦੀਆਂ ਹਨ।

ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਹਰਿਮੰਦਰ ਦਾ ਹਰ ਕੋਨਾ, ਹਰ ਗੋਸ਼ਾ, ਹਰ ਜ਼ਰਾ ਗੁਰਬਾਣੀ ਤੇ ਗੁਰਸਿੱਖੀ ਭਾਵਨਾ ਨਾਲ ਓਤ ਪੋਤ ਹੈ। ਇਹ ਹਰਿਮੰਦਰ ਹਰ ਕਿਸੇ ਲਈ ਇਕ ਆਨੰਦ-ਦਾਇਕ ਸਥਾਨ ਹੈ। ਸਿੱਖ ਤਾਂ ਹਰਿਮੰਦਰ ਅਤੇ ਉਸ ਵਿਚਲੀ ਸਪਿਰਟ, ਸਿੱਖਿਆ ਤੇ ਸਿਧਾਂਤ ਦੇ ਆਸਰੇ ਹੀ ਜੀਂਦੇ ਹਨ। ਹਰਿਮੰਦਰ ਉਨ੍ਹਾਂ ਦੇ ਜੀਵਨ ਨੂੰ ਖੁਸ਼ੀਆਂ ਭਰੀ ਹਰਕਤ ਪਰਦਾਨ ਕਰਦਾ ਹੈ। ਇਸ ਲਈ ਉਨ੍ਹਾਂ ਨੂੰ

'ਅਵਰ ਨ ਸੁਝੈ ਦੂਜੀ ਠਾਹਰ' ਹਾਰਿ ਪਰਿਓ ਤਉ ਦੁਆਰੀ ॥ਅੰਗ-713

.19.

ਹਰਿਮੰਦਰ ਪ੍ਰਤੀ ਮਹਾਰਾਜਾ ਰਣਜੀਤ ਸਿੰਘ ਦਾ ਅਦਭੁਤ ਸਤਿਕਾਰ

ਜਦ ਮਹਾਰਾਜਾ ਰਣਜੀਤ ਸਿੰਘ ਨੇ 1803 ਈ. ਵਿਚ ਅੰਮ੍ਰਿਤਸਰ ਨੂੰ ਭੰਗੀ ਮਿਸਲ ਤੋਂ ਲੈ ਕੇ ਸਰਕਾਰੇ-ਏ-ਖਾਲਸਾ ਦਾ ਹਿੱਸਾ ਬਣਾਇਆ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੇ ਅੰਮ੍ਰਿਤਸਰ ਦੀ ਧਰਤੀ ਨੂੰ ਪਰਨਾਮ ਕੀਤਾ। ਨੰਗੇ ਪੈਰੀਂ ਪੈਦਲ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਿਆ ਅਤੇ ਅਕਾਲਪੁਰਖ ਦਾ ਧੰਨਵਾਦ ਕੀਤਾ। ਆਪਣੇ ਇਕ ਵਿਸ਼ਵਾਸ਼ੀ ਸਿੱਖ ਭਾਈ ਲਹਿਣਾ ਸਿੰਘ ਮਜੀਠੀਆ (ਅੰਗਰੇਜ਼ੀ ਅਖ਼ਬਾਰ ਟਰਿਬਿਊਨ ਦੇ ਫਾਊਂਡਰ ਸ. ਦਿਆਲ ਸਿੰਘ ਮਜੀਠੀਆ ਦੇ ਪਿਤਾ) ਨੂੰ ਦਰਬਾਰ ਸਾਹਿਬ ਦੀ ਸਮੁਚੀ ਦੇਖ ਭਾਲ ਦਾ ਇੰਚਾਰਜ ਬਣਾਇਆ, ਅਤੇ ਸੂਰਤ ਸਿੰਘ ਗਿਆਨੀ ਚਿਨੋਟ-ਝੰਗ ਵਾਲੇ ਨੂੰ ਮੈਨੇਜਰ ਬਣਾ ਕੇ 5, 6 ਸੌ ਕਰਮਚਾਰੀ ਦਰਬਾਰ ਸਾਹਿਬ ਦੀ ਨਿਤ ਕਿਰਿਆ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਨਿਯੁਕਤ ਕਰ ਦਿੱਤੇ। ਦਰਬਾਰ ਸਾਹਿਬ ਲਈ ਮੁਨਾਸਬ ਆਮਦਨੀ ਲਈ ਚੁੰਗੀ ਦਾ ਕੁਝ ਹਿਸਾ ਦਰਬਾਰ ਸਾਹਿਬ ਲਈ ਨਿਸ਼ਚਤ ਕਰ ਦਿੱਤਾ। ਇਸ ਤੋਂ ਇਲਾਵਾ ਇਕ ਲਖ ਰੁਪਏ ਪ੍ਰਤੀ ਮਹੀਨੇ ਦੀ ਕਮਾਈ ਦੇਣ ਜੋਗੀ ਜਾਗੀਰ ਦਰਬਾਰ ਸਾਹਿਬ ਦੇ ਨਾਂ ਲਵਾ ਦਿੱਤੀ (ਹਵਾਲਾ The Golden Temple Past & Present by Madanjit Kaur)। ਇਕ ਸਿੱਖ ਹੋਣ ਦੇ ਨਾਤੇ ਉਸ ਦੇ ਦਿਲ ਵਿਚ ਆਪਣੇ ਪਾਵਨ ਧਾਮ ਪ੍ਰਤੀ ਬੇਪਨਾਹ ਸ਼ਰਧਾ ਤੇ ਸਤਿਕਾਰ ਹੋਣਾ ਕੁਦਰਤੀ ਹੀ ਸੀ ਪਰ ਇਕ ਮਹਾਰਾਜਾ ਹੋ ਕੇ ਵੀ ਉਸ ਨੇ ਹਰਿਮੰਦਰ ਸਾਹਿਬ ਨੂੰ ਆਪਣੀ ਜਿੰਦ ਜਾਨ ਨਾਲੋਂ ਵੀ ਵਧ ਪਿਆਰਿਆ, ਸਜਾਇਆ, ਸੰਵਾਰਿਆ ਅਤੇ ਅਜਿਹਾ ਕਰਕੇ ਉਹ ਆਪਣੇ ਆਪ ਨੂੰ ਇਕ ਨਿਮਾਣਾ ਸਿੱਖ ਹੀ ਸਮਝਦਾ ਰਿਹਾ। ਜਦ ਵੀ ਕਿਸੇ ਮੁਹਿੰਮ ਤੇ ਜਾਂਦਾ ਤਾਂ ਦਰਬਾਰ ਸਾਹਿਬ ਹਾਜ਼ਰੀ ਭਰ ਕੇ ਅਰਦਾਸਾਂ ਕਰਕੇ ਜਾਂਦਾ, ਜਿਤ ਪ੍ਰਾਪਤ ਕਰਕੇ ਆਉਂਦਾ ਤਦ ਵੀ ਇਸੇ ਦਰਬਾਰ ਵਿਚ ਸ਼ੁਕਰਾਨਾ ਕਰਨ ਲਗਿਆਂ ਡੰਡੌਤਾਂ ਕਰਦਾ। ਪਰਿਵਾਰ ਵਿਚ ਕੋਈ ਖੁਸ਼ੀ ਦਾ ਸਮਾਗਮ ਹੁੰਦਾ ਤਾਂ ਜਦ ਤਕ ਹਰਿਮੰਦਰ ਸਾਹਿਬ ਤੋਂ ਅਸੀਸਾਂ ਪ੍ਰਾਪਤ ਨਾ ਕਰ ਲੈਂਦਾ, ਕਾਰਜ ਨੂੰ ਅੱਗੇ ਨਹੀਂ ਸੀ ਤੋਰਦਾ। ਸਭ ਰੁਝੇਵੇਂ ਛਡ ਕੇ ਨੇਮ ਨਾਲ ਮਸਿਆ ਤੇ ਸੰਗਰਾਂਦ ਤੇ ਸਰਵੋਰ ਸਾਹਿਬ ਵਿਚ ਇਸ਼ਨਾਨ ਕਰਦਾ। ਵਸੋਂ ਵਸੇਂ ਇਸ ਮਰਿਆਦਾ ਦੀ ਉਸ ਨੇ ਉਲੰਘਣਾ ਨਹੀਂ ਕੀਤੀ। 1838 ਈ. ਨੂੰ ਜਦ ਉਸਦੀ ਸਿਹਤ ਖ਼ਰਾਬ ਹੋਣ ਲਗ ਪਈ ਤਾਂ ਉਸ ਸਾਲ ਵਿੱਚ ਉਸਨੇ ਸਭ ਤੋਂ ਵਧ ਫੇਰੀਆਂ ਦਰਬਾਰ ਸਾਹਿਬ ਪਾਈਆਂ। ਇਸ ਤੋਂ ਪਹਿਲੇ 1835 ਈ. ਨੂੰ ਉਸਨੇ ਇੱਕੋ ਵਾਰੀ 100 ਬੇਹਦ ਕੀਮਤੀ ਰੁਮਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭੇਂਟ ਕਰਕੇ 2500 ਰੁ. ਨਕਦ ਅਤੇ

511 ਅਸ਼ਰਫ਼ੀਆਂ ਦਾ ਮੱਥਾ ਟੇਕਿਆ। ਕੁਝ ਇਤਿਹਾਸਕਾਰਾਂ ਅਨੁਸਾਰ ਉਹ ਆਪਣਾ ਕੋਹਨੂਰ ਹੀਰਾ ਵੀ ਦਰਬਾਰ ਸਾਹਿਬ ਭੇਂਟ ਕਰਨ ਦਾ ਮਨ ਰਖਦਾ ਸੀ।

ਜਦ ਮਹਾਰਾਜਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਂਦਾ ਤਾਂ ਆਪਣੀ ਮਹਾਰਾਜਾ ਹੋਣ ਦੀ ਭਾਵਨਾ ਨੂੰ ਦੂਰ ਪਰੇ ਰਖ ਕੇ ਹੀ ਆਉਂਦਾ। ਉਸ ਨਾਲ ਕੋਈ ਛਤਰ ਜਾਂ ਛਾਤਾ ਨਾ ਹੁੰਦਾ ਅਤੇ ਨਾ ਹੀ ਦਰਬਾਰ ਸਾਹਿਬ ਵਿੱਚ ਉਸ ਲਈ ਕੋਈ ਵਿਸ਼ੇਸ਼ ਆਸਨ ਹੀ ਲਗਦਾ। ਉੱਥੇ ਆ ਉਹ ਇਕ ਨਿਮਾਣਾ ਤੇ ਸਾਧਾਰਨ ਸਿੱਖ ਹੀ ਲਗਦਾ। ਮੱਥਾ ਟੇਕਣ ਉਪਰੰਤ ਕੀਰਤਨ ਸੁਣਦਾ ਤੇ ਵਾਪਸੀ ਤੇ ਦਰਬਾਰ ਸਾਹਿਬ ਵਲ ਪਿਠ ਕਰਕੇ ਨਹੀਂ ਸੀ ਮੁੜਦਾ। ਇੱਥੇ ਤਕ ਕਿ ਉਸ ਨੇ ਐਸੀ ਕੁਰਸੀ ਬਣਵਾਈ ਹੋਈ ਸੀ ਜਿਸ ਤੇ ਜਦ ਉਹ ਬੈਠਦਾ ਤਾਂ ਉਸ ਦਾ ਮੂੰਹ ਹਰ ਹਾਲਤ ਵਿਚ ਦਰਬਾਰ ਸਾਹਿਬ ਵਲ ਹੀ ਹੁੰਦਾ ਭਾਵੇਂ ਕਿ ਉਹ ਲਾਹੌਰ ਹੀ ਕਿਉਂ ਨਾ ਬੈਠਾ ਹੋਵੇ। ਉਸ ਨੇ ਬੇਰ ਬਾਬਾ ਬੁੱਢਾ ਜੀ ਕੋਲ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਆਪਣਾ ਬੁੰਗਾ ਬਣਵਾਇਆ ਹੋਇਆ ਸੀ ਅਤੇ ਜਦ ਕਦੇ ਉਸ ਵਿਚ ਆ ਕੇ ਠਹਿਰਦਾ ਤਾਂ ਪਲੰਘ ਤੇ ਨਹੀਂ ਸੀ ਸੌਂਦਾ, ਫਰਸ਼ੀ ਬਿਸਤਰਾ ਹੀ ਲਗਾਂਦਾ। ਦਰਬਾਰ ਸਾਹਿਬ ਵਲ ਲੱਤਾਂ ਕਰਕੇ ਪਸਰਨਾ ਉਹ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦਾ। ਉਂਜ ਉਸ ਨੇ ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਜੀ ਦੇ ਨਾਂ ਤੇ ਇਕ ਖ਼ੂਬਸੂਰਤ ਬਾਗ ਲਗਵਾਇਆ ਤੇ ਉਸ ਵਿਚ ਵੀ ਆਪਣੇ ਰਹਿਣ ਲਈ ਇਕ ਖ਼ੂਬਸੂਰਤ ਮਹਿਲ ਉਸਰਵਾਇਆ। ਮਹਾਰਾਜਾ ਜਿਥੇ ਵੀ ਰਹਿੰਦਾ ਅਤੇ ਜੋ ਵੀ ਹਾਲਾਤ ਹੁੰਦੇ ਉਸ ਦੇ ਦਿਲ ਦਿਮਾਗ਼ ਵਿਚ ਦਰਬਾਰ ਸਾਹਿਬ ਪ੍ਰਤੀ ਅਥਾਹ ਸਤਿਕਾਰ, ਸ਼ਰਧਾ ਤੇ ਪਿਆਰ ਹਮੇਸ਼ਾ ਪ੍ਰਬਲ ਹੀ ਰਹਿੰਦਾ। ਉਸਦੇ ਪ੍ਰਵਾਰ ਜਾਂ ਰਾਜ ਵਿੱਚ ਕੋਈ ਵਿਸ਼ੇਸ਼ ਸ਼ੁਭ ਘੜੀ ਆਵੇ ਤਾਂ ਉਸਦਾ ਮੂੰਹ ਤੁਰੰਤ ਹਰਿਮੰਦਰ ਸਾਹਿਬ ਵਲ ਹੋ ਜਾਂਦਾ। 1806 ਈ. ਵਿੱਚ ਉਸਦੇ ਘਰ ਸ਼ਹਿਜ਼ਾਦਾ ਸ਼ੇਰ ਸਿੰਘ ਦਾ ਜਨਮ ਹੋਇਆ, ਮਹਾਰਾਜੇ ਨੂੰ ਜਦ ਪਤਾ ਲੱਗਾ ਤਾਂ ਉਹ ਅਤੀ ਤੇਜ਼ ਰਫ਼ਤਾਰ ਘੋੜੇ ਤੇ ਚੜ੍ਹ ਕੇ ਸਿੱਧਾ ਦਰਬਾਰ ਸਾਹਿਬ ਸ਼ੁਕਰਾਨੇ ਲਈ ਪੁੱਜਾ। (ਹਵਾਲਾ ਚੜ੍ਹਦੀ ਕਲਾ, ਅਕਤੂਬਰ 2012, ਪੰਨਾ 22)

ਇਕ ਵਾਰੀ ਨਜ਼ਾਮ (ਮਹਾਰਾਜਾ) ਹੈਦਰਾਬਾਦ ਨੇ ਮਹਾਰਾਜੇ ਨੂੰ ਬੜੇ ਪਿਆਰ ਨਾਲ ਇਕ ਸ਼ਾਹੀ ਚਾਨਣੀ ਤੋਹਫੇ ਵਜੋਂ ਭੇਂਟ ਕੀਤੀ ਜਿਸ ਦੀ ਇਕ ਤਾਰ ਸੋਨੇ ਦੀ ਤੇ ਦੂਜੀ ਚਾਂਦੀ ਦੀ ਸੀ ਅਤੇ ਜਿਸ ਵਿਚ ਹੀਰੇ ਤੇ ਸੁਚੇ ਮੋਤੀ ਜੜ੍ਹੇ ਹੋਏ ਸਨ। ਇਕ ਅਨੁਮਾਨ ਅਨੁਸਾਰ ਉਸ ਸਮੇਂ ਇਸ ਦੀ ਕੀਮਤ 80 ਲੱਖ ਰਪਏ ਸੀ। ਇਹ ਚਾਨਣੀ ਇਤਨੀ ਖ਼ੂਬਸੂਰਤ ਅਤੇ ਆਕਰਸ਼ਤਕਾਰੀ ਸੀ ਕਿ ਇਸ ਨੂੰ ਦੇਖਣ ਵਾਲਾ ਚਕਰਤ ਰਹਿ ਜਾਂਦਾ। ਨਜ਼ਾਮ ਦਾ ਖਾਸ ਅਧਿਕਾਰੀ ਇਸ ਨੂੰ ਲਾਹੌਰ ਲੈ ਕੇ ਆਇਆ। ਚਾਨਣੀ ਨੂੰ ਤਾਣਿਆ ਗਿਆ ਤਾਂ ਕਿ ਇਸ ਖ਼ੂਬਸੂਰਤ ਸੁਗਾਤ ਨੂੰ ਮਹਾਰਾਜੇ ਨਾਲ ਪ੍ਰੀਚਤ ਕਰਵਾਇਆ ਜਾ ਸਕੇ। ਮਹਾਰਾਜਾ ਚਾਨਣੀ ਵੇਖਣ ਆਇਆ, ਉਸ ਦੀ ਸ਼ੋਭਨੀਕ ਖ਼ੂਬਸੂਰਤੀ ਵੇਖ ਕੇ ਬਹੁਤ ਖ਼ੁਸ਼

ਹੋਇਆ ਅਤੇ ਉਸੇ ਵਕਤ ਹੁਕਮ ਕਰ ਦਿੱਤਾ ਕਿ ਇਸ ਚਾਨਣੀ ਨੂੰ ਪੂਰੇ ਸਤਿਕਾਰ ਨਾਲ ਦਰਬਾਰ ਸਾਹਿਬ ਅੰਮ੍ਰਿਤਸਰ ਲੈ ਜਾ ਕੇ ਹਰਿਮੰਦਰ ਸਾਹਿਬ ਵਿਚ ਲਗਾ ਦਿੱਤਾ ਜਾਵੇ। ਇਸ ਥੱਲੇ ਬੈਠਾ ਮੈਂ ਨਹੀਂ ਮੇਰਾ ਗੁਰੂ ਰਾਮਦਾਸ ਤੇ ਗੁਰੂ ਗ੍ਰੰਥ ਸਾਹਿਬ ਹੀ ਸ਼ੋਭਦੇ ਹਨ। ਨਿਜ਼ਾਮ ਦੇ ਐਲਚੀ ਨੇ ਮਹਾਰਾਜੇ ਨੂੰ ਅਪੀਲ ਕੀਤੀ ਕਿ ਨਵਾਬ ਸਾਹਿਬ ਨੇ ਬੜੇ ਸ਼ੌਕ ਨਾਲ ਆਪ ਜੀ ਦੇ ਦਰਬਾਰ ਲਗਾਉਣ ਲਈ ਇਸ ਨੂੰ ਭੇਜਿਆ ਹੈ। ਮਹਾਰਾਜੇ ਨੇ ਉੱਤਰ ਦਿੱਤਾ ਨਜ਼ਾਮ ਦਾ ਮੈਂ ਧੰਨਵਾਦੀ ਹਾਂ ਜਿਸ ਨੇ ਇਹ ਤੋਹਫਾ ਮੈਨੂੰ ਭੇਜਿਆ ਹੈ ਅਤੇ ਹੁਣ ਮੇਰੀ ਮਰਜ਼ੀ ਹੈ ਮੈਂ ਇਸ ਨੂੰ ਜੋ ਚਾਹਾਂ ਕਰਾਂ। ਐਲਚੀ ਨੇ ਫਿਰ ਅਪੀਲ ਕੀਤੀ ਕਿ ਦਰਬਾਰ ਸਾਹਿਬ ਲਈ ਨਿਜ਼ਾਮ ਸਾਹਿਬ ਇਸ ਤੋਂ ਵੀ ਵਧ ਸੁਹਣੀ ਚਾਨਣੀ ਬਣਵਾ ਕੇ ਹੋਰ ਭੇਜ ਦੇਣਗੇ, ਨਾਲੇ ਇਹ ਵੀ ਤਾਂ ਨਹੀਂ ਪਤਾ ਕਿ ਇਹ ਚਾਨਣੀ ਦਰਬਾਰ ਸਾਹਿਬ ਵਿਚ ਫਿਟ ਵੀ ਆ ਸਕੇਗੀ ਕਿ ਨਹੀਂ। ਮਹਾਰਾਜੇ ਨੇ ਉਸ ਦੀ ਇਕ ਨਾ ਸੁਣੀ ਤੇ ਚਾਨਣੀ ਦਰਬਾਰ ਸਾਹਿਬ ਭਜਵਾ ਦਿੱਤੀ। ਇਸ ਨੂੰ ਦਰਬਾਰ ਸਾਹਿਬ ਵਿਚ ਲਗਾਉਣ ਲਈ ਪਰਵਾਨ ਕਰਨ ਤੋਂ ਪਹਿਲਾਂ ਇਹ ਪਤਾ ਲਗਾਇਆ ਗਿਆ ਕਿ ਮਹਾਰਾਜੇ ਨੇ ਇਸ ਨੂੰ ਆਪਣੀ ਨਿਜਤਾ ਹਿਤ ਤਾਂ ਨਹੀਂ ਵਰਤਿਆ। ਇਹੀ ਪਤਾ ਲਗਾ ਕਿ ਮਹਾਰਾਜੇ ਲਈ ਇਹ ਲਗਾਈ ਜ਼ਰੂਰ ਗਈ ਸੀ ਪਰ ਜਦ ਮਹਾਰਾਜਾ ਉੱਥੇ ਆਇਆ ਤਾਂ ਇਸ ਦੀ ਖੂਬਸੂਰਤੀ ਵੇਖ ਕੇ ਉਸ ਨੇ ਇਸ ਨੂੰ ਦਰਬਾਰ ਸਾਹਿਬ ਵਿਖੇ ਲਗਾਉਣ ਲਈ ਭੇਜ ਦਿੱਤਾ। ਇਸ ਤੇ ਵੀ ਅਕਾਲ ਤਖਤ ਦੇ ਜਥੇਦਾਰ ਨੇ ਮਹਾਰਾਜੇ ਨੂੰ ਇਕ ਦਿਨ ਦੀ ਸੇਵਾ ਤੇ ਦੋ ਪਿੰਡਾਂ ਦੀ ਜਾਗੀਰ ਦਰਬਾਰ ਸਾਹਿਬ ਦੇ ਨਾਂ ਲਗਵਾਉਣ ਦੀ ਤਨਖਾਹ ਲਗਾ ਕੇ ਹੀ ਚਾਨਣੀ ਦਰਬਾਰ ਸਾਹਿਬ ਲਈ ਪ੍ਰਵਾਨ ਕੀਤੀ। ਮਹਾਰਾਜਾ ਇਸ ਸਜ਼ਾ ਤੇ ਵੀ ਖੁਸ਼ ਹੋਇਆ ਕਿ ਆਖਰ ਉਸ ਦੀ ਇੱਛਾ ਤਾਂ ਪੂਰੀ ਹੋਈ। ਕਮਾਲ ਦੀ ਗੱਲ ਦੇਖੋ ਜਦ ਇਸ ਚਾਨਣੀ ਨੂੰ ਹਰਿਮੰਦਰ ਸਾਹਿਬ ਵਿਚ ਤਾਣਿਆ ਗਿਆ ਤਾਂ ਉਹ ਉੱਥੇ ਬਿਲਕੁਲ ਫਿਟ ਆਈ। ਇਵੇਂ ਮਹਾਰਾਜੇ ਦੀ ਸਿਦਕਵਾਨ ਸ਼ਰਧਾ ਨੇ ਰੰਗ ਲਿਆਂਦਾ।

ਮਗਰੋਂ ਅੰਗਰੇਜ਼ਾਂ ਦੇ ਰਾਜ ਸਮੇਂ ਦਰਬਾਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਨੇ ਵਕਤ ਦੇ ਹਾਕਮਾਂ ਨੂੰ ਖੁਸ਼ ਕਰਨ ਲਈ ਪ੍ਰਿੰਸ ਆਫ ਵੇਲਜ਼ ਦੀ 11.12.1905 ਨੂੰ ਅੰਮ੍ਰਿਤਸਰ ਆਮਦ ਤੇ ਇਸ ਚਾਨਣੀ ਨੂੰ ਘੰਟਾ ਘਰ ਵਿਖੇ ਹੋਣ ਵਾਲੇ ਸਨਮਾਨ ਸਮਾਰੋਹ ਲਈ ਲਗਵਾ ਦਿੱਤਾ। ਉਸ ਤੋਂ ਮਗਰੋਂ ਸਿੱਖਾਂ ਨੇ ਇਸ ਨੂੰ ਇਹ ਕਹਿ ਕੇ ਦੋਬਾਰਾ ਦਰਬਾਰ ਸਾਹਿਬ ਵਿਚ ਨਹੀਂ ਲਗਣ ਦਿੱਤਾ ਕਿ ਹੁਣ ਇਹ ਦੁਨਿਆਵੀ ਹੁਕਮਰਾਨ ਦੇ ਸਨਮਾਨ ਵਿਚ ਲਗਾਈ ਜਾ ਚੁਕੀ ਹੈ ਇਸ ਲਈ ਜੁਗੋ ਜੁਗ ਅਟੱਲ ਸਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਦੇ ਯੋਗ ਨਹੀਂ ਰਹੀ। ਇਸ ਲਈ ਇਸ ਨੂੰ ਠਪ ਕੇ ਇਕ ਸ਼ੀਸ਼ੇ ਦੇ ਸ਼ੋ ਕੇਸ ਵਿਚ ਪਾ ਕੇ ਤੋਸ਼ੇਖਾਨੇ ਵਿਚ ਰਖ ਦਿੱਤਾ ਗਿਆ ਜਿਸ ਵਿਚ ਇਹ 80 ਸਾਲ ਸੰਭਾਲੀ ਰਹੀ ਪਰ ਬਦਕਿਸਮਤੀ ਨਾਲ ਨੀਲਾ ਤਾਰਾ ਓਪਰੇਸ਼ਨ ਦੌਰਾਨ ਜੂਨ 1984 ਵਿਚ ਅਗ ਲਗਣ ਨਾਲ ਇਹ ਸੜ ਕੇ ਤਬਾਹ ਹੋ ਗਈ। ਇਵੇਂ ਇਕ ਦੁਰਲਭ

ਇਤਿਹਾਸਕ ਵਸਤੂ ਮਨੁਖੀ ਮੂਰਖਤਾ ਕਾਰਨ ਬਰਬਾਦ ਹੋ ਗਈ।

ਮਹਾਰਾਜੇ ਪਾਸ ਜੋ ਵੀ ਕੀਮਤੀ ਚੀਜ਼ ਕਿਧਰੋਂ ਆਉਂਦੀ ਜਾਂ ਉਸਦੇ ਵਲੋਂ ਬਣਵਾਈ ਜਾਂਦੀ ਤਾਂ ਉਹ ਉਸ ਨੂੰ ਦੇਖਣ ਉਪਰੰਤ ਫੈਸਲਾ ਕਰਦਾ ਕਿ ਉਸ ਚੀਜ਼ ਨੂੰ ਉਸਦੇ ਘਰ ਵਿਚ ਜਾਂ ਹਰਿਮੰਦਰ ਸਾਹਿਬ ਵਿਚ ਵਰਤਿਆ ਜਾਵੇ। ਆਮ ਕਰਕੇ ਬਹੁਤ ਹੀ ਵਧੀਆ ਵਸਤੂ ਨੂੰ ਉਹ ਹਰਿਮੰਦਰ ਸਾਹਿਬ ਭੇਜ ਕੇ ਵਧੇਰੇ ਖੁਸ਼ੀ ਮਹਿਸੂਸ ਕਰਦਾ। ਉਸ ਦੇ ਪੋਤਰੇ ਕੰਵਰ ਨੌ ਨਿਹਾਲ ਸਿੰਘ ਦੀ ਸ਼ਾਦੀ ਦੇ ਅਵਸਰ ਤੇ ਹੀਰੇ ਮੋਤੀਆਂ ਨਾਲ ਜੜ੍ਹਤ ਨੌਲਖਾ ਸਿਹਰਾ ਤਿਆਰ ਹੋ ਕੇ ਆਇਆ। ਮਹਾਰਾਜੇ ਨੇ ਜਦ ਦੇਖਿਆ ਤਾਂ ਫੌਰਨ ਹੁਕਮ ਕੀਤਾ ਕਿ ਇਸ ਨੂੰ ਸਤਿਗੁਰਾਂ ਦੀ ਸ਼ਾਨ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਜਾਇਆ ਜਾਵੇ, ਇਹ ਸਿਹਰਾ ਉੱਥੇ ਸੋਭਦਾ ਹੈ, ਨੌਨਿਹਾਲ ਸਿੰਘ ਦੇ ਸਿਰ ਤੇ ਨਹੀਂ। ਸਿਦਕ ਹੋਵੇ ਤਾਂ ਇਹੋ ਜਿਹਾ।

ਇਵੇਂ ਹੀ ਮਹਾਰਾਜੇ ਨੇ ਆਪਣੇ ਸ਼ਰਧਾ ਇਸ਼ਟ ਹਰਿਮੰਦਰ ਸਾਹਿਬ ਦਾ ਆਮ ਦਰਸ਼ਕਾਂ ਦੀਆਂ ਨਜ਼ਰਾਂ ਵਿਚ ਜਲੌ ਵਧਾਉਣ ਲਈ ਹਰਿਮੰਦਰ ਸਾਹਿਬ ਦੇ ਉਪਰਲੇ ਬਾਹਰਲੇ ਹਿੱਸੇ ਤੇ ਸੋਨੇ ਦੇ ਪਤਰੇ ਲਗਵਾਏ। ਥਲਵੇਂ ਹਿੱਸੇ ਤੇ ਖੂਬਸੂਰਤ ਸੰਗਮਰਮਰ ਲਗਵਾਇਆ ਤੇ ਉਸ ਵਿਚ ਕੀਮਤੀ ਪੱਥਰਾਂ ਨਾਲ ਜੜ੍ਹਤਕਾਰੀ ਕਰਵਾਈ। ਇਮਾਰਤ ਦੇ ਅੰਦਰ ਅਦਭੁਤ ਮੀਨਾਕਾਰੀ ਕਰਵਾਈ ਤੇ ਹਰਿਮੰਦਰ ਨੂੰ ਅਜਿਹਾ ਅਲੌਕਿਕ ਸਥਾਨ ਬਣਾ ਦਿੱਤਾ ਕਿ ਇਸ ਦਾ ਹੋਰ ਕੋਈ ਸਾਨੀ ਨਾ ਰਿਹਾ। ਉਸ ਸਮੇਂ ਦੇ ਭਾਰਤ ਦੇ ਗਵਰਨਰ ਜਨਰਲ ਲਾਰਡ ਆਕਲੈਂਡ ਤੇ ਉਸ ਦੀ ਭੈਣ ਐਮਲੀ ਈਡਨ ਨੇ ਜਦ ਮਹਾਰਾਜੇ ਦੇ ਸੱਦੇ ਤੇ 1838 ਈ. ਵਿਚ ਦਰਬਾਰ ਸਾਹਿਬ ਆ ਕੇ ਇਸ ਅਸਥਾਨ ਦੇ ਦਰਸ਼ਨ ਕੀਤੇ ਤਾਂ ਉਹ ਇਸ ਦੀ ਸ਼ੋਭਾ ਨੂੰ ਦੇਖ ਕੇ ਦੰਗ ਰਹਿ ਗਏ। ਹਰਿਮੰਦਰ ਸਾਹਿਬ ਦੀ ਸਮੁਚੀ ਸ਼ਾਨ ਸ਼ੌਕਤ ਦੇਖ ਕੇ ਇਸ ਅਸਥਾਨ ਬਾਰੇ ਮਹਾਰਾਜੇ ਦੀ ਸ਼ਰਧਾ ਦੇ ਵੀ ਉਨ੍ਹਾਂ ਨੂੰ ਭਰਵੇਂ ਦੀਦਾਰੇ ਹੋਏ ਅਤੇ ਉਨ੍ਹਾਂ ਮਹਿਸੂਸ ਕੀਤਾ ਕਿ ਸਚਮੁਚ ਹੀ ਉਹ ਸਵਰਗਮਈ ਵਾਤਾਵਰਨ ਦਾ ਆਨੰਦ ਮਾਣ ਰਹੇ ਹਨ। ਉਹ ਇਸ ਯਾਤਰਾ ਨੂੰ, ਦੀਪ ਮਾਲਾ ਨੂੰ, ਆਤਸ਼ਬਾਜ਼ੀ ਨੂੰ ਕਦੀ ਨਾ ਭੁਲੇ।

ਮਹਾਰਾਜੇ ਵਲੋਂ ਸੋਨੇ ਦੇ ਪਤਰੇ ਲਗਵਾਣ ਕਾਰਨ ਹਰਿਮੰਦਰ ਨੂੰ ਗੋਲਡਨ ਟੈਂਪਲ ਜਾਂ ਸਵਰਨ ਮੰਦਰ ਦਾ ਇਕ ਨਵਾਂ ਨਾਂ ਮਿਲਿਆ ਜੋ ਅੱਜ ਵਿਸ਼ਵ ਭਰ ਵਿਚ ਜਾਣਿਆ ਪਛਾਣਿਆ ਹੈ ਪਰ ਸਿੱਖ ਲਈ ਇਹ ਗੋਲਡਨ ਟੈਂਪਲ ਹੋਣ ਦੇ ਬਾਵਜੂਦ ਵੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਹੈ, ਅਕਾਲਪੁਰਖ ਦਾ ਘਰ ਹੈ ਤੇ ਮਨੁੱਖੀ ਜੀਵਨ ਵਿਚ ਅਗੰਮੀ ਵਿਗਾਸ ਭਰਨ ਦੀ ਕਲਾ ਹੈ, ਜੁਗਤ ਹੈ, ਅਸੀਸਾਂ ਦਾ ਚਸ਼ਮਾ ਹੈ, ਵਰਦਾਨਾਂ ਦਾ ਖਜ਼ਾਨਾ ਹੈ ਤੇ ਖੁਸ਼ੀਆਂ ਦਾ ਭੰਡਾਰਾ ਹੈ।

ਸੂਖ ਸਹਜ ਆਨੰਦ ਵੁਠੇ ਤਿਤੁ ਘਰਿ॥
ਆਵਣ ਜਾਣ ਰਹੇ ਜਨਮੁ ਨ ਤਹਾ ਮਰਿ॥ ਅੰਗ-524

.20.

ਮਹਾਰਾਜਾ ਪਟਿਆਲਾ ਦਾ ਹਰਿਮੰਦਰ ਸਾਹਿਬ ਪ੍ਰਤੀ ਸਨੇਹ

ਸਿੱਖ ਰਾਜ ਦੇ ਖਾਤਮੇ ਤੋਂ ਮਗਰੋਂ ਹਰਿਮੰਦਰ ਸਾਹਿਬ ਦਾ ਪ੍ਰਬੰਧ ਅੰਗਰੇਜ਼ ਹਾਕਮਾਂ ਦੇ ਅਧੀਨ ਆ ਗਿਆ। ਉਨ੍ਹਾਂ ਨੇ ਕੁਝ ਉਘੇ ਸਿੱਖਾਂ ਦੀ ਇਕ ਕਮੇਟੀ ਬਣਾਈ ਜੋ ਦਰਬਾਰ ਸਾਹਿਬ ਪ੍ਰਬੰਧ ਲਈ ਡੀ. ਸੀ. ਅੰਮ੍ਰਿਤਸਰ ਨੂੰ ਸਲਾਹ ਦੇਂਦੀ ਸੀ ਤੇ ਇਕ ਸਰਬਰਾਹ (ਮੈਨੇਜਰ) ਵੀ ਥਾਪਿਆ ਗਿਆ ਜੋ ਡੀ. ਸੀ. ਅੰਮ੍ਰਿਤਸਰ ਦੇ ਇਸ਼ਾਰਿਆਂ ਤੇ ਦਰਬਾਰ ਸਾਹਿਬ ਦਾ ਪ੍ਰਬੰਧ ਚਲਾਉਂਦਾ ਤੇ ਮਨ ਆਈਆਂ ਕਰਦਾ। ਸਿੱਖ ਉਸ ਦੀਆਂ ਬੇਨਿਯਮੀਆਂ ਤੋਂ ਦੁਖੀ ਸਨ ਤੇ ਉਸ ਨੂੰ ਹਟਾ ਕੇ ਇਸ ਪਵਿੱਤਰ ਗੁਰਧਾਮ ਦਾ ਪ੍ਰਬੰਧ ਉਨ੍ਹਾਂ ਹੱਥਾਂ ਵਿਚ ਦੇਣਾ ਚਾਹੁੰਦੇ ਸਨ ਜੋ ਸ਼ਰਧਾ ਭਾਵਨਾ ਅਤੇ ਗੁਰਸਿੱਖੀ ਰਵਾਇਤਾਂ ਅਨੁਸਾਰ ਇਹ ਪ੍ਰਬੰਧ ਚਲਾ ਕੇ ਇਸ ਅਸਥਾਨ ਦੀ ਮਰਿਆਦਾ ਨੂੰ ਸ਼ੋਭਨੀਕ ਬਣਾ ਸਕਣ।

1920 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਵੀ ਕਾਲਜ ਦਾ ਪ੍ਰਬੰਧ ਸਰਕਾਰ ਹੱਥੋਂ ਲੈ ਕੇ ਸਿੱਖ ਸੰਗਤਾਂ ਤੇ ਪੰਥ ਨੂੰ ਦਵਾਉਣ ਲਈ ਜਦੋ-ਜਹਿਦ ਕਰ ਰਹੇ ਸਨ। ਉਨ੍ਹਾਂ ਨੇ ਆਪਣੇ ਕਾਰਜ ਦੀ ਸਫਲਤਾ ਲਈ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਤਕ ਰਸਾਈ (ਪਹੁੰਚ) ਕੀਤੀ ਜਿਸ ਦਾ ਅੰਗਰੇਜ਼ੀ ਸਰਕਾਰ ਵਿਚ ਬੜਾ ਰਸੂਖ ਸੀ। ਮਹਾਰਾਜਾ ਸਿੱਖ ਪ੍ਰੋਫੈਸਰਾਂ ਦੇ ਸਦੇ ਤੇ ਲਾਹੌਰ ਪੁਹੰਚਿਆ ਅਤੇ ਉਸ ਨੇ ਪ੍ਰਾਂਤਕ ਸਰਕਾਰ ਤੇ ਜ਼ੋਰ ਪਾ ਕੇ ਖਾਲਸਾ ਕਾਲਜ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰਵਾ ਦਿੱਤਾ ਅਤੇ ਲਗਦੇ ਹੱਥ ਅੰਗਰੇਜ਼ ਸਰਕਾਰ ਨੂੰ ਇਸ ਗੱਲ ਲਈ ਵੀ ਮਨਾ ਲਿਆ ਕਿ ਉਹ ਸਿੱਖ ਸੰਗਤਾਂ ਨਾਲ ਸਬੰਧ ਠੀਕ ਤੇ ਦੋਸਤਾਨਾ ਕਰਨ ਲਈ ਦਰਬਾਰ ਸਾਹਿਬ ਦੇ ਪ੍ਰਬੰਧ ਨੂੰ ਵੀ ਸਿੱਖ ਪੰਥ ਦੇ ਹਵਾਲੇ ਕਰ ਦੇਵੇ। ਮਹਾਰਾਜੇ ਦੇ ਜ਼ੋਰ ਪਾਉਣ ਤੇ ਸਰਕਾਰ ਇਵੇਂ ਕਰਨਾ ਮੰਨ ਗਈ। ਸਭ ਨੇ ਮਹਾਰਾਜੇ ਦਾ ਧੰਨਵਾਦ ਕੀਤਾ। ਮਹਾਰਾਜੇ ਨੇ ਦਰਬਾਰ ਸਾਹਿਬ ਜਾ ਕੇ ਅਕਾਲਪੁਰਖ ਅੱਗੇ ਨੱਕ ਰਗੜੇ ਤੇ ਵੱਡੀਆਂ ਭੇਟਾਵਾਂ ਚੜ੍ਹਾਈਆਂ। ਇਹ ਗੱਲ 12 ਨਵੰਬਰ 1920 ਦੀ ਹੈ। ਅਗਲੇ ਦਿਨ ਦਰਸ਼ਨੀ ਡਿਉਢੀ ਅਤੇ ਅਕਾਲ ਤਖਤ ਸਾਹਿਬ ਦੇ ਸਾਹਮਣੇ ਵਾਲੀ ਖੁੱਲ੍ਹੀ ਜਗਾਹ ਤੇ ਕੌਮੀ ਇਕੱਠ ਹੋਇਆ ਜਿਸ ਵਿਚ ਲਗਪਗ 20 ਹਜ਼ਾਰ ਸਿੱਖਾਂ ਨੇ ਸ਼ਮੂਲੀਅਤ ਕੀਤੀ। ਤੀਸਰੇ ਦਿਨ ਮਹਾਰਾਜਾ ਪਟਿਆਲਾ ਨੇ ਸੰਗਤਾਂ ਨਾਲ ਸੋਚਾਂ ਵਿਚਾਰਾਂ ਕਰਕੇ ਦਰਬਾਰ ਸਾਹਿਬ ਤੇ ਹੋਰ ਸਿੱਖ ਗੁਰਧਾਮਾਂ ਦੇ ਪ੍ਰਬੰਧ ਲਈ 36 ਮੈਂਬਰੀ ਕਮੇਟੀ ਸਥਾਪਤ ਕੀਤੀ ਅਤੇ ਪੰਥ ਨੇ 139 ਹੋਰ ਸਿਦਕੀ ਤੇ ਪਤਵੰਤੇ ਸਿੱਖ ਚੁਣ ਕੇ ਇਸ ਨਾਲ ਸ਼ਾਮਿਲ ਕਰ ਦਿੱਤੇ ਜਿਸ ਨਾਲ ਇਸ ਕਮੇਟੀ ਦੀ ਕੁਲ ਸੰਖਿਆ 175 ਹੋ ਗਈ। ਇਨ੍ਹਾਂ 175 ਸਿੰਘਾਂ ਦੀ ਇਸ ਨਵੀਂ ਬਣੀ ਕਮੇਟੀ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ

ਕਮੇਟੀ ਦਾ ਨਾਂ ਦਿੱਤਾ ਗਿਆ। (ਹਵਾਲਾ ਜ਼ਮੀਮਾ ਤਵਾਰੀਖ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਪੁਰਾਣਾ ਤੇ ਨਵਾਂ-ਸਿੰਘ ਸਭਾ ਪਤਰਕਾ ਅਕਤੂਬਰ-ਨਵੰਬਰ 1977 ਪੰਨਾ-117-119)

ਕਮੇਟੀ ਨੇ ਗੁਰਦਵਾਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਕੇ ਸਿੱਖ ਰਹੁ-ਰੀਤੀ ਤੇ ਮਰਿਆਦਾ ਅਨੁਸਾਰ ਹਰਿਮੰਦਰ ਸਾਹਿਬ ਦਾ ਪ੍ਰਬੰਧ ਆਰੰਭ ਕਰ ਦਿੱਤਾ ਜਿਸ ਕਰਕੇ ਸਭ ਸਿੱਖ ਸੰਗਤਾਂ ਨੇ ਮਹਾਰਾਜਾ ਪਟਿਆਲਾ ਦੇ ਰੋਲ ਦੀ ਭਰਪੂਰ ਸਲਾਹੁਣਾ ਕੀਤੀ। **ਜਿਥੇ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ ਨੂੰ ਸਵਰਨ ਮੰਦਰ ਬਣਾ ਕੇ ਇਸ ਨੂੰ ਇਕ ਨਵਾਂ ਰੂਪ ਸਰੂਪ ਬਖਸ਼ਿਆ, ਉੱਥੇ 20ਵੀਂ ਸਦੀ ਦੇ ਪਹਿਲੇ ਅੱਧ ਵਿਚ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਦਰਬਾਰ ਸਾਹਿਬ ਨੂੰ ਮਹੰਤਾਂ, ਸਰਬਰਾਹਾਂ, ਲਾਲਚੀਆਂ, ਦੰਭੀਆਂ ਤੇ ਮੌਕਾ ਪ੍ਰਸਤ ਹੱਥਾਂ ਤੋਂ ਅਜ਼ਾਦ ਕਰਵਾ ਕੇ ਇਸ ਦੀ ਸਰਬਪਖੀ ਮਹੱਤਤਾ ਵਿਚ ਸੁੰਦਰ ਨਿਖਾਰ ਲਿਆਂਦਾ। ਜਦ ਮਹਾਰਾਜਾ ਪਟਿਆਲਾ ਦੇ ਉਦਮਾਂ ਦੀ ਸਿੱਖ ਸੰਗਤਾਂ ਵਲੋਂ ਭਰਪੂਰ ਸ਼ਲਾਘਾ ਹੋਈ** ਤਾਂ ਉਸ ਨੂੰ ਲਗਿਆ ਕਿ ਉਹ ਸਮੂਹ ਸਿੱਖਾਂ ਦਾ ਬੇਤਾਜ ਬਾਦਸ਼ਾਹ ਬਣ ਸਕਦਾ ਹੈ ਇਸ ਲਈ ਉਸ ਨੇ ਹਰਿਮੰਦਰ ਸਾਹਿਬ ਨਾਲ ਆਪਣੀ ਸ਼ਰਧਾਮਈ ਵਾਬਸਤਗੀ (ਨੇੜਤਾ) ਨੂੰ ਹੋਰ ਪਰਪੱਕ ਕਰਨ ਦੇ ਹਰ ਪਰਕਾਰ ਦੇ ਯਤਨ ਕੀਤੇ।

1923 ਵਿਚ ਹਰਿਮੰਦਰ ਸਰੋਵਰ ਦੀ ਕਾਰ ਸੇਵਾ ਕਰਵਾਣ ਦਾ ਫੈਸਲਾ ਹੋਇਆ। 17 ਜੂਨ 1923 ਨੂੰ ਇਹ ਸੇਵਾ ਪ੍ਰਾਰੰਭ ਹੋਣੀ ਸੀ। ਮਹਾਰਾਜਾ ਵਿਸ਼ੇਸ਼ ਤੌਰ ਤੇ ਉਸ ਦਿਨ ਅੰਮ੍ਰਿਤਸਰ ਆ ਪੁੱਜਾ। ਆਪਣੇ ਸਰੀਰ ਨੂੰ ਪਵਿੱਤਰ ਕਰਕੇ ਕਾਰ ਸੇਵਾ ਵਿਚ ਸ਼ਾਮਿਲ ਹੋਣ ਲਈ ਮਹਾਰਾਜੇ ਨੇ ਉਸੇ ਦਿਨ ਵਿਸ਼ੇਸ਼ ਉਦਮ ਕਰਕੇ ਅਕਾਲ ਤਖਤ ਸਾਹਿਬ ਤੋਂ ਅੰਮ੍ਰਿਤ ਪਾਨ ਕੀਤਾ। ਸਾਰਾ ਦਿਨ ਭੁਖਾ ਭਾਣਾ ਰਹਿ ਕੇ ਖੰਡੇ ਬਾਟੇ ਦੀ ਪਾਹੁਲ ਦੀ ਦਾਤ ਪ੍ਰਾਪਤ ਕਰਨ ਉਪਰੰਤ ਬੇਸ਼ੁਮਾਰ ਸੰਗਤਾਂ ਦੀ ਸੰਗਤ ਵਿਚ ਸਿੱਧਾ ਕਾਰ ਸੇਵਾ ਵਾਲੇ ਸਥਾਨ ਤੇ ਜਾ ਪਹੁੰਚਿਆ। ਉਸਨੇ ਗ਼ਾਰ ਦੀ ਟੋਕਰੀ ਭਰ ਕੇ ਆਪਣੇ ਸਿਰ ਤੇ ਰਖੀ ਅਤੇ ਗਿੱਲੀ ਗ਼ਾਰ ਕਾਰਨ ਉਸ ਦੇ ਕਪੜੇ ਤੇ ਮੂੰਹ ਸਿਰ ਚਿਕੜ ਨਾਲ ਲਥ ਪਥ ਹੋ ਗਏ ਪਰ ਮਹਾਰਾਜਾ 'ਸਤਿਨਾਮ ਵਾਹਿਗੁਰੂ' ਦੀ ਧੁੰਨ ਵਿਚ ਲੀਨ ਟੋਕਰੀ ਸਿਰ ਤੇ ਚੁਕੀ ਸੇਵਾ ਵਿਚ ਲਗਾ ਰਿਹਾ। ਇਸ ਸਿਦਕੀ ਤੇ ਹਲੀਮੀ ਭਰੀ ਸੇਵਾ ਨਾਲ ਸੰਗਤਾਂ ਵਿਚ ਮਹਾਰਾਜੇ ਪ੍ਰਤੀ ਬਹੁਤ ਸਨੇਹ ਵਧਿਆ ਅਤੇ ਉਸ ਦੇ ਕਿਰਦਾਰ ਤੇ ਪਏ ਅੱਯਾਸ਼ ਜੀਵਨ ਦੇ ਧੱਬੇ ਇਵੇਂ ਲਗਦਾ ਸੀ ਜਿਵੇਂ ਧੋਤੇ ਗਏ ਹੋਣ। ਮਹਾਰਾਜੇ ਦਾ ਇਕ ਸ਼ਾਨਦਾਰ ਤੇ ਉਘੜਵਾਂ ਸਰੂਪ ਸਿੱਖ ਸੰਗਤਾਂ ਵਿਚ ਰੂਪਮਾਨ ਹੋਇਆ ਅਤੇ ਆਮ ਲੋਕਾਂ ਨੂੰ ਜਦ ਇਹ ਪਤਾ ਲਗਾ ਕਿ ਮਹਾਰਾਜੇ ਨੇ ਇਕ ਨਿਮਾਣੇ ਸਿੱਖ ਵਜੋਂ ਕਾਰ ਸੇਵਾ ਵਿਚ ਭਾਗ ਲੈ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ ਤਾਂ ਸੰਗਤਾਂ ਹੁਮ ਹੁਮਾ ਕੇ ਤੇ ਵਧ ਚੜ੍ਹ ਕੇ ਦਰਬਾਰ

ਸਾਹਿਬ ਪੂਜਣ ਲਗ ਪਈਆਂ ਅਤੇ ਅਦੁਤੀ ਸੇਵਾ ਵਿਚ ਹੱਥ ਵਟਾ ਕੇ ਖੁਸ਼ ਹੁੰਦੀਆਂ ਰਹੀਆਂ। ਉਧਰ ਜਦ ਮਹਾਰਾਜੇ ਨੇ ਦਿਨ ਭਰ ਦੀ ਸੇਵਾ ਸਮਾਪਤ ਕੀਤੀ ਤਾਂ ਸ਼ਾਮ ਨੂੰ ਇਕ ਵਿਸ਼ੇਸ਼ ਦੀਵਾਨ ਵਿਚ ਉਸ ਨੇ ਅਕਾਲ ਤਖਤ ਦੇ ਚਬੂਤਰੇ ਤੋਂ ਸੰਗਤਾਂ ਨੂੰ ਸੰਬੋਧਨ ਕੀਤਾ ਤੇ ਨਿਮਰਤਾ ਨਾਲ ਭਿਜੇ ਸ਼ਬਦਾਂ ਨਾਲ ਕੌਮ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਅਰਪਤ ਕੀਤੀਆਂ ਅਤੇ ਹਰਿਮੰਦਰ ਸਾਹਿਬ ਦੀ ਸ਼ਾਨ ਸਵਾਈ ਲਈ ਅਰਦਾਸਾਂ ਕੀਤੀਆਂ ਅਤੇ 40 ਹਜ਼ਾਰ ਰੁਪਏ ਦੀ ਨਕਦ ਸੇਵਾ ਵੀ ਪਾਈ। ਸਿੱਖ ਸੰਗਤਾਂ ਨੇ ਇਸ ਸਭ ਕੁਝ ਲਈ ਮਹਾਰਾਜੇ ਦਾ ਭਰਵਾਂ ਧੰਨਵਾਦ ਕੀਤਾ। ਇਸ ਸੇਵਾ ਦੇ ਅਦੁਤੀ ਚਾਅ ਕਾਰਨ ਮਹਾਰਾਜਾ, ਸਿੱਖ ਸੰਗਤਾਂ ਵਿਚ ਬਹੁਤ ਹਰਮਨ ਪਿਆਰਾ ਹੋ ਗਿਆ।

ਇਸ ਤਰ੍ਹਾਂ ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਮਹਾਰਾਜੇ ਦੇ ਸੁਲਝੇ ਹੋਏ ਪ੍ਰਯਤਨਾਂ ਸਦਕਾ ਹਰਿਮੰਦਰ ਸਾਹਿਬ ਦੀ ਫ਼ਿਜਾ ਵਿਚ ਇਕ ਵਾਰੀ ਫਿਰ ਖੁੱਲ੍ਹੇ-ਪੰਨ ਦਾ ਅਹਿਸਾਸ ਜਾਗਿਆ ਜਿਹੜਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖਾਤਮੇ ਮਗਰੋਂ ਲਗਪਗ ਖਤਮ ਹੋ ਚੁਕਾ ਸੀ। ਸਰਬ ਸੰਗਤ ਵਲੋਂ ਕੀਤੀ ਜਾ ਰਹੀ ਸੇਵਾ ਨੇ ਘਰ ਘਰ ਵਿਚ ਹਰਿਮੰਦਰ ਸਾਹਿਬ ਦੇ ਸਤਿਕਾਰ ਦੀ ਪਵਿੱਤਰ ਜੋਤੀ ਦੋਬਾਰਾ ਜਗਾ ਦਿੱਤੀ ਅਤੇ ਹਰ ਪਾਸੇ ਹਰਿਮੰਦਰ ਭਗਤਾਂ ਦਾ ਹੀ ਪਸਾਰਾ ਦਿਸਣ ਲਗ ਪਿਆ। ਸੰਗਤਾਂ ਸ਼ਬਦ ਗਾਇਨ ਕਰਦੀਆਂ ਕਾਰ ਸੇਵਾ ਕਰਨ ਲਈ ਦਰਬਾਰ ਸਾਹਿਬ ਆਉਂਦੀਆਂ ਅਤੇ ਸੇਵਾ ਕਰਨ ਉਪਰੰਤ ਸਰੋਵਰ ਦੀ ਪਵਿੱਤਰ ਮਿਟੀ ਦੇ ਕੁਝ ਕਣ ਬਖਸ਼ਿਸ਼ ਰੂਪ ਵਿਚ ਇਕ ਅਗੰਮੀ ਦਾਤ ਵਜੋਂ ਆਪਣੇ ਨਾਲ ਆਪਣੇ ਘਰਾਂ ਵਿਚ ਲੈ ਜਾਂਦੀਆਂ। ਆਪਣੇ ਬਚਿਆਂ ਦੀ ਸੁਖ-ਸ਼ਾਂਤੀ ਲਈ ਉਸ ਦਰਗਾਹੀ ਧੂੜ ਨੂੰ ਉਨ੍ਹਾਂ ਦੇ ਮਸਤਕਾਂ ਨਾਲ ਲਾਉਂਦੀਆਂ ਅਤੇ ਇਵੇਂ ਕਈ ਦਹਾਕਿਆਂ ਮਗਰੋਂ ਅਕਾਲਪੁਰਖ ਨੇ ਫਿਰ ਇਕ ਖ਼ੂਬਸੂਰਤ ਵਾਤਾਵਰਨ ਸਿਰਜ ਦਿੱਤਾ ਜਿਸ ਨਾਲ ਕੌਮ ਨੂੰ ਬੇਪਨਾਹ ਸ਼ਕਤੀ ਤੇ ਉਤਸ਼ਾਹ ਮਿਲਿਆ। ਇਸ ਸਭ ਕੁਝ ਨਾਲ ਜਿਥੇ ਮਹਾਰਾਜਾ ਭੁਪਿੰਦਰ ਸਿੰਘ ਦੇ ਜੀਵਨ ਵਿਚ ਹਰਿਮੰਦਰ ਸਾਹਿਬ ਦੀ ਕ੍ਰਿਪਾ ਦਰਿਸ਼ਟੀ ਸਦਕਾ ਕਾਇਆ ਕਲਪ ਹੋਇਆ, ਉੱਥੇ ਸਿੱਖ ਕੌਮ ਲਈ ਵੀ ਇਕ ਨਵੇਂ ਯੁਗ, ਨਵੀਂ ਰੌਸ਼ਨੀ, ਨਵੇਂ ਸੰਘਰਸ਼, ਨਵੇਂ ਪ੍ਰੋਗਰਾਮ ਅਤੇ ਨਵੀਆਂ ਸੋਚਾਂ ਦਾ ਦੌਰ ਸ਼ੁਰੂ ਹੋਇਆ ਜਿਸ ਸਦਕਾ ਸਿੱਖਾਂ ਦੀ ਸ਼ਾਨ ਤੇ ਇਨ੍ਹਾਂ ਦੇ ਕੁਰਬਾਨੀ ਵਾਲੇ ਜਜ਼ਬੇ ਅਤੇ ਕਾਰਨਾਮਿਆਂ ਤੋਂ ਸਮੁਚਾ ਭਾਰਤ ਤੇ ਇਸ ਤੋਂ ਬਾਹਰਲੀ ਦੁਨੀਆ ਪ੍ਰਚਿਤ ਹੋਣ ਲਗ ਪਈ ਤੇ ਆਪਣੇ ਫਖਰ ਭਰੇ ਕਾਰਨਾਮਿਆਂ ਸਦਕਾ ਸਿੱਖ ਜੰਗਿ-ਅਜ਼ਾਦੀ ਦੇ ਵੀ ਸੂਰਮੇ ਗਿਣੇ ਜਾਣ ਲਗ ਪਏ।

ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥

.21.

ਕਈ ਪ੍ਰਧਾਨ ਮੰਤਰੀਆਂ ਵਲੋਂ ਹਰਿਮੰਦਰ ਵਿਖੇ ਅਰਦਾਸ

ਹਰਿਮੰਦਰ ਸਾਹਿਬ ਸਾਰੀ ਮਾਨਵਤਾ ਦਾ ਸਰਬ ਸਾਂਝਾ ਮੰਦਰ ਹੈ। ਹਰ ਕੋਈ ਬਿਨਾਂ ਝਿਜਕ ਦੇ ਇਸ ਅਸਥਾਨ ਤੇ ਜਾ ਕੇ ਆਪਣੀ ਸ਼ਰਧਾ ਵਿਅਕਤ ਕਰ ਸਕਦਾ ਹੈ, ਅਰਦਾਸਾਂ ਕਰ ਸਕਦਾ ਹੈ ਅਤੇ ਅਕਾਲਪੁਰਖ ਦਾ ਸ਼ੁਕਰਾਨਾ ਅਦਾ ਕਰ ਸਕਦਾ ਹੈ। ਇਸੇ ਜਜ਼ਬੇ ਦੇ ਤਹਿਤ ਭਾਰਤ ਅਤੇ ਬਦੇਸ਼ਾਂ ਦੇ ਵੱਡੇ ਵੱਡੇ ਨੇਤਾ, ਪ੍ਰਧਾਨ ਮੰਤਰੀ ਅਤੇ ਸ਼ਾਸਕ ਆਦਿ ਵੀ ਹੋਰ ਸੰਗਤਾਂ ਵਾਂਗ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਲਈ ਅਰਦਾਸ ਕਰਨ ਖਾਤਰ ਦਰਬਾਰ ਸਾਹਿਬ ਆਉਂਦੇ ਰਹਿੰਦੇ ਹਨ।

ਕਰਨਾਟਕਾ ਦੇ ਵਸਨੀਕ ਸ੍ਰੀ ਐਚ. ਡੀ. ਦੇਵਗੌੜਾ ਜਦ 1996 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਹ ਆਪਣੀ ਸ਼ਰਧਾ ਦੇ ਪੁਸ਼ਪ ਅਰਪਤ ਕਰਨ ਅਤੇ ਮੁਰਾਦਾਂ ਮੰਗਣ ਲਈ ਦਰਬਾਰ ਸਾਹਿਬ ਆਏ। ਉਨ੍ਹਾਂ ਇਸ ਪਵਿੱਤਰ ਧਾਮ ਦੇ ਦਰਸ਼ਨ ਕਰਕੇ ਇਸ ਪ੍ਰਥਾਏ ਜੋ ਯਾਤਰੂ ਪੁਸਤਕ ਵਿੱਚ ਲਿਖਿਆ ਹੈ ਉਹ ਇਵੇਂ ਹੈ: **'ਇਸ ਪੁਨੀਤ ਧਾਰਮਿਕ ਅਸਥਾਨ ਦੇ ਦਰਸ਼ਨ ਕਰਨ ਵਿਚ ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਅਤੇ ਇੱਥੋਂ ਪ੍ਰਾਪਤ ਹੋਈਆਂ ਬਖਸ਼ਿਸ਼ਾਂ ਨਾਲ ਨਿਹਾਲ ਹੋ ਗਿਆ ਹਾਂ। ਇਨ੍ਹਾਂ ਦਰਸ਼ਨਾਂ ਤੇ ਬਰਕਤਾਂ ਨੇ ਮੈਨੂੰ ਉਤਸ਼ਾਹ, ਤਾਕਤ ਅਤੇ ਮਜ਼ਬੂਤੀ ਪ੍ਰਦਾਨ ਕੀਤੀ ਹੈ ਤਾਂਕਿ ਮੈਂ ਆਪਣੇ ਮਹਾਨ ਦੇਸ਼ ਦੀ ਏਕਤਾ ਨੂੰ ਬਣਾਈ ਰਖਣ ਲਈ ਸਮਰਪਿਤ ਭਾਵਨਾ ਨਾਲ ਕਾਰਜ ਕਰ ਸਕਾਂ।'** ਅਖਬਾਰ ਵਾਲਿਆਂ ਤੋਂ ਇਹ ਪੁੱਛੇ ਜਾਣ ਤੇ ਕਿ ਆਪਣੀ ਸ਼ਰਧਾ ਅਰਪਤ ਕਰਨ ਲਈ ਤੁਸੀਂ ਹਰਿਮੰਦਰ ਸਾਹਿਬ ਦੀ ਹੀ ਚੋਣ ਕਿਉਂ ਕੀਤੀ ਹੈ, ਦੇ ਉੱਤਰ ਵਿਚ ਸ੍ਰੀ ਦੇਵਗੌੜਾ ਨੇ ਕਿਹਾ ਕਿ **ਇਹ ਸਰਬ ਮਾਨਵਤਾ ਦਾ ਸਾਂਝਾ ਤੀਰਥ ਹੈ, ਕਿਸੇ ਇਕ ਫਿਰਕੇ ਦਾ ਨਹੀਂ। ਇਹ ਹਰਿਮੰਦਰ ਸਮੁਚੀ ਮਨੁੱਖ ਜਾਤੀ ਵਿਚ ਬਰਾਬਰੀ ਤੇ ਅਧਾਰਤ ਸਾਂਝੀਵਾਲਤਾ ਦਾ ਪ੍ਰਤੀਕ ਹੈ। ਇੱਥੇ ਆ ਕੇ ਮੈਨੂੰ ਬਹੁਤ ਹੀ ਖੁਲ੍ਹੇਪੰਨ ਤੇ ਅਪਣੱਤ ਦਾ ਅਹਿਸਾਸ ਹੋਇਆ ਹੈ।**

ਸ੍ਰੀ ਦੇਵਗੌੜਾ ਵਾਂਗ ਹੀ ਜਦ 1997 ਵਿਚ ਸ੍ਰੀ ਇੰਦਰ ਕੁਮਾਰ ਗੁਜਰਾਲ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਵੀ ਸਭ ਤੋਂ ਪਹਿਲੇ 4.5.1997 ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਆਪਣਾ ਸਤਿਕਾਰ ਵਿਅਕਤ ਕਰਨ ਅਤੇ ਇੱਥੇ ਆ ਕੇ ਪ੍ਰਾਰਥਨਾ ਕਰਨ ਨੂੰ ਪਹਿਲ ਦਿੱਤੀ। ਉਨ੍ਹਾਂ ਹਰਿਮੰਦਰ ਸਾਹਿਬ ਵਿਚ ਜੋ ਅਰਦਾਸ ਕੀਤੀ ਉਹ ਇਸ ਪ੍ਰਕਾਰ ਹੈ : **'ਇਸ ਮਹਾਨ ਅਸਥਾਨ ਤੇ ਆਪਣੀ ਨਿਮਾਣੀ ਸ਼ਰਧਾ ਅਰਪਤ ਕਰਨ ਵਿਚ ਅਤੇ ਦਰਬਾਰ ਸਾਹਿਬ ਮਹਾਰਾਜ**

ਅੱਗੇ ਅਰਦਾਸ ਕਰਨ ਵਿਚ ਮੈਨੂੰ ਡੂੰਘੇ ਆਤਮਿਕ ਆਨੰਦ ਦਾ ਅਹਿਸਾਸ ਹੋਇਆ ਹੈ। ਮੈਂ ਸਮੁਚੀ ਭਾਰਤੀ ਕੌਮ ਅਤੇ ਸਾਰੇ ਪੰਜਾਬੀਆਂ ਦੀ ਭਲਾਈ, ਸਰਬਪਖੀ ਖੁਸ਼ਹਾਲੀ ਤੇ ਆਪਸੀ ਪਿਆਰ ਲਈ ਪ੍ਰਾਰਥਨਾ ਕਰਦਾ ਹਾਂ। ਮੈਂ ਸਤਿਗੁਰਾਂ ਅੱਗੇ ਬੇਨਤੀ ਕਰਦਾ ਹਾਂ ਕਿ ਉਹ ਮੇਰੀ ਇਹ ਅਰਦਾਸ ਪਰਵਾਨ ਕਰਨ।' ਪੰਜਾਬ ਦਾ ਜੰਮਪਲ ਹੋਣ ਕਾਰਨ ਅਤੇ ਗੁਰਬਾਣੀ ਵਿਚ ਅਗਾਧ ਨਿਸਚਾ ਰਖਣ ਕਾਰਨ ਸ੍ਰੀ ਗੁਜਰਾਲ ਦੇ ਦਿਲ ਵਿਚ ਹਰਿਮੰਦਰ ਸਾਹਿਬ ਪ੍ਰਤੀ ਸ਼ਰਧਾਮਈ ਸਨੇਹ ਹੋਣਾ ਇਕ ਸੁਭਾਵਕ ਗੱਲ ਹੈ। ਉਨ੍ਹਾਂ ਦੇ ਕਰੀਬੀ ਦਸਦੇ ਹਨ ਕਿ ਉਨ੍ਹਾਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਦਾ ਹੁਕਮਨਾਮਾ ਸੁਣ ਕੇ ਉਹ ਆਪਣੇ ਆਪ ਨੂੰ ਆਤਮਿਕ ਤੌਰ ਤੇ ਬਲਵਾਨ ਕਰ ਸਕਣ।

ਸ੍ਰੀ ਅਟਲ ਬਿਹਾਰੀ ਵਾਜਪਾਈ ਅਕਤੂਬਰ 1999 ਵਿਚ ਭਾਰਤ ਦੇ ਤੀਜੀ ਵਾਰੀ ਪ੍ਰਧਾਨ ਮੰਤਰੀ ਬਣੇ। ਪਹਿਲੀ ਵਾਰ ਉਹ ਜੂਨ 1996 ਵਿਚ ਕੇਵਲ 13 ਦਿਨਾਂ ਲਈ ਇਸ ਪਦ ਤੇ ਰਹੇ। ਪਹਿਲੇ ਦੋਨੋਂ ਵਾਰੀ ਆਪਣਾ ਪਦ ਗ੍ਰਹਿਣ ਕਰਨ ਉਪਰੰਤ ਉਹ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨਾਂ ਲਈ ਆਏ। 18.6.96 ਅਤੇ 27.4.1998 ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਸਮੇਂ ਉਨ੍ਹਾਂ ਇਵੇਂ ਕਿਹਾ: 'ਅੱਜ ਦਰਬਾਰ ਸਾਹਿਬ ਵਿਖੇ ਆਪਣਾ ਡੂੰਘਾ ਸਤਿਕਾਰ ਪ੍ਰਗਟ ਕਰਦੇ ਸਮੇਂ ਮੈਂ ਆਪਣੀ ਸ਼ਰਧਾ ਦੇ ਫੁੱਲ ਜਦ ਅਰਪਤ ਕੀਤੇ ਤਾਂ ਮੈਨੂੰ ਬਹੁਤ ਆਨੰਦ ਆਇਆ। ਮੈਂ ਤਾਂ ਦਰਬਾਰ ਸਾਹਿਬ ਦੀ ਫੇਰੀ ਨੂੰ ਸ਼ਰਧਾਮਈ ਤੀਰਥ ਯਾਤਰਾ ਸਮਝਦਾ ਹਾਂ। ਮੈਂ ਸਾਰੇ ਗੁਰੂ ਸਾਹਿਬਾਨ ਦੇ ਪਵਿੱਤਰ ਚਰਨਾਂ ਤੇ ਆਪਣਾ ਸੀਸ ਨਿਵਾਉਂਦਾ ਹਾਂ। ਭਗਤੀ ਤੇ ਸ਼ਕਤੀ ਦਾ ਜੋ ਪਵਿੱਤਰ ਸੰਦੇਸ਼ ਉਨ੍ਹਾਂ ਨੇ ਦਿੱਤਾ ਹੈ, ਉਹ ਸਾਰੇ ਭਾਰਤੀਆਂ ਦਾ ਪਥ-ਪਰਦਰਸ਼ਨ ਕਰਦਾ ਰਹੇਗਾ।'

ਉਕਤ ਤਿੰਨ ਪ੍ਰਧਾਨ ਮੰਤਰੀਆਂ ਤੋਂ ਇਲਾਵਾ ਇਨ੍ਹਾਂ ਤੋਂ ਪਹਿਲੇ ਪ੍ਰਧਾਨ ਮੰਤਰੀਆਂ ਵਿਚੋਂ ਕਈਆਂ ਨੇ ਦਰਬਾਰ ਸਾਹਿਬ ਦੇ ਵਿਸ਼ੇਸ਼ ਤੌਰ ਤੇ ਦਰਸ਼ਨ ਕੀਤੇ। ਇਨ੍ਹਾਂ ਵਿਚੋਂ ਪੰ. ਨਹਿਰੂ, ਇੰਦਰਾ ਗਾਂਧੀ, ਵੀ.ਪੀ. ਸਿੰਘ ਦੇ ਨਾਂ ਉਲੇਖ ਯੋਗ ਹਨ। ਰਾਸ਼ਟਰਪਤੀ ਵੀ.ਵੀ. ਗਿਰੀ, ਗਿਆਨੀ ਜ਼ੈਲ ਸਿੰਘ ਅਤੇ ਡਾ. ਕਲਾਮ ਵੀ ਇੱਥੇ ਆਪਣਾ ਸਤਿਕਾਰ ਪ੍ਰਗਟ ਕਰਨ ਆਏ ਹਨ।

ਪਹਿਲੀ ਸਤੰਬਰ 2004 ਨੂੰ ਗੁਰੂ ਗ੍ਰੰਥ ਸਾਹਿਬ ਦੇ ਹਰਿਮੰਦਰ ਸਾਹਿਬ ਵਿਖੇ ਪਹਿਲੀ ਵਾਰੀ ਪ੍ਰਕਾਸ਼ ਕੀਤੇ ਜਾਣ ਦੀ ਚੌਥੀ ਸ਼ਤਾਬਦੀ ਦੇ ਸੁਭਾਗੇ ਅਵਸਰ ਨੂੰ ਮਨਾਉਣ ਲਈ ਵਿਸ਼ਵ ਭਰ ਵਿੱਚੋਂ ਉਸ ਦਿਨ 30 ਲਖ ਦੇ ਕਰੀਬ ਸ਼ਰਧਾਲੂ ਦਰਬਾਰ ਸਾਹਿਬ ਦਰਸ਼ਨਾਂ ਲਈ ਆਏ। ਉਨ੍ਹਾਂ ਵਿੱਚ ਰਾਸ਼ਟਰਪਤੀ ਕਲਾਮ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਿਸ਼ੇਸ਼ ਤੌਰ ਤੇ ਉਲੇਖ ਯੋਗ ਹਨ। ਡਾ. ਕਲਾਮ ਨੇ ਤਾਂ ਹਰਿਮੰਦਰ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿੱਚ ਆਪਣੀ ਵਿਸ਼ੇਸ਼ ਰੂਪ ਵਿੱਚ ਲਿਖੀ ਕਵਿਤਾ ਸੁਣਾ ਕੇ ਇਸ ਪਵਿੱਤਰ ਥਾਂ ਅਤੇ ਪਵਿੱਤਰ ਅਵਸਰ ਦੀ ਪਵਿੱਤਰਤਾ ਅੱਗੇ ਆਪਣਾ ਸੀਸ ਝੁਕਾਇਆ।

ਡਾ. ਮਨਮੋਹਨ ਸਿੰਘ ਨੇ ਦਰਬਾਰ ਸਾਹਿਬ ਮੱਥਾ ਟੇਕਣ ਉਪਰੰਤ ਹਰਿਮੰਦਰ ਸਾਹਿਬ ਦੇ ਸਤਿਕਾਰ ਵਿੱਚ ਆਪਣੀ ਅਨੰਤ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ, ਗੁਰੂ ਗ੍ਰੰਥ ਸਾਹਿਬ ਦੀ ਸਰਬ ਵਿਆਪੀ ਹਸਤੀ ਤੇ ਗੌਰਵ ਅਨੁਭਵ ਕੀਤਾ ਅਤੇ ਇਸ ਗੱਲ ਤੇ ਪ੍ਰਸੰਨਤਾ ਪ੍ਰਗਟਾਈ ਕਿ ਮਾਨਵਤਾ ਨੂੰ ਸੱਚ ਦਾ, ਨੇਕੀ ਦਾ, ਹਮਦਰਦੀ ਦਾ, ਸਰਬੱਤ ਦੇ ਭਲੇ ਦਾ, ਨਿਸ਼ਕਾਮ ਸੇਵਾ ਕਰਨ ਦਾ ਬੇਮਿਸਾਲ ਸੁਨੇਹਾ ਦੇਣ ਵਾਲਾ ਇਹ ਇਲਾਹੀ ਗ੍ਰੰਥ, ਮਾਨਵਤਾ ਨੂੰ ਸਤਿਗੁਰਾਂ ਦੀ ਕਿਰਪਾ ਸਦਕਾ ਉਪਲਬਧ ਹੈ। ਉਨ੍ਹਾਂ ਨੇ ਹਰਿਮੰਦਰ ਪਰੀਸਰ ਨੂੰ ਅਤੀ ਉੱਤਮ ਤੇ ਮਨਮੋਹਣੀ ਦਿਖ ਪ੍ਰਦਾਨ ਕਰਨ ਲਈ ਕਈ ਕਰੋੜ ਰੁਪਏ ਦੀ ਰਾਸ਼ੀ ਸਰਕਾਰ ਵਲੋਂ ਦੇ ਕੇ ਹਰਿਮੰਦਰ ਸਾਹਿਬ ਪ੍ਰਤੀ ਆਪਣੀ ਅਗਾਧ ਸ਼ਰਧਾ ਦਾ ਹਲੀਮ ਰੂਪ ਵਿੱਚ ਪ੍ਰਗਟਾਵਾ ਕੀਤਾ ਅਤੇ ਸਮੂਹ ਭਾਰਤ ਵਾਸੀਆਂ ਅਤੇ ਸਰਬ ਮਾਨਵਤਾ ਦੇ ਸਮੁੱਚੇ ਕਲਿਆਨ ਹਿਤ ਅਰਦਾਸਾਂ ਕੀਤੀਆਂ, ਦੁਆਵਾਂ ਮੰਗੀਆਂ। ਡਾ. ਸਾਹਿਬ, ਜਦ ਵੀ ਉਨ੍ਹਾਂ ਨੂੰ ਸਮਾਂ ਮਿਲਦਾ ਹੈ, ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜ਼ਰੂਰ ਆਉਂਦੇ ਰਹਿੰਦੇ ਹਨ ਅਤੇ 1.1.2012 ਨੂੰ ਨਵੇਂ ਸਾਲ ਦੇ ਉਪਲਕਸ਼ ਵਿੱਚ ਵਿਸ਼ੇਸ਼ ਤੌਰ ਤੇ ਉਹ ਦਰਬਾਰ ਸਾਹਿਬ ਵਿਖੇ ਆਪਣਾ ਸਤਿਕਾਰ ਪ੍ਰਗਟ ਕਰਨ ਅਤੇ ਸਮੁੱਚੇ ਦੇਸ਼ ਲਈ ਅਸੀਸਾਂ ਪ੍ਰਾਪਤ ਕਰਨ ਹਿਤ ਆਏ।

ਭਾਰਤ ਦੇ ਕਿਸੇ ਵੀ ਇਲਾਕੇ ਦਾ ਵਸਨੀਕ ਹੋਣ ਅਤੇ ਕਿਸੇ ਵੀ ਧਰਮ ਵਿਚ ਨਿਸਚਾ ਰਖਣ ਦੇ ਬਾਵਜੂਦ ਕੋਈ ਵੀ ਉੱਘਾ ਨੇਤਾ ਜਦ ਕਿਸੇ ਸਰਬ ਸਾਂਝੇ ਤੀਰਥ ਦੀ ਜ਼ਿਆਰਤ ਕਰਨਾ ਚਾਹੁੰਦਾ ਹੈ ਤਾਂ ਹਰ ਹਾਲਤ ਵਿਚ ਉਸ ਦੀ ਚੋਣ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਹੁੰਦੀ ਹੈ ਕਿਉਂਕਿ ਇਸ ਅਸਥਾਨ ਤੇ ਹਰ ਸਮੇਂ ਨਰੋਲ ਤੇ ਨਰੋਲ ਇਕ ਅਕਾਲਪੁਰਖ ਦੀ ਉਪਾਸਨਾ ਹੁੰਦੀ ਹੈ ਜਿਸ ਦਾ ਕੋਈ ਰੰਗ ਨਹੀਂ, ਰੂਪ ਸਰੂਪ ਨਹੀਂ। ਹਰ ਭਾਰਤੀ ਅਤੇ ਵਿਸ਼ਵ ਸਮਾਜ ਵਿਚ ਜੀ ਰਿਹਾ ਮਾਨਵ ਪ੍ਰੇਮੀ, ਹਰਿਮੰਦਰ ਸਾਹਿਬ ਦੀ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਪਿਆਰ ਕਰਦਾ ਹੈ, ਬਿਨਾਂ ਵਿਤਕਰੇ ਦੇ ਹਰ ਕਿਸੇ ਲਈ ਸਮਾਨਤਾ ਦੇ ਵਿਹਾਰ ਦੀ ਸ਼ਲਾਘਾ ਕਰਦਾ ਹੈ ਅਤੇ 'ਸਭੈ ਘਟ ਰਾਮ ਬੋਲੈ ਰਾਮਾ ਬੋਲੈ' ਦੀ ਭਾਵਨਾ ਨੂੰ ਇੱਥੇ ਸਾਖਿਆਤ ਦੇਖ ਕੇ ਇਕ ਵਿਸਮਾਦੀ ਆਨੰਦ ਮਾਣਦਾ ਹੈ।

ਇਸ ਦੀ ਇਕ ਤਾਜ਼ਾ ਮਿਸਾਲ ਇਵੇਂ ਹੈ : ਕੈਨੇਡਾ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਜੀਨ ਕਰੀਚੀਅਨ 25.10.1993 ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ, ਉਹ ਦਸ ਸਾਲ ਇਸ ਉਚ ਅਹੁਦੇ ਤੇ ਰਹਿਣ ਮਗਰੋਂ ਰਾਜਨੀਤੀ ਤੋਂ ਸਨਿਆਸ ਲੈ ਕੇ ਬਾਕੀ ਰਹਿੰਦਾ ਜੀਵਨ ਅਰਾਮ ਅਤੇ ਸ਼ਾਂਤੀ ਭਰੇ ਮਾਹੌਲ ਵਿੱਚ ਜੀਉਣਾ ਚਾਹੁੰਦੇ ਸਨ। ਉਹ ਫਰਾਂਸ ਦੇ ਜੰਮਪਲ ਹਨ, ਕਰਿਸਚਨ ਧਰਮ ਦੇ ਪੈਰੋਕਾਰ ਹਨ, ਕੈਨੇਡਾ ਦੇ ਪ੍ਰਧਾਨ ਮੰਤਰੀ ਸਨ ਪਰ ਫਿਰ ਵੀ ਉਨ੍ਹਾਂ ਨੇ ਅਕਾਲਪੁਰਖ ਦੇ ਧੰਨਵਾਦ ਲਈ ਅਤੇ ਸੁਖ ਸ਼ਾਂਤੀ ਨਾਲ ਜੀਵਨ ਬਤੀਤ ਕਰਨ ਲਈ ਹਰਿਮੰਦਰ ਸਾਹਿਬ ਵਿਖੇ ਹਾਜ਼ਰੀ ਭਰ ਕੇ ਅਰਦਾਸ ਕਰਨ ਦਾ ਮਨ

ਬਣਾਇਆ ਅਤੇ ਆਪਣੇ ਪ੍ਰਧਾਨ ਮੰਤਰੀ ਕਾਲ ਦੇ 10 ਸਾਲ ਪੂਰੇ ਹੋਣ ਤੇ ਉਹ 25.10.2003 ਨੂੰ ਵਿਸ਼ੇਸ਼ ਰੂਪ ਵਿੱਚ ਦਰਬਾਰ ਸਾਹਿਬ ਆਏ। ਉਸ ਦਿਨ ਬੰਦੀ-ਛੋੜ ਦਿਵਸ, ਦੀਵਾਲੀ ਸੀ, ਲਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਦਰਬਾਰ ਸਾਹਿਬ ਪਹੁੰਚੇ ਹੋਏ ਸਨ ਅਤੇ ਇਤਨੇ ਵੱਡੇ ਇਕੱਠ ਵਿੱਚ ਵੀ ਉਹ ਆਪਣੇ ਨਿਸਚਤ ਪ੍ਰੋਗਰਾਮ ਅਨੁਸਾਰ ਮੱਥਾ ਟੇਕਣ ਅਤੇ ਅਰਦਾਸ ਕਰਨ ਲਈ ਆਏ। ਆਪਣੇ ਨਾਲ ਕੈਨੇਡਾ ਤੋਂ ਰੁਮਾਲਾ ਸਾਹਿਬ, ਖੁਸ਼ਕ ਮੇਵਿਆਂ ਦਾ ਪ੍ਰਸ਼ਾਦ ਅਤੇ ਆਪਣੀ ਤਨਖਾਹ ਦਾ ਪੈਕਟ ਚੜਾਵੇ ਵਜੋਂ ਚੜ੍ਹਾਉਣ ਲਈ ਨਾਲ ਲੈ ਕੇ ਆਏ। ਸ੍ਰੀ ਕਰੀਚੀਅਨ ਲਗ ਪਗ ਡੇਢ ਘੰਟਾ ਦਰਬਾਰ ਸਾਹਿਬ ਵਿਖੇ ਰਹੇ ਅਤੇ ਅਖਬਾਰਾਂ ਵਾਲਿਆਂ ਵਲੋਂ ਪੁਛੇ ਜਾਣ ਤੇ ਉਨ੍ਹਾਂ ਨੇ ਦੱਸਿਆ ਕਿ ਇਸ ਵਿਸ਼ੇਸ਼ ਦਿਨ ਤੇ ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਅਤੇ ਅਰਦਾਸਾਂ ਕਰ ਕੇ ਉਨ੍ਹਾਂ ਨੂੰ ਬਹੁਤ ਸ਼ਾਂਤੀ ਮਿਲੀ ਹੈ ਅਤੇ ਪ੍ਰਮਾਤਮਾ ਨੇ ਉਨ੍ਹਾਂ ਦੀ ਇੱਛਾ ਪੂਰੀ ਕਰ ਦਿੱਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਗਤਾਂ ਵਲੋਂ ਵੀ ਉਨ੍ਹਾਂ ਨੂੰ ਬੇਹਦ ਪਿਆਰ ਤੇ ਸਨੇਹ ਮਿਲਿਆ ਹੈ ਅਤੇ ਦਰਬਾਰ ਸਾਹਿਬ ਵਿੱਚ ਇਕੱਤਰ ਹੋਈਆਂ ਬੇਹਸਾਬਾ ਸੰਗਤਾਂ ਨਾਲ ਉਨ੍ਹਾਂ ਖੁਲ੍ਹ ਕੇ ਪੰਜੇ ਸੁੱਟੇ ਤੇ ਸ਼ੁਭ ਕਾਮਨਾਵਾਂ ਦਾ ਆਦਾਨ ਪ੍ਰਦਾਨ ਕੀਤਾ। ਇਤਨੇ ਗਰਮਜੋਸ਼ੀ ਭਰੇ ਸ਼ੇਕ-ਹੈਂਡ ਉਨ੍ਹਾਂ ਸ਼ਾਇਦ ਸਾਰੀ ਜ਼ਿੰਦਗੀ ਵਿੱਚ ਇਤਨੇ ਨਹੀਂ ਕੀਤੇ ਜਿਤਨੇ ਹਰਿਮੰਦਰ ਸਾਹਿਬ ਆ ਕੇ ਸ਼ਰਧਾਲੂ ਸੰਗਤ ਨੂੰ ਮਿਲ ਕੇ ਕੀਤੇ ਹਨ। ਇਹ ਉਨ੍ਹਾਂ ਲਈ ਸੁਖਤ ਤੇ ਆਨੰਦਮਈ ਯਾਤਰਾ ਸੀ।

19.11.2009 ਨੂੰ ਵੀ ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਸਟੀਫਨ ਹਾਰਪਰ ਆਪਣੇ ਨਾਲ 65 ਪਤਵੰਤਿਆਂ ਦਾ ਜੱਥਾ ਲੈ ਕੇ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ। ਇਨ੍ਹਾਂ ਦੀ ਇਸ ਟੀਮ ਵਿੱਚ ਕੈਨੇਡਾ ਦੇ ਬਦੇਸ਼ ਮੰਤਰੀ ਅਤੇ ਅੰਤਰ ਰਾਸ਼ਟਰੀ ਵਪਾਰ ਮੰਤਰੀ ਤੋਂ ਇਲਾਵਾ ਭਾਰਤੀ ਮੂਲ ਦੇ ਕਈ ਮੈਂਬਰ ਪਾਰਲੀਮੈਂਟ ਵੀ ਸ਼ਾਮਲ ਸਨ। ਜਦ ਸ੍ਰੀ ਹਾਰਪਰ ਨੇ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦਵਾਰ ਦੀਆਂ ਪੌੜੀਆਂ ਉਤਰ ਕੇ ਪਰਕਰਮਾ ਵਿੱਚ ਪਹਿਲਾ ਕਦਮ ਰੱਖਿਆ ਤਾਂ ਹਰਿਮੰਦਰ ਸਾਹਿਬ ਵਿੱਚ ਰਾਗੀ ਸਿੰਘ ਗੁਰਬਾਣੀ ਦੀ ਇਹ ਪੰਗਤੀ ਗਾ ਰਹੇ ਸਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 671 ਤੇ ਦਰਜ ਹੈ:

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।

ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਉਸ ਸਮੇਂ ਦੇ ਕੈਬਨਿਟ ਮੰਤਰੀ ਕਾਲੀਆ ਨੇ ਜੀ ਆਇਆਂ ਕਿਹਾ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਉਨ੍ਹਾਂ ਦੀ ਅਗਵਾਈ ਕੀਤੀ। ਸ੍ਰੀ ਹਾਰਪਰ ਲਗਪਗ ਇਕ ਘੰਟਾ ਹਰਿਮੰਦਰ ਸਾਹਿਬ ਵਿੱਚ ਰਹੇ ਜਿੱਥੇ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਨੇ ਉਨ੍ਹਾਂ ਨੂੰ ਸਿਰੋਪਾ ਦੀ ਬਖ਼ਸ਼ਿਸ਼ ਕੀਤੀ। ਸ੍ਰੀ ਹਾਰਪਰ ਨੇ ਲੰਗਰ ਹਾਲ ਵਿੱਚ ਜਾ ਕੇ ਲੰਗਰ ਦੀ ਤਿਆਰੀ ਤੇ ਲੰਗਰ ਛਕਾਉਣ ਦੀਆਂ ਰੌਣਕਾਂ ਦਾ ਆਨੰਦ ਵੀ ਮਾਣਿਆ। ਸੂਚਨਾ ਦਫ਼ਤਰ ਵਿੱਚ ਪਹੁੰਚ ਕੇ ਉਨ੍ਹਾਂ ਨੇ ਆਪਣੀ ਇਸ ਪਵਿੱਤਰ

ਯਾਤਰਾ ਬਾਰੇ ਆਪਣੇ ਅਨੁਭਵ ਯਾਤਰੂ ਪੁਸਤਕ ਵਿੱਚ ਨਿਮਨ ਅਨੁਸਾਰ ਅੰਕਤ ਕੀਤੇ। ਇਸ ਸੁੰਦਰ ਅਤੇ ਪਵਿੱਤਰ ਅਸਥਾਨ ਦੀ ਯਾਤਰਾ ਮੈਨੂੰ ਹਮੇਸ਼ਾ ਯਾਦ ਰਹੇਗੀ ਅਤੇ ਇੱਥੇ ਆਉਣ ਤੇ ਦਿੱਤੇ ਮਾਣ ਸਨਮਾਨ ਲਈ ਮੈਂ ਧੰਨਵਾਦੀ ਹਾਂ। ਜਦ ਸ੍ਰੀ ਹਾਰਪਰ ਨੇ ਹਰਿਮੰਦਰ ਸਾਹਿਬ ਨੂੰ ਸੋਨੇ ਵਿੱਚ ਮੜ੍ਹਿਆ ਹੋਇਆ ਲਿਸ਼ ਲਿਸ਼ ਕਰਦਾ ਦੇਖਿਆ ਤਾਂ ਉਹ ਇਸਦੀ ਅਦੁੱਤੀ ਖੂਬਸੂਰਤੀ ਨੂੰ ਬੜੇ ਧਿਆਨ ਨਾਲ ਨਿਹਾਰਦੇ ਰਹੇ ਤੇ ਆਪਣੇ ਸਾਥੀ ਤੋਂ ਉਨ੍ਹਾਂ ਨੇ ਪੁੱਛਿਆ ਕਿ ਕੀ ਹਰਿਮੰਦਰ ਸ਼ੁੱਧ ਸੋਨੇ ਨਾਲ ਹੀ ਸਜਾਇਆ ਗਿਆ ਹੈ? ਉਨ੍ਹਾਂ ਨੂੰ ਇਹ ਦੱਸਿਆ ਗਿਆ ਕਿ ਇਹ ਖਾਲਸ ਸੋਨੇ ਨਾਲ ਹੀ ਸ਼ੋਭਨੀਕ ਕੀਤਾ ਗਿਆ ਹੈ। (ਹਵਾਲਾ ਅਜੀਤ 19., ਐਚ.ਟੀ. 30.11.09) ਸ੍ਰੀ ਹਾਰਪਰ ਨੇ ਆਪਣੇ ਅਨੁਭਵ ਪ੍ਰਗਟਾਂਦਿਆਂ ਖੁਸ਼ੀ ਭਰੇ ਲਹਿਜ਼ੇ ਵਿੱਚ ਇਸ ਗੱਲ ਦਾ ਵੀ ਇਜ਼ਹਾਰ ਕੀਤਾ ਕਿ ਆਤਮਿਕ ਸ਼ਾਂਤੀ ਪ੍ਰਦਾਨ ਕਰਨ ਦੇ ਨਾਲ ਨਾਲ ਹਰਿਮੰਦਰ ਸਾਹਿਬ ਮਾਨਵਤਾ ਦੀ ਭਲਾਈ ਦਾ ਉਜਵਲ ਸਰੋਤ ਵੀ ਹੈ। ਸ੍ਰੀ ਹਾਰਪਰ ਵਾਂਗ, ਸ੍ਰੀ ਪੀਟਰ ਮਿਲਕਨ ਸਪੀਕਰ ਕੈਨੇਡੀਅਨ ਪਾਰਲੀਮੈਂਟ ਅਤੇ ਐਮ.ਪੀ. ਸ੍ਰੀ ਮਾਰਕ ਹਾਲੈਂਡ ਨੇ ਵੀ ਹਰਿਮੰਦਰ ਸਾਹਿਬ ਦੇ 7.1, ਅਤੇ 17.1.10 ਨੂੰ ਦਰਸ਼ਨ ਕੀਤੇ। 20.2.13 ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਸ੍ਰੀ ਕੈਮਰੂਨ ਵੀ ਦਰਬਾਰ ਸਾਹਿਬ ਮੱਥਾ ਟੇਕਣ ਗਏ। ਉਨ੍ਹਾਂ ਲੰਗਰ ਵਿੱਚ ਜਾ ਕੇ ਪ੍ਰਸ਼ਾਦੇ ਸੇਕਣ ਦੀ ਸੇਵਾ ਕੀਤੀ ਅਤੇ ਆਪਣੀ ਯਾਤਰਾ ਨੂੰ ਬੜਾ ਆਨੰਦਮਈ ਦੱਸਿਆ।

ਜੋ ਪ੍ਰਾਣੀ ਹਰਿਮੰਦਰ ਦੇ ਦਰਸ਼ਨਾਂ ਲਈ ਇਕ ਟੂਰਿਸਟ ਦੀ ਦ੍ਰਿਸ਼ਟੀ ਨਾਲ ਵੀ ਆਉਂਦਾ ਹੈ ਉਹ ਵੀ ਨਿਰਸੰਦੇਹ ਇਕ ਸ਼ਰਧਾਲੂ ਦੇ ਰੂਪ ਵਿਚ ਵਾਪਸ ਪਰਤਦਾ ਹੈ ਅਤੇ ਜਿਥੇ ਕਿਧਰੇ ਵੀ ਉਹ ਰਹਿ ਰਿਹਾ ਹੋਵੇ ਹਰਿਮੰਦਰ ਵਲ ਸ਼ਰਧਾਮਈ ਝਾਤੀ ਮਾਰ ਕੇ ਅਗੰਮੀ ਖੁਸ਼ੀਆਂ ਦਾ ਪ੍ਰਸਾਦ ਆਪਣੀ ਝੋਲੀ ਵਿਚ ਪਾ ਲੈਂਦਾ ਹੈ। ਇਸ ਤਰ੍ਹਾਂ ਹਰਿਮੰਦਰ ਦਰਸ਼ਨ ਹਰ ਮਨੁੱਖ ਵਿੱਚ ਮਾਨਵ ਬਿਹਤਰੀ ਦੇ ਕਣ ਸਮੋ ਦੇਂਦਾ ਹੈ ਜੋ ਉਸ ਨੂੰ 'ਸ਼ੁਭ ਕਰਮਨ' ਹਿਤ ਹਮੇਸ਼ਾ ਲਈ ਪ੍ਰੇਰਦੇ ਰਹਿੰਦੇ ਹਨ। ਇਵੇਂ ਹਰਿਮੰਦਰ ਦੀ ਯਾਤਰਾ ਹਰ ਰੋਜ਼ ਮਾਨਵਤਾ ਵਿਚੋਂ ਥੋੜ੍ਹਾ ਥੋੜ੍ਹਾ ਨਫਰਤ ਦਾ ਜ਼ਹਿਰ ਜ਼ਾਇਲ ਕਰਦੀ ਰਹਿੰਦੀ ਹੈ। ਜਿਉਂ ਜਿਉਂ ਹਰਿਮੰਦਰ ਦਾ ਜਲਓ ਵਧ ਤੋਂ ਵਧ ਹਿਰਦਿਆਂ ਵਿਚ ਪ੍ਰਕਾਸ਼ਮਾਨ ਹੁੰਦਾ ਜਾਏਗਾ, ਮਨੁੱਖੀ ਸਮਾਜ ਦੇ ਦੁਖੜੇ ਨਵਿਰਤ ਹੁੰਦੇ ਜਾਣਗੇ ਅਤੇ ਸਾਡੇ ਜੀਵਨ ਵਿਚ ਸੁਚਮਤਾ, ਸਵੱਛਤਾ, ਸਰਲਤਾ, ਸੁਗਮਤਾ ਅਤੇ ਸੁਹਿਰਦਤਾ ਭਰੀ ਸਾਂਝੀਵਾਲਤਾ ਦਾ ਪਸਾਰਾ ਹੁੰਦਾ ਜਾਏਗਾ। ਇਸ ਲਈ ਮੌਕਾ ਨਾ ਗਵਾਈਏ ਤੇ ਹਰਿਮੰਦਰ ਸਾਹਿਬ ਵਿੱਚੋਂ ਸ਼ਬਦ ਰੂਪੀ ਸੁੱਚੇ ਮੋਤੀਆਂ ਦੀਆਂ ਝੋਲੀਆਂ ਭਰ ਲਈਏ। ਇੱਥੋਂ ਗੁਰਬਾਣੀ ਪ੍ਰੇਮ ਰੂਪੀ ਪਵਿੱਤਰ ਉਪਹਾਰ ਲੈ ਕੇ ਜਾਈਏ। ਇੱਥੇ ਆ ਕੇ ਸਿਮਰਨ ਰੂਪੀ ਸਾਬੂਰੀ ਤੇ ਸੇਵਾ ਰੂਪੀ ਕਸਤੂਰੀ ਦਾ ਸਰਮਾਇਆ ਅਰਜਤ ਕਰੀਏ ਜਿਹੜਾ ਇੱਥੇ ਵੀ ਅਤੇ ਉੱਥੇ ਵੀ ਸਾਡੇ ਲਈ ਸਹਾਈ ਸਿਧ ਹੋਵੇਗਾ।

.22.

ਹਰਿਮੰਦਰ ਦੀ ਸਜਾਵਟ ਬਾਰੇ ਮਹਾਰਾਜਾ ਰਣਜੀਤ ਸਿੰਘ ਦਾ ਚਾਅ ਤੇ ਉਮਾਹ

ਮਹਾਰਾਜਾ ਰਣਜੀਤ ਸਿੰਘ ਹਰਿਮੰਦਰ ਸਾਹਿਬ ਦੀ ਆਭਾ ਨੂੰ ਪਰਮ ਸਰੇਸ਼ਠ ਬਣਾਉਣ ਲਈ ਨਿਤ ਨਵੀਆਂ ਸੋਚਾਂ ਵਿਚ ਰਹਿੰਦਾ। ਉਹ ਚਾਹੁੰਦਾ ਸੀ ਜਿਥੇ ਇਹ ਅਸਥਾਨ ਆਪਣੀ ਆਤਮਿਕ ਫਿਲਾਸਫੀ ਦੀ ਪਰਦਰਸ਼ਨੀ ਵਿਚ ਪਰਮ ਪ੍ਰਸਿਧ ਹੈ ਉੱਥੇ ਇਸ ਦੀ ਦਿਖ ਵੀ ਇਤਨੀ ਸੋਹਜ ਪੂਰਵਕ ਹੋਵੇ ਕਿ ਇਸ ਦੇ ਦਰਸ਼ਨਾਂ ਲਈ ਆਇਆ ਹਰ ਯਾਤਰੂ ਇਸ ਤੋਂ ਬਲਿਹਾਰੇ ਜਾਣ ਲਗ ਪਵੇ। ਆਪਣੇ ਇਸ ਸ਼ਰਧਾਮਈ ਸ਼ੌਕ ਨੂੰ ਪੂਰਾ ਕਰਨ ਲਈ ਉਸ ਨੇ ਹਰਿਮੰਦਰ ਸਾਹਿਬ ਦੇ ਉਤਲੇ ਅਧ ਨੂੰ ਸੋਨੇ ਦੇ ਪਤਰਿਆਂ ਨਾਲ ਸਜਾ ਦੇਣ ਦੀ ਵਿਉਂਤ ਬਣਾਈ। ਸੋਨਾ ਚੜ੍ਹਾਨ ਦੇ ਕਾਰਜ ਲਈ ਭਾਈ ਸੰਤ ਸਿੰਘ ਗਿਆਨੀ ਨੂੰ 1803 ਈ. ਵਿਚ ਨਿਗਰਾਨ ਸਥਾਪਤ ਕੀਤਾ ਜਿਸ ਨੇ ਇਸ ਕਾਰਜ ਨੂੰ ਸਹੁਜਤਾ ਅਤੇ ਸੁਚੱਜਤਾ ਪੂਰਵਕ ਨੇਪਰੇ ਚਾੜ੍ਹਨ ਲਈ ਮੁਹੰਮਦ ਯਾਰ ਖਾਨ ਮਿਸਤਰੀ ਨੂੰ ਨਿਯੁਕਤ ਕੀਤਾ ਅਤੇ ਉਸ ਦੀ ਸਹਾਇਤਾ ਲਈ ਉਮਦਾ ਤੋਂ ਉਮਦਾ ਕਾਰੀਗਰ ਹੋਰ ਵੀ ਲੱਭੇ ਗਏ ਤੇ ਬੜੀਆਂ ਸੋਚਾਂ ਵਿਚਾਰਾਂ ਕਰਨ ਉਪਰੰਤ ਸੋਨਾ ਲਗਾਉਣ ਦਾ ਕਾਰਜ ਪ੍ਰਾਰੰਭ ਹੋਇਆ (ਹਵਾਲਾ The city of Amritsar ਪੰਨਾ-37)। ਸੋਨੇ ਦੇ ਵਰਕਾਂ ਦੀਆਂ ਸਤ ਪਰਤਾਂ, ਤਾਂਬੇ ਦੀਆਂ ਪਲੇਟਾਂ ਤੇ ਚੜ੍ਹਾ ਕੇ ਇਸ ਮੰਦਰ ਨੂੰ ਸਵਰਨ ਮੰਦਰ ਬਣਾ ਦਿੱਤਾ ਗਿਆ। ਸਾਰਾ ਕਾਰਜ 27 ਸਾਲਾਂ ਵਿਚ 1887 ਬਿਕਰਮੀ ਨੂੰ ਪੂਰਾ ਹੋਇਆ ਅਤੇ ਇਸ ਕਾਰਜ ਤੇ 162 ਸੇਰ ਸ਼ੁਧ ਸੋਨਾ ਖਪਤ ਹੋਇਆ। ਇਸ ਸੇਵਾ ਪ੍ਰਤੀ ਇਕ ਪਲੇਟ ਦਰਬਾਰ ਸਾਹਿਬ ਦੇ ਪਰਵੇਸ਼ ਦਵਾਰ ਉੱਤੇ ਲਗੀ ਹੋਈ ਹੈ ਜਿਸ ਵਿਚ ਬੜੇ ਹਲੀਮੀ ਭਰੇ ਸ਼ਬਦਾਂ ਵਿਚ ਰੱਬ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਇਹ ਲਿਖਿਆ ਗਿਆ ਹੈ ਕਿ ਸਤਿਗੁਰਾਂ ਨੇ ਰਣਜੀਤ ਸਿੰਘ ਨੂੰ ਆਪਣਾ ਸਿੱਖ ਸੇਵਕ ਜਾਣ ਕੇ ਇਹ ਸੇਵਾ ਮਿਹਰ ਕਰਕੇ ਉਸ ਤੋਂ ਲਈ ਹੈ।

ਹੁਣ ਕੁਝ ਸਾਲ ਪਹਿਲੇ ਵਿਸ਼ਵ ਭਰ ਦੀਆਂ ਸੰਗਤਾਂ ਨੇ ਸਤ ਕੁਇੰਟਲ ਸੋਨਾ ਲਗਾ ਕੇ ਸੋਨੇ ਦੇ ਨਵੇਂ ਪਤਰੇ ਹਰਿਮੰਦਰ ਸਾਹਿਬ ਤੇ ਚੜ੍ਹਾਏ ਹਨ। 3 ਫਰਵਰੀ 1995 ਨੂੰ ਪ੍ਰਾਰੰਭ ਹੋਇਆ ਇਹ ਸੇਵਾ ਕਾਰਜ, 1999 ਦੀ ਵਿਸਾਖੀ ਤੋਂ ਪਹਿਲੇ ਹੀ ਸੰਪੰਨ ਹੋ ਗਿਆ ਅਤੇ ਕਾਰਜ ਦੇ ਨਿਰਵਿਘਨ ਰੂਪ ਵਿਚ ਨੇਪਰੇ ਚੜ੍ਹਨ ਕਾਰਨ ਸੰਗਤਾਂ ਵਲੋਂ ਸ਼ੁਕਰਾਨੇ ਦਾ ਅਖੰਡ ਪਾਠ ਵੀ ਕਰਵਾਇਆ ਗਿਆ। ਇਕ ਅਨੁਮਾਨ ਅਨੁਸਾਰ ਸੋਨੇ ਦੀਆਂ 24 ਪਰਤਾਂ ਵਾਲੀਆਂ ਇਨ੍ਹਾਂ

ਪਲੇਟਾਂ ਦੀ ਚਮਕ ਦਮਕ ਤੇ ਆਭਾ ਅਗਲੇ ਚਾਰ ਸੌ ਸਾਲ ਤਕ ਬਣੀ ਰਹੇਗੀ।

ਹਰਿਮੰਦਰ ਸਾਹਿਬ ਦੇ ਅੰਦਰਲੇ ਭਾਗ ਨੂੰ ਅਤੀ ਮਨਮੋਹਕ ਬਣਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਉਸ ਸਮੇਂ ਦੇ ਪਰਸਿਧ ਨਿਕਾਸ਼ਾਂ ਨੂੰ ਅੰਮ੍ਰਿਤਸਰ ਨਿਮੰਤਰਤ ਕੀਤਾ। ਉਨ੍ਹਾਂ ਦੇ ਕੰਮਾਂ ਦੇ ਨਮੂਨੇ ਮੰਗਵਾ ਕੇ ਇਕ ਪ੍ਰਦਰਸ਼ਨੀ ਲਗਾਈ ਗਈ। ਮਹਾਰਾਜੇ ਨੇ ਖ਼ੁਦ ਉਸ ਪ੍ਰਦਰਸ਼ਨੀ ਦਾ ਨਰੀਖਣ ਕੀਤਾ। ਉਸ ਨੂੰ ਐਸਾ ਕੰਮ ਪਸੰਦ ਆਇਆ ਜੋ ਨਾ ਤਾਂ ਪੂਰੀ ਤਰ੍ਹਾਂ ਮੁਗ਼ਲਈ ਹੁਨਰ ਸੀ ਤੇ ਨਾ ਹੀ ਰਾਜਪੂਤ ਸ਼ੈਲੀ ਦਾ ਹੁਨਰ ਸੀ। ਮਹਾਰਾਜੇ ਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਉਸ ਨੂੰ ਜੋ ਕਾਰਜ ਪਸੰਦ ਆਇਆ ਉਹ ਸਿੱਖ ਰਾਮਗੜ੍ਹੀਆ ਨਿਕਾਸ਼ਾਂ ਤੇ ਚਿਤਰਕਾਰਾਂ ਦਾ ਸੀ, ਇਸ ਲਈ ਉਸ ਨੇ ਸ. ਕੇਹਰ ਸਿੰਘ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਿਸ ਨੇ ਸਿੱਖ ਚਜ-ਅਚਾਰ ਨੂੰ ਉਘਾੜਨ ਦੀ ਖ਼ਾਤਰ ਬਹੁਤ ਮਿਹਨਤ ਕੀਤੀ। ਉਹ ਮੋਹਰਾਕਸ਼ੀ ਦੀਆਂ ਸਾਰੀਆਂ ਵਿਧੀਆਂ ਤੇ ਉਨ੍ਹਾਂ ਦੀਆਂ ਬਾਰੀਕੀਆਂ ਤੋਂ ਜਾਣੂ ਸੀ। ਪੂਰਨ ਗੁਰ ਸਿੱਖ ਹੋਣ ਕਾਰਨ ਉਸ ਨੇ ਹਰਿਮੰਦਰ ਸਾਹਿਬ ਲਈ ਹਿੰਦੂਵਾਦ ਦੀ ਚਿਤਰ ਸ਼ੈਲੀ ਨੂੰ ਇਸ ਲਈ ਅਪਰਵਾਨ ਕਰ ਦਿੱਤਾ ਕਿਉਂਕਿ ਉਸ ਵਿਚ ਅਵਤਾਰਵਾਦ ਲੋੜ ਨਾਲੋਂ ਵਧ ਭਾਰੂ ਸੀ ਅਤੇ ਮੁਗ਼ਲ ਮੋਹਰਾਕਸ਼ੀ ਨੂੰ ਇਸ ਲਈ ਪਸੰਦ ਨਾ ਕੀਤਾ ਕਿਉਂਕਿ ਉਸ ਵਿਚ ਲੋੜ ਨਾਲੋਂ ਵਧ ਚਮਕ ਦਮਕ ਤੇ ਭੜਕਾਊਪੰਨ ਸੀ ਜੋ ਸਿੱਖ ਜੀਵਨ ਜਾਚ ਅਤੇ ਹਰਿਮੰਦਰ ਸਾਹਿਬ ਵਰਗੇ ਪਵਿੱਤਰ ਤੇ ਸੁਹਜਤਾ ਪ੍ਰਧਾਨ ਅਸਥਾਨ ਦੀ ਭਾਵਨਾ ਨਾਲ ਮੇਲ ਨਾ ਖਾਂਦਾ ਹੋਣ ਕਾਰਨ ਇਸ ਲਈ ਅਢੁੱਕਵਾਂ ਤੇ ਗ਼ੈਰ-ਮੁਨਾਸਬ ਸੀ। ਮਹਾਰਾਜੇ ਵਲੋਂ ਸੌਂਪੀ ਜ਼ਿਮੇਵਾਰੀ ਨੂੰ ਕੌਮੀ ਆਤਮਾ ਦੇ ਐਨ ਅਨੁਕੂਲ ਬਣਾਉਣ ਹਿਤ ਸ. ਕਿਹਰ ਸਿੰਘ ਇਸ ਅਸਥਾਨ ਤੇ ਅਜਿਹੀ ਕਲਾ ਦਾ ਪ੍ਰਯੋਗ ਕਰਨਾ ਚਾਹੁੰਦਾ ਸੀ ਜਿਸ ਨੂੰ ਦੇਖਣ ਨਾਲ ਸੂਖਮ ਆਨੰਦ ਪ੍ਰਾਪਤ ਹੋਵੇ, ਆਤਮਿਕ ਲੋਅ ਉਪਜੇ ਅਤੇ ਮਾਨਸਕ ਖੇੜਾ ਉਪਤੰਨ ਹੋਵੇ। ਉਹ ਖ਼ਿਆਲੀ ਜਾਂ ਪੁਰਾਣੇ ਦੇਵੀ ਦੇਵਤਿਆਂ ਦੇ ਚਿਤਰਾਂ ਨਾਲੋਂ ਕੁਦਰਤ ਦੀ ਪੇਸ਼ਕਾਰੀ ਨੂੰ ਵਧੇਰੇ ਚੰਗਾ ਸਮਝਦਾ ਸੀ ਜਿਸ ਵਿਚ ਚਹਿ-ਚਹਾਂਦੇ ਪੰਛੀ ਤੇ ਚਰਿੰਦ ਪਰਿੰਦ, ਖਿੜ ਖਿੜਾਂਦੇ ਫੁਲ ਬੂਟੇ ਤੇ ਬਨਸਪਤੀ ਦੇਖਣ ਵਾਲੇ ਨੂੰ ਜੀ ਆਇਆਂ ਕਹਿੰਦੇ ਨਾ ਥਕਣ। ਇਸ ਲਈ ਕਿਹਰ ਸਿੰਘ ਨੇ ਹਰਿਮੰਦਰ ਸਾਹਿਬ ਦੀ ਆਤਮਿਕ ਹਸਤੀ ਦੇ ਐਨ ਅਨੁਕੂਲ ਕੁਦਰਤੀ ਚਹਿਲ ਪਹਿਲ ਨੂੰ ਅਕਾਲਪੁਰਖ ਦੀ ਅਨੋਖੀ ਸਿਰਜਨਾ ਦੇ ਸੁਹਾਵਣੇ ਰੂਪ ਵਿਚ ਆਪਣੀ ਚਿਤਰਕਲਾ ਵਿਚ ਸੰਜੋਇਆ। (ਇਹੀ ਕਿਹਰ ਸਿੰਘ ਪਹਿਲੇ ਮਹਾਰਾਜੇ ਦੀ ਲਾਹੌਰ ਕਿਲ੍ਹੇ ਵਾਲੀ ਰਿਹਾਇਸ਼ ਨੂੰ ਸਜਾਉਣ ਵਿੱਚ ਲਗਾ ਹੋਇਆ ਸੀ ਜਿਸਨੂੰ ਮਹਾਰਾਜੇ ਨੇ ਉਥੋਂ ਹਟਾ ਕੇ ਗੁਰੂ ਰਾਮਦਾਸ ਜੀ ਦੇ ਇਲਾਹੀ ਦਰਬਾਰ ਨੂੰ ਸਜਾਉਣ ਤੇ ਲਗਾ ਕੇ ਖ਼ੁਸ਼ੀ ਮਹਿਸੂਸ ਕੀਤੀ।) ਆਪਣੇ ਦੋ ਬੇਟਿਆਂ ਕਿਸ਼ਨ ਸਿੰਘ ਅਤੇ ਬਿਸ਼ਨ ਸਿੰਘ ਅਤੇ ਪੋਤਰੇ ਜਵਾਹਰ ਸਿੰਘ ਨੂੰ ਅਤੇ ਇਸ ਫਨ ਦੇ ਹੋਰ ਉਚ ਪਾਏ ਦੇ ਮਾਹਿਰ ਕਾਰੀਗਰਾਂ ਨੂੰ,

ਜਿਨ੍ਹਾਂ ਵਿਚ ਮਹੰਤ ਈਸ਼ਰ ਸਿੰਘ, ਭਾਈ ਨਿਹਾਲ ਸਿੰਘ, ਭਾਈ ਹਰਨਾਮ ਸਿੰਘ, ਭਾਈ ਆਤਮਾ ਸਿੰਘ, ਭਾਈ ਗਿਆਨ ਸਿੰਘ ਦੇ ਨਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ, ਆਪਣੇ ਨਾਲ ਲਗਾ ਕੇ ਆਪਣੀ ਬੇਪਨਾਹ ਸੂਖਮ ਕਲਾ ਦੇ ਦਿਲਕਸ਼ ਜੌਹਰ ਦਖਾਏ ਜਿਨ੍ਹਾਂ ਨੂੰ ਅਜ ਵੀ ਦੇਖਣ ਵਾਲੀ ਪਰਬੀਨ ਅੱਖ ਦੇਖ ਕੇ ਉਨ੍ਹਾਂ ਨੂੰ ਆਪਣਾ ਸਤਿਕਾਰ ਅਰਪਤ ਕਰਨ ਵਿਚ ਖੁਸ਼ੀ ਮਹਿਸੂਸ ਕਰਦੀ ਹੈ। ਇੱਥੋਂ ਤਕ ਕਿ ਜਦ ਪ੍ਰਸਿਧ ਆਰਕੀਟੈਕਟ ਪਰਸੀ ਬਰਾਊਨ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਤਾਂ ਇਸ ਦੇ ਸਰਬਪੱਖੀ ਜਮਾਲ ਨੂੰ ਦੇਖ ਕੇ ਉਹ ਬੇਸਾਖਤਾ (ਆਪ ਮੁਹਾਰੇ) ਕਹਿ ਉਠਿਆ ਕਿ ਹਰਿਮੰਦਰ ਸਾਹਿਬ ਵਿਚਲੀਆਂ ਧਾਰਮਿਕ ਪਵਿੱਤਰਤਾ ਵਾਲੀਆਂ ਭਾਵਨਾਵਾਂ, ਸੰਗਮਰਮਰ ਤੇ ਸ਼ੀਸ਼ੇ ਵਰਗੀਆਂ ਬੇਜਾਨ ਚੀਜ਼ਾਂ ਵਿਚੋਂ ਵੀ ਸਪੱਸ਼ਟ ਤੌਰ ਤੇ ਝਲਕਦੀਆਂ ਦਿਸਦੀਆਂ ਹਨ।

ਇਸ ਤਰ੍ਹਾਂ ਮਹਾਰਾਜੇ ਦੇ ਬਹੁਪ੍ਰਕਾਰੀ ਉਦਮਾਂ ਕਾਰਨ ਅਤੇ ਹਰ ਸਿੱਖ ਦੀ ਹਰਿਮੰਦਰ ਸਾਹਿਬ ਪ੍ਰਤੀ ਅਨੂਠੀ ਸ਼ਰਧਾ ਕਰਕੇ ਇਹ ਅਸਥਾਨ ਆਪਣੀ ਆਭਾ ਤੇ ਮਰਿਆਦਾ ਵਿਚ ਹੋਰ ਉਜਵਲ ਤੇ ਸ਼ੋਭਨੀਕ ਹੋ ਗਿਆ ਜਿਸ ਦੇ ਦਰਸ਼ਨ ਕਰਕੇ ਹਰ ਕੋਈ ਸਦਕੇ ਤੇ ਬਲਿਹਾਰੇ ਜਾਂਦਾ ਹੈ। ਸੰਖੇਪ ਵਿਚ ਇਸ ਅਸਥਾਨ ਪ੍ਰਥਾਏ ਇਹੀ ਕਿਹਾ ਜਾ ਸਕਦਾ ਹੈ ਕਿ ਸੇਵਾ ਨਾਲ ਸਦੀਆਂ ਤੋਂ ਸੁਸਜੱਤ, ਸਿਮਰਨ ਨਾਲ ਪਰੀਪੂਰਨ ਪ੍ਰਮਾਤਮਾ ਦੇ ਇਸ ਰਮਣੀਕ ਸਹਿਜ ਧਾਮ ਨਾਲ ਜੁੜੇ ਅਲੌਕਿਕ ਇਤਿਹਾਸ ਵੱਲ ਝਾਤੀ ਮਾਰਦਿਆਂ ਹੋਇਆਂ, ਇਸ ਦੇ ਪੁਨੀਤ ਤੇ ਮਨਮੋਹਣੇ ਵਾਤਾਵਰਣ ਨੂੰ ਮਨ ਵਿਚ ਸ਼ਸ਼ੋਭਤ ਕਰਦਿਆਂ ਹੋਇਆਂ, ਇਸ ਦੇ ਸਵਰਨ ਮਈ ਤੇ ਮੀਨਾ ਜੜ੍ਹਤ ਲਾ-ਮਿਸਾਲ ਸਰੂਪ ਦੀ ਆਭਾ ਨੂੰ ਨੇਤਰਾਂ ਨਾਲ ਨਿਹਾਰਦਿਆਂ ਹੋਇਆਂ, ਇਸ ਦੀ ਜਗਮਗਾਉਂਦੀ ਤੇ ਪੁਰਨੂਰ ਦਿੱਖ ਦਾ ਵਾਸਤਵਕ ਆਨੰਦ ਮਾਣਦਿਆਂ ਹੋਇਆਂ, ਇਹ ਅਤੀ ਪਵਿੱਤਰ ਅਸਥਾਨ ਸਹਿਜ ਸੁਭਾਏ ਹੀ ਸਿੱਖ ਕੌਮ ਦੀ ਸਦੀਵ ਕਾਲ ਤੱਕ ਸ਼ੋਭਨੀਕ ਰਹਿਣ ਵਾਲੀ ਮਾਣਜਨਕ ਇਲਾਹੀ ਟਰਾਫੀ ਹੈ ਜਾਂ ਤੇਜੱਸਵੀ ਸੁਵੀਨਰ ਹੈ ਜੋ ਅਕਾਲਪੁਰਖ ਨੇ ਸਾਨੂੰ ਪਿਆਰ ਵਿਚ ਆ ਕੇ ਆਪਣੇ ਹਥੀਂ ਪ੍ਰਦਾਨ ਕੀਤਾ ਹੈ ਅਤੇ ਇਹ ਮਾਣਜਨਕ ਸੁਵੀਨਰ ਉਸ ਸਭ ਕੁਝ ਦਾ ਦਸਤਾਵੇਜ਼ੀ ਸਬੂਤ ਹੈ, ਪ੍ਰਮਾਣ ਪੱਤਰ ਹੈ, ਸਨਮਾਨ ਸਨਦ ਹੈ ਜੋ ਕੁਝ ਵੀ ਸਿੱਖ ਕੌਮ ਪਾਸ ਪ੍ਰਦਰਸ਼ਤ ਕਰਨਯੋਗ ਹੈ, ਲਾਜਵਾਬ ਹੈ, ਅਤੀ ਸੁੰਦਰ ਹੈ, ਸੁਹਾਵਣਾ ਹੈ, ਸ਼ਲਾਘਾ ਜਨਕ ਹੈ, ਗੌਰਵਮਈ ਹੈ ਜਾਂ ਪੂਜਣ ਅਤੇ ਸਤਿਕਾਰਨ ਯੋਗ ਹੈ। ਦਰਬਾਰ ਸਾਹਿਬ ਰੂਪੀ ਇਹ ਮਾਨਵ ਸਮਾਜ ਦਾ ਮਾਣ ਵਧਾਉਂਦੀ ਅਲੌਕਿਕ ਤੇ ਅਮਲੀਕ ਰਤਨਾਂ ਨਾਲ ਜੜ੍ਹਤ ਟਰਾਫੀ ਉੱਤੇ ਅਕਾਲਪੁਰਖ ਨੇ ਆਪਣੀਆਂ ਰਹਿਮਤਾਂ ਤੇ ਨਿਹਮਤਾਂ ਦਾ ਚੰਦੋਆ ਵੀ ਤਾਣਿਆ ਹੋਇਆ ਹੈ ਤਾਂਕਿ ਇਸ ਦਾ ਇਲਾਹੀ ਹੁਸਨ ਸਜਿਆ ਵੀ ਰਹੇ ਤੇ ਕਜਿਆ ਵੀ ਰਹੇ।

ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ॥
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ॥ ਅੰਗ-542

.23.

ਹਰਿਮੰਦਰ ਸਾਹਿਬ:
ਸਾਧ ਸੰਗਤ ਅਸਥਾਨ ਜਗਮਗ ਨੂਰ ਹੈ॥

'ਅਸਲ ਵਿਚ ਖੁਦਾ ਦਾ ਘਰ ਇਹੋ ਹੈ' ਆਪਣੀ ਜੇਬ ਵਿਚੋਂ ਪੈਸੇ ਕੱਢਦਿਆਂ ਇਕ ਵਿਦੇਸ਼ੀ ਉਘਾ ਵਿਅਕਤੀ ਆਪਣੇ ਸਾਥੀ ਨੂੰ ਸੰਬੋਧਨ ਕਰਦਾ ਹੋਇਆ ਬੜੀ ਸ਼ਰਧਾ ਨਾਲ ਕਹਿ ਰਿਹਾ ਸੀ। ਮੇਰੀ ਜੇਬ ਵਿਚ ਤਾਂ ਜਿਤਨੀ ਵੀ ਨਕਦੀ ਹੈ, ਉਹ ਮੈਂ ਇੱਥੇ ਦੇ ਰਿਹਾ ਹਾਂ, ਤੁਹਾਡੀ ਜੇਬ ਵਿੱਚ ਜੋ ਕੁਝ ਵੀ ਨਕਦ ਰਕਮ ਹੈ ਉਹ ਕੱਢ ਦਿਉ ਤਾਂ ਕਿ ਉਹ ਵੀ ਇੱਥੇ ਦੇ ਜਾਈਏ। ਖੁਦਾ ਦਾ ਘਰ ਤਾਂ ਉਹੀ ਹੋ ਸਕਦਾ ਹੈ ਜਿੱਥੇ ਬੰਦਾ ਬਿਨਾਂ ਰੋਕ ਟੋਕ ਆ ਸਕਦਾ ਹੈ, ਰਿਹਾਇਸ਼ ਰਖ ਸਕਦਾ ਹੈ ਤੇ ਜਿਥੇ ਇਨਸਾਨ ਅਤੇ ਇਨਸਾਨ ਵਿੱਚ ਕੋਈ ਵਿਤਕਰਾ ਨਹੀਂ।

ਉਕਤ ਵਿਚਾਰਾਂ ਵਾਲੇ ਸਜਣ, ਮਿਸਰ ਦੇ ਹਰਦਿਲ ਅਜ਼ੀਜ਼ ਨੇਤਾ ਕਰਨਲ ਨਾਸਰ ਸਨ ਜੋ ਆਪਣੇ ਸਾਥੀ ਜਨਰਲ ਨਜੀਬ ਸਣੇ ਜਦੋਂ ਭਾਰਤ ਦੀ ਯਾਤਰਾ ਤੇ ਆਏ ਤਾਂ ਉਹ ਹਵਾਈ ਜਹਾਜ਼ ਤੋਂ ਰਾਜਾਸਾਂਸੀ ਦੇ ਅੱਡੇ ਤੇ ਉਤਰੇ। ਉੱਥੇ ਸ੍ਰੀ ਹਰਿਮੰਦਰ ਸਾਹਿਬ ਦੀ ਲੱਗੀ ਤਸਵੀਰ ਨੂੰ ਦੇਖ ਕੇ ਉਨ੍ਹਾਂ ਇੱਛਾ ਪ੍ਰਗਟ ਕੀਤੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਫੌਰਨ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੂੰ ਸਰਕਾਰੀ ਅਧਿਕਾਰੀਆਂ ਵਲੋਂ ਇਤਲਾਹ ਦਿੱਤੀ ਗਈ। ਘੰਟਾ ਘਰ ਦੇ ਬਾਹੀ ਵਾਲੇ ਪਾਸੇ ਸ੍ਰੀ ਨਾਸਰ ਨੇ ਪੁੱਜਣਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਵੀ ਉੱਥੇ ਪਹੁੰਚ ਗਏ। ਉਸ ਸਮੇਂ ਪਰਕਰਮਾ ਦੇ ਨਵੇਂ ਉਸਾਰੇ ਜਾ ਰਹੇ ਬੁੰਗਿਆਂ ਦੀ ਸੇਵਾ ਚਲ ਰਹੀ ਸੀ। ਨਾਸਰ ਜਦੋਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਪੁੱਜੇ, ਸੰਗਤਾਂ ਬੜੇ ਉਤਸ਼ਾਹ ਨਾਲ ਸੇਵਾ ਵਿੱਚ ਲੱਗੀਆਂ ਹੋਈਆਂ ਸਨ। ਇੱਟਾਂ ਦੀ ਰੋੜੀ ਕੁੱਟੀ ਜਾ ਰਹੀ ਸੀ। ਨਾਸਰ ਨੇ ਰੋੜੀ ਕੁੱਟ ਰਹੀਆਂ ਬੀਬੀਆਂ ਨੂੰ ਦੇਖ ਕੇ ਬੜੀ ਹੈਰਾਨੀ ਨਾਲ ਪੁੱਛਿਆ ਕਿ ਇਹ ਬੀਬੀਆਂ ਵੱਡੇ ਘਰਾਂ ਦੀਆਂ ਜਾਪਦੀਆਂ ਹਨ, ਇਨ੍ਹਾਂ ਦੀਆਂ ਬਾਹਵਾਂ ਉੱਪਰ ਸੋਨੇ ਦੀਆਂ ਚੂੜੀਆਂ ਨਜ਼ਰ ਆ ਰਹੀਆਂ ਹਨ, ਫਿਰ ਇਹ ਮਜ਼ਦੂਰੀ ਕਿਉਂ ਕਰ ਰਹੀਆਂ ਹਨ? ਉਹਨਾਂ ਨੂੰ ਦੱਸਿਆ ਗਿਆ ਕਿ ਇਹ ਧਾਰਮਿਕ ਸ਼ਰਧਾ ਨਾਲ ਨਿਸ਼ਕਾਮ ਸੇਵਾ ਕਰ ਰਹੀਆਂ ਹਨ, ਕਿਸੇ ਦੁਨਿਆਵੀ ਲਾਲਚ ਜਾਂ ਕਮਾਈ ਕਰਕੇ ਇਹਨਾਂ ਵਲੋਂ ਇਹ ਕੰਮ ਨਹੀਂ ਕੀਤਾ ਜਾ ਰਿਹਾ। ਸੇਵਾ ਭਾਵਨਾ ਦੀ ਇਹ ਗੱਲ ਸੁਣ ਕੇ ਨਾਸਰ ਚੁੱਪ ਕਰ ਗਏ ਪਰ ਉਨ੍ਹਾਂ ਦਾ ਚਿਹਰਾ ਸ਼ਰਧਾ ਦੀ ਝਲਕ ਦੇਣ ਲੱਗ ਪਿਆ।

ਪਰਕਰਮਾ ਕਰਨ ਤੋਂ ਮਗਰੋਂ ਨਾਸਰ ਤੇ ਨਜੀਬ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗਏ। ਸੰਗਤਾਂ ਬਿਨਾਂ ਕਿਸੇ ਰੋਕ ਟੋਕ ਦੇ ਇਕ ਮਨ ਇਕ ਚਿਤ ਹੋ ਕੇ

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਰਹੀਆਂ ਸਨ। ਉਨ੍ਹਾਂ ਵਿੱਚ ਵੱਖ ਵੱਖ ਧਰਮਾਂ ਦੇ, ਵੱਖੋ ਵੱਖ ਦੇਸ਼ਾਂ, ਇਲਾਕਿਆਂ ਦੇ ਸ਼ਰਧਾਲੂ ਦਿਖਾਈ ਦੇ ਰਹੇ ਸਨ। ਨਾਸਰ ਦੇ ਪੁੱਛਣ ਤੇ ਉਹਨਾਂ ਨੂੰ ਦੱਸਿਆ ਗਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ, ਚੌਹਾਂ ਦਰਵਾਜ਼ਿਆਂ ਤੋਂ ਭਾਵ ਇਹ ਹੈ ਕਿ ਇਹ ਹਰ ਦਿਸ਼ਾ ਦੇ ਇਨਸਾਨ ਲਈ ਖੁੱਲ੍ਹੇ ਹਨ, ਇੱਥੇ ਆਉਣ ਲੱਗਿਆਂ ਕਿਸੇ ਨੂੰ ਕੋਈ ਰੋਕ ਨਹੀਂ ਸਕਦਾ, ਪੁੱਛ ਨਹੀਂ ਸਕਦਾ ਕਿ ਤੇਰਾ ਧਰਮ ਕੀ ਹੈ, ਤੇਰੀ ਜ਼ਾਤ ਕੀ ਹੈ, ਤੇਰੀ ਜ਼ੁਬਾਨ ਕੀ ਹੈ, ਤੇਰਾ ਦੇਸ਼ ਕਿਹੜਾ ਹੈ ਆਦਿ ਆਦਿ। ਥੋੜ੍ਹਾ ਜਿਹਾ ਵਿਸਥਾਰ ਦੇਣ ਤੋਂ ਬਾਅਦ ਉਹ ਆਪ ਹੀ ਸਭ ਕੁਝ ਸਮਝ ਗਏ। ਅੰਦਰ ਕੀਰਤਨ ਹੋ ਰਿਹਾ ਸੀ। ਰਾਗੀ ਸਿੰਘਾਂ ਦੀ ਰਸਭਿੰਨੀ ਅਵਾਜ਼ ਆ ਰਹੀ ਸੀ- **ਫਰੀਦਾ ਬੇ ਨਿਵਾਜਾ ਕੁਤਿਆ ਇਹ ਨ ਭਲੀ ਰੀਤਿ॥ ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ।** ਅੰਗ-1381। ਨਾਸਰ ਪੁੱਛਣ ਲੱਗੇ ਕਿ ਇਹ ਜੋ ਰਾਗੀ ਗਾ ਰਹੇ ਹਨ ਇਸ ਦਾ ਭਾਵ ਕੀ ਹੈ? ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਬਾਣੀ ਪੰਜਾਬ ਦੇ ਉਸ ਹਿੱਸੇ ਦੇ ਇਕ ਮੁਸਲਮਾਨ ਦਰਵੇਸ਼ ਦੀ ਹੈ ਜੋ ਹੁਣ ਪਾਕਿਸਤਾਨ ਵਿੱਚ ਸ਼ਾਮਿਲ ਹੈ। ਨਾਮ ਉਹਨਾਂ ਦਾ ਸ਼ੇਖ ਫਰੀਦ ਸੀ। ਸ਼ੇਖ ਫਰੀਦ ਦੀ ਬਾਣੀ ਸਾਡੇ ਇਸ਼ਟ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੂ ਭਗਤਾਂ ਦੀ ਬਾਣੀ ਵੀ ਦਰਜ ਹੈ, ਉਚ ਜਾਤੀ ਦੇ ਭਗਤਾਂ ਦੀ ਬਾਣੀ ਵੀ ਦਰਜ ਹੈ ਅਤੇ ਇਨਸਾਨ ਵਲੋਂ ਆਪਣੇ ਪਾਏ ਵਿਤਕਰਿਆਂ ਕਾਰਨ ਨੀਵੀਆਂ ਜਾਤੀਆਂ ਦੇ ਕਹੇ ਜਾਂਦੇ ਭਗਤਾਂ ਦੀ ਵੀ ਬਾਣੀ ਹੈ। ਪਾਕਿਸਤਾਨ ਬਣਨ ਵੇਲੇ ਪੰਜਾਬੀ ਮੁਸਲਮਾਨਾਂ ਦਾ ਵੀ ਨੁਕਸਾਨ ਹੋਇਆ ਹੈ, ਪੰਜਾਬੀ ਹਿੰਦੂਆਂ ਅਤੇ ਸਿੱਖਾਂ ਦਾ ਵੀ ਨੁਕਸਾਨ ਹੋਇਆ ਹੈ। ਦੋਹਾਂ ਮੁਲਕਾਂ ਵਿੱਚ ਤਲਖੀ ਹੈ ਪਰ ਕਦੇ ਐਸਾ ਸਮਾਂ ਵੀ ਆਵੇਗਾ ਜਦੋਂ ਸ਼ੇਖ ਫਰੀਦ ਜੀ ਦੀ ਅਵਾਜ਼ ਦੋਹਾਂ ਦੇਸ਼ਾਂ ਵਿੱਚ ਮਿੱਤਰਤਾ ਦਾ ਵਾਤਾਵਰਨ ਪੈਦਾ ਕਰਨ ਵਾਲੀ ਬਣੇਗੀ। ਉਨ੍ਹਾਂ ਕਿਹਾ ਕਿ:

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ ਅੰਗ-1384

ਜੇ ਤੈਨੂੰ ਪਰਮਾਤਮਾ ਨਾਲ ਜਾਂ ਖੁਦਾ ਨਾਲ ਮਿਲਣ ਦੀ ਚਾਹ ਹੈ ਤਾਂ ਕਿਸੇ ਦਾ ਹਿਰਦਾ ਨਾ ਢਾਹ, ਕਿਉਂਕਿ ਸਾਰਿਆਂ ਦੇ ਮਨ ਵਿੱਚ ਖੁਦਾ ਵਿਆਪ ਰਿਹਾ ਹੈ, ਇਸ ਲਈ ਕਿਸੇ ਦੇ ਮਨ ਨੂੰ ਦੁਖਾਉਣਾ ਚੰਗਾ ਨਹੀਂ।

ਪਰਕਰਮਾ ਵਿੱਚ ਸੇਵਾ ਕਰ ਰਹੀਆਂ ਬੀਬੀਆਂ ਬਾਰੇ ਜਾਣਕਾਰੀ ਨੇ ਨਾਸਰ ਤੇ ਤਾਂ ਪ੍ਰਭਾਵ ਪਾਇਆ ਹੀ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤਾਂ ਦੀ ਬਾਣੀ ਬਾਰੇ ਸੁਣ ਕੇ ਉਹ ਹੋਰ ਵੀ ਪ੍ਰਭਾਵਤ ਹੋਏ। ਪ੍ਰਬੰਧਕਾਂ ਵਿੱਚੋਂ ਇੱਕ ਸੱਜਣ ਨੇ ਇਹ ਜਾਣਕਾਰੀ ਦੇ ਦਿੱਤੀ ਕਿ ਸ੍ਰੀ ਹਰਿਮੰਦਰ ਸਾਹਿਬ ਦੀ

ਨੀਂਹ ਵੀ ਸਾਡੇ ਗੁਰੂ ਸਾਹਿਬ ਨੇ ਇੱਕ ਮੁਸਲਮਾਨ ਫ਼ਕੀਰ ਹਜ਼ਰਤ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ ਜਿਨ੍ਹਾਂ ਦਾ ਮਕਬਰਾ ਲਾਹੌਰ ਦੇ ਨੇੜੇ ਹੈ।

ਨਾਸਰ ਅਤੇ ਜਨਰਲ ਨਜੀਬ ਸਾਰੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਦੇ ਰਹੇ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਮਗਰੋਂ ਉਹ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਵਿੱਚ ਪੁਜੇ, ਉੱਥੇ ਸੰਗਤਾਂ ਇਕੋ ਪੰਗਤ ਵਿੱਚ ਲੰਗਰ ਛਕ ਰਹੀਆਂ ਸਨ। ਪਰਸ਼ਾਦੇ ਤਿਆਰ ਕਰਨ ਵਾਲਿਆਂ ਵਿੱਚ ਬੀਬੀਆਂ ਵੀ ਸ਼ਾਮਿਲ ਸਨ ਤੇ ਪੁਰਸ਼ ਵੀ ਅਤੇ ਲੰਗਰ ਛਕਣ ਵਾਲਿਆਂ ਵਿਚ ਸਾਰੇ ਧਰਮਾਂ ਅਤੇ ਇਲਾਕਿਆਂ ਦੀਆਂ ਇਸਤਰੀਆਂ ਪੁਰਸ਼ ਤੇ ਬੱਚੇ ਬੈਠੇ ਹੋਏ ਸਨ। ਇੱਥੇ ਵੀ ਨਾਸਰ ਨੂੰ ਗੁਰੂ ਕੇ ਲੰਗਰ ਦੀ ਸਾਰੀ ਮਹਾਨਤਾ ਦੱਸੀ ਗਈ ਅਤੇ ਇਹ ਵੀ ਦੱਸਿਆ ਗਿਆ ਕਿ ਲੰਗਰ ਵਿਚ ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਜਾਂਦਾ, ਹਰ ਧਰਮ ਅਤੇ ਮਜ਼੍ਹਬ ਦਾ ਵਿਅਕਤੀ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਦਾ ਹੈ। ਲੰਗਰ ਛਕਣ ਵੇਲੇ ਅਮੀਰ ਗਰੀਬ ਸਭ ਇਕ ਸਮਾਨ ਹਨ ਤੇ ਸਭ ਨੂੰ ਇੱਕੋ ਪ੍ਰਕਾਰ ਦਾ ਖਾਣਾ ਦਿੱਤਾ ਜਾਂਦਾ ਹੈ।

ਨਾਸਰ ਅਤੇ ਜਨਰਲ ਨਜੀਬ ਅੰਗਰੇਜ਼ਾਂ ਅਤੇ ਅਮਰੀਕਾ ਵਰਗੀਆਂ ਸ਼ਕਤੀਵਾਨ ਤਾਕਤਾਂ ਅੱਗੇ ਨਹੀਂ ਸਨ ਝੁਕੇ, ਭਾਵੇਂ ਕਿ ਉਨ੍ਹਾਂ ਨੇ ਮਿਸਰ ਦਾ ਬਹੁਤ ਨੁਕਸਾਨ ਕੀਤਾ ਪਰ ਜਦੋਂ ਇਹ ਦੋਨੋਂ ਅਤਿਥੀ ਲੰਗਰ ਹਾਲ ਵਿਚੋਂ ਬਾਹਰ ਨਿਕਲ ਰਹੇ ਸਨ ਤਾਂ ਉਹਨਾਂ ਦੇ ਸਿਰ ਝੁਕੇ ਹੋਏ ਸਨ ਤੇ ਨੇਤਰ ਉਨ੍ਹਾਂ ਦੇ ਸੱਜਲ ਸਨ। ਬੜੀ ਧੀਮੀ ਅਵਾਜ਼ ਵਿਚ ਨਾਸਰ ਕਹਿ ਰਹੇ ਸਨ, **'ਖੁਦਾ ਦਾ ਘਰ ਇਹੋ ਹੈ ਜਿਥੇ ਇਨਸਾਨ ਅਤੇ ਇਨਸਾਨ ਵਿੱਚ ਵਿਤਕਰਾ ਨਹੀਂ, ਨਾ ਧਰਮ ਦਾ ਨਾ ਕਰਮ ਦਾ ਤੇ ਨਾ ਹੀ ਅਮੀਰੀ ਗਰੀਬੀ ਦਾ। ਖੁਦਾ ਦਾ ਘਰ ਤਾਂ ਬਸ ਇਹੋ ਹੀ ਹੈ। ਬਹੁਤ ਸਾਰੇ ਧਾਰਮਿਕ ਅਸਥਾਨ ਦੇਖੇ ਹਨ ਪਰ ਅਜਿਹਾ ਹੋਰ ਕੋਈ ਧਾਰਮਿਕ ਅਸਥਾਨ ਦੁਨੀਆ ਭਰ ਵਿੱਚ ਨਹੀਂ ਹੋਣਾ।'** (ਹਵਾਲਾ ਲਿਖਤ ਸ. ਰਵੇਲ ਸਿੰਘ ਐਡਵੋਕੇਟ-ਅਜੀਤ 8.10.98)

ਇੱਥੇ ਅਮਰੀਕਾ ਦੀ ਇਕ ਵਿਦਵਾਨ ਮਹਿਲਾ ਡੀ.ਐਲ. ਹੈਰਿਸ ਦੀ ਲੰਗਰ ਦੇ ਆਨੰਦ ਮਈ ਦਰਸ਼ਨਾਂ ਉਰਪੰਤ ਲਿਖੀ ਕਵਿਤਾ ਦਾ ਹਵਾਲਾ ਦੇਣਾ ਵੀ ਅਣਉਚਿਤ ਨਹੀਂ ਰਹੇਗਾ ਜੋ ਉਸ ਨੇ Bridges of great and least ਦੇ ਸਿਰਲੇਖ ਹੇਠ ਲਿਖੀ ਹੈ ਅਤੇ ਸਰਦਾਰ ਜੇ.ਐਸ. ਗਰੇਵਾਲ ਦੀ ਪੁਸਤਕ The city of Golden Temple ਦੇ ਪੰਨਾ -160/161 ਤੇ ਅੰਕਤ ਹੈ।

I ate a langar meal crossed leg on the floor
I had a strange appeal of Sikhism's religious core.

The essence of langar
Equality of man with man

Caste or creed no bar,
Nor even evil done.

No one can pick his food
Nor friend to eat it with,
Here nature's bounty is good
All humans kin and kith.

Sikhism's ritual langar,
simple free love feast
Hatred will never mar
This bridge of west and East
or
This bridge of great and least

ਇਸ ਲਿਖਤ ਦੇ ਅਰਥ ਵੀ ਉਹੀ ਹਨ ਜੋ ਨਾਸਰ ਨੇ ਲੰਗਰ ਪੰਗਤ ਦੇ ਦਰਸ਼ਨ ਕਰ ਕੇ ਅਨੁਭਵ ਕੀਤੇ ਸਨ।

ਨਾਸਰ ਵਾਂਗਰਾਂ ਬਲੋਚਿਸਤਾਨ ਦੇ ਪਖਤੂਨ ਨੇਤਾ ਜਿਨ੍ਹਾਂ ਨੂੰ ਪਿਆਰ ਨਾਲ ਸਰਹਦੀ ਗਾਂਧੀ ਕਿਹਾ ਜਾਂਦਾ ਸੀ ਅਤੇ ਜਿਨ੍ਹਾਂ ਦਾ ਅਸਲੀ ਨਾਂ ਖਾਨ ਅਬਦੁਲ ਗ਼ੁਫਾਰ ਖਾਨ ਹੈ, ਜਦ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਉਨ੍ਹਾਂ ਨੇ ਵੀ ਕਿਹਾ ਸੀ ਕਿ ਖੁਦਾ ਦਾ ਇਹ ਪਾਕੀਜ਼ਾ ਸਥਾਨ ਹਰ ਉਸ ਯਾਤਰੂ ਨੂੰ ਮਾਨਸਕ ਤੇ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ ਜਿਹੜਾ ਨਿਮਰਤਾ ਤੇ ਸ਼ਰਧਾ ਨਾਲ ਦਰਸ਼ਨਾਂ ਲਈ ਆਉਂਦਾ ਹੈ। ਘਟੋ ਘਟ ਮੈਂ ਇਸ ਸਿਲਸਿਲੇ ਵਿਚ ਬਾ-ਬਰਕਤ (ਚੰਗੇ ਭਾਗਾਂ ਵਾਲਾ) ਹਾਂ।

ਉਪਰੋਕਤ ਕਥਨ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਤੇ ਆਮ ਸੰਗਤ ਲਈ ਇਕ ਜ਼ਿੰਮੇਵਾਰੀ ਵਲ ਸੰਕੇਤ ਕਰਦੇ ਹਨ ਤੇ ਉਹ ਜ਼ਿੰਮੇਵਾਰੀ ਇਹ ਹੈ ਕਿ ਹਰਿਮੰਦਰ ਸਾਹਿਬ ਵਿਚ ਸੈਲਾਨੀਆਂ ਦੀ ਹੈਸੀਅਤ ਵਿਚ ਆਉਣ ਵਾਲੇ ਦਰਸ਼ਕਾਂ ਨੂੰ ਵੀ ਕੁਝ ਮੁਨਾਸਬ ਸਾਹਿਤ ਦੇ ਕੇ ਤੇ ਸਿਆਣੇ ਗਾਈਡਾਂ ਵੱਲੋਂ ਦਰਸ਼ਨ ਕਰਨ ਤੋਂ ਪਹਿਲੇ ਕੁਝ ਰੌਚਕ ਤੇ ਜ਼ਿੰਮੇਵਾਰੀ ਭਰੀ ਜਾਣਕਾਰੀ ਪ੍ਰਦਾਨ ਕਰਵਾ ਕੇ ਉਨ੍ਹਾਂ ਨੂੰ ਇਸ ਦਰਬਾਰ ਵਿਚ ਲਿਆਉਣ ਤਾਂ ਕਿ ਉਨ੍ਹਾਂ ਦੇ ਦਿਲਾਂ ਵਿਚ ਇਸ ਅਸਥਾਨ ਪ੍ਰਤੀ ਦਰਸ਼ਨਾਂ ਦੀ ਦਿਲਚਸਪੀ ਤੋਂ ਉੱਤੇ ਉਠ ਕੇ ਇਕ ਸ਼ਰਧਾਲੂ ਦੇ ਸਤਿਕਾਰ ਵਾਲੀ ਕੁਝ ਸਾਂਝ ਵੀ ਬਣ ਸਕੇ ਤੇ ਹੋ ਸਕਦਾ ਹੈ ਕਿ ਉਹ ਇੱਥੋਂ ਇਲਾਹੀ ਬਖਸ਼ਿਸ਼ਾਂ ਨਾਲ ਆਪਣੀਆਂ ਝੋਲੀਆਂ ਵੀ ਭਰ ਕੇ ਲੈ ਜਾ ਸਕਣ। ਪ੍ਰਮਾਤਮਾ ਦੇ ਇਸ ਦਰਬਾਰ ਵਿਚ ਸਭ ਕੁਝ ਸੰਭਵ ਹੈ।

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥ ਅੰਗ-632

.24.

ਲੰਡਨ ਨਿਵਾਸੀ ਵਿਕ ਉਤੇ ਹਰਿਮੰਦਰ ਬਖਸ਼ਿਸ਼ਾਂ

ਇਕ ਵਾਰੀ ਮੈਂ ਲੰਡਨ ਦੇ ਇਕ ਖੂਬਸੂਰਤ ਬਜ਼ਾਰ ਵਿਚੋਂ ਲੰਘ ਰਿਹਾ ਸੀ ਕਿ ਇਕ ਨੌਜਵਾਨ ਗੋਰੇ ਨੇ ਮੈਨੂੰ ਰੁਕਣ ਲਈ ਕਿਹਾ। ਮੈਂ ਉਸ ਨੂੰ ਕਾਰਨ ਪੁਛਿਆ ਤਾਂ ਉਸ ਕਿਹਾ ਕਿ ਉਹ ਮੇਰੇ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦਾ ਹੈ ਕਿਉਂਕਿ ਉਸ ਦਾ ਮਨ ਇਵੇਂ ਕਰਨ ਨੂੰ ਬਹੁਤ ਕਰ ਰਿਹਾ ਹੈ। ਮੈਂ ਵੀ ਕੋਈ ਬਹੁਤਾ ਰੁਝਿਆ ਹੋਇਆ ਨਹੀਂ ਸੀ ਇਸ ਲਈ ਉਸ ਦੇ ਘਰ ਜਾ ਕੇ ਕੁਝ ਸਮਾਂ ਉਸ ਨਾਲ ਬਿਤਾਉਣ ਲਈ ਰਾਜ਼ੀ ਹੋ ਗਿਆ। ਉਸ ਨੌਜਵਾਨ ਗੋਰੇ ਦਾ ਸੰਖੇਪ ਜਿਹਾ ਨਾਂ 'ਵਿਕ' ਸੀ। ਵਿਕ ਦੇ ਘਰ ਦੇ ਪ੍ਰਥਮ ਕਮਰੇ ਵਿਚ ਵੜਦਿਆਂ ਸਾਰ ਮੈਂ ਸਾਹਮਣੇ ਦੀਵਾਰ ਤੇ ਹਰਿਮੰਦਰ ਸਾਹਿਬ ਦੀ ਇਕ ਬਹੁਤ ਵੱਡੀ ਸਾਰੀ ਫੋਟੋ ਲਗੀ ਦੇਖੀ ਜਿਹੜੀ ਮੈਨੂੰ 1974-75 ਵਿਚ ਡੇਢ ਸਾਲ ਦੇ ਆਪਣੇ ਇੰਗਲੈਂਡ ਦੇ ਕਿਆਮ ਦੌਰਾਨ ਕਿਸੇ ਸਿੱਖ ਜਾਂ ਪੰਜਾਬੀ ਦੇ ਘਰ ਦੇਖਣ ਦਾ ਮੌਕਾ ਨਹੀਂ ਸੀ ਮਿਲਿਆ। ਗੋਰੇ ਵਿਕ ਦੇ ਘਰ ਹਰਿਮੰਦਰ ਸਾਹਿਬ ਦੀ ਇਤਨੀ ਵੱਡੀ ਤਸਵੀਰ ਲੱਗੀ ਦੇਖ ਕੇ ਮੈਂ ਅੰਦਾਜ਼ਾ ਲਗਾਇਆ ਕਿ ਵਿਕ ਸ਼ਾਇਦ ਮੇਰੇ ਕੋਲੋਂ ਸਿੱਖ ਧਰਮ ਬਾਰੇ ਹੀ ਕੋਈ ਜਾਣਕਾਰੀ ਲੈਣਾ ਚਾਹੁੰਦਾ ਹੈ ਜਿਸ ਲਈ ਇਸ ਨੇ ਮੈਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਲਗਦਾ ਹੈ। ਮੈਂ ਬੜੇ ਚਾਅ ਨਾਲ ਫੋਟੋ ਅੱਗੇ ਸਿਰ ਨਿਵਾਇਆ ਤੇ ਇਕ ਗੋਰੇ ਦੇ ਘਰ ਵਿਚ ਉਸ ਨੂੰ ਲਗਿਆ ਵੇਖ ਕੇ ਮੈਂ ਅਧਿਕ ਭਾਵੁਕ ਹੋ ਗਿਆ ਅਤੇ ਸਤਿਕਾਰ ਵਿਚ ਮੇਰੇ ਨੇਤਰ ਨਮ ਹੋ ਗਏ।

ਵਿਕ ਮੈਨੂੰ ਉਸੇ ਕਮਰੇ ਵਿਚ ਛੱਡ ਕੇ ਚਾਹ ਪਾਣੀ ਦੇ ਪ੍ਰਬੰਧ ਲਈ ਘਰ ਦੇ ਰਸੋਈ ਖਾਨੇ ਵਿਚ ਚਲਾ ਗਿਆ। ਜਦ ਕੁਝ ਸਮੇਂ ਮਗਰੋਂ ਵਿਕ ਮੇਰੇ ਵਾਲੇ ਕਮਰੇ ਵਿਚ ਪਰਤਿਆ ਤਾਂ ਮੈਂ ਉਸ ਸਮੇਂ ਵੀ ਦਰਬਾਰ ਸਾਹਿਬ ਵਾਲੀ ਫੋਟੋ ਨੂੰ ਬੜੀ ਸ਼ਰਧਾ ਤੇ ਸਤਿਕਾਰੀ ਭਾਵਨਾ ਨਾਲ ਦੇਖ ਰਿਹਾ ਸਾਂ। ਇਸ ਹਾਲਤ ਵਿਚ ਵੇਖ ਕੇ ਵਿਕ ਨੇ ਮੇਰੇ ਤੇ ਸਵਾਲ ਕਰਦਿਆਂ ਪੁਛਿਆ ਕਿ ਮੈਨੂੰ ਇਸ ਫੋਟੋ ਵਿਚੋਂ ਕੀ ਨਜ਼ਰ ਆ ਰਿਹਾ ਹੈ? ਉੱਤਰ ਵਿਚ ਮੈਂ ਰਸਮੀ ਤੌਰ ਤੇ ਉਸ ਨੂੰ ਦੱਸਿਆ ਕਿ ਮੈਨੂੰ ਲਗਦਾ ਹੈ ਕਿ ਕਈ ਚਿਰਾਂ ਪਿਛੋਂ ਮੈਂ ਸਾਖਿਆਤ ਦਰਬਾਰ ਸਾਹਿਬ ਵਿਚ ਬੈਠਾ ਹੋਇਆ ਕੀਰਤਨ ਸੁਣ ਰਿਹਾ ਹਾਂ। ਵਿਕ ਨੇ ਮੇਰੀ ਗੱਲ ਟੋਕਦਿਆਂ ਹੋਇਆਂ ਸਪੱਸ਼ਟ ਰੂਪ ਵਿਚ ਕਿਹਾ ਕਿ ਇਵੇਂ ਗੱਲ ਨਹੀਂ ਬਣਨੀ, ਤੂੰ ਸੱਚ ਸੱਚ ਦਸ ਕਿ ਤੈਨੂੰ ਕੀਰਤਨ ਦੀਆਂ ਧੁਨਾਂ ਸੁਣਾਈ ਦੇ ਰਹੀਆਂ ਹਨ ਜਾਂ ਤੂੰ ਫਰਜ਼ੀ ਤੌਰ ਤੇ ਹੀ ਇਹ ਸਭ ਕੁਝ ਮੈਨੂੰ ਕਹਿ ਰਿਹਾ ਏਂ? ਮੈਂ ਦੇਖਿਆ ਉਹ ਕਾਫੀ ਸੰਜੀਦਗੀ ਨਾਲ

ਗੱਲ ਕਰ ਰਿਹਾ ਸੀ। ਮੈਂ ਸਪੱਸ਼ਟਤਾ ਦਾ ਦਾਮਨ ਫੜਦਿਆਂ ਉਸ ਨੂੰ ਕਿਹਾ ਕਿ ਮੈਨੂੰ ਤਾਂ ਬਸ ਇਹ ਤਸਵੀਰ ਹੀ ਨਜ਼ਰ ਆ ਰਹੀ ਹੈ ਤੇ ਬਾਕੀ ਜੋ ਕੁਝ ਮੈਂ ਕਹਿ ਰਿਹਾ ਹਾਂ ਉਹ ਸਭ ਖਿਆਲੀ ਤੇ ਕਲਪਤ ਗੱਲ ਹੈ। ਪਰ ਲਗਦੇ ਹੱਥੀਂ ਮੈਂ ਵੀ ਵਿਕ ਨੂੰ ਪੁਛ ਲਿਆ ਕਿ ਕੀ ਤੈਨੂੰ ਇਸ ਤਸਵੀਰ ਵਿਚੋਂ ਮੇਰੇ ਨਾਲੋਂ ਕੁਝ ਵਧ ਨਜ਼ਰ ਆਉਂਦਾ ਹੈ? ਉੱਤਰ ਵਿਚ ਉਸ ਨੇ ਬੜੀ ਨਿਮਰਤਾ ਤੇ ਪ੍ਰੇਮ ਭਾਵ ਨਾਲ ਝਕਦੇ ਝਕਦੇ ਕਿਹਾ ਕਿ ਇਹ ਫੋਟੋ ਮੇਰੇ ਲਈ ਫੋਟੋ ਨਹੀਂ ਸਗੋਂ ਜ਼ਹਿਰਾ-ਜ਼ਹੂਰ ਸਾਖਿਆਤ ਦਰਬਾਰ ਸਾਹਿਬ ਹਨ। ਮੈਂ ਇਸ਼ਨਾਨ ਪਾਣੀ ਕਰ ਕੇ ਧੂਪ ਅਗਰਬਤੀ ਲਗਾ ਕੇ ਜਦ ਇਸ ਵਿਸ਼ਾਲ ਫੋਟੋ ਅੱਗੇ ਵਿਛੇ ਇਸ ਕਾਲੀਨ ਉੱਤੇ ਚੌਕੜਾ ਮਾਰ ਕੇ ਤੇ ਅੱਖਾਂ ਬੰਦ ਕਰ ਕੇ ਬੈਠ ਜਾਂਦਾ ਹਾਂ ਤੇ ਆਪਣੇ ਮਨ ਨੂੰ ਇਕਾਗਰ ਚਿਤ ਕਰਦਾ ਹਾਂ ਤਾਂ ਸਚਮੁਚ ਮੈਨੂੰ ਦਰਬਾਰ ਸਾਹਿਬ ਵਿਚ ਹੋ ਰਹੇ ਕੀਰਤਨ ਦੇ ਬੋਲ ਸੁਣਾਈ ਦੇਂਦੇ ਹਨ ਅਤੇ ਸੱਤ ਮਿੰਟਾਂ ਤਕ ਮੈਂ ਆਪਣੀ ਬਿਰਤੀ ਨੂੰ ਇਵੇਂ ਟਿਕਾ ਸਕਦਾ ਹਾਂ। ਮੈਂ ਪੰਜਾਬੀ ਨਹੀਂ ਜਾਣਦਾ ਪਰ ਮੈਂ ਉੱਥੇ ਚਲ ਰਹੇ ਕੀਰਤਨ ਦੇ ਸ਼ਬਦ, ਜੋ ਮੇਰੇ ਕੰਨਾਂ ਵਿਚ ਪੈਣਗੇ, ਤੈਨੂੰ ਰੋਮਨ ਅਖਰਾਂ ਵਿਚ ਲਿਖ ਕੇ ਦੇ ਸਕਦਾ ਹਾਂ ਤੇ ਤੂੰ ਆਪਣੀ ਤਸੱਲੀ ਲਈ ਫੋਨ ਕਰ ਕੇ ਉਨ੍ਹਾਂ ਦੇ ਸਹੀ ਜਾਂ ਗ਼ਲਤ ਹੋਣ ਬਾਰੇ ਤਸਦੀਕ ਕਰ ਸਕਦਾ ਏਂ। ਵਿਕ ਦੀ ਇਹ ਗੱਲ ਸੁਣ ਕੇ ਮੈਨੂੰ ਤਾਂ ਚੁਪ ਜਹੀ ਲਗ ਗਈ। ਮੇਰੇ ਮਨ ਵਿਚ ਆਇਆ ਕਿ 'ਵਿਸਕੀ ਦੇ ਘਰ ਲੰਡਨ' ਵਿਚ ਰਹਿਣ ਵਾਲੇ ਇਸ ਗੋਰੇ ਨੂੰ 'ਸਿਫਤੀ ਦੇ ਘਰ-ਅੰਮ੍ਰਿਤਸਰ' ਦੇ ਦਰਬਾਰ ਸਾਹਿਬ ਨਾਲ ਇਤਨਾ ਸਨੇਹ ਕਿਵੇਂ ਹੋ ਗਿਆ ਕਿ ਉਸ ਦੀ ਲਿਵ ਇਤਨੇ ਸ਼ਕਤੀਸ਼ਾਲੀ ਰੂਪ ਵਿਚ ਉੱਥੇ ਜਾ ਜੁੜੀ ਹੈ।

ਮੈਂ ਵਿਕ ਨੂੰ ਕਿਹਾ ਕਿ ਮੇਰੀ ਇਹ ਹਿੰਮਤ ਨਹੀਂ ਪੈ ਸਕਦੀ ਕਿ ਮੈਂ ਤੇਰਾ ਇਮਤਿਹਾਨ ਲਵਾਂ ਕਿਉਂਕਿ ਮੈਂ ਤਾਂ ਉਸ ਖੇਤਰ ਤੋਂ ਕੋਹਾਂ ਦੂਰ ਹਾਂ ਜਿਥੇ ਤੂੰ ਵਿਚਰ ਰਿਹਾ ਏਂ। ਪਰ ਮੈਂ ਉਸ ਨੂੰ ਬੇਨਤੀ ਕੀਤੀ ਕਿ ਜੇ ਉਹ ਮੁਨਾਸਬ ਸਮਝਦਾ ਹੈ ਤਾਂ ਮੈਨੂੰ ਇਤਨਾ ਜ਼ਰੂਰ ਦੱਸਣ ਦੀ ਕ੍ਰਿਪਾਲਤਾ ਕਰੇ ਕਿ ਇਹ ਨਾਯਾਬ ਪ੍ਰਾਪਤੀ ਤੇ ਮਿਹਰ ਉਸ ਤੇ ਹੋਈ ਕਿਵੇਂ? ਵਿਕ ਨੇ ਫਿਰ ਝਕਦਿਆਂ ਝਕਦਿਆਂ ਪਰ ਸ਼ਰਧਾਮਈ ਟੋਨ ਵਿਚ ਗੱਲ ਕਰਦਿਆਂ ਦੱਸਿਆ ਕਿ ਕੁਝ ਚਿਰ ਪਹਿਲੇ ਮੈਂ ਹੋਰ ਦੋਸਤਾਂ ਨਾਲ ਵਿਸ਼ਵ ਟੂਰ ਤੇ ਗਿਆ ਤੇ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ਇਕ ਹੋਟਲ ਵਿਚ ਆਪਣੇ ਸਾਥੀ ਦੋਸਤਾਂ ਸਮੇਤ ਠਹਿਰਿਆ। ਜਦ ਇਕ ਦਿਨ ਅਸੀਂ ਲਾਹੌਰ ਤੋਂ ਭਾਰਤ ਦੇ ਸ਼ਹਿਰ ਅੰਮ੍ਰਿਤਸਰ ਵਿਚ ਦਾਖਲ ਹੋਣਾ ਸੀ ਤਾਂ ਮੇਰੇ ਹੋਟਲ ਦੇ ਮੁਸਲਮਾਨ ਬੁਜ਼ਰਗ ਬਹਿਰੇ ਨੇ ਆਪਣੀ ਜੇਬ ਵਿਚੋਂ ਕੁਝ ਪੈਸੇ ਕੱਢ ਕੇ ਮੈਨੂੰ ਦਿੱਤੇ ਤੇ ਬੜੀ ਆਜਜ਼ੀ ਨਾਲ ਕਿਹਾ ਕਿ ਸਾਹਿਬ ਅੱਜ ਜਦ ਤੁਸੀਂ ਭਾਰਤ ਜਾਓਗੇ ਤਾਂ ਪਹਿਲੇ ਹੀ ਸ਼ਹਿਰ ਅੰਮ੍ਰਿਤਸਰ ਵਿਖੇ ਰਾਤ ਨੂੰ ਤੁਹਾਨੂੰ ਗੋਲਡਨ

ਟੈਂਪਲ ਦੇ ਦਰਸ਼ਨ ਕਰਵਾਣ ਲਈ ਲੈ ਜਾਇਆ ਜਾਵੇਗਾ। ਤੁਸੀਂ ਕਿਰਪਾ ਕਰਕੇ ਮੇਰੇ ਇਹ ਪੈਸੇ ਉੱਥੇ ਮੱਥਾ ਟੇਕ ਦੇਣਾ। ਵਿਕ ਕਹਿੰਦਾ ਹੈ ਮੈਂ ਉਸ ਤੋਂ ਪੁੱਛਿਆ ਕਿ ਉਹ ਉਸ ਅਸਥਾਨ ਨਾਲ ਕਿਵੇਂ ਸਬੰਧਤ ਹੈ? ਤਾਂ ਉਸ ਮੁਸਲਮਾਨ ਵੇਟਰ ਨੇ ਕਿਹਾ ਕਿ ਊਂਜ ਤਾਂ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਸਿੱਖਾਂ ਦਾ ਅਸਥਾਨ ਹੈ ਪਰ ਵਾਸਤਵ ਵਿਚ ਉਹ ਸਭ ਦਾ ਸਾਂਝਾ ਤੀਰਥ ਹੈ।

ਉਸ ਵੇਟਰ ਨੇ ਹੋਰ ਕਿਹਾ ਕਿ ਮੈਂ ਦੇਸ਼ ਦੇ ਬਟਵਾਰੇ ਵੇਲੇ ਅੰਮ੍ਰਿਤਸਰ ਤੋਂ ਉਜੜ ਕੇ ਲਾਹੌਰ ਆਇਆ ਹਾਂ। ਮੁਸਲਮਾਨ ਹੋ ਕੇ ਵੀ ਮੈਂ ਹਰ ਰੋਜ਼ ਅੰਮ੍ਰਿਤਸਰ ਦਰਬਾਰ ਸਾਹਿਬ ਜਾਂਦਾ ਸੀ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦਾ ਰਿਹਾ ਹਾਂ। ਦੇਸ਼ ਦੇ ਬਟਵਾਰੇ ਨੇ ਮੇਰਾ ਕਾਬ੍ਹਾ (ਹਰਿਮੰਦਰ ਸਾਹਿਬ) ਮੈਥੋਂ ਖੋਹ ਲਿਆ ਹੈ ਪਰ ਪਿਆਰ ਤੇ ਨਿਸਚਾ ਤਾਂ ਅੰਤਰ-ਰਾਸ਼ਟਰੀ ਸਰਹੱਦਾਂ ਦਾ ਗੁਲਾਮ ਨਹੀਂ। ਇੱਥੇ ਲਾਹੌਰ ਵਿਖੇ ਰਹਿ ਕੇ ਵੀ ਮੈਂ ਆਪਣੇ ਫੁਰਸਤ ਦੇ ਸਮੇਂ ਖਿਆਲੀ ਉਡਾਰੀ ਮਾਰ ਕੇ ਦਰਬਾਰ ਸਾਹਿਬ ਪਹੁੰਚ ਜਾਂਦਾ ਹਾਂ ਤੇ ਉੱਥੇ ਦੇ ਆਤਮਿਕ ਨਜ਼ਾਰਿਆਂ ਦਾ ਆਨੰਦ ਲੈਂਦਾ ਹਾਂ।

ਮੈਂ ਘਰ ਹੋਵਾਂ ਜਾਂ ਹੋਵਾਂ ਬਾਹਰ, ਦੇਸ ਹੋਵਾਂ ਭਾਵੇਂ ਪ੍ਰਦੇਸੀਂ,
ਮੇਰੀ ਰੂਹ ਵਿੱਚ ਰਹਿੰਦਾ ਹਰ ਪਲ, ਹਰਿਮੰਦਰ ਹੀ ਸਮਾਇਆ ਏ।

ਵਿਕ ਨੇ ਦਸਿਆ ਕਿ ਜਦ ਮੈਂ ਉਸ ਮੁਸਲਮਾਨ ਬਜ਼ੁਰਗ ਦੀਆਂ ਗੱਲਾਂ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ ਤਾਂ ਉਸ ਬੜੇ ਨਿਮ੍ਰ ਪਰ ਪੁਰਜੋਸ਼ ਲਹਿਜੇ ਵਿਚ ਮੈਨੂੰ ਸਲਾਹ ਦਿੱਤੀ ਕਿ ਮੈਂ ਵੀ ਗੋਲਡਨ ਟੈਂਪਲ ਦੇ ਦਰਸ਼ਨਾਂ ਸਮੇਂ ਇਕ ਟੂਰਿਸਟ ਦੀਆਂ ਨਜ਼ਰਾਂ ਤੋਂ ਉੱਤੇ ਉਠ ਕੇ ਇਕ ਸ਼ਰਧਾਲੂ ਦੇ ਦ੍ਰਿਸ਼ਟੀਕੋਨ ਨਾਲ ਉਸ ਅਸਥਾਨ ਦੀ ਜ਼ਿਆਰਤ ਕਰਾਂ। ਇਵੇਂ ਕਰਨ ਨਾਲ ਮੇਰੇ ਮਨ ਨੂੰ ਬੇਹੱਦ ਤਸਕੀਨ (ਸ਼ਾਂਤੀ) ਮਿਲੇਗੀ ਤੇ ਆਤਮਾ ਨੂੰ ਖੇੜਾ ਪ੍ਰਦਾਨ ਹੋਵੇਗਾ।

ਮੈਂ ਬਜ਼ੁਰਗ ਬਾਬੇ ਦੀਆਂ ਗੱਲਾਂ ਨੂੰ ਦਿਲ ਵਿਚ ਗੰਢ ਮਾਰ ਕੇ ਰੱਖ ਲਿਆ। ਸ਼ਾਮ ਨੂੰ ਅਸੀਂ ਅੰਮ੍ਰਿਤਸਰ ਪਹੁੰਚੇ। ਰਾਤ ਨੂੰ ਨਿਸ਼ਚਤ ਪ੍ਰੋਗਰਾਮ ਅਨੁਸਾਰ ਅਸੀਂ ਦਰਬਾਰ ਸਾਹਿਬ ਜਾਣਾ ਸੀ। ਮੇਰੇ ਅੰਦਰ ਉੱਥੇ ਜਾਣ ਲਈ ਬਹੁਤ ਤਾਂਘ ਤੇ ਚਾਅ ਸੀ। ਮੈਂ ਦਰਬਾਰ ਸਾਹਿਬ ਦੇ ਬਾਹਰ ਪਹੁੰਚ ਕੇ ਇਕ ਛੋਟੀ ਕੇਸਰੀ ਦਸਤਾਰ ਖਰੀਦ ਕੇ ਦੁਕਾਨਦਾਰ ਤੋਂ ਸਿਰ ਤੇ ਬੰਨਵਾ ਲਈ ਤੇ ਮੇਰੇ ਬਾਕੀ ਸਾਥੀਆਂ ਨੇ ਆਪਣੇ ਸਿਰ ਰੁਮਾਲਾਂ ਨਾਲ ਢੱਕ ਲਏ। ਘੰਟਾ ਘਰ ਵਾਲੀ ਦਰਸ਼ਨੀ ਡਿਉਢੀ ਦੁਆਰਾ ਅਸੀਂ ਗੋਲਡਨ ਟੈਂਪਲ ਦੀ ਪਰਕਰਮਾ ਵਿਚ ਪ੍ਰਵੇਸ਼ ਕੀਤਾ। ਮੈਂ ਮਾਨਸਿਕ ਤੇ ਆਤਮਿਕ ਤੌਰ ਤੇ ਪਹਿਲਾਂ ਹੀ ਇਸ ਸੁਖਤ ਯਾਤਰਾ ਲਈ ਤਿਆਰ ਸਾਂ ਪਰ ਜਿਉਂ ਹੀ ਮੈਂ ਡਿਉਢੀ ਦੀਆਂ ਕੁਝ ਪੌੜੀਆਂ ਉੱਤਰ ਕੇ ਟੈਂਪਲ ਵੱਲ ਝਾਤੀ ਮਾਰੀ ਤਾਂ ਮੇਰੇ ਅੰਦਰ ਇੱਕ ਇਲਾਹੀ ਪ੍ਰਕਾਸ਼ ਪ੍ਰਜਵਲਤ ਹੋ

ਗਿਆ ਜਿਸ ਕਾਰਨ ਮੈਂ ਵਿਸਮਾਦ ਵਰਗੀ ਹਾਲਤ ਵਿਚ ਆ ਗਿਆ। ਮੇਰੇ ਬਾਕੀ ਸਾਥੀ ਗਾਈਡ ਨਾਲ ਗੱਲਾਂ ਬਾਤਾਂ ਕਰਦੇ ਫੋਟੂਆਂ ਖਿਚਦੇ ਖਿਚਾਂਦੇ ਰਹੇ ਪਰ ਮੈਂ ਤਾਂ ਪਹਿਲੀ ਨਜ਼ਰੇਂ ਖੁਦ ਹੀ ਗੋਲਡਨ ਟੈਂਪਲ ਵਿਚ ਵਿਦਮਾਨ ਪਰੀਪੂਰਨ ਅਡਿੱਠ ਅਗੰਮੀ ਸ਼ਕਤੀ ਵਲ ਖਿੱਚਿਆ ਗਿਆ। ਜਦ ਦਰਬਾਰ ਸਾਹਿਬ ਅੰਦਰ ਮੱਥਾ ਟੇਕਣ ਲਈ ਪਹੁੰਚਿਆ ਤਾਂ ਮੈਨੂੰ ਸਾਰਾ ਬ੍ਰਹਿਮੰਡ ਨਾਦ ਤੇ ਵਿਸਮਾਦ ਦੀ ਮੁਦਰਾ ਵਿਚ ਵਾਹਿਗੁਰੂ ਦੇ ਜਸ ਗਾਉਂਦਾ ਪ੍ਰਤੀਤ ਹੋਇਆ।

ਦੀਦਾਰ ਸ੍ਰੀ ਹਰਿਮੰਦਰ ਦਾ, ਪਾਪਾਂ ਨੂੰ ਚਿਕਨਾ ਚੂਰ ਕਰੇ,
ਰੂਹ ਅੰਦਰ ਸ਼ਾਂਤੀ ਭਰ ਦੇਵੇ, ਮਨ ਖੁਸ਼ੀਆਂ ਨਾਲ ਪੁਰਨੂਰ ਕਰੇ।

ਮੇਰੇ ਸਾਥੀ ਮੱਥਾ ਟੇਕ ਕੇ ਇਧਰ ਉਧਰ ਕੁਝ ਨਾ ਕੁਝ ਦੇਖਦੇ ਰਹੇ ਪਰ ਮੈਂ ਉਨ੍ਹਾਂ ਤੋਂ ਵੱਖ ਹੋ ਕੇ ਕੀਰਤਨ ਸੁਣਨ ਬੈਠ ਗਿਆ। ਇਵੇਂ ਲਗਦਾ ਸੀ ਕਿ ਮੈਨੂੰ ਹਰ ਗੱਲ ਸਮਝ ਆ ਰਹੀ ਹੈ। ਇਕ ਲਿਹਾਜ਼ ਨਾਲ ਮੈਂ ਅਕਾਲਪੁਰਖ ਨਾਲ ਅਭੇਦ ਜਿਹਾ ਹੋ ਗਿਆ ਮਹਿਸੂਸ ਕਰ ਰਿਹਾ ਸਾਂ।

ਆਖਿਰ ਦੀਵਾਨ ਦੀ ਸਮਾਪਤੀ ਦਾ ਸਮਾਂ ਆ ਗਿਆ। ਗੁਰੂ ਗ੍ਰੰਥ ਸਾਹਿਬ ਨੂੰ ਪਾਲਕੀ ਵਿਚ ਸੁਭਾਇਮਾਨ ਕਰਕੇ ਸੁਖ ਆਸਨ ਲਈ ਸੁਖ-ਅਸਥਾਨ ਵਲ ਲਿਜਾਇਆ ਜਾਣ ਲਗ ਪਿਆ। ਸ਼ਰਧਾਲੂ ਸਿੱਖ ਪਾਲਕੀ ਸਾਹਿਬ ਨੂੰ ਮੋਢਾ ਦੇ ਕੇ ਆਪਣੇ ਇਸ਼ਟ ਪ੍ਰਤੀ ਆਪਣਾ ਸਤਿਕਾਰ ਅਰਪਤ ਕਰ ਰਹੇ ਸਨ। ਮੈਂ ਲਾਈਨ ਤੋਂ ਬਾਹਰ ਖੜਾ ਪਾਲਕੀ ਸਾਹਿਬ ਦੇ ਨਾਲ ਨਾਲ ਚਲ ਰਿਹਾ ਸੀ ਤੇ ਮੇਰੇ ਦਿਲ ਵਿਚ ਸਤਿਕਾਰ ਸਹਿਤ ਇਹ ਭਾਵਨਾ ਪੈਦਾ ਹੋਈ ਕਿ ਜੇ ਮੈਂ ਵੀ ਸਿੱਖ ਹੁੰਦਾ ਤਾਂ ਸ਼ਾਇਦ ਮੋਢਾ ਦੇ ਕੇ ਇਸ ਸ਼ਬਦ-ਗੁਰੂ ਪ੍ਰਤੀ ਆਪਣਾ ਸਤਿਕਾਰ ਸਰੀਰਿਕ ਤੌਰ ਤੇ ਵਿਅਕਤ ਕਰ ਸਕਦਾ। ਹਾਲੇਂ ਇਹ ਗੱਲ ਮੇਰੇ ਮਨ ਵਿਚ ਹੀ ਸੀ ਕਿ ਸਭ ਅਭਿਲਾਸ਼ੀਆਂ ਨੂੰ ਥੋੜੀ ਥੋੜੀ ਦੇਰ ਲਈ ਪਾਲਕੀ ਸਾਹਿਬ ਨੂੰ ਮੋਢਾ ਦੇਣ ਲਈ ਵਾਰੀ ਦਿਵਾਣ ਵਾਲਾ ਸੇਵਾਦਾਰ ਮੇਰੇ ਵਲ ਥੋੜਾ ਵਧਿਆ ਤੇ ਉਸ ਨੇ ਮੈਨੂੰ ਅੱਗੇ ਕਰਕੇ ਪਾਲਕੀ ਸਾਹਿਬ ਨੂੰ ਮੋਢਾ ਦੇਣ ਲਈ ਲਾ ਦਿੱਤਾ। ਫਿਰ ਕੀ ਸੀ, ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ। ਜੋ ਖੁਸ਼ੀ ਉਸ ਸਮੇਂ ਮੇਰੇ ਮਨ ਵਿਚ ਸੀ ਨਾ ਤਾਂ ਮੈਂ ਉਸ ਨੂੰ ਬਿਆਨ ਕਰ ਸਕਦਾ ਹਾਂ ਤੇ ਸ਼ਬਦਾਂ ਦੇ ਅਭਾਸ ਕਾਰਨ ਨਾ ਹੀ ਲਿਖ ਕੇ ਪ੍ਰਗਟਾ ਸਕਦਾ ਹਾਂ, ਬਸ ਗੁੰਗੇ ਵਲੋਂ ਖਾਧੀ ਮਠਿਆਈ ਵਾਲੀ ਹੀ ਗੱਲ ਸਮਝੋ ਜਿਸਦਾ ਚਾਹੁੰਦਾ ਹੋਇਆ ਵੀ ਉਹ ਸਵਾਦ ਦਸਣ ਤੋਂ ਆਰੀ ਹੁੰਦਾ ਹੈ। ਇਸ ਸਭ ਕੁਝ ਦਾ ਆਨੰਦ ਮਾਣ ਕੇ ਮੈਂ ਇਹੀ ਕਹਿ ਸਕਦਾ ਹਾਂ:

ਸਭਨਾਂ ਦੇ ਸਾਂਝੇ ਮੰਦਰ ਨੇ, ਹਰ ਇਕ ਦਾ ਪਰਦਾ ਢਕਿਆ ਏ,
ਹਰਿਮੰਦਰ ਜਿਹਾ ਪਾਵਨ ਤੀਰਥ, ਨਾ ਸੁਣਿਆ ਨਾ ਤਕਿਆ ਏ।

ਜਦ ਸਾਰੀ ਸੇਵਾ ਸਮਾਪਤ ਹੋਈ ਤਾਂ ਸਰੀਰਕ ਤੌਰ ਤੇ ਵਾਪਸ ਹੋਟਲ ਜਾ ਕੇ ਵੀ ਆਤਮਿਕ ਤੌਰ ਤੇ ਮੈਂ ਉਸ ਪਵਿੱਤਰ ਅਸਥਾਨ ਵਿਚ ਹੀ ਟਿਕਿਆ ਹੋਇਆ ਸੀ। ਅਗਲੇ ਦਿਨ ਅਸੀਂ ਅੱਗੇ ਜਾਣਾ ਸੀ ਤੇ 20 ਦਿਨ ਭਾਰਤ ਦਰਸ਼ਨ ਕਰਨਾ ਸੀ। ਮੈਂ ਆਪਣੇ ਸਾਥੀਆਂ ਤੇ ਪ੍ਰਬੰਧਕਾਂ ਨੂੰ ਕਿਹਾ ਕਿ ਜਿਤਨੇ ਦਿਨ ਉਨ੍ਹਾਂ ਭਾਰਤ ਵਿਚ ਵਿਚਰਨਾ ਹੈ ਉਤਨੇ ਦਿਨ ਮੈਂ ਅੰਮ੍ਰਿਤਸਰ ਹੀ ਰਹਾਂਗਾ। ਉਹ ਮੰਨ ਗਏ ਤੇ ਇਸ ਤਰ੍ਹਾਂ 20 ਦਿਨ ਮੈਂ ਉਸ ਸਵਰਗ ਧਾਮ ਵਿਚ ਸਾਰਾ ਸਾਰਾ ਦਿਨ ਬਤਾਉਂਦਾ ਤੇ ਇਵੇਂ ਮਹਿਸੂਸ ਹੋਣ ਲੱਗ ਪਿਆ ਕਿ ਮੈਂ ਤੇ ਉਸ ਅਸਥਾਨ ਦਾ ਵਾਤਾਵਰਣ ਆਪਸ ਵਿਚ ਇਕਮਿਕ ਹੋ ਗਏ ਹਾਂ। ਇਸ ਤਰ੍ਹਾਂ ਗੋਲਡਨ ਟੈਂਪਲ ਨਾਲ ਮੇਰੀ ਲਗਨ ਅਭੇਦਤਾ ਦੀ ਹੱਦ ਤਕ ਪਹੁੰਚ ਗਈ। ਇੱਥੇ ਲੰਡਨ ਆ ਕੇ ਵੀ ਮੈਂ ਉਸ ਸ਼ੁਭ ਅਸਥਾਨ ਨਾਲ ਆਤਮਿਕ ਤੌਰ ਤੇ ਜੁੜਿਆ ਰਿਹਾ ਤੇ ਮੇਰੀ ਇਕਾਗਰਤਾ (Concentration) ਬਣਦੀ ਗਈ ਤੇ ਅੱਜ ਮੈਂ ਉਸ ਦੇ ਸਹਾਰੇ ਸੱਤ ਮਿੰਟਾਂ ਤੱਕ ਉੱਥੇ ਹੁੰਦਾ ਕੀਰਤਨ ਸੁਣ ਸਕਦਾ ਹਾਂ। ਖਿਆਲਾਂ ਖਿਆਲਾਂ ਵਿਚ ਮੈਂ ਹਰਿਮੰਦਰ ਸਾਹਿਬ ਵਿਚ ਹੀ ਹੁੰਦਾ ਹਾਂ ਭਾਵੇਂ ਮੇਰਾ ਸਰੀਰ ਕਿਤੇ ਵੀ ਕਿਉਂ ਨਾ ਵਿਚਰ ਰਿਹਾ ਹੋਵੇ। ਇਵੇਂ ਕਰਕੇ ਮੈਨੂੰ ਬੇਹਦ ਸੰਤੋਖ, ਸ਼ਾਂਤੀ ਤੇ ਖੁਸ਼ੀ ਮਿਲਦੀ ਹੈ। ਮੈਨੂੰ ਲਗਦਾ ਹੈ ਮੇਰੀ ਤਾਂ ਹੋਂਦ ਹੀ ਹਰਿਮੰਦਰ ਨਾਲ ਸਬੰਧਤ ਹੋ ਗਈ ਹੈ। ਇਹ ਜਾਣ ਕੇ ਮੈਂ ਉਸ ਤੋਂ ਫਰਾਖਦਿਲੀ ਨਾਲ ਪੁੱਛਿਆ ਕਿ ਉਸ ਉੱਤੇ ਜਿਹੜੀ ਇਹ ਸੁਤੇ ਸਿਧ ਬਖਸ਼ਿਸ਼ ਹੋਈ ਹੈ ਇਸਨੂੰ ਉਸਨੇ ਕਿਵੇਂ ਲਿਆ ਹੈ? ਇਸਦੇ ਉੱਤਰ ਵਿਚ ਉਸਨੇ ਵੀ ਬੜੇ ਤਪਾਕ ਨਾਲ ਕਿਹਾ ਕਿ ਹਰਿਮੰਦਰ ਦੇ ਅਨੂਠੇ ਪ੍ਰੇਮ ਨੇ ਉਸਨੂੰ ਸਭ ਕੁਝ ਬਖਸ਼ਿਸ਼ ਰੂਪ ਵਿਚ ਦਿੱਤਾ ਹੈ, ਨਿਧੀਆਂ ਮਿਲੀਆਂ ਹਨ, ਰੌਸ਼ਨ ਦਮਾਗੀ ਤੇ ਆਤਮਿਕ ਖੇੜਾ ਪ੍ਰਦਾਨ ਹੋਇਆ, ਮਾਨਸਕ ਠਹਿਰਾਓ ਤੇ ਸਰੀਰਕ ਤੰਦਰੁਸਤੀ ਮਿਲੀ ਹੈ, ਬੋਲਾਂ ਵਿਚ ਮਿਠਾਸ ਤੇ ਨਰਮੀ ਆਈ ਹੈ ਅਤੇ ਵਿਹਾਰ ਵਿਚ ਸੁਚਮਤਾ ਪ੍ਰਵੇਸ਼ ਕਰ ਗਈ ਹੈ। ਇਨ੍ਹਾਂ ਅਮੁਲ ਦਾਤਾਂ ਦੀ ਪ੍ਰਾਪਤੀ ਨਾਲ ਮੈਂ ਅਵੱਸ਼ ਹੀ ਪਹਿਲੇ ਨਾਲੋਂ ਵਧੇਰੇ ਚੰਗੇਰਾ, ਸੁਲਝਿਆ ਹੋਇਆ ਤੇ ਠਰ੍ਹੰਮੇ ਵਾਲਾ ਇਨਸਾਨ ਬਣ ਗਿਆ ਹਾਂ। ਵਿਕ ਦੀਆਂ ਇਹ ਗੱਲਾਂ ਸੁਣ ਕੇ ਮੈਂ ਨਿਹਾਲ ਹੋ ਗਿਆ ਤੇ ਮੇਰਾ ਸੀਸ ਵੀ ਹਰਿਮੰਦਰ ਸਾਹਿਬ ਦੇ ਸਤਿਕਾਰ ਵਿਚ ਝੁਕ ਗਿਆ।

ਗੁਰੂਆਂ ਦੀ ਇਹ ਧਰਤ ਸੁਹਾਵੀ, ਪੰਥ ਏਸ ਦਾ ਮਾਲੀ ਏ,
ਏਥੇ ਆ ਕੇ ਕੋਈ ਸਵਾਲੀ, ਮੁੜ ਕੇ ਗਿਆ ਨਾ ਖਾਲੀ ਏ।

ਵਿਕ ਦੀਆਂ ਇਹ ਗੱਲਾਂ ਭਾਵੇਂ ਕੋਈ ਮੰਨੇ ਜਾਂ ਨਾ ਪਰ ਮੇਰੀ ਇਹ ਹਿੰਮਤ ਨਹੀਂ ਕਿ ਅੱਜ ਵੀ ਇਨ੍ਹਾਂ ਤੇ ਕੋਈ ਕਿੰਤੂ ਪ੍ਰੰਤੂ ਕਰ ਸਕਾਂ। ਗੁਰਬਾਣੀ ਵਿਚ ਥਾਂ ਪਰ ਥਾਂ ਉਲੇਖ ਹੈ ਕਿ ਵਾਹਿਗੁਰੂ ਸਭ ਕੁਝ ਕਰਨ ਦੇ ਸਮਰੱਥ ਹੈ।

ਨਿਸ਼ਚੇ ਨਾਲ ਸਭ ਦੇ ਬੇੜੇ ਪਾਰ ਹੋ ਜਾਂਦੇ ਹਨ। ਹਾਂ ਮੈਂ ਵਿਕ ਨੂੰ ਇਤਨਾ ਜ਼ਰੂਰ ਕਿਹਾ ਕਿ ਇਤਨਾ ਕੁਝ ਪਾ ਕੇ ਤੂੰ ਸਿੱਖ ਕਿਉਂ ਨਹੀਂ ਬਣ ਜਾਂਦਾ? ਇਸ ਦੇ ਉੱਤਰ ਵਿਚ ਉਸ ਦਸਿਆ ਕਿ ਉਸ ਨੇ ਸਿੱਖ ਧਰਮ ਦਾ ਕਾਫੀ ਅਧਿਐਨ ਕੀਤਾ ਹੈ ਅਤੇ ਉਹ ਆਪਣੇ ਕਰਮਾਂ, ਅਕੀਦਿਆਂ ਤੇ ਧਾਰਨਾਵਾਂ ਵਿਚ ਪੂਰਨ ਸਿੱਖ ਹੈ।

ਵਿਕ ਦੀ ਉਕਤ ਦਾਸਤਾਨ ਗੋਲਡਨ ਟੈਂਪਲ ਦੀ ਇਸ ਗ਼ੈਰ- ਸਿੱਖ ਸ਼ਰਧਾਲੂ ਦੇ ਮਨ ਵਿਚ ਜੋ ਸ਼ਰਧਾ ਦਾ ਪ੍ਰਗਟਾਵਾ ਕਰਦੀ ਹੈ, ਉਹ ਸਾਡੇ ਸਾਰਿਆਂ ਲਈ ਵੀ ਬਹੁਤ ਪ੍ਰੇਰਨਾ ਜਨਕ ਹੈ ਅਤੇ ਹਲੂਣਾ ਦੇਂਦੀ ਹੈ ਕਿ ਅਸੀਂ ਵੀ ਆਪਣੀਆਂ ਬਿਰਤੀਆਂ ਨੂੰ ਸ਼ੁਧ ਕਰਕੇ ਇਕਾਗਰ ਕਰਨ ਵਲ ਉਦਮਸ਼ੀਲ ਹੋਈਏ, ਵਾਹਿਗੁਰੂ ਦੀ ਕ੍ਰਿਪਾ ਹੋਣ ਵਿਚ ਦੇਰ ਨਹੀਂ ਲਗਦੀ :

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥ ਅੰਗ–149

ਉਸ ਤੋਂ ਮਗਰਲੀਆਂ ਆਪਣੀਆਂ ਇੰਗਲੈਂਡ ਫੇਰੀਆਂ ਸਮੇਂ ਮੈਂ ਇਕ ਵਾਰੀ ਵਿਸ਼ੇਸ਼ ਸਮਾਂ ਕੱਢ ਕੇ ਵਿਕ ਨੂੰ ਲਭ ਕੇ ਮਿਲਣਾ ਚਾਹਿਆ ਪਰ ਬੜੀ ਛਾਣ ਬੀਣ ਕਰਨ ਉਪਰੰਤ ਮੈਨੂੰ ਇਤਨਾ ਹੀ ਪਤਾ ਲਗ ਸਕਿਆ ਕਿ ਇਸ ਨਾਂ ਦਾ ਇਕ ਨੌਜਵਾਨ ਕਦੇ ਕਿੰਗਸਟਨ ਦੇ ਇਲਾਕੇ ਵਿਚ ਰਹਿੰਦਾ ਸੀ ਪਰ ਸ਼ਾਦੀ ਕਰਵਾਉਣ ਉਪਰੰਤ ਉਹ ਸ਼ਾਇਦ ਇਟਲੀ ਵਿਚ ਸੈਟਲ ਹੋ ਗਿਆ ਹੈ। ਵਿਕ ਦੀ ਆਤਮਿਕ ਉਚਤਤਾ ਨੂੰ ਧਿਆਨ ਵਿਚ ਰਖਦਿਆਂ ਮੈਂ ਇਹੀ ਕਹਿ ਸਕਦਾ ਹਾਂ ਕਿ ਉਹ ਜਿਥੇ ਵੀ ਰਹਿੰਦਾ ਹੋਵੇਗਾ, ਉਸ ਦਾ ਮਸਤਕ ਹਰਿਮੰਦਰ ਸਾਹਿਬ ਦੀ ਹਸਤੀ ਅੱਗੇ ਹਰ ਰੋਜ਼ ਪੂਰੀ ਸ਼ਰਧਾ ਤੇ ਸਤਿਕਾਰ ਵਿਚ ਜ਼ਰੂਰ ਝੁਕਦਾ ਹੋਵੇਗਾ।

ਅਜਬ ਫਕੀਰਾਂ ਦਾ ਘਰ ਹੈ
ਇਥੇ ਖੁਲ੍ਹਾ ਪਿਆ ਵਸਦਾ
ਇਹ ਗੁਰਾਂ ਵਾਲੀ ਧਰਤੀ ਹੈ
ਇਥੇ ਸਚਾ ਦਰਬਾਰ ਹੈ
ਇਥੇ ਦਿਲ ਪਿਆ ਝੁਕਦਾ
ਅਤੇ ਸਿਰ ਪਿਆ ਨਿਵੰਦਾ
ਇਥੇ ਪਿਆਰਾਂ ਮਲੋ ਮਲੀ ਪੈਂਦੀਆਂ।

ਪ੍ਰੋ. ਪੂਰਨ ਸਿੰਘ– ਖੁਲ੍ਹੇ ਮੈਦਾਨ ਵਿਚੋਂ

.25.

ਹਰਿਮੰਦਰ ਸਾਹਿਬ ਨੂੰ ਵੀ ਗੁਰੂ ਗ੍ਰੰਥ ਸਾਹਿਬ ਤੋਂ ਵਿਹੂਣਾ ਰਹਿਣਾ ਪਿਆ

ਇਸ ਕਿਤਾਬ ਵਿੱਚ ਅੰਕਤ ਹੈ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬੜੇ ਚਾਓ ਨਾਲ ਰੱਬ ਦੇ ਘਰ ਸਚਖੰਡ ਹਰਿਮੰਦਰ ਸਾਹਿਬ ਦਾ ਅੰਮ੍ਰਿਤ ਸਰੋਵਰ ਦੇ ਵਿਚਕਾਰ ਨਿਰਮਾਣ ਕਰਵਾਇਆ ਤਾਕਿ ਸ਼ਬਦ ਰੂਪ ਅਕਾਲਪੁਰਖ ਨੂੰ ਇਸ ਵਿੱਚ ਬਿਰਾਜਮਾਨ ਕੀਤਾ ਜਾ ਸਕੇ। ਸਾਰੀ ਮਨੁੱਖਤਾ ਲਈ ਉਹ ਕਿਤਨੀ ਸੁਭਾਗੀ ਘੜੀ ਸੀ ਜਦ 1.9.1604 ਈ. ਨੂੰ ਬੜੀ ਸ਼ਰਧਾ ਅਤੇ ਸਤਿਕਾਰੀ ਭਾਵਨਾ ਨਾਲ ਆਦਿ ਗ੍ਰੰਥ ਸਾਹਿਬ ਜੀ ਦਾ ਹਰਿਮੰਦਰ ਸਾਹਿਬ ਵਿੱਚ ਪ੍ਰਥਮ ਪ੍ਰਕਾਸ਼ ਹੋਇਆ। ਇਸ ਇਲਾਹੀ ਕਰਮ ਦੀ ਬਦੌਲਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਸੰਗਤਾਂ ਸਾਰਾ ਸਾਰਾ ਦਿਨ ਕੀਰਤਨ ਸੁਣਨ ਲਗ ਪਈਆਂ ਪਰ ਇਹ ਖ਼ੁਸ਼ੀਆਂ ਭਰਿਆ ਵਿਸਮਾਦੀ ਮਹੌਲ ਮਈ 1606 ਵਿੱਚ ਤਹਿਸ ਨਹਿਸ ਹੋ ਗਿਆ ਜਦ ਜਹਾਂਗੀਰ ਬਾਦਸ਼ਾਹ ਦੇ ਕੱਟੜ ਵਿਹਾਰ ਕਾਰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸ਼ਹੀਦੀ ਜਾਮ ਪੀਣਾ ਪਿਆ। ਇਸ ਜ਼ਾਲਮਾਨਾ ਪਰਹਾਰ ਕਾਰਨ ਦੇਸ਼ ਭਰ ਵਿੱਚ ਸ਼ਾਂਤਮਈ ਮਾਹੌਲ ਵਿੱਚ ਤੂਫ਼ਾਨ ਜਿਹਾ ਆ ਗਿਆ। ਫਲਸਰੂਪ 11 ਸਾਲਾਂ ਦੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਨਸ਼ੀਨੀ ਵੇਲੇ ਪੀਰੀ ਦੇ ਨਾਲ ਨਾਲ ਮੀਰੀ ਦੀ ਕ੍ਰਿਪਾਨ ਪਹਿਨਣੀ ਪਈ। ਸੰਗਤਾਂ ਵਲੋਂ ਗੁਰੂ ਜੀ ਨੂੰ ਅਸਤਰਾਂ ਦੀ ਥਾਂ ਸ਼ਸਤਰਾਂ ਦੇ ਚੜ੍ਹਾਵੇ ਚੜ੍ਹਾਏ ਜਾਣ ਲਗ ਪਏ। ਘੋੜ ਸਵਾਰ ਤੇ ਪਿਆਦਾ ਫੌਜ ਵੀ ਆਪਣੀ ਸੁਰੱਖਿਆ ਲਈ ਗੁਰੂ ਦੇ ਸ਼ਰਧਾਲੂ ਸਿੱਖਾਂ ਨੇ ਖੜੀ ਕਰ ਲਈ ਜਿਸਨੇ ਚਾਰ ਵਾਰੀ ਮੁਗ਼ਲ ਫੌਜਾਂ ਨੂੰ ਲਲਕਾਰਿਆ ਅਤੇ ਹਾਰ ਦਿੱਤੀ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਹੁਣ ਗ਼ੈਰ-ਸਿੱਖ ਪਰਜਾ ਨੂੰ ਇੱਜ਼ਤ ਵਾਲਾ ਜੀਵਨ ਜੀਣ ਲਈ ਅੱਤਿਆਚਾਰੀ ਰਾਜਿਆਂ ਨਾਲ ਲੋਹਾ ਲੈਣਾ ਹੀ ਪਵੇਗਾ। ਇਸ ਲਈ ਦੂਰਦ੍ਰਿਸ਼ਟਤਾ ਵਾਲੀ ਨੀਤੀ ਅਪਣਾਉਂਦਿਆਂ ਹੋਇਆਂ 1634 ਈ. ਨੂੰ ਉਨ੍ਹਾਂ ਨੇ ਹਰਿਮੰਦਰ ਸਾਹਿਬ ਨੂੰ ਅਲਵਿਦਾ ਕਹੀ ਅਤੇ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਸੁਰੱਖਿਅਤਾ ਲਈ ਨਾਲ ਲੈ ਗਏ ਤਾਕਿ ਜਰਵਾਣੇ ਉਸਨੂੰ ਨਸ਼ਟ ਨਾ ਕਰ ਸਕਣ। ਬੀੜ ਸਾਹਿਬ ਨੂੰ ਉਨ੍ਹਾਂ ਕਰਤਾਰਪੁਰ ਵਿਖੇ ਆਪਣੇ ਸੰਬੰਧੀਆਂ ਪਾਸ ਸੰਭਾਲ ਕੇ ਰਖਵਾ ਦਿੱਤਾ ਅਤੇ ਆਪ ਪਰਿਵਾਰ ਸਮੇਤ ਕੀਰਤਪੁਰ ਦੇ ਨੀਮ ਜੰਗਲੀ ਇਲਾਕੇ ਵਿੱਚ ਜਾ ਵਿਸ਼ਰਾਮ ਕੀਤਾ। ਇਸ ਤਰ੍ਹਾਂ 30 ਸਾਲ ਦੇ ਨਿੱਕੇ ਜਿਹੇ ਅਰਸੇ ਤੋਂ ਮਗਰੋਂ ਹਰਿਮੰਦਰ ਸਾਹਿਬ ਵਿੱਚੋਂ ਸ਼ਬਦ ਗੁਰੂ ਨੂੰ ਹਿਜਰਤ ਕਰਨੀ ਪਈ ਅਤੇ ਅਗਲੇ ਤਕਰੀਬਨ 70 ਸਾਲ ਹਰਿਮੰਦਰ ਸਾਹਿਬ, ਆਦਿ ਗ੍ਰੰਥ ਸਾਹਿਬ ਤੋਂ ਵਿਹੂਣਾ ਰਿਹਾ। ਪ੍ਰਿਥੀ ਚੰਦ ਦੀ ਓਲਾਦ ਨੇ ਮਸੰਦਾਂ, ਮਹੰਤਾਂ ਅਤੇ ਪੰਡਤਾਂ ਦੀ ਮਦਦ ਨਾਲ ਇਸ ਪਵਿੱਤਰ

ਅਸਥਾਨ ਦਾ ਆਪਣਾ ਲਾਲਚ ਪੂਰਾ ਕਰਨ ਲਈ ਰਜ ਕੇ ਦੁਰਉਪਯੋਗ ਕੀਤਾ ਅਤੇ ਇੱਥੇ ਤਕ ਕਿ ਇਕ ਵਾਰੀ ਗੁਰੂ ਤੇਗ ਬਹਾਦਰ ਸਾਹਿਬ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਹਰਿਮੰਦਰ ਦੇ ਕਵਾੜ ਚਲਾਕੀ ਨਾਲ ਬੰਦ ਕਰਵਾ ਦਿੱਤੇ ਗਏ ਜਿਸ ਕਰਕੇ ਉਹ ਹਰਿਮੰਦਰ ਸਾਹਿਬ ਵਿੱਚ ਦਾਖਲ ਨਾ ਹੋ ਸਕੇ ਅਤੇ ਸਰੋਵਰ ਸਾਹਿਬ ਵਿੱਚ ਇਸ਼ਨਾਨ ਕਰਕੇ ਹੀ ਪਰਤ ਗਏ।

ਜਦ 1705 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮਕ ਸ਼ਕਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੁਬਾਰਾ ਲਖਵਾਈ ਕਰਵਾਈ ਤਾਂ ਉਸ ਸਰੂਪ ਦੇ ਕਈ ਉਤਾਰੇ ਕੀਤੇ ਗਏ। ਇਕ ਸਰੂਪ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਦਰਬਾਰ ਸਾਹਿਬ ਲੈ ਆਏ ਅਤੇ ਉੱਥੇ ਉਨ੍ਹਾਂ ਨੇ ਪੌਣੀ ਸਦੀ ਮਗਰੋਂ ਦਰਬਾਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੋਬਾਰਾ ਪਰਕਾਸ਼ ਕੀਤਾ। ਸੰਗਤਾਂ ਨੇ ਬੇਹਦ ਖ਼ੁਸ਼ੀ ਮਨਾਈ ਕਿ 'ਕਰਤਾ ਘਰ ਆਇਆ' ਹੈ। ਜਿਸ ਨਵੇਂ ਲਿਖੇ ਸਰੂਪ ਨੂੰ ਮੱਥਾ ਟੇਕ ਕੇ ਨਾਦੇੜ ਵਿੱਚ 1708 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਬਖ਼ਸ਼ੀ, ਉਹ 1762 ਈ. ਵਿੱਚ ਕੁਪ ਰਹੀੜੇ ਦੇ ਵੱਡੇ ਘੱਲੂਘਾਰੇ ਵਿੱਚ ਨਸ਼ਟ ਹੋ ਗਿਆ। ਹਰਿਮੰਦਰ ਸਾਹਿਬ ਵਿੱਚ ਭਾਈ ਮਨੀ ਸਿੰਘ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਆਗਮਨ ਕਰਕੇ ਦਰਬਾਰ ਸਾਹਿਬ ਵਿੱਚ ਅੰਮ੍ਰਿਤਮਈ ਪਵਿੱਤਰ ਮਰਿਆਦਾ ਸਥਾਪਤ ਹੋ ਗਈ ਪਰ ਫਿਰ 30 ਸਾਲ ਮਗਰੋਂ 1734 ਈ. ਨੂੰ ਭਾਈ ਮਨੀ ਸਿੰਘ ਜੀ ਨੂੰ ਜੋ, ਹਰਿਮੰਦਰ ਸਾਹਿਬ ਵਿਖੇ ਹੈਡ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਸਨ, ਮੁਗ਼ਲ ਹਾਕਮਾਂ ਨੇ ਬੰਦ ਬੰਦ ਕਟ ਕੇ ਸ਼ਹੀਦ ਕਰ ਦਿੱਤਾ। ਇਵੇਂ ਇਕ ਵਾਰੀ ਫਿਰ ਕੌਮ ਤੇ ਬਿਪਤਾ ਦੀ ਘੜੀ ਆ ਪਈ। ਅਜਿਹੀ ਹਾਲਤ ਵਿੱਚ ਹਰਿਮੰਦਰ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀ ਹੋਣਾ ਸੀ। ਅਤਿਆਚਾਰਾਂ ਦਾ ਇਤਨਾ ਖੌਫ਼ਨਾਕ ਦੌਰ ਚਲਿਆ ਕਿ ਇਸ ਗੱਲ ਦੀ ਮੁਨਾਦੀ ਕਰਵਾ ਦਿੱਤੀ ਗਈ ਕਿ ਜਿਹੜਾ ਵਿਅਕਤੀ 'ਗੁਰੂ' ਸ਼ਬਦ ਬੋਲੇਗਾ, ਉਸਦੀ ਜੀਭ ਜੰਬੂਰਾਂ ਨਾਲ ਕਢਵਾ ਕੇ ਬਾਹਰ ਸੁੱਟ ਦਿੱਤੀ ਜਾਵੇਗੀ। ਗੁਰੂ ਸ਼ਬਦ ਤਾਂ ਪਿੱਛੇ ਰਿਹਾ ਕੋਈ 'ਗੁੜ' ਵੀ ਨਹੀਂ ਬੋਲ ਸਕਦਾ ਉਸ ਤੋਂ ਵੀ 'ਗੁਰ' ਦਾ ਪ੍ਰਭਾਵ ਪੈਂਦਾ ਹੈ। ਹੁਕਮ ਇਹ ਵੀ ਹੋਇਆ ਕਿ ਕਿਸੇ ਨੇ ਗ੍ਰੰਥ ਸ਼ਬਦ ਵੀ ਨਹੀਂ ਬੋਲਣਾ, ਇਸਨੂੰ ਦਿਲ ਦਮਾਗ਼ ਵਿੱਚੋਂ ਕੱਢ ਦੇਣਾ ਹੈ ਅਤੇ ਇਸਦੀ ਥਾਂ 'ਪੋਥੀ' ਸ਼ਬਦ ਦਾ ਪ੍ਰਯੋਗ ਕਰਨਾ ਹੈ। ਜਿੱਥੇ ਕਿਧਰੇ ਕਿਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮਿਲਦਾ, ਅਗਿਆਨਤਾ ਵਸ ਮੂਰਖ ਕੱਟੜਪੰਥੀਏ ਉਸਦਾ ਅਪਮਾਨ ਕਰਦੇ ਤੇ ਫਿਰ ਜਲਾਅ ਦੇਂਦੇ। ਉਨ੍ਹਾਂ ਨੂੰ ਇਸ ਗੱਲ ਦਾ ਵੀ ਤਰਸ ਨਹੀਂ ਸੀ ਆਉਂਦਾ ਕਿ ਇਸ ਵਿੱਚ ਕਈ ਮੁਸਲਮਾਨ ਦਰਵੇਸ਼ਾਂ ਦੀ ਵੀ ਪਵਿੱਤਰ ਬਾਣੀ ਅੰਕਤ ਹੈ। ਉਹ ਤਾਂ ਖ਼ੁਦ ਖ਼ਰੂਦੀ ਬਿਰਤੀ ਵਿੱਚ ਜੀਅ ਰਹੇ ਸਨ ਤੇ ਸਿੱਖਾਂ ਨੂੰ ਮਾਰਨਾ ਉਨ੍ਹਾਂ ਲਈ ਲਾਹੇਵੰਦਾ ਪੇਸ਼ਾ ਬਣ ਗਿਆ। ਸਿੱਖਾਂ ਦੇ ਸਿਰਾਂ ਦੇ ਭਾਰੀ ਮੁੱਲ ਪੈਣ ਲਗ ਪਏ। ਇਸ

ਸੰਗੀਨ ਦੁਰਾਚਾਰੀ ਹਾਲਾਤਾਂ ਵਿੱਚ ਵੀ ਇਕ ਵਾਰੀ ਹਿੰਮਤ ਕਰਕੇ ਜਸਾ ਸਿੰਘ ਆਹਲੂਵਾਲੀਆ ਨੇ ਦਰਬਾਰ ਸਾਹਿਬ ਤੇ ਕਬਜ਼ਾ ਕਰ ਲਿਆ ਅਤੇ ਸਿੱਖਾਂ ਨੇ ਖ਼ੁਸ਼ੀ ਦੇ ਮਾਹੌਲ ਵਿੱਚ ਉਸ ਸਾਲ ਹਰਿਮੰਦਰ ਸਾਹਿਬ ਵਿੱਚ ਵਿਸਾਖੀ ਵੀ ਮਨਾਈ ਪਰ ਜ਼ਾਲਮਾਂ ਨੇ ਸਿੱਖਾਂ ਦੀ ਪੇਸ਼ ਨਾ ਜਾਣ ਦਿੱਤੀ, ਦਾਅ ਲਗਦੇ ਹੀ, ਹਰਿਮੰਦਰ ਅਤੇ ਸਰੋਵਰ ਦਾ ਨੁਕਸਾਨ ਕੀਤਾ ਜਾਂਦਾ ਅਤੇ 1762 ਈ: ਨੂੰ ਕੁਪ ਰਹੀੜੇ ਵਿਖੇ 35 ਹਜ਼ਾਰ ਸਿੰਘਾਂ ਨੂੰ ਸ਼ਹੀਦ ਕਰਨ ਉਪਰੰਤ ਅਹਿਮਦ ਸ਼ਾਹ ਅਬਦਾਲੀ ਅੰਮ੍ਰਿਤਸਰ ਪਹੁੰਚਿਆ। ਆਪਣੇ ਹੰਕਾਰ ਦੇ ਰੋਹਬ ਵਿੱਚ ਉਸਨੇ ਹਰਿਮੰਦਰ ਸਾਹਿਬ ਨੂੰ ਘੇਰ ਲਿਆ ਅਤੇ 10 ਅਪਰੈਲ 1762 ਨੂੰ ਹਰਿਮੰਦਰ ਸਾਹਿਬ ਵਿੱਚ ਬਾਰੂਦ ਭਰ ਕੇ ਉਸਨੂੰ ਤੋਪਾਂ ਨਾਲ ਉਡਵਾ ਦਿੱਤਾ। ਪਹਿਲੀ ਤੋਪ ਉਸਨੇ ਖੁਦ ਦਾਗੀ। ਹਾਏ ਰੱਬਾ, ਰੱਬ ਦੇ ਘਰ ਨੂੰ ਵੀ ਮਨੁੱਖ ਬਰਬਾਦ ਕਰਕੇ ਆਪਣੇ ਆਪ ਨੂੰ ਖ਼ੁਸ਼ੀਆਂ ਨਾਲ ਭਰਿਆ ਸਮਝਦਾ ਹੈ। ਸਿੱਖਾਂ ਨੇ ਅਬਦਾਲੀ ਦੇ ਅੱਤਿਆਚਾਰ ਦਾ ਫੌਰੀ ਤੌਰ ਤੇ ਬਦਲਾ ਲਿਆ ਅਤੇ ਸਰਹੰਦ ਜਾ ਲੁੱਟੀ। ਹਰਿਮੰਦਰ ਸਾਹਿਬ ਅਤੇ ਸਰੋਵਰ ਸਾਹਿਬ ਨੂੰ ਮੁੜ ਸੁਰਜੀਤ ਕਰਨ ਦੀ ਵਿਉਂਤ ਬਣ ਗਈ। ਦੂਜੀ ਵਾਰੀ ਸ. ਜੱਸਾ ਸਿੰਘ ਆਹਲੂਵਾਲੀਆ ਨੇ 60 ਹਜ਼ਾਰ ਸਿੰਘਾਂ ਦੇ ਇਕੱਠ ਵਿੱਚ 17 ਅਕਤੂਬਰ 1764 ਈ. ਨੂੰ ਦੀਵਾਲੀ ਦੇ ਨੇੜੇ ਹਰਿਮੰਦਰ ਦੀ ਨੀਂਹ ਰੱਖੀ। ਇਹ ਨੀਂਹ ਉਸੇ ਥਾਂ ਤੇ ਅਤੇ ਉਂਵੇਂ ਹੀ ਰੱਖੀ ਗਈ ਜਿਵੇਂ ਪਹਿਲੇ ਮੀਆਂ ਮੀਰ ਜੀ ਨੇ ਰੱਖੀ ਸੀ। 1776 ਈ: ਵਿੱਚ ਹਰਿਮੰਦਰ ਸਾਹਿਬ ਆਪਣੇ ਪੂਰੇ ਜਲਓ ਵਿੱਚ ਬਣ ਕੇ ਤਿਆਰ ਹੋ ਗਿਆ। ਉੱਥੇ ਬੜੇ ਚਾਵਾਂ ਨਾਲ 1784 ਈ: ਵਿੱਚ ਖ਼ੁਸ਼ੀਆਂ ਭਰੇ ਮਾਹੌਲ ਵਿੱਚ ਆਖੰਡ ਪਾਠ ਰਖ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਅਗਲੇ 2 ਸੌ ਸਾਲ ਹਰਿਮੰਦਰ ਸਾਹਿਬ ਵਿੱਚ ਹਰਿਮੰਦਰ ਦੀ ਸ਼ਾਨ ਤੇ ਸਤਿਕਾਰ ਦਾ ਅਜਿਹਾ ਬੋਲਬਾਲਾ ਹੋਇਆ ਜੋ ਦੁਨੀਆ ਨੇ ਦੇਖਿਆ ਅਤੇ ਸਲਾਹਿਆ। ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਤੇ ਸੋਨਾ ਚੜ੍ਹਾਉਣ ਦੀ ਸੇਵਾ ਬੜੀ ਨਿਮਰਤਾ ਅਤੇ ਆਜਜ਼ੀ ਭਰੇ ਜਜ਼ਬੇ ਨਾਲ ਕੀਤੀ ਅਤੇ 1849 ਈ: ਤਕ, ਜਦ ਤਕ ਸਿੱਖਾਂ ਦਾ ਰਾਜ ਰਿਹਾ, ਹਰਿਮੰਦਰ ਦੀ ਸ਼ਾਨ ਦਾ ਕੋਈ ਮੁਕਾਬਲਾ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਿਖਰਾਂ ਨੂੰ ਛੂਹਣ ਲਗ ਪਿਆ ਪਰ ਜਦ ਪੰਜਾਬ ਤੇ ਅੰਗਰੇਜ਼ਾਂ ਦਾ ਕਬਜਾ ਹੋ ਗਿਆ, ਹਰਿਮੰਦਰ ਅੰਗਰੇਜ਼ਾਂ ਦੇ ਅਧੀਨ ਹੋ ਗਿਆ ਪਰ ਉਨ੍ਹਾਂ ਦੇ ਦਿਲਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਤਿਕਾਰ ਬਣਿਆ ਰਿਹਾ ਅਤੇ ਉਹ ਸਮੇਂ ਸਮੇਂ ਤੇ ਉੱਥੇ ਅਖੰਡ ਪਾਠ ਕਰਵਾਂਦੇ ਤੇ ਸਤਿਗੁਰਾਂ ਦੀਆਂ ਬਖ਼ਸ਼ਸ਼ਾਂ ਦੇ ਪਾਤਰ ਬਣਦੇ ਰਹੇ। ਕਈ ਵਾਰੀ ਉਨ੍ਹਾਂ ਨੇ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿੱਚ ਖੂਬਸੂਰਤ ਡਾਕ ਟਿਕਟਾਂ ਵੀ ਜਾਰੀ ਕੀਤੀਆਂ ਜਿਸ ਨਾਲ ਉਨ੍ਹਾਂ ਨੂੰ ਖ਼ੁਸ਼ੀ ਹੁੰਦੀ ਅਤੇ ਸਿੱਖ ਸੰਗਤਾਂ ਵੀ ਪ੍ਰਸੰਨ ਹੁੰਦੀਆਂ। ਇਹ ਸਿਲਸਲਾ ਅੰਗਰੇਜ਼ਾਂ ਦੇ ਦੇਸ਼ ਛੱਡ ਜਾਣ ਤਕ ਅਦਬ ਆਦਾਬ ਨਾਲ ਚਲਦਾ ਰਿਹਾ ਪਰ 1984 ਦੇ ਕਲਹਿਣੇ ਸਾਲ ਵਿੱਚ ਆਪਣੀ ਸਰਕਾਰ

ਨੇ ਹੀ ਹਰਿਮੰਦਰ ਨੂੰ ਗੋਲੀਆਂ ਮਾਰ ਕੇ ਛਲਣੀ ਕਰ ਦਿੱਤਾ। ਇਕ ਗੋਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਲੱਗੀ ਜੋ ਜਪਜੀ ਸਾਹਿਬ ਤੋਂ ਲੈ ਕੇ ਸੁਖਮਨੀ ਸਾਹਿਬ ਤੱਕ ਦੇ ਅੰਗਾਂ ਨੂੰ ਵਲੂੰਦਰ ਗਈ। ਇਸ ਅਮਾਨਵੀ ਕਰਮ ਨਾਲ ਗੁਰੂ ਗ੍ਰੰਥ ਸਾਹਿਬ ਜੀ ਸ਼ਹੀਦ ਹੋ ਗਏ ਅਤੇ ਨਾਲ ਹੀ ਤਿੰਨ ਪਵਿੱਤਰ ਰਾਗ, ਸ੍ਰੀ ਰਾਗ, ਰਾਗ ਮਾਝ ਅਤੇ ਰਾਗ ਗੌਂਉੜੀ ਵੀ ਸ਼ਹੀਦ ਹੋਏ। ਜੇ ਇਨ੍ਹਾਂ ਤਿੰਨਾਂ ਰਾਗਾਂ ਦਾ ਸਰਸਰੀ ਇਤਿਹਾਸ ਦੇਖਿਆ ਜਾਵੇ ਤਾਂ ਸਿਰੀ ਰਾਗ ਬੜਾ ਅਦਬ ਭਰਿਆ ਸਤਿਕਾਰੀ ਰਾਗ ਹੈ ਜਿਸ ਤੇ ਹਿੰਦੁਸਤਾਨ ਦੇ ਸੰਗੀਤਕਾਰ ਅਤੇ ਦਾਨਸ਼ਵਰ ਮਾਣ ਕਰਦੇ ਹਨ ਅਤੇ ਇਸਨੂੰ ਗਾ ਕੇ ਰੱਬ ਨਾਲ ਗੱਲਾਂ ਕਰਦੇ ਹਨ। ਜ਼ੁਲਮ ਢਾਹੁਣ ਵਾਲਿਆਂ ਨੇ ਇਸਦੀ ਮਹੱਤਤਾ ਤੇ ਬਜ਼ੁਰਗੀ ਦਾ ਕੀ ਖਿਆਲ ਰੱਖਿਆ ਹੈ। ਦੂਜਾ ਰਾਗ, ਮਾਝ ਰਾਗ ਹੈ ਜੋ ਨਰੋਲ ਪੰਜਾਬੀ ਰਾਗ ਹੈ ਅਤੇ ਪੰਜਾਬ ਵਾਸੀਆਂ ਦੀ ਜਿੰਦ ਜਾਨ ਹੈ। ਇਹ ਵਿਚਾਰਾ ਰਾਗ ਵੀ ਗੋਲੀ ਦੇ ਇਸ ਹੱਲੇ ਨਾਲ ਕਤਲ ਹੋ ਗਿਆ। ਤੀਜਾ ਰਾਗ ਗਉੜੀ ਰਾਗ ਹੈ ਜਿਹੜਾ ਵਿਸ਼ਸ਼ਟ ਭਾਰਤੀ ਰਾਗ ਹੈ ਅਤੇ ਇਸਨੂੰ ਉੱਚੇ ਸੁੱਚੇ ਧਾਰਮਕ ਵਿਚਾਰਾਂ ਨੂੰ ਸੰਗੀਤਬਧ ਕਰਨ ਲਈ ਕਦੀਮਾਂ ਤੋਂ ਵਰਤਿਆ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਵੀ ਪ੍ਰਮਾਤਮਾ ਦੀ ਉਸਤਤੀ ਵਿੱਚ ਲਿਖੀ ਅੰਮ੍ਰਿਤਮਈ ਬਾਣੀ 'ਸੁਖਮਨੀ ਸਾਹਿਬ' ਇਸੇ ਰਾਗ ਵਿੱਚ ਹੀ ਰਚੀ ਪਰ ਇਸ ਰਾਗ ਨੂੰ ਵੀ ਗੋਲੀਆਂ ਨਾਲ ਛਲਣੀ ਹੋਣਾ ਪਿਆ। ਮਾਨਵਤਾ ਦੇ ਇਤਿਹਾਸ ਵਿੱਚ ਇਹ ਕਾਲੇ ਦਿਨ ਸਨ ਜਿਨ੍ਹਾਂ ਤੇ ਸਾਰੀ ਮਾਨਵਤਾ ਹਮੇਸ਼ਾ ਅਫ਼ਸੋਸ ਕਰਦੀ ਰਹੇਗੀ। ਗੁਰੂ ਗ੍ਰੰਥ ਸਾਹਿਬ ਦੇ ਸ਼ਹੀਦ ਹੋ ਜਾਣ ਕਾਰਨ ਜੂਨ 1984 ਵਿੱਚ ਕੁਝ ਦਿਨ ਹਰਿਮੰਦਰ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਰਵੇਸ਼ ਅਤੇ ਪਰਕਾਸ਼ ਨਾ ਹੋ ਸਕਿਆ। ਜਦ ਸਰਕਾਰ ਨੂੰ ਆਪਣੀ ਕਰਨੀ ਤੇ ਪਛਤਾਵਾ ਹੋਇਆ ਤਾਂ ਹਰਿਮੰਦਰ ਸਾਹਿਬ ਨੂੰ ਫੌਰੀ ਤੌਰ ਤੇ ਠੀਕ ਠਾਕ ਕਰਕੇ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੋਬਾਰਾ ਪ੍ਰਕਾਸ਼ ਕਰ ਦਿੱਤਾ ਗਿਆ ਪਰ ਜੋ ਹਨੇਰਾ ਮਨੁੱਖਤਾ ਦੇ ਮਨਾਂ ਤੇ ਇਸ ਮਾੜੇ ਕਰਮ ਕਾਰਨ ਪਿਆ, ਉਹ ਪਤਾ ਨਹੀਂ ਕਦੋਂ ਦੂਰ ਹੋਵੇਗਾ। ਸਾਡੀ ਅਰਦਾਸ ਹੈ ਹਰਿਮੰਦਰ ਆਪਣਾ ਬਿਰਦ ਪਾਲਦਾ ਹੋਇਆ ਸਭ ਨੂੰ ਬਖ਼ਸ਼ ਦੇਵੇ।

ਸੋ ਗਰਮ ਸਰਦ ਦੌਰਾਂ ਵਿੱਚੋਂ ਲੰਘਦਾ ਹੋਇਆ ਹਰਿਮੰਦਰ ਚੁਪ ਚੁਪੀਤੇ ਮਾਨਵੀ ਹਮਲੇ ਝਲਦਾ ਰਿਹਾ ਅਤੇ ਕਈ ਵਾਰੀ ਲੰਮੇ ਲੰਮੇ ਸਮਿਆਂ ਤਕ ਵੀ ਸ਼ਬਦ ਰੂਪੀ ਅਕਾਲਪੁਰਖ ਨੂੰ ਆਪਣੇ ਸਚਖੰਡ ਵਿੱਚ ਨਿਵਾਸ ਨਾ ਰਖ ਸਕਣ ਦਾ ਸਲ ਉਸਨੂੰ ਸਹਾਰਨਾ ਪਿਆ। ਇਹ ਸ਼ਰਮਨਾਕ ਕਾਰਾ ਵੱਖ ਵੱਖ ਮਨੁੱਖਾਂ ਵਲੋਂ ਵੱਖ ਵੱਖ ਸਮਿਆਂ ਤੇ ਕਰਕੇ ਮਾਨਵਤਾ ਨੂੰ ਨੀਚਾ ਦਖਾਉਣ ਦਾ ਇਕ ਘਿਨੌਣਾ ਤੇ ਅਸਭ੍ਯ ਪ੍ਰਯਾਸ ਹੀ ਕਿਹਾ ਜਾ ਸਕਦਾ ਹੈ।

ਕਲਿਜੁਗ ਮਹਿ ਨਿਹਚਲ ਇਸ ਨੀਵ
ਬੁਰਾ ਜਿ ਚਿਤਵਹਿ ਬਿਨਸਸੀ ਥੀਵ॥

.26.

ਹਾਂ, ਹਰਿਮੰਦਰ ਪ੍ਰਮਾਤਮਾ ਦਾ ਹੀ ਘਰ ਹੈ

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਉਸਾਰੇ ਦਰਬਾਰ ਸਾਹਿਬ ਨੂੰ ਹਰਿਮੰਦਰ ਦਾ ਪਵਿੱਤਰ ਨਾਂ ਦਿੱਤਾ ਹੈ ਜਿਸ ਦੇ ਅਰਥ ਹਨ ਹਰੀ ਦਾ ਘਰ, ਹਰੀ ਦਾ ਨਿਵਾਸ ਸਥਾਨ, ਹਰੀ ਦਾ ਮੰਦਰ। ਇਹ ਨਾਂ ਉਨ੍ਹਾਂ ਕਿਸੇ ਜਜ਼ਬਾਤੀ ਵੇਗ ਵਿਚ ਆ ਕੇ ਨਹੀਂ ਰਖਿਆ ਸਗੋਂ ਇਸ ਅਸਥਾਨ ਦੀ ਵਿਵਹਾਰਕਤਾ, ਕਾਰਜ-ਕੁਸ਼ਲਤਾ ਤੇ ਸਰਬ ਵਿਆਪੀ ਮਹੱਤਤਾ ਨੂੰ ਵੇਖ ਕੇ ਰਖਿਆ ਹੈ ਅਤੇ ਬਿਲਕੁਲ ਠੀਕ ਤੇ ਬਜਾ ਹੀ ਰਖਿਆ ਹੈ।

ਜੇ ਭਾਰਤੀ ਧਾਰਮਿਕ ਪ੍ਰੰਪਰਾਵਾਂ ਵਲ ਨਜ਼ਰ ਮਾਰੀਏ ਤਾਂ ਅਸੀਂ ਦੇਖਦੇ ਹਾਂ ਜਿਸ ਮੰਦਰ ਵਿਚ ਹਨੂਮਾਨ ਦੀ ਮੂਰਤੀ ਸਥਾਪਤ ਹੁੰਦੀ ਹੈ ਉਸ ਨੂੰ ਅਸੀਂ ਹਨੂਮਾਨ ਦਾ ਮੰਦਰ ਕਹਿੰਦੇ ਹਨ, ਜਿਥੇ ਰਾਮ ਚੰਦਰ ਜੀ ਦੀ ਮੂਰਤੀ ਪ੍ਰਕਾਸ਼ਮਾਨ ਹੁੰਦੀ ਹੈ ਉਹ ਸ਼ਰਧਾਲੂਆਂ ਲਈ ਰਾਮ ਮੰਦਰ ਹੈ। ਇਸੇ ਤਰ੍ਹਾਂ ਸ਼ਿਵ ਮੰਦਰ ਵਿਚ ਸ਼ਿਵ ਦੀ ਪੂਜਾ ਹੁੰਦੀ ਹੈ ਅਤੇ ਜਿਸ ਦੇਵੀ ਦੇਵਤੇ ਦੀ ਮੂਰਤੀ ਜਿਸ ਮੰਦਰ ਵਿਚ ਸ਼ੁਸ਼ੋਭਤ ਹੁੰਦੀ ਹੈ ਉਸੇ ਦੇਵੀ ਦੇਵਤੇ ਦੇ ਨਾਂ ਤੇ ਉਹ ਮੰਦਰ ਪ੍ਰਸਿੱਧ ਹੁੰਦਾ ਹੈ। ਹਰਿਮੰਦਰ ਸਾਹਿਬ ਵਿਚ ਸ਼ਬਦ ਰੂਪ ਹਰੀ ਦਾ ਸਰੂਪ ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਸਭ ਤੋਂ ਪਹਿਲੇ ਬਿਰਾਜਮਾਨ ਹੋਇਆ, ਇਸ ਲਈ ਇਹ ਹਰੀ ਮੰਦਰ ਹੈ, ਪਵਿੱਤਰ ਹਰਿਮੰਦਰ।

ਗੁਰੂ ਨਾਨਕ ਦੇਵ ਜੀ ਦੀ ਜਦ ਸਿੱਧਾਂ ਨਾਲ ਗੋਸ਼ਟੀ ਹੋਈ ਤਾਂ ਉਨ੍ਹਾਂ ਗੁਰੂ ਸਾਹਿਬ ਤੋਂ ਸਪੱਸ਼ਟ ਰੂਪ ਵਿਚ ਪੁੱਛਿਆ ਕਿ ਐ ਸਿਆਣੇ ਬਾਲਕ ਤੂੰ ਸਾਨੂੰ ਇਹ ਦਸਣ ਦੀ ਖੇਚਲ ਕਰ ਕਿ ਤੇਰਾ ਗੁਰੂ ਕੌਣ ਹੈ ਭਾਵ ਤੂੰ ਕਿਸ ਦਾ ਚੇਲਾ ਏਂ? 'ਇਸ ਦੇ ਉੱਤਰ ਵਿਚ ਗੁਰੂ ਸਾਹਿਬ ਨੇ ਬੜੇ ਸਪੱਸ਼ਟ ਰੂਪ ਵਿਚ ਦੱਸਿਆ ਕਿ ਉਨ੍ਹਾਂ ਦਾ ਗੁਰੂ 'ਸ਼ਬਦ' ਹੈ। ਇਸ ਸ਼ਬਦ ਦੀ ਕਿਰਪਾ ਸਦਕਾ ਹੀ ਦੁਤਰ ਸਾਗਰ ਤਰਿਆ ਜਾ ਸਕਦਾ ਹੈ ਅਤੇ ਇਸ 'ਸ਼ਬਦ' ਨੂੰ ਹੀ 'ਇਕ ਰਸ' ਥਾਂ ਮਿਲਿਆ ਹੋਇਆ ਹੈ। ਭਾਵ ਇਹ ਕਿ ਇਹ ਸ਼ਬਦ ਹੀ ਹਰ ਥਾਂ ਤੇ ਵਿਦਮਾਨ ਹੈ ਤੇ ਭਰਪੂਰ ਹੈ। ਇਹ ਸ਼ਬਦ ਹੀ ਨਾ ਲਖੇ ਜਾਣ ਵਾਲੇ ਪਰਮਾਤਮਾ ਦਾ ਰੂਪ ਸਰੂਪ ਹੈ। ਜਿਧਰ ਵੀ ਨਜ਼ਰ ਮਾਰੋ ਸ਼ਬਦ ਦਾ ਹੀ ਪਸਾਰਾ ਦਖਾਈ ਦੇਂਦਾ ਹੈ। ਇਹ ਸ਼ਬਦ ਹੀ ਪੂਰਨ ਸਤਿਆਧਾਰੀ ਪ੍ਰਭੂ ਹੈ (ਇਸ ਪਰਥਾਏ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਗ-944 ਤੇ ਅੰਕਤ ਹੈ)। ਸੋ ਉਨ੍ਹਾਂ ਨੇ ਇਲਾਹੀ ਸ਼ਬਦ ਨੂੰ ਹੀ ਆਪਣਾ ਅਬਿਨਾਸ਼ੀ ਗੁਰੂ ਮੰਨਿਆ।

ਗੁਰੂ ਅਮਰ ਦਾਸ ਜੀ ਦਾ ਵੀ ਫਰਮਾਨ ਹੈ ਕਿ ਸਦਾ ਥਿਰ ਰਹਿਣ ਵਾਲੇ ਅਬਿਨਾਸ਼ੀ ਵਾਹਿਗੁਰੂ ਦੀ ਸਿਫਤ-ਸਲਾਹ ਕਰਨ ਵਾਲੀ ਬਾਣੀ ਹੀ ਪ੍ਰਭੂ ਦਾ ਸ਼ਾਬਦਿਕ ਰੂਪ ਹੈ ਅਤੇ ਇਸ ਦੁਆਰਾ ਹੀ ਪ੍ਰਭੂ ਮੇਲ ਸੰਭਵ ਹੈ।

ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥ ਅੰਗ-514

ਇਕ ਹੋਰ ਸ਼ਬਦ ਵਿਚ ਬਾਣੀ ਨੂੰ ਪ੍ਰਭੂ ਰੂਪ ਮੰਨਦਿਆਂ ਹੋਇਆਂ ਸਤਿਗੁਰੂ ਬਖਸ਼ਸ਼ ਕਰਦੇ ਹਨ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ॥ ਅੰਗ-515

ਸਤਿਗੁਰਾਂ ਨੇ ਬਾਣੀ ਨੂੰ ਨਿਰੰਕਾਰ ਕਹਿ ਕੇ ਗੱਲ ਬਿਲਕੁਲ ਸਪੱਸ਼ਟ ਕਰ ਦਿੱਤੀ ਅਤੇ ਗੁਰੂ ਗ੍ਰੰਥ ਸਾਹਿਬ ਇਲਾਹੀ ਬਾਣੀ ਦਾ ਅਨਮੋਲ ਖ਼ਜ਼ਾਨਾ ਹੈ, ਭੰਡਾਰ ਹੈ।

ਗੁਰੂ ਅਰਜਨ ਦੇਵ ਜੀ ਜੋ ਹਰਿਮੰਦਰ ਦੇ ਸਿਰਜਣਹਾਰ ਹਨ ਦੇ ਆਪਣੇ ਫਰਮਾਨ ਅਨੁਸਾਰ ਉਹ ਧਰਮ ਗ੍ਰੰਥ ਜਿਸ ਵਿਚ ਪ੍ਰਭੂ ਦੀ ਉਪਮਾ ਦਰਜ ਹੈ, ਭਾਵ ਬਾਣੀ ਅੰਕਤ ਹੈ ਉਹ ਹੀ ਹਰੀ ਪ੍ਰਭੂ ਦੇ ਵਸਣ ਦੀ ਥਾਂ ਹੈ। ਅਜਿਹੇ ਗ੍ਰੰਥ ਵਿਚ ਵਾਹਿਗੁਰੂ ਆਪ ਵਸਦਾ ਹੈ ਅਤੇ ਜਿਹੜੇ ਮਨੁੱਖ ਗੁਰੂ ਦੀ ਸੰਗਤ ਵਿਚ ਰਹਿ ਕੇ ਗੋਬਿੰਦ ਦੇ ਗੁਣ ਗਾਉਂਦੇ ਹਨ ਉਹ ਸਰਬ ਵਿਆਪਕ ਪ੍ਰਮਾਤਮਾ ਨਾਲ ਡੂੰਘੀ ਸਾਂਝ ਬਣਾ ਲੈਂਦੇ ਹਨ।

ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥ ਅੰਗ-1226

ਉਕਤ ਗੁਰਬਾਣੀ ਹਵਾਲਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰਬਾਣੀ ਹੀ ਵਾਹਿਗੁਰੂ ਹੈ, ਸ਼ਬਦ ਹੀ ਪ੍ਰਮਾਤਮਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਹਰ ਪੰਨੇ, ਹਰ ਅੰਗ, ਹਰ ਪੰਗਤੀ ਤੇ ਉਸ ਪ੍ਰਮਾਤਮਾ ਦੇ ਸ਼ਬਦ ਰੂਪੀ ਸਰੂਪ ਹਨ, ਉਸ ਦਾ ਇਸ ਗ੍ਰੰਥ ਵਿਚ ਨਿਵਾਸ ਹੈ ਅਤੇ ਇਹ 'ਪਰਮੇਸਵਰ ਕਾ ਥਾਨ' ਰੂਪੀ ਪੋਥੀ ਜਦ ਸੰਪਾਦਤ ਹੋ ਕੇ ਤਿਆਰ ਹੋਈ ਤਾਂ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਬੜੇ ਅਦਬ ਸਤਿਕਾਰ ਨਾਲ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸੁਸ਼ੋਭਾਇਮਾਨ ਕੀਤਾ ਜਿਸ ਸਦਕਾ ਸ਼ਬਦ ਰੂਪ ਪ੍ਰਭੂ ਆਪਣੇ ਨਿਜ ਅਸਥਾਨ, ਆਪਣੇ ਨਿਵਾਸ ਸਥਾਨ, ਆਪਣੇ ਪਵਿੱਤਰ ਧਾਮ, ਸੁਹਣੇ ਤੇ ਸੁਹਾਵਣੇ ਮੰਦਰ ਵਿਚ ਨਿਵਾਸ ਕਰ ਗਿਆ ਤੇ ਇਵੇਂ ਦਰਬਾਰ ਸਾਹਿਬ ਨੂੰ ਹਰਿਮੰਦਰ ਸਾਹਿਬ ਦੇ ਸ਼ੋਭਨੀਕ ਨਾਮ ਨਾਲ ਸਤਕਾਰਿਆ ਜਾਣ ਲੱਗ ਪਿਆ। ਰੱਬ ਇੱਥੇ ਨਿਵਾਸ ਕਰਦਾ ਹੈ ਤੇ ਹਰ ਇਕ ਪਰਾਣੀ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਇੱਥੇ ਆਪਣੀ ਸ਼ਰਧਾ

ਵਿਅਕਤ ਕਰਨ ਦੀ ਪੂਰੀ ਪੂਰੀ ਖੁਲ੍ਹ ਹੈ ਅਤੇ ਕੋਈ ਤੇਰ ਮੇਰ ਕਰਨ ਦੀ ਮਜਾਲ ਨਹੀਂ ਰਖ ਸਕਦਾ। ਜੋ ਵੀ ਆਪਣੇ ਪਿਤਾ ਰੂਪੀ ਪ੍ਰਮਾਤਮਾ ਦੇ ਘਰ ਆਉਂਦਾ ਹੈ ਪ੍ਰਭੂ ਉਸ ਦੀਆਂ ਝੋਲੀਆਂ ਬਾਣੀ ਰੂਪੀ ਅਣਮੋਲ ਹੀਰਿਆਂ, ਰਤਨਾਂ ਤੇ ਜਵਾਹਰਾਂ ਨਾਲ ਭਰ ਦੇਂਦਾ ਹੈ ਤੇ ਇਵੇਂ ਬਖਸ਼ਿਸ਼ਾਂ ਕਰਨ ਵਿੱਚ ਕਦੇ ਵੀ ਥਕਦਾ ਨਹੀਂ। ਹਰਿਮੰਦਰ ਦਾ ਸੰਦੇਸ਼ ਸਰਬ ਮਾਨਵਤਾ ਦੇ ਭਲੇ ਨਾਲ ਸੰਬੰਧਿਤ ਹੈ। **'ਏਕੁ ਪਿਤਾ ਏਕਸ ਕੇ ਹਮ ਬਾਰਿਕ'** ਦਾ ਦਰਸ (ਸਬਕ) ਇੱਥੇ ਪਰਪੱਕ ਹੁੰਦਾ ਹੈ, **ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ** ਦੀ ਭਾਵਨਾ ਇੱਥੇ ਸੁਦ੍ਰਿੜ ਹੁੰਦੀ ਹੈ ਅਤੇ **'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ'** ਅਮਲੀ ਰੂਪ ਵਿਚ ਇੱਥੇ ਕੰਠ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਰੱਬ ਦੇ ਘਰ ਹਰਿਮੰਦਰ ਦੇ ਤੁਲ ਹੋਣਾ ਅਤਕਥਨੀ ਹੈ ਤੇ ਇਸ ਦੀ ਸ਼ਰਨ ਪੈਣਾ ਇਕ ਪ੍ਰਾਪਤੀ ਹੈ, ਲਾਸਾਨੀ ਪ੍ਰਾਪਤੀ ਕਿਉਂਕਿ:

ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ॥ ਅੰਗ-1346

ਰਬ ਦੇ ਇਸ ਸ਼ੋਭਨੀਕ ਮਹਿਲ ਦੀ ਬਹੁ ਪ੍ਰਤਾਪੀ ਹਸਤੀ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਇਹ ਸੋਚਣਾ ਹਰ ਪ੍ਰਾਣੀ ਦੇ ਹਿਤ ਵਿਚ ਹੈ ਕਿ ਉਹ ਇਸ ਦੀ ਅਧਿਆਤਮਿਕ ਸ਼ੋਭਾ ਤੇ ਸਰਬ ਪ੍ਰਕਾਰੀ ਵਡਿੱਤਣ ਦਾ ਭਾਈਵਾਲ ਬਣ ਕੇ ਆਪਣੇ ਜੀਵਨ ਮਾਰਗ ਨੂੰ ਸੁਹੇਲਾ ਬਣਾ ਲਵੇ।

ਕੁਝ ਵੀ ਪਾਇਆ ਹੈ ਚੰਗਾ ਕਿਸੇ, ਹਰਿਮੰਦਰ ਤੋਂ ਹੈ ਪਾਇਆ,
ਮਿਲੇ ਰਜਵੀਂ ਇਥੋਂ ਸਭਨਾਂ ਨੂੰ, ਸੁਚੇ ਨਾਮ ਦੀ ਮਾਇਆ।

ਹਰਿਮੰਦਰ ਦੀ ਭਾਵਨਾ ਦਾ ਅਨੁਸਾਰੀ ਹੋਣਾ ਵਾਹਿਗੁਰੂ ਨੂੰ ਡਾਢਾ ਭਾਉਂਦਾ ਹੈ ਕਿਉਂਕਿ ਇਸ ਨਾਲ ਮਾਨਵ ਭਾਈਚਾਰੇ ਵਿਚ ਮੇਲ ਮਿਲਾਪ ਵਿਕਸਤ ਹੁੰਦਾ ਹੈ, ਸਮਾਜਕ ਤੇ ਆਰਥਿਕ ਦੂਰੀਆਂ ਦਾ ਫਾਸਲਾ ਘਟਦਾ ਹੈ, ਅਤੇ ਆਤਮਿਕ ਵਿਗਾਸ ਲਈ ਬਲ ਪ੍ਰਦਾਨ ਹੁੰਦਾ ਹੈ। ਜੇ ਕਰ ਹਰਿਮੰਦਰ ਵਿਖੇ ਕੋਈ ਵਿਅਕਤੀ ਯਾਤਰੂ ਬਣ ਕੇ ਆਵੇ ਤੇ ਸ਼ਰਧਾਲੂ ਬਣ ਕੇ ਜਾਵੇ ਤਾਂ ਸਮਝੋ ਕਿ ਉਸ ਦਾ ਕਾਇਆ ਕਲਪ ਹੋ ਗਿਆ ਅਤੇ ਉਸ ਲਈ ਸਰਬ ਪ੍ਰਾਪਤੀਆਂ ਦੇ ਦਵਾਰ ਖੁਲ੍ਹ ਗਏ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਕਾਲਪੁਰਖ ਪਿਤਾ ਨੇ ਆਪਣੇ ਸੇਵਕ ਨੂੰ ਪ੍ਰਵਾਨ ਚੜ੍ਹਾਅ ਲਿਆ ਹੈ। ਪ੍ਰਵਾਨ ਚੜ੍ਹਨਾ ਹੀ ਮਨੁੱਖੀ ਜੀਵਨ ਦਾ ਲਕਸ਼ ਹੈ, ਹਰਿਮੰਦਰ ਇਸ ਲਕਸ਼ ਲਈ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ।

ਅਤਿ ਊਚਾ ਤਾ ਕਾ ਦਰਬਾਰਾ॥
ਅੰਤੁ ਨਾਹੀ ਕਿਛੁ ਪਾਰਾਵਾਰਾ॥ ਅੰਗ-562

.27.

ਹਰਿਮੰਦਰ ਸਾਹਿਬ ਵਿਖੇ ਰੁਮਾਲਿਆਂ ਦਾ ਚੜ੍ਹਾਵਾ

ਹਰ ਸਿੱਖ ਹਰਿਮੰਦਰ ਸਾਹਿਬ ਨੂੰ ਬੇਪਨਾਹ ਸਤਿਕਾਰ ਕਰਦਾ ਹੈ, ਉਸਦੀ ਹਾਰਦਿਕ ਇੱਛਾ ਹੁੰਦੀ ਹੈ ਕਿ ਉਸ ਪਾਸ ਜੋ ਕੁਝ ਵੀ ਵਧੀਆ ਤੋਂ ਵਧੀਆ ਹੈ, ਉਸ ਤੋਂ ਵੀ ਵਧੀਆ ਵਸਤੂ ਹਰਿਮੰਦਰ ਸਾਹਿਬ ਵਿੱਚ ਸਜਾਈ ਜਾਵੇ। ਜੇ ਚੰਦੋਆ ਸਾਹਿਬ ਅਤੇ ਰੁਮਾਲਿਆਂ ਦੀ ਹੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਨੂੰ ਜਿਤਨੀ ਖੂਬਸੂਰਤੀ ਨਾਲ ਹਰਿਮੰਦਰ ਸਾਹਿਬ ਵਿੱਚ ਸਜਾਇਆ ਜਾਂਦਾ ਹੈ, ਉਸਦੀ ਮਿਸਾਲ ਕਿਧਰੇ ਹੋਰ ਨਹੀਂ ਮਿਲਦੀ।

ਟੀ.ਵੀ. ਤੇ ਸ਼ਰਧਾਲੂ ਸੰਗਤਾਂ ਦੇਖਦੀਆਂ ਹੋਣਗੀਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜ ਰੁਮਾਲਿਆਂ ਨਾਲ ਅੰਗੀਕਾਰ ਕੀਤਾ ਗਿਆ ਹੁੰਦਾ ਹੈ। ਇਸਦੀ ਵਿਆਖਿਆ ਕਰਨ ਲਗਿਆਂ ਸੰਤ ਆਤਮਾਵਾਂ ਫਰਮਾਉਂਦੀਆਂ ਹਨ ਕਿ ਆਮ ਵਿਹਾਂਦੜ ਦੁਲਨ ਨੂੰ ਤਿੰਨ ਕੀਮਤੀ ਵਸਤਰਾਂ ਨਾਲ ਸਜਾਇਆ ਜਾਂਦਾ ਹੈ, ਅਕਾਲਪੁਰਖ ਪੁਰਸ਼ ਹੈ ਇਸ ਲਈ ਉਸ ਸਵਾਮੀ ਨੂੰ 5 ਵਸਤਰਾਂ ਨਾਲ ਸਜਾਉਣਾ ਐਨ ਉਚਤ ਤੇ ਜ਼ਰੂਰੀ ਹੈ। ਇਹ ਵੀ ਵੇਖਿਆ ਜਾਂਦਾ ਹੈ ਕਿ ਇਨ੍ਹਾਂ ਪੰਜ ਇਕੋ ਜਹੇ ਕੀਮਤੀ ਰੁਮਾਲਿਆਂ ਦੇ ਉੱਪਰ ਇਕ ਸਫੇਦ ਚਾਦਰ ਚੜਾਅ ਦਿੱਤੀ ਜਾਂਦੀ ਹੈ ਜਿਸਦੇ ਇਹ ਅਰਥ ਲਏ ਜਾਂਦੇ ਹਨ ਕਿ ਪ੍ਰਮਾਤਮਾ ਬਜ਼ੁਰਗ ਹਸਤੀ ਦਾ ਮਾਲਕ ਹੈ, ਉਸਦਾ ਸਾਰਾ ਚਜ ਅਚਾਰ ਦਾਗ਼-ਰਹਿਤ ਹੈ ਅਤੇ ਚਿੱਟੀ ਚਾਦਰ ਵਾਂਗਰਾਂ ਸਾਫ ਸੁਥਰਾ ਹੈ। ਇਸ ਲਈ ਸਭ ਸ਼ਾਨ ਸ਼ੌਕਤ ਹੋਣ ਦੇ ਬਾਵਜੂਦ ਵੀ ਉਹ ਸਾਦਗੀ, ਪਾਕੀਜ਼ਗੀ ਦੇ ਨਾਲ ਨਾਲ ਅਮਨ, ਸ਼ਾਂਤੀ, ਪਿਆਰ ਤੇ ਸਫ਼ਾਈ ਦਾ ਦਿਲਦਾਦਾ ਹੈ ਤੇ ਇਨ੍ਹਾਂ ਗੁਣਾਂ ਨੂੰ ਪਸੰਦ ਕਰਦਾ ਹੈ। ਇਹ ਸਫ਼ੇਦ ਚਾਦਰ ਅਕਾਲ ਪੁਰਖ ਦੇ ਇਨ੍ਹਾਂ ਗੁਣਾਂ ਦੀ ਤਰਜਮਾਨੀ ਕਰਦੀ ਹੈ। ਕੁਝ ਹੋਰ ਮਹਾਂਪੁਰਖ ਤੇ ਵਿਦਵਾਨ ਪੰਜ ਰੁਮਾਲਿਆਂ ਨਾਲ ਸੰਬੰਧਤ ਉਕਤ ਵਿਆਖਿਆ ਨੂੰ ਸਵੀਕਾਰ ਕਰਦੇ ਹੋਏ ਸਫੇਦ ਚਾਦਰ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਜੋੜਦੇ ਹਨ ਜੋ ਭਾਰਤ ਦੇ ਲੋਕਾਂ ਦੇ ਹਿਤਾਂ ਦੀ ਰਾਖੀ ਕਰਨ ਲਈ ਆਪਣੀ ਸ਼ਹੀਦੀ ਕਾਰਨ ਹਿੰਦ ਦੀ ਚਾਦਰ ਅਖਵਾਏ ਜਾਂ ਇਵੇਂ ਕਹਿ ਲਵੋ ਕਿ ਉਨ੍ਹਾਂ ਦੀ ਕੁਰਬਾਨੀ ਨੇ ਸਾਰੀ ਦੁਨੀਆ ਦੀ ਸਲਾਮਤੀ ਲਈ ਉਸ ਉੱਪਰ ਆਪਣੀ ਹਸਤੀ ਰੂਪੀ ਚਾਦਰ ਤਾਣ ਦਿੱਤੀ ਅਤੇ ਆਪਣੀ ਜਾਨ ਦੇ ਕੇ ਮਨੁੱਖਤਾ ਨੂੰ ਬਚਾ ਲਿਆ।

ਇਸ ਸਫ਼ੇਦ ਚਾਦਰ ਦੇ ਉੱਤੇ ਫਿਰ ਇਕ ਵੱਖਰਾ ਜਿਹਾ ਛੋਟੇ ਆਕਾਰ ਦਾ ਖੂਬਸੂਰਤ ਰੁਮਾਲਾ ਸਾਹਿਬ, ਉਹਨਾਂ ਚਾਰ ਗੁਰੂ ਸਾਹਿਬਾਨ ਦੀ ਪਵਿੱਤਰ ਹਸਤੀ ਦੀ ਤਰਜਮਾਨੀ ਕਰਦਾ ਹੈ ਜਿਨ੍ਹਾਂ ਦੀ ਬਾਣੀ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਪਰ ਉਹ ਜੋਤ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਹਨ।

ਕਮਾਲ ਦੀ ਗੱਲ ਇਹ ਹੈ ਕਿ ਇਹਨਾਂ ਸਾਰਿਆਂ ਰੁਮਾਲਿਆਂ ਤੋਂ ਉੱਪਰ ਇੱਕ ਅਤਿ ਆਲੀਸ਼ਾਨ ਰੁਮਾਲਾ ਸਜਾਇਆ ਜਾਂਦਾ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਮਹਾਂਪੁਰਸ਼ਾਂ ਦੀ ਸ਼ਾਨ ਤੇ ਸਤਿਕਾਰ ਨਾਲ ਵਾਬਸਤਾ ਦੱਸਿਆ ਜਾਂਦਾ ਹੈ। ਇਸ ਸਮੁੱਚੀ ਸੋਚ ਪਿੱਛੇ ਅਦੁੱਤੀ ਸ਼ਰਧਾ ਹੀ ਗਤੀਸ਼ੀਲ ਜਾਪਦੀ ਹੈ। ਜਿਸ ਤਰ੍ਹਾਂ ਵੀ ਸੋਚਿਆ ਜਾਵੇ, ਹਰਿਮੰਦਰ ਸਾਹਿਬ ਦੀ ਨਿੱਕੀ ਤੋਂ ਨਿੱਕੀ ਗੱਲ ਦੇ ਵੀ ਬਹੁਤ ਵੱਡੇ ਵੱਡੇ ਅਰਥ ਹਨ, ਇਤਿਹਾਸਕ ਪਖ ਹਨ ਅਤੇ ਵਿਸ਼ੇਸ਼ ਮਾਨਤਾਵਾਂ ਹਨ ਜਿਨ੍ਹਾਂ ਨੂੰ ਜਾਣਨ ਨਾਲ ਸ਼ਰਧਾ ਤੇ ਸਤਿਕਾਰ ਵਿੱਚ ਵਾਧਾ ਹੁੰਦਾ ਹੈ।।

ਹਰਿਮੰਦਰ ਸਾਹਿਬ ਦੇ ਇਨ੍ਹਾਂ ਕੀਮਤੀ ਰੁਮਾਲਿਆਂ ਦੇ ਨਾਲ ਨਾਲ ਆਮ ਸ਼ਰਧਾਲੂ ਆਪਣੀਆਂ ਮਨੋ ਕਾਮਨਾਵਾਂ ਦੀ ਪੂਰਤੀ ਤੇ ਆਪਣੇ ਸਤਿਕਾਰ ਵਜੋਂ ਹਰਿਮੰਦਰ ਸਾਹਿਬ ਵਿਖੇ ਰੁਮਾਲੇ ਚੜ੍ਹਾਉਂਦੇ ਹਨ ਜੋ ਇਕ ਸਕਿੰਟ ਲਈ ਵੀ ਗੁਰੂ ਸਾਹਿਬ ਨਾਲ ਨਹੀਂ ਛੁਹਾਏ ਜਾਂਦੇ ਤੇ ਪ੍ਰਬੰਧਕਾਂ ਦੇ ਕਹਿਣ ਅਨੁਸਾਰ ਉਨ੍ਹਾਂ ਦਾ ਪਲੰਦਾ ਬਣਾ ਕੇ ਸਟੋਰਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇਕ ਅਨੁਮਾਨ ਅਨੁਸਾਰ ਹਰਿਮੰਦਰ ਸਾਹਿਬ ਵਿਖੇ ਆਮ ਦਿਨਾਂ ਵਿੱਚ ਇਕ ਹਜ਼ਾਰ ਰੁਮਾਲਾ ਰੋਜ਼ ਚੜ੍ਹਾਇਆ ਜਾਂਦਾ ਹੈ। ਜੇਕਰ ਇਕ ਸੈੱਟ ਦੀ ਕੀਮਤ 5 ਸੌ ਰੁਪਏ ਵੀ ਹੋਵੇ ਤਾਂ ਅਸੀਂ ਸਿਰਫ਼ ਰਸਮ ਪੂਰੀ ਕਰਨ ਦੇ ਚੱਕਰ ਵਿੱਚ ਹਰ ਰੋਜ਼ 5 ਲਖ ਰੁਪਿਆ ਬਰਬਾਦ ਕਰ ਰਹੇ ਹਾਂ ਜਿਸਨੂੰ ਹੋਰ ਸੈਂਕੜਿਆਂ ਤਰੀਕਿਆਂ ਨਾਲ ਵਧੀਆ ਅਤੇ ਸੁਚਾਰੂ ਰੂਪ ਵਿੱਚ ਵਰਤ ਕੇ ਕਈ ਕੌਮੀ ਕਾਰਜਾਂ ਨੂੰ ਯੋਗ ਬਲ ਦਿੱਤਾ ਜਾ ਸਕਦਾ ਹੈ। ਸ਼ਰਧਾਲੂਆਂ ਨੂੰ ਇਸ ਫਜ਼ੂਲ ਦੇ ਕਰਮ ਕਾਂਡਾਂ ਤੋਂ ਉੱਪਰ ਉਠ ਕੇ ਯੋਗ ਕਾਰਵਾਈ ਕਰਨੀ ਚਾਹੀਦੀ ਹੈ। ਹਰਿਮੰਦਰ ਸਾਹਿਬ ਦੇ ਪ੍ਰਬੰਧਕ ਵੀ ਰੁਮਾਲੇ ਚੜ੍ਹਾਉਣ ਦੀ ਇਸ ਰਸਮ ਨੂੰ ਵਿਰਾਮ ਦੇਣ ਵਿੱਚ ਖ਼ੁਸ਼ੀ ਮਹਿਸੂਸ ਕਰਨਗੇ ਕਿਉਂਕਿ ਉਨ੍ਹਾਂ ਅਨੁਸਾਰ ਉਨ੍ਹਾਂ ਸ਼ਰਧਾਲੂਆਂ ਨੂੰ ਵੀ ਹਰਿਮੰਦਰ ਸਾਹਿਬ ਵਿਖੇ ਲਖਾਂ ਰੁਪਿਆਂ ਦੀ ਕੀਮਤ ਵਾਲੇ ਦਰਸ਼ਨੀ ਰੁਮਾਲਿਆਂ ਦਾ ਸੈੱਟ ਚੜ੍ਹਾਉਣ ਵਿੱਚ ਦੋ ਤੋਂ ਤਿੰਨ ਸਾਲ ਦਾ ਸਮਾਂ ਲਗਦਾ ਹੈ ਅਤੇ ਉਹ ਕੀਮਤੀ ਦਰਸ਼ਨੀ ਰੁਮਾਲੇ ਵੀ ਕੇਵਲ ਇਕ ਦਿਨ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਅੰਗੀਕਾਰ ਕੀਤੇ ਜਾਂਦੇ ਹਨ। ਜ਼ਰਾ ਇਹ ਤਾਂ ਸੋਚੀਏ ਕਿ ਹਰਿਮੰਦਰ ਸਾਹਿਬ ਵਿੱਚ ਇਨ੍ਹਾਂ ਕੀਮਤੀ ਰੁਮਾਲਿਆਂ ਦੀ ਇਤਨੀ ਭਾਰੀ ਬਹੁਤਾਤ ਨੂੰ ਦੇਖਦਿਆਂ ਹੋਇਆਂ ਇਨ੍ਹਾਂ ਸਾਧਾਰਨ ਰੁਮਾਲਿਆਂ ਦੀ ਕੀ ਲੋੜ ਹੋ ਸਕਦੀ ਹੈ। ਇਸ ਲਈ ਹਰਿਮੰਦਰ ਵਿਖੇ ਰੁਮਾਲੇ ਚੜ੍ਹਾਉਣੇ ਬੰਦ ਕਰ ਦੇਣੇ ਚਾਹੀਦੇ ਹਨ। ਪ੍ਰਬੰਧਕਾਂ ਨੂੰ ਹਰਿਮੰਦਰ ਸਾਹਿਬ ਵਿਖੇ ਸੰਗਤਾਂ ਵੱਲੋਂ ਵੱਡੀ ਮਾਤਰਾ ਵਿੱਚ ਰੁਮਾਲੇ ਚੜ੍ਹਾਉਣ ਕਾਰਨ ਪਹਿਲੇ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਹ ਫੈਸਲਾ ਲੈਣਾ ਪਿਆ ਕਿ ਇਨ੍ਹਾਂ ਵਾਧੂ ਇਕੱਤਰ ਹੋਏ ਰੁਮਾਲਿਆਂ ਨੂੰ ਨੀਲਾਮ ਕਰ ਦਿੱਤਾ ਜਾਵੇ ਪਰ ਇਸ ਫੈਸਲੇ ਦੀ ਵਿਰੋਧਤਾ ਹੋਈ ਕਿ ਇਸ ਤਰ੍ਹਾਂ ਰੁਮਾਲਿਆਂ ਨੂੰ ਨੀਲਾਮ ਕਰਨਾ, ਸ਼ਰਧਾਲੂਆਂ ਦੀਆਂ ਭਾਵਨਾਵਾਂ ਦੀ ਬੇਅਦਬੀ ਕਰਨ

ਸਮਾਨ ਹੈ। ਇਸ ਦਲੀਲ ਨੂੰ ਮੰਨਦਿਆਂ ਹੋਇਆਂ 15 ਦਸੰਬਰ 1889 ਨੂੰ ਫੈਸਲਾ ਕੀਤਾ ਗਿਆ ਕਿ ਰੁਮਾਲਿਆਂ ਨੂੰ ਨੀਲਾਮ ਨਾ ਕੀਤਾ ਜਾਵੇ ਅਤੇ ਸਰੋਪੇ ਵਜੋਂ ਵਿਸ਼ੇਸ਼ ਵਿਅਕਤੀਆਂ ਵਿੱਚ ਵੰਡ ਦਿੱਤਾ ਜਾਵੇ ਜਾਂ ਫਿਰ ਗਰਜ਼ਮੰਦ ਵਿਅਕਤੀਆਂ ਵਿੱਚ ਵੰਡ ਦਿੱਤਾ ਜਾਵੇ।

ਹੁਣ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਰੋਜ਼ ਇਕੱਤਰ ਹੁੰਦੇ ਰੁਮਾਲਿਆਂ ਨੂੰ ਸਟੋਰ ਕਰਨਾ ਔਖਾ ਹੈ ਅਤੇ ਗ਼ੈਰ-ਅਧਿਕਾਰਤ ਸਰੋਤਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਰੁਮਾਲਿਆਂ ਨੂੰ ਦੋ ਤਿੰਨ ਕਿਸਮਾਂ ਵਿੱਚ ਛਾਂਟ ਕੇ ਰਖ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਹਲਕੀ ਜਹੀ ਕੀਮਤ ਤੈਅ ਕੀਤੀ ਜਾਂਦੀ ਹੈ ਜਿਸ ਅਨੁਸਾਰ ਇਹ ਖਰੀਦਾਰਾਂ ਨੂੰ ਦੇ ਦਿੱਤੇ ਜਾਂਦੇ ਹਨ। ਖਰੀਦਦਾਰ ਅਵੱਸ਼ ਹੀ ਇਨ੍ਹਾਂ ਨੂੰ ਦੋਬਾਰਾ ਪ੍ਰੈਸ ਕਰਕੇ ਜਾਂ ਇਨ੍ਹਾਂ ਵਿੱਚ ਕੁਝ ਵਾਧਾ ਘਾਟਾ ਕਰਕੇ ਅੱਗੇ ਵੇਚ ਦੇਂਦੇ ਹੋਣਗੇ ਅਤੇ ਇਵੇਂ ਇਹ ਘੜੀ ਘੜੀ ਧਾਰਮਕ ਅਸਥਾਨਾਂ ਤੇ ਚੜ੍ਹਾਵੇ ਵਜੋਂ ਜ਼ਰੂਰ ਚੜ੍ਹਾਏ ਜਾਂਦੇ ਹੋਣਗੇ। ਇਹ ਗੱਲ ਵੀ ਉਸੇ ਬੇਅਦਬੀ ਵਾਲੇ ਨੁਕਤੇ ਤੇ ਹੀ ਆ ਕੇ ਰੁਕਦੀ ਹੈ। ਆਖ਼ਰ ਕਾਰ ਪ੍ਰਬੰਧਕਾਂ ਨੇ ਇਨ੍ਹਾਂ ਬੇਲੋੜੇ ਢੇਰ ਸਾਰੇ ਰੁਮਾਲਿਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਕਿਸੇ ਬੰਨੇ ਲਾਣਾ ਤਾਂ ਹੈ ਹੀ ਹੈ ਨਾ। ਇਸ ਲਈ ਕਿਤਨਾ ਚੰਗਾ ਹੋਵੇ ਕਿ ਸ਼ਰਧਾਲੂ ਸੰਗਤਾਂ ਰੁਮਾਲੇ ਸੁੱਖਣ ਅਤੇ ਇਨ੍ਹਾਂ ਨੂੰ ਦਰਬਾਰ ਸਾਹਿਬ ਜਾਂ ਕਿਸੇ ਵੀ ਗੁਰਦਵਾਰਾ ਸਾਹਿਬ ਵਿਖੇ ਚੜ੍ਹਾਉਣ ਦੀ ਸੋਚ ਨੂੰ ਬਦਲ ਲੈਣ, ਇਸ ਵਿੱਚ ਸਭ ਦਾ ਭਲਾ ਹੈ। ਇਸ ਤਰ੍ਹਾਂ ਬਚਾਈ ਗਈ ਰਾਸ਼ੀ ਕਿਸੇ ਹੋਰ ਵਧੇਰੇ ਉਪਯੋਗੀ ਕਾਰਜ ਤੇ ਲਗਾਈ ਜਾ ਸਕੇ ਤਾਂ ਵਧੇਰੇ ਫਲਦਾਇਕ ਅਤੇ ਲਾਭਦਾਇਕ ਹੋਵੇਗੀ। ਸਾਨੂੰ ਸਾਰਿਆਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਪਰਚਾਰਕਾਂ ਨੂੰ ਇਸ ਬਾਰੇ ਪਰਚਾਰ ਵੀ ਕਰਨਾ ਚਾਹੀਦਾ ਹੈ। ਇਹ ਸਮੇਂ ਦੀ ਮੰਗ ਹੈ।

ਅੱਜ ਕੱਲ੍ਹ ਦੇ ਜ਼ਮਾਨੇ ਵਿੱਚ ਸਾਨੂੰ ਜੋ ਕੁਝ ਵੀ ਹਰਿਮੰਦਰ ਸਾਹਿਬ ਜਾਂ ਕਿਸੇ ਹੋਰ ਧਾਰਮਕ ਅਸਥਾਨ ਤੇ ਚੜ੍ਹਾਵੇ ਵਜੋਂ ਭੇਂਟ ਕਰਨਾ ਹੋਵੇ, ਉਸ ਬਾਰੇ ਪਹਿਲੇ ਥੋੜ੍ਹਾ ਬਹੁਤ ਅੰਦਾਜ਼ਾ ਜ਼ਰੂਰ ਲਗਾ ਲੈਣਾ ਚਾਹੀਦਾ ਹੈ ਕਿ ਕੀ ਇਸ ਨਜ਼ਰਾਨੇ ਦੀ ਉਸ ਸਥਾਨ ਤੇ ਕੋਈ ਉਪਯੋਗਤਾ ਹੈ ਵੀ ਕਿ ਨਹੀਂ। ਜੇ ਹੋਰ ਕੁਝ ਨਹੀਂ ਹੋ ਸਕਦਾ ਤਾਂ ਸ਼ਰਧਾਲੂ ਨਕਦ ਰਾਸ਼ੀ ਦੇ ਕੇ ਕੈਸ਼ ਦੀ ਰਸੀਦ ਕਟਵਾ ਸਕਦੇ ਹਨ ਤਾਕਿ ਉਹ ਰਕਮ ਜ਼ਰੂਰੀ ਕਾਰਜਾਂ ਤੇ ਸਰਫ ਕੀਤੀ ਜਾ ਸਕੇ। ਇਸ ਪਰਕਾਰ ਦੀ ਸੋਚ ਅਤੇ ਅਮਲ ਦੇ ਸੁਖਦਾਈ ਨਤੀਜੇ ਜ਼ਰੂਰ ਸਾਹਮਣੇ ਆਉਣਗੇ।

ਅਕਲੀ ਪੜ੍ਹਿ ਕੈ ਬੁਝੀਐ
ਅਕਲੀ ਕੀਚੈ ਦਾਨੁ॥ ਅੰਗ-1245

.28.

ਹਰਿਮੰਦਰ ਸਾਹਿਬ ਵਿੱਚ ਬਿਜਲੀ ਪ੍ਰਵੇਸ਼

1969 ਵਿਚ ਗੁਰੂ ਨਾਨਕ ਸਾਹਿਬ ਦੇ ਪੰਜ ਸੌਵੇਂ ਸੁਭਾਗੇ ਪ੍ਰਕਾਸ਼ ਉਤਸਵ ਤੇ ਉਸ ਸਮੇਂ ਦੇ ਭਾਰਤ ਦੇ ਰਾਸ਼ਟਰਪਤੀ ਡਾ. ਵੀ. ਵੀ. ਗਿਰੀ ਨੇ ਹਰਿਮੰਦਰ ਸਾਹਿਬ ਵਿਚ ਹਾਲੈਂਡ ਤੋਂ ਲਿਆ ਕੇ ਲਗਾਏ ਗਏ ਅਤੀ ਆਧੁਨਿਕ ਬਿਜਲੀ ਸਿਸਟਮ ਦਾ ਉਦਘਾਟਨ ਕਰਨ ਸਮੇਂ ਕਿਹਾ ਸੀ ਕਿ ਹਰਿਮੰਦਰ ਸਾਹਿਬ ਦੀ ਆਤਮਿਕ ਰੌਸ਼ਨੀ ਦੇ ਮੁਕਾਬਲੇ ਵਿਚ ਬਾਹਰ ਦੀ ਬਨਾਵਟੀ ਰੌਸ਼ਨੀ ਕੀ ਅਰਥ ਰੱਖਦੀ ਹੈ? ਗੱਲ ਬਿਲਕੁਲ ਸਹੀ ਹੈ। ਹਰਿਮੰਦਰ ਆਤਮਾ ਨੂੰ ਰੌਸ਼ਨ ਕਰਦਾ ਹੈ, ਉਸ ਦਾ ਸੰਦੇਸ਼ ਮਨਾਂ ਨੂੰ ਰੌਸ਼ਨ ਕਰਦਾ ਹੈ, ਉਸ ਦੀ ਮਰਿਆਦਾ ਦਿਲਾਂ ਨੂੰ ਰੌਸ਼ਨ ਕਰਦੀ ਹੈ, ਫਿਰ ਵੀ ਵਾਤਾਵਰਨ ਨੂੰ ਮਨੁੱਖੀ ਸੁਵਿਧਾ ਲਈ ਬਨਾਵਟੀ ਰੌਸ਼ਨੀ ਦੀ ਲੋੜ ਜ਼ਰੂਰ ਹੈ। ਇਸ ਲੋੜ ਨੂੰ ਅਜ ਤੋਂ ਸੌ ਸਾਲ ਪਹਿਲੇ ਕੁਝ ਅਗਾਂਹ ਵਧੂ ਸਿੱਖਾਂ ਨੇ ਮਹਿਸੂਸ ਕੀਤਾ ਅਤੇ ਪਰਯਤਨ ਆਰੰਭੇ ਕਿ ਦਰਬਾਰ ਸਾਹਿਬ ਵਿਚ ਬਿਜਲੀ ਦੀ ਰੌਸ਼ਨੀ ਦੀ ਸੁਵਿਧਾ ਪੈਦਾ ਕੀਤੀ ਜਾਵੇ ਤਾਂ ਕਿ ਇਕ ਤਾਂ ਯਾਤਰੂਆਂ ਨੂੰ ਹਨੇਰੇ ਸਵੇਰੇ ਪ੍ਰੇਸ਼ਾਨੀ ਤੋਂ ਨਿਜਾਤ ਮਿਲ ਸਕੇ, ਦੂਜਾ ਹਰਿਮੰਦਰ ਸਾਹਿਬ ਦੀ ਦਿਖ ਜੋ ਦਿਨ ਨੂੰ ਸੂਰਜ ਦੀ ਰੌਸ਼ਨੀ ਵਿਚ ਦਰਸ਼ਨ ਕਰਨ ਵਾਲਿਆਂ ਨੂੰ ਪਰਸੰਨ ਕਰ ਦੇਂਦੀ ਹੈ ਉਹ ਰਾਤ ਨੂੰ ਜਾਂ ਅੰਮ੍ਰਿਤ ਵੇਲੇ ਆਉਣ ਵਾਲਿਆਂ ਸ਼ਰਧਾਲੂਆਂ ਨੂੰ ਵੀ ਉਸੇ ਤਰ੍ਹਾਂ ਲੁਭਾਵਣੀ ਲਗੇ। ਪਰ ਬਿਜਲੀ ਲਗਵਾਣ ਦਾ ਇਹ ਕਾਰਜ ਇਤਨਾ ਆਸਾਨ ਨਹੀਂ ਸੀ।

ਜਦ 26 ਜਨਵਰੀ 1896 ਨੂੰ ਸ. ਸੁੰਦਰ ਸਿੰਘ ਮਜੀਠੀਏ ਨੇ ਇਹ ਮਤਾ ਪੇਸ਼ ਕੀਤਾ ਕਿ ਹਰਿਮੰਦਰ ਸਾਹਿਬ ਵਿਚ ਬਿਜਲੀ ਲਗਣੀ ਚਾਹੀਦੀ ਹੈ ਤਾਂ ਇਸ ਮਾਮਲੇ ਦੇ ਹੱਕ ਅਤੇ ਵਿਰੋਧ ਵਿਚ ਬਹੁਤ ਵੱਡੀ ਚਰਚਾ ਛਿੜ ਪਈ। ਖਾਲਸਾ ਅਖਬਾਰ ਦੇ ਮਾਧਿਅਮ ਰਾਹੀਂ ਵਿਚਾਰਾਂ ਦਾ ਅਦਾਨ ਪ੍ਰਦਾਨ ਹੋਣ ਲਗਾ। ਜੇ ਮਜੀਠੀਆ ਤੇ ਉਨ੍ਹਾਂ ਦੇ ਹੋਰ ਅਗਾਂਹ-ਵਧੂ ਸਾਥੀ ਬਿਜਲੀ ਲਗਵਾਉਣ ਲਈ ਇਕ ਦਲੀਲ ਪੇਸ਼ ਕਰਦੇ ਤਾਂ ਦੂਜੀ ਧਿਰ ਜਿਨ੍ਹਾਂ ਵਿਚ ਦਰਬਾਰ ਸਾਹਿਬ ਦੇ ਕੁਝ ਗ੍ਰੰਥੀ, ਲਾਹੌਰ ਸਿੰਘ ਸਭਾ ਦੇ ਮੈਂਬਰ, ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪਤਵੰਤੇ ਸ਼ਾਮਿਲ ਹੁੰਦੇ ਸਨ ਉਸ ਦਲੀਲ ਦਾ ਖੰਡਨ ਕਰਕੇ ਆਪਣੀਆਂ ਨਵੀਆਂ ਦਲੀਲਾਂ ਪੇਸ਼ ਕਰ ਦੇਂਦੇ ਕਿ ਦਰਬਾਰ ਸਾਹਿਬ ਵਿਚ ਬਿਜਲੀ ਲਗਵਾਉਣ ਦੀ ਲੋੜ ਨਹੀਂ। ਉਨ੍ਹਾਂ ਦੀਆਂ ਮੁਖ ਦਲੀਲਾਂ ਇਹ ਸਨ, ਕਿ ਅਸੀਂ ਪੂਰਬ ਦੇ ਵਾਸੀ ਹਾਂ, ਬਿਜਲੀ ਪੱਛਮ ਦੇ ਲੋਕਾਂ ਦੀ ਕਾਢ ਹੈ ਇਸ ਲਈ ਇਹ ਸਾਡੇ ਸਭਿਆਚਾਰ, ਸਾਡੇ ਧਰਮ, ਸਾਡੀ ਰਹੁ-ਰੀਤੀ ਨਾਲ ਮੇਲ

ਨਹੀਂ ਖਾਂਦੀ। ਇਹ ਬਿਜਲੀ ਦੀ ਭੜਕੀਲੀ ਚਮਕ ਦਮਕ ਸਾਡੀਆਂ ਬੇਹਤਰੀਨ ਕੀਮਤਾਂ ਕਦਰਾਂ ਨੂੰ ਖੰਡਤ ਕਰ ਦੇਵੇਗੀ ਤੇ ਵਾਤਾਵਰਨ ਨੂੰ ਪ੍ਰਦੂਸ਼ਤ ਕਰ ਦੇਵੇਗੀ। ਚਕਾ ਚੌਂਦ ਰੌਸ਼ਨੀ ਨਾ ਤਾਂ ਕੀਰਤਨੀਆਂ ਦੀ ਬਿਰਤੀ ਇਕਾਗਰ ਹੋਣ ਦੇਵੇਗੀ ਅਤੇ ਨਾ ਹੀ ਸ਼ਰਧਾਲੂਆਂ ਨੂੰ ਮਾਨਸਿਕ ਟਕਾਅ ਦੀ ਸਥਿਤੀ ਵਿਚ ਬੈਠਣ ਦੇਵੇਗੀ। ਉਨ੍ਹਾਂ ਦੀ ਹੋਰ ਦਲੀਲ ਇਹ ਸੀ ਕਿ ਦੁਨੀਆ ਦੇ ਕਿਸੇ ਧਾਰਮਿਕ ਅਸਥਾਨ ਤੇ ਬਿਜਲੀ ਨਹੀਂ ਲਗੀ, ਇੱਥੇ ਤਕ ਕਿ ਗੋਰਿਆਂ ਦੇ ਆਪਣੇ ਚਰਚਾਂ ਵਿਚ ਵੀ ਨਹੀਂ। ਪੋਪ ਦੇ ਰੋਮ ਵਿਚ ਨਹੀਂ, ਮੁਸਲਮਾਨਾਂ ਨੇ ਮਕੇ ਮਦੀਨੇ ਨੂੰ ਇਸ ਨਾਲ ਅਪਵਿੱਤਰ ਨਹੀਂ ਹੋਣ ਦਿੱਤਾ, ਫਿਰ ਸਿੱਖਾਂ ਨੂੰ ਇਸ ਦੀ ਵਿਸ਼ੇਸ਼ ਕੀ ਲੋੜ ਹੈ? ਦੀਵਿਆਂ ਵਿਚ ਦੇਸੀ ਘਿਓ ਪਾ ਕੇ ਤੇ ਉਨ੍ਹਾਂ ਨੂੰ ਜਗਾ ਕੇ ਜੋ ਰੌਸ਼ਨੀ ਦਰਬਾਰ ਸਾਹਿਬ ਵਿਚ ਕੀਤੀ ਜਾਂਦੀ ਹੈ ਉਹ ਪਵਿੱਤਰ ਹੈ, ਸੁਗੰਧਤ ਹੈ। ਨਿੰਮੀ ਨਿੰਮੀ ਹਵਾ ਨਾਲ ਜਦ ਨਿੱਕੇ ਨਿੱਕੇ ਦੀਵੇ ਟਿਮਟਮਾਉਂਦੇ ਹਨ ਤਾਂ ਮਨ ਨੂੰ ਅਜਬ ਜਿਹਾ ਹੁਲਾਰਾ ਮਿਲਦਾ ਹੈ। ਬਿਜਲੀ ਦੇ ਆਉਣ ਨਾਲ ਇਹ ਦੀਪ-ਵਟੀ ਦੀ ਸਾਰੀ ਮਰਿਆਦਾ ਭੰਗ ਹੋ ਜਾਵੇਗੀ। ਨਾਲੇ ਬਿਜਲੀ ਬੜੀ ਮਹਿੰਗੀ ਚੀਜ਼ ਹੈ ਅਤੇ ਜੇ ਜਨਰੇਟਰ ਆਦਿ ਜਾਂ ਤਾਰਾਂ ਵਿਚ ਵਿਘਨ ਪੈ ਗਿਆ ਤਾਂ ਸਾਰਾ ਰੌਸ਼ਨੀ ਪ੍ਰਬੰਧ ਬੇ-ਜ਼ਾਬਤਾ ਜਿਹਾ ਹੋ ਜਾਵੇਗਾ। ਇਵੇਂ ਬਿਜਲੀ ਸਾਨੂੰ ਸੁਤੰਤਰਤਾ ਤੋਂ ਪਰ-ਅਧੀਨਤਾ ਵਲ ਧਕੇਲ ਦੇਵੇਗੀ ਜਿਹੜੀ ਸਿਆਣੀ ਗੱਲ ਨਹੀਂ ਕਹੀ ਜਾ ਸਕੇਗੀ।

ਇਸ ਵਿਸ਼ੇ ਤੇ ਹੋਰ ਦਲੀਲਾਂ ਪੇਸ਼ ਕਰਦਿਆਂ ਬਿਜਲੀ ਵਿਰੋਧੀਆਂ ਨੇ ਇਸ ਤੋਂ ਵੀ ਅੱਗੇ ਹੋਰ ਕਿਹਾ ਕਿ ਬਿਜਲੀ ਤੋਂ ਆਮ ਲੋਕਾਂ ਨੂੰ ਅਣਵਾਕਫੀ ਹੋਣ ਕਾਰਨ ਇਸ ਦੀ ਲਪੇਟ ਵਿਚ ਆ ਜਾਣ ਨਾਲ ਮਾਰੂ ਹਾਦਸੇ ਹੋਣਗੇ। ਲੋਕੀ ਤਾਂ ਇੱਥੋਂ ਮਾਨਸਿਕ ਸ਼ਾਂਤੀ ਤੇ ਆਤਮਿਕ ਖੇੜਾ ਲੈਣ ਆਉਂਦੇ ਹਨ ਪਰ ਜੇ ਅਣਵਾਕਫੀ ਕਾਰਨ ਬਿਜਲੀ ਦੇ ਝਟਕੇ ਲਗਣ ਨਾਲ ਬਦਲੇ ਵਿਚ ਉਨ੍ਹਾਂ ਦੀ ਜਾਨ ਹੀ ਚਲੀ ਗਈ ਤਾਂ ਉਨ੍ਹਾਂ ਦੇ ਪਰਿਵਾਰਾਂ ਦੇ ਮਨਾਂ ਤੇ ਕੀ ਗੁਜ਼ਰੇਗੀ? ਇਸ ਲਈ ਇਸ ਪਵਿੱਤਰ ਅਸਥਾਨ ਨੂੰ ਪਵਿੱਤਰ ਹੀ ਰਹਿਣ ਦਿੱਤਾ ਜਾਵੇ ਤੇ ਬਿਜਲੀ ਲਗਾ ਕੇ ਇਸ ਵਿਚ ਬੇਗਾਨਗੀ ਤੇ ਭੋਲੇ ਭਾਲੇ ਸ਼ਰਧਾਲੂਆਂ ਦੇ ਮਨਾਂ ਵਿਚ ਇਸ ਪ੍ਰਤੀ ਡਰ ਦਾ ਅਹਿਸਾਸ ਨਾ ਭਰਿਆ ਜਾਵੇ। ਇੱਥੇ ਤਕ ਵੀ ਕਿਹਾ ਗਿਆ ਕਿ ਦਰਬਾਰ ਸਾਹਿਬ ਆਤਮਿਕ ਸ਼ਾਂਤੀ ਪਰਦਾਨ ਕਰਨ ਦਾ ਮਹਾਨ ਤੀਰਥ ਹੈ, ਕੋਈ ਅਜਾਇਬ ਘਰ ਜਾਂ ਤਮਾਸ਼ਾਖਾਨਾ ਨਹੀਂ ਕਿ ਲੋਕਾਂ ਨੂੰ ਰੌਸ਼ਨੀਆਂ ਨਾਲ ਭਰਮਾਇਆ ਜਾਵੇ। ਇਸ ਲਈ ਹਰਿਮੰਦਰ ਸਾਹਿਬ ਨੂੰ ਆਤਮਿਕ ਰੌਸ਼ਨੀ ਦੇਣ ਦਾ ਹੀ ਮਾਣਯੋਗ ਸਥਾਨ ਬਣੇ ਰਹਿਣ ਦਿੱਤਾ ਜਾਵੇ ਅਤੇ ਬਿਜਲੀ ਦੀ ਫਿਟਿੰਗ ਆਦਿ ਕਾਰਨ ਇਸ ਵਿਚ ਭੰਨ ਤੋੜ ਕਰਕੇ ਇਸ ਦੀ ਬੇਅਦਬੀ ਨਾ

ਕੀਤੀ ਜਾਵੇ। ਅਜਿਹਾ ਕਰਨਾ ਗੁਰੂ ਦੀ ਕਰੋਪੀ ਦੇ ਭਾਗੀ ਬਣਨ ਸਮਾਨ ਹੈ ਜਿਸ ਤੋਂ ਸੰਕੋਚ ਕਰਨਾ ਹੀ ਬਿਹਤਰ ਹੈ ਤੇ ਸਿਆਣਪ ਵੀ।

ਦੂਜੇ ਪਾਸੇ ਜੋ ਇਸ ਪਵਿੱਤਰ ਅਸਥਾਨ ਨੂੰ ਬਿਜਲੀ ਦੇ ਆਧੁਨਿਕ ਵਰਦਾਨ ਨਾਲ ਸੁਸੱਜਤ ਕਰਨਾ ਚਾਹੁੰਦੇ ਸਨ ਉਹ ਵੀ ਆਪਣੇ ਇਰਾਦਿਆਂ ਵਿਚ ਸੁਦਰਿੜ ਰਹੇ। ਲੋਕੀ ਉਨ੍ਹਾਂ ਨੂੰ ਮਖੌਲ ਨਾਲ 'ਬਿਜਲੀ ਭਗਤ' ਜਾਂ 'ਬਿਜਲੀ ਲਾਟੂ' ਕਹਿ ਕੇ ਉਨ੍ਹਾਂ ਨੂੰ ਟਿਚਰਾਂ ਕਰਦੇ ਪਰ ਉਨ੍ਹਾਂ ਦੇ ਹੌਸਲੇ ਠੰਡੇ ਨਾ ਹੋਏ। ਉਨ੍ਹਾਂ ਫਰੀਦਕੋਟ ਦੇ ਮਹਾਰਾਜਾ ਬਿਕਰਮ ਸਿੰਘ ਨੂੰ ਮਨਾ ਲਿਆ ਕਿ ਉਹ ਜਨਰੇਟਰ ਅਤੇ ਸਾਰੀ ਫਿਟਿੰਗ ਆਦਿ ਦਾ ਖਰਚਾ ਬਰਦਾਸ਼ਤ ਕਰੇਗਾ। ਉਸ ਨੇ ਇਸ ਘਟਨਾ ਨੂੰ ਮਲਕਾ ਵਿਕਟੋਰੀਆ ਦੀ ਡਾਇਮੰਡ ਜੁਬਲੀ ਨਾਲ ਜਾ ਜੋੜਿਆ ਅਤੇ 22 ਜੂਨ, 1897 ਨੂੰ ਇਹ ਜੁਬਲੀ ਮਹਾਰਾਜਾ ਫਰੀਦਕੋਟ ਦੇ ਤਰਦਦਾਂ ਤੇ ਉਦਮਾਂ ਸਦਕਾ ਅੰਮ੍ਰਿਤਸਰ ਵਿਚ ਮਨਾਈ ਗਈ। ਉਸ ਦਿਨ ਸ਼ਹਿਰ ਦੇ ਕਿਸੇ ਰਹੀਸ ਦਾ ਜਨਰੇਟਰ ਮੰਗ ਕੇ ਲਿਆ ਕੇ ਦਰਬਾਰ ਸਾਹਿਬ ਪ੍ਰੀਸਰ ਵਿਖੇ ਚਾਲੂ ਕੀਤਾ ਗਿਆ ਤੇ ਇਵੇਂ ਹਰਿਮੰਦਰ ਸਾਹਿਬ ਪਹਿਲੀ ਵਾਰੀ ਬਿਜਲੀ ਦੇ ਲਾਟੂਆਂ ਨਾਲ ਜਗਮਗਾਇਆ। ਲੋਕ ਦੂਰ ਨੇੜਿਉਂ ਇਹ ਨਵਾਂ ਨਜ਼ਾਰਾ ਦੇਖਣ ਲਈ ਰਾਤ ਨੂੰ ਦਰਬਾਰ ਸਾਹਿਬ ਆਏ।

ਇਸ ਨਾਲ ਇਸ ਵਿਚਾਰਧਾਰਾ ਦੇ ਵਿਰੋਧੀਆਂ ਨੂੰ, ਜਿਨ੍ਹਾਂ ਵਿਚ ਮੁਖ ਕਰ ਕੇ ਲਾਹੌਰ ਦੇ ਸਿੰਘ ਸਭੀਏ ਸਨ, ਨਿਸਚਾ ਹੋ ਗਿਆ ਕਿ ਬਾਜ਼ੀ ਉਨ੍ਹਾਂ ਦੇ ਹੱਥੋਂ ਨਿਕਲ ਗਈ ਹੈ ਪਰ ਫਿਰ ਵੀ ਉਨ੍ਹਾਂ ਪੂਰੇ ਤਰਾਣ ਨਾਲ ਵਿਰੋਧ ਜਾਰੀ ਰਖਿਆ। ਮਗਰ ਡੇਢ ਸਾਲ ਦੀ ਇਸ ਬਹਿਸ ਤੇ ਕਸ਼ਮਕਸ਼ ਮਗਰੋਂ 29 ਅਗਸਤ 1897 ਨੂੰ ਮਹਾਰਾਜਾ ਫਰੀਦਕੋਟ ਨੇ ਦਰਬਾਰ ਸਾਹਿਬ ਨੂੰ ਬਿਜਲੀ ਸਪਲਾਈ ਕਰਨ ਵਾਲੇ ਬਿਜਲੀ ਘਰ ਦਾ ਨੀਂਹ ਪੱਥਰ ਰਖ ਕੇ ਤੁਰੰਤ ਇਸ ਦੀ ਉਸਾਰੀ ਕਰਵਾਉਣ ਲਈ ਖਾਸੀ ਰਕਮ ਦਾਨ ਵਜੋਂ ਦੇ ਦਿੱਤੀ ਤੇ ਇਵੇਂ ਹਰਿਮੰਦਰ ਸਾਹਿਬ ਕੌਮ ਦੇ ਖਟੇ ਮਿਠੇ ਪ੍ਰਭਾਵਾਂ ਦੇ ਬਾਵਜੂਦ ਬਿਜਲੀ ਦੀ ਰੌਸ਼ਨੀ ਦੇ ਦੌਰ ਵਿਚ ਪ੍ਰਵੇਸ਼ ਕਰ ਗਿਆ। ਪਰ ਇਤਨਾ ਕੁਝ ਹੋਣ ਦੇ ਬਾਵਜੂਦ ਵੀ ਦਰਬਾਰ ਸਾਹਿਬ ਦੇ ਪਵਿੱਤਰ ਹਾਲ ਵਿਚ ਬਿਜਲੀ ਦੇ ਪ੍ਰਯੋਗ ਤੇ ਬੰਦਸ਼ ਲੱਗੀ ਹੀ ਰਹੀ ਤੇ ਉੱਥੇ ਪਹਿਲੇ ਦੀ ਤਰ੍ਹਾਂ ਘਿਉ ਦੇ ਦੀਵੇ ਬਾਲ ਕੇ ਹੀ ਪ੍ਰਕਾਸ਼ ਪੈਦਾ ਕੀਤਾ ਜਾਂਦਾ ਰਿਹਾ ਅਤੇ ਹੁਕਮਨਾਮਾ ਲੈਣ ਲਗਿਆਂ ਦੋ ਚਾਂਦੀ ਦੀਆਂ ਥਾਲੀਆਂ ਵਿਚ ਸੁਚੀਆਂ ਮੋਮਬੱਤੀਆਂ ਜਗਾ ਕੇ ਗੁਰੂ ਮਹਾਰਾਜ ਦੇ ਨੇੜੇ ਕੀਤੀਆਂ ਜਾਂਦੀਆਂ ਜਿਨ੍ਹਾਂ ਦੇ ਚਾਨਣ ਵਿਚ ਹੁਕਮਨਾਮੇ ਦੀ ਰਸਮ ਅਦਾ ਹੁੰਦੀ। ਪਰ ਹੌਲੀ ਹੌਲੀ ਜਦ ਬਿਜਲੀ ਦੇ ਗੁਣਾਂ ਨੇ ਆਮ ਮਨੁੱਖ ਨੂੰ ਇਸ ਦਾ ਦੋਸਤ ਜਿਹਾ ਬਣਾ ਦਿੱਤਾ ਤਾਂ 1930 ਈ. ਵਿਚ ਬਿਜਲੀ ਦਾ ਪ੍ਰਵੇਸ਼ ਦਰਬਾਰ ਸਾਹਿਬ ਵਿਚ ਵੀ ਹੋ

ਗਿਆ ਤੇ ਇਵੇਂ ਇਹ ਮੋਰਚਾ 34 ਸਾਲਾਂ ਦੇ ਭਰਪੂਰ ਪ੍ਰਯਤਨਾਂ ਸਦਕਾ ਸਰ ਹੋਇਆ (ਹਾਵਾਲਾ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ ਪੰਨਾ 360)।

ਇਧਰ ਹਰਿਮੰਦਰ ਸਾਹਿਬ ਵਿੱਚ ਬਿਜਲੀ ਦਾ ਪ੍ਰਵੇਸ਼ ਹੋਣ ਲੱਗਾ, ਉਧਰ 1900 ਸਾਲ ਵਿਚ ਹੀ ਭਾਰਤ ਦਾ ਵਾਇਸਰਾਏ ਲਾਰਡ ਕਰਜ਼ਨ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆ ਗਿਆ। ਇੱਥੇ ਦਰਸ਼ਨ ਕਰਕੇ ਉਸਦਾ ਮਨ ਖੁਸ਼ ਹੋ ਗਿਆ। ਆਪਣੀ ਇਸ ਯਾਤਰਾ ਨੂੰ ਹਰਿਮੰਦਰ ਸਾਹਿਬ ਦੇ ਇਤਿਹਾਸ ਵਿਚ ਯਾਦਗਾਰੀ ਬਣਾਉਣ ਲਈ ਉਸਨੇ ਯਾਤਰਾ ਤੋਂ ਮਗਰੋਂ ਹਰਿਮੰਦਰ ਸਾਹਿਬ ਵਿਚ ਵਰਤੋਂ ਲਈ ਇਕ ਆਧੁਨਿਕ ਕਿਸਮ ਦੀ ਚਾਬੀ ਨਾਲ ਚੱਲਣ ਵਾਲੀ ਦੀਵਾਰੀ ਘੜੀ ਤੋਹਫ਼ੇ ਵਜੋਂ ਭੇਜੀ ਜਿਸ ਤੇ ਨਿਮਨ ਅਬਾਰਤ ਲਿਖੀ ਗਈ ਸੀ।

Let Curzon Holde, what Curzon Helde.
This clock was presented to the Golden Temple at Amritsar by Lord Curzon viceroy and Governor General of India on the occasion of his first visit in April 1900. ਇਸ ਤਰ੍ਹਾਂ ਦਰਬਾਰ ਸਾਹਿਬ ਵਿਚ ਬੜੇ ਰੋਚਕ ਢੰਗ ਨਾਲ ਆਧੁਨਿਕਤਾ ਦਾ ਪ੍ਰਭਾਵ ਵਧਣ ਲੱਗਾ। ਭਾਵੇਂ ਕਰਜ਼ਨ ਨੇ ਦਰਬਾਰ ਸਾਹਿਬ ਵਿੱਚ ਨਵੀਂ ਕਿਸਮ ਦੀ ਘੜੀ ਲਗਵਾਈ ਪਰ ਉਸ ਤੋਂ ਪਹਿਲੇ ਸ. ਲਹਿਣਾ ਸਿੰਘ ਮਜੀਠੀਆ ਨੇ ਵੀ ਦਰਸ਼ਨੀ ਡਿਉੜੀ ਤੋਂ ਹਰਿਮੰਦਰ ਸਾਹਿਬ ਵਲ ਜਾਂਦੇ ਪੁਲ ਦੇ ਇਕ ਸੰਗਮਰਮਰੀ ਸਤੰਬ ਤੇ ਇਕ ਧੁਪ ਘੜੀ ਆਪ ਜੜ੍ਹੀ ਸੀ ਜੋ ਇਕ ਤਿਕੋਨੀ ਜਹੀ ਤਾਂਬੇ ਦੀ ਪਲੇਟ ਹੀ ਜਾਪਦੀ ਹੈ ਜਿਸਦੀ ਛਾਂ ਸੰਗਮਰਮਰ ਤੇ ਉਕਰੇ ਅੱਖਰਾਂ ਤੇ ਪੈਂਦੀ ਹੈ। ਜਿਸ ਅੰਕ ਨੂੰ ਛਾਂ ਵਾਲਾ ਪਾਸਾ ਛੂਹ ਰਿਹਾ ਹੋਵੇ, ਉਤਨੇ ਹੀ ਵਜੇ ਦਾ ਸਮਾਂ ਹੋਵੇਗਾ।

ਅੱਜ ਬਿਜਲੀ ਦੀ ਸੁਚੱਜਤਾ ਪੂਰਵਕ ਵਰਤੋਂ ਕਰਕੇ ਹਰਿਮੰਦਰ ਸਾਹਿਬ ਦੀ ਆਭਾ ਰਾਤ ਨੂੰ ਦਿਨ ਨਾਲੋਂ ਵੀ ਸਵਾਈ ਜਾਪਦੀ ਹੈ। ਕਈ ਕਿਸਮ ਦੀਆਂ ਰੋਸ਼ਨੀਆਂ ਅਜਿਹੇ ਢੰਗਾਂ ਨਾਲ ਲਗਾਈਆਂ ਗਈਆਂ ਹਨ ਜੋ ਹਰਿਮੰਦਰ ਦੇ ਸੁਨਹਿਰੀ ਭਾਗ ਨੂੰ ਹੋਰ ਸੁਨਹਿਰੀ ਤੇ ਸਫੇਦ ਭਾਗ ਨੂੰ ਦੁਧ ਵਰਗਾ ਚਿੱਟਾ ਬਣਾ ਕੇ ਉਸ ਨੂੰ ਮਨਮੋਹਕ ਤੇ ਸੁਰਗਮਈ ਰੂਪ ਬਖਸ਼ਦੀਆਂ ਹਨ। ਇੱਥੋਂ ਤਕ ਕਿ ਸਰੋਵਰ ਸਾਹਿਬ ਵਿਚ ਵੀ ਅਜਿਹੀਆਂ ਲਾਈਟਾਂ ਫਿਟ ਕਰ ਦਿੱਤੀਆਂ ਗਈਆਂ ਹਨ ਜਿਨ੍ਹਾਂ ਸਦਕਾ ਹਨੇਰੇ ਸਵੇਰੇ ਵੀ ਪਵਿੱਤਰ ਜਲ ਅਤੇ ਉਸ ਵਿਚ ਹਰਿਮੰਦਰ ਦਾ ਬਿੰਬ ਇਕ ਅਲੌਕਿਕ ਨਜ਼ਾਰਾ ਮੂਰਤੀਮਾਨ ਕਰਦਾ ਹੈ। ਪਰਕਾਸ਼ ਪੁਰਬਾਂ ਤੇ ਹਰਿਮੰਦਰ ਸਾਹਿਬ ਤੇ ਜੋ ਬਿਜਲੀ ਦੀ ਮਦਦ ਨਾਲ ਦੀਪ ਮਾਲਾ ਹੁੰਦੀ ਹੈ ਉਸ ਦਾ ਆਨੰਦ ਲੈਣ ਲਈ ਤਾਂ ਸੰਗਤਾਂ ਵਿਸ਼ਵ ਭਰ ਵਿੱਚੋਂ ਵਿਸ਼ੇਸ਼ ਰੂਪ ਵਿੱਚ

ਦਰਬਾਰ ਸਾਹਿਬ ਦਰਸ਼ਨਾਂ ਲਈ ਪਹੁੰਚਦੀਆਂ ਹਨ। ਜਿਨ੍ਹਾਂ ਨੇ ਇਹ ਨਜ਼ਾਰਾ ਆਪਣੇ ਨੇਤਰਾਂ ਨਾਲ ਨਿਹਾਰਿਆ ਹੈ ਉਹ ਉਸ ਨੂੰ ਯਾਦ ਕਰਕੇ ਵੀ ਅੰਦਰੋਂ ਬਾਹਰੋਂ ਗਦ ਗਦ ਹੋ ਜਾਂਦੇ ਹਨ। ਸਾਧਾਰਨ ਦਿਨਾਂ ਵਿੱਚ ਵੀ ਹੁਣ ਹਰਿਮੰਦਰ ਸਾਹਿਬ ਵਿਖੇ ਬਿਜਲੀ ਦੀ ਰੌਸ਼ਨੀ ਦਾ ਸੁਹਜ ਸਵਾਦ ਮਨ ਨੂੰ ਭਾਵੰਦਾ ਹੈ ਅਤੇ ਜਲਦੀ ਹੀ ਭਾਰਤ ਸਰਕਾਰ ਦੇ ਸੂਰਜੀ ਬਿਜਲੀ ਮੰਤਰਾਲੇ ਵਲੋਂ ਤੋਹਫ਼ੇ ਵਜੋਂ ਦਰਬਾਰ ਸਾਹਿਬ ਵਿੱਚ ਸੂਰਜੀ ਬਿਜਲੀ ਦਾ ਪ੍ਰਵੇਸ਼ ਵੀ ਕੀਤਾ ਜਾ ਰਿਹਾ ਹੈ। ਇਵੇਂ ਬਨਾਵਟੀ ਤੇ ਸਜਾਵਟੀ ਲਾਈਟਾਂ ਕਰਕੇ ਸਰੋਵਰ ਤੇ ਹਰਿਮੰਦਰ ਦੇ ਦਰਸ਼ਨ, ਮਨ ਨੂੰ ਕਿਤੇ ਵਧ ਆਕਰਸ਼ਤਕਾਰੀ ਟੁੰਬ ਪਾਉਂਦੇ ਹਨ। ਇਸ ਤਰ੍ਹਾਂ ਲਗਦਾ ਹੈ ਕਿ ਹਰਿਮੰਦਰ ਦੀ ਆਤਮਿਕ ਰੌਸ਼ਨੀ ਨੇ ਬਿਜਲਈ ਰੌਸ਼ਨੀ ਨੂੰ ਆਪਣੀ ਗਲਵਕੜੀ ਵਿਚ ਲੈ ਕੇ ਪ੍ਰਵਾਨ ਕਰ ਲਿਆ ਹੋਵੇ ਤੇ ਹਰਿਮੰਦਰ ਦੀ ਸ਼ਾਨ ਨੂੰ ਬੜ੍ਹਾਵਾ ਪ੍ਰਦਾਨ ਕਰਨ ਹਿਤ ਦੋਨੋਂ ਇਕੋ ਰੰਗ ਵਿਚ ਰੰਗੀਆਂ ਗਈਆਂ ਹੋਣ ਜਿਨ੍ਹਾਂ ਦਾ ਸਾਨੀ ਕੋਈ ਹੋਰ ਨਾ ਹੋਵੇ।

ਖ਼ੁਸ਼ੀ ਦੀ ਗੱਲ ਹੈ ਕਿ ਬਿਜਲੀ ਦੀ ਸ਼ਕਤੀ ਨਾਲ ਦਰਬਾਰ ਸਾਹਿਬ ਦੇ ਕੀਰਤਨ ਦਾ ਪਰਸਾਰਨ ਰੇਡੀਓ ਅਤੇ ਟੀ.ਵੀ. ਚੈਨਲਾਂ ਦੁਆਰਾ ਵਿਸ਼ਵ ਭਰ ਵਿੱਚ ਪਰਸਾਰਤ ਕੀਤਾ ਜਾ ਰਿਹਾ ਹੈ। ਇੱਥੇ ਹੀ ਬਸ ਨਹੀਂ, ਗਰਮੀਆਂ ਵਿੱਚ ਸੰਗਤਾਂ ਨੂੰ ਗਰਮੀ ਤੋਂ ਕੁਝ ਰਾਹਤ ਦੇਣ ਲਈ ਹਰਿਮੰਦਰ ਸਾਹਿਬ ਅੰਦਰ A.C.S. ਦੀ ਵੀ ਵਿਵਸਥਾ ਕਰ ਦਿੱਤੀ ਗਈ ਹੈ ਅਤੇ ਇਹ ਸੁਵਧਾ ਵੀ ਕਾਫ਼ੀ ਵਿਰੋਧ ਝੱਲਣ ਉਪਰੰਤ ਹੀ ਹਰਿਮੰਦਰ ਸਾਹਿਬ ਵਿੱਚ ਪ੍ਰਵੇਸ਼ ਕਰ ਸਕੀ ਹੈ।

ਅੱਜ ਕੱਲ੍ਹ ਹਰਿਮੰਦਰ ਸਾਹਿਬ ਵਿੱਚ ਸੰਗਤਾਂ ਦਾ ਬੇਪਨਾਹ ਰਸ਼ ਹਰ ਵਕਤ ਰਹਿੰਦਾ ਹੈ। ਇਕ ਅਨੁਮਾਨ ਅਨੁਸਾਰ ਹਰ ਰੋਜ਼ ਦਰਸ਼ਨਾਂ ਨੂੰ ਪਧਾਰਨ ਵਾਲੇ ਲੱਖ, ਡੇਢ ਲੱਖ ਯਾਤਰੂਆਂ ਵਿੱਚੋਂ 40% ਯਾਤਰੂ ਗ਼ੈਰ-ਸਿੱਖ ਹੁੰਦੇ ਹਨ ਜੋ ਭਾਰਤ ਅਤੇ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਤੋਂ ਦਰਸ਼ਨਾਂ ਅਤੇ ਜ਼ਿਆਰਤ ਲਈ ਆਉਂਦੇ ਹਨ। ਜ਼ਿਆਦਾ ਸੰਗਤਾਂ ਹੋਣ ਕਾਰਨ ਮੱਥਾ ਟੇਕਣ ਵਾਲੀਆਂ ਸੰਗਤਾਂ ਦੀਆਂ ਲਾਈਨਾਂ ਅਕਾਲ ਤਖ਼ਤ ਸਾਹਿਬ ਤਕ ਲੱਗੀਆਂ ਰਹਿੰਦੀਆਂ ਹਨ। ਸੰਗਤਾਂ ਨੂੰ ਮੌਸਮ ਦੀ ਮਾਰ ਤੋਂ ਬਚਾਉਣ ਲਈ ਇਕ ਕਰੋੜ ਰੁਪਏ ਦੀ ਖ਼ੂਬਸੂਰਤ ਛੋਲਦਾਰੀ ਸਾਰੇ ਲਾਂਘੇ ਤੇ ਲਗਾਈ ਗਈ ਹੈ ਜਿਹੜੀ ਸੁਹਣੀ ਵੀ ਲਗਦੀ ਹੈ ਅਤੇ ਲਾਭਦਾਇਕ ਬਹੁਤ ਹੈ। ਇਹ 8 ਮਿੰਟਾਂ ਦੇ ਅੰਦਰ ਅੰਦਰ ਤਣ ਵੀ ਜਾਂਦੀ ਹੈ ਅਤੇ ਇਕੱਠੀ ਵੀ ਹੋ ਸਕਦੀ ਹੈ। ਅਜਿਹੀਆਂ ਵਸਤਾਂ ਚੁਣ ਕੇ ਹਰਿਮੰਦਰ ਸਾਹਿਬ ਵਿੱਚ ਲਗਾਉਣ ਦਾ ਫ਼ਾਇਦਾ ਹੈ, ਫ਼ਜ਼ੂਲ ਦੀ ਫ਼ਜ਼ੂਲ ਖਰਚੀ ਦਾ ਕੋਈ ਅਰਥ ਨਹੀਂ, ਲੋੜ ਨਹੀਂ, ਲਾਭ ਵੀ ਨਹੀਂ।

ਅਜਿਹਾ ਸਵਰਗ ਅਨੋਖਾ ਜਗ ਤੇ, ਮੁੜ ਕੇ ਬਣ ਨਾ ਸਕਿਆ ਏ,
ਮੁਕਦੀ ਗਲ ਕਿ ਐਸਾ ਤੀਰਥ, ਨਾ ਸੁਣਿਆ ਨਾ ਤਕਿਆ ਏ। 'ਕੋਮਲ'

.29.

ਹਰਿਮੰਦਰ ਸਾਹਿਬ ਦੀ ਸੇਵਾ ਵਿੱਚ ਸੂਰਜੀ ਊਰਜਾ ਦਾ ਪ੍ਰਵੇਸ਼

ਹਰਿਮੰਦਰ ਸਾਹਿਬ ਵਿੱਚ ਦੁਨੀਆਂ ਦੇ ਕੋਨੇ ਕੋਨੇ ਤੋਂ ਲੱਖ, ਡੇਢ ਲੱਖ ਯਾਤਰੂ ਦਰਸ਼ਨਾਂ ਲਈ ਰੋਜ਼ ਆਉਂਦੇ ਹਨ। ਇਹ ਸੰਖਿਆ ਦਿਨ ਪ੍ਰਤੀ ਦਿਨ ਵਧ ਰਹੀ ਹੈ ਅਤੇ ਯਾਤਰੂਆਂ ਦੀ ਸੁਵਿਧਾ ਅਤੇ ਯੋਗ ਦੇਖ ਭਾਲ ਲਈ ਹਰਿਮੰਦਰ ਸਾਹਿਬ ਵਿੱਚ ਹਰ ਉਸ ਨਵੀਂ ਤਕਨੀਕ ਦਾ ਪੂਰੀ ਸਿਦਕ-ਦਿਲੀ ਨਾਲ ਪ੍ਰਯੋਗ ਕੀਤਾ ਜਾਂਦਾ ਹੈ ਜਿਹੜੀ ਕਿਸੇ ਨਾ ਕਿਸੇ ਸੌਖ ਨੂੰ ਪੈਦਾ ਕਰਦੀ ਹੋਵੇ ਅਤੇ ਨਵੀਂ ਤਕਨੀਕ ਤੇ ਅਧਾਰਤ ਹੋਣ ਕਾਰਨ ਵਧੇਰੇ ਕਾਰਗਰ ਹੋਵੇ।

ਉਕਤ ਭਾਵਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਖ਼ਾਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇੱਕ ਮਹੱਤਵਪੂਰਣ ਫੈਸਲਾ ਕੀਤਾ ਹੈ ਕਿ ਲੱਖਾਂ ਹਜ਼ਾਰਾਂ ਸ਼ਰਧਾਲੂਆਂ ਲਈ ਰੋਜ਼ ਤਿਆਰ ਕੀਤੇ ਜਾਂਦੇ ਲੰਗਰ ਨੂੰ ਲੱਕੜਾਂ ਦੇ ਬਾਲਣ ਜਾਂ ਰਸੋਈ ਗੈਸ ਦੀ ਵਰਤੋਂ ਕਰਕੇ ਤਿਆਰ ਕਰਨ ਦੀ ਬਜਾਏ, ਸੂਰਜੀ ਸ਼ਕਤੀ ਦਾ ਪ੍ਰਯੋਗ ਕੀਤਾ ਜਾਵੇ ਜਿਸ ਦੇ ਕਈ ਲਾਭ ਹਨ ਅਤੇ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਦੀ ਵਰਤੋਂ ਨਾਲ ਵਾਤਾਵਰਨ ਵਿੱਚ ਕਿਸੇ ਪਰਕਾਰ ਦਾ ਜ਼ਰਾ ਮਾਸਾ ਵੀ ਪਰਦੂਸ਼ਣ ਨਹੀਂ ਫੈਲੇਗਾ ਅਤੇ ਖਾਣਾ ਵੀ ਪੌਸ਼ਟਕ ਤਿਆਰ ਹੋਵੇਗਾ। ਇਕ ਰਪੋਟ ਮੁਤਾਬਕ ਪੰਜਾਬ ਦੇ ਮੌਸਮਾਂ ਅਨੁਸਾਰ ਸੂਰਜੀ ਊਰਜਾ ਲਈ ਸਰੋਤ ਵੀ ਸ਼ਕਤੀਸ਼ਾਲੀ ਰੂਪ ਵਿੱਚ ਸਾਲ ਦੇ ਵਧੇਰੇ ਸਮੇਂ ਤਕ ਉਪਲੱਬਧ ਰਹੇਗਾ। ਇਸ ਨਵੇਂ ਸ਼ਕਤੀ ਸਰੋਤ ਨੂੰ ਅਮਲੀ ਜਾਮਾ ਪਹਿਨਾਉਣ ਦੀ ਖਾਤਰ ਮੁੰਬਈ ਦੀ ਇਕ ਕੰਪਨੀ ਐਮਪਾਰ ਨੇ ਇਸ ਕਾਰਜ ਨੂੰ ਚਾਲੂ ਕਰਨ ਤੇ ਆਉਣ ਵਾਲੇ $1^1/_2$ ਕਰੋੜ ਰੁਪਏ ਦੇ ਖਰਚ ਨੂੰ ਖੁਦ ਬਰਦਾਸ਼ਤ ਕਰਨ ਦੀ ਇੱਛਾ ਪ੍ਰਗਟਾਈ ਹੈ ਜਿਸਨੂੰ ਕਮੇਟੀ ਨੇ ਆਪਣੀ ਇਕ ਮੀਟਿੰਗ ਵਿੱਚ ਪ੍ਰਵਾਨ ਕਰ ਲਿਆ ਹੈ ਅਤੇ ਇਵੇਂ ਨਿਕਟ ਭਵਿੱਖ ਵਿੱਚ ਹੀ ਸੂਰਜ ਦੇਵਤਾ ਦੀਆਂ ਤਪਦੀਆਂ ਕਿਰਨਾਂ ਲੰਗਰ ਪਕਾਣ, ਪਾਣੀ ਆਦਿ ਉਬਾਲਣ ਦੁਆਰਾ ਹਰਿਮੰਦਰ ਸੇਵਾ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਣਗੀਆਂ। ਯੋਗ ਘੋਖ ਉਪਰੰਤ ਫੈਸਲਾ ਹੋਇਆ ਹੈ ਕਿ ਇਸ ਊਰਜਾ ਨੂੰ ਪੈਦਾ ਕਰਨ ਵਾਲੇ ਜੰਤਰ ਗੁਰੂ ਨਾਨਕ ਦੇਵ ਨਿਵਾਸ ਤੇ ਫਿਟ ਕੀਤੇ ਜਾਣਗੇ ਜਿਨ੍ਹਾਂ ਦੀ ਊਰਜਾ ਲੰਗਰ ਹਾਲ ਵਿੱਚ ਜਾਂ ਜਿੱਥੇ ਵੀ ਲੋੜ ਹੋਈ, ਭੇਜੀ ਜਾਵੇਗੀ। ਗਰਮ ਪਾਣੀ ਨਾਲ ਲੰਗਰ ਦੇ ਭਾਂਡੇ ਧੋਣ ਆਦਿ ਲਈ ਪਹਿਲੇ ਹੀ ਸੂਰਜੀ ਊਰਜਾਂ ਦਾ ਸਫਲਤਾ ਪੂਰਵਕ ਪ੍ਰਯੋਗ ਗੁਰੂ ਰਾਮ ਦਾਸ ਲੰਗਰ ਹਾਲ ਵਿੱਚ ਹੋ ਰਿਹਾ ਹੈ।

ਇਸੇ ਤਰ੍ਹਾਂ ਸੂਰਜੀ ਊਰਜਾ ਦੁਆਰਾ ਬਿਜਲੀ ਬਣਾਉਣ ਨਾਲ ਸਬੰਧਤ ਭਾਰਤ ਸਰਕਾਰ ਦੇ ਮੰਤਰਾਲੇ ਦੇ ਮੰਤਰੀ ਨੇ ਵੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਵਿਸ਼ਵਾਸ਼ ਦਵਾਇਆ ਹੈ ਕਿ ਉਨ੍ਹਾਂ ਦੇ ਮੰਤਰਾਲੇ ਦੇ ਖਰਚੇ ਨਾਲ ਹਰਿਮੰਦਰ ਪ੍ਰੀਸਰ ਨੂੰ ਸੂਰਜੀ ਊਰਜਾ ਨਾਲ ਰੁਸ਼ਨਾ ਦਿੱਤਾ ਜਾਵੇਗਾ ਜਿਹੜਾ ਕਿ ਆਪਣੇ ਆਪ ਵਿੱਚ ਇਕ ਮਾਹਰਕੇਦਾਰ ਕਾਰਨਾਮਾ ਹੋਵੇਗਾ। ਅਸੀਂ ਪਹਿਲੇ ਪੜ੍ਹ ਚੁਕੇ ਹਾਂ ਕਿ ਦੀਵਿਆਂ, ਜੋਤਾਂ, ਮੋਮਬੱਤੀਆਂ, ਮਸ਼ਾਲਾਂ, ਪੈਟਰੀਮੈਕਸਾਂ ਤੋਂ ਅੱਗੇ ਵਧ ਕੇ ਬਿਜਲੀ ਦਾ ਪ੍ਰਯੋਗ ਹਰਿਮੰਦਰ ਸਾਹਿਬ ਵਿੱਚ ਕਰਨ ਲਈ ਬਹੁਤ ਦੇਰ ਤੱਕ ਚਰਚਾ ਛਿੜੀ ਰਹੀ ਅਤੇ ਹਰਿਮੰਦਰ ਸਾਹਿਬ ਵਿੱਚ ਬਿਜਲੀ ਪਰਵੇਸ਼ ਲਈ ਪੂਰੇ ਤੀਹ ਸਾਲ ਦੀ ਜੱਦੋ ਜਹਿਦ ਸਾਹਮਣੇ ਆਈ। ਪਰ ਅੱਜ ਜਦ ਰਾਤ ਨੂੰ ਬਿਜਲੀ ਦੀਆਂ ਰੌਸ਼ਨੀਆਂ ਵਿੱਚ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਂਦੇ ਹਨ ਤਾਂ ਯਾਤਰੂਆਂ ਨੂੰ ਦਿਨ ਨਾਲੋਂ ਵੀ ਵਧੇਰੇ ਆਨੰਦ ਆਉਂਦਾ ਹੈ। ਜਿਨ੍ਹਾਂ ਤਿਹਵਾਰਾਂ ਸਮੇਂ ਹਰਿਮੰਦਰ ਸਾਹਿਬ ਤੇ ਦੀਪ ਮਾਲਾ ਕੀਤੀ ਜਾਂਦੀ ਹੈ, ਉਨ੍ਹਾਂ ਸਮਿਆਂ ਦੀ ਬਿਜਲਈ ਰੌਸ਼ਨੀ ਦੀ ਆਭਾ ਸ਼ਬਦਾਂ ਦੇ ਘੇਰੇ ਤੋਂ ਬਾਹਰ ਨਿਕਲ ਜਾਂਦੀ ਹੈ। ਹੁਣ ਇਸ ਸੂਰਜੀ ਸ਼ਕਤੀ ਦੇ ਪ੍ਰਵੇਸ਼ ਨਾਲ ਵੀ ਹਰਿਮੰਦਰ ਸਾਹਿਬ ਦੇ ਰਖ ਰਖਾਓ ਵਿੱਚ ਅਵੱਸ਼ ਹੀ ਬਹੁਤ ਸੁਖਾਵਾਂ ਬਦਲਾਓ ਆਵੇਗਾ।

ਆਧੁਨਿਕਤਾ ਦੀ ਤਕਨੀਕ ਦਾ ਪੂਰਾ ਪੂਰਾ ਲਾਭ ਲੈਣ ਲਈ ਹੁਣ ਹਰਿਮੰਦਰ ਸਾਹਿਬ ਦੇ ਹਰ ਖੇਤਰ ਵਿੱਚ ਉਸਦਾ ਪ੍ਰਯੋਗ ਹੋਣ ਲਗ ਪਿਆ ਹੈ ਚਾਹੇ ਉਹ ਖੇਤਰ ਧੁੰਨੀ ਸਿਸਟਮ ਦੇ ਸੁਧਾਰ ਬਾਰੇ ਹੋਵੇ, ਛਾਉਲਦਾਰੀ ਨੂੰ ਸਵੈ ਚਾਲਕ ਢੰਗ ਨਾਲ ਤਣਨ ਜਾਂ ਬੰਦ ਕਰਨ ਵਿੱਚ ਹੋਵੇ ਜਾਂ ਫਿਰ ਹਰਿਮੰਦਰ ਸਾਹਿਬ ਵਿੱਚ ਗਾਈ ਜਾ ਰਹੀ ਬਾਣੀ ਦਾ ਪਰਕਰਮਾ ਵਿੱਚ ਲੱਗੀਆਂ ਵੱਡੀਆਂ ਵੱਡੀਆਂ ਸਕਰੀਨਾਂ ਤੇ ਅਰਥਾਂ ਸਮੇਤ ਨਾਲੋ ਨਾਲ ਪਰਦਰਸ਼ਨ ਹੋਵੇ ਤਾਕਿ ਯਾਤਰੂਆਂ ਨੂੰ ਕੰਪਲੈਕਸ ਵਿੱਚ ਕਿਧਰੇ ਵੀ ਸਜੇ ਹੋਣ ਤੇ ਵੀ ਬਾਣੀ ਦੇ ਦਰਸ਼ਨ ਹੋ ਸਕਣ ਅਤੇ ਅਰਥਾਂ ਦੀ ਵੀ ਸਮਝ ਪੈ ਸਕੇ। ਆਸ ਕੀਤੀ ਜਾਂਦੀ ਹੈ ਕਿ ਜੋ ਵੀ ਮਨੁੱਖ ਨੂੰ ਸੌਖ ਦੇਣ ਵਾਲੀ ਜੁਗਤ ਵਿਸ਼ਵ ਵਿੱਚ ਹੋਂਦ ਵਿੱਚ ਆਵੇਗੀ ਉਸਦਾ ਨਾਲੋ ਨਾਲ ਹਰਿਮੰਦਰ ਸਾਹਿਬ ਵਿੱਚ ਸਦ ਉਪਯੋਗ ਕੀਤਾ ਜਾਵੇਗਾ। ਅਜਿਹਾ ਕਰਕੇ ਹਰ ਕਿਸੇ ਨੂੰ ਖ਼ੁਸ਼ੀ, ਤਸੱਲੀ ਅਤੇ ਸੰਤੋਖ ਮਿਲਦਾ ਹੈ ਅਤੇ ਸ਼ਿਸ਼ਟਾਚਾਰ ਦੇ ਨਾਤੇ ਵੀ ਹਰ ਵਧੀਆ ਤੋਂ ਵਧੀਆ ਚੀਜ਼ ਸਭ ਤੋਂ ਪਹਿਲੇ ਪੂਰੇ ਚਾਵਾਂ ਮਲਹਾਰਾਂ ਨਾਲ ਪ੍ਰਮਾਤਮਾ ਦੇ ਘਰ, ਉਸਦੇ ਸਚਖੰਡ, ਹਰਿਮੰਦਰ ਸਾਹਿਬ ਵਿੱਚ ਸਜਣੀ ਹੀ ਸ਼ੋਭਦੀ ਹੈ।

ਪ੍ਰਗਟਿਆ ਸੂਰ ਜੋਤਿ ਉਜਿਆਰਾ॥ ਅੰਗ-737

.30.

ਹਰਿਮੰਦਰ ਸਾਹਿਬ ਵਿੱਚ ਸੁਭਾਇਮਾਨ ਹੁੰਦੇ ਗੁਰੂ ਸਰੂਪ

ਜਦ ਹਰਿਮੰਦਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਭਾਇਮਾਨ ਹੋ ਜਾਂਦੇ ਹਨ ਤਾਂ ਹਰ ਸਿੱਖ ਇਹੀ ਸਮਝਦਾ ਹੈ ਕਿ ਸ਼ਬਦ ਰੂਪ ਵਿੱਚ ਅਕਾਲਪੁਰਖ ਆਪਣੇ ਸਚਖੰਡ ਵਿੱਚ ਬਿਰਾਜਮਾਨ ਹੋ ਕੇ ਹਰ ਕਿਸੇ ਸ਼ਰਧਾਲੂ ਨੂੰ ਆਪਣੀਆਂ ਬਖ਼ਸ਼ਿਸ਼ਾਂ ਨਾਲ ਨਿਹਾਲ ਕਰ ਰਹੇ ਹਨ।

ਹਰਿਮੰਦਰ ਸਾਹਿਬ ਵਿਚ ਵੱਖ ਵੱਖ ਸਮਿਆਂ ਤੇ ਵੱਖ ਵੱਖ ਸਰੂਪ ਬਿਰਾਜਮਾਨ ਹੁੰਦੇ ਰਹੇ ਪਰ ਕਿਸੇ ਵੀ ਹਾਲਤ ਵਿੱਚ ਪਦ ਛੇਦਾਂ ਵਾਲਾ ਸਰੂਪ ਉੱਥੇ ਪਰਕਾਸ਼-ਮਾਨ ਨਹੀਂ ਹੁੰਦਾ। 1604 ਈ. ਤੋਂ 1634 ਤਕ ਉਹ ਪ੍ਰਥਮ ਸਰੂਪ ਸੁਭਾਇਮਾਨ ਰਹੇ ਜਿਨ੍ਹਾਂ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਦ ਕੀਤੀ। ਉਨ੍ਹਾਂ ਦੀ ਜਿਲਦਬੰਦੀ ਲਈ ਭਾਈ ਬਨੋ ਨੂੰ ਲਾਹੌਰ ਭੇਜਿਆ ਗਿਆ। ਭਾਈ ਸਾਹਿਬ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ ਕਿ ਉਨ੍ਹਾਂ ਨੇ ਜਿਲਦ ਤਿਆਰ ਕਰਵਾਂਦਿਆਂ ਕਰਵਾਂਦਿਆ ਉਸ ਪਰਮੇਸ਼ਰ ਨਾਮੀ ਪੋਥੀ ਦਾ ਉਤਾਰਾ ਕਰ ਲਿਆ ਅਤੇ ਆਪਣੀ ਮਰਜ਼ੀ ਨਾਲ ਉਸ ਵਿੱਚ 6 ਸ਼ਬਦਾਂ ਦਾ ਵਾਧਾ ਕਰ ਦਿੱਤਾ। ਗੁਰੂ ਸਾਹਿਬ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਨੂੰ ਖਾਰੀ ਬੀੜ ਦਾ ਦਰਜਾ ਦਿੱਤਾ ਜਿਹੜੀ ਅੱਜ ਵੀ ਭਾਈ ਬਨੋ ਦੀ ਸੰਤਾਨ ਪਾਸ ਮੌਜੂਦ ਹੈ।

ਪ੍ਰਥਮ ਬੀੜ ਦੇ ਹਰਿਮੰਦਰ ਸਾਹਿਬ ਵਿੱਚੋਂ 1634 ਵਿੱਚ ਲੈ ਜਾਣ ਮਗਰੋਂ ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਆਗਿਆ ਨਾਲ ਹੱਥ ਲਿਖਤ ਦਮਦਮੀ ਬੀੜ ਦਾ ਪ੍ਰਕਾਸ਼ 1705 ਈ. ਵਿੱਚ ਹਰਿਮੰਦਰ ਸਾਹਿਬ ਵਿੱਚ ਕੀਤਾ ਅਤੇ 30 ਸਾਲਾਂ ਮਗਰੋਂ ਉਸ ਬੀੜ ਨੂੰ ਵੀ ਪਹਿਲੀ ਬੀੜ ਵਾਂਗਰਾਂ ਮਜਬੂਰਨ ਹਰਿਮੰਦਰ ਸਾਹਿਬ ਦੀ ਸੰਗਤ ਛੱਡਣੀ ਪਈ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਪਿੱਛੋਂ ਕੌਮ ਨੂੰ ਬੜੀਆਂ ਭੀੜਾਂ ਪਈਆਂ ਅਤੇ ਉਸ ਨੂੰ ਭਾਰੀ ਔਕੜਾਂ ਵਿੱਚੋਂ ਲੰਘਣਾ ਪਿਆ, ਸਿੰਘਾਂ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਅਮਾਨਵੀ ਪਰਹਾਰ ਝਲਣੇ ਪਏ। ਉਸ ਸਮੇਂ ਦਾ ਭਾਰਤੀ ਹਾਕਮ ਵਰਗ ਆਪਣੇ ਜ਼ੁਲਮਾਂ ਸਦਕਾ ਆਪਣੀ ਹੈਂਕੜਬਾਜ਼ੀ ਦੇ ਸਿਖਰਾਂ ਤੇ ਸੀ।

ਸਹੀ ਅਰਥਾਂ ਵਿੱਚ 1784 ਈ: ਵਿੱਚ ਹਰਿਮੰਦਰ ਸਾਹਿਬ ਦੇ ਦੋਬਾਰਾ ਨਿਰਮਾਣ ਪਿੱਛੋਂ ਪੂਰੀ ਬਾਕਾਇਦਗੀ ਨਾਲ ਦਰਬਾਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣ ਲਗ ਪਿਆ ਜੋ ਨਿਰਵਿਘਨ ਦੋ ਸੌ ਸਾਲ ਤਕ

ਹੁੰਦਾ ਰਿਹਾ। ਫਿਰ 1984 ਦੀ ਕਾਲੀ ਬੋਲੀ ਹਨੇਰੀ ਨੇ ਹਰਿਮੰਦਰ ਸਾਹਿਬ ਦਾ ਬੜਾ ਨੁਕਸਾਨ ਕੀਤਾ, ਅਕਾਲ ਤਖ਼ਤ ਸਾਹਿਬ ਨੂੰ ਟੈਂਕਾਂ ਨਾਲ ਬਰਬਾਦ ਕਰਨ ਦੇ ਯਤਨ ਕੀਤੇ ਗਏ। ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੀ ਗੋਲੀਆਂ ਨਾਲ ਛਲਣੀ ਕਰ ਦਿੱਤਾ ਗਿਆ। ਕੁਝ ਦਿਨ ਹਰਿਮੰਦਰ ਸਾਹਿਬ ਦੀ ਮਰਿਆਦਾ ਖੰਡਤ ਰਹੀ ਜਿਸਨੂੰ ਮਗਰੋਂ ਵਿਸ਼ੇਸ਼ ਉਦਮ ਕਰਕੇ ਬਹਾਲ ਕੀਤਾ ਗਿਆ। ਉੱਥੇ ਸ਼ਹੀਦ ਹੋਈ ਸ਼ਹੀਦੀ ਬੀੜ ਨੂੰ ਮੁੜ ਸੁਰੱਖਿਅਤ ਕਰਨ ਦੇ ਨਾਲ ਨਾਲ ਹਰਿਮੰਦਰ ਸਾਹਿਬ ਵਿੱਚ ਤਿੰਨ ਹੋਰ ਹੱਥ ਲਿਖਤ ਸਰੂਪਾਂ ਦੀ ਸੇਵਾ ਲੈਣੀ ਪ੍ਰਾਰੰਭ ਕਰ ਦਿੱਤੀ ਗਈ। ਇਨ੍ਹਾਂ ਵਿੱਚੋਂ ਇਕ ਬਾਬਾ ਦੀਪ ਜੀ ਦੇ ਹੱਥ ਨਾਲ ਲਿਖੇ ਸਰੂਪ ਤੇ ਸੋਨੇ ਦੀ ਜਿਲਦ ਚੜ੍ਹੀ ਹੋਣ ਕਾਰਨ ਉਸਨੂੰ ਸੁਨਹਿਰੀ ਸਰੂਪ ਕਿਹਾ ਜਾਂਦਾ ਹੈ ਅਤੇ ਇਸ ਦੇ 1482 ਅੰਗ ਹਨ। ਇਹ ਹੱਥ ਲਿਖਤ ਬੀੜ ਹੈ ਅਤੇ ਸਾਰੇ ਸ਼ਬਦ ਇਕੋ ਲਾਈਨ ਵਿੱਚ ਬਝਵੇਂ ਰੂਪ ਵਿੱਚ ਲਿਖੇ ਹੋਏ ਹਨ ਅਤੇ ਆਪਸ ਵਿੱਚ ਜੁੜੇ ਹੋਏ ਹਨ। ਸਾਲ ਵਿੱਚ ਕੇਵਲ 6 ਮੌਕਿਆਂ ਤੇ ਹੀ ਇਸਦਾ ਪ੍ਰਕਾਸ਼ ਹੁੰਦਾ ਹੈ। ਇਸ ਸਰੂਪ ਤੋਂ ਸਾਧਾਰਨ ਵਿਅਕਤੀ ਸ਼ੁੱਧ ਪਾਠ ਨਹੀਂ ਕਰ ਸਕਦਾ। ਇਸ ਨੂੰ ਸਹੀ ਰੂਪ ਵਿੱਚ ਉਹੀ ਪਾਠੀ ਪੜ੍ਹ ਸਕਦਾ ਹੈ ਜਿਸਨੇ ਗੁਰਬਾਣੀ ਦੀ ਚੰਗੀ ਤਰ੍ਹਾਂ ਸੰਥਿਆ ਲਈ ਹੋਈ ਹੋਵੇ।

ਇਕ ਹੋਰ ਬੀੜ ਜਿਸਦਾ ਹਰਿਮੰਦਰ ਸਾਹਿਬ ਵਿਖੇ ਪਰਕਾਸ਼ ਕੀਤਾ ਜਾਂਦਾ ਹੈ ਉਸਦੇ 1502 ਅੰਗ ਹਨ। ਦੂਜੇ ਸਰੂਪ ਦੇ ਕੁਲ 1692 ਅੰਗ ਹਨ। ਇਹ ਸਰੂਪ ਆਮ ਸਰੂਪਾਂ ਨਾਲੋਂ ਕਾਫ਼ੀ ਵੱਡਾ ਹੈ।

ਸ਼ਹੀਦੀ ਬੀੜ ਦਾ ਵੀ 1984 ਤੋਂ ਮਗਰੋਂ ਸਮੇਂ ਸਮੇਂ ਤੇ ਪਰਕਾਸ਼ ਹੁੰਦਾ ਰਿਹਾ ਪਰ ਹੁਣ ਕੁਝ ਸਮੇਂ ਤੋਂ ਬੀੜ ਦੇ ਬਹੁਤ ਬਿਰਧ ਹੋ ਜਾਣ ਕਾਰਨ ਉਸਦਾ ਪਰਕਾਸ਼ ਨਹੀਂ ਕੀਤਾ ਜਾਂਦਾ ਅਤੇ ਉਸ ਸਰੂਪ ਨੂੰ ਕੋਠਾ ਸਾਹਿਬ ਵਿਖੇ ਸੁਰੱਖਿਅਤ ਸੰਭਾਲ ਕੇ ਰਖ ਲਿਆ ਗਿਆ ਹੈ।

ਉਕਤ ਸਰੂਪਾਂ ਵਿੱਚੋਂ ਜਿਸ ਤੋਂ ਵੀ ਦਰਬਾਰ ਸਾਹਿਬ ਵਿਖੇ ਹੁਕਮਨਾਮਾ ਲਿਆ ਜਾਵੇ, ਉਸ ਦੀਆਂ ਪ੍ਰਾਰੰਭਕ ਪੰਗਤੀਆਂ ਜਦ ਬੋਰਡ ਤੇ ਸੰਗਤਾਂ ਦੇ ਗਿਆਤ ਹਿਤ ਲਿਖੀਆਂ ਜਾਂਦੀਆਂ ਹਨ ਤਾਂ ਆਏ ਗਏ ਹੁਕਮਨਾਮੇ ਨੂੰ 1430 ਅੰਗਾਂ ਵਾਲੀ ਪਦਛੇਦ ਵਾਲੀ ਬੀੜ ਵਿੱਚੋਂ ਦੇਖ ਕੇ ਹੀ ਉਸਦੇ ਅੰਗ ਨੂੰ ਅੰਕਤ ਕੀਤਾ ਜਾਂਦਾ ਹੈ। ਵਿਸ਼ਵ ਭਰ ਵਿੱਚ ਆਮ ਕਰਕੇ ਸਭ ਗੁਰੂ ਘਰਾਂ ਵਿੱਚ 1430 ਅੰਗਾਂ ਵਾਲੇ ਪਦਛੇਦ ਸਰੂਪ ਦਾ ਹੀ ਪਰਕਾਸ਼ ਕੀਤਾ ਜਾਂਦਾ ਹੈ ਅਤੇ ਇਵੇਂ ਇਕੋ ਮਰਿਆਦਾ ਦੀ ਹੀ ਪਾਲਣਾ ਕੀਤੀ ਜਾਂਦੀ ਹੈ। ਹਰਿਮੰਦਰ ਸਾਹਿਬ ਵਿੱਚ ਇਹ ਮਰਿਆਦਾ ਜ਼ਰਾ ਹਟਵੀਂ ਤੇ ਅਲੌਕਿਕ ਹੈ ਅਤੇ ਸਦੀਆਂ ਤੋਂ ਚਲਦੀ ਆਉਣ ਕਾਰਨ ਲੋਕਪ੍ਰਿਅ ਹੈ ਅਤੇ ਸਰਬ ਪਰਵਾਣਤ ਵੀ।

ਗੁਰੂ ਬਿਨਾ ਮੈ ਨਾਹੀ ਹੋਰੁ ॥ ਅੰਗ–864

.31.

ਹਰਿਮੰਦਰ ਕੀਰਤਨ ਦਾ ਰੇਡੀਓ ਤੇ ਪ੍ਰਸਾਰਣ

ਜਦ ਸਿੱਖ ਸੰਸਾਰ 1977 ਵਿਚ ਅੰਮ੍ਰਿਤਸਰ ਦਾ 400ਵਾਂ ਸਾਜਨਾ ਦਿਵਸ ਮਨਾ ਰਿਹਾ ਸੀ ਤਾਂ ਸਿੱਖਾਂ ਨੇ ਇਕ ਮਤਾ ਪਾਸ ਕਰਕੇ ਸਰਕਾਰ ਅੱਗੇ ਮੰਗ ਰਖੀ ਕਿ ਦੁਨੀਆ ਭਰ ਵਿਚ ਵਸੇ ਹੋਏ ਗੁਰਬਾਣੀ ਪ੍ਰੇਮੀਆਂ ਨੂੰ ਦਰਬਾਰ ਸਾਹਿਬ ਦੇ ਅਦਭੁਤ ਕੀਰਤਨ ਦਾ ਆਨੰਦ ਪਰਦਾਨ ਕਰਨ ਲਈ ਇਕ ਸ਼ਕਤੀਸ਼ਾਲੀ ਟਰਾਂਸਮੀਟਰ ਵਾਲਾ ਰੇਡੀਓ ਸਟੇਸ਼ਨ ਬਣਾਇਆ ਜਾਵੇ ਜਿਹੜਾ ਦਰਬਾਰ ਸਾਹਿਬ ਦਾ ਕੀਰਤਨ ਸਾਰੇ ਵਿਸ਼ਵ ਵਿਚ ਪਹੁੰਚਾ ਸਕੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਸਰਕਾਰ ਇਹ ਕੁਝ ਨਹੀਂ ਕਰਨਾ ਚਾਹੁੰਦੀ ਤਾਂ ਉਹ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਲੋੜੀਂਦੀ ਆਗਿਆ ਦੇਵੇ ਕਿ ਉਹ ਖੁਦ ਇਸ ਸੁਵਿਧਾ ਦਾ ਪ੍ਰਬੰਧ ਕਰ ਲਵੇ। ਪਰ ਕਾਫੀ ਸਮਾਂ ਲੰਘ ਜਾਣ ਤੇ ਵੀ ਕੁਝ ਨਾ ਬਣਿਆ। ਇਕ ਦਿਨ ਜਗਜੀਤ ਸਿੰਘ ਚੌਹਾਨ ਸਾਬਕਾ ਮੰਤਰੀ ਪੰਜਾਬ ਇਕ ਡੱਬਾ ਜਿਹਾ ਚੁਕ ਕੇ ਦਰਬਾਰ ਸਾਹਿਬ ਲੈ ਆਇਆ ਅਤੇ ਉਸ ਦੀ ਮਦਦ ਨਾਲ ਉਸਨੇ ਦਰਬਾਰ ਸਾਹਿਬ ਦੇ ਕੀਰਤਨ ਨੂੰ ਰੀਲੇਅ ਕਰਨ ਦਾ ਯਤਨ ਕੀਤਾ ਤੇ ਅਖਬਾਰਾਂ ਵਾਲਿਆਂ ਨੇ ਲਿਖਿਆ ਕਿ ਦਰਬਾਰ ਸਾਹਿਬ ਦੇ ਬਾਹਰ ਤਕ ਕੁਝ ਲੋਕਾਂ ਨੇ ਆਪਣੇ ਰੇਡਿਊਜ਼ ਤੋਂ ਦਰਬਾਰ ਸਾਹਿਬ ਵਿਖੇ ਹੋ ਰਹੇ ਕੀਰਤਨ ਦੀ ਕੁਝ ਦੇਰ ਤਕ ਇਸ ਡਬੇ ਦੀ ਮਦਦ ਨਾਲ ਅਵਾਜ਼ ਸੁਣੀ। ਇਸ ਘਟਨਾ ਨੂੰ ਦਰਬਾਰ ਸਾਹਿਬ ਤੋਂ ਕੀਰਤਨ ਪ੍ਰਸਾਰਣ ਦੇ ਪ੍ਰਾਰੰਭ ਹੋਣ ਦਾ ਨਾਂ ਦਿੱਤਾ ਗਿਆ ਪਰ ਇਹ ਸਿਸਟਮ ਕੁਝ ਮਿੰਟਾਂ ਤਕ ਹੀ ਚਲ ਸਕਿਆ।

ਇਸ ਤੋਂ ਮਗਰੋਂ ਮਨੁੱਖ ਜਾਤੀ ਨੇ ਸਰਕਾਰ ਵਲੋਂ ਨੀਲਾ ਤਾਰਾ ਓਪਰੇਸ਼ਨ ਦੇ ਰੂਪ ਵਿਚ ਦੁਖਾਂਤ ਭੋਗਿਆ ਤੇ ਸਿੱਖਾਂ ਨੇ ਸਭ ਤੋਂ ਵੱਧ ਇਹ ਸੰਤਾਪ ਹੰਢਾਇਆ। ਦਰਬਾਰ ਸਾਹਿਬ ਦਾ ਬਹੁਤ ਨੁਕਸਾਨ ਹੋਇਆ, ਅਕਾਲ ਤਖਤ ਬਰਬਾਦ ਕਰ ਦਿੱਤਾ ਗਿਆ। ਸਿੱਖਾਂ ਵਿਚ ਤੇ ਧਰਮ ਦੀਆਂ ਨੇਕ ਕਦਰਾਂ ਕੀਮਤਾਂ ਨੂੰ ਪਿਆਰ ਕਰਨ ਵਾਲੇ ਸਭ ਲੋਕਾਂ ਵਿਚ ਇਸ ਮੰਦਭਾਗੀ ਘਟਨਾ ਦਾ ਬੜਾ ਦੁਖ ਸੀ। ਹੋਏ ਨੁਕਸਾਨ ਅਤੇ ਪ੍ਰਮਾਤਮਾ ਦੇ ਘਰ ਦੇ ਅਪਮਾਨ ਨੂੰ ਦੇਖਣ ਲਈ ਭਾਰਤ ਦਾ ਰਾਸ਼ਟਰਪਤੀ 8 ਜੂਨ 1984 ਨੂੰ ਦਰਬਾਰ ਸਾਹਿਬ ਪੁਜਾ। ਦਰਬਾਰ ਸਾਹਿਬ ਦੀ ਹਾਲਤ ਬਹੁਤ ਖਸਤਾ ਸੀ। ਰੋਜ਼-ਮਰਾ ਦੀ ਮਰਿਆਦਾ ਵੀ ਬੰਦ ਪਈ ਹੋਈ ਸੀ। ਜਿਵੇਂ ਕਿਵੇਂ ਵੀ ਹੋਇਆ ਦਰਬਾਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕੀਤਾ ਗਿਆ ਅਤੇ ਭਾਈ ਸੁਰਿੰਦਰ ਸਿੰਘ ਪਟਨੇ ਵਾਲਿਆਂ ਨੂੰ ਜੋ ਉਸ ਸਮੇਂ

ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਸਨ, ਲਭ ਕੇ ਕੀਰਤਨ ਕਰਨ ਦੀ ਸੇਵਾ ਤੇ ਲਗਾਇਆ ਗਿਆ। ਸਰਕਾਰ ਨੇ ਸਿੱਖ ਸੰਗਤਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਪੁਰਾਣੀ ਚਲੀ ਆ ਰਹੀ ਮੰਗ ਜੋ ਦਰਬਾਰ ਸਾਹਿਬ ਦੇ ਕੀਰਤਨ ਨੂੰ ਰੇਡੀਓ ਤੋਂ ਰੀਲੇਅ ਕਰਨ ਨਾਲ ਸਬੰਧਤ ਸੀ, ਨੂੰ ਚੁਪ ਚੁਪੀਤੇ ਹੀ ਮੰਨ ਕੇ ਕੀਰਤਨ ਦੇ ਪ੍ਰੋਗਰਾਮ ਨੂੰ ਰੇਡੀਓ ਤੋਂ ਪਰਸਾਰਤ ਕਰਨਾ ਸ਼ੁਰੂ ਕਰ ਦਿੱਤਾ। ਸਾਰੇ ਪੰਜਾਬ ਵਿਚ ਕਰਫੀਊ ਲੱਗਾ ਹੋਇਆ ਸੀ। ਲੋਕੀ ਘਰਾਂ ਵਿਚ ਹੀ ਟਿਕੇ ਹੋਏ ਸਨ, ਕੋਈ ਤਾਜ਼ਾ ਹਾਲਾਤ ਜਾਣਨ ਲਈ ਟੀ. ਵੀ. ਲਗਾ ਲੈਂਦਾ ਤੇ ਕੋਈ ਰੇਡੀਓ ਖੋਲ੍ਹ ਲੈਂਦਾ। ਅਚਾਨਕ ਲੋਕਾਂ ਨੇ ਦਰਬਾਰ ਸਾਹਿਬ ਦਾ ਕੀਰਤਨ ਪ੍ਰਸਾਰਤ ਹੁੰਦਾ ਸੁਣਿਆ, ਹੈਰਾਨਗੀ ਵੀ ਹੋਈ ਤੇ ਕੁਝ ਸ਼ਾਂਤੀ ਵੀ। ਕਦੇ ਕਦੇ ਕੀਰਤਨ ਦੇ ਵਿਚ ਵਿਚ ਹੀ ਕਿਸੇ ਨਾ ਕਿਸੇ ਗੋਲੀ ਦੀ ਅਵਾਜ਼ ਵੀ ਸੁਣਾਈ ਦੇ ਜਾਂਦੀ। ਰਾਗੀ ਸਿੰਘਾਂ ਨੇ ਜੋ ਸ਼ਬਦ ਉਸ ਸਮੇਂ ਲਗਾਏ ਉਨ੍ਹਾਂ ਵਿਚੋਂ ਗੁਸੇ ਤੇ ਨਰਾਜ਼ਗੀ ਦਾ ਪ੍ਰਗਟਾਵਾ ਹੁੰਦਾ ਪ੍ਰਤੱਖ ਦਿਸਦਾ ਸੀ:

> ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥
> ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥
> ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥
> ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ..... ਅੰਗ-649

ਇਕ ਸ਼ਬਦ ਮੁਕਦਾ ਤਾਂ ਉਹੋ ਜਿਹਾ ਹੋਰ ਚਲ ਪੈਂਦਾ :

> *ਕੁਤਾ ਰਾਜ ਬਹਾਲੀਐ ਫਿਰ ਚਕੀ ਚਟੈ*
> *ਸਪੈ ਦੁਧ ਪਲਾਈਐ ਵਿਹੁ ਮੁਖ ਥੀਂ ਸਟੈ*
> *ਪਥਰ ਪਾਣੀ ਰਖੀਐ ਮਨ ਹਠ ਨ ਘਟੈ*
> *ਚੋਆ ਚੰਦਨ ਪਰਹਰੈ ਖਰ ਖੇਹ ਪਲਟੈ*
> *ਤਿਉਂ ਨਿੰਦਕ ਪਰ ਨਿੰਦਿਆ ਹੂੰ ਹਠਿ ਮੂਲ ਨ ਹਟੈ*
> *ਆਪਣ ਹਥੀਂ ਆਪਣੀ ਜੜ੍ਹ ਆਪ ਉਪਟੈ*
>
> (ਭਾਈ ਗੁਰਦਾਸ, 35ਵੀਂ ਵਾਰ)

ਜਾਂ ਫਿਰ

> ਜਨ ਕਉ ਪ੍ਰਭ ਅਪਨੇ ਕਾ ਤਾਣੁ ॥
> ਜੋ ਤੂ ਕਰਹਿ ਕਰਾਵਹਿ ਸੁਆਮੀ
> ਸਾ ਮਸਲਤਿ ਪਰਵਾਣੁ ॥ ਰਹਾਉ ॥ ਅੰਗ-677

ਬਹੁਤ ਦਿਨ ਤਕ ਇਹੀ ਸ਼ਬਦ ਰੋਜ਼ ਲਗਦੇ ਤੇ ਵਿਸ਼ੇਸ਼ ਕਰਕੇ ਉਸ ਸਮੇਂ ਜਦ ਪ੍ਰਸਾਰਣ ਰੇਡੀਓ ਤੇ ਆ ਰਿਹਾ ਹੁੰਦਾ। ਕਾਫੀ ਸਮੇਂ ਮਗਰੋਂ ਇਹ ਸ਼ਬਦ ਵੀ ਸੁਣਨ ਨੂੰ ਮਿਲਿਆ :

ਆਠ ਪਹਰ ਨਿਕਟਿ ਕਰਿ ਜਾਨੈ ॥
ਪ੍ਰਭ ਕਾ ਕੀਆ ਮੀਠਾ ਮਾਨੈ ॥ ਅੰਗ-392

ਅਜਿਹੇ ਤਲਖੀਆਂ, ਗਿਲੇ ਸ਼ਿਕਵਿਆਂ ਭਰੇ ਸ਼ਬਦਾਂ ਨਾਲ ਪ੍ਰਾਰੰਭ ਹੋਇਆ ਰੇਡੀਓ ਕੀਰਤਨ ਪ੍ਰਸਾਰਣ ਸਮਾਂ ਪੈ ਕੇ ਗੁਰਬਾਣੀ ਪ੍ਰੇਮੀਆਂ ਦੇ ਜੀਵਨ ਦਾ ਅਟੁਟ ਅੰਗ ਬਣ ਗਿਆ ਅਤੇ ਹੁਣ ਹਰ ਰੋਜ਼ ਅੰਮ੍ਰਿਤ ਵੇਲੇ 4 ਵਜੇ ਤੋਂ ਸਵੇਰੇ 6 ਵਜੇ ਤਕ ਅਤੇ ਸ਼ਾਮ 4.30 ਤੋਂ 5.30 ਵਜੇ ਤੱਕ ਇਹ ਕੀਰਤਨ ਪ੍ਰਸਾਰਣ ਅਕਾਸ਼ਵਾਣੀ ਤੋਂ ਲਗਪਗ ਸਾਰੇ ਭਾਰਤ ਵਿਚ ਸੁਣਿਆ ਜਾ ਸਕਦਾ ਹੈ। ਸੰਗਤਾਂ ਇਸ ਦਾ ਆਨੰਦ ਆਪਣੇ ਆਪਣੇ ਘਰਾਂ ਵਿਚ ਬੈਠ ਕੇ ਲੈਂਦੀਆਂ ਹਨ। ਬਹੁਤੇ ਸ਼ਰਧਾਲੂ ਤਾਂ ਕੀਰਤਨ ਪ੍ਰਸਾਰਣ ਸ਼ੁਰੂ ਹੋਣ ਤੋਂ ਪਹਿਲੇ ਇਸ਼ਨਾਨ ਪਾਣੀ ਕਰਕੇ ਪੂਰੇ ਸੁਚੇਤ ਰੂਪ ਵਿਚ ਅਖਾਂ ਬੰਦ ਕਰਕੇ ਇਵੇਂ ਇਸ ਕੀਰਤਨ ਨੂੰ ਸੁਣਦੇ ਹਨ ਜਿਵੇਂ ਕਿ ਉਹ ਦਰਬਾਰ ਸਾਹਿਬ ਵਿਚ ਬੈਠੇ ਹੀ ਇਸ ਨੂੰ ਸਰਵਣ ਕਰ ਰਹੇ ਹੋਣ। ਇਸ ਕੀਰਤਨ ਦੀ ਸੁਵਿਧਾ ਨਾਲ ਬਹੁਤ ਸਾਰੇ ਲੋਕਾਂ ਵਿਚ ਚਾਹੇ ਉਹ ਹਿੰਦੂ ਹਨ, ਮੁਸਲਮਾਨ ਹਨ ਜਾਂ ਸਿੱਖ, ਗੁਰਬਾਣੀ ਬਾਰੇ ਅਤੇ ਹਰਿਮੰਦਰ ਸਾਹਿਬ ਬਾਰੇ ਇਕ ਨਵੇਕਲੀ ਕਿਸਮ ਦੀ ਸ਼ਰਧਾ ਬਣ ਗਈ ਹੈ। ਗੁਰਬਾਣੀ ਕਲਚਰ ਦਾ ਬੋਲ-ਬਾਲਾ ਹੋਇਆ ਹੈ, ਕੀਰਤਨ ਦਾ ਸੰਗਤਾਂ ਵਿਚ ਮੱਸ ਤੇ ਰਸ ਵਧ ਗਿਆ ਹੈ। ਗੈਰ-ਸਿੱਖ ਸਜਣ ਵੀ ਹੁਣ ਆਪਣੇ ਘਰਾਂ ਵਿਚ, ਕਾਰਾਂ ਵਿਚ ਗੁਰਬਾਣੀ ਕੀਰਤਨ ਦੀਆਂ ਟੇਪਾਂ ਸੁਣ ਕੇ ਆਨੰਦ ਲੈਂਦੇ ਹਨ। ਨਾਲ ਹੀ ਉਨ੍ਹਾਂ ਦਾ ਹਰਿਮੰਦਰ ਸਾਹਿਬ ਪ੍ਰਤੀ ਓਪਰਾਪੰਨ ਵੀ ਮੁਕ ਜਿਹਾ ਗਿਆ ਹੈ ਅਤੇ ਕਾਫੀ ਗਿਣਤੀ ਵਿਚ ਗੈਰ-ਸਿੱਖ ਸ਼ਰਧਾਲੂ ਦਰਬਾਰ ਸਾਹਿਬ ਦੇ ਸਾਖਿਆਤ ਦਰਸ਼ਨਾਂ ਲਈ ਉੱਥੇ ਜਾਣ ਲਗ ਪਏ ਹਨ। ਸਿੱਖ ਸੰਗਤਾਂ ਦੀ ਵੀ ਦਰਬਾਰ ਸਾਹਿਬ ਪ੍ਰਤੀ ਜ਼ਿਆਰਤ (ਸ਼ਰਧਾਮਈ ਯਾਤਰਾ) ਵਧ ਗਈ ਹੈ ਅਤੇ ਇਸ ਦਾ ਅਸਰ ਇਸ ਗੱਲ ਤੋਂ ਮਹਿਸੂਸ ਹੋਣ ਲਗ ਪਿਆ ਹੈ ਕਿ ਜਿਸ ਸਮੇਂ ਵੀ ਕੋਈ ਦਰਬਾਰ ਸਾਹਿਬ ਜਾਏ, ਉਸਨੂੰ ਉੱਥੇ ਮਥਾ ਟੇਕਣ ਲਈ ਘਟੋ ਘਟ ਅੱਧਾ ਪੌਣਾ ਘੰਟਾ ਤਾਂ ਲਾਈਨ ਵਿਚ ਲਗਣਾ ਹੀ ਪਵੇਗਾ।

ਦਰਬਾਰ ਸਾਹਿਬ ਤੋਂ ਕੀਰਤਨ ਦਾ ਰੇਡੀਓ ਤੋਂ ਪਰਸਾਰਣ ਦਾ ਫਾਇਦਾ ਵਿਸ਼ਵ ਸਿੱਖ ਸੰਗਤਾਂ ਨੂੰ ਇਸ ਪ੍ਰਕਾਰ ਵੀ ਹੋਇਆ ਹੈ ਕਿ ਉਨ੍ਹਾਂ ਨੇ ਵੀ ਆਪਣੇ ਆਪਣੇ ਦੇਸ਼ਾਂ ਵਿਚ ਰੇਡੀਓ ਚੈਨਲ ਖਰੀਦ ਕੇ ਜਾਂ ਕਰਾਏ ਤੇ ਲੈ ਕੇ ਮਹਤਵਪੂਰਨ ਗੁਰਦਵਾਰਿਆਂ ਦੇ ਕੀਰਤਨ ਪ੍ਰੋਗਰਾਮਾਂ ਨੂੰ ਇਵੇਂ ਹੀ ਲਾਈਵ ਪ੍ਰਸਾਰਤ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਵੇਂ ਦਰਬਾਰ ਸਾਹਿਬ ਤੋਂ ਕੀਰਤਨ ਪ੍ਰਸਾਰਣ ਹੁੰਦਾ ਹੈ। ਇਸ ਨਾਲ ਉੱਥੇ ਰਹਿੰਦੇ ਗੁਰਬਾਣੀ ਪ੍ਰੇਮੀਆਂ ਨੂੰ ਆਪਣੇ ਆਪਣੇ ਘਰਾਂ ਵਿਚ ਹੀ ਅੰਮ੍ਰਿਤ ਵੇਲੇ ਕੀਰਤਨ, ਹੁਕਮਨਾਮਾ, ਅਰਦਾਸ ਆਦਿ ਸੁਣਨ ਦਾ ਅਵਸਰ ਮਿਲਣ ਲਗ ਪਿਆ ਹੈ ਤੇ ਇਸ ਸੁਵਿਧਾ ਨੇ ਸਿੱਖੀ ਚੇਤਨਾ ਵਿਚ ਨਵਾਂ

ਨਿਖਾਰ ਲਿਆ ਦਿੱਤਾ ਹੈ। ਟਰੋਂਟੋ ਕੈਨੇਡਾ ਵਿਚ ਤਾਂ ਇਕ ਐਸਾ ਰੇਡੀਓ ਸਟੇਸ਼ਨ ਵੀ ਹੈ ਜੋ ਕੁਝ ਗੁਰਪੁਰਬਾਂ ਤੇ ਰੇਡੀਓ ਸਟੇਸ਼ਨ ਤੋਂ ਹੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਦਾ ਹੈ ਜਿਹੜਾ ਹਜ਼ਾਰਾਂ ਘਰਾਂ ਵਿਚ ਬੜੀ ਸ਼ਰਧਾ ਨਾਲ ਸੁਣਿਆ ਜਾਂਦਾ ਹੈ। ਲੋਕੀ ਸਾਰਾ ਸਾਰਾ ਦਿਨ ਆਪਣੇ ਘਰਾਂ ਵਿਚ ਅਖੰਡ ਪਾਠ ਸਾਹਿਬ ਦਾ ਆਨੰਦ ਮਾਣਦੇ ਤੇ ਨਿਹਾਲ ਹੁੰਦੇ ਰਹਿੰਦੇ ਹਨ। ਰੇਡੀਓ ਤੇ ਸਪੱਸ਼ਟ ਤੇ ਖ਼ੂਬਸੂਰਤ ਲੈਅ ਵਿੱਚ ਪਾਠ ਸੁਣ ਕੇ ਸੰਗਤਾਂ ਉਨ੍ਹਾਂ ਦਿਨਾਂ ਵਿੱਚ ਗੁਰਬਾਣੀ ਦੇ ਰੰਗ ਵਿੱਚ ਰੰਗੀਆਂ ਜਾਂਦੀਆਂ ਹਨ। ਆਮ ਅਜਿਹੇ ਘਰਾਂ ਵਿੱਚ ਜਿੱਥੇ ਇਹ ਅਖੰਡ ਪਾਠ ਰੇਡੀਓ ਰਾਹੀਂ ਸਰਵਣ ਕੀਤਾ ਜਾਂਦਾ ਹੈ, ਸਮੁੱਚਾ ਮਾਹੌਲ ਧਾਰਮਕ ਹੋ ਜਾਂਦਾ ਹੈ। ਉਨ੍ਹਾਂ ਘੰਟਿਆਂ ਦੌਰਾਨ ਘਰ ਵਿੱਚ ਕੋਈ ਉੱਚਾ ਨਹੀਂ ਬੋਲਦਾ, ਨਸ਼ਿਆਂ ਆਦਿ ਦੀ ਵਰਤੋਂ ਤੋਂ ਘਰ ਵਿੱਚ ਸਭ ਗੁਰੇਜ਼ ਕਰਦੇ ਹਨ। ਘਰਾਂ ਦੀਆਂ ਬਜ਼ੁਰਗ ਔਰਤਾਂ ਤਾਂ ਭੋਗ ਤੋਂ ਮਗਰੋਂ ਉਦਾਸ ਹੋ ਜਾਂਦੀਆਂ ਹਨ ਅਤੇ ਚਾਹੁੰਦੀਆਂ ਹਨ ਕਿ ਉਨ੍ਹਾਂ ਦੇ ਘਰਾਂ ਵਿੱਚ ਬਾਣੀ ਦਾ ਅਜਿਹਾ ਨਿਰੰਤਰ ਪਾਠ ਸਦਾ ਹੁੰਦਾ ਰਹੇ। ਇਸੇ ਰੇਡੀਓ ਸਟੇਸ਼ਨ ਨੇ ਆਪਣੇ ਉਤਸ਼ਾਹੀ ਉਦਮਾਂ ਨਾਲ ਦਰਬਾਰ ਸਾਹਿਬ ਦੇ ਕੀਰਤਨ ਨੂੰ ਵੀ ਆਮ ਦਿਨਾਂ ਵਿੱਚ ਨਾਲੋ ਨਾਲ ਪ੍ਰਸਾਰਤ ਕਰ ਕੇ ਕੈਨੇਡਾ ਵਿਚ ਸਥਿਤ ਸੰਗਤਾਂ ਦਾ ਸਿੱਧਾ ਰਾਬਤਾ (ਸੰਪਰਕ) ਹਰਿਮੰਦਰ ਸਾਹਿਬ ਨਾਲ ਜੋੜਨ ਦਾ ਸਫਲ ਕਦਮ ਵੀ ਚੁਕਿਆ ਹੈ। ਇਵੇਂ ਗੁਰਬਾਣੀ ਦੀ ਕੀਰਤੀ ਵਿਸ਼ਵ ਭਰ ਵਿਚ ਆਪਣੀ ਅਨੰਦਮਈ ਸੁਗੰਧੀ ਨਾਲ ਵਾਤਾਵਰਣ ਨੂੰ ਪਵਿੱਤਰ ਕਰਨ ਵਿਚ ਇਕ ਉੱਤਮ ਭੂਮਿਕਾ ਨਿਭਾਉਣ ਲਗ ਪਈ ਹੈ।

ਇਸ ਸਭ ਕੁਝ ਤੋਂ ਇਹ ਸਮਝਣਾ ਚਾਹੀਦਾ ਹੈ ਕਿ ਕਲਜੁਗ ਦੇ ਅਜੋਕੇ ਦੌਰ ਵਿਚ ਹਰਿਮੰਦਰ ਸਾਹਿਬ ਵਲੋਂ ਸਮੁਚੇ ਮਾਨਵੀ ਭਾਈਚਾਰੇ ਨੂੰ ਆਪਣੇ ਪ੍ਰਭਾਵ ਹੇਠ ਲੈਣ ਦੀ ਕਿਰਿਆ ਪ੍ਰਾਰੰਭ ਹੋ ਗਈ ਹੈ ਜਿਸ ਨਾਲ ਵਿਸ਼ਵ ਭਰ ਦੇ ਲੋਕਾਂ ਵਿਚ ਆਤਮਿਕ ਆਨੰਦ, ਮਾਨਸਕ ਸ਼ਾਂਤੀ, ਸਦਾਚਾਰਕ ਪਾਕੀਜ਼ਗੀ ਤੇ ਭਾਵਾਤਮਿਕ ਖੇੜਾ ਪ੍ਰਦਾਨ ਕਰਨ ਦੀ ਭੂਮਿਕਾ ਨਿਭਾਉਣ ਦਾ ਲਾਸਾਨੀ ਯੋਗਦਾਨ ਪਾਉਣ ਦਾ ਅਮਲ ਸੁਦ੍ਰਿੜ ਹੋਣ ਲਗ ਪਿਆ ਹੈ। ਇਸਦੇ ਸਿਟੇ ਮਾਨਵਤਾ ਲਈ ਬੜੇ ਹੀ ਲਾਭਕਾਰੀ ਹੋਣਗੇ, ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿਉਂਕਿ ਕਲਜੁਗ, ਜਿਸ ਵਿੱਚੋਂ ਮਾਨਵਤਾ ਗੁਜ਼ਰ ਰਹੀ ਹੈ, ਉੱਥੇ ਕੇਵਲ ਤੇ ਕੇਵਲ ਗੁਰਬਾਣੀ ਦੀ ਹੀ ਪ੍ਰਧਾਨਤਾ ਹੈ, ਜੋ ਇਨਸਾਨੀ ਮਨਾਂ ਨੂੰ ਸ਼ੁੱਧ ਅਤੇ ਆਤਮਾਵਾਂ ਨੂੰ ਪਵਿੱਤਰ ਕਰ ਸਕਦੀ ਹੈ।

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ॥
ਸਭ ਹਰਿ ਹਰਿ ਨਾਮੁ ਧਿਆਵੈ ਰਾਮ॥ ਅੰਗ-540

.32.

ਹਰਿਮੰਦਰ ਤੋਂ ਗੁਰਬਾਣੀ ਕੀਰਤਨ ਦਾ ਟੀ.ਵੀ. ਪ੍ਰਸਾਰਣ

ਟੈਲੀਵੀਜ਼ਨ ਤਕਨਾਲੋਜੀ ਦੇ ਪਸਾਰ ਨੇ ਅਸਥਾਨਾਂ ਦੀ ਦੂਰੀ ਨੂੰ ਖਤਮ ਕਰ ਦਿੱਤਾ ਹੈ। ਜਦ ਤੋਂ ਸੈਟਾਲਾਈਟ ਸੁਵਿਧਾ ਨੂੰ ਟੀ. ਵੀ. ਪ੍ਰਸਾਰਣਾਂ ਲਈ ਵਰਤਿਆ ਜਾਣ ਲਗਾ ਹੈ, ਇਵੇਂ ਲਗਣ ਲਗ ਪਿਆ ਹੈ ਕਿ ਸਾਰੀ ਦੁਨੀਆ ਇਕ ਛੋਟਾ ਜਿਹਾ ਪਿੰਡ ਬਣ ਕੇ ਰਹਿ ਗਈ ਹੈ। ਕਿਧਰੇ ਕੋਈ ਮੈਚ ਹੋਵੇ, ਵਿਸ਼ਵ ਸਮਾਗਮ ਹੋਵੇ ਜਾਂ ਕੋਈ ਵਡੀ ਭੀੜਾ ਵਾਪਰੇ, ਟੀ. ਵੀ. ਸਾਰੇ ਸੰਸਾਰ ਨੂੰ ਉਸ ਨਾਲ ਜੋੜ ਕੇ ਸਭ ਮਨੁੱਖਾਂ ਨੂੰ ਉਸ ਦੀ ਭਾਗੀਦਾਰ ਬਣਾ ਦੇਂਦੀ ਹੈ। ਇਸ ਸੁਵਿਧਾ ਨੂੰ ਜੇ ਚੰਗੇ ਕੰਮਾਂ ਲਈ ਵਰਤਿਆ ਜਾਵੇ ਤਾਂ ਸਚਮੁਚ ਦੁਨੀਆ ਵਿਚ ਵਧੇਰੇ ਭਰਾਤਰੀ ਭਾਵ ਵਿਕਸਤ ਹੋ ਸਕਦਾ ਹੈ ਤੇ ਮਾਨਵ ਸਮਾਜ ਵਿਚ ਸਾਂਝਾਂ ਵਧ ਸਕਦੀਆਂ ਹਨ।

ਇਸ ਆਸ਼ੇ ਨੂੰ ਹੀ ਸਾਹਮਣੇ ਰਖਦਿਆਂ ਹੋਇਆਂ ਸਰਬ ਮਾਨਵਤਾ ਦੇ ਸਾਂਝੇ ਤੀਰਥ ਹਰਿਮੰਦਰ ਸਾਹਿਬ ਤੋਂ ਵੱਧ ਤੋਂ ਵੱਧ ਹਿਰਦਿਆਂ ਨੂੰ ਸ਼ਾਂਤੀ ਪ੍ਰਦਾਨ ਕਰਨ ਦੇ ਮਨੋਰਥ ਨਾਲ ਪਹਿਲੇ ਗੁਰਬਾਣੀ ਕੀਰਤਨ ਅੰਮ੍ਰਿਤ ਵੇਲੇ 4 ਤੋਂ 6 ਵਜੇ ਤਕ ਅਤੇ ਸ਼ਾਮ ਸਾਢੇ ਚਾਰ ਤੋਂ ਸਾਢੇ ਪੰਜ ਵਜੇ ਤਕ ਰੇਡੀਓ ਤੋਂ ਪ੍ਰਸਾਰਤ ਕਰਨ ਦੇ ਉਪਰਾਲੇ ਕੀਤੇ ਗਏ ਸਨ ਜਿਨ੍ਹਾਂ ਸਦਕਾ ਲਖਾਂ ਗੁਰਬਾਣੀ ਪ੍ਰੇਮੀ ਇਸ ਇਲਾਹੀ ਕੀਰਤਨ ਤੋਂ ਰੋਜ਼ਾਨਾ ਲਾਹ ਲੈ ਰਹੇ ਹਨ। 1977 ਵਿਚ ਜਦ ਅੰਮ੍ਰਿਤਸਰ ਦਾ 4 ਸੌ ਸਾਲਾ ਸਥਾਪਨਾ ਦਿਵਸ ਸਮਾਗਮ ਮਨਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਰੇਡੀਓ ਪ੍ਰਸਾਰਣ ਪ੍ਰਾਰੰਭ ਕਰਨ ਲਈ ਮਤਾ ਪਾਸ ਕੀਤਾ ਗਿਆ ਸੀ ਅਤੇ ਇਸ ਬਾਰੇ ਵੀ ਵਿਚਾਰਾਂ ਹੋਈਆਂ ਸਨ ਕਿ ਇਸ ਖੇਤਰ ਵਿਚ ਸੋਚਾਂ ਕੀਤੀਆਂ ਜਾਣ ਤਾਂ ਕਿ ਇਹ ਕੀਰਤਨ ਰੇਡੀਓ ਦੇ ਨਾਲ ਨਾਲ ਟੀ. ਵੀ. ਤੇ ਵੀ ਟੈਲੀਕਾਸਟ ਕੀਤਾ ਜਾ ਸਕੇ। ਭਾਵੇਂ ਉਸ ਵਕਤ ਅਜਿਹੀ ਮੰਗ ਵਕਤ ਨਾਲੋਂ ਕੁਝ ਅਗੇਤੀ ਮੰਗ ਸੀ ਪਰ ਇਸ ਨੇ ਕੌਮ ਦਾ ਧਿਆਨ ਇਸ ਪਾਸੇ ਜ਼ਰੂਰ ਦਵਾਇਆ। ਨਤੀਜਾ ਇਹ ਨਿਕਲਿਆ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਅਤੇ ਹੋਰ ਸਰਕਾਰੀ ਤੇ ਨੀਮ ਸਰਕਾਰੀ ਅਦਾਰਿਆਂ ਅਤੇ ਟੀ. ਵੀ. ਕੰਪਨੀਆਂ ਨੇ ਦਰਬਾਰ ਸਾਹਿਬ ਦੇ ਕਈ ਪ੍ਰੋਗਰਾਮਾਂ ਦੀਆਂ ਚਲੰਤ ਫਿਲਮਾਂ ਬਣਾ ਕੇ ਟੀ. ਵੀ. ਰਾਹੀਂ ਗਾਹੇ ਬਗਾਹੇ ਦਿਖਾਣੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਸਦਕਾ ਸਿੱਖਾਂ ਅਤੇ ਗ਼ੈਰ-ਸਿੱਖਾਂ ਵਿਚ ਵੀ ਦਰਬਾਰ ਸਾਹਿਬ ਪ੍ਰਤੀ ਜਗਿਆਸਾ ਵਧੀ ਅਤੇ ਇਸ ਅਦਭੁਤ ਅਸਥਾਨ ਦੇ ਦਰਸ਼ਨਾਂ ਲਈ ਧਾਰਮਿਕ

ਜਥੇ ਅਤੇ ਸ਼ੌਕੀਆ ਯਾਤਰੂ ਵਡੀ ਗਿਣਤੀ ਵਿਚ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਲਗ ਪਏ। ਫਿਰ ਬਦਕਿਸਮਤੀ ਨਾਲ ਪੰਜਾਬ ਸੰਘਰਸ਼ ਦੇ ਯੁਗ ਵਿਚ ਪ੍ਰਵੇਸ਼ ਕਰ ਗਿਆ ਅਤੇ 10 ਸਾਲ ਇੱਥੇ ਕਾਲੀਆਂ ਹਨੇਰੀਆਂ ਝੁਲਦੀਆਂ ਰਹੀਆਂ। ਅਤਿਆਚਾਰ ਦਾ ਮੁਖ ਕੇਂਦਰ ਪਵਿੱਤਰ ਦਰਬਾਰ ਸਾਹਿਬ ਬਣਿਆ ਜਿਸ ਦਾ ਬਹੁਤ ਨੁਕਸਾਨ ਹੋਇਆ। ਬੇਸ਼ੁਮਾਰ ਨਿਰਦੋਸ਼ ਯਾਤਰੂ ਤੇ ਸ਼ਰਧਾਲੂ ਹਰਿਮੰਦਰ ਪਰੀਸਰ ਵਿਚ ਸ਼ਹੀਦ ਕਰ ਦਿੱਤੇ ਗਏ। ਇਸ ਨਾਲ ਧਰਮ ਨੂੰ ਪਿਆਰ ਕਰਨ ਵਾਲੇ ਮਨੁੱਖਾਂ ਦੇ ਮਨਾਂ ਨੂੰ ਡਾਢੀ ਠੇਸ ਪਹੁੰਚੀ ਤੇ ਰੱਬ ਦੇ ਘਰ ਦਾ ਅਪਮਾਨ ਕਿਸੇ ਨੂੰ ਵੀ ਨਾ ਭਾਇਆ।

ਜਦ ਪੰਜਾਬ ਵਾਸੀ ਉਸ ਬਿਪਤਾ ਵਾਲੇ ਮੰਦ-ਭਾਗੇ ਯੁਗ ਤੋਂ ਬਾਹਰ ਨਿਕਲੇ ਤਾਂ ਹਰ ਕਿਸੇ ਦਾ ਦਰਬਾਰ ਸਾਹਿਬ ਪ੍ਰਤੀ ਸਰਬਪਖੀ ਸਨੇਹ ਵਧਣ ਲਗਾ। ਅੱਜ ਅਕਾਲਪੁਰਖ ਦੀ ਅਪਾਰ ਕਿਰਪਾ ਸਦਕਾ ਇਹ ਹਰਿਮੰਦਰ ਪਰੀਸਰ ਆਪਣੀ ਨਵੀਂ ਨਕੋਰ ਸੁਨਹਿਰੀ ਚਮਕ ਦਮਕ ਨਾਲ ਹਰ ਯਾਤਰੂ ਲਈ ਇਕ ਵਿਸਮਾਦੀ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਹੈ। ਹਰ ਵਕਤ ਇਤਨੀ ਵਡੀ ਗਿਣਤੀ ਵਿਚ ਹਰ ਧਰਮ ਤੇ ਅਕੀਦੇ, ਹਰ ਦੇਸ਼ ਤੇ ਖਿੱਤੇ ਦੇ ਯਾਤਰੂਆਂ ਦਾ ਤਾਂਤਾ ਲਗਿਆ ਰਹਿੰਦਾ ਹੈ। ਵਿਸ਼ਵ ਭਰ ਦੀਆਂ ਸੰਗਤਾਂ ਦੇ ਦਰਬਾਰ ਸਾਹਿਬ ਪ੍ਰਤੀ ਵਧਦੇ ਉਮਾਹ ਨੂੰ ਦੇਖਦਿਆਂ ਹੋਇਆਂ ਇਹ ਜ਼ਰੂਰੀ ਬਣ ਗਿਆ ਕਿ ਟੀ. ਵੀ. ਮਾਧਿਅਮ ਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਸਾਰੀ ਮਾਨਵ ਜਾਤੀ ਨੂੰ ਉਸ ਦੇ ਆਪਣੇ ਆਪਣੇ ਵਸੇਬੇ ਵਾਲੀ ਥਾਂ ਤੇ ਹੀ ਕਰਵਾਉਣ ਦੇ ਪ੍ਰਬੰਧ ਕੀਤੇ ਜਾਣ। ਇਸ ਗੱਲ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਿਟੀ ਕੇਬਲ ਟੀ. ਵੀ. ਅੰਮ੍ਰਿਤਸਰ ਨੂੰ 1997 ਵਿਚ ਅੰਮ੍ਰਿਤ ਵੇਲੇ ਦਾ ਪ੍ਰੋਗਰਾਮ ਸਿੱਧੇ ਪ੍ਰਸਾਰਤ ਕਰਨ ਦੀ ਸ਼੍ਰੋਮਣੀ ਕਮੇਟੀ ਨੇ ਆਗਿਆ ਦਿੱਤੀ ਪਰ ਕੁਝ ਦਿਨਾਂ ਵਿਚ ਹੀ ਇਹ ਆਗਿਆ ਵਾਪਸ ਲੈ ਲਈ ਗਈ ਕਿਉਂਕਿ ਸੰਗਤਾਂ ਨੇ ਇਤਰਾਜ਼ ਕੀਤਾ ਕਿ ਕੈਮਰਾ ਮੈਨਾਂ ਦੀਆਂ ਬਹੁਤੀਆਂ ਸਰਗਰਮੀਆਂ ਤੇ ਚਕਾ ਚੌਂਦ ਰੌਸ਼ਨੀਆਂ ਜਗਾ ਕੇ ਪ੍ਰੋਗਰਾਮ ਤਿਆਰ ਕਰਨ ਦੇ ਅਮਲ ਨਾਲ ਸੰਗਤਾਂ ਦੀ ਇਕਾਗਰਤਾ ਭੰਗ ਹੁੰਦੀ ਹੈ। ਕੋਈ ਵੀ ਅਜਿਹਾ ਨਹੀਂ ਸੀ ਚਾਹੁੰਦਾ ਪਰ ਹਰ ਕੋਈ ਘੱਟੋ ਘੱਟ ਅੰਮ੍ਰਿਤ ਵੇਲੇ ਦੇ ਦਰਬਾਰ ਸਾਹਿਬ ਦੇ ਅਲੌਕਿਕ ਨਜ਼ਾਰਿਆਂ ਦਾ ਆਨੰਦ ਵੀ ਮਾਣਨਾ ਚਾਹੁੰਦਾ ਸੀ। ਇਸ ਲਈ ਪ੍ਰੋਗਰਾਮ ਟੈਲੀਕਾਸਟ ਕਰਨਾ ਬੰਦ ਕਰਨ ਦੇ ਨਾਲ ਨਾਲ ਉੱਘੇ ਗੁਰਸਿੱਖਾਂ ਦੀ ਇਕ ਕਮੇਟੀ ਸੁਪਰੀਮ ਕੋਰਟ ਦੇ ਰਿਟਾਇਰ ਹੋਏ ਜੱਜ ਸ. ਕੁਲਦੀਪ ਸਿੰਘ ਦੀ ਪ੍ਰਧਾਨਗੀ ਹੇਠ ਸਥਾਪਤ ਕਰ ਦਿੱਤੀ ਗਈ ਜੋ ਦਰਬਾਰ ਸਾਹਿਬ ਲਈ ਨਵੇਕਲਾ ਤੇ ਨਰੋਲ ਆਪਣਾ ਚੈਨਲ ਪ੍ਰਾਰੰਭ ਕਰਨ ਲਈ ਸਭ ਪੱਖਾਂ ਦਾ ਜਾਇਜ਼ਾ ਲੈ ਕੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਿਪੋਰਟ ਪੇਸ਼ ਕਰੇ ਤਾਂ ਕਿ ਉਸ ਅਨੁਸਾਰ ਕਾਰਵਾਈ ਕਰ ਕੇ ਮਾਨਵ

ਸਮਾਜ ਨੂੰ ਇਨ੍ਹਾਂ ਇਲਾਹੀ ਖੁਸ਼ੀਆਂ ਦਾ ਨਿਰੰਤਰ ਭਾਈਵਾਲ ਬਣਾਇਆ ਜਾ ਸਕੇ। ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਪੰਜਾਬੀ ਵਰਲਡ ਚੈਨਲ ਨਾਂ ਦੀ ਨਰੋਲ ਪੰਜਾਬੀ ਚੈਨਲ ਇਕ ਸਿੰਧੀ ਸ਼ਰਧਾਲੂ ਵੀਰ ਸ੍ਰੀ ਕਿਸ਼ੋਰ ਮੋਤੀਆਨੀ ਜੋ ਇਸ ਚੈਨਲ ਦਾ ਚੇਅਰਮੈਨ ਸੀ, ਦੀ ਸਰਪ੍ਰਸਤੀ ਹੇਠ ਪਹਿਲੀ ਨਵੰਬਰ 1998 ਤੋਂ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਅੰਮ੍ਰਿਤ ਵੇਲੇ 4 ਵਜੇ ਤੋਂ 6 ਵਜੇ ਤਕ ਗੁਰਬਾਣੀ ਕੀਰਤਨ ਪ੍ਰੋਗਰਾਮ ਦੇਣ ਲਗ ਪਈ। ਇਸ ਰੀਕਾਰਡ ਕੀਤੇ ਤੇ ਸੰਗਤਾਂ ਨੂੰ ਦਿਖਾਏ ਜਾਣ ਵਾਲੇ ਪ੍ਰੋਗਰਾਮ ਨੂੰ ਹਰ ਵਰਗ ਦੀਆਂ ਸੰਗਤਾਂ ਨੇ ਬਹੁਤ ਪਸੰਦ ਕੀਤਾ ਅਤੇ ਪੰਜਾਬ ਵਾਸੀ ਕੀਰਤਨ ਦਾ ਆਨੰਦ ਮਾਣਦੇ ਖੀਵੇ ਹੋਏ ਫਿਰਦੇ। ਪ੍ਰੋਗਰਾਮ ਦੀ ਸਫਲ ਪੇਸ਼ਕਾਰੀ ਨੂੰ ਦੇਖਦਿਆਂ ਹੋਇਆਂ ਇਸ ਚੈਨਲ ਦਾ ਵਿਧੀਪੂਰਵਕ ਪ੍ਰਾਰੰਭ 12 ਨਵੰਬਰ 1998 ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਕੀਤਾ ਗਿਆ। ਚੈਨਲ ਦੇ ਚੇਅਰਮੈਨ ਨੇ ਇਸ ਮੌਕੇ ਤੇ ਇਹ ਦਸਦਿਆਂ ਖੁਸ਼ੀ ਪ੍ਰਗਟਾਈ ਕਿ 1999 ਦੇ ਪ੍ਰਾਰੰਭ ਵਿਚ ਇਸ ਸਾਰੇ ਗੁਰਬਾਣੀ ਕੀਰਤਨ ਪ੍ਰਸਾਰਣ ਪ੍ਰੋਗਰਾਮ ਨੂੰ ਹਰ ਥਾਂ ਅਲਾਈਵ (ਨਾਲੋ ਨਾਲ) ਹੀ ਪੁਹੰਚਾਇਆ ਜਾਵੇਗਾ ਅਤੇ ਸ਼ੁਰੂ ਸ਼ੁਰੂ ਵਿਚ ਦੁਨੀਆ ਦੇ 65 ਦੇਸ਼ਾਂ ਵਿਚ ਰਹਿੰਦੇ ਸੱਜਣ ਇਸ ਨੂੰ ਬੜੇ ਸਪੱਸ਼ਟ ਰੂਪ ਵਿਚ ਦੇਖ ਸਕਣਗੇ। ਇਸ ਚੈਨਲ ਦਾ ਪ੍ਰੋਗਰਾਮ ਪਹਿਲੇ ਦਰਬਾਰ ਸਾਹਿਬ ਤੋਂ ਸਿਗਨਲ ਲੈ ਕੇ ਬੈਂਕਾਕ ਪਹੁੰਚਾਂਦਾ ਸੀ ਅਤੇ ਉਥੋਂ ਥਾਈ-ਕਾਮ ਸੈਟਾਲਾਈਟ ਦੁਆਰਾ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਪ੍ਰਸਾਰਤ ਕਰਦਾ ਸੀ। ਮੰਦਭਾਗੀ ਗੱਲ ਇਹ ਹੋਈ ਕਿ ਇਹ ਪ੍ਰੋਗਰਾਮ ਜੋ ਥੋੜੇ ਸਮੇਂ ਵਿਚ ਹੀ ਬਹੁਤ ਲੋਕ ਪ੍ਰਸਿਧੀ ਪ੍ਰਾਪਤ ਕਰ ਗਿਆ, ਕਈ ਕਾਰਨਾਂ ਕਰ ਕੇ ਬੰਦ ਕਰ ਦਿੱਤਾ ਗਿਆ।

ਨਵੇਂ ਪ੍ਰਯਤਨਾਂ ਅਧੀਨ ਇਕ ਹੋਰ ਚੈਨਲ ਜਿਸ ਦਾ ਨਾਂ ਚੈਨਲ ਪੰਜਾਬੀ ਸੀ ਅੱਗੇ ਆਇਆ ਤੇ ਉਨ੍ਹਾਂ ਕੁਝ ਦਿਨ ਅੰਮ੍ਰਿਤ ਵੇਲੇ ਤੇ ਸ਼ਾਮ ਦੇ ਕੀਰਤਨ ਪ੍ਰੋਗਰਾਮਾਂ ਦੀ ਰੀਕਾਰਡਿੰਗ ਕਰ ਕੇ ਟੈਲੀਕਾਸਟ ਕਰਨੀ ਸ਼ੁਰੂ ਕੀਤੀ ਪਰ ਉਹ ਵੀ ਬਹੁਤੀ ਦੇਰ ਨਾ ਚਲ ਸਕਿਆ।

30.11.2001 ਤੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਪਵਿੱਤਰ ਦਿਨ ਤੇ ਈ.ਟੀ.ਸੀ. ਚੈਨਲ ਵਲੋਂ ਹਰਿਮੰਦਰ ਸਾਹਿਬ ਤੋਂ ਸਿੱਧਾ ਕੀਰਤਨ ਪ੍ਰਸਾਰਣ ਪ੍ਰਾਰੰਭ ਹੋ ਗਿਆ ਜਿਸਨੇ ਪਿੱਛੇ ਜਹੇ ਆਪਣੇ ਪਰਸਾਰਣ ਹੱਕ ਪੀ.ਟੀ.ਸੀ. ਚੈਨਲ ਨੂੰ ਦੇ ਦਿੱਤੇ ਹਨ। ਹੁਣ ਇਹ ਪੀ.ਟੀ.ਸੀ. ਚੈਨਲ ਵੀ ਅੰਮ੍ਰਿਤ ਵੇਲੇ 4 ਵਜੇ ਤੋਂ ਸਵੇਰੇ 8 ਵਜੇ ਤਕ ਅਤੇ ਸ਼ਾਮ ਨੂੰ 6 ਵਜੇ ਤੋਂ $8^1/_4$ ਵਜੇ ਤਕ ਟੀ.ਵੀ. ਤੇ ਦਰਬਾਰ ਸਾਹਿਬ ਦੇ ਕੀਰਤਨ ਦਾ ਸਿੱਧਾ ਪਰਸਾਰਣ ਦਿਖਾ ਰਿਹਾ ਹੈ। (ਸ਼ਾਮ ਦਾ ਪ੍ਰਸਾਰਣ ਸਮਾਂ ਮੌਸਮ ਅਨੁਸਾਰ ਬਦਲਦਾ ਰਹਿੰਦਾ ਹੈ)

ਖੁਸ਼ੀ ਦੀ ਗੱਲ ਹੈ ਕਿ ਟੀ. ਵੀ. ਦਵਾਰਾ ਹਰਿਮੰਦਰ ਸਾਹਿਬ ਤੋਂ ਪ੍ਰਸਾਰਤ ਹੁੰਦਾ ਗੁਰਬਾਣੀ ਕੀਰਤਨ ਘਰ ਘਰ ਵਿਚ ਪਹੁੰਚ ਕੇ ਸ਼ਰਧਾਲੂਆਂ ਦੇ ਮਨਾਂ ਨੂੰ ਆਨੰਦ ਪ੍ਰਦਾਨ ਕਰ ਰਿਹਾ ਹੈ ਤੇ ਹਰ ਪ੍ਰਕਾਰ ਦੇ ਦਰਸ਼ਕਾਂ ਤੇ ਸਰੋਤਿਆਂ ਨੂੰ ਨਵੀਂ ਸੋਚ, ਨਵੀਂ ਆਤਮਿਕ ਚੇਤਨਤਾ ਨਾਲ ਜੋੜ ਰਿਹਾ ਹੈ ਜਿਸ ਦੇ ਬੜੇ ਪ੍ਰਭਾਵਸ਼ਾਲੀ ਤੇ ਮਾਨਵ ਹਿਤਕਾਰੀ ਸਿੱਟੇ ਨਿਕਲਣੇ ਸ਼ੁਰੂ ਹੋ ਗਏ ਹਨ। ਅਵੱਸ਼ ਹੀ ਇਸ ਇਲਾਹੀ ਕੀਰਤਨ ਪ੍ਰਸਾਰਣ ਦੁਆਰਾ ਮਾਇਆਵਾਦ ਦੇ ਬੇਜੋੜ ਪਸਾਰੇ ਨੂੰ ਠਲ੍ਹ ਪਵੇਗੀ। ਮਨੁੱਖ ਗਲ-ਵੱਢ ਕੰਪੀਟੀਸ਼ਨ ਦੀ ਦੌੜ, ਪ੍ਰੇਸ਼ਾਨੀ ਤੇ ਤਣਾਓ ਤੋਂ ਕੁਝ ਨਿਜਾਤ ਪਾ ਕੇ ਧਾਰਮਿਕ ਰਹੁ-ਰੀਤੀਆਂ ਤੇ ਨੇਕ ਕੀਮਤਾਂ ਕਦਰਾਂ ਵਲ ਪ੍ਰੇਰਿਤ ਹੋਵੇਗਾ ਜਿਸ ਨਾਲ ਇਨਸਾਨੀ ਜ਼ਿੰਦਗੀ ਵਿਚ ਪ੍ਰਸਪਰ ਪਿਆਰ ਵਧੇਗਾ ਅਤੇ ਮਾਨਵੀ ਜ਼ਿੰਦਗੀ ਵਿਚ ਇਕ ਵਾਰੀ ਫਿਰ ਸਚ, ਇਮਾਨਦਾਰੀ, ਨੇਕ ਕਰਮੀ, ਸਬਰ, ਸੰਤੋਖ, ਨਾਮ, ਦਾਨ ਤੇ ਨਿਸ਼ਕਾਮ ਸੇਵਾ ਦੀ ਚੇਟਕ ਜਾਗੇ ਗੀ। ਇਵੇਂ ਸਮੁਚੇ ਗਲੋਬਲ ਭਾਈਚਾਰੇ ਵਿਚ ਆਤਮਿਕ ਇਨਕਲਾਬ ਆਵੇਗਾ ਜਿਸ ਨਾਲ ਹਰ ਘਰ ਧਰਮਸਾਲ ਦਾ ਰੂਪ ਧਾਰਨ ਕਰਕੇ ਅਕਾਲ ਉਸਤਤ ਨਾਲ ਜੁੜ ਸਕੇਗਾ। ਅਵੱਸ਼ ਹੀ 21ਵੀਂ ਸਦੀ ਦਾ ਮਨੁੱਖ ਹਰਿਮੰਦਰ ਸਾਹਿਬ ਦੇ ਗੁਰਬਾਣੀ ਕੀਰਤਨ ਤੋਂ ਅਗਵਾਈ ਲੈ ਕੇ ਆਪਣਾ ਜੀਵਨ ਸਫਲਾ ਕਰ ਸਕੇਗਾ ਤੇ ਬੇਲੋੜੇ ਤਨਾਵੀ ਜੀਵਨ ਦੇ ਵਿਸ਼ੈਲੇ ਦਾਇਰੇ ਤੋਂ ਬਾਹਰ ਨਿਕਲਣ ਵਿਚ ਕਾਮਯਾਬ ਹੋ ਸਕੇਗਾ। ਹਰਿਮੰਦਰ ਤੇ ਉਸ ਦੀ ਭਾਵਨਾ ਨਾਲ ਸਚੇ ਦਿਲੋਂ ਜੁੜਨ ਵਾਲੇ ਹਰ ਪਰਾਣੀ ਦੀ ਜ਼ਿੰਦਗੀ ਸਚੀ ਤੇ ਸੁਚੀ ਹੋਵੇਗੀ, ਮਰਿਆਦਾ ਪੂਰਵਕ ਤੇ ਉਚੀ ਹੋਵੇਗੀ ਤੇ ਉਹ ਸਮਤੋਲ ਜੀਵਨ ਦਾ ਧਾਰਨੀ ਹੋਵੇਗਾ। ਜੇਕਰ ਟੀ. ਵੀ. ਪ੍ਰਸਾਰਣ ਨਾਲ ਘਰ ਘਰ ਵਿਚ ਹਰਿਮੰਦਰ ਦਰਸ਼ਨ ਸੰਭਵ ਹੋ ਸਕਣ ਨਾਲ ਇਤਨਾ ਕੁਝ ਮਨੁੱਖ ਦੇ ਸਰਬਪੱਖੀ ਭਲੇ ਲਈ ਹੋ ਸਕਦਾ ਹੈ ਤਾਂ ਇਹ ਪ੍ਰਸਾਰਣ ਅਕਾਲਪੁਰਖ ਦਾ ਮਨੁੱਖ ਜਾਤੀ ਪ੍ਰਤੀ ਇਕ ਵਰਦਾਨ ਹੀ ਸਾਬਤ ਹੋਵੇਗਾ। ਸਤਿਗੁਰ ਮਾਨਵਤਾ ਵਿਚ ਅਕਾਲਪੁਰਖ ਦੇ ਨਾਮ ਦਾ ਜਸ ਫੈਲਾਉਣ ਦੀ ਸਾਨੂੰ ਸਾਰਿਆਂ ਨੂੰ ਤੌਫੀਕ ਬਖਸ਼ਣ, ਸਮਰਥਾ ਪ੍ਰਦਾਨ ਕਰਨ, ਬਖਸ਼ਿਸ਼ਾਂ ਨਾਲ ਨਿਵਾਜਣ ਤਾਂਕਿ ਮਨੁੱਖੀ ਭਾਈਚਾਰਾ ਸਹੀ ਅਰਥਾਂ ਵਿਚ ਵਿਕਸਤ ਹੋਵੇ ਤੇ ਸ਼ਕਤੀਸ਼ਾਲੀ ਸਰੂਪ ਗ੍ਰਹਿਣ ਕਰ ਸਕੇ।

ਹਰਿਮੰਦਰ ਸਾਹਿਬ ਦੇ ਗੁਰਬਾਣੀ ਚੈਨਲ ਤੋਂ ਗੁਰਬਾਣੀ ਕੀਰਤਨ ਤੋਂ ਇਲਾਵਾ ਸਿੱਖ ਰਹੁ-ਰੀਤੀ ਅਤੇ ਇਤਿਹਾਸ ਨਾਲ ਸਬੰਧਤ ਪ੍ਰੋਗਰਾਮਾਂ ਅਤੇ ਸਿਹਤਮੰਦ ਪੰਜਾਬੀ ਪ੍ਰੋਗਰਾਮਾਂ ਦੇ ਪ੍ਰਸਾਰਤ ਹੋਣ ਨਾਲ ਸਾਰੀ ਦੁਨੀਆ ਦੇ ਲੋਕਾਂ ਨੂੰ ਸਿੱਖ ਜੀਵਨ ਜਾਚ, ਪੰਜਾਬੀ ਸੱਭਿਆਚਾਰ, ਪੰਜਾਬੀ ਰਹਿਣੀ-ਬਹਿਣੀ, ਖਾਣ-ਪੀਣ ਤੇ ਮਟਕਾਣ ਦਾ ਪਤਾ ਲਗਣ ਲਗ ਪਿਆ ਹੈ ਤੇ ਇਸ

ਤਰ੍ਹਾਂ ਵੀ ਮਨੁੱਖੀ ਸਮਾਜ ਵਿਚ ਆਪਸੀ ਨੇੜਤਾ ਦੀ ਗੱਲ ਅੱਗੇ ਵਧ ਰਹੀ ਹੈ। ਦੁਨੀਆਂ ਭਰ ਤੋਂ ਵੱਡੀ ਮਾਤਰਾ ਵਿੱਚ ਦਰਸ਼ਨਾਂ ਲਈ ਆ ਰਹੇ ਸੈਲਾਨੀ ਇਸ ਅਦਭੁਤ ਅਸਥਾਨ ਦੇ ਦਰਸ਼ਨ ਕਰਕੇ ਨਿਹਾਲ ਹੋ ਰਹੇ ਹਨ ਅਤੇ ਮਾਨਵਤਾ ਵਿੱਚ ਆਪਸੀ ਸਾਂਝ ਨੂੰ ਵਿਕਸਤ ਤੇ ਸ਼ਕਤੀਸ਼ਾਲੀ ਬਣਾ ਰਹੇ ਹਨ॥

ਟੀ. ਵੀ. ਤੋਂ ਦਰਬਾਰ ਸਾਹਿਬ ਦਾ ਕੀਰਤਨ ਪ੍ਰੋਗਰਾਮ ਪ੍ਰਸਾਰਤ ਕਰਨ ਲਈ ਪ੍ਰਬੰਧਕਾਂ ਨੂੰ ਕਈ ਗੱਲਾਂ ਦਾ ਵਿਸ਼ੇਸ਼ ਖਿਆਲ ਵੀ ਰੱਖਣਾ ਚਾਹੀਦਾ ਹੈ ਤਾਕਿ ਕਿਸੇ ਤਰੀਕੇ ਨਾਲ ਵੀ ਦਰਬਾਰ ਸਾਹਿਬ ਦੀ ਅਤੀ ਉੱਤਮ ਤੇ ਪਵਿੱਤਰ ਮਰਿਆਦਾ ਨੂੰ ਰਤੀ ਭਰ ਵੀ ਨੁਕਸਾਨ ਨਾ ਪਹੁੰਚੇ ਅਤੇ ਹਰਿਮੰਦਰ ਸਾਹਿਬ ਵਿਚ ਬੈਠੇ ਸ਼ਰਧਾਲੂਆਂ ਅਤੇ ਟੀ. ਵੀ. ਤੇ ਪ੍ਰੋਗਰਾਮ ਵੇਖਣ ਵਾਲੇ ਪ੍ਰੇਮੀਆਂ ਨੂੰ ਕਿਸੇ ਪ੍ਰਕਾਰ ਦੀ ਅਸੁਵਿਧਾ ਜਾਂ ਪ੍ਰੇਸ਼ਾਨੀ ਦਾ ਸਾਮਣਾ ਨਾ ਕਰਨਾ ਪਵੇ ਅਤੇ ਨਾ ਹੀ ਉਨ੍ਹਾਂ ਦੇ ਆਤਮਿਕ ਆਨੰਦ ਨੂੰ ਕਿਸੇ ਕਿਸਮ ਦੀ ਠੇਸ ਹੀ ਪਹੁੰਚੇ ਕਿਉਂਕਿ ਇਹ ਕਿਸੇ ਮੇਲੇ ਦੇ ਪ੍ਰੋਗਰਾਮ ਦਾ ਪ੍ਰਸਾਰਨ ਨਹੀਂ ਸਗੋਂ ਵਿਸ਼ਵ ਦੇ ਉਚਤਮ ਧਾਰਮਿਕ ਅਸਥਾਨ ਦੇ ਅਤੀ ਪਵਿੱਤਰ ਪ੍ਰੋਗਰਾਮ ਦਾ ਸ਼ਰਧਾਮਈ ਪ੍ਰਦਰਸ਼ਨ ਹੈ ਜਿਸ ਦੁਆਰਾ ਆਤਮਿਕ ਅਨੰਦ ਵੰਡਿਆ ਜਾਂਦਾ ਹੈ। ਨਿਸਚੇ ਹੀ ਇਹ ਕੋਈ ਹਲਕਾ ਫੁਲਕਾ ਮਨੋਰੰਜਨ ਜਾਂ ਮਨ ਪ੍ਰਚਾਵਾ ਵੀ ਨਹੀਂ। ਇਸ ਲਈ ਵਧੇਰੇ ਉਚਿਤ ਇਹ ਵੀ ਹੋਵੇਗਾ ਕਿ ਸਾਰੀ ਟੈਲੀਕਾਸਟਿੰਗ ਰੀਕਾਰਡਿੰਗ ਗੁਪਤ ਕੈਮਰਿਆਂ ਦੀ ਸਹਾਇਤਾ ਨਾਲ ਇਵੇਂ ਕੀਤੀ ਜਾਵੇ ਜਿਵੇਂ ਕਿ ਚੋਰਾਂ, ਜੇਬ ਕਤਰਿਆਂ ਜਾਂ ਮਾੜੇ ਅਨਸਰਾਂ ਨੂੰ ਨਥ ਪਾਉਣ ਲਈ 175 ਗੁਪਤ CCTV ਕੈਮਰਿਆਂ ਨਾਲ ਕੀਤੀ ਜਾਂਦੀ ਹੈ। ਇਸ ਸਾਰੀ ਚੌਕਸੀ ਪਿੱਛੇ ਮੰਤਵ ਇਹੀ ਹੈ ਕਿ ਦਰਬਾਰ ਸਾਹਿਬ ਵਿਚ ਬੈਠੀਆਂ ਸੰਗਤਾਂ ਨੂੰ ਕਿਸੇ ਕਿਸਮ ਦੀ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੌਜੂਦਾ ਵਿਵਸਥਾ ਵਿੱਚ ਇਹ ਦੇਖਿਆ ਗਿਆ ਹੈ ਕਿ ਜਦ ਵੀ ਟੈਲੀਕਾਸਟਿੰਗ ਦੇ ਮਨੋਰਥ ਲਈ ਕੈਮਰਾ ਕੀਰਤਨੀਆਂ ਜਾਂ ਕਿਸੇ ਹੋਰ ਦਰਿਸ਼ ਨੂੰ ਪ੍ਰਾਪਤ ਕਰਨ ਲਈ ਉਸ ਸਥਿਤੀ ਵਲ ਕੀਤਾ ਜਾਂਦਾ ਹੈ ਤਾਂ ਆਸ ਪਾਸ ਬੈਠੇ ਸ਼ਰਧਾਲੂ ਵੀ ਆਪਣੀਆਂ ਗਿੱਚੀਆਂ ਚੁੱਕ ਲੈਂਦੇ ਹਨ ਤੇ ਪ੍ਰਯਤਨ ਕਰਦੇ ਹਨ ਕਿ ਉਨ੍ਹਾਂ ਦੀ ਫੋਟੋ ਵੀ ਕੈਮਰੇ ਵਿਚ ਆ ਜਾਵੇ। ਇਵੇਂ ਕਰਨ ਨਾਲ ਇਤਨੇ ਪਵਿੱਤਰ ਧਾਰਮਿਕ ਪ੍ਰੋਗਰਾਮ ਵਿਚ ਵੀ ਗ਼ੈਰ-ਧਾਰਮਿਕ ਮਹੌਲ ਪੈਦਾ ਹੋ ਜਾਂਦਾ ਹੈ ਜਿਹੜਾ ਕਿਸੇ ਨੂੰ ਵੀ ਚੰਗਾ ਨਹੀਂ ਲਗਦਾ। ਕਈ ਸਜੱਣ ਤਾਂ ਹਰ ਰੋਜ਼ ਆਪਣੀ ਨਿਸਚਤ ਥਾਂ ਤੇ ਹੀ ਬੈਠਦੇ ਅਤੇ ਖੜੇ ਹੁੰਦੇ ਹਨ। ਉਨ੍ਹਾਂ ਨੂੰ ਆਪਣੀ ਥਾਂ ਲੈਣ ਲਈ ਜੇ ਨਾਲ ਵਾਲੇ ਨੂੰ ਧੱਕਾ ਵੀ ਮਾਰਨਾ ਪਵੇ ਤਾਂ ਉਹ ਪ੍ਰਵਾਹ ਨਹੀਂ ਕਰਦੇ, ਉਨ੍ਹਾਂ ਦਾ ਮਕਸਦ ਹਰ ਰੋਜ਼ ਵਧ ਤੋਂ ਵਧ ਟੀ. ਵੀ. ਪ੍ਰੋਗਰਾਮ ਦੇ ਫੋਕਸ ਵਿੱਚ ਰਹਿਣ ਦਾ ਹੁੰਦਾ ਹੈ, ਉਹ ਉਸ ਸਮੇਂ

ਭੁਲ ਜਾਂਦੇ ਹਨ ਕਿ ਉਹ ਇਕ ਉਚਤਮ ਧਾਰਮਿਕ ਅਸਥਾਨ ਤੇ ਹਾਜ਼ਰੀ ਲਵਾ ਰਹੇ ਹਨ ਨਾਕਿ ਕਿਸੇ ਫਿਲਮ ਦੀ ਸ਼ੂਟਿੰਗ ਵਿੱਚ ਕਿਸੇ ਹਜੂਮ ਦਾ ਹਿੱਸਾ ਬਣ ਰਹੇ ਹਨ। ਸਾਨੂੰ ਦੁਨੀਆ ਵਿੱਚ ਹਰ ਸਾਲ ਕਈ ਦੇਸ਼ਾਂ ਵਿੱਚ ਜਾਣ ਦਾ ਅਵਸਰ ਮਿਲਦਾ ਹੈ ਅਤੇ ਉੱਥੇ ਦੀਆਂ ਸੰਗਤਾਂ ਵੀ ਹਰ ਰੋਜ਼ ਉਨ੍ਹਾਂ ਹੀ ਲੋਕਾਂ ਨੂੰ ਉਨ੍ਹਾਂ ਨਿਸਚਤ ਥਾਵਾਂ ਤੇ ਬੈਠੇ, ਖੜੇ ਵੇਖ ਕੇ ਇੱਥੇ ਤਕ ਵੀ ਕਹਿ ਦੇਂਦੀਆਂ ਹਨ ਕਿ ਇਹ ਪ੍ਰੋਗਰਾਮ 'ਲਾਈਵ' ਨਹੀਂ ਜਾਪਦਾ ਸਗੋਂ ਪਹਿਲੇ ਦਿਨ ਦੀ ਹੀ ਕਿਸੇ ਰੀਕਾਰਡਿੰਗ ਦਾ ਰੀਪਲੇ ਲਗਦਾ ਹੈ ਕਿਉਂਕਿ ਹਰ ਰੋਜ਼ ਆਮ ਕਰਕੇ ਉਹੀ ਵਿਅਕਤੀ ਆਪਣੀਆਂ ਆਪਣੀਆਂ ਨਿਸਚਤ ਪੋਜ਼ੀਸ਼ਨਾਂ ਤੇ ਹੀ ਡਟੇ ਦਿਸਦੇ ਹਨ। ਕੀਰਤਨ ਕਰਨ ਵਾਲੇ ਕਈ ਰਾਗੀ ਸਿੰਘਾਂ ਨੇ ਵੀ ਆਪਣੀ ਦਿਕਤ ਦਸਦਿਆਂ ਕਿਹਾ ਹੈ ਕਿ ਚਲੰਤ ਪ੍ਰੋਗਰਾਮ ਵਿੱਚ ਆਪਣੀ ਸ਼ਕਲ ਸ਼ਾਮਲ ਕਰਨ ਲਈ ਇਹ 'ਉਤਸ਼ਾਹੀ ਐਕਟਰ' ਕਈ ਵਾਰੀ ਉਨ੍ਹਾਂ ਦੀ ਇਕਾਗਰਤਾ ਵੀ ਭੰਗ ਕਰ ਦੇਂਦੇ ਹਨ। ਲਗਦਾ ਹੈ ਕੈਮਰੇ ਵਾਲੇ ਸੱਜਣ ਵੀ ਅਜਿਹੇ ਗ਼ੈਰ-ਜ਼ਿੰਮੇਵਾਰ ਵਿਅਕਤੀਆਂ ਨਾਲ ਰਲੇ ਹੋਏ ਹਨ ਜੋ ਉਨ੍ਹਾਂ ਨੂੰ ਲੋੜ ਨਾਲੋਂ ਵਧ ਤੇ ਬੇਲੋੜੀ ਕਵਰਿਜ ਦੇਂਦੇ ਰਹਿੰਦੇ ਹਨ। ਪਤਾ ਨਹੀਂ ਕਿਉਂ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਦਾ ਧਿਆਨ ਇਸ ਵਲ ਨਹੀਂ ਜਾਂਦਾ। ਮੱਥਾ ਟੇਕਣ ਵਾਲੀਆਂ ਸੰਗਤਾਂ ਦੀ ਭੀੜ ਅਕਾਲ ਤਖ਼ਤ ਤਕ ਕਿਉਂ ਨਾ ਲਗੀ ਹੋਵੇ, ਇਹ 'ਫਿਲਮੀ ਨਾਇਕ' ਪਤਾ ਨਹੀਂ ਕਿਵੇਂ ਆਪਣੇ ਨਿਸਚਤ ਸਮੇਂ ਤੇ ਆਪਣੇ ਨਿਸਚਤ ਅਸਥਾਨ ਤੇ ਦਰਬਾਰ ਸਾਹਿਬ ਵਿੱਚ ਆ ਖੜੋਂਦੇ ਹਨ। ਇਨ੍ਹਾਂ ਦੀਆਂ ਇਹ ਮਾਮੂਲੀ ਮਾਮੂਲੀ ਨਾਜ਼ੇਬ ਹਰਕਤਾਂ ਕੀਰਤਨ ਦਾ ਆਨੰਦ ਲੈ ਰਹੇ ਸ਼ਰਧਾਲੂਆਂ ਦੀ ਇਕਾਗਰਤਾ ਅਤੇ ਸ਼ਰਧਾ ਭਾਵਨਾ ਨੂੰ ਠੇਸ ਪਹੁੰਚਾਂਦੀਆਂ ਹਨ। ਕੀ ਇਨ੍ਹਾਂ ਨੂੰ ਸਮੱਤ ਆਏਗੀ?

ਇਸਦੇ ਨਾਲ ਨਾਲ ਟੀ.ਵੀ. ਤੇ ਪਰਸਾਰਣ ਦੇਖਣ ਵਾਲੀਆਂ ਸੰਗਤਾਂ ਨੂੰ ਇਹ ਗੱਲ ਵੀ ਬਿਲਕੁਲ ਨਹੀਂ ਭਾਵੰਦੀ ਕਿ ਕੇਸਰੀ ਜਾਂ ਕਾਲਾ ਕੁੜਤਾ ਪਾਇਆ ਦਰਵਾਜ਼ੇ ਵਿੱਚ ਖੜਾ ਸੇਵਾਦਾਰ ਕਿਸੇ ਯਾਤਰੂ ਨੂੰ ਸਿਰਫ਼ ਆਪਣੀ ਮਰਜ਼ੀ ਨਾਲ ਹੀ ਦਰਬਾਰ ਸਾਹਿਬ ਵਿੱਚ ਖਾਲੀ ਪਈ ਥਾਂ ਤੇ ਬੈਠਣ ਦੀ ਆਗਿਆ ਦੇਵੇ ਅਤੇ ਕਈ ਵਾਰੀ ਜੇ ਉਸਦੀ ਮਰਜ਼ੀ ਨਾ ਹੋਵੇ ਤਾਂ ਜਗ੍ਹਾ ਖਾਲੀ ਹੋਣ ਦੇ ਬਾਵਜੂਦ ਵੀ ਉਹ ਕਿਸੇ ਬੇਨਤੀਕਾਰ ਯਾਤਰੂ ਨੂੰ ਬੈਠਣ ਨਹੀਂ ਦੇਂਦਾ ਅਤੇ ਕੁਝ ਸਫਾਰਸ਼ੀ ਵਿਅਕਤੀਆਂ ਨੂੰ ਫੌਰਨ ਬਿਠਾ ਦੇਂਦਾ ਹੈ। ਇਹ ਵੀ ਦੇਖ ਕੇ ਸੰਗਤਾਂ ਇਤਰਾਜ਼ ਕਰਦੀਆਂ ਹਨ ਕਿ ਕਈ ਵਾਰੀ ਰੱਬ ਦੇ ਘਰ ਵਿੱਚ ਇਕਾਗਰਤਾ ਨਾਲ ਕੀਰਤਨ ਸੁਣਨ ਵਾਲੇ ਸੱਜਣਾਂ ਨੂੰ ਇਹ ਇਸ਼ਾਰਾ ਕਰਕੇ ਉਠਾ ਦਿੱਤਾ ਜਾਂਦਾ ਹੈ ਕਿ ਉੱਥੇ ਕਿਸੇ 'ਵੱਡੇ ਬੰਦੇ' ਨੇ ਆ ਕੇ ਬੈਠਣਾ ਹੈ। ਇਸ ਅਸਥਾਨ ਤੇ ਅਜਿਹੀ ਮੇਰ ਤੇਰ ਦੀ ਭਾਵਨਾ ਸਖਤ ਇਤਰਾਜ਼ਜਨਕ ਹੈ। ਟੀ.ਵੀ. ਪਰਸਾਰਣ

ਦੌਰਾਨ ਅਜਿਹਾ ਹੋਣਾ ਦਰਸ਼ਕਾਂ ਦੇ ਹਿਰਦਿਆਂ ਨੂੰ ਵਧੇਰੇ ਠੇਸ ਪਹੁੰਚਾਉਂਦਾ ਹੈ। ਦਰਬਾਰ ਸਾਹਿਬ ਨਾਲ ਸਬੰਧਤ ਕਈ ਅਧਿਕਾਰੀ ਰੋਜ਼ ਸਵੇਰੇ ਦਰਬਾਰ ਸਾਹਿਬ ਵਿੱਚ ਬੈਠੇ ਹੁੰਦੇ ਹਨ, ਉਨ੍ਹਾਂ ਨੂੰ ਵੀ ਇਨ੍ਹਾਂ ਗੱਲਾਂ ਦਾ ਕੁਝ ਖਿਆਲ ਰੱਖਣਾ ਚਾਹੀਦਾ ਹੈ ਤਾਕਿ ਇਸ ਸਚਖੰਡ ਵਿੱਚ ਕਿਸੇ ਦੀਆਂ ਭਾਵਨਾਵਾਂ ਨੂੰ ਕਿਸੇ ਪਰਕਾਰ ਦੀ ਵੀ ਠੇਸ ਨਾ ਪਹੁੰਚੇ ਅਤੇ ਜਿਹੜੇ ਸੱਜਣ ਹਰ ਰੋਜ਼ ਆਪਣੀਆਂ ਨਿਸ਼ਚਤ ਥਾਵਾਂ ਤੇ ਸਜੇ ਦਿਸਦੇ ਹਨ, ਉਨ੍ਹਾਂ ਨੂੰ ਬੇਨਤੀ ਕੀਤੀ ਜਾ ਸਕਦੀ ਹੈ ਕਿ ਉਹ ਕਿਸੇ ਹੋਰ ਲਈ ਵੀ ਸੋਚਣ ਅਤੇ ਹਰ ਰੋਜ਼ ਆਪਣੀ ਟੈਲੀਕਾਸਟਿੰਗ ਤੋਂ ਗੁਰੇਜ਼ ਕਰਨ ਤੇ ਦਰਬਾਰ ਸਾਹਿਬ ਵਿਖੇ ਨਿਮਰ ਭਾਵਨਾ ਨਾਲ ਕੀਰਤਨ ਸੁਣਨ ਆਇਆ ਕਰਨ ਸ਼ੂਟਿੰਗ ਦੇ ਇਰਾਦੇ ਨਾਲ ਨਹੀਂ।

ਇਕ ਸੁਝਾਅ ਹੋਰ ਵੀ ਹੈ: ਇਹ ਠੀਕ ਹੈ ਕੀਰਤਨ ਤਾਂ ਗੁਰਬਾਣੀ ਦੀ ਮੂਲ ਭਾਸ਼ਾ ਪੰਜਾਬੀ ਵਿਚ ਹੀ ਹੁੰਦਾ ਹੈ ਪਰ ਵਿਸ਼ਵ ਦੀਆਂ ਸੰਗਤਾਂ ਨਾਲ ਇਸ ਅਸਥਾਨ ਅਤੇ ਪ੍ਰੋਗਰਾਮ ਦਾ ਹੋਰ ਗੂੜ੍ਹਾ ਤੇ ਪਰਸਪਰ ਸੰਪਰਕ ਵਧਾਉਣ ਲਈ ਵਧੇਰੇ ਚੰਗਾ ਹੋਵੇ ਗਾ ਜੇਕਰ ਗਾਇਨ ਕੀਤੇ ਜਾ ਰਹੇ ਸ਼ਬਦ ਨੂੰ ਵਿਸ਼ਵ ਦੀਆਂ ਕੁਝ ਉਘੀਆਂ ਭਾਸ਼ਾਵਾਂ ਵਿਚ ਨਾਲੋ ਨਾਲ ਸੁਪਰ ਵੀ ਕੀਤਾ ਜਾਵੇ। ਇਸ ਕਾਰਜ ਨੂੰ ਸਫਲਤਾ ਪੂਰਵਕ ਪਰਸਾਰਣ ਕਰਨ ਲਈ ਨਾਮਵਰ ਧਾਰਮਿਕ ਸ਼ਖਸੀਅਤਾਂ ਦਾ ਇਕ ਗਰੁੱਪ ਬਣਾਉਣਾ ਚਾਹੀਦਾ ਹੈ ਅਤੇ ਹਰ ਉਹ ਗੱਲ ਜੋ ਬੋਲੀ ਜਾਂ ਗਾਈ ਜਾਣੀ ਹੈ, ਉਸ ਨੂੰ ਪਹਿਲੇ ਪਰਮਾਣਤ ਕਰ ਕੇ ਪ੍ਰਵਾਨ ਕਰਵਾਣਾ ਜ਼ਰੂਰੀ ਗੱਲ ਹੈ। ਰਾਗੀ ਸਿੰਘਾਂ ਨੇ ਆਸਾ ਦੀ ਵਾਰ ਦੇ ਕੀਰਤਨ ਦੌਰਾਨ ਗੁਰਬਾਣੀ ਦੇ ਹੋਰ ਕਿਹੋ ਜਹੇ ਸ਼ਬਦ ਪੜ੍ਹਨੇ ਹਨ, ਕਿਨ੍ਹਾਂ ਰਾਗਾਂ ਵਿਚ ਪੜ੍ਹਨੇ ਹਨ, ਕਿਸ ਸਲੀਕੇ ਵਿਚ ਪੜ੍ਹਨੇ ਹਨ, ਕੈਸੀ ਮਰਿਆਦਾ ਵਿਚ ਪੜ੍ਹਨੇ ਹਨ ਤੇ ਕਿਹੜੇ ਕਿਹੜੇ ਸੰਗੀਤਕ ਸਾਜ਼ਾਂ ਨਾਲ ਗਾਉਣੇ ਹਨ, ਇਹ ਸਭ ਕੁਝ ਪਹਿਲੇ ਤਹਿ ਹੋਣਾ ਬਹੁਤ ਜ਼ਰੂਰੀ ਹੈ ਤਾਂਕਿ ਹਰ ਕਿਸੇ ਤੇ ਇਸ ਪ੍ਰੋਗਰਾਮ ਦਾ ਡੂੰਘਾ ਪ੍ਰਭਾਵ ਪਵੇ। ਫਿਲਮੀ ਧੁਨਾਂ, ਜੋ ਇਸ ਸਮੇਂ ਨੌਜਵਾਨ ਰਾਗੀਆਂ ਦੇ ਕੀਰਤਨ ਵਿਚ ਪ੍ਰਮੁੱਖ ਸਥਾਨ ਗ੍ਰਹਿਣ ਕਰ ਗਈਆਂ ਹਨ, ਨੂੰ ਅਲਵਿਦਾ ਕਹਿਣਾ ਚਾਹੀਦਾ ਹੈ ਤਾਕਿ ਉਸ ਵਿਧੀ ਅਤੇ ਉਨ੍ਹਾਂ ਰਾਗਾਂ ਵਿਚ ਕੀਰਤਨ ਗਾਇਨ ਹੋ ਸਕੇ ਜਿਨ੍ਹਾਂ ਦਾ ਵਰਨਣ ਗੁਰੂ ਸਾਹਿਬਾਨ ਨੇ ਕੀਤਾ ਹੈ। ਨਵੇਂ ਕੀਰਤਨੀ ਜਥੇ ਉਹ ਰਖਣੇ ਚਾਹੀਦੇ ਹਨ ਜਿਨ੍ਹਾਂ ਦੀ ਗਾਇਕੀ ਵੀ ਕਮਾਲ ਦੀ ਹੋਵੇ ਤਾਂਕਿ ਉਹ ਗੁਰਬਾਣੀ, ਸੰਗੀਤ ਤੇ ਗਾਇਕੀ ਦਾ ਖੂਬਸੂਰਤ ਸੁਮੇਲ ਪੈਦਾ ਕਰਕੇ ਦਰਸ਼ਕ ਸਰੋਤਿਆਂ ਨੂੰ ਆਤਮਿਕ ਰਸ ਨਾਲ ਨਿਹਾਲ ਕਰ ਸਕਣ। ਜੇਕਰ ਨਿੱਕੀ ਤੋਂ ਨਿੱਕੀ ਗੱਲ ਬਾਰੇ ਵੀ ਅਸੀਂ ਸੁਚੇਤ ਹੋਵਾਂਗੇ ਤਦ ਹੀ ਇਸ ਪ੍ਰਸਾਰਣ ਦਾ ਵੱਡੇ ਤੋਂ ਵੱਡਾ ਸੁਖਾਵਾਂ ਪ੍ਰਭਾਵ ਪਵੇਗਾ, ਜੋ ਕਿ ਸਮੂਹ ਹਰਿਮੰਦਰ

ਪ੍ਰੇਮੀਆਂ ਦਾ ਅੰਤਰੀਵ ਮਨੋਰਥ ਹੈ। ਘਟੀਆ ਜਾਂ ਸਾਧਾਰਣ ਸਟੈਂਡਰਡ ਦੀ ਟੈਲੀਕਾਸਟਿੰਗ, ਫਾਇਦੇ ਨਾਲੋਂ ਜ਼ਿਆਦਾ ਨੁਕਸਾਨ ਕਰ ਸਕਦੀ ਹੈ। ਹਰ ਸਿੱਖ ਹਰਿਮੰਦਰ ਦੀ ਸ਼ਾਨ ਵਧਾਉਣ ਦਾ ਚਾਹਵਾਨ ਹੈ ਇਸ ਲਈ ਇਹ ਪ੍ਰਸਾਰਣ ਉਸ ਦੀਆਂ ਇੱਛਾਵਾਂ ਦੀ ਪੂਰਤੀ ਵਿਚ ਪੂਰਾ ਉਤਰਨਾ ਚਾਹੀਦਾ ਹੈ। ਇਹ ਸਾਡੇ ਸਾਰਿਆਂ ਲਈ ਇਕ ਚਨੌਤੀ ਹੈ ਜਿਸ ਵਿੱਚ ਕਾਮਯਾਬੀ ਪ੍ਰਾਪਤ ਕਰਨ ਲਈ ਅਸੀਂ ਸੱਚੇ ਦਿਲੋਂ ਅਰਦਾਸ ਕਰਦੇ ਹਾਂ।

ਬਹੁਤ ਸਾਰੀਆਂ ਸੰਗਤਾਂ ਹਰਿਮੰਦਰ ਸਾਹਿਬ ਵਿੱਚ ਹਰ ਸਮੇਂ ਹੋ ਰਹੇ ਅਨਮੋਲ ਕੀਰਤਨ ਤੋਂ ਇਤਨੀਆਂ ਪ੍ਰਭਾਵਤ ਹਨ ਕਿ ਉਹ ਚਾਹੁੰਦੀਆਂ ਹਨ ਕਿ ਹਰਿਮੰਦਰ ਸਾਹਿਬ ਦਾ ਪਰਸਾਰਣ ਹਰ ਸਮੇਂ ਚਲਦਾ ਰਹੇ ਜਿਵੇਂ ਕਿ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਹੁੰਦਾ ਹੈ ਤਾਕਿ ਜਿਸ ਕਿਸੇ ਨੂੰ ਜਦ ਵੀ ਵਕਤ ਮਿਲੇ, ਉਹ ਇਸ ਦਾ ਆਨੰਦ ਮਾਣ ਸਕੇ। (ਇੰਟਰਨੈਟ ਤੇ ਇਹ ਸੁਵਿਧਾ ਉਪਲਬਧ ਹੈ) ਅਜਿਹਾ ਤਦ ਹੀ ਸੰਭਵ ਹੈ ਜੇਕਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਰੋਲ ਆਪਣਾ ਚੈਨਲ ਸ਼ੁਰੂ ਕਰੇ ਅਤੇ ਉਸ ਦੀ ਗੁਣਵੰਤਾ ਦੀ ਪਧਰ ਵਿਸ਼ਵ ਦੇ ਪ੍ਰਮੁਖ ਚੈਨਲਾਂ ਦੇ ਸਟੈਂਡਰਡ ਦੀ ਹੋਵੇ। ਇਸ ਚੈਨਲ ਦੀ ਇਸ ਵਕਤ ਬਹੁਤ ਅਵਸ਼ਕਤਾ ਹੈ ਅਤੇ ਉਸ ਵਿੱਚ ਕਿਸੇ ਰਾਗੀ ਜਾਂ ਗ੍ਰੰਥੀ ਨੂੰ ਇਹ ਖੁਲ੍ਹ ਨਾ ਹੋਵੇ ਕਿ ਜੇਕਰ ਆਵਾਜ਼ ਉਸ ਦੀ ਮਰਜ਼ੀ ਦੀ ਸੈੱਟ ਨਾ ਹੋ ਰਹੀ ਹੋਵੇ ਤਾਂ ਉਹ ਚਲਦੇ ਪ੍ਰੋਗਰਾਮ ਵਿੱਚ ਧੱਕਾ ਮਾਰ ਕੇ ਮਾਈਕਜ਼ ਨੂੰ ਪਰੇ ਸੁੱਟ ਦੇਵੇ, ਜਿਵੇਂ ਕਿ ਕਦੇ ਕਦੇ ਮੌਜੂਦਾ ਸਮੇਂ ਵਿੱਚ ਹੋ ਚੁੱਕਾ ਹੈ। ਸਾਨੂੰ ਇਹ ਗੱਲ ਬਿਲਕੁਲ ਨਹੀਂ ਭੁੱਲਣੀ ਚਾਹੀਦੀ ਕਿ ਹਰਿਮੰਦਰ ਸਾਹਿਬ ਤੋਂ ਪਰਸਾਰਤ ਹੋ ਰਿਹਾ ਪ੍ਰੋਗਰਾਮ ਸਾਰੀ ਦੁਨੀਆ ਵਿੱਚ ਵਸ ਰਹੇ ਗੁਰਬਾਣੀ ਪ੍ਰੇਮੀਆਂ ਨੂੰ ਆਤਮਿਕ ਸ਼ਾਂਤੀ ਅਤੇ ਮਾਨਸਿਕ ਸੁਖ ਪ੍ਰਦਾਨ ਕਰਦਾ ਹੈ। ਚਲਦੇ ਪ੍ਰੋਗਰਾਮ ਵਿੱਚ ਮਾੜੀ ਮੋਟੀ ਵਾਪਰੀ ਅਵੱਗਿਆ ਸ਼ਰਧਾਲੂਆਂ ਦੇ ਹਿਰਦਿਆਂ ਅਤੇ ਜਜ਼ਬਾਤਾਂ ਨੂੰ ਵੱਡੀ ਭਾਰੀ ਠੇਸ ਪਹੁੰਚਾ ਸਕਦੀ ਹੈ। ਇਸ ਲਈ ਹਰਿਮੰਦਰ ਸਾਹਿਬ ਵਿੱਚ ਬੇਲੋੜਾ ਹੱਸਣਾ, ਗੱਲਾਂ ਕਰਨੀਆਂ, ਇਕ ਦੂਜੇ ਨੂੰ ਧੱਕੇ ਮਾਰਨਾ, ਮੂੰਹ ਚੁਕ ਚੁਕ ਕੇ ਕੈਮਰੇ ਤਕ ਆਪਣੀ ਪਕੜ ਬਣਾਉਣੀ ਕਿਸੇ ਵੀ ਹਾਲਤ ਵਿੱਚ ਸ਼ੋਭਨੀਕ ਨਹੀਂ। ਸੇਵਾਦਾਰਾਂ ਨੂੰ ਵੀ ਪੂਰੀ ਮਰਿਆਦਾ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਹੀ ਹਰਿਮੰਦਰ ਸਾਹਿਬ ਵਿੱਚ ਆਪਣੀ ਡਿਊਟੀ ਕਰਨੀ ਚਾਹੀਦੀ ਹੈ। ਡਿਊਟੀ ਵਿੱਚ ਅਤਿਅੰਤ ਸ਼ਰਧਾ ਭਾਵਨਾ ਦਾ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਡਿਊਟੀ ਕੋਈ ਆਮ ਡਿਊਟੀ ਨਹੀਂ, ਇਹ ਤਾਂ ਨਿਮਰ ਸੇਵਾ ਹੈ ਜੋ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੁੰਦੀ ਹੈ।

ਆਕਾਸਿ ਗਗਨੁ ਪਾਤਾਲਿ ਗਗਨੁ ਹੈ
ਚਹੁ ਦਿਸਿ ਗਗਨੁ ਰਹਾਇਲੇ (ਰਹਿੰਦਾ ਹੈ)॥ ਅੰਗ-870

.33.

ਹਰਿਮੰਦਰ ਸਾਹਿਬ ਪ੍ਰਤੀ ਪੰਚਮ ਪਾਤਸ਼ਾਹ ਦੇ ਵਰਦਾਨ

ਗੁਰੂ ਅਰਜਨ ਦੇਵ ਜੀ ਨੇ ਰਾਮਦਾਸ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾ ਕੇ ਇਸ ਨੂੰ ਹਰੀ ਦਾ ਗ੍ਰਿਹ ਕਿਹਾ ਹੈ। ਇਸਦੇ ਦਰਸ਼ਨਾਂ ਨਾਲ ਮਾਯੂਸੀ ਮੁਕਦੀ ਹੈ ਕਿਉਂਕਿ ਇਲਾਹੀ ਸਿਫਤਾਂ ਦੇ ਨਾਲ ਨਾਲ ਸੁੰਦਰਤਾ, ਸੁਹਜਤਾ ਤੇ ਸ਼ੀਤਲਤਾ ਸਨਮੁਖ ਆ ਖੜਦੀਆਂ ਹਨ। ਹਰਿਮੰਦਰ ਦੇ ਦਰਸ਼ਨ ਸੁਭਾਗੇ ਹਨ, ਦੀਦਾਰ ਅਨੂਪਮ ਹਨ, ਤਾਸੀਰ ਅਨੋਖੀ ਹੈ, ਤਸਵੀਰ ਅਲੌਕਿਕ ਹੈ, ਤਾਬੀਰ ਮਨਮੋਹਕ ਹੈ ਤੇ ਫ਼ਿਜ਼ਾ ਅਧਿਆਤਮਿਕ ਹੈ। ਗਿਆਨੀਆਂ ਵਾਸਤੇ ਹਰਿਮੰਦਰ ਇਕ ਸਿਧਾਂਤ ਹੈ, ਸ਼ਰਧਾਲੂਆਂ ਵਾਸਤੇ ਨਵੀਂ ਜੀਵਨ ਜੁਗਤ ਹੈ, ਜਾਗ੍ਰਤ ਜਲਵਾ ਹੈ, ਕਲਾਤਮਕ ਕਲਾ ਹੈ। ਜਿਵੇਂ ਸੱਪ, ਮਣੀ ਤੋਂ ਬਗ਼ੈਰ, ਮਾਂ, ਬੱਚੇ ਤੋਂ ਬਗ਼ੈਰ ਕਿਸੇ ਕੰਮ ਦੀ ਨਹੀਂ ਇਵੇਂ ਸਿੱਖ ਵੀ ਹਰਿਮੰਦਰ ਤੋਂ ਬਿਨਾਂ ਅਧੂਰਾ ਹੈ, ਬਲਹੀਣ ਹੈ, ਸਭ ਗੁਣਾਂ ਤੋਂ ਸਖਣਾ ਹੈ ਤੇ ਕਿਸੇ ਕੰਮ ਦਾ ਨਹੀਂ। ਗਿਆਨੀ ਲਾਲ ਸਿੰਘ ਅਨੁਸਾਰ ਹਰਿਮੰਦਰ ਦੀ ਭਾਵਨਾ ਜਿਥੇ ਮਾਇਆ ਧਾਰੀਆਂ ਨੂੰ ਘੂਰਦੀ ਹੈ, ਦਬੇਲਾਂ ਨੂੰ ਹੌਸਲਾ ਅਤੇ ਸਾਹਸ ਬਖਸ਼ਦੀ ਹੈ, ਨਿਤਾਣਿਆਂ ਨੂੰ ਸਵੈਮਾਣ ਨਾਲ ਖੜਾ ਕਰਦੀ ਹੈ, ਭੁਖਿਆਂ ਭਾਣਿਆਂ ਲਈ ਅੰਮ੍ਰਿਤ ਦਾ ਥਾਲ ਪ੍ਰੋਸਦੀ ਹੈ, ਉੱਥੇ ਹੀ ਪ੍ਰਭੂ ਪ੍ਰੇਮ ਵਿਹੂਣਿਆਂ ਨੂੰ ਸਬਦਿ-ਸੰਗਤਿ ਨਾਲ ਕੰਬਣੀ ਛੇੜ ਦੇਂਦੀ ਹੈ (ਹਵਾਲਾ ਪੁਸਤਕ ਕਿਆ ਬਾਤਾਂ ਹਰਿਮੰਦਰ ਕੀਆਂ)।

ਜਦ ਗੁਰੂ ਅਰਜਨ ਦੇਵ ਜੀ ਦੇ ਸੱਦੇ ਤੇ ਸਿੱਖ ਦੂਰੋਂ ਨੇੜਿਉਂ ਆ ਕੇ ਹਰਿਮੰਦਰ ਦੇ ਆਲੇ ਦੁਆਲੇ ਆ ਵਸੇ ਤਾਂ ਇਵੇਂ ਇਕ ਨਿਕਾ ਜਿਹਾ ਅੰਮ੍ਰਿਤਸਰ ਸ਼ਹਿਰ ਵੀ ਹੋਂਦ ਵਿਚ ਆ ਗਿਆ। ਹਰਿਮੰਦਰ ਸਾਹਿਬ ਦੇ ਚਾਓ ਵਿਚ ਆ ਕੇ ਸਿੱਖ ਉੱਥੇ ਵਸ ਤਾਂ ਗਏ ਪਰ ਥੋੜ੍ਹੀ ਜਿਹੀ ਵਸੋਂ ਹੋਣ ਕਾਰਨ ਕਾਰੋਬਾਰ ਸਭ ਦੇ ਢਿੱਲੇ ਮੱਠੇ ਹੀ ਸਨ। ਇਸ ਹਾਲਤ ਵਿੱਚ ਸੁਧਾਰ ਲਿਆਉਣ ਲਈ ਸਿੱਖਾਂ ਨੇ ਗੁਰੂ ਸਾਹਿਬ ਪਾਸ ਰਸਾਈ ਕੀਤੀ ਅਤੇ ਆਪਣੀ ਆਰਥਕ ਸਥਿਤੀ ਤੋਂ ਉਹਨਾਂ ਨੂੰ ਜਾਣੂ ਕਰਵਾਇਆ। ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣ ਕੇ ਉਨ੍ਹਾਂ ਨੂੰ ਪੂਰੇ ਨਿਸਚੇ ਨਾਲ ਹਰਿਮੰਦਰ ਵਿੱਚ ਸ਼ਰਧਾ ਰੱਖਣ ਦੀ ਪਰੇਰਨਾ ਕੀਤੀ ਅਤੇ ਫਰਮਾਇਆ ਕਿ ਇੱਥੇ ਦੋਨੋ ਵਕਤ ਆ ਕੇ ਅਰਦਾਸ ਕਰਨ ਨਾਲ ਜਿਥੇ ਤੁਹਾਨੂੰ ਆਤਮਿਕ ਖੇੜਾ ਪ੍ਰਦਾਨ ਹੋਵੇਗਾ, ਉੱਥੇ ਸੰਸਾਰਕ ਸੁੱਖ ਵੀ ਪ੍ਰਾਪਤ ਹੋਣਗੇ ਤੇ ਕਾਰੋਬਾਰ ਵਿੱਚ ਪ੍ਰਗਤੀ ਆਵੇਗੀ, ਰਲਾਂ ਛਲਾਂ ਹੋਣਗੀਆਂ ਤੇ ਕਿਸੇ ਚੀਜ਼ ਦੀ

ਕਮੀ ਨਹੀਂ ਰਹੇਗੀ। ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਇਸ ਬੇਨਤੀ ਰੂਪੀ ਵਾਰਤਾਲਾਪ ਨੂੰ ਇਵੇਂ ਲਿਖਦਾ ਹੈ:

ਸ੍ਰੀ ਅਰਜਨ ਸੁਨਿ ਕਰਿ ਸਭਿ ਬਿਨਤੀ, ਬਿਨ ਸਤਿ ਭਨਯੋ ਤਜਹੁ ਅਸ ਮਿਨਤੀ
ਕਰਹੁ ਆਜ ਤੇ ਐਸੀ ਕਾਰ, ਜਿਸ ਤੇ ਵਧਹਿ ਅਧਿਕ ਬਿਵਹਾਰ
ਉਠੋਂ ਭੋਰ ਕਰਿ ਸੌਚ ਸ਼ਨਾਨ, ਗੁਰਬਾਨੀ ਸੋਂ ਕੀਜੇ ਧਯਾਨ
ਪੁਨ ਸ੍ਰੀ ਹਰਿਮੰਦਰਿ ਮੈ ਜਾਵਹੁ, ਹਾਥ ਜੋਰ ਕਰ ਸੀਸ ਨਿਵਾਹੁ
ਪ੍ਰਭੁ ਸਮਾਨ ਸਰਧਾ ਉਪਜਾਵਹੁ
ਬਹੁਰ ਆਇ ਬਨਜ (ਕਾਰੋਬਾਰ) *ਜੋ ਕੀਜੈ, ਦਿਨ ਸਗਰੇ ਮਹਿ ਲਾਹਾ ਲੀਜੈ*

ਹੋਰ ਫਰਮਾਇਆ-

ਸ੍ਰੀ ਹਰਿਮੰਦਰ ਦਰਸ਼ਨ ਕਰੋ ਬਿਨਤੀ ਭਨਹੁ ਕਾਮਨਾ ਧਰੋ
ਧਨ ਕੀ ਗਿਨਤੀ ਹੈ ਕਹੁ ਕੌਨ, ਲਛਮੀ ਬਸਹਿ ਆਇ ਕਰ ਭੌਨ (ਗ੍ਰਿਹਿ)

ਹਰਿਮੰਦਰ ਦੇ ਦਰਸ਼ਨਾਂ ਨਾਲ ਸਭ ਮਨੋਕਾਮਨਾਵਾਂ ਪੂਰੀਆਂ ਹੋਣਗੀਆਂ, ਧਨ ਦੀ ਗਿਣਤੀ ਕੀ ਕਰਨੀ ਹੋਈ, ਧਨ ਦੀ ਦੇਵੀ ਲਛਮੀ ਵੀ ਤੁਹਾਡੇ ਗ੍ਰਿਹਿ ਵਿਚ ਵਾਸ ਕਰਨ ਲਗ ਜਾਵੇਗੀ। ਇੱਥੇ ਹੀ ਬਸ ਨਹੀਂ ਹਰਿਮੰਦਰ ਸਾਹਿਬ ਦੇ ਸ਼ਰਧਾਪੂਰਵਕ ਦਰਸ਼ਨਾਂ ਨਾਲ ਹੋਰ ਵਡੇ ਵਡੇ ਮਹਾਤਮ ਸੁਤੇ ਸਿਧ ਹੀ ਪ੍ਰਾਪਤ ਹੋਣਗੇ ਕਿਉਂਕਿ ਹਰ ਪਰਕਾਰ ਦੀ ਮਾਇਆ ਤਾਂ ਇੱਥੇ ਦਾਸੀ ਬਣ ਕੇ ਖੜੀ ਹੋਈ ਹੈ।

ਸ੍ਰੀ ਹਰਿਮੰਦਰ ਮਹਾਂ ਮਹਾਤਮ, ਸਭਿ ਕੀ ਪੂਰਹਿਂ ਕਾਮਨਾ ਆਤਮ
ਸ੍ਰੀ ਹਰਿਮੰਦਰ ਦਾਸੀ ਮਾਯਾ, ਇਹੁ ਠਾਂ ਬਾਸ ਕਰਹਿ ਮਨ ਭਾਯਾ

ਮਿਹਰਾਂ ਤੇ ਵਰਦਾਨਾਂ ਦੀ ਛਹਿਬਰ ਲਾਉਂਦਿਆਂ ਹੋਇਆਂ ਸਤਿਗੁਰ ਮੌਜ ਵਿਚ ਆਏ ਫਰਮਾਉਂਦੇ ਗਏ:

ਸ੍ਰੀ ਸਤਿਗੁਰ ਹਰਿਮੰਦਰ ਹੋਇ, ਜਿਸ ਤੇ ਸੁਖ ਪ੍ਰਾਪਤਿ ਸਭਿ ਕੋਇ
ਕਲਿ ਜੁਗ ਮਹਿ ਨਿਹਚਲ ਇਸ ਨੀਵ, ਬੁਰਾ ਜਿ ਚਿਤਵਹਿ ਬਿਨਾਸੀ ਥੀਵ
ਅੰਗ ਸੰਗ ਸਤਿਗੁਰੂ ਸਹਾਏ, ਸਿਰ ਸ਼ਤ੍ਰੂਨਿ ਕੇ ਇਹ ਦਿਪਤਾਏ
ਮਾਨਹਿ, ਪੂਰਹਿ ਮਨੋਰਥ ਸੋਇ, ਸੀਸ ਨਿਵਾਇ ਵਿਘਨ ਸਭ ਖੋਇ
ਬੀਚ ਬਿਰਾਜਹਿ ਗੁਰੂ ਸਭਿ ਸਮੈਂ

(ਹਵਾਲਾ ਸੂਰਜ ਪ੍ਰਕਾਸ਼ ਜਿਲਦ 6, ਪੰਨਾ-1856)

ਪਵਿੱਤਰ ਸਰੋਵਰ ਬਾਰੇ ਸਤਿਗੁਰਾਂ ਦਾ ਗੁਰਬਾਣੀ ਵਿਚ ਫਰਮਾਨ ਹੈ:

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥

ਨਿਰਮਲ ਹੋਏ ਕਰਿ ਇਸਨਾਨਾ॥

ਗੁਰਿ ਪੂਰੈ ਕੀਨੇ ਦਾਨਾ॥ ਅੰਗ-625

ਗੁਰੂ ਗ੍ਰੰਥ ਸਾਹਿਬ ਦੇ ਅੰਗ 624 ਤੇ ਦਰਜ ਆਪਣੇ ਇਕ ਹੋਰ ਸ਼ਬਦ ਵਿਚ ਸਰੋਵਰ ਸਾਹਿਬ ਨੂੰ ਵਰਦਾਨ ਦੇਂਦੇ ਬਖਸ਼ਿਸ਼ ਕਰਦੇ ਹਨ:

ਰਾਮਦਾਸਿ ਸਰੋਵਰ ਨਾਤੇ॥ ਸਭ ਲਾਥੇ ਪਾਪ ਕਮਾਤੇ॥
ਗੁਨ ਗੋਬਿੰਦ ਨਿਤ ਗਾਈਐ॥ ਸਾਧ ਸੰਗਿ ਮਿਲਿ ਧਿਆਈਐ॥
ਅੰਗ-624

ਭਾਈ ਸੰਤੋਖ ਸਿੰਘ ਗੁਰੂ ਸਾਹਿਬ ਦੇ ਹਵਾਲੇ ਵਿਚ ਹੋਰ ਲਿਖਦਾ ਹੈ :

ਕਰਹਿ ਸਨਾਨ ਸਕਲ ਫਲ ਪਾਵੈ,
ਸੁਤ ਬਿਤ ਲਾਭ, ਕਲੁਖ ਨਸਾਵੈ।

ਹਰਿਮੰਦਰ ਸਾਹਿਬ ਐਸਾ ਪੂਜਨੀਕ ਤੇ ਪ੍ਰਤਾਪੀ ਅਸਥਾਨ ਹੈ ਜਿਥੇ ਨਿਸਚੇ ਨਾਲ ਅਰਦਾਸ ਕਰਨ ਤੇ ਹਰ ਅਭਿਲਾਸ਼ੀ ਦੀ ਮਨੋ ਕਾਮਨਾ ਹੀ ਪੂਰੀ ਨਹੀਂ ਹੁੰਦੀ, ਸਗੋਂ ਵਰਦਾਨਾਂ ਦੇ ਇਸ ਮਹਾਨ ਭੰਡਾਰੇ ਤੋਂ ਸੁਤੇ ਸਿਧ ਹੀ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਵੀ ਹੁੰਦੀ ਹੈ:

ਨੌ ਨਿਧਿ ਸਿਧਿ ਰਿਧਿ ਜੇ ਨਾਨਾ, ਆਇ ਸ਼ਰਨ ਪਰਿਹੈਂ ਇਸ ਥਾਨਾ
ਜੋ ਸੇਵਹਿ ਸਿਖ ਲੇਵਹਿ ਸੋਇ, ਅੰਤ ਕਾਲ ਅਛੀ ਗਤਿ ਹੋਇ
ਕੌਨ ਕਮੀ ਪ੍ਰਭੁ ਕੇ ਦਰਬਾਰ? ਜਹਿ ਤ੍ਰਿਲੋਕ ਪਤੀ ਬਸਹਿ ਉਦਾਰ
ਜਗਤ ਮਝਾਰ (ਵਿਚ) ਨ ਐਸੋ ਕੋਈ, ਮੰਦਿਰ ਦਿਖਤਿ ਅਨੰਦ ਨ ਹੋਈ
(ਸੂਰਜ ਪ੍ਰਕਾਸ਼ ਪੰਨਾ-1861/62)

ਹਰਿਮੰਦਰ, ਮਨੁੱਖੀ ਸਮਾਜ ਵਿਚ ਸਰਬਪਖੀ ਅਮੀਰੀ ਦਾ ਇਕ ਅਜਿਹਾ ਨਿਖੁਟ ਖਜ਼ਾਨਾ ਹੈ ਜਿਸ ਦੇ ਸਾਰੇ ਦਰ ਖੁਲ੍ਹੇ ਹਨ ਤੇ ਹਰ ਵਕਤ ਇੱਥੇ 'ਤੇਰਾ ਤੇਰਾ' ਦਾ ਨਾਮ ਹੀ ਤੁਲ ਰਿਹਾ ਹੁੰਦਾ ਹੈ ਅਤੇ ਇਸ ਧਾਰਨਾ ਦੀ ਧੁਨੀ ਪੁਨੀਤ ਸਰੋਵਰ ਵਿਚ ਘੁਲ ਮਿਲ ਕੇ ਸਚ, ਸੁਚ ਤੇ ਸੁਗਮਤਾ ਨੂੰ ਅਧਿਕ ਸ਼ਕਤੀਸ਼ਾਲੀ ਤੇ ਸੁਜਿੰਦ ਕਰਨ ਹਿਤ ਅੰਬਰੀ ਔਸ਼ਧ ਦਾ ਰੋਲ ਅਦਾ ਕਰ ਰਹੀ ਹੈ।

ਇਸ ਤਰ੍ਹਾਂ ਹਰਿਮੰਦਰ ਸਾਹਿਬ ਨਾਲ ਨਾਨਾ ਪ੍ਰਕਾਰ ਦੀਆਂ ਬਰਕਤਾਂ ਸੰਜੋ ਕੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਪਰੀਪੂਰਨ ਕਰਨ ਉਪਰੰਤ ਮਾਨਵ ਸਮਾਜ ਨੂੰ ਭੇਂਟ ਕਰ ਕੇ ਵਾਹਿਗੁਰੂ ਦੀ ਕੀਰਤੀ ਦੀ ਕਲਾ ਵਰਤਾ ਦਿੱਤੀ ਜੋ ਸਦੀਵ ਕਾਲ ਤਕ ਵਰਤਦੀ ਰਹੇਗੀ।

ਹਰਿਮੰਦਰ ਵਿਚ ਜੋ ਸ਼ਰਧਾ ਲਿਆਵੇ,
ਸੁਤੇ ਸਿਧ ਸਗਲ ਫਲ ਪਾਵੇ।

.34.

ਹਰਿਮੰਦਰ ਸਾਹਿਬ ਬਾਰੇ ਵਚਿਤਰ ਅਨੁਭਵ

ਪੁਸਤਕ ਦੇ ਹੁਣ ਤਕ ਦੇ ਪੰਨਿਆਂ ਵਿਚ ਹਰਿਮੰਦਰ ਸਾਹਿਬ ਬਾਰੇ ਵੱਖ ਵੱਖ ਦਰਸ਼ਕਾਂ, ਸ਼ਰਧਾਲੂਆਂ ਤੇ ਯਾਤਰੂਆਂ ਦੇ ਅਨੁਭਵ ਦੇਣ ਉਪਰੰਤ ਹੁਣ ਇਸ ਸਚਖੰਡ ਬਾਰੇ ਸੰਖੇਪ ਰੂਪ ਵਿਚ ਕੁਝ ਹੋਰ ਰੋਚਕਤਾਵਾਂ ਪੇਸ਼ ਕਰਨ ਦਾ ਮਾਣ ਪ੍ਰਾਪਤ ਕਰਦੇ ਹਾਂ।

ਕਿਸੇ ਰਾਜੇ ਦੇ ਮਹਿਲ ਵਿਚ ਜਾਓ, ਕੋਰਟ, ਕਚਹਿਰੀ ਜਾਂ ਅਦਾਲਤ ਵਿਚ ਜਾਓ, ਤੁਹਾਨੂੰ ਇਹ ਇਮਾਰਤਾਂ ਜ਼ਮੀਨ ਦੀ ਆਮ ਸਤਹ ਤੋਂ ਉਚੀਆਂ ਬਣੀਆਂ ਮਿਲਣਗੀਆਂ ਅਤੇ ਕੁਝ ਪੌਹੜੀਆਂ ਚੜ੍ਹ ਕੇ ਹੀ ਉਨ੍ਹਾਂ ਦੇ ਅੰਦਰ ਜਾਣਾ ਪਵੇਗਾ। ਇਸ ਦਾ ਮਤਲਬ ਉਸ ਇਮਾਰਤ ਦੇ ਵਰਤਣ ਵਾਲੇ ਦੀ ਸਮਾਜ ਵਿਚ ਪਰਤਿਭਾ ਪ੍ਰਗਟਾਉਣਾ ਵੀ ਹੋ ਸਕਦਾ ਹੈ। ਪਰ ਦੁਨੀਆ ਵਿਚ ਇਕੋ ਸਚਖੰਡੀ ਤੀਰਥ ਦਰਬਾਰ ਸਾਹਿਬ ਹੀ ਐਸਾ ਹੈ ਜਿਸ ਵਿਚ ਪ੍ਰਵੇਸ਼ ਕਰਨ ਲਗਿਆਂ ਕਈ ਪੌਹੜੀਆਂ ਥੱਲੇ ਉਤਰਨਾ ਪੈਂਦਾ ਹੈ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਪ੍ਰਭੂ ਦੇ ਘਰ ਵਿਚ ਦਾਖਲ ਹੋਣ ਲਗਿਆਂ ਮਨ ਨੀਵਾਂ ਕਰ ਕੇ ਆਉਣਾ ਹੀ ਸੋਭਦਾ ਹੈ। ਉੱਚਾ ਘੁਮੰਡ, ਵੱਡਾ-ਪਣ, ਹਉਮੈ, ਮਾਣ ਮੁਰਾਤਬਾ ਨਾਲ ਲੈ ਕੇ ਇਸ ਘਰ ਵਿਚ ਦਾਖਲ ਹੋਣ ਨਾਲ ਮਨ ਦੀ ਮੈਲ ਨਹੀਂ ਉਤਰਦੀ ਤੇ ਜਦ ਤਕ ਮਨ, ਆਤਮਾ ਤੇ ਕਰਮ ਸਵੱਛ ਨਾ ਹੋਣ, ਯਾਤਰਾ ਨਿਸਫਲ ਹੈ, ਪ੍ਰਯਤਨ ਫੋਕਟ ਹਨ ਤੇ ਪ੍ਰਭੂ ਰਸਾਈ ਅਸੰਭਵ ਹੈ।

ਹਰਿਮੰਦਰ ਸਾਹਿਬ ਪਵਿੱਤਰ ਸਰੋਵਰ ਦੇ ਵਿਚਕਾਰ ਸੁਭਾਇਮਾਨ ਹੈ। ਇਵੇਂ ਲਗਦਾ ਹੈ ਜਿਵੇਂ ਜਲ ਵਿਚ ਕੰਵਲ ਦਾ ਫੁੱਲ ਖਿੜਿਆ ਹੋਵੇ। ਇਹ ਮਨੁੱਖ ਲਈ ਪਰਤੱਖ ਇਸ਼ਾਰਾ ਹੈ ਕਿ ਉਸ ਨੇ ਵੀ ਇਸ ਸੰਸਾਰ ਵਿਚ ਕੰਵਲ ਦੇ ਫੁੱਲ ਦੀ ਨਿਆਈਂ ਅਲੇਪ ਹੀ ਰਹਿਣਾ ਹੈ। ਦੁਨੀਆ ਦੇ ਸਭ ਕਾਰ ਵਿਹਾਰ ਦੁਨੀਆ ਵਿਚ ਰਹਿ ਕੇ ਹੀ ਕਰਨੇ ਹਨ ਪਰ ਉਨ੍ਹਾਂ ਵਿਚ ਲੋੜ ਨਾਲੋਂ ਵਧ ਖਚਤ ਨਹੀਂ ਹੋਣਾ। ਦਾਤਾਂ ਦਾ ਮੋਹ ਵਧਾ ਕੇ ਦਾਤਾਂ ਦੇ ਸਿਰਜਣਹਾਰੇ ਦਾਤਾਰੇ ਨੂੰ ਭੁਲ ਨਹੀਂ ਜਾਣਾ।

ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਇਸ ਗੱਲ ਦੇ ਸੂਚਕ ਹਨ ਕਿ ਉਹ ਚੌਹਾਂ ਦਿਸ਼ਾਵਾਂ ਦੇ ਲੋਕਾਂ ਦਾ ਸਾਂਝਾ ਤੀਰਥ ਹੈ ਭਾਵ ਇਸ ਵਿਚ ਹਰ ਕੋਈ ਬਿਨਾਂ ਇਮਤਿਆਜ਼ (ਭੇਦ ਭਾਵ) ਆ ਕੇ ਆਪਣੀ ਸ਼ਰਧਾ, ਸਤਿਕਾਰ ਤੇ ਪਿਆਰ ਪ੍ਰਗਟ ਕਰ ਸਕਦਾ ਹੈ। ਪਰ ਕਮਾਲ ਦੀ ਗੱਲ ਇਹ ਹੈ ਕਿ ਦਰਸ਼ਨੀ ਡਿਉਢੀ ਇਕੋ ਹੈ ਜਿਸ ਦਾ ਭਾਵ ਇਹ ਹੈ ਕਿ ਸਭ ਨੂੰ ਕੁਝ ਮੁਢਲੀਆਂ ਗੱਲਾਂ ਦਾ ਖਿਆਲ ਰਖ ਕੇ ਹੀ ਅੰਦਰ ਆਉਣਾ ਪਵੇਗਾ। ਉਹ ਗੱਲਾਂ ਕੀ ਹੋ ਸਕਦੀਆਂ

ਹਨ? ਉਹ ਹਨ ਮਾਨਵਤਾ ਨਾਲ ਪਿਆਰ, ਦੂਜੇ ਨਾਲ ਹਮਦਰਦੀ, ਸੱਚ ਨਾਲ ਸਨੇਹ, ਸਿਮਰਨ ਲਈ ਉਮਾਹ ਤੇ ਸੇਵਾ ਪ੍ਰਤੀ ਨਿਸ਼ਕਾਮ ਲਗਨ। ਹਰ ਧਰਮ ਇਨ੍ਹਾਂ ਵਡਮੁਲੀਆਂ ਕੀਮਤਾਂ ਕਦਰਾਂ ਦੀ ਪਰਪੱਕਤਾ ਲਈ ਕਰਮਸ਼ੀਲ ਹੈ ਅਤੇ ਦਰਸ਼ਨੀ ਡਿਉਡੀ ਵਿਚੋਂ ਪਰਵੇਸ਼ ਇਨ੍ਹਾਂ ਉਚ ਕਦਰਾਂ ਪ੍ਰਤੀ ਸੁਚੇਤਤਾ ਨੂੰ ਇਕ ਵਾਰੀ ਫਿਰ ਮਨ ਵਿਚ ਦੁਹਰਾਉਣਾ ਹੈ। ਜਿਵੇਂ ਕਿ ਹੋਰ ਥਾਂ ਵੀ ਦਸਿਆ ਜਾ ਚੁਕਾ ਹੈ ਕਿ ਦਰਸ਼ਨੀ ਡਿਉਡੀ ਤੋਂ ਦਰਬਾਰ ਸਾਹਿਬ ਅੰਦਰ ਪਰਵੇਸ਼ ਕਰਨ ਤੱਕ 84 ਕਦਮ ਚਲਨਾ ਪੈਂਦਾ ਹੈ ਤੇ ਇਵੇਂ ਇਸ ਰਾਹ ਤੇ ਚਲਣ ਨਾਲ ਜਗਿਆਸੂ ਹਰ ਪਲ ਹਰਿਮੰਦਰ ਵਿਚ ਨਿਰੰਤਰ ਰੂਪ ਵਿਚ ਗਾਈ ਜਾ ਰਹੀ ਇਲਾਹੀ ਬਾਣੀ ਦੇ ਹੋਰ ਨਜ਼ਦੀਕ ਹੁੰਦਾ ਜਾਂਦਾ ਹੈ ਅਤੇ ਇਸ ਬਾਣੀ ਨੂੰ ਹਿਰਦੇ ਵਿਚ ਵਸਾਉਣ ਨਾਲ ਤੇ ਉਸ ਉੱਤੇ ਅਮਲ ਕਰਨ ਨਾਲ ਜੀਵਨ ਵਿਚ ਕਰਮਸ਼ੀਲ ਰਹਿ ਕੇ ਉਸਨੂੰ ਅਸਾਨੀ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ। ਇਸੇ ਲਈ ਗੁਰਸਿੱਖੀ ਨੂੰ ਜੀਵਨ-ਮੁਕਤ ਫਿਲਾਸਫੀ ਵਾਲਾ ਧਰਮ ਕਿਹਾ ਗਿਆ ਹੈ ਜਿਸਦਾ ਆਧਾਰ ਗੁਰਬਾਣੀ ਹੈ।

ਹਰਿਮੰਦਰ ਸਾਹਿਬ ਨੂੰ ਸਚਖੰਡ ਜਾਂ ਰੱਬ ਦਾ ਘਰ ਕਿਹਾ ਗਿਆ ਹੈ। ਦਿਬ ਦਰਿਸ਼ਟੀ ਰਖਣ ਵਾਲੀਆਂ ਕਈ ਸੁੱਚੀਆਂ ਰੂਹਾਂ ਨੇ ਇਸ ਗੱਲ ਦੀ ਪਰੋੜਤਾ ਵੀ ਕੀਤੀ ਹੈ ਪਰ ਇਕ ਕਵੀ ਹਰਦਾਸ ਆਪਣੀ ਕਵਿਤਾ ਵਿਚ ਰੱਬ ਦੇ ਇਸ ਪਾਕ ਨਿਵਾਸ ਸਥਾਨ ਬਾਰੇ ਸੁਹਣੇ ਢੰਗ ਨਾਲ ਆਪਣੇ ਅਨੁਭਵ ਪ੍ਰਗਟ ਕਰਦਿਆਂ ਕਹਿੰਦਾ ਹੈ :-

ਅੰਮ੍ਰਿਤਸਰ ਬੈਕੁੰਠ ਕੋ, ਤੋਲਿਓ ਹਰਿ 'ਹਰਦਾਸ,'
ਗੌਰਾ (ਭਾਰਾ) ਸੋ ਧਰਤੀ ਰਿਹੈ, ਹੌਲਾ (ਹਲਕਾ) ਚੜਿਓ ਆਕਾਸ।

ਭਾਵ ਇਹ ਕਿ ਰੱਬ ਨੇ ਦੋ ਬੈਕੁੰਠ ਆਪਣੇ ਲਈ ਬਣਾਏ ਜਿਨ੍ਹਾਂ ਨੂੰ ਵਾਹਿਗੁਰੂ ਦੇ ਸੇਵਕ ਕਵੀ ਹਰਦਾਸ ਨੇ ਵਾਹਿਗੁਰੂ ਦੇ ਹੁਕਮ ਨਾਲ ਤੋਲਿਆ। ਜਿਹੜਾ ਭਾਰਾ ਤੇ ਵਧੀਆ ਸਚਖੰਚ ਸੀ ਉਹ ਤਾਂ ਧਰਤੀ ਤੇ ਅੰਮ੍ਰਿਤਸਰ ਵਿਖੇ ਰਹਿ ਗਿਆ ਅਤੇ ਜਿਹੜਾ ਇਸ ਤੋਂ ਕੁਝ ਹੌਲਾ ਸੀ ਉਹ ਪਰਮਾਤਮਾ ਦੀ ਨਿਜੀ ਵਰਤੋਂ ਲਈ ਅਕਾਸ਼ ਤੇ ਚੜ੍ਹ ਗਿਆ।

ਸ਼ਾਇਰ ਹਰਦਾਸ ਦੀ ਸੋਚ ਅਤੇ ਹਰਿਮੰਦਰ ਸਾਹਿਬ ਦੀ ਮਹਾਨਤਾ ਬਾਰੇ ਉਸ ਦੇ ਉਕਤ ਪ੍ਰਗਟਾਏ ਜਜ਼ਬਾਤ ਕਲਮ ਬਿਆਨੀ ਦੀ ਸੀਮਾਂ ਤੋਂ ਪਰੇ ਦੀ ਗੱਲ ਬਣ ਗਏ ਹਨ। ਉਂਜ ਵੀ ਇਹ ਸਾਇੰਸ ਦਾ ਅਸੂਲ ਹੈ ਕਿ ਭਾਰੀ ਚੀਜ਼ ਧਰਤੀ ਵਲ ਖਿਚੀ ਆਉਂਦੀ ਹੈ ਤੇ ਹਲਕੀ ਅਕਾਸ਼ ਵਿਚ ਜਾਣ ਨੂੰ ਲੋਚਦੀ ਹੈ। ਹਰਦਾਸ ਦੇ ਮਨੋਭਾਵਾਂ ਦੀ ਰੌਸ਼ਨੀ ਵਿਚ ਅਸੀਂ ਕਿਤਨੇ ਭਾਗਸ਼ਾਲੀ ਹਾਂ ਜਿਨ੍ਹਾਂ ਨੂੰ ਵਧੀਆ ਸਚਖੰਡ ਅੰਮ੍ਰਿਤਸਰ ਦੀ ਪਾਵਨ ਪੁਨੀਤ ਧਰਤੀ ਤੇ ਹੀ ਨਸੀਬ ਹੋ ਗਿਆ ਹੈ। ਇਕ ਹੋਰ ਕਵੀ ਦਰਬਾਰ ਸਾਹਿਬ ਦੀ ਸ਼ਾਨ ਵਿਚ ਲਿਖਦਾ ਹੈ :

ਹੈ ਪਰਤੱਖ ਪਰਮਾਣ ਦੀ ਲੋੜ ਕੀ ਏ
ਸਰ (ਸਰੋਵਰ) ਵਿਚ ਸਿਰਜਿਆ ਜੋ ਘਰ ਬਾਰ ਤੇਰਾ
ਤੇਰੀ ਸਹੁੰ ਤਿਰਲੋਕੀ ਪਈ ਮੰਨਦੀ ਏ
ਸਚਖੰਡ ਦਾ ਨਕਸ਼ਾ ਦਰਬਾਰ ਤੇਰਾ

ਰਾਮ ਦਾਸ ਸਤਿਗੁਰ, ਬਲਿਹਾਰ ਤੈਥੋਂ
ਜਗ ਤੇ ਕਾਰਨਾਮਾ ਅਲੌਕਾਰ (ਅਲੌਕਿਕ) ਤੇਰਾ
ਦਰ ਤੇ ਆਏ ਦਾ ਨਕਸ਼ਾ ਹੀ ਬਦਲ ਦੇਂਦੈ
ਸਚ-ਖੰਡ ਦਾ ਨਕਸ਼ਾ ਦਰਬਾਰ ਤੇਰਾ

ਐਸਾ ਧਾਮ ਹੈ ਜਗ ਤੇ ਸ਼ੋਭਨੀਕ
ਜਿਸ ਦੇ ਦਰਸ਼ਨਾਂ ਲਈ ਲੋਚੇ ਪੈਰੋਕਾਰ ਤੇਰਾ
ਪਿਆਰੀ ਹਰਿਮੰਦਰ ਦੀ ਆਨ ਤੇ ਸ਼ਾਨ ਇਤਨੀ
ਸੀਸ ਵਾਰੇ ਸੇਵਕ, ਕਰੇ ਸਤਿਕਾਰ ਤੇਰਾ।

ਕਰਤਾ ਸੂਰਜ ਪਰਕਾਸ਼ ਭਾਈ ਸੰਤੋਖ ਸਿੰਘ ਹਰਿਮੰਦਰ ਸਾਹਿਬ ਦੀ ਮਹਿਮਾ ਵਿਚ ਲਿਖਦੇ ਕਹਿੰਦਾ ਹੈ:

ਨੌ ਨਿਧਿ ਸਿਧਿ ਰਿਧਿ ਜੋ ਨਾਨਾ, ਆਇ ਸ਼ਰਨ ਪਰਹੇਂ ਇਸ ਥਾਨਾ
ਜੋ ਸੇਵਿਹ ਸਿਖ ਲੇਵਹਿ ਸੋਇ, ਅੰਤ ਕਾਲ ਅਛੀ ਗਤਿ ਹੋਇ
ਕੌਨ ਕਮੀ ਪ੍ਰਭੁ ਕੇ ਦਰਬਾਰ, ਜਹਿ ਤ੍ਰਿਲੋਕ ਪਤੀ ਬਸਹੇਂ ਉਦਾਰ

(ਸੂਰਜ ਪ੍ਰਕਾਸ਼ ਜਿਲਦ 6ਵੀਂ, ਪੰਨਾ-1861)

ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੇ ਸ਼ਸ਼ੋਭਤ ਸਿਫਤੀ ਦਾ ਘਰ ਹਰਿਮੰਦਰ, ਧਰਮਸਾਲ ਰੂਪ ਵਿਚ ਅਕਾਲਪੁਰਖ ਦੀ ਸਦੀਵ ਯਾਦਗਾਰ ਹੈ, ਸਾਰੀ ਪ੍ਰਿਥਵੀ ਦਾ ਸਰਬ ਪਰਕਾਰੀ ਕੇਂਦਰ ਹੈ, ਅਧਿਆਤਮਿਕ ਧੁਰਾ ਹੈ, ਰੌਸ਼ਨ ਮੀਨਾਰ ਹੈ, ਖਾਲਸੇ ਦੀ ਚੜ੍ਹਤ ਦਾ ਜੈਕਾਰਾ ਹੈ, ਕੌਮ ਦੀ ਗੌਰਵਮਈ ਹੋਂਦ ਦੀ ਸ਼ਕਤੀਸ਼ਾਲੀ ਤੇ ਸੁਹਿਰਦ ਨਿਸ਼ਾਨੀ ਹੈ ਜਿਸਦੀ ਯਾਤਰਾ ਖੇੜਾ ਤੇ ਖੁਸ਼ੀ ਬਖ਼ਸ਼ਦੀ ਹੈ, ਦਰਸ਼ਨ ਪਾਪ ਤੇ ਕਿਲਵਿਖ ਨਸ਼ਟ ਕਰਦੇ ਹਨ, ਕੀਰਤਨ ਤੇ ਇਸ਼ਨਾਨ ਰੋਗ ਮੁਕਤ ਕਰਕੇ ਚੌਰਾਸੀ ਦੇ ਗੇੜੇ ਤੋਂ ਨਿਜਾਤ ਦਵਾਂਦੇ ਹਨ। ਇੱਥੋਂ ਹਰ ਕਿਸੇ ਨੂੰ ਹਰ ਪ੍ਰਕਾਰ ਦੀ ਅਗਵਾਈ, ਧਰਵਾਸ, ਆਨੰਦ, ਪ੍ਰਗਾਸ, ਉਮਾਹ, ਸ਼ਾਂਤੀ ਤੇ ਹੌਸਲਾ ਮਿਲਦਾ ਹੈ ਤੇ ਅਵੱਸ਼ ਮਿਲਦਾ ਹੈ ਅਤੇ ਪ੍ਰਮਾਤਮਾ ਦੀ ਕ੍ਰਿਪਾ ਸਦਕਾ ਸਦਾ ਸਦਾ ਲਈ ਮਿਲਦਾ ਹੀ ਰਹੇਗਾ।

ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ
ਨਾ ਬੂਝਹਿ ਮੁਗਧ ਗਵਾਰ॥ ਅੰਗ-1346

.35.

ਹਰਿਮੰਦਰ ਨੂੰ ਫੁੱਲਾਂ ਦੁਆਰਾ ਸਤਿਕਾਰ

ਰੰਗ ਬਰੰਗੇ ਖੂਬਸੂਰਤ ਤੇ ਖੁਸ਼ਬੂਦਾਰ ਫੁੱਲ ਰੱਬ ਦਾ ਮਾਨਵਤਾ ਨੂੰ ਸਭ ਤੋਂ ਮਹੱਤਵਪੂਰਨ ਤੋਹਫਾ ਹਨ। ਬੁਝਿਆ ਹੋਇਆ ਮਨ ਵੀ ਇਨ੍ਹਾਂ ਨੂੰ ਖੁਸ਼ੀਆਂ, ਖੁਸ਼ਬੂਆਂ ਤੇ ਸੁਹਪਣ ਵੰਡਦਾ ਦੇਖ ਕੇ ਆਪ ਮੁਹਾਰੇ ਖਿੜ ਪੈਂਦਾ ਹੈ। ਇਸ ਤਰ੍ਹਾਂ ਇਹ ਫੁੱਲ ਸਾਡੇ ਲਈ ਪ੍ਰਮਾਤਮਾ ਦਾ ਨਿਰਾਲਾ ਅਤੇ ਸ਼ੋਭਨੀਕ ਵਰਦਾਨ ਹਨ। ਦਰਬਾਰ ਸਾਹਿਬ ਵਿਖੇ ਵੀ ਬਹੁਤ ਸਾਰੇ ਸ਼ਰਧਾਲੂ ਵੱਖ ਵੱਖ ਫੁੱਲਾਂ ਦੇ ਸਿਹਰੇ, ਹਾਰ ਤੇ ਗੁਲਦਸਤੇ ਭੇਂਟ ਕਰ ਕੇ ਆਪਣੇ ਇਸ਼ਟ ਦਾ ਸਤਿਕਾਰ ਕਰਦੇ ਹਨ ਅਤੇ ਗੁਰਪੁਰਬ ਦੇ ਮੌਕਿਆਂ ਤੇ ਕਈ ਘਰਾਣਿਆਂ ਵਲੋਂ ਦਰਬਾਰ ਸਾਹਿਬ ਵਿਖੇ ਫੁੱਲ, ਸਿਹਰੇ ਤੇ ਗੁਲਦਸਤੇ ਭੇਂਟ ਕੀਤੇ ਜਾਂਦੇ ਹਨ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਤਾਂ ਇਨ੍ਹਾਂ ਫੁੱਲਾਂ ਦੀ ਗਿਣਤੀ ਮਿਣਤੀ ਦਾ ਲੇਖਾ ਜੋਖਾ ਕਰਨਾ ਵੀ ਮੁਸ਼ਕਲ ਹੋ ਜਾਂਦਾ ਹੈ। ਸ਼ਰਧਾਲੂ ਉਸ ਦਿਨ ਸੁਹਣੇ ਸੁਹਣੇ ਫੁੱਲਾਂ ਨਾਲ ਸਾਰੀ ਪਰਕਰਮਾ ਤਕ ਨੂੰ ਸਜਾਅ ਦੇਂਦੇ ਹਨ ਕਿਉਂਕਿ ਫੁੱਲਾਂ ਦੀ ਖੂਬਸੂਰਤੀ ਦਾ ਆਪਣਾ ਨਵੇਕਲਾ ਸਥਾਨ ਹੈ। ਪਰ ਜਿਨ੍ਹਾਂ ਫੁੱਲਾਂ ਦਾ ਅਸੀਂ ਜ਼ਿਕਰ ਕਰਨਾ ਚਾਹੁੰਦੇ ਹਾਂ ਉਨ੍ਹਾਂ ਨਾਲ ਸਿੱਖ ਕੌਮ ਦਾ ਬੜਾ ਮਾਣ ਜਨਕ ਸਤਿਕਾਰ ਅਤੇ ਅਨੋਖਾ ਜਿਹਾ ਪਿਆਰ ਜੁੜਿਆ ਹੋਇਆ ਹੈ।

ਅਸੀਂ ਇਸ ਲਿਖਤ ਵਿਚ ਪਹਿਲੇ ਜ਼ਿਕਰ ਕਰ ਚੁਕੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਦਰਬਾਰ ਸਾਹਿਬ ਨਾਲ ਬੇਪਨਾਹ ਸਤਿਕਾਰ ਤੇ ਪਿਆਰ ਸੀ ਤੇ ਉਹ ਆਪਣੀ ਦੁਰਲਭ ਤੋਂ ਦੁਰਲਭ ਵਸਤੂ ਵੀ ਦਰਬਾਰ ਸਾਹਿਬ ਵਿਖੇ ਭੇਂਟ ਕਰ ਕੇ ਪ੍ਰਸੰਨਤਾ ਅਨੁਭਵ ਕਰਦਾ ਸੀ। ਉਸ ਨੇ ਇੱਥੇ ਤਕ ਕਿ ਕੋਹ ਨੂਰ ਹੀਰੇ ਨੂੰ ਵੀ ਦਰਬਾਰ ਸਾਹਿਬ ਭੇਂਟ ਕਰਨ ਦੀ ਸੋਚੀ ਹੋਈ ਸੀ। ਉਸ ਦੀ ਮੌਤ ਮਗਰੋਂ ਉਸ ਦਾ ਪਰਿਵਾਰ ਵੀ ਦਰਬਾਰ ਸਾਹਿਬ ਪ੍ਰਤੀ ਉਹੀ ਸਤਿਕਾਰ ਤੇ ਉਮਾਹ ਪ੍ਰਗਟਾਉਂਦਾ ਰਿਹਾ ਜਿਸ ਤਰ੍ਹਾਂ ਦਾ ਮਹਾਰਾਜਾ ਰਣਜੀਤ ਸਿੰਘ ਪ੍ਰਗਟਾਂਦਾ ਸੀ ਪਰ ਰਣਜੀਤ ਸਿੰਘ ਦੇ ਸੰਸਾਰ ਤੋਂ ਚਲੇ ਜਾਣ ਕਾਰਨ ਉਸ ਦੇ ਦੇਸ਼ ਵਿਚ ਫੈਲੀ ਖਾਨਾ ਜੰਗ ਨੇ ਉਸ ਦੇ ਵਾਰਸਾਂ ਨੂੰ ਸੁਖ ਦਾ ਸਾਹ ਨਾ ਲੈਣ ਦਿੱਤਾ। ਸ਼ਾਹੀ ਘਰਾਣੇ ਦੇ ਕਤਲ ਹੁੰਦੇ ਗਏ। ਆਖਰ ਮਾਸੂਮ ਦਲੀਪ ਸਿੰਘ ਮਹਾਰਾਜਾ ਬਣਿਆ। ਉਸ ਦੇ ਰਾਜ ਕਾਲ ਵਿਚ ਹੀ ਅੰਗਰੇਜ਼ਾਂ ਨਾਲ ਸਿੱਖਾਂ ਦੀਆਂ ਲੜਾਈਆਂ ਹੋਈਆਂ ਤੇ 1849 ਈ. ਨੂੰ ਸਿੱਖ ਰਾਜ ਦਾ ਖਾਤਮਾ ਹੋ ਗਿਆ। ਮਹਾਰਾਜਾ

ਦਲੀਪ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਇੰਗਲੈਂਡ ਭੇਜ ਦਿੱਤਾ ਗਿਆ ਜਿਥੇ ਉਸ ਨੂੰ ਈਸਾਈ ਧਰਮ ਕਬੂਲ ਕਰਨ ਤੇ ਮਜਬੂਰ ਕੀਤਾ ਗਿਆ ਅਤੇ ਇਕ ਬੜੀ ਹੀ ਸੋਚੀ ਸਮਝੀ ਤੇ ਡੂੰਘੀ ਚਲਾਕੀ ਨਾਲ ਕੋਹ ਨੂਰ ਹੀਰਾ ਵੀ ਉਸ ਤੋਂ ਮਹਾਰਾਣੀ ਵਿਕਟੋਰੀਆ ਨੂੰ ਭੇਂਟ ਕਰਵਾ ਦਿੱਤਾ ਗਿਆ। ਅਜਿਹੀਆਂ ਕਈ ਘਟਨਾਵਾਂ ਕਾਰਨ ਮਹਾਰਾਜਾ ਸਾਰੀ ਉਮਰ ਮਾਯੂਸ ਰਿਹਾ। ਉਸ ਦੀ ਸ਼ਾਦੀ ਇਕ ਜਰਮਨ ਲੜਕੀ ਬੰਬਾ ਨਾਲ ਹੋਈ। ਇਨ੍ਹਾਂ ਦੀ ਜਵਾਨੀ ਦੀ ਇਕ ਫੋਟੋ ਮਲਕਾ ਵਿਕਟੋਰੀਆ ਦੇ ਵਿਸ਼ੇਸ਼ ਮਹਿਲ ਜੋ ਆਈਲ ਆਫ ਵਾਈਟ ਟਾਪੂ, ਇੰਗਲੈਂਡ ਵਿਖੇ ਹੈ, ਵਿਚ ਇਕ ਵਿਸ਼ੇਸ਼ ਗੈਲਰੀ ਵਿਚ ਲਗੀ ਹੋਈ ਹੈ। ਇਸ ਜੋੜੀ ਦੇ ਤਿੰਨ ਪੁਤਰ ਤੇ ਤਿੰਨ ਧੀਆਂ ਦੀ ਸੰਤਾਨ ਹੋਈ। ਇਕ ਪੁਤਰੀ ਮਿਸ ਬੰਬਾ ਦਲੀਪ ਸਿੰਘ ਤੋਂ ਇਲਾਵਾ ਮਹਾਰਾਜੇ ਦੇ ਸਾਰੇ ਹੀ ਬੱਚੇ ਤੇ ਬੀਵੀ ਮਰ ਗਏ। ਮਹਾਰਾਜੇ ਨੇ ਇਕ ਸ਼ਾਦੀ ਹੋਰ ਵੀ ਕਰਵਾਈ ਪਰ ਉਸ ਤੋਂ ਕੋਈ ਸੰਤਾਨ ਨਾ ਹੋਈ। ਆਖਰ ਸਖਤ ਮਾਯੂਸੀ ਤੇ ਆਜਜ਼ੀ ਦੀ ਹਾਲਤ ਵਿਚ ਪੰਜਾਬ ਦਾ ਮਹਾਰਾਜਾ ਪੰਜਾਬ ਪਰਤਣ ਦੇ ਯਤਨਾਂ ਵਿਚ ਪੈਰਿਸ ਦੇ ਇਕ ਹੋਟਲ ਵਿਚ 1893 ਈ. ਨੂੰ ਦਮ ਤੋੜ ਗਿਆ। ਉਸ ਦੀ ਇਕਲੌਤੀ ਬਚੀ ਸੰਤਾਨ ਮਿਸ ਬੰਬਾ ਦਲੀਪ ਸਿੰਘ ਨੇ ਡਾ. ਸਦਰਲੈਂਡ ਨਾਲ ਸ਼ਾਦੀ ਕਰਵਾਈ ਪਰ ਬਦਕਿਸਮਤੀ ਨਾਲ ਉਨ੍ਹਾਂ ਦੀ ਸੰਤਾਨ ਨਾ ਹੋਈ। ਕੁਝ ਸਾਲਾਂ ਪਿੱਛੋਂ ਬੰਬਾ ਸਦਰਲੈਂਡ ਨੇ ਇੰਗਲੈਂਡ ਛਡ ਦਿੱਤਾ ਤੇ ਪੰਜਾਬ ਆ ਗਈ ਜਿਥੇ ਉਸ ਦਾ ਸ਼ਕਤੀਸ਼ਾਲੀ ਦਾਦਾ ਤੇ ਪਿਤਾ ਕਿਸੇ ਵੇਲੇ ਰਾਜ ਕਰਦੇ ਸੀ। ਸਭ ਤੋਂ ਪਹਿਲੇ ਉਸਨੇ ਆਪਣੀ ਦਾਦੀ ਮਹਾਰਾਣੀ ਜਿੰਦਾਂ ਦੀਆਂ ਅਸਤੀਆਂ, ਜੋ ਨਾਸਕ ਵਿੱਚ ਸਨ ਜਿੱਥੇ ਉਸਦਾ ਸਸਕਾਰ ਕੀਤਾ ਗਿਆ ਸੀ, ਨੂੰ ਲਿਆ ਅਤੇ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਸਥਿਤ ਸਮਾਧੀ ਵਿੱਚ ਦਫ਼ਨਾਇਆ, ਜਿਹੜੀ ਕਿ ਮਹਾਰਾਣੀ ਜਿੰਦਾਂ ਦੀ ਇੱਛਾ ਸੀ। ਉਹ 1933 ਈ. ਵਿਚ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਵੀ ਆਈ। ਜਦ ਉਸ ਨੂੰ ਦਸਿਆ ਗਿਆ ਕਿ ਉਸ ਦੇ ਦਾਦੇ ਨੇ ਦਰਬਾਰ ਸਾਹਿਬ ਤੇ ਸੋਨਾ ਚੜ੍ਹਵਾਇਆ ਹੈ ਅਤੇ ਉਹ ਹਰ ਪਰਕਾਰ ਦੀ ਸੇਵਾ ਕਰਕੇ ਖੁਸ਼ੀ ਮਹਿਸੂਸ ਕਰਿਆ ਕਰਦਾ ਸੀ ਤਾਂ ਬੰਬਾ ਨੂੰ ਬਹੁਤ ਖੁਸ਼ੀ ਹੋਈ। ਉਹ ਵੀ ਦਰਬਾਰ ਸਾਹਿਬ ਦੇ ਦਰਸ਼ਨਾਂ ਤੋਂ ਇਤਨੀ ਪ੍ਰਭਾਵਤ ਹੋਈ ਕਿ ਉਸ ਨੇ ਹੀਰੇ ਮੋਤੀਆਂ ਦੀਆਂ ਕੀਮਤੀ ਮੁੰਦਰੀਆਂ ਜਿਹੜੀਆਂ ਪਾਈਆਂ ਹੋਈਆਂ ਸਨ, ਉਹ ਲਾਹ ਕੇ ਦਰਬਾਰ ਸਾਹਿਬ ਵਿਖੇ ਭੇਂਟ ਕਰ ਦਿੱਤੀਆਂ ਤੇ ਇਵੇਂ ਆਪਣੇ ਪਰਿਵਾਰ ਦੀ ਅਦੁਤੀ ਸੇਵਾ ਦੀ ਪਰੰਪਰਾ ਨੂੰ ਹੋਰ ਪ੍ਰਪੱਕ ਕਰ ਦਿੱਤਾ। ਬੰਬਾ ਦੀਆਂ ਭੇਟਾਵਾਂ ਅੱਜ ਵੀ ਕੌਮੀ ਮਾਣ ਨੂੰ ਵਧਾਉਂਦੀਆਂ ਹੋਈਆਂ ਤੋਸ਼ੇਖਾਨੇ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ। ਬੰਬਾ ਲਾਹੌਰ ਆਬਾਦ ਹੋ ਗਈ। ਉਸ ਦੇ ਦਾਦੇ ਤੇ ਪਿਓ ਦੇ ਰਾਜ ਦੀ ਇਸ

ਰਾਜਧਾਨੀ ਵਿਚ ਉਹ ਇਕ ਕੋਠੀ ਵਿਚ ਗੁਮਨਾਮੀ ਦੀ ਜ਼ਿੰਦਗੀ ਬਸਰ ਕਰਨ ਲਗ ਪਈ।

ਬੰਬਾ ਨੂੰ ਗੁਲਾਬ ਦੇ ਫੁੱਲਾਂ ਨਾਲ ਬੇਹੱਦ ਪਿਆਰ ਸੀ ਜੋ ਉਸ ਨੇ ਵੱਡੀ ਮਾਤਰਾ ਵਿਚ ਆਪਣੀ ਕੋਠੀ ਵਿਚ ਆਪ ਉਗਾਏ। ਉਨ੍ਹਾਂ ਦੀ ਖੁਸ਼ਬੂ ਤੋਂ ਉਹ ਬਹੁਤ ਖੁਸ਼ ਹੁੰਦੀ। ਹੋਰ ਸਰਮਾਇਆ ਤਾਂ ਉਸ ਪਾਸ ਨਹੀਂ ਸੀ ਪਰ ਜਦ ਉਸ ਦੇ ਹੱਥ ਨਾਲ ਲਗਾਏ ਗੁਲਾਬ ਖਿੜਦੇ ਤਾਂ ਉਹ ਉਨ੍ਹਾਂ ਨੂੰ ਵਧੀਆ ਵਧੀਆ ਗੁਲਦਸਤਿਆਂ ਦੇ ਰੂਪ ਵਿਚ ਸਜਾ ਕੇ ਖੁਦ ਦਰਬਾਰ ਸਾਹਿਬ ਲਿਆ ਕੇ ਭੇਂਟ ਕਰਦੀ। ਜੇ ਆਪ ਨਾ ਜਾ ਸਕਦੀ ਤਦ ਕਿਸੇ ਹੱਥ ਇਨ੍ਹਾਂ ਨੂੰ ਦਰਬਾਰ ਸਾਹਿਬ ਭੇਜ ਕੇ ਆਨੰਦ ਪ੍ਰਾਪਤ ਕਰਦੀ। ਮਹਾਰਾਜਾ ਰਣਜੀਤ ਸਿੰਘ ਕੋਲ ਹੀਰੇ ਮੋਤੀ ਸਨ ਜਿਨ੍ਹਾਂ ਨੂੰ ਦਰਬਾਰ ਸਾਹਿਬ ਵਿਖੇ ਚੜ੍ਹਾ ਕੇ ਉਹ ਖੁਸ਼ ਹੁੰਦਾ ਸੀ, ਪਰ ਉਸ ਦੀ ਪੋਤਰੀ ਪਾਸ ਵਧੀਆ ਗੁਲਾਬ ਹੀ ਸੀ ਜਿਸ ਨੂੰ ਦਰਬਾਰ ਸਾਹਿਬ ਵਿਖੇ ਚੜ੍ਹਾ ਕੇ ਉਹ ਵੀ ਖੁਸ਼ ਹੁੰਦੀ ਸੀ। ਦੋਨੋ ਦਾਦਾ ਪੋਤਰੀ ਦਰਬਾਰ ਸਾਹਿਬ ਪ੍ਰਤੀ ਇਸ ਕਿਸਮ ਦਾ ਨਿਹੋਂ ਰਖਦੇ ਸਨ ਜਦ ਕਿ ਬੰਬਾ ਦਾ ਆਪਣਾ ਧਰਮ ਈਸਾਈ ਸੀ ਪਰ ਦਰਬਾਰ ਸਾਹਿਬ ਨਾਲ ਉਸ ਦੇ ਪਰਿਵਾਰਕ ਮੋਹ ਕਾਰਨ ਉਹ ਦਰਬਾਰ ਸਾਹਿਬ ਬਾਰੇ ਇਕ ਇਲਾਹੀ ਖਿਚ ਰਖਦੀ ਸੀ ਤੇ ਇਸ ਖਿਚ ਦਾ ਪ੍ਰਗਟਾਵਾ ਉਹ ਖੂਬਸੂਰਤ ਗੁਲਾਬ ਦੇ ਫੁੱਲ ਕਰਦੇ ਸਨ ਜੋ ਉਹ ਲਗਾਤਾਰ ਦਰਬਾਰ ਸਾਹਿਬ ਭੇਜਦੀ ਰਹੀ। ਆਖਰ ਬੰਬਾ ਸਦਰਲੈਂਡ ਵੀ ਅਕਾਲ ਚਲਾਣਾ ਕਰ ਗਈ ਤੇ ਇਵੇਂ ਮਹਾਰਾਜਾ ਦਲੀਪ ਸਿੰਘ ਦੇ ਖਾਨਦਾਨ ਦਾ ਆਖਰੀ ਚਿਰਾਗ਼ ਵੀ ਬੁਝ ਗਿਆ। ਕੁਦਰਤ ਦੇ ਰੰਗ ਦੇਖੋ ਉਨਵੀਂ ਸਦੀ ਦੇ ਚੌਥੇ ਦਹਾਕੇ ਵਿਚ ਜੋ ਬਾਲਕ ਮਹਾਰਾਜਾ ਵਿਸ਼ਵ ਦੀ ਇਕ ਸ਼ਕਤੀਸ਼ਾਲੀ ਸਲਤਨਤ ਦਾ ਮਾਲਕ ਸੀ, ਵੀਹਵੀਂ ਸਦੀ ਦੇ ਤੀਜੇ ਚੌਥੇ ਦਹਾਕੇ ਤਕ ਪਹੁੰਚਦਿਆਂ ਉਸ ਦੇ ਪਰਿਵਾਰ ਦਾ ਕੋਈ ਵੀ ਵਾਰਸ ਨਾ ਰਿਹਾ। ਭਾਣਾ ਕਰਤਾਰ ਦਾ।

ਮੁਲਕ ਦੀ ਵੰਡ ਕਾਰਨ ਫੁੱਲਾਂ ਅਤੇ ਉਨ੍ਹਾਂ ਦੀ ਖੁਸ਼ਬੂ ਨੂੰ ਇਨਸਾਨੀ ਨਫਰਤ ਨੇ ਆਪਣੇ ਪੈਰਾਂ ਥੱਲੇ ਮਧੋਲ ਦਿੱਤਾ ਤੇ ਉਹ ਗੁਲਾਬ ਜੋ ਬੰਬਾ ਨੇ ਆਪਣੇ ਹਥੀਂ ਲਗਾਏ ਸਨ ਉਨ੍ਹਾਂ ਦੀ ਦਰਬਾਰ ਸਾਹਿਬ ਤਕ ਰਸਾਈ (ਪਹੁੰਚ) ਹੋਣੀ ਬੰਦ ਹੋ ਗਈ। ਸ਼ਹਿਜ਼ਾਦੀ ਦੇ ਨੌਕਰਾਂ ਅਤੇ ਮਾਲੀਆਂ ਦੀਆਂ ਸੰਤਾਨਾਂ ਹਾਲੇਂ ਵੀ ਉਸੇ ਗੁਲਾਬ ਵਾਲੀ ਕੋਠੀ ਵਿਚ ਰਹਿੰਦੀਆਂ ਹਨ ਅਤੇ ਸ਼ਹਿਜ਼ਾਦੀ ਦੇ ਗੁਲਾਬਾਂ ਪ੍ਰਤੀ ਇਸ਼ਕ ਨੂੰ ਦੇਖਦਿਆਂ ਹੋਇਆਂ ਉਹ ਉਨ੍ਹਾਂ ਗੁਲਾਬਾਂ ਦੀਆਂ ਕਲਮਾਂ ਨੂੰ ਕਟ ਕਟ ਕੇ ਉੱਥੇ ਲਗਾਉਂਦੀਆਂ ਤੇ ਉਗਾਉਂਦੀਆਂ ਰਹਿੰਦੀਆਂ ਹਨ ਜੋ ਕਿਸੇ ਵੇਲੇ ਬੰਬਾ ਨੇ ਆਪਣੇ ਹਥੀਂ ਲਾਏ ਸਨ ਅਤੇ ਉਨ੍ਹਾਂ ਤੋਂ ਉਪਜੇ ਫੁੱਲਾਂ ਦਾ ਇਕ ਗੁਲਦਸਤਾ ਬਣਾ ਕੇ ਉਸ ਕਮਰੇ ਵਿਚ ਜ਼ਰੂਰ ਰਖ ਦੇਂਦੀਆਂ ਹਨ ਜਿਥੇ ਸ਼ਹਿਜ਼ਾਦੀ

ਸੌਂਦੀ ਹੁੰਦੀ ਸੀ। (ਹਵਾਲਾ ਈਲੀਆਸ ਘੁਮਾਣ ਦਾ ਲੇਖ)।

ਜੇ ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਭਾਗ ਦੁਆਰਾ ਲਾਹੌਰ ਵਿਚ ਆਪਣੀ ਮਹਾਨ ਕੀਰਤੀ ਦੀ ਖੁਸ਼ਬੂ ਛਡ ਗਿਆ ਤਾਂ ਉਸ ਦੀ ਆਖਰੀ ਸੰਤਾਨ ਉਸ ਦੀ ਪੋਤਰੀ ਉਸੇ ਲਾਹੌਰ ਵਿਚ ਗੁਲਾਬ ਦੇ ਫੁੱਲਾਂ ਦੀ ਖੁਸ਼ਬੂ ਛਡ ਗਈ। ਇਹ ਗੁਲਾਬ ਦੇ ਫੁੱਲ ਜੋ ਉਸ ਕੋਠੀ ਵਿਚ ਹਾਲੇਂ ਵੀ ਜੀਵਤ ਹਨ ਮਹਾਰਾਜੇ ਤੇ ਉਸਦੇ ਖਾਨਦਾਨ ਦੇ ਅਦਭੁਤ ਇਤਿਹਾਸ ਦੀ ਤਰਜਮਾਨੀ (ਪ੍ਰਤੀਨਿਧਤਾ) ਕਰਦੇ ਹਨ। ਜਿਸ ਮਹਾਰਾਜੇ ਨੇ ਦਰਬਾਰ ਸਾਹਿਬ ਨੂੰ ਅਨੂਪਮ ਰੂਪ ਵਿਚ ਸਜਾਉਣ ਲਈ ਕੋਈ ਕਸਰ ਨਹੀਂ ਛੱਡੀ ਸੀ ਕੀ ਉਸ ਦੀ ਪੋਤਰੀ ਦੇ ਲਗਾਏ ਗੁਲਾਬਾਂ ਨੂੰ ਸੁਰੱਖਿਅਤ ਕਰਕੇ ਤੇ ਉਨ੍ਹਾਂ ਦੀਆਂ ਵਿਸ਼ੇਸ਼ ਕਲਮਾਂ ਲੈ ਕੇ ਪੰਜਾਬ ਦੇ ਕੁਝ ਖਾਸ ਖਾਸ ਬਾਗ਼ਾਂ ਵਿਚ ਉਗਾ ਕੇ ਮਹਾਰਾਜੇ ਦੀ ਪਰਿਵਾਰਕ ਖੁਸ਼ਬੂ ਨੂੰ ਜ਼ਿੰਦਾ ਨਹੀਂ ਰਖਿਆ ਜਾ ਸਕਦਾ? ਕੀ ਕੋਈ ਅਜਿਹਾ ਉਪਰਾਲਾ ਨਹੀਂ ਹੋ ਸਕਦਾ ਜਿਸ ਨਾਲ ਇਹ ਗੁਲਾਬ ਅੰਮ੍ਰਿਤਸਰ ਵਿਚ ਕਿਸੇ ਵਿਸ਼ੇਸ਼ ਥਾਂ ਜਾਂ ਦਰਬਾਰ ਸਾਹਿਬ ਦੇ ਗਲਿਆਰੇ ਵਿਚ, ਜਿਸਨੂੰ ਹੁਣ ਹਰ ਲਿਹਾਜ਼ ਨਾਲ ਖ਼ੂਬਸੂਰਤ ਬਣਾਉਣ ਲਈ ਅਨੇਕਾਂ ਪ੍ਰਯਤਨ ਕੀਤੇ ਜਾ ਰਹੇ ਹਨ, ਕੁਝ ਵਿਸ਼ੇਸ਼ ਤੌਰ ਤੇ ਰਾਖਵੀਆਂ ਕਿਆਰੀਆਂ ਵਿਚ ਉਗਾ ਕੇ ਉਨ੍ਹਾਂ ਦੇ ਗੁਲਦਸਤੇ ਹਰ ਰੋਜ਼ ਦਰਬਾਰ ਸਾਹਿਬ ਚੜ੍ਹਾਏ ਜਾਣ ਜਿਵੇਂ ਕਿ ਭਾਈ ਵੀਰ ਸਿੰਘ ਦੀ ਕੋਠੀ ਤੋਂ ਲਏ ਜਾਂਦੇ ਫੁੱਲਾਂ ਦਾ ਬਣਾਇਆ ਗੁਲਦਸਤਾ ਹਰ ਰੋਜ਼ ਦਰਬਾਰ ਸਾਹਿਬ ਚੜ੍ਹਾਇਆ ਜਾਂਦਾ ਹੈ। ਅਜਿਹਾ ਕਰਨਾ ਸਾਡੇ ਵਲੋਂ ਉਸ ਨੇਕ ਦਿਲ ਮਹਾਰਾਜੇ ਅਤੇ ਉਸਦੇ ਪਰਿਵਾਰ ਦੇ ਸਨੇਹ ਤੇ ਸਤਿਕਾਰ ਪ੍ਰਤੀ ਅਹਿਸਾਸ ਦਾ ਨਿਗੂਣਾ ਜਿਹਾ ਪ੍ਰਯਤਨ ਹੋਵੇਗਾ ਤੇ ਉਨ੍ਹਾਂ ਦੇ ਦਰਬਾਰ ਸਾਹਿਬ ਪ੍ਰਤੀ ਅਥਾਹ ਪ੍ਰੇਮ ਨੂੰ ਸਦੀਵੀ ਬਣਾਉਣ ਲਈ ਸੂਖਮ ਉਦਮ ਵੀ। ਉਮੀਦ ਹੈ ਕਿ ਘੱਟੋ ਘਟ ਹਰਿਮੰਦਰ ਪਰਸ਼ਾਸਨ ਵਿਸ਼ੇਸ਼ ਉਪਰਾਲੇ ਜੁਟਾਅ ਕੇ ਇਸ ਭਾਵਨਾ ਨੂੰ ਸਾਕਾਰ ਕਰ ਸਕੇਗਾ ਜਿਸ ਸਦਕਾ ਇਕ ਨਵੇਕਲੀ ਜਹੀ ਸੁਗੰਧਤ ਯਾਦਗਾਰ ਸਾਖਿਆਤ ਰੂਪ ਵਿੱਚ ਹੋਂਦ ਵਿੱਚ ਆ ਸਕਦੀ ਹੈ। ਇਸ ਗੱਲ ਵਿੱਚ ਵੀ ਕੋਈ ਅਤਕਥਨੀ ਨਹੀਂ ਕਿ ਇਨ੍ਹਾਂ ਦੁਰਲਭ ਫੁਲਾਂ ਦੀ ਸੰਭਾਲ ਕਰਨਾ ਸਾਰੇ ਪੰਜਾਬੀਆਂ ਦਾ ਪਹਿਲਾ ਫਰਜ਼ ਹੈ ਜੇ ਅਸੀਂ ਇਸ ਫਰਜ਼ ਨੂੰ ਪਹਿਚਾਨੀਏ ਤਾਂ।

ਭਾਵਨੀ ਭਗਤਿ ਭਾਇ ਕੌਡੀ ਅਗ ਭਾਗ ਰਾਖੈ॥
ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ॥

–ਭਾਈ ਗੁਰਦਾਸ ਜੀ

.36.

ਹਰਿਮੰਦਰ ਸਾਹਿਬ ਦਾ ਸ਼ਰਧਾਲੂ ਬਜ਼ੁਰਗ

ਇਕ ਨਿਸ਼ਚੇਵਾਨ ਲਈ ਹਰਿਮੰਦਰ ਸਾਹਿਬ ਰੱਬ ਦਾ ਸਾਖਿਆਤ ਘਰ ਹੈ। ਇਸ ਤੋਂ ਘਟ ਉਹ ਨਾ ਤਾਂ ਸੋਚਦਾ ਹੈ ਅਤੇ ਨਾ ਹੀ ਕੁਝ ਹੋਰ ਸਵੀਕਾਰ ਹੀ ਕਰਦਾ ਹੈ। ਗੱਲ ਨਿਸ਼ਚੇ ਦੀ ਚਲ ਰਹੀ ਹੈ ਤੇ ਇਸ ਨੂੰ ਨਿਮਨ ਘਟਨਾ ਦੇ ਵਰਨਣ ਨਾਲ ਅੱਗੇ ਤੋਰਨਾ ਚਾਹੁੰਦਾ ਹਾਂ:- ਕੁਝ ਸਾਲ ਪਹਿਲੇ ਦੀ ਗੱਲ ਹੈ ਮੈਂ ਅੰਮ੍ਰਿਤ ਵੇਲੇ ਚਾਰ ਕੁ ਵਜੇ ਸਰੋਵਰ ਸਾਹਿਬ ਵਿਚ ਇਸ਼ਨਾਨ ਕਰਨ ਉਪਰੰਤ ਦਰਬਾਰ ਸਾਹਿਬ ਕੀਰਤਨ ਸਰਵਣ ਕਰ ਰਿਹਾ ਸਾਂ। ਸਭ ਸੰਗਤਾਂ ਪੂਰੀ ਨਿਸ਼ਠਾ ਨਾਲ ਅੰਮ੍ਰਿਤ ਵੇਲੇ ਦੇ ਰਸ ਭਿੰਨੇ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ। ਅਚਾਨਕ ਮੇਰੀ ਨਜ਼ਰ ਕੀਰਤਨੀ ਸਿੰਘਾਂ ਦੇ ਬਿਲਕੁਲ ਪਿੱਛੇ ਪਰ ਮੇਰੇ ਤੋਂ ਅੱਗੇ ਬੈਠੇ ਇਕ ਬਜ਼ੁਰਗ ਵੱਲ ਪਈ ਜਿਸ ਦੀ ਮੈਂ ਕੇਵਲ ਪਿੱਠ ਹੀ ਦੇਖ ਸਕਦਾ ਸਾਂ। ਮੈਂ ਦੇਖਿਆ ਕਿ ਉਸ ਨੇ ਜੋ ਖੱਦਰ ਦਾ ਕੁੜਤਾ ਪਾਇਆ ਹੋਇਆ ਸੀ ਉਸ ਦੀ ਹਾਲਤ ਬਹੁਤ ਖਸਤਾ ਸੀ ਅਤੇ ਉਸ ਉੱਤੇ ਕਈ ਰੰਗ ਬਰੰਗੀਆਂ ਘਸਮੈਲੀਆਂ ਟਾਕੀਆਂ ਵੀ ਲਗੀਆਂ ਹੋਈਆਂ ਸਨ। ਉਹ ਬਜ਼ੁਰਗ ਚੌਂਕੜਾ ਲਗਾ ਕੇ ਤੇ ਸਿਰ ਸੁਟ ਕੇ ਅਡੋਲ ਚਿਤ ਬੈਠਾ ਕੀਰਤਨ ਵਿਚ ਲੀਨ ਜਾਪਦਾ ਸੀ।

ਮੇਰੇ ਮਨ ਵਿਚ ਆਇਆ ਕਿ ਇਹ ਵਿਅਕਤੀ ਕਿਤਨੀ ਸ਼ਰਧਾ ਨਾਲ ਗੁਰਬਾਣੀ ਸਰਵਣ ਕਰ ਰਿਹਾ ਹੈ, ਵਾਹਿਗੁਰੂ ਦਾ ਬੜਾ ਤੱਪਸਵੀ ਸੇਵਕ ਲੱਗਦਾ ਹੈ ਪਰ ਹੈਰਾਨਗੀ ਦੀ ਗੱਲ ਹੈ ਕਿ ਵਾਹਿਗੁਰੂ ਨਾਲ ਇਤਨੇ ਡੂੰਘੇ ਰੂਪ ਵਿਚ ਜੁੜੇ ਹੋਣ ਦੇ ਬਾਵਜੂਦ ਵੀ ਉਸ ਨੇ ਇਸ ਨੂੰ ਇਕ ਚੰਗੀ ਜਿਹੀ ਕਮੀਜ਼ ਤਕ ਵੀ ਨਹੀਂ ਦਿੱਤੀ ਜਿਸ ਨਾਲ ਇਹ ਇੱਜ਼ਤਦਾਰੀ ਨਾਲ ਆਪਣਾ ਤਨ ਢੱਕ ਕੇ ਅਕਾਲਪੁਰਖ ਦੇ ਇਸ ਦਰਬਾਰ ਵਿਚ ਹਾਜ਼ਰੀ ਭਰ ਸਕੇ। ਇਹ ਗੱਲ ਸੋਚ ਕੇ ਮੈਂ ਕੁਝ ਬੇਚੈਨ ਜਿਹਾ ਹੋਇਆ ਤੇ ਆਪਣੇ ਮਨ ਵਿਚ ਫੈਸਲਾ ਕੀਤਾ ਕਿ ਜਦੋਂ ਇਹ ਬਜ਼ੁਰਗ ਇੱਥੋਂ ਉਠੇਗਾ ਤਾਂ ਮੈਂ ਇਸ ਨੂੰ ਕੁਝ ਮਾਇਆ ਦੇ ਕੇ ਬੇਨਤੀ ਕਰਾਂਗਾ ਕਿ ਉਹ ਆਪਣੇ ਲਈ ਕੱਪੜਿਆਂ ਦਾ ਇਕ ਨਵਾਂ ਜੋੜਾ ਸਵਾ ਲਵੇ। ਇਹ ਸਭ ਕੁਝ ਸੋਚ ਕੇ ਮੇਰਾ ਧਿਆਨ ਕੀਰਤਨ ਤੋਂ ਉਖੜ ਗਿਆ ਅਤੇ ਮੈਂ ਉਸ ਵਕਤ ਦੀ ਉਡੀਕ ਕਰਨ ਲਗ ਪਿਆ ਜਦ ਉਹ ਬਜ਼ੁਰਗ ਦਰਬਾਰ ਸਾਹਿਬ ਤੋਂ ਉਠੇ ਤੇ ਮੈਂ ਆਪਣੇ ਮਨ ਦੀ ਇੱਛਾ ਪੂਰੀ ਕਰ ਸਕਾਂ। ਵਕਤ ਬੀਤਦਾ ਗਿਆ ਪਰ ਉਹ ਸੱਜਣ ਅਡੋਲ ਤੇ ਅਹਿੱਲ ਹੀ ਰਿਹਾ। ਇਸ ਦੌਰਾਨ ਗੁਰੂ ਮਹਾਰਾਜ ਦੇ ਸਰੂਪ ਦੀ ਤਸ਼ਰੀਫ ਆਵਰੀ ਹੋਈ, ਹੁਕਮਨਾਮਾ ਲਿਆ ਗਿਆ, ਅਰਦਾਸਾ

ਹੋਇਆ, ਇਸ ਸਭ ਕੁਝ ਦੇ ਮਗਰੋਂ ਉਹ ਫਿਰ ਨਜਿੱਠ ਕੇ ਬੈਠ ਕੇ ਪਹਿਲੇ ਵਰਗੀ ਹਾਲਤ ਵਿਚ ਪਹੁੰਚ ਗਿਆ। ਇਸ ਦੌਰਾਨ ਸਾਢੇ ਪੰਜ ਵਜ ਗਏ। ਮੈਂ ਹੋਰ ਬੇਚੈਨ ਹੋਣ ਲੱਗ ਪਿਆ ਕਿਉਂਕਿ ਮੈਂ ਗੈਸਟ ਹਾਊਸ ਵਿਚ ਜਾ ਕੇ ਤਿਆਰ ਹੋਣਾ ਸੀ ਤੇ ਸਵੇਰੇ ਅੱਠ ਵਜੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਨੌਕਰੀ ਕਰਨ ਲਈ ਭਰਤੀ ਕੀਤੇ ਜਾਣ ਵਾਲੇ ਉਮੀਦਵਾਰਾਂ ਦੀ ਇੰਟਰਵਿਊ ਲੈਣੀ ਸੀ। ਪਰ ਮੈਂ ਕੀ ਕਰਦਾ ਮੇਰੇ ਮਨ ਦਾ ਸੰਕਲਪ ਮੈਨੂੰ ਟਿਕਣ ਨਹੀਂ ਸੀ ਦੇ ਰਿਹਾ ਤੇ ਉਧਰ ਉਹ ਬਜ਼ੁਰਗ ਉਠਣਾ ਤਾਂ ਇਕ ਪਾਸੇ ਰਿਹਾ, ਹਿਲਣ ਦਾ ਵੀ ਨਾਂ ਨਹੀਂ ਸੀ ਲੈ ਰਿਹਾ। ਆਖਿਰ ਮੈਂ ਆਪਣੇ ਮਨ ਨਾਲ ਆਪਣੇ ਲਈ ਛੇ ਵਜੇ ਤੱਕ ਦਾ ਸਮਾਂ ਮਿਥ ਲਿਆ ਕਿ ਜੇ ਕਰ ਉਹ ਛੇ ਵਜੇ ਤੱਕ ਉਠ ਪਿਆ ਤਾਂ ਠੀਕ ਹੈ, ਵਰਨਾ ਮੈਂ ਉਸ ਨੂੰ ਮਿਲੇ ਬਿਨਾਂ ਮਜਬੂਰਨ ਚਲਾ ਜਾਵਾਂ ਗਾ।

ਕੁਝ ਦੇਰ ਮਗਰੋਂ ਜਦ ਘੜੀ ਨੇ ਛੇ ਵਜਾਏ ਤਾਂ ਉਹ ਬਜ਼ੁਰਗ ਯੱਕਦਮ ਉਠ ਪਿਆ। ਮੈਂ ਸ਼ੁਕਰ ਕੀਤਾ। ਉਹ ਲਾਗਲੇ ਦਰਵਾਜ਼ੇ ਵਿਚੋਂ ਬਾਹਰ ਨਿਕਲ ਕੇ ਹਰਿ ਕੀ ਪਉੜੀ ਵੱਲ ਚੱਲ ਪਿਆ ਜਿਧਰ ਸੰਗਤ ਅੰਮ੍ਰਿਤ ਲੈਣ ਲਈ ਜਾਂਦੀ ਹੈ ਤੇ ਮੈਂ ਵੀ ਹਿੰਮਤ ਕਰਕੇ ਉਸ ਦੇ ਪਿੱਛੇ ਪਿੱਛੇ ਤੁਰ ਪਿਆ। ਜਦ ਮੈਂ ਉਸ ਦੇ ਬਰਾਬਰ ਹੋਇਆ ਤਾਂ ਉਸ ਨੇ ਮੇਰੇ ਵਲ ਦੇਖੇ ਬਿਨਾਂ ਮੇਰੇ ਮੋਢੇ ਤੇ ਹੱਥ ਰੱਖ ਕੇ ਕਿਹਾ, 'ਆ ਭਈ ਦਾਨੀ ਪੁੱਤਰਾ, ਦੋ ਘੰਟੇ ਹੋ ਗਏ ਹਨ ਨਾ ਤਾਂ ਤੂੰ ਆਪ ਕੀਰਤਨ ਸੁਣਿਆ ਹੈ ਤੇ ਨਾ ਮੈਨੂੰ ਹੀ ਸੁਣਨ ਦਿੱਤਾ ਈ। ਹਾਂ ਕਰ ਲੈ ਆਪਣੀ ਇੱਛਾ ਪੂਰੀ ਤੇ ਲੈ ਦੇ ਮੈਨੂੰ ਕੁੜਤਾ ਪਜਾਮਾ'। ਉਸ ਮਹਾਂਪੁਰਸ਼ ਦੇ ਇਹ ਬਚਨ ਸੁਣ ਕੇ ਮੈਂ ਹੱਕਾ ਬੱਕਾ ਰਹਿ ਗਿਆ। ਆਪਣੀ ਜ਼ਿੰਦਗੀ ਵਿਚ ਇਹ ਜਾਣਨ ਦਾ ਮੇਰਾ ਪਹਿਲਾ ਹੀ ਅਵਸਰ ਸੀ ਕਿ ਕੋਈ ਵਿਅਕਤੀ ਆਪਣੀ ਅੰਦਰਲੀ ਸ਼ਕਤੀ ਨਾਲ ਕਿਸੇ ਦੂਜੇ ਦੇ ਵਿਚਾਰਾਂ ਨੂੰ ਬਿਨ ਬੋਲਿਆਂ ਜਾਣ ਲਵੇ। ਇਸ ਹਾਲਤ ਵਿਚ ਬਸ ਜੋ ਮੈਂ ਕਰ ਸਕਿਆ ਉਹ ਇਹ ਹੀ ਸੀ ਕਿ ਮੈਂ ਉਸ ਬਜ਼ੁਰਗ ਦੇ ਗੋਡਿਆਂ ਨੂੰ ਸਤਿਕਾਰ ਨਾਲ ਹੱਥ ਲਗਾਇਆ। ਉਨ੍ਹਾਂ ਪਿਆਰ ਨਾਲ ਮੈਨੂੰ ਗਲਵਕੜੀ ਵਿਚ ਲਿਆ, ਸ਼ਾਬਾਸ਼ ਦਿੱਤੀ ਕਿਉਂਕਿ ਉਨ੍ਹਾਂ ਅਨੁਸਾਰ ਮੇਰੀ ਦਿਲੀ ਭਾਵਨਾ ਮਾੜੀ ਨਹੀਂ ਸੀ। ਉਨ੍ਹਾਂ ਦੇ ਇਸ ਕਰਮ ਨਾਲ ਮੇਰੇ ਅੰਦਰ ਯਕਦਮ ਪੈਦਾ ਹੋਈ ਘਬਰਾਹਟ ਕੁਝ ਘਟ ਗਈ।

ਕੁਝ ਦੇਰ ਉਹ ਮੈਨੂੰ ਅਸੀਸਾਂ ਭਰੇ ਸ਼ਬਦਾਂ ਨਾਲ ਨਵਾਜਦੇ ਰਹੇ ਅਤੇ ਇਹ ਪ੍ਰਤੀਤ ਕਰ ਕੇ ਕਿ ਉਹ ਹਸਮੁਖ ਤੇ ਫਰਾਖ਼ਦਿਲ ਬਜ਼ੁਰਗ ਹਨ, ਮੈਂ ਹੌਸਲਾ ਕਰਕੇ ਉਨ੍ਹਾਂ ਨੂੰ ਕਹਿ ਹੀ ਦਿੱਤਾ ਕਿ ਬਾਬਾ ਜੀ ਮੇਰਾ ਇਹ ਸ਼ੰਕਾ ਤਾਂ ਨਵਿਰਤ ਕਰ ਹੀ ਦਿਓ ਕਿ ਰੱਬ ਨੇ ਤੁਹਾਨੂੰ ਟਾਕੀਆਂ ਵਾਲਾ ਕੁੜਤਾ ਹੀ ਕਿਉਂ ਦਿੱਤਾ ਹੈ ਜਦ ਕਿ ਤੁਸੀਂ ਉਸ ਦੇ ਇਤਨੇ ਸ਼ਰਧਾਵਾਨ ਭਗਤ ਹੋ? ਕੀ ਉਹ ਆਪਣੇ

ਭਗਤਾਂ ਤੇ ਰੀਝਣ ਵਿਚ ਸੰਕੋਚ ਕਰਦਾ ਹੈ? ਇਸ ਤੇ ਉਨ੍ਹਾਂ ਬਜ਼ੁਰਗਾਂ ਨੇ ਕਿਹਾ, 'ਅਜਿਹਾ ਨਹੀਂ ਪੁੱਤਰ, ਰੱਬ ਦੀਆਂ ਦਿਤਾਂ ਦਾ ਤਾਂ ਕੋਈ ਅੰਦਾਜ਼ਾ ਹੀ ਨਹੀਂ ਲਗਾ ਸਕਦਾ। ਅਸੀਂ ਰੱਬ ਦੇ ਆਪਣੇ ਘਰ ਵਿਚ ਖੜੇ ਹੋਏ ਹਾਂ। ਇਸ ਅਸਥਾਨ ਵਿਚ ਤਾਂ ਇਤਨੀ ਸ਼ਕਤੀ ਹੈ ਕਿ ਮੈਲੀਆਂ ਤੋਂ ਮੈਲੀਆਂ ਆਤਮਾਵਾਂ ਵੀ ਸਵੱਛ ਤੇ ਨਿਰਛਲ ਹੋ ਜਾਂਦੀਆਂ ਹਨ, ਬਸ ਨਿਸ਼ਚੇ ਦੀ ਲੋੜ ਹੈ। ਇੱਥੇ ਤਾਂ ਜੋ ਮੰਗੋ ਸੋ ਪਾਓ ਵਾਲੀ ਗੱਲ ਹੈ'।

ਮੇਰੇ ਵਲੋਂ ਲਾਡ ਨਾਲ ਖਹਿੜਾ ਕਰਨ ਤੇ ਉਨ੍ਹਾਂ ਟਾਕੀਆਂ ਵਾਲੇ ਕੁੜਤੇ ਦਾ ਭੇਦ ਖੋਲ੍ਹਿਆ ਤੇ ਕਹਿਣ ਲੱਗੇ ਕਿ ਮੈਂ ਬਚਪਨ ਤੋਂ ਹੀ ਨੇਮ ਨਾਲ ਇੱਥੇ ਆਉਂਦਾ ਸਾਂ। ਉਸ ਸਮੇਂ ਮੇਰੇ ਸਿਰ ਤੇ ਕੇਸ ਨਹੀਂ ਸਨ, ਇਸ ਕਾਰਨ ਮੈਨੂੰ ਰੁਮਾਲ ਨਾਲ ਆਪਣਾ ਸਿਰ ਢੱਕ ਕੇ ਆਉਣਾ ਪੈਂਦਾ ਸੀ। ਰੋਜ਼ ਦੀ ਸਿਰ ਢੱਕਣ ਦੀ ਇਸ ਕਵਾਇਦ ਕਾਰਨ ਮੇਰਾ ਹਰ ਵਕਤ ਇਸੇ ਗੱਲ ਵਿਚ ਹੀ ਧਿਆਨ ਰਹਿੰਦਾ ਕਿ ਕਿਧਰੇ ਰੁਮਾਲ ਨਾ ਡਿਗ ਪਵੇ ਤੇ ਸਿਰ ਨੰਗਾ ਨਾ ਹੋ ਜਾਵੇ। ਸੋ ਇਸ ਸਮੱਸਿਆ ਦੇ ਹਲ ਲਈ ਮੈਂ ਪੂਰਨ ਕੇਸ ਰੱਖ ਕੇ ਦਸਤਾਰ ਸਜਾ ਲਈ। ਇਵੇਂ ਮੈਨੂੰ ਵਧੇਰੇ ਵਿਸ਼ਵਾਸ ਤੇ ਆਤਮਿਕ ਬਲ ਪਰਦਾਨ ਹੋਇਆ ਅਤੇ ਮੇਰੇ ਮਨ ਤੇ ਗੁਰਬਾਣੀ ਦੀ ਰੰਗਤ ਚੜ੍ਹਨ ਤੇ ਮੈਂ ਕੁੜਤੇ ਤੇ ਇੱਕ ਟਾਕੀ ਠੋਕ ਦਿੱਤੀ। ਫਿਰ ਲਾਲਚ ਵੱਸ ਵਿੱਚ ਹੋਇਆ ਤਾਂ ਕੁੜਤੇ ਤੇ ਦੂਜੀ ਟਾਕੀ ਲੱਗ ਗਈ। ਇਵੇਂ ਕਰਦਿਆਂ ਕਰਦਿਆਂ ਅੱਜ ਮੈਂ 11 ਟਾਕੀਆਂ ਲਾ ਚੁੱਕਾ ਹਾਂ। ਇਹ ਸੁਣਦੇ ਹੀ ਮੈਂ ਹਾਸੇ ਵਿਚ ਕਿਹਾ ਜਾਂ ਇਵੇਂ ਨਾ ਕਹਿ ਲਈਏ ਕਿ ਰੱਬ ਦੀ ਦਿੱਤੀ ਵਰਦੀ ਤੇ ਤਰੱਕੀ ਦੇ ਗਿਆਰਾਂ ਤਮਗ਼ੇ ਲਗਾ ਕੇ ਤੁਸੀਂ ਇਸ ਨੂੰ ਸਜਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮੈਂ ਜਦ ਕਦੀ ਵੀ ਦਰਬਾਰ ਸਾਹਿਬ ਆਉਂਦਾ ਹਾਂ ਕੋਸ਼ਸ਼ ਕਰਕੇ ਇਹੋ ਕੁੜਤਾ ਪਾ ਕੇ ਆਉਂਦਾ ਹਾਂ। ਇਹ ਮੈਨੂੰ ਤਾਕੀਦ ਕਰਦਾ ਰਹਿੰਦਾ ਹੈ ਕਿ ਕਿਤਨਾ ਪੈਂਡਾ ਮੈਂ ਤਹਿ ਕਰ ਚੁੱਕਾ ਹਾਂ ਤੇ ਹੋਰ ਅੱਗੇ ਚਲਣ ਲਈ ਮੋਰਚਾ ਸਰਗਰਮ ਰੱਖਣਾ ਪਵੇਗਾ। ਮੇਰੇ ਲਈ ਇਹ ਕੇਵਲ ਕੁੜਤਾ ਹੀ ਨਹੀਂ, ਹੋਰ ਵੀ ਬਹੁਤ ਕੁਝ ਹੈ। ਮੈਂ ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਦੇ ਅਰਥ ਸਮਝ ਗਿਆ।

ਮੈਂ ਉਨ੍ਹਾਂ ਦੇ ਬਚਨ ਸੁਣਦਾ ਗਿਆ ਪਰ ਜਲਦੀ ਹੀ ਉਨ੍ਹਾਂ ਨੇ ਆਪਣੇ ਕੰਨਾਂ ਨੂੰ ਫੜ ਲਿਆ। ਮੈਨੂੰ ਉਹ ਆਪਣੀ ਭਾਰੀ ਹੋਈ ਅਵਾਜ਼ ਵਿਚ ਕਹਿਣ ਲੱਗੇ, 'ਗੱਲਾਂ ਗੱਲਾਂ ਵਿਚ ਲੁਟ ਕੇ ਲੈ ਗਿਆ ਏਂ। ਇਹ ਗੱਲ ਤੈਨੂੰ ਸੁਣਾ ਕੇ ਲਗਦਾ ਹੈ ਮੇਰੀ ਹਉਮੈ ਜਾਗਣ ਲੱਗੀ ਹੈ। ਹੁਣ ਤੂੰ ਜਾ ਪਰ ਇਹ ਗੱਲ ਕਿਸੇ ਨਾਲ ਨਾ ਕਰੀਂ। ਨਾਮ ਜਪਿਆ ਕਰ ਤੇ ਇਸ ਦਵਾਰੇ ਤੇ ਸੱਚੀ ਲਗਨ ਨਾਲ ਆਇਆ ਕਰ, ਦੁਨਿਆਵੀ ਖਾਹਿਸ਼ਾਂ ਨੂੰ ਬਹੁਤ ਪਰੇ ਦੁਨੀਆ ਵਿਚ ਹੀ ਸੁਟ ਕੇ। ਇਸ ਸਚਖੰਡ ਵਿਚ ਪ੍ਰਵੇਸ਼ ਕਰਨ ਲਗਿਆਂ ਸਾਨੂੰ ਸਾਰਿਆਂ ਨੂੰ ਇਵੇਂ

ਮਹਿਸੂਸ ਹੋਣਾ ਚਾਹੀਦਾ ਹੈ ਕਿ ਅਸੀਂ ਵਾਹਿਗੁਰੂ ਦੇ ਮਹਿਲਾਂ ਵਿਚ ਹਾਂ ਤੇ ਬੈਕੁੰਠਾਂ ਦੇ ਭਾਗੀ ਬਣ ਗਏ ਹਾਂ।'

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸੁ ਹੋਹੇ॥ ਅੰਗ-493

ਸਚਮੁਚ ਜੇ ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਤੇ ਹੀ ਅਮਲ ਕੀਤਾ ਜਾਵੇ ਤਾਂ ਦਰਬਾਰ ਸਾਹਿਬ ਦੀ ਯਾਤਰਾ ਦਾ ਅਨੰਦ ਹੀ ਕੁਝ ਵੱਖਰਾ ਹੋ ਜਾਵੇਗਾ।

ਕਿਤਨਾ ਚਿਰ ਤਾਂ ਮੈਂ ਉਨ੍ਹਾਂ ਮਹਾਂ ਪੁਰਸ਼ਾਂ ਨਾਲ ਹੋਈ ਇਹ ਵਾਰਤਾਲਾਪ ਸਿਰਫ ਆਪਣੇ ਤਕ ਹੀ ਰਖੀ ਰਖੀ ਪਰ ਇਕ ਦਿਨ ਮੈਨੂੰ ਆਪਣੇ ਪਿਤਾ ਜੀ ਨਾਲ ਚਲ ਰਹੀ ਇਕ ਗੱਲ ਬਾਤ ਦੌਰਾਨ ਆਪਣੇ ਪਰਮਾਣ ਨੂੰ ਪਰਪੱਕ ਕਰਨ ਲਈ ਇਸ ਗੱਲ ਦਾ ਹਵਾਲਾ ਦੇਣਾ ਹੀ ਪਿਆ। ਗੱਲ ਸੁਣ ਕੇ ਉਨ੍ਹਾਂ ਦੇ ਨੇਤਰਾਂ ਤੋਂ ਛਮਾਂ ਛਮ ਪਾਣੀ ਚਲਣ ਲਗ ਪਿਆ। ਉਨ੍ਹਾਂ ਵੀ ਮੈਨੂੰ ਗਲਵਕੜੀ ਵਿਚ ਲਿਆ ਤੇ ਕਿਹਾ ਕਿ ਤੂੰ ਭਾਗਾਂ ਵਾਲਾ ਏਂ ਕਿ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਤੈਨੂੰ ਹਰਿਮੰਦਰ ਸਾਹਿਬ ਵਿਚ ਹੋਏ ਹਨ। ਤੇਰੀ ਆਪਣੀ ਕਮਾਈ ਤਾਂ ਕੁਝ ਨਹੀਂ ਪਰ ਉਸ ਅਸਥਾਨ ਤੇ ਜਿੱਥੇ ਪਿਛਲੇ ਕਈ ਸੌ ਸਾਲਾਂ ਤੋਂ ਦਿਨ ਰਾਤ ਪ੍ਰਭੂ ਜਸ ਗਾਇਨ ਹੋ ਰਿਹਾ ਹੈ, ਦੇ ਪਰਭਾਵ ਸਦਕਾ ਤੈਨੂੰ ਅਜਿਹੀਆਂ ਪ੍ਰਭੂ ਵਿਚ ਲੀਨ ਹੋਈਆਂ ਸ਼ਖਸੀਅਤਾਂ ਦੇ ਦਰਸ਼ਨ ਹੋਏ ਹਨ।

ਮੈਂ ਪਿਤਾ ਜੀ ਤੋਂ ਪੁੱਛਿਆ ਕਿ ਮੈਂ ਇਸ ਗੱਲ ਨੂੰ ਉਨ੍ਹਾਂ ਨੂੰ ਦਸਕੇ ਕੀ ਉਨ੍ਹਾਂ ਬਜ਼ੁਰਗਾਂ ਦੇ ਕਹੇ ਦਾ ਪਾਲਣ ਨਾ ਕਰਨ ਵਿੱਚ ਕੋਤਾਹੀ ਕੀਤੀ ਹੈ ਜਿਸ ਵਿਚ ਉਨ੍ਹਾਂ ਨੇ ਮੈਨੂੰ ਹਦਾਇਤ ਕੀਤੀ ਸੀ ਕਿ ਮੈਂ ਇਹ ਗੱਲ ਕਿਸੇ ਅੱਗੇ ਨਾ ਕਰਾਂ? ਪਰ ਪਿਤਾ ਜੀ ਨੇ ਮੈਨੂੰ ਇਹ ਕਹਿ ਕੇ ਧਰਵਾਸ ਦਿੱਤਾ ਕਿ ਹਰ ਉਹ ਗੱਲ ਜਿਸ ਨਾਲ ਕਿਸੇ ਦੂਸਰੇ ਵਿਚ ਵਾਹਿਗੁਰੂ ਪ੍ਰਤੀ ਨਿਸਚਾ ਬਣੇ, ਜੇ ਬਣਿਆ ਹੋਵੇ ਤੇ ਹੋਰ ਪ੍ਰਪੱਕ ਹੋਵੇ ਤਾਂ ਉਸ ਗੱਲ ਨੂੰ ਦੂਜਿਆਂ ਤਕ ਲੈ ਜਾਣ ਦਾ ਕੋਈ ਹਰਜ ਨਹੀਂ। ਮਹਾਂਪੁਰਸ਼ ਕਿਉਂਕਿ ਆਪਣੀ ਨਿਜੀ ਸ਼ੋਭਾ ਤੇ ਮਹਾਨਤਾ ਨਹੀਂ ਚਾਹੁੰਦੇ, ਇਸ ਲਈ ਉਹ ਇਸ ਵਡਿਆਈ ਤੋਂ ਬਚਣ ਲਈ ਆਪਣੀ ਮਹਿਮਾ ਕਰਵਾਨ ਤੋਂ ਸੰਕੋਚ ਕਰਨ ਹਿਤ ਹੀ ਵਰਜਦੇ ਹਨ। ਮੇਰੇ ਉੱਤੇ ਪਿਤਾ ਜੀ ਦੀ ਦਲੀਲ ਦਾ ਅਸਰ ਹੋਇਆ। ਗੁਰਬਾਣੀ ਤੇ ਹਰਿਮੰਦਰ ਸਾਹਿਬ ਪ੍ਰਤੀ ਮੇਰਾ ਸਤਿਕਾਰ ਹੋਰ ਪ੍ਰਬਲ ਹੋਇਆ ਤੇ ਹੁਣ ਜਦ ਅੰਮ੍ਰਿਤ ਵੇਲੇ ਰੇਡੀਓ ਜਾਂ ਟੀ. ਵੀ. ਤੇ ਦਰਬਾਰ ਸਾਹਿਬ ਤੋਂ ਕੀਰਤਨ ਸੁਣਦਾ ਹਾਂ ਤਾਂ ਇਹ ਸੁਖਦਾਈ ਘਟਨਾ ਕਈ ਵਾਰੀ ਫਿਰ ਤਾਜ਼ਾ ਹੋ ਜਾਂਦੀ ਹੈ ।

ਕੁਝ ਚਿਰ ਹੋਇਆ ਇਕ ਮਾਤਾ ਜੀ ਜੋ ਸਿਵਲ ਲਾਈਨ ਲੁਧਿਆਣਾ ਵਿਖੇ ਸਥਿਤ ਲੜਕਿਆਂ ਦੇ ਕਾਲਜ ਪਾਸ ਰਹਿੰਦੇ ਹਨ, ਮੈਨੂੰ ਮੇਰੇ ਘਰ ਮਿਲਣ

ਲਈ ਆਏ। ਉਨ੍ਹਾਂ ਗੱਲਾਂ ਗੱਲਾਂ ਵਿਚ ਮੈਨੂੰ ਦਸਿਆ ਕਿ ਉਨ੍ਹਾਂ ਨੂੰ ਪਤਾ ਲਗਾ ਹੈ ਕਿ ਟਾਕੀਆਂ ਵਾਲੇ ਉਹ ਬਜ਼ੁਰਗ ਹਾਲੇ ਵੀ ਜੀਵਤ ਹਨ ਅਤੇ ਅਜ ਕਲ ਅਮਰੀਕਾ ਵਿਚ ਰਹਿ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਬਜ਼ੁਰਗਾਂ ਨੇ ਇਹ ਸਾਰੀ ਵਿਥਿਆ ਅਖਬਾਰਾਂ ਤੇ ਕਿਤਾਬਾਂ ਵਿਚ ਛਪੀ ਪੜ੍ਹ ਲਈ ਹੈ ਤੇ ਕਹਿੰਦੇ ਸਨ ਕਿ ਲਿਖਣ ਵਾਲਾ ਆਖਰ ਲਿਖਣ ਤੋਂ ਨਹੀਂ ਟਲਿਆ। ਮੈਂ ਉਸ ਮਾਤਾ ਜੀ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਉਨ੍ਹਾਂ ਬਜ਼ੁਰਗਾਂ ਦਾ ਅਮਰੀਕਾ ਦਾ ਸਿਰਨਾਵਾਂ ਉਨ੍ਹਾਂ ਨੂੰ ਪਤਾ ਲਗ ਸਕੇ ਤਾਂ ਮੈਨੂੰ ਜ਼ਰੂਰ ਦਸਣਾ। ਜੇ ਇੱਕ ਵਾਰੀ ਹੋਰ ਮੇਲ ਹੋ ਜਾਣ ਤਾਂ ਆਪਣੇ ਧੰਨ ਭਾਗ ਸਮਝਾਂਗਾ ਕਿਉਂਕਿ ਅਜਿਹੀਆਂ ਸ਼ਖ਼ਸੀਅਤਾਂ ਮਾਨਵਤਾ ਦਾ ਮਾਣ ਹੁੰਦੀਆਂ ਹਨ। ਪਰ ਹਾਲੇ ਤਕ ਮੇਰੀ ਇਸ ਆਸ ਨੂੰ ਫਲ ਨਹੀਂ ਲਗਿਆ ਅਤੇ ਜਿਵੇਂ ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ, ਇਹ ਆਸ ਮੱਧਮ ਹੁੰਦੀ ਜਾ ਰਹੀ ਹੈ।

ਰੱਬ ਦਾ ਪਿਆਰ ਜ਼ਾਤ ਪਾਤ ਨਹੀਂ ਦੇਖਦਾ, ਧਰਮ ਕਰਮ ਨਹੀਂ ਦੇਖਦਾ, ਰੂਪ ਰੰਗ ਨਹੀਂ ਦੇਖਦਾ, ਜਦ ਮਿਹਰ ਹੋਣ ਲਗਦੀ ਹੈ ਤਾਂ ਕੌਡੇ ਰਾਕਸ਼ ਵਰਗੇ ਵੀ ਤਰ ਜਾਂਦੇ ਹਨ ਤੇ ਸਜਣ ਠਗ ਦਾ ਵੀ ਪਾਰ ਉਤਾਰਾ ਹੋ ਜਾਂਦਾ ਹੈ। ਗੁਰਸਿੱਖੀ ਵਿਚ ਕਰਮ ਕਰਨ ਦੀ ਗੱਲ ਉੱਤੇ ਠੀਕ ਹੈ ਜ਼ੋਰ ਦਿੱਤਾ ਗਿਆ ਹੈ ਪਰ ਇਸ ਦੇ ਨਾਲ ਨਾਲ ਬਖਸ਼ਿਸ਼, ਨਦਰਿ, ਮਿਹਰ, ਪ੍ਰਸਾਦਿ ਦੀ ਇਲਾਹੀ ਵਰਸ਼ਾ ਦਾ ਵੀ ਥਾਂ ਪਰ ਥਾਂ ਵਰਨਣ ਹੋਣ ਕਾਰਨ ਸਾਨੂੰ ਅਕਾਲਪੁਰਖ ਦੀ ਇਸ ਅਪਾਰ ਕਿਰਪਾ ਲਈ ਵੀ ਸਦਾ ਅਰਜ਼ਗੋ ਹੋਣਾ ਚਾਹੀਦਾ ਹੈ, ਕੀ ਪਤਾ ਕਿਸ ਵਕਤ ਨਦਰਿ ਸਵੱਲੀ ਹੋ ਜਾਵੇ ਅਤੇ ਪਾਰ ਉਤਾਰਾ ਹੋ ਜਾਵੇ ਜਿਵੇਂ ਕਿ ਟਾਕੀਆਂ ਵਾਲੇ ਬਜ਼ੁਰਗਾਂ ਤੇ ਇਹ ਇਲਾਹੀ ਬਖ਼ਸ਼ਿਸ਼ ਹੋਈ ਹੈ।

ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥ ਅੰਗ-1106

ਨੋਟ: ਪੁਸਤਕ ਵਿੱਚ ਇਹ ਅਲੌਕਿਕ ਘਟਨਾ ਪੜ੍ਹ ਕੇ ਦੁਨੀਆ ਵਿੱਚ ਜਿਥੇ ਕਿਧਰੇ ਵੀ ਮੈਂ ਗਿਆ ਹਾਂ, ਸੰਗਤਾਂ ਨੇ, ਪ੍ਰੇਮੀਆਂ ਨੇ, ਟੀ.ਵੀ. ਤੇ ਰੇਡੀਓ ਪਰਸਾਰਣ ਕਰਨ ਵਾਲੇ ਐਂਕਰਾਂ ਨੇ ਮੈਨੂੰ ਵਿਸ਼ੇਸ਼ ਤੌਰ ਤੇ ਇਹ ਹੁਕਮ ਜ਼ਰੂਰ ਕੀਤਾ ਹੈ ਕਿ ਇਹ ਘਟਨਾ ਜਿਵੇਂ ਮੇਰੇ ਨਾਲ ਵਾਪਰੀ ਹੈ, ਇਨ ਬਿਨ ਉਸੇ ਤਰ੍ਹਾਂ ਮੈਂ ਉਨ੍ਹਾਂ ਦੇ ਸਰੋਤਿਆਂ ਤੇ ਦਰਸ਼ਕਾਂ ਨੂੰ ਸੁਣਾਵਾਂ ਤਾਕਿ ਉਹ ਇਸ ਘਟਨਾ ਨਾਲ ਜ਼ਾਤੀ ਤੌਰ ਤੇ ਜੁੜ ਸਕਣ ਅਤੇ ਬਰਹਿਮੰਡੀ ਆਨੰਦ ਪ੍ਰਾਪਤ ਕਰ ਸਕਣ। ਪ੍ਰੇਮੀਆਂ ਦੀ ਫਰਮਾਇਸ਼ ਤੇ ਮੈਂ ਇਸ ਅਨਮੋਲ ਘਟਨਾ ਨੂੰ ਤਕਰੀਬਨ 5 ਸੌ ਵਾਰੀ ਸੁਣਾ ਚੁਕਾ ਹਾਂ। ਨਾ ਮੈਂ ਸੁਨਾਣ ਤੋਂ ਥਕਦਾ ਹਾਂ ਅਤੇ ਨਾ ਸੁਣਨ ਵਾਲੇ ਸੁਣਨ ਤੋਂ ਥਕਦੇ ਹਨ। ਲਗਦਾ ਹੈ ਇਸ ਪਿੱਛੇ ਕਿਸੇ ਅਗੰਮੀ ਖੇਡ ਦਾ ਵਰਤਾਰਾ ਹੈ। ਸੰਗਤਾਂ ਦੀ ਰਾਏ ਹੈ ਕਿ ਇਹ ਵਾਰਤਾ ਆਤਮਕ ਹੁਲਾਰਾ ਅਤੇ ਚੜ੍ਹਦੀ ਕਲਾ ਬਖ਼ਸ਼ਦਾ ਹੈ।

.37.

ਝਲਕਾਰੇ; ਹਰਿਮੰਦਰ ਸਰੋਵਰ ਦੀ ਕਾਰ ਸੇਵਾ ਦੇ

ਸੇਵਾ ਦਾ ਸਿੱਖ ਧਰਮ ਵਿਚ ਬਹੁਤ ਉੱਚਾ ਸੁਚਾ ਤੇ ਪਵਿੱਤਰ ਅਸਥਾਨ ਹੈ। ਇਹ ਸੇਵਾ ਸਿੱਖ ਨੂੰ ਅਕਾਲਪੁਰਖ ਅਤੇ ਉਸ ਦੀ ਸੰਤਾਨ, ਮਨੁੱਖ ਜਾਤੀ ਨਾਲ ਜੋੜਦੀ ਹੈ, ਪਿਆਰ ਵਧਾਉਂਦੀ ਹੈ, ਬਰਾਬਰੀ ਦੇ ਅਹਿਸਾਸ ਨੂੰ ਪ੍ਰਫੁਲਤ ਕਰਦੀ ਹੈ ਅਤੇ ਮਨੁੱਖ ਦੇ ਹਿਰਦੇ ਨੂੰ ਸ਼ੁੱਧ, ਆਤਮਾ ਨੂੰ ਨਿਰਮਲ ਤੇ ਮਨ ਨੂੰ ਸੁੱਚਾ ਕਰਦੀ ਹੈ। ਇਸੇ ਤਰ੍ਹਾਂ ਕਾਰ-ਸੇਵਾ ਸਿੱਖ ਸਭਿਆਚਾਰ ਵਿਚ ਉਹ ਸੇਵਾ ਹੈ ਜੋ ਕਿਸੇ ਸਮੂਹਕ ਮਾਨਵੀ ਕਾਰਜ ਲਈ ਸਮੂਹ ਸੰਗਤਾਂ ਵਲੋਂ ਧਾਰਮਿਕ ਜਜ਼ਬੇ ਦੇ ਤਾਬੇ ਨਿਸ਼ਕਾਮ ਰੂਪ ਵਿਚ ਮਿਲ ਜੁਲ ਕੇ ਕੀਤੀ ਜਾਂਦੀ ਹੈ। ਅਰਬੀ ਭਾਸ਼ਾ ਦੇ ਸ਼ਬਦ 'ਕਾਰ' ਦੇ ਅਰਥ 'ਹੇਠਾਂ ਤਲ ਤਕ ਜਾਣਾ' ਹੈ, ਭਾਵ ਖੂਹ ਪੁਟਣਾ, ਕਿਸੇ ਸਰੋਵਰ ਆਦਿ ਵਿਚੋਂ ਸਫਾਈ ਕਰਕੇ ਗ਼ਾਰ, ਮਿੱਟੀ ਜਾਂ ਕਚਰਾ ਕੱਢਣਾ ਆਦਿ ਆਦਿ। ਸਿੱਖ ਸੰਗਤਾਂ ਅਜਿਹੀ ਕਾਰ-ਸੇਵਾ ਨੂੰ ਹਰ ਸਮੇਂ ਲੋਚਦੀਆਂ ਹਨ ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਆਪਣੇ ਜੀਵਨ ਕਾਲ ਵਿਚ ਹਰ ਤਰ੍ਹਾਂ ਦੇ ਕਾਰਜ ਨੂੰ ਨਿਸ਼ਕਾਮ ਸੇਵਾ ਭਾਵਨਾ ਨਾਲ ਖੁਸ਼ੀ ਖੁਸ਼ੀ ਕਰਨ ਦੇ ਸਾਡੇ ਲਈ ਪਕੇ ਪੀਂਡੇ ਪੂਰਨੇ ਪਾਏ ਹੋਏ ਹਨ।

ਹਰਿਮੰਦਰ ਸਾਹਿਬ ਜਿਵੇਂ ਕਿ ਸਭ ਨੂੰ ਭਲੀ ਭਾਂਤ ਪਤਾ ਹੈ, ਸਿੱਖ ਲਈ ਸਭ ਤੋਂ ਪਵਿੱਤਰ ਅਸਥਾਨ ਹੈ। ਇਸ ਦੀ ਆਭਾ, ਮਰਿਆਦਾ, ਸ਼ਾਨ ਸ਼ੌਕਤ ਨੂੰ ਵਧਾਉਣ ਲਈ ਜੋ ਕਾਰਜ ਵੀ ਕਿਸੇ ਸਿੱਖ ਨੂੰ ਕਰਨਾ ਪਵੇ, ਉਹ ਇਸ ਨੂੰ ਕਰਨ ਵਿਚ ਆਪਣੇ ਧੰਨ ਭਾਗ ਸਮਝਦਾ ਹੈ। ਹਰਿਮੰਦਰ ਸਾਹਿਬ ਵਿਚ ਇਹ ਸੇਵਾ ਪ੍ਰਵਾਹ ਕਿਸੇ ਨਾ ਕਿਸੇ ਰੂਪ ਵਿਚ ਉਦੂੰ ਤੋਂ ਹਮੇਸ਼ਾ ਚਲਦਾ ਹੀ ਆ ਰਿਹਾ ਹੈ ਜਦ ਤੋਂ ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤ ਸਰੋਵਰ ਨੂੰ ਮੁਕੰਮਲ ਕਰਵਾਣ ਦੀ ਕਾਰ ਸੇਵਾ ਖੁਦ ਆਰੰਭੀ ਸੀ ਜੋ 1577 ਈ. ਵਿਚ ਸੰਪੂਰਨ ਹੋਈ। ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਇਸ ਦੇ ਕੰਢਿਆਂ ਨੂੰ ਪੱਕੇ ਕਰਵਾਉਣ ਤੇ ਪਉੜ ਬਣਵਾਣ ਦੀ ਸੇਵਾ 1581 ਈ. ਵਿਚ ਪ੍ਰਾਰੰਭ ਕਰਵਾ ਕੇ 1588 ਈ. ਵਿਚ ਮੁਕੰਮਲ ਕਰਵਾਈ ਤੇ ਇਸ ਦੇ ਵਿਚਕਾਰ ਉਸੇ ਸਾਲ ਹਰਿਮੰਦਰ ਸਾਹਿਬ ਦੀ ਉਸਾਰੀ ਸ਼ੁਰੂ ਕਰਵਾ ਕੇ ਇਸ ਨੂੰ 1601 ਈ. ਵਿਚ ਵਾਹਿਗੁਰੂ ਦਾ ਆਪਣਾ ਅਨੂਪਮ ਅਸਥਾਨ ਬਣਾ ਦਿੱਤਾ। ਪਰ ਜਦ ਸਿੱਖਾਂ ਦਾ 18ਵੀਂ ਸਦੀ ਦੌਰਾਨ ਮੁਗਲਾਂ ਤੇ ਅਫ਼ਗਾਨਾਂ ਨਾਲ ਸੰਘਰਸ਼ ਛਿੜ ਪਿਆ ਤਾਂ ਜਰਵਾਣੇ ਜਿਥੇ ਸਿੱਖਾਂ ਨੂੰ ਮਾਰਨ ਲਈ ਕੋਈ ਕਸਰ ਨਾ ਛੱਡਦੇ ਉੱਥੇ ਉਹ ਹਰਿਮੰਦਰ ਸਾਹਿਬ ਤੇ

ਪਵਿੱਤਰ ਸਰੋਵਰ ਨੂੰ ਬਰਬਾਦ ਕਰਨ ਵਿਚ ਵੀ ਬੜੇ ਉਤਸ਼ਾਹੀ ਰਹਿੰਦੇ। ਉਨ੍ਹਾਂ ਨੂੰ ਭਲੀ ਭਾਂਤ ਪਤਾ ਸੀ ਕਿ ਸਿੱਖਾਂ ਲਈ ਹਰਿਮੰਦਰ ਅਤੇ ਇਹ ਸਰੋਵਰ ਇਲਾਹੀ ਸ਼ਕਤੀ ਦਾ ਸਰੋਤ ਹਨ ਅਤੇ ਸਿੱਖ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਇਸ ਸਰੋਵਰ ਵਿਚ ਰਾਤੋਂ ਪ੍ਰਭਾਤੋਂ ਆ ਕੇ ਇਸ਼ਨਾਨ ਕਰ ਜਾਂਦੇ ਤੇ ਇਕ ਨਵੀਂ ਸ਼ਕਤੀ ਨਾਲ ਦੋਬਾਰਾ ਸੰਜੋਏ ਜਾਂਦੇ। ਇਸ ਲਈ ਇਹ ਸਰੋਵਰ ਤੇ ਹਰਿਮੰਦਰ ਹਮਲਾਵਰਾਂ ਦਾ ਪਹਿਲਾ ਨਿਸ਼ਾਨਾ ਬਣੇ ਹੀ ਰਹਿੰਦੇ।

ਪਹਿਲੀ ਵਾਰੀ 1746 ਈ. ਵਿਚ ਯਾਹੀਆ ਖਾਨ ਦੇ ਮਾਲ ਮੰਤਰੀ ਲਖਪਤ ਰਾਏ ਨੇ ਆਪਣੇ ਭਰਾ ਜਸਪਤ ਰਾਏ ਦੇ ਸਿੱਖਾਂ ਹੱਥੋਂ ਮਾਰੇ ਜਾਣ ਦੇ ਬਦਲੇ ਵਜੋਂ ਵੱਡੀ ਗਿਣਤੀ ਵਿਚ ਸਿੱਖ ਮਰਵਾਏ ਤੇ ਸਰੋਵਰ ਦਾ ਵੀ ਨੁਕਸਾਨ ਕੀਤਾ ਪਰ ਸਿੱਖਾਂ ਨੇ ਕਾਰ ਸੇਵਾ ਪ੍ਰਾਰੰਭ ਕਰਕੇ ਜਲਦੀ ਹੀ ਉਸ ਨੂੰ ਨਾਰਮਲ ਸਥਿਤੀ ਵਿਚ ਲੈ ਆਂਦਾ। 1757 ਈ. ਵਿਚ ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਤਹਿਮੂਰ ਸ਼ਾਹ ਨੇ ਦਰਬਾਰ ਸਾਹਿਬ ਤੇ ਸਰੋਵਰ ਦਾ ਫਿਰ ਭਾਰੀ ਨੁਕਸਾਨ ਕੀਤਾ ਪਰ ਜ਼ਰਾ ਮੌਕਾ ਸੰਭਾਲਦਿਆਂ ਹੀ ਇਸ ਰੱਬੀ ਦਰਗਾਹ ਨੂੰ ਠੀਕ ਠਾਕ ਕਰਨ ਲਈ ਸੂਰਬੀਰ ਸਿੰਘਾਂ ਨੇ ਕਾਰ ਸੇਵਾ ਆਰੰਭ ਕਰ ਦਿੱਤੀ। 1762 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਦਰਬਾਰ ਸਾਹਿਬ ਅਤੇ ਸਰੋਵਰ ਦਾ ਖੁਰਾ ਖੋਜ ਮਿਟਾ ਦਿੱਤਾ ਪਰ ਸਿੱਖਾਂ ਨੇ ਹੌਸਲਾ ਨਾ ਹਾਰਿਆ। ਅਬਦਾਲੀ ਦੇਸ਼ ਪਰਤਿਆ ਤੇ ਥੋੜ੍ਹੇ ਹੀ ਸਮੇਂ ਮਗਰੋਂ ਸਿੱਖਾਂ ਸਰਹੰਦ ਜਾ ਲੁਟੀ ਤੇ ਉਸ ਦਾ ਬੁਰਾ ਹਾਲ ਕਰ ਦਿੱਤਾ। ਉਥੋਂ ਜੋ ਮਾਲ ਲੁਟਿਆ ਉਸੇ ਨਾਲ ਦਰਬਾਰ ਸਾਹਿਬ ਦੀ ਕਾਰ ਸੇਵਾ ਪ੍ਰਾਰੰਭ ਕਰ ਦਿੱਤੀ ਤਾਕਿ ਜ਼ਾਲਮ ਜਰਵਾਣਿਆਂ ਨੂੰ ਕੰਨ ਹੋ ਜਾਣ। ਇਸ ਵਾਰੀ ਕਾਰ ਸੇਵਾ ਦੌਰਾਨ, ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦੀ ਪਹਿਲੀ ਇਟ, ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਰੱਖੀ। ਸਿੰਘਾਂ ਨੇ ਮੁੜ- ਉਸਾਰੀ ਦੇ ਕਾਰਜ ਨੂੰ ਭਾਈ ਦੇਸ ਰਾਜ ਦੇ ਸਪੁਰਦ ਕਰ ਦਿੱਤਾ। ਕੌਮ ਵੱਲੋਂ ਉਸਨੂੰ ਇਕ ਮੋਹਰ ਵੀ ਬਣਾ ਕੇ ਦੇ ਦਿੱਤੀ ਗਈ ਜਿਸਦੀ ਵਰਤੋਂ ਦੁਆਰਾ ਉਹ ਸੰਗਤਾਂ ਤੋਂ ਹਰਿਮੰਦਰ ਸਾਹਿਬ ਦੀ ਨਿਰਵਿਘਨ ਉਸਾਰੀ ਲਈ ਸੇਵਾ ਲੈ ਸਕੇ। **ਇਸ ਮੋਹਰ ਨੂੰ ਕੌਮ ਨੇ ਹੁਕਮਨਾਮੇ ਵਰਗਾ ਆਦਰ ਮਾਣ ਬਖ਼ਸ਼ਿਆ ਕਿਉਂਕਿ ਇਸਦਾ ਪ੍ਰਯੋਗ ਅਤਿ ਸ਼ੁਭ ਕਾਰਜ ਲਈ ਕੀਤਾ ਜਾਣਾ ਸੀ।** (ਹਵਾਲਾ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ ਭਾਗ ਦੂਜਾ, ਪੰਨਾ-447) (ਅਤੇ ਸੁਨਹਿਰੀ ਇਤਿਹਾਸ ਸ੍ਰੀ ਹਰਿਮੰਦਰ ਸਾਹਿਬ।)। ਇਸ ਤਰ੍ਹਾਂ ਦਰਬਾਰ ਸਾਹਿਬ ਆਪਣੀ ਨਵੀਂ ਇਮਾਰਤ, ਨਵੇਂ ਸਰੋਵਰ, ਨਵੀਆਂ ਪਰਕਰਮਾਂ ਸਹਿਤ 1776 ਈ. ਵਿਚ ਫਿਰ ਵਿਸ਼ਵ ਦੇ ਨਕਸ਼ੇ ਉੱਤੇ ਪ੍ਰਗਟ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਸਮੇਂ ਹਰਿਮੰਦਰ ਪਰੀਸਰ ਨੂੰ ਦੁਨੀਆ ਦਾ ਇਕ ਖ਼ੂਬਸੂਰਤ

ਤਰੀਨ ਤੀਰਥ ਬਣਾ ਦਿੱਤਾ ਗਿਆ। 1842 ਈ. ਵਿਚ ਮਹਾਰਾਜਾ ਸ਼ੇਰ ਸਿੰਘ ਨੇ ਭਾਈ ਗੁਰਮੁਖ ਸਿੰਘ ਗਿਆਨੀ ਦੀ ਨਿਗਰਾਨੀ ਹੇਠ ਸਰੋਵਰ ਸਾਹਿਬ ਦੀ ਕਾਰ ਸੇਵਾ ਦਾ ਕਾਰਜ ਪ੍ਰਾਰੰਭ ਕਰਵਾਇਆ। ਉਸਨੇ ਇਸ ਪਵਿੱਤਰ ਕਾਰਜ ਵਿੱਚ ਸੰਗਤਾਂ ਦੀ ਸੇਵਾ ਲੈਣ ਨਾਲੋਂ ਵਧ ਸਰਕਾਰੀ ਵੇਤਨ ਦੇ ਕੇ ਮਜ਼ਦੂਰਾਂ ਤੋਂ ਸਰੋਵਰ ਦੀ ਸਫ਼ਾਈ ਦਾ ਕਾਰਜ ਕਰਵਾਉਣਾ ਚਾਹਿਆ ਜਿਸਨੂੰ ਸੰਗਤਾਂ ਨੇ ਬਹੁਤਾ ਪਸੰਦ ਨਾ ਕੀਤਾ ਅਤੇ ਸ਼ਰਧਾਵਾਨ ਸੰਗਤਾਂ ਸਰੋਵਰ ਦੀ ਕਾਰ ਸੇਵਾ ਵਿੱਚ ਸ਼ਾਮਲ ਹੋ ਹੀ ਗਈਆਂ। ਕੁਦਰਤ ਦੇ ਰੰਗ ਦੇਖੋ, ਮਹਾਰਾਜਾ ਸ਼ੇਰ ਸਿੰਘ ਨੂੰ ਧੋਖੇ ਨਾਲ ਮਰਵਾ ਦਿੱਤਾ ਗਿਆ ਅਤੇ ਇਸ ਤਰ੍ਹਾਂ ਮਹਾਰਾਜੇ ਦੇ ਧੋਖੇ ਨਾਲ ਕਤਲ ਕਰ ਦਿੱਤੇ ਜਾਣ ਕਾਰਨ ਹਾਲਾਤ ਵਿਗੜੇ ਦੇਖ ਕੇ ਕਾਰ-ਸੇਵਾ ਦੇ ਕਾਰਜ ਨੂੰ ਜਲਦੀ ਜਲਦੀ ਸੰਪੰਨ ਕਰ ਦਿੱਤਾ ਗਿਆ। ਇਵੇਂ ਲੱਗਿਆ ਕਿ ਸਰੋਵਰ ਦੀ ਕਾਰ ਸੇਵਾ ਵਿੱਚ ਮਹਾਰਾਜੇ ਵੱਲੋਂ ਹੋਈ ਭੁੱਲ ਨੇ ਉਸਦੀ ਤਕਦੀਰ ਨੂੰ ਵਿਗਾੜ ਦਿੱਤਾ ਹੋਵੇ ਪਰ ਗੁਰਬਾਣੀ ਅਨੁਸਾਰ ਜੀਵਨ ਜੀਣ ਵਾਲੇ ਸਿਦਕਵਾਨ ਅਜਿਹੇ ਵਹਿਮਾਂ ਭਰਮਾਂ ਵਿੱਚ ਨਹੀਂ ਪੈਂਦੇ। ਮਹਾਰਾਜਾ ਸ਼ੇਰ ਸਿੰਘ ਦੀ ਮੌਤ ਦੇ ਰਾਜਨੀਤਕ ਕਾਰਨ ਸਨ। ਜਿਤਨਾ ਕੋਈ ਵੱਡੀ ਪਦਵੀ ਤੇ ਹੁੰਦਾ ਹੈ ਉਤਨਾ ਹੀ ਉਸਨੂੰ ਸੁਚੇਤ ਤੇ ਦੂਰ-ਦ੍ਰਿਸ਼ਟੀ ਵਾਲਾ ਬਣ ਕੇ ਰਹਿਣਾ ਪੈਂਦਾ ਹੈ, ਸ਼ਾਇਦ ਸ਼ੇਰ ਸਿੰਘ ਅਜਿਹਾ ਸਾਬਤ ਨਾ ਹੋ ਸਕਿਆ। ਪਹਿਲੇ ਵੀ ਹਾਲੇ ਜਦ ਉਹ ਸ਼ਹਿਜ਼ਾਦਾ ਹੀ ਸੀ, ਮਹਾਰਾਜਾ ਨਹੀਂ ਸੀ ਬਣਿਆ, ਉਸ ਤੋਂ ਕੋਈ ਭੁੱਲ ਹੋ ਗਈ ਸੀ ਜਿਸਦੀ ਸ਼ੁੱਧੀ ਲਈ ਮਹਾਰਾਜਾ ਰਣਜੀਤ ਸਿੰਘ ਨੇ ਉਸਨੂੰ ਵਿਸ਼ੇਸ਼ ਤੌਰ ਤੇ ਹਰਿਮੰਦਰ ਸਾਹਿਬ ਜਾ ਕੇ ਸਰੋਵਰ ਵਿੱਚ ਇਸ਼ਨਾਨ ਕਰਨ ਅਤੇ ਭੁੱਲ ਬਖ਼ਸ਼ਾਉਣ ਤੇ ਨੱਕ ਰਗੜਨ ਦੀ ਹਦਾਇਤ ਕੀਤੀ ਸੀ। ਜਵਾਨ ਉਮਰ ਵਿੱਚ ਗਰਮ ਖ਼ੂਨ ਹੋਣ ਕਾਰਨ, ਰਾਜਿਆਂ ਮਹਾਰਾਜਿਆਂ ਦੀ ਔਲਾਦ ਪਾਸੋਂ ਛੋਟੀਆਂ ਮੋਟੀਆਂ ਊਣਤਾਈਆਂ ਦਾ ਹੋ ਜਾਣਾ ਸੁਭਾਵਕ ਹੈ ਪਰ ਮਹਾਰਾਜਾ ਰਣਜੀਤ ਸਿੰਘ ਹਰ ਅਵੱਗਿਆ ਦੇ ਸਮਾਧਾਨ ਤੇ ਮਾਫ਼ੀ ਲਈ ਹਰਿਮੰਦਰ ਸਾਹਿਬ ਵੱਲ ਹੀ ਰੁਚਤ ਹੁੰਦਾ ਸੀ ਕਿਉਂਕਿ ਉਸਦਾ ਇਸ ਪ੍ਰਤੀ ਨਿਸਚਾ ਬੇਪਨਾਹ ਸੀ। ਇਸ ਤੋਂ ਮਗਰੋਂ ਜਦ ਦਰਬਾਰ ਸਾਹਿਬ ਅੰਗੇਰਜ਼ ਹਕੂਮਤ ਅਤੇ ਉਸ ਦੇ ਪਿਠੂ ਸਰਬਰਾਹਾਂ ਤੇ ਮਹੰਤਾਂ ਦੇ ਕਬਜ਼ੇ ਵਿਚੋਂ 1920 ਈ. ਵਿਚ ਅਜ਼ਾਦ ਕਰਵਾਇਆ ਗਿਆ ਅਤੇ ਇਸ ਦੀ ਦੇਖ ਰੇਖ ਲਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਥਾਪਤ ਹੋ ਗਈ ਤਾਂ ਉਸ ਕਮੇਟੀ ਨੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ 17 ਜੂਨ 1923 ਨੂੰ ਪੂਰੀਆਂ ਧਾਰਮਿਕ ਰਸਮਾਂ ਨਾਲ ਸਰੋਵਰ ਸਾਹਿਬ ਦੀ ਪਹਿਲੀ ਬਾਕਾਇਦਾ ਕਾਰ ਸੇਵਾ ਪ੍ਰਾਰੰਭ ਕਰਵਾਈ। ਇਸ ਸੇਵਾ ਕਰਵਾਉਣ ਦਾ ਸਬੱਬ ਇਹ ਵੀ ਬਣਿਆ ਕਿ ਇਕ ਦਿਨ ਇਕ ਲੜਕੇ ਨੇ ਦੌੜ ਕੇ ਸਰੋਵਰ ਵਿੱਚ ਛਾਲ

ਮਾਰੀ ਪਰ ਉਹ ਥੱਲੇ ਗਾਰ ਵਿੱਚ ਖੁੱਭ ਗਿਆ, ਬਾਹਰ ਨਾ ਆ ਸਕਿਆ ਅਤੇ ਮਰ ਗਿਆ। ਇਸ ਤੋਂ ਅੰਦਾਜ਼ਾ ਹੋਇਆ ਕਿ ਸਰੋਵਰ ਵਿੱਚ ਗਾਰ ਹਦੋਂ ਵਧ ਜਮ੍ਹਾਂ ਹੋ ਗਈ ਹੈ ਇਸ ਲਈ ਇਸ ਦੀ ਕਾਰ ਸੇਵਾ ਦੀ ਤੁਰੰਤ ਲੋੜ ਹੈ। ਇਸ ਗੱਲ ਨੂੰ ਦੇਖਦਿਆਂ ਹੋਇਆਂ ਕਾਰ ਸੇਵਾ ਦੇ ਕਾਰਜ ਨੂੰ ਪ੍ਰਾਰੰਭ ਕਰਨ ਲਈ ਅੱਧੇ ਸਰੋਵਰ ਵਿਚੋਂ ਜਲ ਕੱਢ ਕੇ ਉਸ ਨੂੰ ਖਾਲੀ ਕਰ ਲਿਆ ਗਿਆ ਤੇ ਮਛਲੀਆਂ ਨੂੰ ਬੜੀ ਇਹਤਿਆਤ ਨਾਲ ਜਲ ਵਾਲੇ ਪਾਸੇ ਪਾ ਦਿੱਤਾ ਗਿਆ ਅਤੇ ਪੰਜ ਪਿਆਰਿਆਂ ਨੇ ਇਹ ਸੇਵਾ ਸੋਨੇ ਦੀਆਂ ਕਹੀਆਂ ਤੇ ਚਾਂਦੀ ਦੇ ਤਸਲਿਆਂ ਨਾਲ ਹਰਿ ਕੀ ਪਉੜੀ ਤੋਂ ਪ੍ਰਾਰੰਭ ਕੀਤੀ। ਇਹ ਪੰਜ ਪਿਆਰੇ ਅੰਮ੍ਰਿਤਸਰ ਦੇ ਸੰਤ ਸ਼ਾਮ ਸਿੰਘ, ਗੋਲੀਆ ਦੇ ਸੰਤ ਗੁਲਾਬ ਸਿੰਘ, ਚੂਹੜ ਕਾਨੇ ਦੇ ਜਥੇਦਾਰ ਤੇਜਾ ਸਿੰਘ, ਆਨੰਦਪੁਰ ਸਾਹਿਬ ਦੇ ਸੋਢੀ ਪ੍ਰੀਤਮ ਸਿੰਘ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਹਿਤਾਬ ਸਿੰਘ ਸਨ।

ਕਾਰ ਸੇਵਾ ਦੇ ਕਾਰਜ ਨੂੰ ਹੋਰ ਮੱਹਤਤਾ ਉਦੋਂ ਮਿਲੀ ਜਦੋਂ ਆਮ ਸੰਗਤਾਂ ਨੂੰ ਪਤਾ ਲਗਾ ਕਿ ਪਟਿਆਲੇ ਦਾ ਉਸ ਸਮੇਂ ਦਾ ਮਹਾਰਾਜਾ ਭੁਪਿੰਦਰ ਸਿੰਘ ਇਸ ਕਾਰ ਸੇਵਾ ਲਈ ਇਕ ਨਿਮਾਣੇ ਜਹੇ ਸਿੱਖ ਵਜੋਂ ਭਾਗ ਲੈਣ ਲਈ ਵਿਸ਼ੇਸ਼ ਤੌਰ ਤੇ ਦਰਬਾਰ ਸਾਹਿਬ ਆਇਆ ਹੈ ਅਤੇ ਕਾਰ ਸੇਵਾ ਪ੍ਰਾਰੰਭ ਕਰਨ ਤੋਂ ਪਹਿਲੇ ਉਸ ਨੇ ਆਪਣੇ ਆਪ ਨੂੰ ਸੇਵਾ ਕਰਨ ਦੇ ਯੋਗ ਬਣਾਉਣ ਲਈ ਅਕਾਲ ਤਖਤ ਸਾਹਿਬ ਤੋਂ ਖੰਡੇ ਬਾਟੇ ਦਾ ਪਾਹੁਲ ਪਾਨ ਕੀਤਾ ਹੈ ਤੇ ਇਵੇਂ ਚੜ੍ਹਦੀਕਲਾ ਵਾਲਾ ਸਿੰਘ ਬਣਿਆ ਹੈ। ਤਿੰਨ ਚਾਰ ਲੱਖ ਸ਼ਰਧਾਲੂ ਸਾਰਾ ਸਾਰਾ ਦਿਨ ਕਾਰ ਸੇਵਾ ਵਿਚ ਜੁਟੇ ਰਹਿੰਦੇ ਤੇ ਇਵੇਂ ਆਪਣੇ ਸਰੀਰ ਸੁਚੇ ਤੇ ਮਨ ਨਿਰਮਲ ਕਰਦੇ। ਸੇਵਾ ਕਰਦਿਆਂ ਕਈ ਸੰਗਤਾਂ ਨੂੰ ਧੱਕੇ ਵੀ ਪੈਂਦੇ ਪਰ ਉਹ ਇਨ੍ਹਾਂ ਨੂੰ ਇਹ ਸਮਝ ਕੇ ਪ੍ਰਵਾਨ ਕਰਦੀਆਂ ਕਿ ਇਹ ਪ੍ਰੇਮ ਦੇ ਧੱਕੇ ਉਨ੍ਹਾਂ ਨੂੰ ਜੰਮਾਂ ਦੇ ਧੱਕਿਆਂ ਤੋਂ ਬਚਾਅ ਲੈਣਗੇ। ਇਵੇਂ ਸੰਗਤਾਂ ਨੂੰ ਇਨ੍ਹਾਂ ਧੱਕਿਆਂ ਤੋਂ ਵੀ ਇਲਾਹੀ ਆਨੰਦ ਪ੍ਰਾਪਤ ਹੁੰਦਾ। ਵੱਖ ਵੱਖ ਇਲਾਕਿਆਂ ਤੋਂ ਸੰਗਤਾਂ ਕਾਫਲਿਆਂ ਦੇ ਰੂਪ ਵਿਚ ਕੀਰਤਨ ਕਰਦੀਆਂ ਦਰਬਾਰ ਸਾਹਿਬ ਆਉਂਦੀਆਂ ਤੇ ਸੇਵਾ ਕਰਦੀਆਂ ਖੁਸ਼ੀ ਵਿਚ ਫੁਲੀਆਂ ਨਾ ਸਮਾਉਂਦੀਆਂ। ਆਖਰ 28 ਜੁਲਾਈ 1923 ਨੂੰ ਇਹ ਸੇਵਾ ਦਾ ਮਹਾਨ ਯੱਗ ਸੰਪੰਨ ਹੋਇਆ। ਸਾਫ ਸੁਥਰੇ ਤੇ ਪੂਰੀ ਤਰ੍ਹਾਂ ਮੁਰੰਮਤ ਕੀਤੇ ਸਰੋਵਰ ਸਾਹਿਬ ਨੂੰ ਫਿਰ ਤਾਜ਼ਾ ਸਵੱਛ ਜਲ ਨਾਲ ਭਰਨ ਦੀ ਰਸਮ ਅਦਾ ਹੋਈ ਜਿਸ ਨਾਲ ਇਕ ਵਾਰੀ ਫਿਰ ਪੂਰਾ ਸਰੋਵਰ, ਸਵਰਨ ਮੰਦਰ ਦੇ ਸਰੋਵਰ ਵਿਚ ਪੈਣ ਵਾਲੇ ਲਿਸ਼ਕਾਰੇ ਕਾਰਨ ਬਲੌਰੀ ਭਾਅ ਮਾਰਨ ਲਗ ਪਿਆ। ਕੌਮ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਅਦਾ ਕੀਤਾ। ਸਮੁੱਚੀ ਕੌਮ ਵਿਚ ਇਸ ਅਵਸਰ ਨੇ ਇਕ ਨਵਾਂ ਚਾਅ, ਨਰੋਆ ਉਮਾਹ ਤੇ ਸਿਦਕ ਭਰਿਆ ਸਤਿਕਾਰ ਉਭਾਰਿਆ।

ਉਸ ਸਮੇਂ ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਹਰ 50 ਸਾਲਾਂ ਮਗਰੋਂ ਸਰੋਵਰ ਦੀ ਕਾਰ ਸੇਵਾ ਸੰਗਤਾਂ ਵਲੋਂ ਕੀਤੀ ਜਾਇਆ ਕਰੇਗੀ।

ਇਸੇ ਫੈਸਲੇ ਤਹਿਤ ਸਰੋਵਰ ਸਾਹਿਬ ਦੀ ਅਗਲੀ ਕਾਰ ਸੇਵਾ 31 ਮਾਰਚ 1973 ਨੂੰ ਪ੍ਰਾਰੰਭ ਕਰਵਾਈ ਗਈ। ਇਸ ਸੇਵਾ ਦੇ ਇੰਚਾਰਜ ਬਾਬਾ ਜੀਵਨ ਸਿੰਘ ਸਨ। ਸੰਗਤਾਂ ਵਿਚ ਕਾਫੀ ਚਿਰ ਪਹਿਲਾਂ ਤੋਂ ਹੀ ਤਿਆਰੀਆਂ ਆਰੰਭ ਹੋ ਗਈਆਂ। ਜਦ ਇਹ ਸੇਵਾ ਪ੍ਰਾਰੰਭ ਹੋਈ ਤਾਂ ਪੰਜ ਪਿਆਰਿਆਂ ਵਿਚ ਸੰਤ ਗੁਰਮੁੱਖ ਸਿੰਘ, ਸੰਤ ਸੇਵਾ ਸਿੰਘ, ਸੰਤ ਜੀਵਨ ਸਿੰਘ, ਸੰਤ ਖੜਕ ਸਿੰਘ ਤੇ ਸੰਤ ਮਹਿੰਦਰ ਸਿੰਘ ਸ਼ਾਮਲ ਹੋਏ। ਦੇਸ ਦੇ ਹਰ ਕੋਨੇ ਵਿਚੋਂ ਸੰਗਤਾਂ ਜਥਿਆਂ ਦੇ ਰੂਪ ਵਿਚ ਹੁਮ ਹੁਮਾ ਕੇ ਪੁੱਜੀਆਂ। ਸਾਰੇ ਸਰੋਵਰ ਨੂੰ ਚਾਰ ਭਾਗਾਂ ਵਿਚ ਵੰਡ ਦਿੱਤਾ ਗਿਆ ਤੇ ਇਕ ਇਕ ਭਾਗ ਦੀ ਸੇਵਾ ਵਾਰੀ ਵਾਰੀ ਚਲਦੀ ਰਹੀ। ਇੰਗਲੈਂਡ, ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਤੋਂ ਵੀ ਸੰਗਤਾਂ ਇਸ ਦੁਰਲਭ ਸੇਵਾ ਵਿਚ ਸ਼ਰੀਕ ਹੋਈਆਂ। ਮਿਲਟਰੀ ਅਤੇ ਹੋਰ ਸਰਕਾਰੀ ਅਦਾਰਿਆਂ ਤੋਂ ਵੀ ਸ਼ਰਧਾਵਾਨ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਆਦਿ ਵੀਰ ਇਸ ਸੇਵਾ ਕੁੰਭ ਵਿਚ ਹਾਜ਼ਰੀ ਭਰਨ ਆਏ। ਬੀਬੀਆਂ ਦੇ ਵਿਸ਼ੇਸ਼ ਜਥਿਆਂ ਨੇ ਵੀ ਆਪਣੇ ਹੱਥ ਸੁੱਚੇ ਕੀਤੇ। ਸੇਵਾ ਦੇ ਦਿਨਾਂ ਦਾ ਨਜ਼ਾਰਾ ਬੜਾ ਅਲੌਕਿਕ ਸੀ। ਕੌਮ ਇਕ ਵਿਸ਼ੇਸ਼ ਖੁਸ਼ੀ ਵਿਚ ਸੀ। ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਵੀ ਆਪਣੇ ਸਿਰ ਤੇ ਟੋਕਰੀਆਂ ਢੋਈਆਂ ਤੇ ਸੇਵਾ ਦਾ ਆਨੰਦ ਮਾਣਿਆ। ਇਸ ਤਰ੍ਹਾਂ 6 ਹਫਤਿਆਂ ਤੱਕ ਚਲੀ ਇਹ ਵਿਸ਼ਵ ਦੀ ਲਾਮਿਸਾਲ ਸੇਵਾ, ਖੁਸ਼ੀਆਂ ਖੇੜਿਆਂ ਦੇ ਮਾਹੌਲ ਵਿਚ ਨਿਸ਼ਚਤ ਮਰਿਆਦਾ ਸਹਿਤ ਸੰਪੰਨ ਹੋਈ।

ਇਸ ਸੇਵਾ ਦੌਰਾਨ ਹਰਿਮੰਦਰ ਸਾਹਿਬ ਦੀ ਜਲ ਵਿਚ ਡੂੰਘੀ ਨੀਂਹ ਦੇ ਆਧਾਰ ਵਾਲੀ ਇਮਾਰਤ ਨੂੰ ਵੀ ਹੋਰ ਸ਼ਕਤੀਸ਼ਾਲੀ ਬਣਾਇਆ ਗਿਆ। ਪੁਲੀ ਦੇ ਥੱਲੇ ਵਾਲੀਆਂ ਸੁਰੰਗ ਦਵਾਰੀਆਂ ਜਿਨ੍ਹਾਂ ਨੂੰ ਸ਼ਰਧਾਲੂ ਸਵਰਗ ਦਵਾਰੀਆਂ ਕਹਿੰਦੇ ਹਨ, ਨੂੰ ਹੋਰ ਪੱਕਿਆਂ ਕੀਤਾ ਗਿਆ ਤਾ ਕਿ ਅਗਲੇ 50 ਸਾਲ ਤੱਕ ਸਾਰੀ ਇਮਾਰਤ ਬਿਲਕੁਲ ਸੁਰਖਿਅਤ ਰਹਿ ਸਕੇ ਪਰ ਦੁਰਭਾਗ ਵਸ ਜਿਸ ਗਿਆਨੀ ਜ਼ੈਲ ਸਿੰਘ ਨੇ 1973 ਦੀ ਕਾਰ ਸੇਵਾ ਵਿਚ ਬਤੌਰ ਮੁੱਖ ਮੰਤਰੀ ਪੰਜਾਬ ਖੁਸ਼ੀ ਖੁਸ਼ੀ ਸੇਵਾ ਕੀਤੀ ਸੀ, ਉਸੇ ਦੇ ਰਾਸ਼ਟਰਪਤੀ ਕਾਲ ਦੌਰਾਨ ਦਰਬਾਰ ਸਾਹਿਬ ਵਿਚ 1984 ਦਾ ਨੀਲਾ ਤਾਰਾ ਸਾਕਾ ਵਾਪਰਿਆ ਜਿਸ ਨਾਲ ਹਰਿਮੰਦਰ ਸਾਹਿਬ ਪਰੀਸਰ ਦਾ ਬਹੁਤ ਭਾਰੀ ਨੁਕਸਾਨ ਹੋਇਆ, ਅਕਾਲ ਤਖਤ ਸਾਹਿਬ ਦੀ ਸਾਰੀ ਇਮਾਰਤ ਖੰਡਰ ਬਣ ਗਈ। ਪਵਿੱਤਰ ਸਰੋਵਰ ਮਾਸੂਮ ਸਿੰਘਾਂ ਤੇ ਯਾਤਰੂਆਂ ਦੇ ਖੂਨ ਨਾਲ ਆਪਣਾ ਰੰਗ ਬਦਲ ਗਿਆ। ਸਰਕਾਰ ਨੂੰ ਜਦ ਹੋਸ਼ ਆਈ ਤਾਂ ਇਸ ਰੱਬ ਦੇ ਘਰ ਦੀ ਹਾਲਤ ਨੂੰ

ਸੁਧਾਰਨ ਲਈ ਜੰਗੀ ਪੱਧਰ ਤੇ ਸਰਕਾਰੀ ਉਪਰਾਲੇ ਕਰ ਕੇ ਸਰੋਵਰ ਸਾਹਿਬ ਨੂੰ ਇਕ ਵਾਰੀ ਫਿਰ ਸਾਫ ਕੀਤਾ ਗਿਆ। ਪਰ ਇਹ ਕਾਰ ਸੇਵਾ ਨਹੀਂ ਸੀ, ਇਕ ਦੁਖਦਾਈ ਕਰਮ ਨੂੰ ਢੱਕਣ ਦਾ ਉਪਰਾਲਾ ਸੀ। ਸਰਕਾਰ ਨੇ ਸੰਤਾ ਸਿੰਘ ਨਿਹੰਗ ਨੂੰ ਅਖੌਤੀ ਸੇਵਾ ਬਖਸ਼ ਕੇ ਦਿਨਾਂ ਦਿਨਾਂ ਵਿਚ ਅਕਾਲ ਤਖਤ ਦੀ ਇਮਾਰਤ ਨੂੰ ਵੀ ਫਿਰ ਸੁਰਜੀਤ ਕਰ ਦਿੱਤਾ ਪਰ ਸਿੰਘਾਂ ਨੇ ਸਰਕਾਰੀ ਖਰਚ ਨਾਲ ਤਿਆਰ ਹੋਏ ਸਾਰੇ ਕਾਰਜ ਨੂੰ ਅਪ੍ਰਵਾਨ ਕਰਕੇ ਨਕਾਰ ਦਿੱਤਾ ਅਤੇ ਸੰਗਤਾਂ ਦੇ ਸਹਿਯੋਗ ਤੇ ਉਦਮ ਸਦਕਾ ਸਾਰੇ ਕੰਪਲੈਕਸ ਦੀ ਕਾਰ ਸੇਵਾ ਨਵੇਂ ਸਿਰੇ ਤੋਂ ਪ੍ਰਾਰੰਭੀ ਗਈ ਤੇ 1984 ਵਿਚ ਹੀ ਇਕ ਵਾਰੀ ਫਿਰ ਸਰੋਵਰ ਸਾਹਿਬ ਨੂੰ ਸੰਗਤਾਂ ਨੇ ਕਾਰ ਸੇਵਾ ਦੁਆਰਾ ਸਵੱਛ ਕੀਤਾ ਅਤੇ ਅਕਾਲ ਤਖਤ ਦੀ ਸੇਵਾ ਵੀ ਨਵੇਂ ਸਿਰਿਓਂ ਪ੍ਰਾਰੰਭ ਹੋਈ ਅਤੇ ਇਹ ਸੰਤੋਖ ਤੇ ਖੁਸ਼ੀ ਦੀ ਗੱਲ ਹੈ ਕਿ ਅਕਾਲ ਤਖਤ ਸਾਹਿਬ ਆਪਣੀ ਪੂਰੀ ਸਜ ਧਜ ਨਾਲ 13 ਅਪਰੈਲ 1997 ਨੂੰ ਫਿਰ ਸੰਗਤਾਂ ਦੀਆਂ ਅੱਖੀਆਂ ਦਾ ਤਾਰਾ ਬਣ ਕੇ ਮਾਨਵ ਸਮਾਜ ਦੀ ਅਗਵਾਈ ਕਰ ਕੇ ਉਸ ਦਾ ਮਾਣ ਸਤਿਕਾਰ ਵਧਾ ਰਿਹਾ ਹੈ ਅਤੇ ਹੁਣ ਇਮਾਰਤ ਦੇ ਅੰਦਰ ਦੀ ਮੀਨਾਕਾਰੀ ਤੇ ਸੋਨੇ ਦੇ ਪਤਰੇ ਲਗਾਉਣ ਦਾ ਕਾਰਜ ਚਲ ਰਿਹਾ ਹੈ। ਸੂਖਮ ਕਿਸਮ ਦੀ ਇਹ ਕਾਰ ਸੇਵਾ 10 ਪ੍ਰੇਮੀ ਰੋਜ਼ ਕਰ ਰਹੇ ਹਨ ਅਤੇ ਇਕ ਸੱਜਣ ਕੇਵਲ 6 ਮਰਬਾ ਇੰਚ ਥਾਂ ਦੀ ਹੀ ਇਕ ਦਿਨ ਵਿਚ ਸਜਾਵਟ ਕਰ ਸਕਦਾ ਹੈ। ਇਸ ਲਈ ਸਾਰੇ ਅੰਦਰੂਨੀ ਕਾਰਜ ਨੂੰ ਜੋ ਜਨਵਰੀ 2000 ਤੋਂ ਪ੍ਰਾਰੰਭ ਹੋਇਆ ਹੈ, ਸੰਪੰਨ ਹੋਣ ਵਿਚ ਹਾਲੇ ਵੀ ਕੁਝ ਸਮਾਂ ਹੋਰ ਲਗ ਜਾਵੇਗਾ। ਸਤਿਗੁਰਾਂ ਦੀ ਮਿਹਰ ਸਕਦਾ ਹੁਣ ਫਿਰ ਸਰੋਵਰ ਦੀਆਂ ਨਿਮ੍ਹੀਆਂ ਨਿਮ੍ਹੀਆਂ ਲਹਿਰਾਂ ਸੰਗੀਤ ਦੀਆਂ ਮਧੁਰ ਧੁਨੀਆਂ ਵਿਚ ਓਤ ਪੋਤ ਹੋ ਕੇ ਹਰਿਮੰਦਰ ਸਾਹਿਬ ਨੂੰ ਚੁੰਮ ਚੁੰਮ ਕੇ ਆਪਣਾ ਦਿਲੀ ਪਿਆਰ ਸਤਿਕਾਰ ਅਰਪਤ ਕਰਦੀਆਂ ਨਹੀਂ ਰਜਦੀਆਂ ਤੇ ਨਾ ਹੀ ਰਜਦੀਆਂ ਹਨ ਹਰਿਮੰਦਰ ਸਾਹਿਬ ਦੀਆਂ ਪਿਆਰੀਆਂ ਸੰਗਤਾਂ ਜੋ ਦਿਨ ਰਾਤ ਹਰਿਮੰਦਰ ਸਾਹਿਬ ਦੇ ਸੁਖਤ ਤੇ ਸੁਹਾਵਣੇ ਦਰਸ਼ਨਾਂ ਲਈ ਤੁਰੀਆਂ ਹੀ ਆਉਂਦੀਆਂ ਹਨ ਮਨਾਂ ਵਿਚ ਚਾਅ ਤੇ ਉਮਾਹ ਲੈ ਕੇ ਤੇ ਵਾਪਸ ਪਰਤਦੀਆਂ ਹਨ ਹਿਰਦਿਆਂ ਵਿਚ ਅਦੁੱਤੀ ਸਤਿਕਾਰ ਤੇ ਸ਼ਰਧਾ ਸੰਜੋਕੇ।

1984 ਦੀ ਇਹ ਵਿਸ਼ੇਸ਼ ਕਾਰ ਸੇਵਾ ਰਸਮੀ ਤੌਰ ਤੇ ਪਹਿਲੀ ਅਕਤੂਬਰ 1984 ਨੂੰ ਪ੍ਰਾਰੰਭ ਹੋਈ ਜਦ ਕੌਮ ਦੇ ਸੇਵਕ ਬਾਬਾ ਖੜਕ ਸਿੰਘ ਨੇ ਬੇਰ ਬਾਬਾ ਬੁੱਢਾ ਜੀ ਦੇ ਲਾਗੇ ਲਗੇ ਪੰਪ ਦਾ ਬਟਨ ਦਬਾ ਕੇ ਸਰੋਵਰ ਦੇ ਜਲ ਨਿਕਾਸੀ ਦੀ ਸੇਵਾ ਸ਼ੁਰੂ ਕੀਤੀ। ਇਵੇਂ ਸਰੋਵਰ ਸਾਹਿਬ ਦਾ ਇਕ ਵਡਾ ਭਾਗ ਜਲ ਰਹਿਤ ਕਰ ਦਿੱਤਾ ਗਿਆ ਜਿਸ ਨੂੰ ਸਾਫ ਕਰਨ ਦੀ ਸੇਵਾ ਨਿਮਨ ਪੰਜ ਪਿਆਰਿਆਂ ਨੇ 12 ਅਕਤੂਬਰ 84 ਨੂੰ ਸਵੇਰੇ 11 ਵਜੇ ਅਰਦਾਸਾ ਸੋਧ ਕੇ ਪ੍ਰਾਰੰਭ ਕੀਤੀ।

(1) ਬਾਬਾ ਹਰਬੰਸ ਸਿੰਘ ਦਿੱਲੀ ਵਾਲੇ

(2) ਬਾਬਾ ਕਰਤਾਰ ਸਿੰਘ ਪਟਨਾ ਵਾਲੇ

(3) ਬਾਬਾ ਦਰਸ਼ਨ ਸਿੰਘ

(4) ਬਾਬਾ ਦਿਆ ਸਿੰਘ ਸੁਰ ਸਿੰਘ ਵਾਲੇ

(5) ਬਾਬਾ ਦੀਵਾਨ ਸਿੰਘ ਖਾਨ ਛਾਬੜੀ ਵਾਲੇ

ਇਸ ਸੇਵਾ ਲਈ ਵੀ ਸੰਗਤਾਂ ਵਿਚ ਇਕ ਵਖਰੇ ਪ੍ਰਕਾਰ ਦੀ ਸਤਿਕਾਰੀ ਭਾਵਨਾ ਸੀ। ਦੀਵਾਲੀ ਤੋਂ ਪਹਿਲੇ ਪਹਿਲੇ ਸਾਰਾ ਕਾਰਜ ਸੰਪੰਨ ਕਰਕੇ ਅੰਮ੍ਰਿਤ ਸਰੋਵਰ ਨੂੰ ਫਿਰ ਨਕੋ ਨਕ ਭਰ ਦਿੱਤਾ ਗਿਆ। ਇਸ ਸੇਵਾ ਵਿਚ ਕੁਝ ਉਨ੍ਹਾਂ ਖੁਸ਼ਕਿਸਮਤ ਸੇਵਕਾਂ ਨੇ ਵੀ ਭਾਗ ਲਿਆ ਜਿਨ੍ਹਾਂ 1923 ਤੇ 1973 ਦੀਆਂ ਕਾਰ ਸੇਵਾਵਾਂ ਵਿਚ ਵੀ ਹੱਥ ਸੁੱਚੇ ਕੀਤੇ ਸਨ।

ਪਿਛਲੇ ਦਹਾਕੇ ਭਾਵ 25 ਮਾਰਚ 2004 ਨੂੰ ਸਰੋਵਰ ਸਾਹਿਬ ਦੀ ਫਿਰ ਕਾਰ ਸੇਵਾ ਹੋਈ। ਇਸ ਸੇਵਾ ਦੇ ਨਜ਼ਾਰੇ ਬੜੇ ਅਲੌਕਿਕ ਸਨ। ਸ਼ਰਧਾਲੂਆਂ ਵਿੱਚ ਸੇਵਾ ਕਰਨ ਦਾ ਉਤਸ਼ਾਹ ਦੇਖਦਿਆਂ ਹੀ ਬਣਦਾ ਸੀ। ਜੇ ਸੰਗਤਾਂ ਨੂੰ ਗਾਰ ਕੱਢਣ ਲਈ ਤਸਲਾ, ਬਾਲਟਾ ਜਾਂ ਕਹੀ ਨਹੀਂ ਮਿਲੀ ਤਾਂ ਉਨ੍ਹਾਂ ਨੇ ਹੱਥਾਂ ਨਾਲ ਗ਼ਾਰ ਕੱਢਣੀ ਸ਼ੁਰੂ ਕਰ ਦਿੱਤੀ ਅਤੇ ਆਪਣੀਆਂ ਕਮੀਜ਼ਾਂ ਲਾਹ ਕੇ ਉਨ੍ਹਾਂ ਵਿੱਚ ਉਸ ਨੂੰ ਪਾ ਕੇ ਬਾਹਰ ਕੱਢਣ ਵਿੱਚ ਪ੍ਰਸੰਨਤਾ ਅਨੁਭਵ ਕੀਤੀ। ਜਦ ਨੌਜਵਾਨਾਂ ਨੇ ਇਹ ਦੇਖਿਆ ਕਿ ਬਜ਼ੁਰਗਾਂ ਨੂੰ ਚਿੱਕੜ ਵਿੱਚ ਚਲਣ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ ਤਾਂ ਉਹ ਚਿੱਕੜ ਉੱਤੇ ਇੱਕਠੇ ਹੋ ਕੇ ਲੰਮੇ ਪੈ ਗਏ ਤਾਂਕਿ ਸੰਗਤਾਂ ਉਨ੍ਹਾਂ ਉੱਤੋਂ ਤੁਰ ਕੇ ਅਸਾਨੀ ਨਾਲ ਕਾਰ ਸੇਵਾ ਦਾ ਕਾਰਜ ਕਰ ਸਕਣ। ਜਿਸ ਸੇਵਾ ਨੇ ਦੋ ਹਫਤੇ ਚਲਣਾ ਸੀ, ਉਹ ਦੋ ਦਿਨਾਂ ਵਿੱਚ ਸੰਪੰਨ ਹੋ ਗਈ। ਹਰਿਮੰਦਰ ਸਾਹਿਬ ਸਰੋਵਰ ਦੇ ਜਲ ਨੂੰ ਹਰ ਲਿਹਾਜ਼ ਨਾਲ ਨਿਰਮਲ ਕਰਨ ਲਈ ਸਤ ਕਰੋੜ ਰੁ. ਦੀ ਲਾਗਤ ਨਾਲ ਜਲ ਟਰੀਟਮੈਂਟ ਪਲਾਂਟ ਲਗਵਾਇਆ ਗਿਆ। ਇਸ ਕਾਰ ਸੇਵਾ ਦਾ ਇਹ ਪ੍ਰਮੁੱਖ ਕਾਰਜ ਸੀ। ਇਸ ਕਾਰ ਸੇਵਾ ਨੇ ਸੰਗਤਾਂ ਵਿੱਚ ਅਥਾਹ ਸ਼ਰਧਾ ਦਾ ਸੰਚਾਰ ਕੀਤਾ।

ਇਤਿਹਾਸ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਸਰੋਵਰ ਵਿਚ ਜਲ ਭਰਨ ਬਾਰੇ ਵੀ ਸਿੱਖ ਸੰਗਤਾਂ ਨੇ ਇਕ ਅਨੋਖੀ ਸੇਵਾ ਕਰ ਕੇ ਗੁਰਸਿੱਖੀ ਵਿਚ ਸੇਵਾ ਦੀ ਮਹੱਤਤਾ ਨੂੰ ਬਹੁਤ ਮਾਣ ਜਨਕ ਰੂਪ ਵਿਚ ਵਿਸ਼ਵ ਭਰ ਵਿਚ ਉਭਾਰਿਆ ਹੈ। ਗੱਲ ਇਵੇਂ ਹੋਈ ਕਿ 1783 ਈ. ਵਿਚ ਪੰਜਾਬ ਵਿਚ ਮੌਨਸੂਨ ਦੀ ਵਰਸ਼ਾ ਉੱਕਾ ਹੀ ਨਾ ਹੋਈ ਤੇ ਅੰਨ ਜਲ ਦਾ ਕਾਲ ਪੈ ਗਿਆ। ਸਭ ਪਾਸੇ ਸੋਕਾ ਹੀ ਸੋਕਾ ਦਿਸਦਾ ਸੀ। ਇਸ ਸੋਕੇ ਦੀ ਮਾਰ ਕਾਰਨ ਸਰੋਵਰ ਦੇ ਜਲ ਦਾ ਸੰਗਤਾਂ ਵਲੋਂ ਇਤਨਾ ਪ੍ਰਯੋਗ ਵੱਧ ਗਿਆ ਕਿ ਉਹ ਵੀ ਸੁਕ ਗਿਆ। ਇਸ ਸਥਿਤੀ ਦੇ ਹਲ ਲਈ ਫੌਰਨ ਸੋਚਾਂ ਸ਼ੁਰੂ ਹੋ ਗਈਆਂ। ਨਤੀਜੇ ਵਜੋਂ ਸੰਗਤਾਂ ਨੇ ਭਾਈ ਸੰਤੋਖ ਦਾਸ ਅਤੇ ਭਾਈ ਪ੍ਰੀਤਮ ਦਾਸ ਨਿਰਬਾਨ ਉਦਾਸੀ ਸੰਤਾਂ ਨਾਲ

500 ਪ੍ਰੇਮੀਆਂ ਅਤੇ ਸਾਧੂ ਸੰਤਾਂ ਨੂੰ ਭੇਜਿਆ ਕਿ ਉਹ ਪਠਾਨਕੋਟ ਦੇ ਭੰਗੀ ਰਾਜੇ ਪਾਸ ਰਸਾਈ ਕਰਨ ਕਿ ਉਹ ਪਵਿੱਤਰ ਸਰੋਵਰ ਨੂੰ ਸਾਫ ਤੇ ਸਵੱਛ ਤਾਜ਼ੇ ਜਲ ਨਾਲ ਸਦਾ ਭਰਿਆ ਰੱਖਣ ਲਈ ਰਾਵੀ ਦਰਿਆ ਦੇ ਮਾਧੋਪੁਰ ਹੈੱਡ ਵਰਕਸ ਤੋਂ ਇਕ ਸਿਧੀ ਛੋਟੀ ਨਹਿਰ ਅੰਮ੍ਰਿਤਸਰ ਸਰੋਵਰ ਤੱਕ ਲੈ ਜਾਣ ਲਈ ਜਲ ਦੇਵੇ। ਰਾਜੇ ਨੇ ਸਿੱਖਾਂ ਦੇ ਇਸ ਉਤਸ਼ਾਹੀ ਉਦਮ ਤੇ ਸੇਵਾ ਉਤਸ਼ਾਹ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਨੂੰ ਅਜਿਹਾ ਕਰਨ ਦੀ ਆਗਿਆ ਦੇ ਦਿੱਤੀ ਅਤੇ ਰਸਤੇ ਵਿਚ ਆਉਂਦੇ ਹੋਰ ਰਾਜਿਆਂ ਦੇ ਇਲਾਕਿਆਂ ਵਿਚੋਂ ਇਸ ਹੰਸਲੀ (ਜਿਸ ਨੂੰ ਸਿੱਖਾਂ ਦੀ ਨਹਿਰ ਵੀ ਕਿਹਾ ਜਾਂਦਾ ਹੈ) ਨੂੰ ਲੰਘਾਣ ਲਈ ਸਭ ਨੇ ਮਨਜ਼ੂਰੀ ਦੇਣ ਵਿਚ ਖੁਸ਼ੀ ਪ੍ਰਗਟਾਈ ਕਿਉਂਕਿ ਇਹ ਧਾਰਮਿਕ ਕਾਰਜ ਸਰਬੱਤ ਦੇ ਭਲੇ ਦੇ ਮਨੋਰਥ ਨਾਲ ਕੀਤਾ ਜਾ ਰਿਹਾ ਸੀ।

ਇਹ ਕਾਰਜ ਤੇਜ਼ੀ ਨਾਲ ਪ੍ਰਾਰੰਭਿਆ ਗਿਆ ਤੇ 1791 ਈ. ਨੂੰ ਸੰਪਰੂਨ ਹੋਇਆ ਅਤੇ ਇਵੇਂ ਰਾਵੀ ਦਰਿਆ ਦੇ ਜਲ ਨੇ ਸਰੋਵਰ ਸਾਹਿਬ ਵਿਚ ਪੈਣ ਦਾ ਸੁਭਾਗ ਪ੍ਰਾਪਤ ਕਰ ਲਿਆ। ਭਾਵੇਂ ਇਸ ਪ੍ਰਯਤਨ ਨਾਲ ਕਾਫੀ ਸੌਖ ਹੋ ਗਈ ਪਰ ਫਿਰ ਵੀ ਸਰਦੀਆਂ ਵਿਚ ਪਾਣੀ ਦਾ ਵਹਾ ਘੱਟ ਜਾਣ ਕਾਰਨ ਸਰੋਵਰ ਸਾਹਿਬ ਨੂੰ ਖੁੱਲ੍ਹਾ ਡੁਲ੍ਹਾ ਜਲ ਨਾ ਮਿਲਦਾ। ਸਿੰਘਾਂ ਨੇ ਇਸ ਸਮਸਿਆ ਨੂੰ ਵੀ ਹੱਲ ਕਰ ਲਿਆ। ਇਸ ਹੰਸਲੀ ਦੇ ਨਾਲ ਨਾਲ ਰਸਤੇ ਵਿਚ ਜਿਥੇ ਕਿਦਰੇ ਵੀ ਟਿੰਡਾਂ ਵਾਲੇ ਖੂਹ ਆਉਂਦੇ, ਉਨ੍ਹਾਂ ਖੂਹਾਂ ਦੇ ਕਿਸਾਨ ਮਾਲਕ ਬੜੀ ਸ਼ਰਧਾ ਨਾਲ ਆਪਣੇ ਖੂਹਾਂ ਨੂੰ ਗੇੜ ਕੇ ਨਿਕਲਿਆ ਜਲ ਹੰਸਲੀ ਵਿਚ ਪਾ ਦੇਂਦੇ ਤੇ ਉਸ ਨੂੰ ਪੂਰੀ ਭਰ ਕੇ ਹੀ ਅੱਗੇ ਜਾਣ ਦੇਂਦੇ। ਇਸ ਤਰ੍ਹਾਂ ਦਾ ਅਨੋਖਾ ਪ੍ਰਬੰਧ ਤਕਰੀਬਨ ਦੋ ਸੌ ਸਾਲ ਤੱਕ ਚਲਦਾ ਰਿਹਾਂ (ਹਵਾਲਾ The Golden Temple, Patwant Singh ਪੰਨਾ-90, 95)। ਆਖਰ 1982 ਵਿਚ ਦਰਬਾਰਾ ਸਿੰਘ ਸਰਕਾਰ ਸਮੇਂ ਸਰੋਵਰ ਸਾਹਿਬ ਨੂੰ ਅਪਰ ਬਾਰੀ ਦੁਆਬ ਨਹਿਰ ਵਿਚੋਂ ਜਲ ਲੈ ਕੇ ਸਰੋਵਰ ਨੂੰ ਪਾਈਪਾਂ ਦੁਆਰਾ ਤੇ ਟਿਊਬਵੈੱਲਾਂ ਦੀ ਮਦਦ ਨਾਲ ਭਰਨ ਦਾ ਸਿਸਟਮ ਪ੍ਰਾਰੰਭ ਹੋਇਆ ਜੋ ਨਿਰਵਿਘਨ ਚਲ ਰਿਹਾ ਹੈ। ਇਸ ਤਰ੍ਹਾਂ ਹਰ ਰੋਜ਼ 15 ਹਜ਼ਾਰ ਵਰਗ ਫੁਟ ਸਵੱਛ ਜਲ ਸਰੋਵਰ ਵਿਚ ਨਵਾਂ ਪੈਂਦਾ ਹੈ ਤੇ ਇਤਨਾ ਹੀ ਹਰ ਰੋਜ਼ ਸਰੋਵਰ ਵਿਚੋਂ ਬਾਹਰ ਕਢਿਆ ਜਾਂਦਾ ਹੈ। ਇਕ ਲੱਖ ਲਿਟਰ ਜਲ ਸਰੋਵਰ ਸਾਹਿਬ ਵਿਚੋਂ ਰੋਜ਼ ਲੈ ਕੇ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਨੂੰ ਸੰਗਤਾਂ ਵਲੋਂ ਅੰਮ੍ਰਿਤ ਵੇਲੇ ਅਤੇ ਬਾਅਦ ਦੁਪਹਿਰ ਬਾਕਾਇਦਾ ਇਸ਼ਨਾਨ ਕਰਵਾਇਆ ਜਾਂਦਾ ਹੈ। ਇਹੀ ਕਾਰਨ ਹੈ ਕਿ ਇਤਨੇ ਵਡੇ ਕੰਪਲੈਕਸ ਵਿਚ ਇਕ ਕਣ ਭਰ ਵੀ ਮਿਟੀ ਦਾ ਕਿਧਰੇ ਨਜ਼ਰ ਨਹੀਂ ਆਉਂਦਾ। (ਹਵਾਲਾ ਟ੍ਰਿਬਿਊਨ 21.11.1998)

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥ ਅੰਗ-457

.38.

ਹੀਥਰੋ ਹਵਾਈ ਅੱਡੇ ਦੀ ਗੋਰੀ ਕਰਮਚਾਰੀ ਜੀਨ ਦਾ ਹਰਿਮੰਦਰ ਪ੍ਰਤੀ ਸਤਿਕਾਰ

ਜਦ ਕੋਈ ਵਿਦੇਸ਼ੀ ਯਾਤਰੂ ਗੋਲਡਨ ਟੈਂਪਲ ਦੇ ਦਰਸ਼ਨ ਕਰ ਕੇ ਵਾਪਸ ਆਪਣੇ ਦੇਸ਼ ਜਾਂਦਾ ਹੈ ਤਾਂ ਉੱਥੇ ਜੇਕਰ ਉਸ ਨੂੰ ਕੋਈ ਪੱਗੜੀ ਦਾਹੜੀ ਵਾਲਾ ਸਰਦਾਰ ਮਿਲਦਾ ਹੈ ਤਾਂ ਉਹ ਉਸ ਨੂੰ ਆਮ ਕਰਕੇ ਹੈਲੋ ਸਿੰਘ ਕਹਿ ਕੇ ਬੁਲਾਂਦਾ ਹੈ ਤੇ ਫਿਰ ਤੁਰਦਾ ਤੁਰਦਾ ਆਪਣੀ ਦਰਬਾਰ ਸਾਹਿਬ ਦੀ ਫੇਰੀ ਬਾਰੇ ਦੋ ਚਾਰ ਸ਼ਬਦ ਜ਼ਰੂਰ ਕਹਿ ਜਾਂਦਾ ਹੈ ਜਿਵੇਂ Singh your Golden Temple wonderful' 'Really majestic' 'Gracious', 'God's abode etc etc'. ਭਾਵ ਇਹ ਹੈ ਕਿ ਤੁਹਾਡਾ ਗੋਲਡਨ ਟੈਂਪਲ ਕਮਾਲ ਦਾ ਸਥਾਨ ਹੈ, ਸ਼ਹਾਨਾ ਹੈ, ਪਵਿੱਤਰ ਹੈ, ਬੇਹਤਰੀਨ ਹੈ ਅਤੇ ਪ੍ਰਮਾਤਮਾ ਦਾ ਘਰ ਹੈ। ਇਸੇ ਸਿਲਸਲੇ ਵਿਚ ਮੈਂ ਅਗਸਤ 1983 ਦੀ ਇਕ ਘਟਨਾ ਦਾ ਸੰਖੇਪ ਜਿਹਾ ਵਰਣਨ ਕਰਨਾ ਚਾਹੁੰਦਾ ਹਾਂ। ਮੈਂ ਲੰਡਨ ਦੀ ਹੀਥਰੋ ਏਅਰ ਪੋਰਟ ਤੋਂ ਭਾਰਤ ਆਉਣ ਲਈ ਆਪਣਾ ਸਾਮਾਨ ਕਾਊਂਟਰ ਤੇ ਬੈਠੀ ਗੋਰੀ ਲੜਕੀ ਜਿਸ ਦੀ ਵਰਦੀ ਤੇ ਜੀਨ ਨਾਂ ਦਾ ਟੈਗ ਟੰਗਿਆ ਹੋਇਆ ਸੀ, ਨੂੰ ਸੌਂਪ ਰਿਹਾ ਸੀ ਤਾਂ ਉਸ ਨੇ ਮੈਨੂੰ ਪੁਛਿਆ ਕਿ ਮੈਂ ਕਿਥੇ ਜਾ ਰਿਹਾ ਹਾਂ। ਮੈਂ ਬੋਲਿਆ ਭਾਰਤ ਜਾ ਰਿਹਾ ਹਾਂ ਤੇ ਅੰਮ੍ਰਿਤਸਰ ਲੈਂਡ ਕਰਾਂਗਾ। ਮੇਰੇ ਇਤਨਾ ਕੁਝ ਕਹਿਣ ਤੇ ਹੀ ਉਹ ਇਕ ਦਮ ਚੌਂਕ ਕੇ ਬੋਲੀ 'ਉਹ ਅੰਮ੍ਰਿਤਸਰ ਜਿਥੇ ਗੋਲਡਨ ਟੈਂਪਲ ਹੈ?' ਮੈਂ ਕਿਹਾ 'ਹਾਂ'। ਉਸ ਫਿਰ ਕਿਹਾ ਕਿਤਨਾ ਪਵਿੱਤਰ ਸਥਾਨ ਹੈ, ਯਾਦ ਕਰਦਿਆਂ ਹੀ ਮਨ ਵਿਚ ਸ਼ਾਂਤੀ ਆ ਜਾਂਦੀ ਹੈ। ਉਸ ਪੁਨੀਤ ਸਥਾਨ ਤੇ ਜਾ ਕੇ ਸਿੰਘ ਮੇਰਾ ਵੀ ਸਤਿਕਾਰ ਪ੍ਰਗਟ ਕਰੀਂ। ਮੈਂ ਕਿਹਾ ਜ਼ਰੂਰ, ਜ਼ਰੂਰ ਕਿਉਂ ਨਹੀਂ। ਲਗਦਾ ਸੀ ਮੇਰੇ ਵਲੋਂ ਇਤਨਾ ਸੰਖੇਪ ਜਿਹਾ ਉੱਤਰ ਸੁਣ ਕੇ ਉਸ ਦੀ ਤਸੱਲੀ ਨਹੀਂ ਸੀ ਹੋਈ। ਉਸ ਅੰਦਰ ਹਰਿਮੰਦਰ ਸਾਹਿਬ ਪ੍ਰਤੀ ਵਡੀ ਸ਼ਰਧਾ ਉਸ ਨੂੰ ਹੋਰ ਕੁਝ ਕਹਿਣ ਨੂੰ ਜਿਵੇਂ ਪ੍ਰੇਰਤ ਕਰ ਰਹੀ ਹੋਵੇ। ਕਾਊਂਟਰ ਤੇ ਮੇਰੇ ਤੋਂ ਇਲਾਵਾ ਹੋਰ ਪੈਸੰਜਰ ਵੀ ਕੋਈ ਨਹੀਂ ਸੀ ਇਸ ਲਈ ਜੀਨ ਨੇ ਮੇਰੇ ਨਾਲ ਕੁਝ ਹੋਰ ਗੱਲਾਂ ਕਰਨੀਆਂ ਬੇਲੋੜੀਆਂ ਨਾ ਸਮਝੀਆਂ। ਹਰਿਮੰਦਰ ਬਾਰੇ ਗਲ ਹੋਰ ਅੱਗੇ ਤੋਰਦਿਆਂ ਹੋਇਆਂ ਉਸਨੇ ਕਿਹਾ ਕਿ ਉਹ ਆਪਣੀ ਹਰਿਮੰਦਰ ਫੇਰੀ ਨੂੰ ਕਦੇ ਨਹੀਂ ਭੁਲ ਸਕਦੀ ਕਿਉਂਕਿ ਉਸ ਦੇ ਵਿਚਾਰਾਂ ਅਨੁਸਾਰ ਆਤਮਿਕ ਖੇੜੇ ਦੇ ਅਭਿਲਾਸ਼ੀਆਂ ਲਈ ਉਹ ਅਸਥਾਨ ਦੁਨੀਆ ਤੇ ਸਵਰਗ ਹੈ। ਜਿਤਨੀ ਵਧ ਨੀਝ ਨਾਲ ਤੁਸੀਂ

ਇਸ ਬਾਰੇ ਹੋਰ ਜਾਣੋ ਉਤਨੇ ਹੀ ਵਧ ਤੁਸੀਂ ਇਸ ਵਿਚ ਗੜੂੰਦ ਹੋ ਕੇ ਆਨੰਦ ਮਾਣਦੇ ਹੋ। ਮੈਂ ਤਾਂ ਹਰਿਮੰਦਰ ਵਿਚ ਦੋ ਹੀ ਗੱਲਾਂ ਦੇਖੀਆਂ ਹਨ ਜਿਨ੍ਹਾਂ ਨੂੰ ਕਦੇ ਵੀ ਭੁਲ ਨਹੀਂ ਸਕਦੀ। ਪਹਿਲੀ ਤਾਂ ਹੈ ਹਰ ਪਾਸੇ ਰੱਬ ਦੀ ਸ਼ਾਨ ਵਿਚ ਬਾਣੀ ਦਾ ਗਾਇਨ ਅਤੇ ਦੂਜੀ ਹੈ ਰੱਬ ਦੇ ਘਰ ਦੀ ਤੇ ਉਸ ਦੇ ਮਨੁੱਖਾਂ ਦੀ ਨਿਸ਼ਕਾਮ ਸੇਵਾ। ਕਿਤਨੇ ਚਾਅ ਨਾਲ ਪ੍ਰਕਰਮਾ ਦੀ ਸਫਾਈ ਕੀਤੀ ਜਾ ਰਹੀ ਹੁੰਦੀ ਹੈ ਅਤੇ ਹਰ ਥਾਂ ਠੰਡੇ ਜਲ ਦੀਆਂ ਛਬੀਲਾਂ ਹਨ। ਭੁੱਖ ਲਗੇ ਤਾਂ ਲੰਗਰ ਵਿਚ ਜਦੋਂ ਚਾਹੋ ਪਰਸ਼ਾਦਾ ਛਕ ਆਓ ਬਿਨਾਂ ਜੇਬ੍ਹ ਨੂੰ ਹੱਥ ਲਾਇਆਂ। ਕਿਆ ਕਮਾਲ ਦੇ ਰਵਾਜ ਹਨ ਉੱਥੇ ਜਿਥੇ ਪਾਣੀ ਮੁਫਤ, ਚਾਹ ਮੁਫਤ, ਖਾਣਾ ਮੁਫਤ, ਰਿਹਾਇਸ਼ ਮੁਫਤ ਤੇ ਉਹ ਵੀ ਬਿਨਾਂ ਭੇਦ ਭਾਵ ਤੋਂ। ਨਾ ਕੁਝ ਦੇਣ ਵਾਲੇ ਵਿਚ ਦੂਰੀ ਨਾ ਕੁਝ ਲੈਣ ਵਾਲੇ ਵਿਚ ਝਾਕਾ। ਇਵੇਂ ਲਗਦਾ ਹੈ ਜਿਵੇਂ ਪਿਓ ਦੇ ਘਰ ਵਿਚ ਰਹਿੰਦੇ ਜਾਂ ਫਿਰਦੇ ਹੋਈਏ। ਜੀਨ ਨੇ ਅਜਿਹੇ ਸ਼ਬਦਾਂ ਨਾਲ ਹਰਿਮੰਦਰ ਨੂੰ ਯਾਦ ਕੀਤਾ, ਸਤਿਕਾਰ ਕੀਤਾ ਤੇ ਮੈਨੂੰ ਨਿਹਾਲ ਕੀਤਾ ਅਤੇ ਆਪ ਹਲਕੀ ਫੁਲਕੀ ਜਹੀ ਹੋ ਗਈ।

ਇਸ ਦੌਰਾਨ ਮੇਰੇ ਮਿੱਤਰ ਮੇਰਾ ਸਾਮਾਨ ਬੈੱਲਟ ਤੇ ਰਖ ਚੁਕੇ ਸਨ। ਜਦੋਂ ਜੀਨ ਨੇ ਗੱਲਾਂ ਤੋਂ ਥੋੜ੍ਹਾ ਧਿਆਨ ਹਟਾ ਕੇ ਕੰਪਿਊਟਰ ਵਲ ਦੇਖਿਆ ਤਾਂ ਮੇਰਾ ਸਾਮਾਨ ਨਿਰਧਾਰਤ ਵਜ਼ਨ ਤੋਂ ਅੱਠ ਕਿਲੋ ਜ਼ਿਆਦਾ ਸੀ। ਇਹ ਦੇਖ ਕੇ ਉਹ ਮੁਸਕਰਾ ਪਈ ਤੇ ਕਹਿਣ ਲੱਗੀ ਕੋਈ ਗਲ ਨਹੀਂ ਸਿੰਘ, ਤੂੰ ਪਵਿੱਤਰ ਅਸਥਾਨ ਤੇ ਜਾ ਰਿਹਾ ਏਂ, ਇਸ ਲਈ ਮੈਂ ਇਸ ਵਾਧੂ ਸਾਮਾਨ ਲਈ ਤੇਰੇ ਕੋਲੋਂ ਕੁਝ ਵੀ ਵਾਧੂ ਚਾਰਜ ਨਹੀਂ ਕਰਾਂਗੀ। ਉਸ ਦੀ ਇਸ ਗਲ ਤੋਂ ਮੈਨੂੰ ਹਰਿਮੰਦਰ ਸਾਹਿਬ ਬਾਰੇ ਇਕ ਗ਼ੈਰ-ਸਿੱਖ ਯਾਤਰੂ ਲੜਕੀ ਦੇ ਮਨ ਵਿਚ ਜੋ ਭਾਵਨਾ ਸੀ, ਉਸ ਦੇ ਹੋਰ ਲਾਜਵਾਬ ਦਰਸ਼ਨ ਹੋਏ ਅਤੇ ਮੇਰੇ ਕਹਿਣ ਦੇ ਬਾਵਜੂਦ ਵੀ ਉਸ ਨੇ ਵਾਧੂ ਭਾਰ ਦਾ ਕਿਰਾਇਆ ਇਹ ਕਹਿ ਕੇ ਚਾਰਜ ਨਾ ਕੀਤਾ ਕਿ ਇਤਨਾ ਕੁਝ ਛੱਡ ਦੇਣਾ ਉਸ ਦੇ ਇਖਤਿਆਰਾਂ ਵਿਚ ਹੈ।ਉਸ ਦੇ ਹਰਿਮੰਦਰ ਸਾਹਿਬ ਪ੍ਰਤੀ ਵਿਚਾਰਾਂ ਲਈ ਤੇ ਮੈਨੂੰ ਕੀਤੀ ਰਿਆਇਤ ਲਈ ਮੈਂ ਉਸ ਦਾ ਦਿਲੋਂ ਧੰਨਵਾਦ ਕੀਤਾ। ਸਾਡੇ ਵਿਛੜਨ ਤੇ ਮੈਂ ਮਹਿਸੂਸ ਕੀਤਾ ਕਿ ਜੀਨ ਸ਼ਬਦਾਂ ਰਾਹੀਂ ਆਪਣਾ ਸਤਿਕਾਰ ਅਰਪਤ ਕਰਕੇ ਹਰਿਮੰਦਰ ਸਾਹਿਬ ਦੇ ਦਰਸ਼ਨ ਹੁਣੇ ਹੀ ਕਰ ਚੁਕੀ ਹੈ ਅਤੇ ਮੈਂ ਅਗਲੇ 12 ਘੰਟਿਆਂ ਮਗਰੋਂ ਦਰਬਾਰ ਸਾਹਿਬ ਪਹੁੰਚ ਕੇ ਸਾਖਿਆਤ ਦਰਸ਼ਨਾਂ ਦੀ ਤਾਂਘ ਵਿਚ ਬੇਬਲ ਹੋ ਗਿਆ। ਜਦ ਦਰਬਾਰ ਸਾਹਿਬ ਪਹੁੰਚਿਆ ਤਾਂ ਸਚ ਮੁਚ ਇਵੇਂ ਲੱਗਾ ਜਿਵੇਂ ਸਚਖੰਡ ਦਾ ਨਜ਼ਾਰਾ ਵੇਖ ਰਿਹਾ ਹੋਵਾਂ। ਜੀਨ ਦੀਆਂ ਗੱਲਾਂ ਵਿਚਲੀ ਸ਼ਰਧਾ ਨੇ ਮੇਰੇ ਅੰਦਰ ਹਰਿਮੰਦਰ ਦੀ ਸ਼ਾਨ ਨੂੰ ਸਵਾਇਆ ਕਰ ਦਿੱਤਾ। ਜਦ ਮੈਂ ਪਵਿੱਤਰ ਹਰਿਮੰਦਰ ਵਿਚ ਜਾ ਕੇ ਮੱਥਾ ਟੇਕਿਆ ਤਾਂ ਮੈਨੂੰ ਲਗਿਆ ਕਿ ਜਿਵੇਂ ਜੀਨ ਮੇਰੇ ਤੋਂ ਵੀ ਅੱਗੇ ਉੱਥੇ ਆਪਣਾ ਸਤਿਕਾਰ ਅਰਪਤ ਕਰ ਰਹੀ ਹੈ।

ਉਕਤ ਘਟਨਾ ਤੋਂ ਇਹ ਗਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗੋਲਡਨ ਟੈਂਪਲ ਦੇ ਦਰਸ਼ਨ ਦੀਦਾਰਿਆਂ ਦੀ ਯਾਦ ਤੇ ਸਤਿਕਾਰੀ ਭਾਵਨਾ ਹਰ ਜ਼ਿਆਰਤ ਕਰਨ ਵਾਲੇ ਦੇ ਮਨ ਮੰਦਰ ਵਿਚ ਸਦਾ ਸਦਾ ਲਈ ਸ਼ਕਤੀਸ਼ਾਲੀ ਰੂਪ ਵਿਚ ਅਵੱਸ਼ ਹੀ ਜੀਵਤ ਰਹਿੰਦੀ ਹੈ, ਜਿਹੜੀ ਯੋਗ ਮੌਕਾ ਮਿਲਣ ਤੇ ਪਰਚੰਡ ਹੋ ਕੇ ਕਰਾਮਾਤੀ ਅਸਰ ਪੈਦਾ ਕਰਨ ਵਿਚ ਕਸਰ ਨਹੀਂ ਛਡਦੀ। ਹਰਿਮੰਦਰ ਸਾਹਿਬ ਬਾਰੇ ਅਤੇ ਗੁਰਸਿੱਖੀ ਬਾਰੇ ਸਾਹਿਤ ਮੁਫਤ ਰੂਪ ਵਿਚ ਵੱਡੀ ਮਾਤਰਾ ਵਿਚ ਵੰਡਣ ਨਾਲ ਅਸੀਂ ਇਸ ਸਤਿਕਾਰੀ ਭਾਵਨਾ ਨੂੰ ਅਵੱਸ਼ ਹੀ ਲੋੜੀਂਦੀ ਸ਼ਕਤੀ ਪ੍ਰਦਾਨ ਕਰ ਸਕਦੇ ਹਾਂ। ਇਸ ਗਲ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਸ 'ਹਰਿਮੰਦਰ ਦਰਸ਼ਨ' ਪੁਸਤਕ ਨੂੰ ਅਸੀਂ ਅਲੱਗ-ਸ਼ਬਦ-ਯੱਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ ਲੁਧਿਆਣਾ 141010 ਵਲੋਂ ਪੰਜਾਬੀ ਦੇ ਨਾਲ ਨਾਲ ਹਿੰਦੀ ਤੇ ਅੰਗਰੇਜ਼ੀ ਵਿਚ ਵੀ ਲਿਖ ਦਿੱਤਾ ਹੈ ਅਤੇ ਜੇਕਰ ਦਾਨੀ ਸੰਗਤਾਂ ਅੱਗੇ ਵਧ ਕੇ ਮਦਦ ਕਰਨ ਤਾਂ ਇਨ੍ਹਾਂ ਤਿੰਨਾਂ ਭਾਸ਼ਾਵਾਂ ਵਿਚ ਹਰਿਮੰਦਰ ਦੀ ਮਹਿਮਾ ਦਰਸਾਉਂਦੀਆਂ ਪੁਸਤਕਾਂ ਇਸੇ ਸ਼ਬਦ ਯੱਗ ਵਲੋਂ ਹੀ ਬਹੁਤ ਹੀ ਖੂਬਸੂਰਤ ਰੂਪ ਵਿਚ ਵੱਡੀ ਗਿਣਤੀ ਵਿਚ ਛਪਵਾ ਕੇ ਪੂਰੀ ਖੁਲ੍ਹ-ਦਿਲੀ ਨਾਲ ਵੰਡੀਆਂ ਜਾ ਸਕਦੀਆਂ ਹਨ ਜੋ ਹੁਣ ਵੀ ਵੰਡੀਆਂ ਜਾ ਰਹੀਆਂ ਹਨ। ਹਰਿਮੰਦਰ ਸਾਹਿਬ ਨਾਲ ਸਬੰਧਤ ਇਨ੍ਹਾਂ ਅਦੁੱਤੀ ਪੁਸਤਕਾਂ ਦੀ ਭਰਪੂਰ ਮੰਗ ਨੂੰ ਦੇਖਦਿਆਂ ਹੋਇਆਂ ਅਸੀਂ ਇਨ੍ਹਾਂ ਵਿੱਚੋਂ ਕੁਝ ਸਮੱਗਰੀ ਕੱਢ ਕੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਪੇਪਰ ਬੈਕ ਵਿੱਚ ਦੋ ਪੁਸਤਕਾਂ ਹੋਰ ਤਿਆਰ ਕੀਤੀਆਂ ਹਨ ਜਿਨ੍ਹਾਂ ਦਾ ਨਾਂ 'ਹਰਿਮੰਦਰ ਸ਼ੋਭਾ' ਅਤੇ The Realm of Harmandar ਹੈ ਤਾਂ ਜੋ ਟਰੱਸਟ ਦੇ ਸੀਮਤ ਮਾਇਕ ਸਾਧਨਾਂ ਨੂੰ ਦੇਖਦਿਆਂ ਹੋਇਆਂ ਵਧ ਤੋਂ ਵਧ ਇਸ ਜਾਣਕਾਰੀ ਨੂੰ ਵਧ ਤੋਂ ਵਧ ਹੱਥਾਂ ਵਿੱਚ ਪਹੁੰਚਾਇਆ ਜਾ ਸਕੇ।

ਸਿੱਖ ਸੰਗਤਾਂ ਵਰਗਾ ਦਾਨੀ ਕੋਈ ਨਹੀਂ, ਜੇ ਉਹ ਹਰਿਮੰਦਰ ਸਾਹਿਬ ਤੇ ਬੇਹਿਸਾਬਾ ਸੋਨਾ ਚੜ੍ਹਾ ਸਕਦੀਆਂ ਹਨ ਤਾਂ ਉਹ ਇਸ ਦੀ ਸ਼ਾਨ ਨੂੰ ਦੁਬਾਲਾ ਕਰਨ ਵਾਲਾ ਗੁਰਮਤਿ ਸਾਹਿਤ ਛਾਪ ਕੇ ਵੀ ਘਰ ਘਰ ਵੰਡਣ ਲਈ ਸਾਨੂੰ ਆਪਣਾ ਸਹਿਯੋਗ ਖੁਸ਼ੀ ਨਾਲ ਦੇ ਕੇ ਹਰਿਮੰਦਰ ਸਾਹਿਬ ਦੀਆਂ ਹੋਰ ਵਧ ਮਿਹਰਾਂ ਦੀਆਂ ਪਾਤਰ ਬਣ ਸਕਦੀਆਂ ਹਨ।

ਆਓ ਸਾਰੇ ਰਲ ਕੇ ਹਰਿਮੰਦਰ ਦੀ ਅਦੁੱਤੀ ਸ਼ਾਨ ਨਾਲ ਆਪਣੀ ਸਾਂਝ ਪਾਈਏ। ਸਾਡੇ ਵਲੋਂ ਅਜਿਹਾ ਕਰਨਾ ਹਰ ਲਿਹਾਜ਼ ਨਾਲ ਮਾਨਵਤਾ ਦੇ ਹਿਤ ਵਿਚ ਹੋਵੇਗਾ ਜਿਸ ਦੇ ਲਾਭ ਹੀ ਲਾਭ ਹਨ।

ਏਦੂ ਉਪਰਿ ਕਰਮ ਨਹੀ॥

.39.

ਦੀਵਾਲੀ ਦੀ ਰਾਤ ਦੀਵੇ ਬਾਲੀਅਨਿ

ਹਰਿਮੰਦਰ ਸਾਹਿਬ ਵਿਖੇ ਬੰਦੀ-ਛੋੜ-ਦਿਵਸ, ਦੀਵਾਲੀ

ਦਾਲ ਰੋਟੀ ਘਰ ਦੀ ਤੇ ਦੀਵਾਲੀ ਅੰਮ੍ਰਿਤਸਰ ਦੀ। ਇਹ ਪੰਜਾਬੀਆਂ ਦੀ ਹਰਿਮੰਦਰ ਸਾਹਿਬ ਦੀ ਦੀਵਾਲੀ ਸਬੰਧੀ ਪ੍ਰਸਿੱਧ ਕਹਾਵਤ ਹੈ ਕਿਉਂਕਿ ਸਦੀਆਂ ਤੋਂ ਸਿੱਖ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਤੇ ਵਿਸਾਖੀ ਦੇ ਤਹਿਵਾਰਾਂ ਨੂੰ ਬੜੇ ਚਾਅ ਅਤੇ ਹੁਬ ਨਾਲ ਮਨਾਉਂਦੇ ਆ ਰਹੇ ਹਨ। ਗੁਰੂ ਅਰਜਨ ਦੇਵ ਜੀ ਨੇ ਜਦ ਹਰਿਮੰਦਰ ਸਾਹਿਬ ਦੀ ਸਿਰਜਨਾ ਅਤੇ ਅੰਮ੍ਰਿਤਸਰ ਸ਼ਹਿਰ ਦੀ ਉਨਤੀ ਕੀਤੀ ਤਾਂ ਸਿੱਖਾਂ ਨੂੰ ਇਸ ਅਸਥਾਨ ਨਾਲ ਬੜਾ ਡੂੰਘਾ ਲਗਾਓ ਜਿਹਾ ਹੋਣਾ ਸ਼ੁਰੂ ਹੋ ਗਿਆ। ਉਹ ਖਾਸ ਖਾਸ ਅਵਸਰਾਂ ਤੇ ਇੱਥੇ ਇਕੱਤਰ ਹੁੰਦੇ, ਗੁਰੂ ਸਾਹਿਬ ਦੇ ਦਰਸ਼ਨਾਂ ਤੇ ਉਪਦੇਸ਼ਾਂ ਦਾ ਆਨੰਦ ਮਾਣਦੇ, ਆਪਣੀਆਂ ਭੇਟਾਵਾਂ ਖੁਦ ਲੰਗਰ ਪੰਗਤ ਤੇ ਹੋਰ ਵਿਕਾਸ ਦੇ ਚਲਦੇ ਕਾਰਜਾਂ ਲਈ ਦੇ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ। ਹਰਿਮੰਦਰ ਸਾਹਿਬ ਦੇ ਰਜ ਰਜ ਕੇ ਦਰਸ਼ਨ ਕਰਦੇ, ਸਰੋਵਰ ਸਾਹਿਬ ਵਿਚ ਇਸ਼ਨਾਨ ਕਰਦੇ ਅਤੇ ਕੀਰਤਨ ਦਾ ਭਰਵਾਂ ਆਨੰਦ ਮਾਣਦੇ, ਸੇਵਾ ਵਿਚ ਜੁੜਦੇ ਤੇ ਇਵੇਂ ਜਿਤਨੇ ਦਿਨ ਇਸ ਪਵਿੱਤਰ ਤੀਰਥ ਤੇ ਰਹਿੰਦੇ ਇਕ ਨਵੀਂ ਰੌਣਕ ਵਿਚ ਵਿਚਰਦੇ, ਭਰਾਤਰੀ ਭਾਵ ਨੂੰ ਉਜਾਗਰ ਕਰਦੇ, ਜਥੇਬੰਦੀ ਨੂੰ ਸ਼ਕਤੀ ਪ੍ਰਦਾਨ ਕਰਦੇ ਤੇ ਇਵੇਂ ਕੌਮੀ ਭਾਵਨਾਵਾਂ ਨੂੰ ਬਲ ਮਿਲਦਾ।

ਦੀਵਾਲੀ ਵਾਲੇ ਦਿਨ ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਈ ਪਿਛੋਂ ਹਰਿਮੰਦਰ ਸਾਹਿਬ ਪਹੁੰਚਣ ਤੇ ਦੀਵਾਲੀ (ਜਿਸ ਨੂੰ ਨਾਨਕਸ਼ਾਹੀ ਕਲੰਡਰ ਲਾਗੂ ਹੋਣ ਤੇ ਬੰਦੀ-ਛੋੜ-ਦਿਵਸ ਕਿਹਾ ਜਾਣ ਲਗ ਪਿਆ ਹੈ) ਦਾ ਇਹ ਤਹਿਵਾਰ ਸਿੱਖਾਂ ਲਈ ਇਕ ਵਿਸ਼ੇਸ਼ ਧਾਰਮਿਕ, ਸਮਾਜਿਕ, ਸੱਭਿਆਚਾਰਕ ਤੇ ਇਤਿਹਾਸਕ ਤਿਓਹਾਰ ਬਣ ਗਿਆ। ਪ੍ਰਾਰੰਭਕ ਸਮੇਂ ਤੋਂ ਹੀ ਇਸ ਦਿਨ ਨੂੰ ਸਮੂਹਕ ਰੂਪ ਵਿਚ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਦੀ ਸੁਹਜਤਾ ਤੇ ਸਵੱਛਤਾ ਵਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲਗ ਪਿਆ ਅਤੇ ਸਿੱਖ ਚਾਈਂ ਚਾਈਂ ਦੀਵਾਲੀ ਵਾਲੀ ਰਾਤ ਨੂੰ ਸਮੁੱਚੇ ਹਰਿਮੰਦਰ ਪ੍ਰੀਸਰ (ਕੰਪਲੈਕਸ) ਨੂੰ ਅੱਖਾਂ ਨੂੰ ਲੁਭਾਉਣ ਵਾਲੀ ਦੀਪ ਮਾਲਾ ਨਾਲ ਜਗਮਗਾਉਣ ਲਗ ਪਏ। ਇਹ ਸਮੁੱਚਾ ਦ੍ਰਿਸ਼ ਇਤਨਾ ਮਨ ਮੋਹਣਾ ਜਾਪਦਾ ਕਿ ਅੱਖਾਂ ਇਸ ਨੂੰ ਦੇਖਦਿਆਂ ਥਕਦੀਆਂ ਨਾ। ਸਮਾਂ ਪਾ ਕੇ ਦੀਪਮਾਲਾ ਵਾਲੀ

ਰਾਤ ਨੂੰ ਇੱਥੇ ਆਤਸ਼ਬਾਜ਼ੀ ਵੀ ਹੋਣ ਲੱਗ ਪਈ। ਦੂਰ ਦੂਰ ਤੋਂ ਮਾਹਿਰ ਆਤਸ਼ਬਾਜ਼ ਹਰਿਮੰਦਰ ਸਾਹਿਬ ਆ ਕੇ ਆਪਣੇ ਆਤਸ਼ਬਾਜ਼ੀ ਦੇ ਜੌਹਰ ਦਖਾਂਦੇ ਤੇ ਪ੍ਰਬੰਧਕਾਂ ਤੇ ਸੰਗਤਾਂ ਤੋਂ ਬੇਅੰਤ ਦੌਲਤਾਂ ਪ੍ਰਾਪਤ ਕਰ ਕੇ ਆਪਣਾ ਸਾਲ ਭਰ ਦਾ ਨਿਰਬਾਅ ਕਰਨ ਜੋਗੇ ਹੋ ਜਾਂਦੇ। ਇਸ ਅਵਸਰ ਨੂੰ ਵਪਾਰਕ ਤੌਰ ਤੇ ਵੀ ਮਹੱਤਵਪੂਰਣ ਬਣਾਣ ਲਈ ਵੱਖ ਵੱਖ ਡੰਗਰਾਂ ਦੀਆਂ ਮੰਡੀਆਂ ਲੱਗਦੀਆਂ। ਕਿਧਰੇ ਘੋੜੇ ਵਿਕ ਰਹੇ ਹੁੰਦੇ ਤੇ ਕਿਧਰੇ ਬਲਦ ਤੇ ਮੇਸਾਂ ਆਦਿ। ਇਸ ਤਰ੍ਹਾਂ ਦੀਵਾਲੀ ਤੇ ਹਰ ਪਾਸੇ ਰੌਣਕ ਹੁੰਦੀ। ਖਾਣ ਪੀਣ ਵਾਲੀਆਂ ਚੀਜ਼ਾਂ ਦੇ ਵੀ ਨਵੇਂ ਬਜ਼ਾਰ ਸਜਦੇ ਤੇ ਇਵੇਂ ਇਕੋ ਹੀ ਤਹਿਵਾਰ ਤੇ ਕੀਤੀ ਯਾਤਰਾ ਸਮੇਂ ਯਾਤਰੂ ਨਾਲੇ ਤਾਂ ਹਰਿਮੰਦਰ ਸਾਹਿਬ ਦੀ ਅਲੌਕਿਕ ਦੀਵਾਲੀ ਦਾ ਆਨੰਦ ਮਾਣਦੇ, ਆਪਣੇ ਬੱਚਿਆਂ ਦੀਆਂ ਸੁਖਾਂ ਪੂਰੀਆਂ ਕਰ ਜਾਂਦੇ ਅਤੇ ਜਾਣ ਲਗਿਆਂ ਆਪਣੀ ਲੋੜ ਦਾ ਮਾਲ ਅਸਬਾਬ ਜਾਂ ਡੰਗਰ ਲਵੇਰਾ ਵੀ ਲੈ ਦੇ ਜਾਂਦੇ। ਜਦ 1634 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਨੂੰ ਛੱਡ ਕੇ ਕੀਰਤਪੁਰ ਸਾਹਿਬ ਜਾ ਵਸੇ ਤਾਂ ਕੁਝ ਦੇਰ ਲਈ ਦਰਬਾਰ ਸਾਹਿਬ ਦੀ ਦੀਵਾਲੀ ਦਾ ਰੰਗ ਫਿਕਾ ਪੈ ਗਿਆ ਪਰ 1651 ਈ. ਦੀ ਦੀਵਾਲੀ ਤੇ ਸਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਦੀਵਾਲੀ ਮਨਾਉਣ ਹਰਿਮੰਦਰ ਸਾਹਿਬ ਪਧਾਰੇ ਤੇ ਉਸ ਸਾਲ ਉੱਥੇ ਦੀਵਾਲੀ ਦੀ ਰੌਣਕ ਅਸਲੋਂ ਹੀ ਨਿਰਾਲੀ ਸੀ।

ਮੁਗ਼ਲ ਰਾਜੇ ਜਦ ਸਿੱਖਾਂ ਦੀਆਂ ਵਧਦੀਆਂ ਸਰਗਰਮੀਆਂ ਤੋਂ ਤੰਗ ਆ ਜਾਂਦੇ ਤਾਂ ਉਹ ਹਰਿਮੰਦਰ ਸਾਹਿਬ ਦੇ ਆਸ ਪਾਸ ਭਾਰੀ ਪਹਿਰਾ ਲਗਾ ਦੇਂਦੇ ਅਤੇ ਆਏ ਗਏ ਸਿੱਖਾਂ ਨੂੰ ਤੰਗ ਕਰਦੇ, ਮਾਰਦੇ ਅਤੇ ਉਨ੍ਹਾਂ ਦਾ ਜੋ ਵੀ ਨੁਕਸਾਨ ਕਰ ਸਕਦੇ ਸਨ, ਕਰਦੇ। ਪਰ ਫਿਰ ਵੀ ਸਿੱਖ ਦਰਬਾਰ ਸਾਹਿਬ ਆਉਣੋਂ ਨਾ ਹਟਦੇ। ਸਿੱਖਾਂ ਨੂੰ ਖਤਮ ਕਰਨ ਦੀ ਚਾਲ ਵਜੋਂ ਹੀ ਇਕ ਵਾਰੀ 1734 ਈ. ਨੂੰ ਭਾਈ ਮਨੀ ਸਿੰਘ ਨੂੰ ਪੰਜਾਬ ਦੇ ਗਵਰਨਰ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਇਕ ਸਥਾਨਕ ਅਧਿਕਾਰੀ ਕਾਜ਼ੀ ਅਬਦੁਲ ਰਜ਼ਾਕ ਦੇ ਕਹਿਣ ਤੇ ਦੀਵਾਲੀ ਦਾ ਮੇਲਾ ਦਰਬਾਰ ਸਾਹਿਬ ਵਿਖੇ ਲਗਾਉਣ ਦੀ ਖੁਲ੍ਹੀ ਆਗਿਆ ਦੇ ਦਿੱਤੀ ਅਤੇ ਇਹ ਵੀ ਸ਼ਰਤ ਰੱਖੀ ਕਿ ਗੁਰਦਵਾਰਾ ਪ੍ਰਬੰਧ ਵਲੋਂ ਮੇਲੇ ਦੇ ਨਜ਼ਾਮ ਲਈ ਅਤੇ ਹਾਲਾਤਾਂ ਨੂੰ ਠੀਕ ਠਾਕ ਰੱਖਣ ਵਾਸਤੇ ਇਕ ਲਖ ਰੁਪਿਆ ਸਰਕਾਰ ਨੂੰ ਦੇਣਾ ਪਵੇਗਾ। ਭਾਈ ਸਾਹਿਬ ਅਜਿਹਾ ਕਰਨਾ ਮੰਨ ਗਏ ਅਤੇ ਇਵੇਂ ਸਿੱਖ ਸੰਗਤਾਂ ਨੂੰ ਦੀਵਾਲੀ ਤੇ ਅੰਮ੍ਰਿਤਸਰ ਆਉਣ ਦਾ ਸੱਦਾ ਦਿੱਤਾ ਜਾਣ ਲੱਗ ਪਿਆ। ਉਧਰ ਮੁਗ਼ਲ ਹਾਕਮ ਖੁਸ਼ ਸਨ ਕਿ ਇਕੱਠੇ ਹੋਏ ਸਿੰਘਾਂ ਨੂੰ ਇੱਕੋ ਥਾਂ ਮਾਰ ਮੁਕਾਵਾਂਗੇ। ਉਨ੍ਹਾਂ ਦੀ ਇਸ ਮਾੜੀ ਨੀਅਤ ਦੀ ਭਾਈ ਸਾਹਿਬ ਨੂੰ ਕਿਸੇ

ਤਰੀਕੇ ਨਾਲ ਭਿਣਕ ਪੈ ਗਈ। ਉਹ ਨਹੀਂ ਸਨ ਚਾਹੁੰਦੇ ਕਿ ਕੋਈ ਖੂਨ ਖਰਾਬਾ ਹੋਵੇ, ਇਸ ਲਈ ਭਾਈ ਸਾਹਿਬ ਨੇ ਦੋਬਾਰਾ ਸੁਨੇਹੇ ਭੇਜ ਕੇ ਸਿੱਖ ਸੰਗਤਾਂ ਨੂੰ ਰੋਕ ਦਿੱਤਾ ਕਿ ਉਹ ਕਿਸੇ ਵੀ ਹਾਲਤ ਵਿਚ ਦੀਵਾਲੀ ਤੇ ਦਰਬਾਰ ਸਾਹਿਬ ਨਾ ਆਉਣ ਕਿਉਂਕਿ ਹਾਕਮਾਂ ਦੇ ਮਨਸੂਬੇ ਬਹੁਤ ਮਾੜੇ ਹਨ ਅਤੇ ਸਿੱਖ ਆਪਣੇ ਆਪ ਨੂੰ ਸੁਰਖਿਅਤ ਰਖਣ ਲਈ ਦੂਰ ਜੰਗਲਾਂ ਵਿਚ ਚਲੇ ਜਾਣ। ਭਾਈ ਸਾਹਿਬ ਦੇ ਸੰਦੇਸ਼ ਅਨੁਸਾਰ ਸੰਗਤਾਂ ਦੀਵਾਲੀ ਤੇ ਦਰਬਾਰ ਸਾਹਿਬ ਨਾ ਆਈਆਂ ਜਿਸ ਕਾਰਨ ਦੀਵਾਲੀ ਫਿਕੀ ਰਹੀ ਤੇ ਹਾਕਮਾਂ ਦੀ ਸਿੱਖਾਂ ਨੂੰ ਖਤਮ ਕਰਨ ਦੀ ਸਕੀਮ ਧਰੀ ਧਰਾਈ ਰਹਿ ਗਈ। ਫਿਰ ਵੀ ਉਹ ਬਾਜ਼ ਨਾ ਆਏ ਤੇ ਭਾਈ ਸਾਹਿਬ ਤੋਂ ਲਖ ਰੁਪਏ ਦੀ ਮੰਗ ਕੀਤੀ। ਉਨ੍ਹਾਂ ਸਪੱਸ਼ਟ ਤੌਰ ਤੇ ਕਿਹਾ ਕਿ ਤੁਹਾਡੇ ਮਾੜੇ ਇਰਾਦਿਆਂ ਕਾਰਨ ਸੰਗਤਾਂ ਨਹੀਂ ਆਈਆਂ ਜਿਸ ਕਰਕੇ ਚੜ੍ਹਾਵਾ ਨਹੀਂ ਚੜ੍ਹਿਆ, ਤੁਹਾਨੂੰ ਪ੍ਰਬੰਧ ਆਦਿ ਲਈ ਵਾਧੂ ਖਰਚਾ ਵੀ ਨਹੀਂ ਕਰਨਾ ਪਿਆ ਇਸ ਲਈ ਇਹ ਰੁਪਿਆ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਨੂੰ ਬਹੁਤ ਧਮਕੀਆਂ ਦਿੱਤੀਆਂ ਗਈਆਂ ਪਰ ਭਾਈ ਸਾਹਿਬ ਉੱਤੇ ਉਨ੍ਹਾਂ ਦਾ ਕੋਈ ਅਸਰ ਨਾ ਹੋਇਆ। ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲੈ ਜਾਇਆ ਗਿਆ ਅਤੇ ਆਖਰ ਤਾਨਾਸ਼ਾਹੀ ਹੁਕਮ ਮੁਤਾਬਕ 24 ਜੂਨ 1734 ਨੂੰ ਘੋੜਾ ਮੰਡੀ ਵਿਖੇ ਉਨ੍ਹਾਂ ਦੇ ਬੰਦ ਬੰਦ ਕਟ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸਾਹਿਬ ਨੇ ਵਾਹਿਗੁਰੂ ਦਾ ਨਾਮ ਜਪਦੇ ਜਪਦੇ ਇਤਨੇ ਤਸੀਹਾਂ ਭਰੀ ਸ਼ਹਾਦਤ ਕਬੂਲ ਕਰ ਲਈ ਪਰ ਜ਼ਾਲਮਾਂ ਦੀ ਈਨ ਨਾ ਮੰਨੀ। ਇਸ ਤਰ੍ਹਾਂ ਗੁਣੀ ਗਿਆਨੀ ਸੰਤ ਸੁਜਾਨ, ਜਤੀ ਸਤੀ ਸੰਤੋਖੀ, ਹਠੀ ਤਪੀ ਤੇ ਸਹਿਨਸ਼ੀਲ, ਕਰਮੀ ਧਰਮੀ ਭਗਤ ਅਤੇ ਦਿਲ ਦੇ ਸੂਰੇ ਹਰਿਮੰਦਰ ਸਾਹਿਬ ਦੇ ਇਕ ਸੁਘੜ ਗ੍ਰੰਥੀ ਭਾਈ ਮਨੀ ਸਿੰਘ ਜੀ ਨੇ ਹਰਿਮੰਦਰ ਸਾਹਿਬ ਤੋਂ ਸਰੀਰਕ ਸਤਾ, ਮਾਨਸਕ ਸ਼ਕਤੀ, ਧਾਰਮਿਕ ਦ੍ਰਿੜਤਾ ਅਤੇ ਆਤਮਿਕ ਬਲ ਪ੍ਰਾਪਤ ਕਰ ਕੇ ਗੁਰਾਂ ਦੇ ਦੱਸੇ ਮਾਰਗ ਤੇ ਚਲਦਿਆਂ ਜਾਮੇ ਸ਼ਹਾਦਤ ਪੀ ਕੇ ਸੁਚੀਆਂ ਸ਼ਹੀਦੀਆਂ ਤੇ ਇਕ ਵਾਰੀ ਫਿਰ ਨਵਾਂ ਰੰਗ ਚੜ੍ਹਾ ਦਿੱਤਾ ਅਤੇ ਦਰਬਾਰ ਸਾਹਿਬ ਦੀ ਦੀਵਾਲੀ ਮਨਾਉਣ ਦੀ ਪ੍ਰੰਪਰਾ ਵਿਚ ਸ਼ਹੀਦੀ ਦੀ ਵੀ ਜੋਤ ਜਗਾ ਦਿੱਤੀ ਜੋ ਅੱਜ ਤਕ ਆਪਣੀ ਪੂਰੀ ਆਬੋਤਾਬ ਨਾਲ ਹਰਿਮੰਦਰ ਪ੍ਰੀਸਰ ਨੂੰ ਪ੍ਰਕਾਸ਼ਮਾਨ ਕਰ ਰਹੀ ਹੈ। ਅੱਜ ਵੀ ਸ਼ਹੀਦੀਆਂ ਦੇ ਦੌਰ ਵਿਚੋਂ ਲੰਘਦਾ ਹਰਿਮੰਦਰ ਸਾਹਿਬ ਹਰ ਰੋਜ਼ ਅਤੇ ਦੀਵਾਲੀ ਦੀਆਂ ਰੌਸ਼ਨੀਆਂ ਵਿਚ ਵਿਸ਼ੇਸ਼ ਕਰਕੇ ਸਮੁੱਚੇ ਮਾਨਵ ਸਮਾਜ ਨੂੰ ਸੱਚ, ਸੁਹਪਣ ਤੇ ਸੁਗਮਤਾ ਦੇ ਪੈਗਾਮ ਦੇ ਰਿਹਾ ਹੈ ਅਤੇ ਸਦੀਵ ਕਾਲ ਤੱਕ ਦੇਂਦਾ ਹੀ ਰਹੇਗਾ ਤਾ ਕਿ ਮੂਲ ਸਰੋਤ ਤੋਂ ਭਟਕੀ ਮਾਨਵਤਾ ਇਕ ਵਾਰੀ ਫਿਰ ਆਪਣੇ ਕਰਤੇ ਨੂੰ ਪਛਾਣ ਕੇ ਉਸ ਨਾਲ ਜੁੜ ਕੇ ਆਤਮਿਕ ਆਨੰਦ ਮਾਣ ਸਕੇ।

ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਵਲੋਂ ਅੰਮ੍ਰਿਤਸਰ ਨੂੰ ਆਪਣੇ ਰਾਜ ਪ੍ਰਬੰਧ ਅਧੀਨ ਕਰਨ ਤਕ ਹਰਿਮੰਦਰ ਸਾਹਿਬ ਦੀ ਦੀਵਾਲੀ ਕਦੇ ਹਨੇਰੀ ਤੇ ਘੁਪ ਕਾਲੀ ਰਾਤ ਵਿਚ ਹੀ ਅਲੋਪ ਰਹਿੰਦੀ ਤੇ ਜਦ ਕਦੇ ਸਿੰਘਾਂ ਦਾ ਹੱਥ ਪੈਂਦਾ ਉਹ ਦੀਵਾਲੀ ਦੇ ਤਿਓਹਾਰ ਨੂੰ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਸ਼ਾਨ ਸ਼ੌਕਤ ਨਾਲ ਮਨਾਉਣ ਵਿਚ ਪਿੱਛੇ ਨਾ ਹਟਦੇ। 1734 ਈ. ਵਿਚ ਭਾਈ ਮਨੀ ਸਿੰਘ ਦੀ ਸ਼ਹਾਦਤ ਮਗਰੋਂ 1748 ਈ. ਵਿਚ ਸ. ਜਸਾ ਸਿੰਘ ਆਹਲੂਵਾਲੀਆ ਨੇ ਮੀਰ ਮਨੂ ਨੂੰ ਨੀਵਾਂ ਦਖਾ ਕੇ ਬੜੀ ਸਜ ਧਜ ਨਾਲ ਦਰਬਾਰ ਸਾਹਿਬ ਵਿਖੇ ਦੀਵਾਲੀ ਮਨਾਈ ਤੇ ਇਹੀ ਹਾਲ ਅਗਲੇ ਸਾਲ ਵੀ ਰਿਹਾ। ਸੰਨ 1759 ਨੂੰ ਹੁਕਮਨਾਮਾ ਜਾਰੀ ਹੋਇਆ ਕਿ ਸਿੱਖ ਦੀਵਾਲੀ ਤੇ ਆਪਣਾ ਦਸਵੰਧ ਦਰਬਾਰ ਸਾਹਿਬ ਲੈ ਕੇ ਆਉਣ। ਇਸ ਨਾਲ ਦੀਵਾਲੀ ਦੀ ਮਹੱਤਤਾ ਹਰ ਸਿੱਖ ਦੇ ਹਿਰਦੇ ਵਿਚ ਹੋਰ ਵਧ ਗਈ।

ਮੁਗਲ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਦੀ ਤਾਕਤ ਵਿਚ ਨਿਤ ਨਵਾਂ ਹੁੰਦਾ ਵਾਧਾ ਬਰਦਾਸ਼ਤ ਨਾ ਕਰ ਸਕੇ ਇਸ ਲਈ ਸਿੱਖਾਂ ਵਿਰੁਧ ਵਿਉਂਤਾਂ ਬਣਾਨ ਵਿਚ ਗੰਭੀਰਤਾ ਨਾਲ ਰੁਝ ਗਏ। ਇਸ ਦੌਰਾਨ ਹੀ 1761 ਈ. ਨੂੰ ਸ. ਜਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਫਤਹਿ ਕਰ ਲਿਆ, ਸਿੱਖ ਰਾਜ ਦੇ ਸਿਕੇ ਜਾਰੀ ਹੋ ਗਏ। ਇਸ ਸਾਲ 27.10.1761 ਦੀ ਰਾਤ ਨੂੰ ਸਿੱਖ ਸੰਗਤਾਂ ਨੇ ਦਰਬਾਰ ਸਾਹਿਬ ਵਿਚ ਅਲੌਕਿਕ ਦੀਵਾਲੀ ਮਨਾਈ। ਸਿੰਘਾਂ ਦੀ ਚੜ੍ਹਦੀ ਕਲਾ ਦਾ ਕੋਈ ਅੰਤ ਨਹੀਂ ਸੀ ਪਰ ਅਗਲੇ ਕੁਝ ਮਹੀਨਿਆਂ ਵਿਚ ਅਹਿਮਦ ਸ਼ਾਹ ਅਬਦਾਲੀ ਕੁਪ ਰਹੀੜੇ ਤੇ ਚੜ੍ਹ ਆਇਆ ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਇਕੱਤਰ ਹੋਏ ਹੋਏ ਸਨ। ਉਹ ਸਿੱਖਾਂ ਦਾ ਤੇ ਦਰਬਾਰ ਸਾਹਿਬ ਦਾ ਬਹੁਤ ਭਾਰੀ ਨੁਕਸਾਨ ਕਰ ਗਿਆ। ਦਰਬਾਰ ਸਾਹਿਬ ਢਾਹ ਗਿਆ, ਸਰੋਵਰ ਪੂਰ ਗਿਆ ਪਰ 1763 ਈ. ਦੀ ਦੀਵਾਲੀ ਤਕ ਸਿੰਘਾਂ ਨੇ ਸਰੋਵਰ ਨੂੰ ਮੁੜ ਵਰਤੋਂ ਵਿਚ ਲੈ ਆਂਦਾ। ਸੰਨ 1764 ਵਿਚ ਅਬਦਾਲੀ ਆਇਆ ਤੇ ਫਿਰ ਬਰਬਾਦੀ ਕਰ ਗਿਆ। ਪਰ ਅਗਲੇ ਹੀ ਸਾਲ 1765 ਈ. ਵਿਚ ਸਿੰਘਾਂ ਨੇ ਦਰਬਾਰ ਸਾਹਿਬ ਵਿਖੇ ਪੂਰੀ ਸ਼ਾਨ ਨਾਲ ਦੀਵਾਲੀ ਮਨਾਈ ਜਿਸ ਬਾਰੇ ਸੁਣ ਕੇ ਅਬਦਾਲੀ ਦੇ ਹੌਸਲੇ ਪਸਤ ਹੋ ਗਏ ਤੇ ਉਹ ਇਸ ਤੋਂ ਮਗਰੋਂ ਸਿੱਖਾਂ ਨਾਲ ਝੜਪਾਂ ਲੈਣ ਜੋਗਾ ਨਾ ਰਿਹਾ (ਹਵਾਲਾ The Golden Temple, Past & Present)।

ਪਰ ਜਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਤਾਂ ਹਰਿਮੰਦਰ ਸਾਹਿਬ ਦੀ ਦੀਵਾਲੀ ਦੀ ਰੌਣਕ ਆਪਣੇ ਜੋਬਨ ਤੇ ਪਹੁੰਚ ਗਈ। ਮਹਾਰਾਜਾ

ਖੁਦ ਹਰ ਦੀਵਾਲੀ ਦੇ ਸਮਾਗਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ ਅਤੇ ਕੌਮ ਇਸ ਤਹਿਵਾਰ ਨੂੰ ਇਲਾਹੀ ਆਨੰਦ ਵਿਚ ਮਨਾਉਂਦੀ। 1814 ਈ. ਦੀ ਦੀਵਾਲੀ ਤਾਂ ਮਹਾਰਾਜੇ ਨੇ ਦਰਬਾਰ ਸਾਹਿਬ ਵਿਚ ਉਸ ਚਾਅ ਤੇ ਉਮਾਹ ਨਾਲ ਮਨਾਈ ਕਿ ਦੇਖਣ ਵਾਲਿਆਂ ਨੂੰ ਕਦੀ ਨਾ ਭੁਲੀ। ਮਹਾਰਾਜਾ ਉਸ ਦੀਵਾਲੀ ਨੂੰ ਖੁਦ ਵੀ ਨਾ ਭੁਲ ਸਕਿਆ। ਜਦ ਉਸ ਨੇ 1838 ਈ. ਵਿਚ ਲਾਰਡ ਆਕਲੈਂਡ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਵਾਏ ਤਾਂ ਆਕਲੈਂਡ ਨੂੰ ਪ੍ਰਭਾਵਤ ਕਰਨ ਲਈ ਦਰਬਾਰ ਸਾਹਿਬ ਤੇ ਵਿਸ਼ੇਸ਼ ਦੀਪਮਾਲਾ ਕੀਤੀ ਗਈ ਭਾਵੇਂ ਕਿ ਉਸ ਦਿਨ ਦੀਵਾਲੀ ਨਹੀਂ ਸੀ। ਅਜਿਹੀ ਆਤਸ਼ਬਾਜ਼ੀ ਹੋਈ ਜਿਸ ਨਾਲ ਸਰੋਵਰ ਉੱਤੇ ਬਨਾਵਟੀ ਮਹਿਲ ਉਸਰ ਗਏ। ਗਵਰਨਰ ਜਨਰਲ ਆਕਲੈਂਡ ਤੇ ਉਸ ਦੀ ਭੈਣ ਇਮਲੀ ਇਹ ਸਭ ਕੁਝ ਵੇਖ ਕੇ ਦੰਗ ਰਹਿ ਗਏ ਤੇ ਉਹ ਸਿੱਖਾਂ ਦੇ ਖੁਸ਼-ਰਹਿਣੇ ਸੁਭਾਅ ਦੀ ਡਾਢੀ ਸੁਹਣੀ ਤਸਵੀਰ ਆਪਣੇ ਮਨਾਂ ਵਿਚ ਵਸਾ ਕੇ ਲੈ ਗਏ।

ਅਜ ਵੀ ਹਰ ਕਿਸੇ ਦੀ ਲੋਚਾ ਰਹਿੰਦੀ ਹੈ ਕਿ ਉਹ ਹੋ ਸਕੇ ਤਾਂ ਬੰਦੀ-ਛੋੜ-ਦਿਵਸ, ਦੀਵਾਲੀ ਦਰਬਾਰ ਸਾਹਿਬ ਵਿਖੇ ਹੀ ਮਨਾਵੇ ਤੇ ਸੁਖ ਫਲ ਪਾਵੇ। ਇਕ ਅਨੁਮਾਨ ਅਨੁਸਾਰ 2011 ਦੀ ਦੀਵਾਲੀ ਵਾਲੀ ਰਾਤ ਨੂੰ 25 ਲਖ ਸੰਗਤਾਂ ਨੇ ਅਦੁਤੀ ਦੀਪਮਾਲਾ ਦਾ ਤੇ 15 ਮਿੰਟ ਲਈ ਆਤਸ਼ਬਾਜ਼ੀ ਦਾ ਅਲੌਕਿਕ ਆਨੰਦ ਮਾਣਿਆ ਤੇ ਪ੍ਰਦੂਸ਼ਣ ਕਰਕੇ ਹੁਣ ਇਹ ਸਮਾਂ ਹੋਰ ਘਟਾ ਕੇ ਕੇਵਲ 10 ਮਿੰਟ ਹੀ ਕਰ ਦਿੱਤਾ ਗਿਆ ਹੈ। ਇਤਨੀ ਵੱਡੀ ਭਾਰੀ ਗਿਣਤੀ ਵਿਚ ਸੰਗਤਾਂ ਦੇ ਇਕੱਠ ਦੇ ਬਾਵਜੂਦ ਵੀ ਦਰਬਾਰ ਸਾਹਿਬ ਦੇ ਸਾਰੇ ਪਰੀਸਰ ਵਿਚ ਕਦੇ ਕੋਈ ਬੇਨਿਯਮੀ ਨਹੀਂ ਹੋਈ, ਹਫੜਾ ਤਫੜੀ ਨਹੀਂ ਮਚੀ ਕਿਉਂਕਿ ਸਭ ਸੰਗਤਾਂ ਦੇ ਹਿਰਦਿਆਂ ਵਿਚ ਹਰਿਮੰਦਰ ਸਾਹਿਬ ਪ੍ਰਤੀ ਅਮੁਕ ਸ਼ਰਧਾ ਤੇ ਸਤਿਕਾਰ ਦੀ ਭਾਵਨਾ ਹਰ ਵਕਤ ਬਣੀ ਰਹਿੰਦੀ ਹੈ ਤੇ ਉਹ ਕੋਈ ਵੀ ਅਵੱਗਿਆ ਕਰ ਕੇ ਇਸ ਪਵਿੱਤਰ ਭਾਵਨਾ ਨੂੰ ਵਸੋਂ ਵਸੋਂ ਆਂਚ ਨਹੀਂ ਆਉਣ ਦੇਂਦੀਆਂ। ਉਹ ਤਾਂ ਦੀਵਾਲੀ ਦੇ ਹਰਿਮੰਦਰ ਨਜ਼ਾਰਿਆਂ ਨਾਲ ਆਪਣੇ ਅੰਦਰੇ ਨੂੰ ਪ੍ਰਕਾਸ਼ਮਾਨ ਕਰਨ ਆਉਂਦੀਆਂ ਹਨ। ਦਰਬਾਰ ਸਾਹਿਬ ਵਿਖੇ ਦੀਵਾਲੀ ਦੇ ਸਮਾਗਮ ਮਨਾਉਣ ਤੋਂ ਮਗਰੋਂ ਘਰਾਂ ਨੂੰ ਪਰਤਦੀਆਂ ਸੰਗਤਾਂ ਇਸ ਆਨੰਦਮਈ ਯਾਤਰਾ ਬਾਰੇ ਇਹੀ ਕਹਿੰਦੀਆਂ ਹਨ ਕਿ **'ਦਾਲ ਰੋਟੀ ਘਰ ਦੀ ਤੇ ਦੀਵਾਲੀ ਅੰਮ੍ਰਿਤਸਰ ਦੀ'**। ਸ਼ਾਲਾ ਸਾਡੀ ਇਹ ਸ਼ਰਧਾਮਈ ਭਾਵਨਾ ਹੋਰ ਸ਼ਕਤੀਸ਼ਾਲੀ ਰੂਪ ਵਿੱਚ ਰੂਪਮਾਨ ਹੁੰਦੀ ਰਹੇ ਅਤੇ ਅਸੀਂ ਆਪਣੇ ਹਰਿਮੰਦਰ ਨੂੰ ਦਿਲ ਜਾਨ ਤੋਂ ਵੀ ਪਿਆਰਾ ਸਮਝਦੇ ਰਹੀਏ ਤੇ ਇਸ ਤੋਂ ਸਦਕੇ ਜਾਂਦੇ ਰਹੀਏ।

ਦੀਵਾ ਬਲੈ ਅੰਧੇਰਾ ਜਾਇ॥ ਅੰਗ-791

.40.

ਸ਼ਰਧਾਵਾਨ ਅਤੇ ਅਸ਼ਰਧਕ ਦੀਆਂ ਨਜ਼ਰਾਂ ਵਿੱਚ ਹਰਿਮੰਦਰ

ਰਬ ਦੇ ਘਰ ਹਰਿਮੰਦਰ ਦੇ ਦਰਸ਼ਨ ਕਰਕੇ ਮਾੜੀ ਤੋਂ ਮਾੜੀ ਅੱਖ ਵਿਚੋਂ ਵੀ ਨੂਰੀ ਰਿਸ਼ਮਾਂ ਫੁੱਟਣ ਲੱਗ ਪੈਂਦੀਆਂ ਹਨ। ਸਿੱਖ ਸ਼ਰਧਾਲੂ ਤਾਂ ਹਰਿਮੰਦਰ ਸਾਹਿਬ ਦੀ ਚਰਨ ਧੂੜ ਨੂੰ ਵੀ ਅਕਾਲਪੁਰਖ ਦੀ ਦਰਗਾਹ ਤੋਂ ਪ੍ਰਾਪਤ ਹੋਇਆ ਇਲਾਹੀ ਵਰਦਾਨ ਸਮਝ ਕੇ ਸਾਰੇ ਜਹਾਨ ਦੀ ਦੌਲਤ ਤੋਂ ਵੱਧ ਸਤਿਕਾਰਦਾ, ਮਸਤਕ ਨਾਲ ਲਾਉਂਦਾ ਤੇ ਆਪਣੇ ਕਰਮਾਂ ਨੂੰ ਸੰਵਾਰਦਾ ਹੈ। ਸ਼ਰਧਾਵਾਨ ਸਿੱਖ ਹਰਿਮੰਦਰ ਨੂੰ ਕੀ ਸਮਝਦਾ ਹੈ ਆਓ ਪ੍ਰੋ. ਪੂਰਨ ਸਿੰਘ ਦੇ ਨਜ਼ਰੀਏ ਤੋਂ ਮਹਿਸੂਸ ਕਰੀਏ। ਉਸ ਅਨੁਸਾਰ ਹਰਿਮੰਦਰ ਸਾਡਾ ਜੀਵਨ ਹੈ। ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪਰਲੋਕ ਦਾ ਸਹਾਰਾ ਹੈ। ਇਹ ਸਾਡੇ ਅਕਾਲਪੁਰਖ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸੁਖ, ਸੱਚ ਤੇ ਸੁਰ ਦਾ ਸਵੱਪਣ ਹੈ। ਇਹ ਤਾਂ ਸੱਚਖੰਡ ਦਾ ਹੀ ਟੁਕੜਾ ਹੈ। ਸਾਰੀ ਕੁਦਰਤ ਦੇ ਮੁਲ ਵਿਚ ਵੀ ਅਸੀਂ ਇਸ ਦੀ ਇਕ ਸ਼ਿਲਾ ਨਹੀਂ ਦੇ ਸਕਦੇ। ਇਹ ਸਾਡਾ ਨਾਮ ਮੰਤਰ ਹੈ, ਧਿਆਨ ਹੈ। ਇਸ ਦੀ ਇਕ ਇਕ ਸਿਲ (ਸਲੈਬ) ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਕੋਈ ਨਰੋਲ ਸੰਗਮਰਮਰ ਦੇ ਪੱਥਰ ਨਹੀਂ, ਇਹ ਤਾਂ ਈਸ਼ਵਰੀ ਦਰਬਾਰ ਦੇ ਅੱਡ ਅੱਡ ਅਨਮੋਲ ਸੰਘਾਸਨ ਹਨ। ਇੱਥੇ ਪਹੁੰਚੇ ਹੋਏ ਰਸੀਏ, ਪੁਜੇ ਹੋਏ ਫਕੀਰ, ਸੁਲਝੇ ਹੋਏ ਪੀਰ, ਜਗਤ ਪ੍ਰਸਿੱਧ ਮੀਰ, ਸਰੀਰਾਂ ਤੋਂ ਉਤਾਂਹ ਉਠ ਕੇ ਧਿਆਨ ਲੀਨ ਕਰੀ ਬੈਠੇ ਹਨ। ਇਹ ਅਦਬ ਸਤਿਕਾਰ ਦਾ ਸਥਾਨ ਹੈ। ਇਸ ਲਈ ਐ ਮਨੁੱਖ ਇੱਥੇ ਜਾਗਦਾ ਤੇ ਸੁਚੇਤ ਹੋ ਕੇ ਆ ਅਤੇ ਦਿਲ ਦੀ ਮਿਸ਼ਾਲ ਜਗਾ। ਜ਼ਰਾ ਗਹੁ ਨਾਲ ਦੇਖ ਇੱਥੇ ਅਕਾਸ਼, ਧਰਤੀ, ਸੂਰਜ, ਚੰਨ, ਤਾਰੇ, ਜਲ, ਸਾਗਰ, ਪ੍ਰਬਤ, ਨਦੀ, ਹਵਾ, ਰਾਗ, ਰਸ, ਭਜਨ, ਭਗਤੀ, ਪਿਆਰ, ਹਰੀਨਾਮ, ਤੀਰਥ ਯਾਤਰਾ, ਮੰਦਰ ਪੂਜਾ, ਪਿਆਰ ਦੇ ਰੰਗ, ਰਸ ਦੇ ਦਰਸ, ਦੇਵੀ ਦੇਵਤਿਆਂ ਦੀਆਂ ਲੀਲ੍ਹਾਵਾਂ, ਲੋੜਾਂ ਦੀਆਂ ਪੂਰਤੀਆਂ, ਜੀਵਨ ਮੌਤ ਦਾ ਦਿਨ, ਰਾਤ, ਦੁਪਹਿਰ, ਅੰਮ੍ਰਿਤ ਵੇਲਾ, ਲੋਕ ਪਰਲੋਕ, ਬਿਰਹਾ ਦੀ ਤੜਪ, ਦਰਸ਼ਨ ਦੀ ਠੰਡ ਤੇ ਅਕਾਲਪੁਰਖ ਦੀ ਅੰਮ੍ਰਿਤ ਮੂਰਤੀ ਅਤੇ ਇਹੋ ਜਹੀਆਂ ਹੋਰ ਅਣਗਿਣਤ ਚੀਜ਼ਾਂ ਕਿਸ ਦੈਵੀ ਰਸ ਨਾਲ ਇਸ ਹਰਿਮੰਦਰ ਸਾਹਿਬ ਦੀ ਅਨੂਪ ਕਲਾ ਵਿਚ ਜੜੀਆਂ ਪਈਆਂ ਹਨ। ਹਰਿਮੰਦਰ ਸਿਰਜਨਾ ਦੁਆਰਾ ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਦਿੱਤਾ ਗਿਆ ਹੈ ਅਤੇ ਦਰਿਸ਼ਟਮਾਨ ਨੂੰ ਸੁਪਨਿਆਂ ਦੇ ਰੰਗ ਦੇ ਕੇ ਅਦ੍ਰਿਸ਼ਟ ਰੂਪ ਬਣਾ ਦਿੱਤਾ ਗਿਆ ਹੈ। ਜਗਤ ਭਰ ਲਈ ਪ੍ਰਮਾਤਮਾ ਨੇ ਇਕ ਚਿੱਟੀ ਚਮਕਦੀ ਨੂਰ ਦੀ ਖਿਟੀ ਬਣਾ ਕੇ ਧਰਤੀ ਤੇ ਧਰੀ ਹੈ। ਇਹ ਹਰਿਮੰਦਰ ਹਰਿਨਾਮ

ਰੂਪ ਬਣਾ ਕੇ ਕਿਸ ਤਰ੍ਹਾਂ ਸਾਡੀ ਸੂਰਤ ਵਿਚੋਂ ਤੇ ਸਾਡੀ ਸੁਰਤ ਵਿਚੋਂ ਲੰਘਾਇਆ ਹੈ। ਇਸ ਲਈ ਇਹ ਹਰਿਮੰਦਰ ਹੀ ਸਾਨੂੰ ਆਦਰਸ਼ ਭਰਿਆ ਆਤਮਿਕ ਖੇੜੇ ਨਾਲ ਸਰਸ਼ਾਰ ਜੀਵਨ ਜੀਣ ਲਈ ਚਿਰ ਕਦੀਮਾਂ ਤੋਂ ਅਗਵਾਈ ਬਖਸ਼ਦਾ ਆ ਰਿਹਾ ਹੈ। ਜੇਕਰ ਸਾਡਾ ਸਭ ਕੁਝ ਗਵਾਚ ਵੀ ਜਾਵੇ ਤਾਂ ਇੱਥੇ ਹਰਿਮੰਦਰ ਵਿਚੋਂ ਮਿਲ ਪਵੇਗਾ। ਹਾਂ ਜੀ, ਇੱਥੋਂ ਤਕ ਕਿ ਸਤਿਗੁਰਾਂ ਦੇ ਜਾਮੇ ਜਿਹੜੇ ਬਾਬਾ ਜੀ ਨੇ ਪਾਏ ਤੇ ਉਤਾਰੇ ਅਤੇ ਸਾਡੀ ਦ੍ਰਿਸ਼ਟੀ ਤੋਂ ਅਲੋਪ ਹੋ ਗਏ, ਉਹ ਇੱਥੇ ਮਿਲਦੇ ਹਨ। ਅਜਿਹੇ ਭਾਵਾਂ ਤੇ ਜਜ਼ਬਾਤਾਂ ਨਾਲ ਪਰੀਪੂਰਨ ਸਿੱਖ ਲਈ ਹਰਿਮੰਦਰ ਦੀ ਮਹਿਮਾ ਸ਼ਬਦਾਂ ਦੀ ਲਿਖਤ ਤੋਂ ਪਰੇ ਦੀ ਗੱਲ ਬਣ ਜਾਂਦੀ ਹੈ।

ਇਕ ਸ਼ਰਧਾਵਾਨ ਸਿੱਖ ਦੇ ਵਿਚਾਰਾਂ ਤੋਂ ਮਗਰੋਂ ਆਓ ਦੇਖੀਏ ਇਕ ਅਭਿਮਾਨੀ ਇਨਸਾਨ ਹਰਿਮੰਦਰ ਵਿਚੋਂ ਕੀ ਲੱਭਦਾ ਹੈ?

1849 ਈ. ਨੂੰ ਪੰਜਾਬ ਨੂੰ ਆਪਣੇ ਇਲਾਕੇ ਨਾਲ ਰਲਾ ਲੈਣ ਮਗਰੋਂ ਅੰਮ੍ਰਿਤਸਰ ਵੀ ਗੋਰਿਆਂ ਦੇ ਹੱਥਾਂ ਵਿਚ ਚਲਾ ਗਿਆ। ਸਮਾਂ ਕੱਢ ਕੇ ਭਾਰਤ ਦਾ ਗਵਰਨਰ ਜਨਰਲ ਲਾਰਡ ਡਲੌਜ਼ੀ ਆਪਣੀ ਪੰਜਾਬ ਫੇਰੀ ਸਮੇਂ ਅੰਮ੍ਰਿਤਸਰ ਆਉਂਦਾ ਹੈ ਅਤੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਵੀ ਹਰਿਮੰਦਰ ਸਾਹਿਬ ਪਹੁੰਚਦਾ ਹੈ। ਮਹਾਰਾਜਾ ਰਣਜੀਤ ਸਿੰਘ ਵਲੋਂ ਹਰ ਪੱਖ ਤੋਂ ਬੜੀਆਂ ਰੀਝਾਂ ਨਾਲ ਸ਼ੋਭਨੀਕ ਕੀਤਾ ਇਹ ਪਾਵਨ ਅਸਥਾਨ ਦੇਖ ਕੇ ਡਲੌਜ਼ੀ ਦੰਗ ਰਹਿ ਜਾਂਦਾ ਹੈ ਅਤੇ ਉਸ ਦੀ ਲਾਸਾਨੀ ਦਿਖ ਦੇ ਦਰਸ਼ਨ ਕਰ ਕੇ ਕਹਿੰਦਾ ਹੈ ਕਿ ਜੋ ਕੁਝ ਸੋਨਾ, ਚਾਂਦੀ, ਸੰਗਮਰਮਰ, ਰੰਗ ਤੇ ਹੁਨਰਮੰਦੀ ਕਿਸੇ ਇਮਾਰਤ ਨੂੰ ਖੂਬਸੂਰਤ ਬਣਾਉਣ ਲਈ ਆਪਣਾ ਯੋਗਦਾਨ ਪਾ ਸਕਦੇ ਹਨ, ਉਨ੍ਹਾਂ ਦਾ ਉੱਤਮ ਸੁਮੇਲ ਹਰਿਮੰਦਰ ਸਾਹਿਬ ਵਿਚ ਪੂਰਨ ਰੂਪ ਵਿਚ ਦੇਖਣ ਨੂੰ ਮਿਲਦਾ ਹੈ। ਇਸ ਦੀ ਬਾਹਰਲੀ ਦਿਖ ਆਲੀਸ਼ਾਨ ਹੈ ਅਤੇ ਅੰਦਰਲੀ ਨੁਹਾਰ ਮਨਮੋਹਕ ਹੈ।

ਇੱਥੇ ਤੱਕ ਤਾਂ ਲਾਰਡ ਡਲੌਜ਼ੀ ਦੇ ਜਜ਼ਬਾਤ ਨਿਰਪੱਖ ਤੇ ਸ਼ਲਾਘਾ-ਜਨਕ ਹਨ ਪਰ ਇਸ ਤੋਂ ਅੱਗੇ ਉਸ ਦੀ ਹਉਮੈ, ਉਸ ਦਾ ਸਵੈਮਾਣ, ਉਸ ਦੀ ਹੁਕਮਰਾਨੀ ਅਤੇ ਨਵੀਂ ਨਵੀਂ ਜਿੱਤ ਦਾ ਘੁਮੰਡੀ ਨਸ਼ਾ ਉਸ ਨੂੰ ਅਜਿਹੇ ਸ਼ਬਦ ਬੋਲਣ ਵਿਚ ਮਜਬੂਰ ਕਰ ਦੇਂਦਾ ਹੈ ਜੋ ਨਾਵਾਜਬ ਹਨ ਅਤੇ ਵਾਹਿਗੁਰੂ ਦੇ ਘਰ ਵਿਚ ਖੜੇ ਹੋ ਕੇ ਬੋਲਣੇ ਅਸ਼ੋਭਨੀਕ ਹਨ। ਉਹ ਕਹਿੰਦਾ ਹੈ ਕਿ ਇਕ ਵੇਲਾ ਸੀ ਜਦ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਕਿਸੇ ਗੋਰੇ ਸਿਪਾਹੀ ਦਾ ਲੰਘਣਾ ਵੀ ਖਤਰੇ ਤੋਂ ਖਾਲੀ ਨਹੀਂ ਸੀ ਪਰ ਅੱਜ ਸਾਡੇ ਲਈ ਹਾਲਾਤ ਇਤਨੇ ਸੁਖਾਵੇਂ ਹੋ ਗਏ ਹਨ ਕਿ ਭਾਰਤ ਦਾ ਗਵਰਨਰ ਜਨਰਲ ਅੰਮ੍ਰਿਤਸਰ ਦੇ ਸਭ ਤੋਂ ਪਵਿੱਤਰ ਅਸਥਾਨ ਹਰਿਮੰਦਰ ਵਿਚ ਖੜਾ ਹੈ ਅਤੇ ਗ੍ਰੰਥੀ ਉਸ ਦੀ ਵਾਹ ਵਾਹ ਖਟਣ ਲਈ ਉਸ ਅੱਗੇ ਝੁਕ ਝੁਕ ਕੇ ਸਲਾਮ ਕਰਨ ਵਿਚ ਖੁਸ਼ੀ ਮਹਿਸੂਸ ਕਰ ਰਹੇ ਹਨ। ਤਾਨਾਸ਼ਾਹ ਡਲੌਜ਼ੀ ਨੂੰ ਰੱਬ ਦੇ ਘਰ ਵਿਚ ਖੜ ਕੇ ਵੀ ਅਦਬ ਦੀ ਭਾਸ਼ਾ ਬੋਲਣੀ

ਨਹੀਂ ਆਈ ਜਾਂ ਉਹ ਜਾਣ ਬੁਝ ਕੇ ਆਪਣੀ ਹਉਮੈ ਨੂੰ ਹਵਾ ਦੇ ਰਿਹਾ ਸੀ। ਜੋ ਕੁਝ ਵੀ ਸੀ ਤਮੀਜ਼ ਤੋਂ ਗਿਰੀ ਗੱਲ ਸੀ, ਸਦਾਚਾਰ ਤੋਂ ਬਹੁਤ ਘਟੀਆ ਸੋਚ ਸੀ ਅਤੇ ਆਤਮਿਕ ਪਵਿੱਤਰਤਾ ਵਾਲੇ ਸਰਬ ਮਾਨਵਤਾ ਦੇ ਸਾਂਝੇ ਤੀਰਥ ਦੀ ਮਰਿਆਦਾ ਦੀ ਘੋਰ ਉਲੰਘਣਾ ਦਾ ਪ੍ਰਗਟਾਵਾ ਸੀ ਜਿਸ ਨੂੰ ਕੋਈ ਵੀ ਸੁਲਝਿਆ ਹੋਇਆ ਮਨੁੱਖ ਪਸੰਦ ਨਹੀਂ ਕਰਦਾ ਭਾਵੇਂ ਉਸ ਦਾ ਧਾਰਮਿਕ ਅਤੇ ਸਿਆਸੀ ਅਕੀਦਾ ਕੁਝ ਵੀ ਕਿਉਂ ਨਾ ਹੋਵੇ। ਰੱਬ ਦੇ ਘਰ ਵਿਚ ਖੜ੍ਹ ਕੇ ਉਸ ਨੂੰ ਰੱਬ ਨੂੰ ਸਲਾਮ ਕਰਨ ਦੀ ਗੱਲ ਸੁਝਣੀ ਚਾਹੀਦੀ ਸੀ, ਆਪਣੇ ਆਪ ਨੂੰ ਸਲਾਮ ਕਰਵਾਉਣ ਦੀ ਕਦਾਚਿਤ ਵੀ ਨਹੀਂ।

ਡਲੇਂਜ਼ੀ ਵਰਗੇ ਇਕ ਅਮਰੀਕਨ ਟੀ.ਵੀ. ਰਿਪੋਰਟਰ ਜੇ ਲੀਨੋ ਨੇ ਪਿਛੇ ਜਹੇ ਇਹ ਬਕਵਾਸ ਕੀਤੀ ਹੈ ਕਿ ਓਬਾਮਾ ਵਿਰੁਧ 2012 ਵਿੱਚ ਚੋਣ ਲੜਣ ਵਾਲੇ ਉਮੀਦਵਾਰ ਮਿਟ ਰੋਮਨੀ ਦੀ ਗਰਮੀਆਂ ਦੀ ਵਧੀਆ ਆਰਾਮਗਾਹ ਹਰਿਮੰਦਰ ਸਾਹਿਬ ਹੋ ਸਕਦੀ ਹੈ। ਉਸਦੀ ਇਸ ਘਟੀਆ ਸੋਚ ਨੇ ਹਰਿਮੰਦਰ ਪ੍ਰੇਮੀਆਂ ਦੇ ਦਿਲਾਂ ਨੂੰ ਕਿਤਨੀ ਠੇਸ ਪਹੁੰਚਾਈ ਹੈ, ਇਸਦਾ ਕੋਈ ਕਿਆਸ ਕਿਵੇਂ ਕਰ ਸਕਦਾ ਹੈ। ਉਸ ਦੀ ਇਸ ਬੇਹੂਦਾ ਬਕਵਾਸ ਨੇ ਸਾਰੇ ਸੰਸਾਰ ਵਿੱਚ ਰਹਿੰਦੇ ਸਿੱਖਾਂ ਦੇ ਹਿਰਦਿਆਂ ਨੂੰ ਦੁਖੀ ਕੀਤਾ ਹੈ। ਐਸ.ਜੀ.ਪੀ.ਸੀ. ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਤਾਂ ਅਮਰੀਕਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਬਦਕਲਾਮ ਮਸਖਰੇ ਵਿਰੁੱਧ ਕਾਨੂੰਨੀ ਕਾਰਵਾਈ ਕਰੇ ਤਾਕਿ ਉਸਦੀ ਹੋਸ਼ ਠਿਕਾਣੇ ਆ ਜਾਵੇ। ਭਾਰਤ ਸਰਕਾਰ ਦੀ ਹਦਾਇਤ ਤੇ ਅਮਰੀਕਾ ਵਿੱਚ ਤਾਇਨਾਤ ਭਾਰਤੀ ਨੁਮਾਇੰਦੇ ਨੇ ਵੀ ਸਰਕਾਰੀ ਸਿਸਟਮ ਰਾਹੀਂ ਜੇ ਲੀਨੋ ਬਾਰੇ ਆਪਣਾ ਰੋਸ ਪ੍ਰਗਟਾਇਆ ਪਰ ਅਮਰੀਕਾ ਸਰਕਾਰ ਨੇ ਹਲਕੇ ਵਿੱਚ ਲੈਂਦਿਆਂ ਇਹ ਕਹਿ ਕੇ ਗੱਲ ਨੂੰ ਟਾਲ ਦਿੱਤਾ ਕਿ ਇਸ ਟੀ.ਵੀ. ਐਨਕਰ ਨੇ ਮਖੌਲੀਆ ਲਹਿਜੇ ਵਿੱਚ ਇਹ ਸਾਰੀ ਗੱਲ ਕੀਤੀ ਹੈ। ਉਸਦਾ ਕੋਈ ਮੰਦ ਭਾਵਨਾ ਦਾ ਮਕਸਦ ਨਹੀਂ ਸੀ। ਅਮਰੀਕਨ ਬੁਲਾਰੇ ਨੇ ਇਹ ਵੀ ਕਿਹਾ ਕਿ ਅਮਰੀਕਾ ਸਰਕਾਰ ਹੋਰਨਾਂ ਧਰਮਾਂ ਅਨੁਸਾਰ ਸਿੱਖ ਧਰਮ ਦਾ ਵੀ ਬਹੁਤ ਸਤਿਕਾਰ ਕਰਦੀ ਹੈ ਜਿਸਦਾ ਇਹ ਸਬੂਤ ਹੈ ਕਿ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਓਬਾਮਾ ਪ੍ਰਸ਼ਾਸਨ ਨੇ ਵਾਈਟ ਹਾਊਸ ਵਿੱਚ ਬੜੇ ਚਾਵਾਂ ਅਤੇ ਸ਼ਰਧਾ ਨਾਲ ਮਨਾਇਆ ਹੈ ਜਿਸਨੂੰ ਅਮਰੀਕਨ ਸਿੱਖਾਂ ਨੇ ਬਹੁਤ ਸਲਾਹਿਆ ਹੈ।

ਇਹ ਜ਼ਰੂਰੀ ਬਣਦਾ ਹੈ ਕਿ ਮਿਟ ਰੋਮਨੀ ਨੂੰ ਵੀ ਸਬੰਧਤ ਮਸਖਰੇ ਵਿਰੁੱਧ ਤਾੜਨਾ ਮਈ ਸ਼ਬਦ ਕਹਿਣੇ ਚਾਹੀਦੇ ਹਨ ਕਿਉਂਕਿ ਉਸਨੇ ਰੋਮਨੀ ਦਾ ਨਾਂ ਮੁਫ਼ਤ ਵਿੱਚ ਲਪੇਟ ਵਿੱਚ ਲੈ ਲਿਆ ਹੈ। ਜੇ ਰੋਮਨੀ ਨੇ ਉਸ ਵਿਰੁੱਧ ਕੋਈ ਕਾਰਵਾਈ ਨਾ ਕੀਤੀ ਤਾਂ ਅਮਰੀਕਾ ਵਿੱਚ ਰਹਿੰਦੇ ਸਿੱਖ ਇਹ ਸੋਚ ਸਕਦੇ ਹਨ ਕਿ ਇਸ ਜ਼ਿਆਦਤੀ ਵਿੱਚ ਰੋਮਨੀ ਵੀ ਕਿਸੇ ਨਾ ਕਿਸੇ ਰੂਪ ਵਿੱਚ ਭਾਗੀਦਾਰ

ਹੈ। ਸਿੱਖਾਂ ਦੀ ਇਸ ਸੋਚ ਨਾਲ ਉਸਨੂੰ ਵੋਟਾਂ ਵਿੱਚ ਨੁਕਸਾਨ ਵੀ ਹੋ ਸਕਦਾ ਹੈ ਅਤੇ ਹੋਇਆ ਵੀ ਸ਼ਾਇਦ ਇਂਜ ਹੀ। ਸਿੱਖ ਵੋਟਰਾਂ ਨੇ ਉਸਨੂੰ ਨਹੀਂ ਪਰਵਾਨਿਆ ਇਸ ਲਈ ਉਸ ਦੀ ਹਾਰ ਵਿੱਚ ਕੁਝ ਅੰਸ਼ ਤਾਂ ਇਸ ਗੱਲ ਦਾ ਵੀ ਹੋ ਸਕਦਾ ਹੈ।

ਸ਼ਾਇਦ ਬੜਬੋਲੇ ਜੇ ਲੀਨੋ ਨੂੰ ਸਿੱਖਾਂ ਦੇ ਇਤਿਹਾਸ ਦੀ ਵਾਕਫ਼ੀ ਨਹੀਂ। ਇਸ ਤਰ੍ਹਾਂ ਦੇ ਇਕ ਜ਼ਾਲਮ ਪ੍ਰਸ਼ਾਸਕ ਮਸਾ ਰੰਘੜ ਨੇ ਹਰਿਮੰਦਰ ਸਾਹਿਬ ਨੂੰ ਵਾਸਤਵ ਵਿੱਚ ਆਪਣੀ ਆਰਾਮਗਾਹ ਬਣਾ ਕੇ ਸਿੱਖਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਵੀ ਹੈ। ਉਸ ਅੰਧਕਾਰ ਕਾਲ ਵਿੱਚ ਸਿੱਖਾਂ ਦੇ ਸਿਰਾਂ ਦੇ ਮੁਲ ਪਏ ਹੋਏ ਸਨ ਅਤੇ ਉਹ ਜੰਗਲਾਂ ਵਿੱਚ ਲੁਕ ਛਿਪ ਕੇ ਦਿਨ ਕਟੀ ਕਰ ਰਹੇ ਸਨ ਪਰ ਉਨ੍ਹਾਂ ਹਾਲਾਤਾਂ ਵਿੱਚ ਵੀ ਗੁਰੂ ਪਿਆਰੇ ਦੋ ਸੂਰਮੇ ਸ. ਸੁਖਾ ਸਿੰਘ, ਸ. ਮਹਿਤਾਬ ਸਿੰਘ ਨਿਤਰੇ ਜਿਨ੍ਹਾਂ ਨੇ ਮਸਾ ਰੰਘੜ ਦਾ ਸਿਰ ਹਰਿਮੰਦਰ ਸਾਹਿਬ ਵਿੱਚ ਹੀ ਤਲਵਾਰ ਦੇ ਇਕ ਵਾਰ ਨਾਲ ਧੜ ਨਾਲੋਂ ਵੱਖ ਕਰ ਦਿੱਤਾ ਅਤੇ ਆਪਣੀ ਕਿਰਪਾਨ ਦੀ ਨੋਕ ਤੇ ਉਸਨੂੰ ਟੰਗ ਕੇ ਜੈਕਾਰਿਆਂ ਦੀ ਗੂੰਜ ਵਿੱਚ ਉਥੋਂ ਨਿਕਲ ਆਏ। ਸਭ ਨੂੰ ਕੰਨ ਹੋ ਗਏ ਕਿ ਹਰਿਮੰਦਰ ਨਾਲ ਜ਼ਿਆਦਤੀ ਸਿੱਖ ਕਦਾਚਿਤ ਬਰਦਾਸ਼ਤ ਨਹੀਂ ਕਰ ਸਕਦੇ ਕਿਉਂਕਿ ਇਹ ਉਨ੍ਹਾਂ ਦੇ ਅਕੀਦੇ ਅਨੁਸਾਰ ਵਾਹਿਗੁਰੂ ਦਾ ਧਾਮ ਹੈ, ਉਸਦਾ ਸਚਖੰਡ ਹੈ, ਧਰਤੀ ਤੇ ਪਵਿੱਤਰ-ਤਰੀਨ ਭਵਨ ਹੈ ਜਿਹੜਾ ਸਮੁੱਚੀ ਮਾਨਵਤਾ ਦੀ ਹਸਤੀ ਨੂੰ ਸ਼ਕਤੀਮਾਨ ਕਰਦਾ ਹੈ। ਬੇਸ਼ਰਮ ਜੇ ਲੀਨੋ ਨੂੰ ਅਜਿਹੀਆਂ ਘਟੀਆ ਟਿੱਪਣੀਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਪਰ ਲਗਦਾ ਹੈ ਉਹ ਆਪਣੀਆਂ ਕਰਤੂਤਾਂ ਤੋਂ ਬਾਜ਼ ਨਹੀਂ ਆਉਂਦਾ। 2007 ਵਿੱਚ ਵੀ ਇਕ ਵਾਰੀ ਉਸਨੇ ਸਿੰਘਾਂ ਦੇ ਸਤਿਕਾਰ ਦੀ ਤਰਜਮਾਨੀ ਕਰਦੀ 'ਦਸਤਾਰ' ਬਾਰੇ ਵੀ ਅਪਮਾਨਜਨਕ ਸ਼ਬਦ ਬੋਲਦਿਆਂ ਇੱਥੇ ਤਕ ਕਹਿ ਦਿੱਤਾ ਕਿ ਇਹ ਦਸਤਾਰ ਨਹੀਂ ਜੋ ਸਿੱਖਾਂ ਦੇ ਸਿਰਾਂ ਦਾ ਸ਼ਿੰਗਾਰ ਹੈ, ਇਹ ਤਾਂ ਉਨ੍ਹਾਂ ਦੇ ਸਿਰਾਂ ਤੇ ਡਾਇਪਰ ਬੰਨ੍ਹਿਆ ਹੋਇਆ ਹੈ। ਇਨ੍ਹਾਂ ਨਾਜ਼ੇਬ ਬੋਲਾਂ ਕਾਰਨ ਉਸਨੂੰ ਮਾਫ਼ੀ ਵੀ ਮੰਗਣੀ ਪਈ ਸੀ ਪਰ ਉਹ ਆਪਣੀਆਂ ਖਾਨਦਾਨੀ ਆਦਤਾਂ ਤੋਂ ਮਜਬੂਰ ਹੈ। ਸਾਡੀ ਅਰਦਾਸ ਹੈ ਵਾਹਿਗੁਰੂ ਉਸਨੂੰ ਸਮੱਤ ਬਖ਼ਸ਼ਣ ਤੇ ਉਹ ਹੋਸ਼ ਵਿੱਚ ਆ ਕੇ ਆਪਣੇ ਕਾਰਜਾਂ ਦੀ ਸੁਚੱਜਤਾ ਪੂਰਵਕ ਪੂਰਤੀ ਕਰ ਸਕੇ। ਜਿੱਥੇ ਤਕ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦੀ ਖੁਸ਼ਬੂ ਦਾ ਸਬੰਧ ਹੈ ਉਹ ਤਾਂ ਅੱਜ ਵੀ ਸਾਰੇ ਵਿਸ਼ਵ ਵਿਚ ਦੂਣ ਸਵਾਈ ਹੋ ਕੇ ਪਸਰ ਰਹੀ ਹੈ ਤੇ ਜਦ ਤੱਕ ਇਹ ਸੰਸਾਰ ਕਾਇਮ ਹੈ, ਇਹ ਇਸੇ ਤਰ੍ਹਾਂ ਪਸਰਦੀ ਤੇ ਵਿਗਸਦੀ ਹੋਈ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੀ ਜਾਏਗੀ ਪਰ ਅਭਿਮਾਨ ਦੇ ਨਸ਼ੇ ਨਾਲ ਭਰੇ ਅਭਿਮਾਨੀਆਂ ਦਾ ਅਤੇ ਵਿਸ਼ੇਸ਼ ਕਰਕੇ ਡਲੌਜ਼ੀ ਦਾ ਘੜਾ ਕਦੋਂ ਟੁਟਿਆ, ਕਿਵੇਂ ਟੁਟਿਆ, ਉਸ ਬਾਰੇ ਤਾਂ ਉਸ ਦੀ ਮੌਜੂਦਾ ਔਲਾਦ ਨੂੰ ਵੀ ਯਾਦ ਨਹੀਂ ਰਿਹਾ ਹੋਣਾ। ਅਸਲ ਮਨੁੱਖ ਉਹ ਹੈ ਜੋ ਕਿਸੇ ਵੀ ਸਥਿਤੀ ਵਿਚ ਆਪੇ ਤੋਂ

ਬਾਹਰ ਨਾ ਹੋਵੇ ਤੇ ਬਝਵੀਂ ਮਰਿਆਦਾ ਵਿਚ ਰਹਿ ਕੇ ਹੀ ਦੂਜਿਆਂ ਦੇ ਸਨਮੁਖ ਹੋਵੇ। ਹਰਿਮੰਦਰ ਦਾ ਇਹੀ ਪੈਗ਼ਾਮ ਹੈ। ਜੇ ਘੁਮੰਡੀ ਡਲੌਜ਼ੀ ਹਰਿਮੰਦਰ ਸਾਹਿਬ ਦੀ ਚਰਨ ਧੂੜ ਦੀ ਇਕ ਕਣੀ ਨੂੰ ਵੀ ਆਪਣੇ ਮਸਤਕ ਨਾਲ ਲਗਾ ਲੈਂਦਾ ਤਾਂ ਸ਼ਾਇਦ ਇਵੇਂ ਕਹਿ ਉਠਦਾ:

ਇਹ ਜੋ ਚੰਨ ਅਕਾਸ਼ ਤੇ ਚਮਕਦਾ ਏ,
ਐਵੇਂ ਇਤਨਾ ਉਜਵਲ ਨਹੀਂ ਹੋ ਗਿਆ ਏ,
ਮੇਰਾ ਖਿਆਲ ਹੈ ਪਉੜਾਂ ਤੇ ਬੈਠ ਕੇ ਉਹ,
ਮੂੰਹ ਅੰਮ੍ਰਿਤ ਸਰੋਵਰ ਵਿੱਚ ਧੋ ਗਿਆ ਏ।

ਇਸ ਅਸਥਾਨ ਤੇ ਤਾਂ ਹਲੀਮੀ ਭਾਵ ਨਾਲ ਮੱਥਾ ਰਗੜਨ ਵਾਲੇ ਦੇ ਪਾਪ ਮਿੱਟ ਜਾਂਦੇ ਹਨ, ਦੁੱਖ ਹਰ ਜਾਂਦੇ ਹਨ, ਕਾਰਜ ਸਰ ਜਾਂਦੇ ਹਨ, ਵਖਰੇਵੇਂ ਮਰ ਜਾਂਦੇ ਹਨ ਅਤੇ ਜੋ ਬਾਕੀ ਬਚ ਰਹਿੰਦਾ ਹੈ ਉਹ ਹੈ ਜਪ ਤਪ ਤੇ ਪਾਠ ਪੂਜਾ। ਸ਼ਾਇਦ ਅਜਿਹੀਆਂ ਭਾਵਨਾਵਾਂ ਦੇ ਤਾਬੇ ਹੀ ਰਾਧਾ ਸੁਆਮੀ ਸਤਿਸੰਗ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਨੇ ਵੀ ਆਮ ਸ਼ਰਧਾਲੂਆਂ ਵਾਂਗਰਾਂ 26.9.2012 ਨੂੰ ਚੁਪ ਚੁਪੀਤੇ ਆ ਕੇ ਮਥਾ ਟੇਕ ਕੇ ਸਤਿਗੁਰੂ ਦੀਆਂ ਮਿਹਰਾਂ ਪ੍ਰਾਪਤ ਕੀਤੀਆਂ। ਅਖ਼ਬਾਰ ਅਨੁਸਾਰ ਪਿਛਲੇ ਡੇਢ ਸੌ ਸਾਲ ਵਿੱਚ ਇਹ ਕਿਸੇ ਬਿਆਸ ਡੇਰਾ ਮੁਖੀ ਦੀ ਪਹਿਲੀ ਹਰਿਮੰਦਰ ਫੇਰੀ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਹਰਿਮੰਦਰ ਸਾਹਿਬ ਵਿਖੇ ਨਿਸਚੇ ਨਾਲ ਨੱਕ ਰਗੜਨ ਨਾਲ ਗੱਲ ਜ਼ਰੂਰ ਬਣਦੀ ਹੈ।

ਸਾਹਿਬ ਸੇਤੀ ਹੁਕਮੁ ਨ ਚਲੈ ॥ ਕਹੀ ਬਣੈ ਅਰਦਾਸਿ ॥ ਅੰਗ-474

ਲਾਰਡ ਡਲੌਜ਼ੀ ਹਰਿਮੰਦਰ ਸਾਹਿਬ ਤੋਂ ਨਿਆਜ਼ ਹਾਸਲ ਕਰਨ ਤੋਂ ਖੁੰਝ ਗਿਆ ਕਿਉਂਕਿ ਉਸਦਾ ਹੰਕਾਰ ਉਸਦੀ ਪੇਸ਼ ਨਹੀਂ ਸੀ ਜਾਣ ਦੇ ਰਿਹਾ। ਇਸਦੇ ਉਲਟ ਜਿਨ੍ਹਾਂ ਯਾਤਰੂਆਂ ਨੇ ਸ਼ਰਧਾ ਅਤੇ ਨਿਮਰ ਭਾਵ ਨਾਲ ਹਰਿਮੰਦਰ ਦੀ ਚਰਨ ਧੂੜ ਆਪਣੇ ਮੱਥੇ ਨਾਲ ਲਾਈ ਹੈ, ਗੁਰਬਾਣੀ ਦਾ ਰਸ ਭਿਨਾ ਕੀਰਤਨ ਅਤਿਅੰਤ ਸ਼ਰਧਾ ਭਾਵਨਾ ਨਾਲ ਸੁਣਿਆ ਹੈ ਅਤੇ ਉਸ ਤੇ ਅਮਲ ਕੀਤਾ ਹੈ, ਉਨ੍ਹਾਂ ਦੀਆਂ ਸਭ ਮੁਰਾਦਾਂ ਪੂਰੀਆਂ ਹੋਈਆਂ ਹਨ ਅਤੇ ਅੱਜ ਵੀ ਹੋ ਰਹੀਆਂ ਹਨ। ਇਸ ਉੱਚ ਅਧਿਆਤਮਕ ਅਸਥਾਨ ਤੇ ਪਹੁੰਚ ਕੇ ਦੁਨਿਆਵੀ ਸੁਖਾਂ ਅਤੇ ਅਸਥਿਰ ਮੰਗਾਂ ਮੰਗ ਕੇ ਆਪਣੀ ਸੋਚ ਨੂੰ ਛੋਟਾ ਨਹੀਂ ਕਰਨਾ ਚਾਹੀਦਾ, ਇੱਥੇ ਆ ਕੇ ਤਾਂ ਪ੍ਰਮਾਤਮਾ ਨਾਲ ਰਸਾਈ ਲਈ ਬੇਨਤੀ ਕਰਨੀ ਚਾਹੀਦੀ ਹੈ ਜੋ ਹਰ ਪ੍ਰਾਣੀ ਦੀ ਜ਼ਿੰਦਗੀ ਦਾ ਮੁਖ ਮਨੋਰਥ ਹੈ। ਇਸ ਤੋਂ ਘੱਟ ਕੁਝ ਵੀ ਮੰਗਣਾ ਬਹੁਤ ਹੀ ਨਿਗੂਣੀ ਮੰਗ ਹੋਏਗੀ ਤੇ ਸ਼ਾਇਦ ਨਾਜ਼ੇਬ ਵੀ।

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ-12

.41.

ਹਰਿਮੰਦਰ ਨਾਲ ਸਾਡਾ ਆਦਾਨ ਪ੍ਰਦਾਨ

ਹਰਿਮੰਦਰ ਰੱਬ ਦਾ ਘਰ ਹੈ ਅਤੇ ਹਰ ਪ੍ਰਕਾਰ ਦੇ ਪਾਵਨ ਗੁਣਾਂ ਨਾਲ ਇਹ ਘਰ ਭਰਿਆ ਪਿਆ ਹੈ। ਇਹ ਨਿਖੁਟ ਖਜ਼ਾਨੇ ਦਾ ਸਵਾਮੀ ਹੈ ਅਤੇ ਸਦੀਆਂ ਤੋਂ ਇਹ ਮਨੁੱਖ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਦਾਤਾ ਹੈ, ਦਾਤਾਂ ਦੇਣ ਵਾਲਾ ਹੈ, ਸਾਡੀ ਆਤਮਿਕ ਤੇ ਸਦਾਚਾਰਕ ਰੌਸ਼ਨੀ ਦਾ ਸਰਚਸ਼ਮਾ ਹੈ ਤੇ ਬਿਨਾਂ ਭੇਦ ਭਾਵ ਦੇ ਹਰ ਤਪਦੇ ਮਨ ਨੂੰ ਆਪਣੀਆਂ ਬੇਸ਼ਬਹਾ (ਬੇਅੰਤ) ਅਗੰਮੀ ਰਹਿਮਤਾਂ ਨਾਲ ਖੁਸ਼ੀਆਂ ਖੇੜੇ ਤੇ ਆਨੰਦ ਬਖਸ਼ਦਾ ਹੈ। ਇਹ ਉਹ ਅਧਿਆਤਮਿਕ ਬੇਰੀ ਹੈ ਜੋ ਪੱਥਰ ਮਾਰਨ ਵਾਲੇ ਨੂੰ ਵੀ ਮਿੱਠੇ ਮਿੱਠੇ ਫਲ ਦੇਂਦੀ ਹੈ। ਇਹ ਉਹ ਕਾਮਧੇਨ ਗਊ ਹੈ ਜੋ ਸਾਡੇ ਕੋਲੋਂ ਲੈਂਦੀ ਕੁਝ ਨਹੀਂ ਪਰ ਸਾਡੀਆਂ ਅਰਸ਼ ਤੋਂ ਲੈ ਕੇ ਫਰਸ਼ ਤਕ ਦੀਆਂ ਸਾਰੀਆਂ ਲੋੜਾਂ ਨੂੰ ਪੂਰਿਆਂ ਕਰ ਕੇ ਜਤਲਾਂਦੀ ਤੱਕ ਵੀ ਨਹੀਂ। ਇਹ ਮਨੁੱਖੀ ਨਸਲ ਦੀ ਕਿਤਨੀ ਖੁਸ਼-ਕਿਸਮਤੀ ਹੈ ਕਿ ਇਸ ਪਵਿੱਤਰਤਾ ਦੇ ਕੁੰਭ ਹਰਿਮੰਦਰ ਤੱਕ ਹਰ ਕਿਸੇ ਦੀ ਬੇਰੋਕ ਟੋਕ ਬੜੀ ਅਸਾਨੀ ਨਾਲ ਰਸਾਈ ਹੋ ਸਕਦੀ ਹੈ ਅਤੇ ਹਰ ਰੋਜ਼ ਲੱਖਾਂ ਪ੍ਰਾਣੀ ਸਾਖਿਆਤ ਤੌਰ ਤੇ ਇਸ ਗੁਰੂ ਧਾਮ ਦੇ ਦਰਸ਼ਨ ਕਰਕੇ ਅਤੇ ਇਸ ਤੋਂ ਵੀ ਵੱਧ ਇਸ ਨਾਲ ਆਤਮਿਕ ਤੌਰ ਤੇ ਸਾਂਝ ਪਾ ਕੇ ਇਸ ਤੋਂ ਮਿਲਦੀਆਂ ਸਦੀਵੀ ਸੁਗਾਤਾਂ ਦੇ ਧਾਰਨੀ ਬਣਦੇ ਹਨ। **ਇਹ ਅਜਿਹੀ ਸੁਭਾਗੀ ਥਾਂ ਹੈ ਜਿਥੇ ਤਿਆਨਬੀ ਦੇ ਕਥਨਾਂ ਅਨੁਸਾਰ ਰੂਹਾਨੀ ਵਾਯੂਮੰਡਲ ਅੱਖੀਂ ਵੇਖਿਆ ਤੇ ਦਿਲੋਂ ਮਹਿਸੂਸਿਆ ਜਾ ਸਕਦਾ ਹੈ। ਇਸ ਅਸਥਾਨ ਦੇ ਦਰਸ਼ਨਾਂ ਨਾਲ ਲੋਕ ਪ੍ਰਲੋਕ, ਹਲਤ ਪਲਤ ਦਾ ਸੁੱਖ ਮਿਲਦਾ ਹੈ। ਇਹ ਹਰਿਮੰਦਰ ਦਾ ਬਿਰਦ ਹੈ ਜੋ ਉਹ ਹਮੇਸ਼ਾ ਪਾਲਦਾ ਆਇਆ ਹੈ ਅਤੇ ਹੁਣ ਵੀ ਪਾਲ ਰਿਹਾ ਹੈ।** ਪਰ ਇਸ ਦੇ ਉਲਟ ਲਾਲਚੀ ਤੇ ਦੰਭੀ ਮਨੁੱਖ ਆਪਣੇ ਨਿੱਜ ਸਵਾਰਥ ਦੀ ਆੜ ਵਿਚ ਆਪਣਾ ਉਲੂ ਸਿੱਧਾ ਕਰਨ ਲਈ ਇਸ ਹਰਿਮੰਦਰ ਸਾਹਿਬ ਨੂੰ ਨੀਵੇਂ ਤੋਂ ਨੀਵੇਂ ਕਰਮਾਂ ਲਈ ਵੀ ਵਰਤਣ ਵਿਚ ਪਿੱਛੇ ਨਹੀਂ ਰਹਿੰਦੇ।

ਸਾਨੂੰ ਸਾਰਿਆਂ ਨੂੰ ਪਤਾ ਹੈ ਕਿ 1919 ਦੀ ਵਿਸਾਖੀ ਤੇ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ਼ ਵਿਚ ਸ਼ਾਂਤੀ ਪੂਰਵਕ ਹੋ ਰਹੀ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਵਿਸ਼ਾਲ ਇਕੱਤਰਤਾ ਤੇ ਬਿਨਾਂ ਕਿਸੇ ਕਾਰਨ ਜਨਰਲ ਡਾਇਰ ਨੇ ਫੌਜ ਲਿਆ ਕੇ ਅੰਧਾ ਧੁੰਦ ਫਾਇਰਿੰਗ ਕਰਵਾ ਕੇ ਭਾਰੀ ਗਿਣਤੀ ਵਿਚ ਨਿਹੱਥੇ ਪੰਜਾਬੀਆਂ ਨੂੰ ਸ਼ਹੀਦ ਕਰ ਦਿੱਤਾ। ਲਾਸ਼ਾਂ ਨਾਲ ਖੂਹ ਭਰਿਆ ਗਿਆ,

ਹਰ ਪਾਸੇ ਚੀਕਾਂ ਤੇ ਪੁਕਾਰਾਂ ਸੁਣਾਈ ਦੇ ਰਹੀਆਂ ਸਨ ਪਰ ਉਸ ਬੇਦਰਦ ਫੌਜੀ ਨੂੰ ਕਿਸੇ ਤੇ ਤਰਸ ਨਾ ਆਇਆ। ਇਸ ਘਟਨਾ ਨਾਲ ਸਾਰੇ ਭਾਰਤ ਵਿਚ ਹਾਹਾਕਾਰ ਮਚ ਗਈ। ਇਹ ਦੁਖਦਾਈ ਖਬਰ ਸੁਣ ਕੇ ਟੈਗੋਰ ਵਰਗੇ ਦਾ ਕਲੇਜਾ ਪਾਟ ਗਿਆ। ਉਸ ਨੇ ਰੋਸ ਵਿਚ ਆ ਕੇ ਆਪਣਾ ਸਨਮਾਨੀਆ ਖਿਤਾਬ ਸਰਕਾਰ ਨੂੰ ਇਹ ਕਹਿ ਕੇ ਵਾਪਸ ਕਰ ਦਿੱਤਾ ਕਿ ਜਿਸ ਸਰਕਾਰ ਨੇ ਮੇਰੇ ਦੇਸ਼ ਦੇ ਨਿਹੱਥੇ ਮਾਸੂਮ ਲੋਕਾਂ ਦਾ ਬੇਦਰਦੀ ਨਾਲ ਵਹਸ਼ਿਹਾਨਾ ਕਤਲੇਆਮ ਕੀਤਾ ਹੋਵੇ ਉਸ ਸਰਕਾਰ ਦਾ ਖਿਤਾਬ ਲੈ ਕੇ ਮੈਂ ਆਪਣੇ ਆਪ ਨੂੰ ਆਪਣੀਆਂ ਹੀ ਨਜ਼ਰਾਂ ਵਿਚ ਘ੍ਰਿਣਤ ਨਹੀਂ ਕਰਨਾ ਚਾਹੁੰਦਾ। ਇਨ੍ਹਾਂ ਹਾਲਤਾਂ ਵਿਚ ਅੰਗਰੇਜ਼ ਨੇ ਕਿਤਨੀ ਮਾੜੀ ਚਾਲ ਚਲੀ। ਫੁਟ ਪਾਓ ਤੇ ਰਾਜ ਕਰੋ ਦੀ ਨੀਤੀ ਨੂੰ ਪ੍ਰਯੋਗ ਵਿਚ ਲਿਆਉਂਦਿਆਂ ਹੋਇਆਂ ਹਰਿਮੰਦਰ ਸਾਹਿਬ ਦੇ ਸਰਬਰਾਹ (ਮੈਨੇਜਰ, ਪ੍ਰਬੰਧਕ) ਅਰੂੜ ਸਿੰਘ ਨੂੰ ਸ਼ਹਿ ਦੇ ਕੇ ਜਾਂ ਮਜਬੂਰ ਕਰਕੇ ਜਨਰਲ ਡਾਇਰ ਦੀਆਂ ਜਲ੍ਹਿਆਂ ਵਾਲੇ ਬਾਗ਼ ਵਿਖੇ ਕੀਤੀਆਂ ਦੇਸ਼ ਲਈ 'ਸ਼ਾਨਦਾਰ ਸੇਵਾਵਾਂ' ਬਦਲੇ ਉਸ ਨੂੰ ਦਰਬਾਰ ਸਾਹਿਬ ਤੋਂ ਸਰੋਪਾ ਤੇ ਸ੍ਰੀ ਸਾਹਿਬ ਭੇਂਟ ਕਰਕੇ ਸਨਮਾਨਿਤ ਕਰਨ ਦੀ ਰਸਮ ਅਦਾ ਕਰਵਾ ਦਿੱਤੀ। ਇੱਥੇ ਤਕ ਕਿ ਹਤਿਆਰੇ ਡਾਇਰ ਬਾਰੇ ਇਹ ਵੀ ਕਿਹਾ ਗਿਆ ਕਿ ਉਹ ਇਕ ਸੱਚਾ ਸਿੱਖ ਹੈ (ਹਵਾਲਾ ਰਿਪੋਰਟ ਦਰਬਾਰ ਸਾਹਿਬ, ਪੰਨਾ 102)। ਪੈਸੇ ਦੇ ਲਾਲਚੀ, ਅੰਗਰੇਜ਼ ਦੇ ਖੁਸ਼ਾਮਦੀ, ਸਿੱਖ ਧਰਮ ਤੇ ਉਸ ਦੀਆਂ ਰਵਾਇਤਾਂ ਤੋਂ ਬੇਬਹਿਰੇ ਪੁਜਾਰੀ ਅਤੇ ਸਰਬਰਾਹ, ਅੰਗਰੇਜ਼ ਹਾਕਮਾਂ ਨੂੰ ਖੁਸ਼ ਕਰਨ ਲਈ ਕੁਝ ਵੀ ਕਰ ਸਕਦੇ ਸਨ ਤੇ ਕਰਦੇ ਚਲੇ ਆ ਰਹੇ ਸਨ। ਸ. ਮਾਨ ਸਿੰਘ ਪ੍ਰਧਾਨ ਦਰਬਾਰ ਸਾਹਿਬ ਕਮੇਟੀ ਅਰੂੜ ਸਿੰਘ ਤੋਂ ਵੀ ਅੱਗੇ ਨਿਕਲ ਕੇ ਲਾਰਡ ਰਿਪਲ ਨੂੰ ਲਿਖਦਾ ਹੈ ਕਿ ਅਸੀਂ ਤਾਂ ਮਲਕਾ ਮਾਂ ਦੇ ਪਾਵਨ ਚਰਨਾਂ ਤੋਂ ਸਰੀਰਕ ਤੌਰ ਤੇ ਭਾਵੇਂ ਦੂਰ ਹਾਂ ਪਰ ਸੱਤਾਂ ਸਮੁੰਦਰਾਂ ਤੋਂ ਪਾਰ ਰਹਿੰਦੇ ਹੋਏ ਵੀ ਅਸੀਂ ਇਸ ਗੱਲ ਤੇ ਗੌਰਵ ਅਨੁਭਵ ਕਰਦੇ ਹਾਂ ਕਿ ਸਾਡੇ ਸਰੀਰ ਬਰਤਾਨੀਆ ਦੀ ਅਮਾਨਤ ਹਨ। ਅਜਿਹੇ ਚਾਪਲੂਸ ਆਪਣੀ ਨਿਜ ਤੋਂ ਇਲਾਵਾ ਕਿਸੇ ਹੋਰ ਦਾ ਕੀ ਸੰਵਾਰ ਸਕਦੇ ਹਨ?

ਸਾਰੇ ਪੰਜਾਬੀ, ਸਿੱਖ ਤੇ ਭਾਰਤੀ ਜੋ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਕਾਰਨ ਪਹਿਲੇ ਹੀ ਦੁਖੀ ਸਨ ਉਨ੍ਹਾਂ ਨੂੰ ਜਦ ਇਹ ਪਤਾ ਲੱਗਾ ਕਿ ਹਰਿਮੰਦਰ ਸਾਹਿਬ ਤੋਂ ਉਸ ਮਹਾਂ ਕਾਤਲ ਨੂੰ ਸਰੋਪਾ ਦਿੱਤਾ ਗਿਆ ਹੈ ਤਾਂ ਰੋਸ ਦੀ ਇਕ ਹੋਰ ਲਹਿਰ ਨੇ ਜਨਮ ਲੈ ਲਿਆ। ਸਿੱਖ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਉਨ੍ਹਾਂ ਦੇ ਪਵਿੱਤਰ ਗੁਰਧਾਮ ਬਾਰੇ ਆਮ ਭਾਰਤੀਆਂ ਦੇ ਮਨਾਂ ਵਿਚ ਫਜ਼ੂਲ ਦੀ ਨਰਾਜ਼ਗੀ ਪੈਦਾ ਕਰ ਦਿੱਤੀ ਜਾਵੇ ਪਰ ਹੁਕਮਰਾਨ ਵਰਗ ਤੇ ਟਾਊਟ ਪ੍ਰਬੰਧਕ ਸਭ ਕੁਝ ਕਰ ਗੁਜ਼ਰਨ ਵਿਚ ਪਿੱਛੇ ਨਹੀਂ ਸਨ ਰਹੇ। ਸਿੱਖਾਂ ਨੇ ਅਰੂੜ ਸਿੰਘ ਦੀ ਇਸ ਸ਼ਰਮਨਾਕ ਹਰਕਤ

ਵਿਰੁਧ ਜ਼ੋਰਦਾਰ ਆਵਾਜ਼ ਬੁਲੰਦ ਕਰ ਦਿੱਤੀ। ਸਾਲ ਡੇਢ ਸਾਲ ਤਕ ਇਹ ਜੱਦੋ ਜਹਿਦ ਚਲਦੀ ਰਹੀ। ਆਖਰ ਸਿੱਖਾਂ ਨੇ 29 ਅਗਸਤ, 1920 ਦੀ ਤਾਰੀਖ ਮੁਕੱਰਰ ਕਰ ਦਿੱਤੀ ਕਿ ਜੇਕਰ ਇਸ ਮਿਤੀ ਤਕ ਸਰਬਰਾਹ ਨੂੰ ਦਰਬਾਰ ਸਾਹਿਬ ਦੀ ਭਾਰੀ ਕੁਵਰਤੋਂ ਕਰਨ ਕਾਰਨ ਹਟਾਇਆ ਨਾ ਗਿਆ ਤਾਂ ਉਹ ਕੌਮੀ ਪੱਧਰ ਤੇ ਮੋਰਚਾ ਲਗਾ ਦੇਣਗੇ। ਇਸ ਅਲਟੀਮੇਟਮ ਤੋਂ ਸਰਕਾਰ ਘਬਰਾ ਗਈ। ਅਰੂੜ ਸਿੰਘ ਜਲ੍ਹਿਆਂ ਵਾਲੇ ਬਾਗ਼ ਵਿਚ ਸਿੰਘਾਂ ਦੀ ਹੋ ਰਹੀ ਮੀਟਿੰਗ ਵਿਚ ਖੁਦ ਪੇਸ਼ ਹੋ ਗਿਆ। ਉਸ ਨੇ ਆਪਣੇ ਕੁਕਰਮਾਂ ਲਈ ਮਾਫੀ ਮੰਗੀ ਤੇ ਆਪਣੇ ਪਦ ਤੋਂ ਅਸਤੀਫਾ ਦੇ ਕੇ ਜਾਨ ਛੁਡਾਈ। ਸਿੱਖ ਸੰਗਤਾਂ ਇਸ ਗੱਲੋਂ ਬਹੁਤ ਦੁਖੀ ਸਨ ਕਿ ਹਰਿਮੰਦਰ ਸਾਹਿਬ ਵਰਗੇ ਪਵਿੱਤਰ ਅਸਥਾਨ ਨੂੰ ਵੀ ਮੌਕਾ ਪ੍ਰਸਤ ਲੋਕਾਂ ਨੇ ਆਪਣੇ ਨਾਪਾਕ ਕਰਮਾਂ ਸਦਕਾ ਕੁਸੱਤ ਅਤੇ ਕੁਧਰਮ ਦਾ ਅੱਡਾ ਬਣਾ ਦੇਣ ਵਿਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ।

ਅਰੂੜ ਸਿੰਘ ਦੇ ਅਸਤੀਫੇ ਨਾਲ ਵੀ ਸਿੱਖ ਪੂਰੀ ਤਰ੍ਹਾਂ ਸ਼ਾਂਤ ਨਾ ਹੋਏ ਤੇ ਉਨ੍ਹਾਂ ਦਾ ਇਹ ਰੋਸ ਤੇ ਗੁੱਸਾ ਆਖਰਕਾਰ ਇਕ ਲਹਿਰ ਦਾ ਰੂਪ ਧਾਰਨ ਕਰ ਗਿਆ ਅਤੇ ਇਸ ਰੋਸ ਨੂੰ ਸਾਹਮਣੇ ਰਖ ਕੇ ਉਨ੍ਹਾਂ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਲਗਾ ਦਿੱਤਾ, ਫਿਰ ਗੁਰੂ ਦੇ ਬਾਗ਼ ਦਾ ਮੋਰਚਾ ਸ਼ੁਰੂ ਹੋ ਗਿਆ। ਇਸ ਦੇ ਨਾਲ ਹੀ ਜੈਤੋਂ ਦਾ ਮੋਰਚਾ, ਨਨਕਾਣਾ ਸਾਹਿਬ ਦਾ ਸਾਕਾ ਕੁਝ ਅਜਿਹੀਆਂ ਘਟਨਾਵਾਂ ਉਪਰੋ ਥਲੀ ਹੋਈਆਂ ਜਿਨ੍ਹਾਂ ਵਿਚ ਸਿੰਘਾਂ ਨੇ ਹਸ ਹਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਹਰ ਕਿਸਮ ਦੇ ਤਸੀਹੇ ਝੱਲੇ ਪਰ ਅੰਗਰੇਜ਼ ਅਤੇ ਉਸ ਦੇ ਪਿੱਠੂ ਕਰਿੰਦਿਆਂ ਅਤੇ ਮਹੰਤਾਂ ਪਾਸੋਂ ਹਰਿਮੰਦਰ ਸਾਹਿਬ ਸਮੇਤ ਸਾਰੇ ਗੁਰਧਾਮ ਅਜ਼ਾਦ ਕਰਵਾ ਲਏ ਤੇ ਇਵੇਂ ਅੰਗਰੇਜ਼ ਸਰਕਾਰ ਦੇ ਗੋਡੇ ਲਗ ਗਏ। ਸਰਕਾਰ ਨੇ 11 ਜਨਵਰੀ 1922 ਨੂੰ ਐਲਾਨ ਕੀਤਾ ਕਿ ਉਹ ਦਰਬਾਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪ ਰਹੀ ਹੈ ਅਤੇ ਅੰਮ੍ਰਿਤਸਰ ਦੇ ਡੀ. ਸੀ. ਨੇ ਨਮੋਸ਼ੀ ਝਲਦਿਆਂ ਤੋਸ਼ੇਖਾਨੇ ਦੀਆਂ ਚਾਬੀਆਂ ਬਾਬਾ ਖੜਕ ਸਿੰਘ ਦੇ ਸਪੁਰਦ ਕਰਕੇ ਜਾਨ ਛਡਵਾਈ। 1925 ਵਿਚ ਸਰਕਾਰ ਨੂੰ ਮਜਬੂਰਨ ਗੁਰਦਵਾਰਾ ਐਕਟ ਪਾਸ ਕਰਨਾ ਪਿਆ ਅਤੇ ਸਾਰੇ ਇਤਿਹਾਸਕ ਅਸਥਾਨ ਸਿੱਖਾਂ ਦੀ ਨੁਮਾਇੰਦਾ ਧਾਰਮਿਕ ਜਥੇਬੰਦੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਏ ਤਾ ਕਿ ਇਨ੍ਹਾਂ ਅਸਥਾਨਾਂ ਨੂੰ ਸਰਕਾਰ ਜਾਂ ਕੋਈ ਹੋਰ ਖੁਦਗਰਜ਼ ਮਨੁੱਖ ਕੌਮੀ ਭਾਵਨਾਵਾਂ ਦੇ ਉਲਟ ਗ਼ਲਤ ਕੰਮ ਕਰਕੇ ਇਨ੍ਹਾਂ ਦੀ ਪਵਿੱਤਰਤਾ ਅਤੇ ਆਭਾ ਨੂੰ ਠੇਸ ਨਾ ਪਹੁੰਚਾ ਸਕੇ।

ਜਿਵੇਂ ਹਵਾ ਸਾਨੂੰ ਸਵਾਸ ਬਖਸ਼ਦੀ ਹੈ, ਇਸੇ ਤਰ੍ਹਾਂ ਹਰਿਮੰਦਰ ਸਾਨੂੰ ਜੀਵਨ ਬਖਸ਼ਦਾ ਹੈ, ਇਜ਼ਤ ਮਾਣ ਵਾਲਾ ਜੀਵਨ ਜਿਸ ਵਿਚ ਸਦਾਚਾਰਕ ਤੇ

ਧਾਰਮਿਕ ਉੱਚਤਾ ਪਰਮ ਸਰੇਸ਼ਠ ਹੁੰਦੀ ਹੈ ਪਰ ਜਿਵੇਂ ਕਿ ਹਵਾਲਾ ਦਿੱਤਾ ਜਾ ਚੁਕਾ ਹੈ ਕਿ ਜਦ ਵੀ ਮਨੁੱਖ ਦਾ ਵਾਹ ਲਗਦਾ ਹੈ ਉਹ ਇਸੇ ਹਰਿਮੰਦਰ ਦੀ ਕੁਵਰਤੋਂ ਕਰਨ ਵਿਚ ਪਿੱਛੇ ਨਹੀਂ ਰਹਿੰਦਾ। ਦੂਜੀ ਮਿਸਾਲ ਨੀਲਾ ਤਾਰਾ ਓਪਰੇਸ਼ਨ ਦੀ ਸਾਡੇ ਸਾਹਮਣੇ ਹੈ। ਪਹਿਲੇ ਤਾਂ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਤੇ ਕੁਵਰਤੋਂ ਬਿਗਾਨਿਆਂ ਨੇ ਕੀਤੀ ਪਰ ਇਸ ਓਪਰੇਸ਼ਨ ਦੌਰਾਨ ਆਪਣਿਆਂ ਨੇ ਕੋਈ ਕਸਰ ਨਾ ਰਖੀ। ਟੈਂਕ ਤਕ ਚੜ੍ਹਾਅ ਕੇ ਪ੍ਰਕਰਮਾ ਵਿਚ ਲੈ ਆਏ। ਇਵੇਂ ਲਗਦਾ ਸੀ ਜਿਵੇਂ ਮਨੁੱਖ ਇਨ੍ਹਾਂ ਟੈਂਕਾਂ ਦੇ ਜ਼ੋਰ ਨਾਲ ਆਪਣੇ ਸਿਰਜਣਹਾਰ ਨੂੰ ਨੀਵਾਂ ਦਿਖਾਣ ਲਈ ਤੁਲ ਪਿਆ ਹੈ ਅਤੇ ਜੋ ਕੁਝ ਵੀ ਉੱਥੇ ਹੋਇਆ ਹੈ, ਕਿਸੇ ਤੋਂ ਭੁਲਿਆ ਹੋਇਆ ਨਹੀਂ। ਮਾਨਵੀ ਹਿਰਦੇ ਤੜਪ ਉਠੇ ਚਾਹੇ ਤਾਂ ਉਨ੍ਹਾਂ ਵਿਚ ਪੋਪ ਦਾ ਹਿਰਦਾ ਸੀ ਜਾਂ ਦੇਵੀ ਰੂਪੀ ਮਦਰ ਟਰੇਸਾ ਦਾ (ਹਵਾਲਾ ਸਿੱਖ ਰਿਵਿਊ ਜੂਨ 1998 ਪੰਨਾ 39)। ਹਾਂ ਇਤਨਾ ਜ਼ਰੂਰ ਹੈ ਕਿ ਇਸ ਨੀਲਾ ਤਾਰਾ ਓਪਰੇਸ਼ਨ ਦੇ ਇਨਚਾਰਜ ਜਨਰਲ ਸੁੰਦਰਜੀ ਦੀ ਧਰਮ ਪਤਨੀ ਸ੍ਰੀਮਤੀ ਵਾਨੀ ਨੇ ਆਪਣੇ ਘਰ ਵਾਲੇ ਦੀ ਮੌਤ ਪਿਛੋਂ ਰਲੀਜ਼ ਹੋਈ ਉਸਦੀ ਪੁਸਤਕ 'Some consequences a soldier remembers' ਦੀ ਭੂਮਿਕਾ ਵਿਚ ਲਿਖਿਆ ਹੈ ਕਿ ਨੀਲਾ ਤਾਰਾ ਓਪਰੇਸ਼ਨ ਤੋਂ ਪਿਛੋਂ ਉਸ ਦਾ ਘਰ ਵਾਲਾ ਹਮੇਸ਼ਾ ਉਦਾਸ ਰਹਿਣ ਲਗ ਪਿਆ ਅਤੇ ਉਸ ਦੀ ਜ਼ਿੰਦਗੀ ਵਿਚੋਂ ਹਾਸੇ ਸਦਾ ਲਈ ਗਵਾਚ ਗਏ। ਉਹ ਮਨ ਹੀ ਮਨ ਵਿਚ ਇਸ ਗੱਲੋਂ ਵੀ ਦੁਖੀ ਸੀ ਕਿ ਉਸ ਨੂੰ ਟਰੇਨਿੰਗ ਤਾਂ ਦੁਸ਼ਮਣ ਨਾਲ ਲੋਹਾ ਲੈਣ ਲਈ ਦਿੱਤੀ ਗਈ ਸੀ ਪਰ ਲੜਨਾ ਆਪਣਿਆਂ ਨਾਲ ਪੈ ਰਿਹਾ ਸੀ। ਉਸ ਅਨੁਸਾਰ ਇੰਦਰਾ ਗਾਂਧੀ ਨੇ ਉਸ ਨੂੰ 3 ਜੂਨ 1984 ਨੂੰ ਰਾਤ ਕੁਵੇਲੇ ਦਿੱਲੀ ਬੁਲਾ ਕੇ ਅਜਿਹਾ ਕੁਝ ਕਰਨ ਦਾ ਹੁਕਮ ਦਿੱਤਾ ਸੀ (ਹਵਾਲਾ ਟਰਿਬਿਊਨ ਤੇ ਅਜੀਤ 6-3-2000)।

ਗੱਲ ਇੱਥੇ ਹੀ ਨਹੀਂ ਮੁਕੀ ਬਾਕੀ ਰਹਿੰਦੀ ਕਸਰ ਫਿਰ ਆਪਣਿਆਂ ਨੇ 1986 ਵਿਚ ਪੂਰੀ ਕਰ ਦਿੱਤੀ ਜਦ ਬਲੈਕ ਥੰਡਰ ਓਪਰੇਸ਼ਨ ਦੇ ਸਿਤਮ ਹਰਿਮੰਦਰ ਸਾਹਿਬ ਨੂੰ ਝਲਣੇ ਪਏ। ਦੁੱਧ ਨਾਲ ਧੋਤੇ ਜਾਣ ਵਾਲੇ ਤੇ ਅਤਰ ਫਲੇਲਾਂ ਦੀਆਂ ਖੁਸ਼ਬੂਆਂ ਨਾਲ ਮੁਅੱਤਰ ਕੀਤੇ ਜਾਣ ਵਾਲੇ ਹਰਿਮੰਦਰ ਨੂੰ ਆਪਣੇ ਨਿਜ ਲਈ ਇਵੇਂ ਵਰਤਿਆ ਗਿਆ ਕਿ ਮਸੇ ਰੰਘੜ ਦੇ ਵੀ ਰੀਕਾਰਡ ਮਾਤ ਪੈ ਗਏ। ਲਿਖਦਿਆਂ ਸ਼ਰਮ ਆਉਂਦੀ ਹੈ ਕਿ ਸੰਸਾਰ ਦੇ ਸਵਛਤਮ ਅਤੇ ਸ਼ੁੱਧਤਾ ਦੀਆਂ ਸਿਖਰਾਂ ਛੂਹੰਦੇ ਇਸ ਹਰਿਮੰਦਰ ਨੂੰ ਮਲੀਨ ਕਰ ਦਿੱਤਾ ਗਿਆ। ਜਦ ਦੁਨੀਆ ਨੂੰ ਇਹ ਸਭ ਕੁਝ ਟੀ. ਵੀ. ਤੇ ਦਖਾਇਆ ਗਿਆ ਤਾਂ ਰੱਬ ਦੇ ਇਸ ਸੁੱਚੇ ਘਰ ਨੂੰ ਪਿਆਰ ਸਹਿਤ ਪੂਜਣ ਵਾਲੇ ਸ਼ਰਧਾਲੂਆਂ ਦੇ ਪੈਰਾਂ ਥਲੋਂ ਜ਼ਮੀਨ ਨਿਕਲ ਗਈ। ਹਰ ਚਿਹਰੇ ਤੇ ਦੁਖ ਹੀ ਦੁਖ ਦਿਸਦਾ ਸੀ।

ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ
ਤਿਨੀ ਜਨਮੁ ਗਵਾਤਾ॥ ਅੰਗ-953

ਆਧੁਨਿਕ ਮਨੁੱਖ ਇਸ ਹੱਦ ਤਕ ਵੀ ਇਸ ਪਵਿੱਤਰ ਅਸਥਾਨ ਦੀ ਪਵਿੱਤਰਤਾ ਨੂੰ ਭੰਗ ਕਰ ਸਕਦਾ ਹੈ, ਇਹ ਸਵਾਲ ਹਰ ਕਿਸੇ ਦੀ ਜ਼ਬਾਨ ਤੇ ਸੀ। ਹਰ ਇਨਸਾਫ ਪਸੰਦ ਤੇ ਧਾਰਮਿਕ ਜਜ਼ਬਿਆਂ ਨੂੰ ਸਤਿਕਾਰ ਦੇਣ ਵਾਲਾ ਪ੍ਰਾਣੀ ਇਹ ਦੇਖ ਕੇ ਇਹੀ ਕਹਿ ਰਿਹਾ ਸੀ ਕਿ ਮਨੁੱਖ ਇਸ ਤੋਂ ਵਧ ਇਸ ਗੁਰਧਾਮ ਦਾ ਹੋਰ ਕੀ ਅਨਾਦਰ ਕਰ ਸਕਦਾ ਹੈ ਅਤੇ ਮਨੁੱਖ ਵੀ ਉਹ ਜੋ ਇਸ ਦਾ ਹੀ ਅੰਗ ਹੋਵੇ ਤੇ ਉਹ ਵੀ ਅਨਿਖੜਵਾਂ। ਜ਼ਰਾ ਧਿਆਨ ਨਾਲ ਸੋਚੀਏ ਤਾਂ ਸਾਡਾ ਸਿਰ ਸ਼ਰਮ ਨਾਲ ਝੁਕ ਜਾਵੇਗਾ ਕਿ ਹਰਿਮੰਦਰ ਤਾਂ ਸਾਨੂੰ ਦੁਨੀਆ ਦੀਆਂ ਹਰ ਪਰਕਾਰ ਦੀਆਂ ਸੌਗ਼ਾਤਾਂ ਦੇਂਦਾ ਹੈ, ਮਾਨਸਿਕ ਸੰਤੁਸ਼ਟਤੀ ਬਖਸ਼ਦਾ ਹੈ, ਆਤਮਿਕ ਖੇੜਾ ਪ੍ਰਦਾਨ ਕਰਦਾ ਹੈ ਪਰ ਬਦਲੇ ਵਿਚ ਜਦ ਕਦੇ ਸਾਨੂੰ ਮੌਕਾ ਮਿਲਦਾ ਹੈ, ਅਸੀਂ ਉਸ ਨੂੰ ਕੀ ਦੇਂਦੇ ਹਾਂ? ਆਪਣੇ ਸਵਾਲ ਦਾ ਆਪ ਹੀ ਜਵਾਬ ਆਪਣੇ ਹੀ ਮਨ ਵਿਚੋਂ ਲਭ ਕੇ ਕੁਝ ਘੜੀਆਂ ਪਸਚਾਤਾਪ ਕਰਨ ਦੀਆਂ ਸਾਨੂੰ ਆਪਣੇ ਪਲੇ ਪਾਉਣੀਆਂ ਚਾਹੀਦੀਆਂ ਹਨ ਅਤੇ ਸ਼ਰਮ ਨਾਲ ਸਾਨੂੰ ਇਹ ਕਹਿਣਾ ਬਣਦਾ ਹੈ:

ਗੋਬਿੰਦ ਹਮ ਐਸੇ ਅਪਰਾਧੀ॥
ਜਿਨਿ ਪ੍ਰਭਿ ਜੀਉ ਪਿੰਡੁ (ਸਰੀਰ) ਥਾ ਦੀਆ
ਤਿਸ ਕੀ ਭਾਉ ਭਗਤਿ ਨਹੀ ਸਾਧੀ॥ ਅੰਗ-970/71

ਆਓ ਆਪਣੀ ਨਿਜਤਾ ਤੋਂ ਉੱਤੇ ਉਠ ਕੇ ਅਸੀਂ ਸਾਰੇ ਰਲ ਮਿਲ ਕੇ ਹਰਿਮੰਦਰ ਦਾ ਬਿਰਦ ਪਛਾਣੀਏ ਅਤੇ ਸਤਿਕਾਰੀਏ। ਇਸ ਪਵਿੱਤਰਤਮ ਧਾਮ ਨੂੰ ਆਪਣੇ ਨਿੱਕੇ ਨਿੱਕੇ ਸਵਾਰਥਾਂ ਦੀ ਪੂਰਤੀ ਲਈ ਵਰਤਣ ਤੋਂ ਸੰਕੋਚ ਕਰੀਏ। ਚੋਰੀਆਂ, ਯਾਰੀਆਂ, ਫਰੇਬੀਆਂ, ਪੈਂਤੜੇਬਾਜ਼ੀਆਂ, ਨਫ਼ਰਤਾਂ, ਦੁਸ਼ਮਣੀਆਂ ਵਰਗੇ ਨਾਜ਼ੇਬ ਪ੍ਰਭਾਵਾਂ ਨਾਲ ਹਰਿਮੰਦਰ ਦੇ ਸਦੀਆਂ ਤੋਂ ਚਲੇ ਆ ਰਹੇ ਪਾਵਨ ਵਾਤਾਵਰਨ ਨੂੰ ਖਰਾਬ ਨਾ ਕਰੀਏ, ਪ੍ਰਦੂਸ਼ਤ ਨਾ ਹੋਣ ਦੇਈਏ ਤਾਕਿ ਹਰ ਪਰਕਾਰ ਦੇ ਯਾਤਰੀ ਨੂੰ ਇੱਥੇ ਆ ਕੇ ਆਤਮਕ ਸਕੂਨ ਮਿਲ ਸਕੇ। ਜੇ ਅਸੀਂ ਅਜਿਹਾ ਨਾ ਕੀਤਾ ਤਾਂ ਅਸੀਂ ਪਾਪਾਂ ਦੇ ਅਧਿਕਾਰੀ ਹੋਵਾਂਗੇ ਅਤੇ ਆਉਂਦੀਆਂ ਨਸਲਾਂ ਦੀ ਨਖੇਧੀ ਦੇ ਪਾਤਰ ਬਣਾਂਗੇ। ਉਸ ਹਾਲਤ ਵਿੱਚ ਸ਼ਾਇਦ ਇਹ ਠੀਕ ਹੀ ਹੋਵੇਗਾ ਕਿ:

ਇਵੇਂ ਲਗਦਾ ਹੈ ਖੇਡ ਇਹ ਜ਼ਿੰਦਗੀ ਦੀ
ਬਣੀ ਮੌਤਾਂ ਦਾ ਦਿਲ ਪ੍ਰਚਾਣ ਖਾਤਰ।

.42.

ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਸਬੰਧੀ ਵਿਵਾਦ

ਕੜਾਹ ਪ੍ਰਸ਼ਾਦ ਸਿੱਖ ਧਰਮ ਦਾ ਪ੍ਰਮੁਖ ਪ੍ਰਸ਼ਾਦ ਹੈ ਜਿਸ ਨੂੰ ਅਤੀ ਪਵਿੱਤਰ ਬਖਸ਼ਸ਼ ਸਮਝ ਕੇ ਸਤਿਕਾਰੀ ਭਾਵਨਾ ਨਾਲ ਛਕਿਆ ਜਾਂਦਾ ਹੈ। ਪੁਰਾਤਨ ਗੁਰਸਿੱਖ ਇਸ ਨੂੰ ਪੰਚਾ-ਅੰਮ੍ਰਿਤ ਮਹਾਂ ਪ੍ਰਸ਼ਾਦ, ਦੇਗ ਜਾਂ ਕੁਣਕਾ ਵੀ ਕਹਿੰਦੇ ਹੁੰਦੇ ਸਨ। ਕੜਾਹ ਪ੍ਰਸ਼ਾਦ ਸ੍ਰੀ ਸਾਹਿਬ ਭੇਟ ਕਰਨ ਉਪਰੰਤ ਹੀ ਸੰਗਤ ਵਿਚ ਵਰਤਾਇਆ ਜਾਂਦਾ ਹੈ। ਇਸ ਦਾ ਇਕ ਕਿਣਕਾ ਵੀ ਸ਼ਰਧਾਲੂ ਨੂੰ ਇਹ ਅਹਿਸਾਸ ਦਵਾ ਦੇਂਦਾ ਹੈ ਕਿ ਇਸ ਦੇ ਸੇਵਨ ਨਾਲ ਉਸ ਦੀ ਆਤਮਾ ਸ਼ੁਧ, ਮਨ ਤ੍ਰਿਪਤ ਅਤੇ ਸਰੀਰ ਤੰਦਰੁਸਤ ਹੋ ਜਾਂਦਾ ਹੈ। ਕੜਾਹ ਪ੍ਰਸ਼ਾਦ ਦੀ ਇਤਨੀ ਮਹਤਤਾ ਨੂੰ ਦੇਖਦਿਆਂ ਹੋਇਆਂ ਜਦ ਵੀ ਕੋਈ ਸਿੱਖ ਕਿਸੇ ਗੁਰਧਾਮ ਤੇ ਜਾਂਦਾ ਹੈ ਤਾਂ ਆਪਣੀ ਵਿਤ ਅਨੁਸਾਰ ਕੜਾਹ ਪ੍ਰਸ਼ਾਦ ਦਾ ਚੜ੍ਹਾਵਾ ਸਤਿਗੁਰਾਂ ਅੱਗੇ ਚੜ੍ਹਾ ਕੇ ਪ੍ਰਸੰਨਤਾ ਅਨੁਭਵ ਕਰਦਾ ਹੈ।

ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਿੱਖ ਜਗਤ ਦੇ ਪਰਮ ਸਤਿਕਾਰਤ ਅਸਥਾਨ ਹਨ ਤੇ ਇਨ੍ਹਾਂ ਦੀ ਕਦਮ ਬੋਸੀ ਲਈ ਜੋ ਕੋਈ ਵੀ ਪ੍ਰਾਣੀ ਇੱਥੇ ਆਉਂਦਾ ਹੈ ਉਹ ਸ਼ਰਧਾ ਵਸ ਕੜਾਹ ਪ੍ਰਸ਼ਾਦ ਜ਼ਰੂਰ ਚੜ੍ਹਾਉਂਦਾ ਹੈ। ਇਹ ਪ੍ਰਥਾ ਖੁਦ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਹੈ ਜੋ ਬੜੇ ਪਿਆਰ ਨਾਲ ਆਪ ਕੜਾਹ ਪ੍ਰਸ਼ਾਦ ਆਪਣੇ ਘਰੋਂ ਤਿਆਰ ਕਰਕੇ ਦਰਬਾਰ ਸਾਹਿਬ ਲਿਆਉਂਦੇ ਹੁੰਦੇ ਸਨ (ਹਵਾਲਾ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ ਜਿਲਦ ਦੂਜੀ ਪੰਨਾ 432 ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ)। ਸਿੱਖ ਸੰਗਤਾਂ ਵੀ ਇਵੇਂ ਹੀ ਕਰਕੇ ਕੜਾਹ ਪ੍ਰਸ਼ਾਦ ਦੀ ਪਵਿੱਤਰ ਮਰਿਆਦਾ ਨੂੰ ਹਰਿਮੰਦਰ ਸਾਹਿਬ ਵਿਚ ਤੋਰਦੀਆਂ ਆ ਰਹੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਤਕ ਕੜਾਹ ਪ੍ਰਸ਼ਾਦ ਦੀ ਸੇਵਾ ਨਿਰਵਿਘਨ ਚਲਦੀ ਰਹੀ ਪਰ ਜਦ ਸਿੱਖ ਰਾਜ ਦੇ ਖਾਤਮੇ ਮਗਰੋਂ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਗਿਆ ਤਾਂ ਦਰਬਾਰ ਸਾਹਿਬ ਦਾ ਪ੍ਰਬੰਧ ਵੀ ਸਿੱਧੇ ਤੌਰ ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਹੱਥ ਵਿਚ ਚਲਾ ਗਿਆ ਜਿਸ ਨੇ ਇਕ ਸਿੱਖ ਨੂੰ ਸਰਬਰਾਹ (ਮੈਨੇਜਰ) ਸਥਾਪਤ ਕਰਕੇ ਕਾਰਜ ਚਲਾਉਣ ਦੀ ਪ੍ਰਥਾ ਤੋਰੀ। ਇਹ ਸਰਬਰਾਹ ਗੁਰੂ ਘਰ ਦੀ ਮਰਿਆਦਾ ਦਾ ਘਟ ਖਿਆਲ ਰਖਦਾ ਅਤੇ ਆਪਣੇ ਅੰਗਰੇਜ਼ ਹਾਕਮਾਂ ਨੂੰ ਖੁਸ਼ ਰੱਖਣ ਵਿਚ ਹਮੇਸ਼ਾ ਵਧੇਰੇ ਫਿਕਰਮੰਦ ਰਹਿੰਦਾ ਅਤੇ ਕਈ ਵਾਰੀ ਉਨ੍ਹਾਂ ਦੇ ਇਸ਼ਾਰਿਆਂ ਤੇ ਨਚਦਿਆਂ ਉਹ ਅਜਿਹੀਆਂ ਕੁਰੀਤੀਆਂ

ਵੀ ਕਰ ਜਾਂਦਾ, ਜਿਨ੍ਹਾਂ ਨੂੰ ਕੌਮ ਵਲੋਂ ਬਰਦਾਸ਼ਤ ਕਰਨਾ ਔਖਾ ਹੁੰਦਾ। ਦਰਬਾਰ ਸਾਹਿਬ ਅਤੇ ਅਕਾਲ ਤਖਤ ਦੀ ਸਾਰੀ ਮਰਿਆਦਾ ਪੁਜਾਰੀਆਂ ਤੇ ਮਹੰਤਾਂ ਦੇ ਅਧੀਨ ਹੋਣ ਕਾਰਨ ਇਹ ਅਸਥਾਨ ਸਿੱਖ ਰਹੁ-ਰੀਤੀ ਨਾਲੋਂ ਹਿੰਦੂ ਰੀਤਾਂ ਰਿਵਾਜਾਂ ਨਾਲ ਵਧੇਰੇ ਜੁੜੇ ਜਾਪਦੇ ਲਗਣ ਲਗ ਪਏ। ਸਿੱਖ ਸੰਗਤਾਂ ਇਹ ਵੀ ਬਰਦਾਸ਼ਤ ਨਹੀਂ ਸਨ ਕਰ ਸਕਦੀਆਂ ਇਸ ਲਈ ਦਰਬਾਰ ਸਾਹਿਬ ਦੇ ਅਜਿਹੇ ਮਸਲਿਆਂ ਨੂੰ ਲੈ ਕੇ ਸਿੱਖਾਂ ਲਈ ਬੇਚੈਨੀ ਦਾ ਮਾਹੌਲ ਬਣਿਆ ਰਹਿੰਦਾ। ਜਿਹੜਾ ਵਿਅਕਤੀ ਸਿੱਖ ਇਤਿਹਾਸ ਤੋਂ ਥੋੜ੍ਹਾ ਜਿਹਾ ਵੀ ਜਾਣੂ ਹੈ ਉਹ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਜ਼ਾਤ ਪਾਤ, ਊਚ ਨੀਚ ਦੀਆਂ ਵੰਡੀਆਂ ਖਤਮ ਕਰਨ ਲਈ ਬੜੇ ਤਕੜੇ ਸੰਘਰਸ਼ ਕੀਤੇ ਤੇ ਸਾਂਝੀ ਸੰਗਤ, ਸਾਂਝੀ ਪੰਗਤ, ਸਾਂਝੇ ਤੀਰਥ, ਸਾਂਝੇ ਸਰੋਵਰਾਂ ਦੀ ਅਮਲੀ ਪਿਰਤ ਪਾ ਕੇ ਮਨੁੱਖ ਮਨੁੱਖ ਵਿਚ ਹਰ ਪ੍ਰਕਾਰ ਦਾ ਭੇਦ ਭਾਵ ਮਿਟਾ ਦਿੱਤਾ ਪਰ ਇਨ੍ਹਾਂ ਪੁਜਾਰੀਆਂ ਨੇ ਗੁਰੂ ਸਾਹਿਬਾਨ ਦੀ ਇਸ ਕੀਰਤੀ ਨੂੰ ਨਿਰ-ਅਸਰ ਕਰਨ ਦੇ ਮਨਸੂਬੇ ਬਣਾ ਕੇ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਤੇ ਕਥਿਤ ਛੋਟੀਆਂ ਜ਼ਾਤਾਂ ਵਾਲੇ ਸਿੱਖਾਂ ਦਾ ਕੜਾਹ ਪ੍ਰਸ਼ਾਦ ਵੀ ਅਪਰਵਾਨ ਕਰ ਦਿੱਤਾ। ਜੋ ਵੀ ਅਜਿਹਾ ਵਿਅਕਤੀ ਪ੍ਰਸ਼ਾਦ ਲੈ ਕੇ ਆਉਂਦਾ ਇਹ ਪੁਜਾਰੀ ਅਤੇ ਮਹੰਤ ਉਸ ਪ੍ਰਸ਼ਾਦ ਨੂੰ ਬਿਨਾਂ ਪ੍ਰਵਾਨ ਕੀਤੇ ਵਾਪਸ ਕਰ ਦੇਂਦੇ। ਦੁਖੀ ਹੋ ਕੇ ਕਥਿਤ ਛੋਟੀਆਂ ਜਾਤਾਂ ਦੇ ਲੋਕੀ ਸਿੱਖੀ ਛੱਡ ਕੇ ਈਸਾਈ ਬਣਨ ਲਗ ਪਏ।

ਜਦ ਕੁਝ ਕਥਿਤ ਛੋਟੀਆਂ ਜ਼ਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਅਕਾਲ ਤਖਤ ਅਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਚੜ੍ਹਾਵੇ ਵਜੋਂ ਪ੍ਰਵਾਨ ਨਾ ਕੀਤਾ ਤਾਂ ਉਹ ਈਸਾਈ ਬਣ ਕੇ ਫਿਰ ਪਰਸ਼ਾਦ ਲੈ ਕੇ ਦਰਬਾਰ ਸਾਹਿਬ ਆਏ ਤਦ ਪੁਜਾਰੀਆਂ ਨੇ ਉਨ੍ਹਾਂ ਦਾ ਪ੍ਰਸ਼ਾਦ ਕਬੂਲ ਕਰ ਲਿਆ। ਅੰਗਰੇਜ਼ ਹਾਕਮਾਂ ਨੂੰ ਇਹ ਗੱਲ ਚੰਗੀ ਲਗੀ ਕਿਉਂਕਿ ਇਸ ਤਰ੍ਹਾਂ ਸਿੱਖ ਕੌਮ ਦੇ ਤੀਰਥਾਂ ਤੇ ਪ੍ਰਵਾਨ ਨਾ ਚੜ੍ਹੇ ਛੋਟੀਆਂ ਜਾਤੀਆਂ ਦੇ ਸਿੱਖਾਂ ਦਾ ਈਸਾਈ ਬਣਨ ਦਾ ਰਾਹ ਖੁਲ੍ਹ ਗਿਆ। ਸਿੱਖ ਹਿਰਦੇ ਇਸ ਮੰਦਭਾਗੀ ਸਥਿਤੀ ਤੋਂ ਬਹੁਤ ਦੁਖੀ ਹੋਏ। ਆਖਰ 12 ਅਕਤੂਬਰ, 1920 ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ ਇਕ ਵਿਸ਼ੇਸ਼ ਇਕਤਰਤਾ ਕੀਤੀ ਗਈ ਜਿਥੇ ਸਿੱਖਾਂ ਵੱਲੋਂ ਇਸ ਮਸਲੇ ਨੂੰ ਬਹੁਤ ਗੰਭੀਰਤਾ ਨਾਲ ਵਿਚਾਰਿਆ ਗਿਆ। ਖਾਲਸਾ ਕਾਲਜ ਦੇ ਪ੍ਰੋਫੈਸਰਾਂ ਤੇ ਹੋਰ ਸਿੱਖ ਬੁਧੀ ਜੀਵੀਆਂ ਨੇ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਸਿੱਖ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਵਾਲੀ ਇਹ ਕੋਝੀ ਕਾਰਵਾਈ ਫੌਰਨ ਬੰਦ ਕੀਤੀ ਜਾਵੇ ਅਤੇ ਹਰ ਕਿਸੇ ਦੇ ਕੜਾਹ ਪ੍ਰਸ਼ਾਦ ਦੇ ਚੜ੍ਹਾਵੇ ਨੂੰ ਹਰ ਹਾਲਤ ਵਿਚ ਪ੍ਰਵਾਨ ਕੀਤਾ ਜਾਵੇ ਕਿਉਂਕਿ ਅਜਿਹਾ ਕਰਨਾ ਸਿੱਖ ਭਾਵਨਾਵਾਂ ਅਤੇ ਸਿੱਖਿਆਵਾਂ ਦੇ ਐਨ ਅਨੁਕੂਲ ਹੈ। ਇਸ ਗੱਲ ਤੇ ਪੂਰਾ ਪੂਰਾ ਜ਼ੋਰ ਦਿੱਤਾ

ਗਿਆ ਕਿ ਸਿੱਖ ਲਈ ਕੋਈ ਵੀ ਛੋਟਾ ਨਹੀਂ, ਵੱਡਾ ਨਹੀਂ ਸਗੋਂ ਸਭ ਇਕ ਸਮਾਨ ਹਨ। ਆਪਣੀ ਗੱਲ ਨੂੰ ਹੋਰ ਵਜ਼ਨੀ ਬਣਾਉਣ ਲਈ ਕਥਿਤ ਛੋਟੀ ਜ਼ਾਤਾਂ ਦੇ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਉੱਥੇ ਜਲ੍ਹਿਆਂ ਵਾਲੇ ਬਾਗ਼ ਦੀ ਮੀਟਿੰਗ ਵਿਚ ਹੀ ਅੰਮ੍ਰਿਤ ਛਕਾਇਆ ਗਿਆ ਅਤੇ ਫਿਰ ਉਨ੍ਹਾਂ ਨੂੰ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਉੱਤੇ ਕੜਾਹ ਪ੍ਰਸ਼ਾਦ ਚੜ੍ਹਾਉਣ ਲਈ ਇਕ ਜਲੂਸ ਦੀ ਸ਼ਕਲ ਵਿਚ ਲਿਆਂਦਾ ਗਿਆ। ਜਦ ਸੰਗਤ ਦੇ ਰੂਪ ਵਿਚ ਜੁੜ ਕੇ ਉਨ੍ਹਾਂ ਨਵੇਂ ਸਜੇ ਅੰਮ੍ਰਿਤਧਾਰੀ ਸਿੰਘਾਂ ਨੇ ਦਰਬਾਰ ਸਾਹਿਬ ਦੇ ਪੁਜਾਰੀਆਂ ਨੂੰ ਪ੍ਰਸ਼ਾਦ ਭੇਟ ਕੀਤਾ ਤਾਂ ਉਨ੍ਹਾਂ ਨੇ ਲੈਣ ਤੋਂ ਤੇ ਪ੍ਰਵਾਨ ਕਰਕੇ ਉਸ ਨੂੰ ਵੰਡਣ ਤੋਂ ਸਾਫ ਨਾ ਕਰ ਦਿੱਤੀ। ਇਸ ਤੇ ਉੱਥੇ ਖੂਬ ਗਰਮੋ ਗਰਮੀ ਤੇ ਬਹਿਸਾਂ ਹੋਈਆਂ। ਗੱਲ ਨੂੰ ਕੋਈ ਮਾੜਾ ਰੁਖ ਅਖਤਿਆਰ ਕਰਨ ਤੋਂ ਰੋਕਣ ਲਈ ਇਹ ਫੈਸਲਾ ਹੋਇਆ ਕਿ ਇਸ ਮਾਮਲੇ ਤੇ ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈ ਲਈ ਜਾਵੇ ਕਿਉਂਕਿ ਇਸ ਤੋਂ ਪਹਿਲੇ ਵੀ ਕਈ ਫੈਸਲੇ ਗੁਰੂ ਸਾਹਿਬ ਦੇ ਹੁਕਮਨਾਮੇ ਨੂੰ ਮੁਖ ਰਖ ਕੇ ਹੀ ਕੀਤੇ ਜਾ ਚੁਕੇ ਸਨ (ਹਵਾਲਾ ਰਿਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ –106)। ਇਸ ਫੈਸਲੇ ਤੇ ਅਮਲ ਕਰਨ ਲਈ ਦਰਬਾਰ ਸਾਹਿਬ ਦੇ ਉਸ ਸਮੇਂ ਦੇ ਹੈੱਡ ਗ੍ਰੰਥੀ ਗਿਆਨੀ ਫਤਿਹ ਸਿੰਘ ਨੂੰ ਹੁਕਮ ਲੈਣ ਲਈ ਕਿਹਾ ਗਿਆ। ਸਭ ਸੰਗਤ ਬੜੀ ਸ਼ਰਧਾ ਵਿਚ ਹੁਕਮਨਾਮੇ ਦੀ ਉਡੀਕ ਕਰਨ ਲਗ ਪਈ। ਜਦ ਹੁਕਮਨਾਮਾ ਪ੍ਰਾਰੰਭ ਹੋਇਆ ਤਾਂ ਪਹਿਲੇ ਸ਼ਬਦ ਦੇ ਉਚਾਰਨ ਤੇ ਹੀ ਸਾਰੀ ਸੰਗਤ ਸਤਿਗੁਰਾਂ ਦੇ ਧੰਨਵਾਦ ਵਿਚ ਧੰਨ ਗੁਰੂ ਅਮਰ ਦਾਸ ਜੀ, ਧੰਨ ਗੁਰੂ ਰਾਮ ਦਾਸ ਜੀ, ਧੰਨ ਸਚੇ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਧੰਨ ਧੰਨ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਉਚਾਰਣ ਲਗ ਪਈ। ਹੁਕਮਨਾਮਾ ਐਨ ਮੌਕੇ ਮੁਤਾਬਕ ਸੀ ਜਿਸ ਦੇ ਪਹਿਲੇ ਕੁਝ ਬੋਲ ਇਵੇਂ ਸਨ :

ਸੋਰਠਿ ਮਹਲਾ ੩ :

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮਨਾਮਿ ਚਿਤੁ ਲਾਇ॥
ਹਰਿ ਜੀਉ ਆਪੇ ਬਖਸਿ ਮਿਲਾਇ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ ਰਹਾਉ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥ ਅੰਗ–638

ਸਾਰੇ ਦਾ ਸਾਰਾ ਸ਼ਬਦ ਇਸ ਵਿਸ਼ੇ ਤੇ ਗ਼ਲਤ ਕੰਮ ਕਰਨ ਵਾਲਿਆਂ ਨੂੰ ਸਿਧੇ ਰਸਤੇ ਤੇ ਆਉਣ ਦੀ ਪੁਰਜ਼ੋਰ ਤਾਕੀਦ ਹੀ ਕਰਦਾ ਅੱਗੇ ਵਧਦਾ ਹੈ। ਸ਼ਬਦ ਦੀ ਸਮਾਪਤੀ ਤੇ ਕਿਸੇ ਨੂੰ ਕੋਈ ਸ਼ਕ ਸ਼ੁਭਾ (ਸ਼ੰਕਾ) ਨਾ ਰਿਹਾ ਕਿ ਪ੍ਰਮਾਤਮਾ ਦੀ

ਇਸ ਮਸਲੇ ਤੇ ਕੀ ਮਰਜ਼ੀ ਹੈ। ਪੁਜਾਰੀ ਤੇ ਮਹੰਤ ਨਿਰ ਉੱਤਰ ਹੋ ਗਏ, ਉਨ੍ਹਾਂ ਸਿਰ ਨਿਵਾ ਕੇ ਸਭ ਦਾ ਕੜਾਹ ਪ੍ਰਸ਼ਾਦ ਪ੍ਰਵਾਨ ਕਰ ਲਿਆ। ਸੰਗਤਾਂ ਵਿਚ ਇਸ ਸਫਲਤਾ ਕਾਰਨ ਇਲਾਹੀ ਖ਼ੁਸ਼ੀ ਪਸਰ ਗਈ। ਇਸ ਤੋਂ ਮਗਰੋਂ ਸੰਗਤਾਂ ਅਕਾਲ ਤਖਤ ਤੇ ਪ੍ਰਸ਼ਾਦ ਚੜ੍ਹਾਉਣ ਲਈ ਗਈਆਂ ਤੇ ਉੱਥੇ ਦੇ ਪੁਜਾਰੀ ਤੇ ਮਹੰਤ ਵਡੀ ਗਿਣਤੀ ਵਿਚ ਸੰਗਤਾਂ ਨੂੰ ਆਉਂਦੇ ਦੇਖ ਕੇ ਅਕਾਲ ਤਖਤ ਦੇ ਦਰਵਾਜ਼ੇ ਬੰਦ ਕਰਕੇ ਨਸ ਗਏ। ਸਿੱਖ ਸੰਗਤਾਂ ਨੂੰ ਇਸ ਗੱਲ ਦਾ ਬਹੁਤ ਦੁਖ ਹੋਇਆ ਤੇ ਉਨ੍ਹਾਂ ਨੇ ਪ੍ਰਬੰਧਕਾਂ ਦੀ ਇਸ ਗ਼ੈਰ-ਜ਼ਿਮੇਵਾਰੀ ਤੇ ਗੰਭੀਰ ਅਵੱਗਿਆ ਕਾਰਨ ਉਨ੍ਹਾਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਪਰ ਸੰਗਤਾਂ ਨੇ ਅਕਾਲ ਤਖਤ ਸਾਹਿਬ ਨੂੰ ਖਾਲੀ ਵੇਖ ਕੇ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਬੜੇ ਪਿਆਰ ਨਾਲ ਸਭ ਦਾ ਪ੍ਰਸ਼ਾਦ ਉੱਥੇ ਪ੍ਰਵਾਨ ਹੋਇਆ ਤੇ ਸ੍ਰੀ ਸਾਹਿਬ ਭੇਟ ਕਰਨ ਉਪਰੰਤ ਸੰਗਤਾਂ ਵਿਚ ਵੰਡਿਆ ਗਿਆ ਤੇ ਕੌਮ ਨੇ ਇਸ ਜਿਤ ਤੇ ਬੇਹਦ ਖ਼ੁਸ਼ੀ ਮਨਾਈ। ਇਸ ਘਟਨਾ ਦਾ ਬਹੁਤ ਦੂਰ ਤਕ ਪ੍ਰਭਾਵ ਪਿਆ ਤੇ ਕੌਮ ਦੀ ਸ਼ਾਨ ਵਿਚ ਸੁਨਹਿਰੀ ਖੰਭ ਆ ਲਗੇ।

ਇਸ ਤੋਂ ਮਗਰੋਂ ਦਰਬਾਰ ਸਾਹਿਬ ਦਾ ਸਮੁਚਾ ਪ੍ਰਬੰਧ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਹੋ ਗਿਆ ਜਿਸ ਨੇ ਸਭ ਬ੍ਰਾਹਮਣੀ ਕਰਮ ਕਾਂਢਾਂ ਨੂੰ ਹਰਿਮੰਦਰ ਪਰੀਸਰ ਵਿਚੋਂ ਕੱਢ ਕੇ ਇਸ ਨੂੰ ਖ਼ਾਲਸੇਈ ਸ਼ਾਨ ਬਖ਼ਸ਼ੀ। ਇਵੇਂ ਇਕ ਨਵੇਂ ਰੂਪ ਸਰੂਪ, ਰਹੁ-ਰੀਤੀ ਵਿੱਚ ਸੁਸੱਜਤ ਹੋ ਕੇ ਹਰਿਮੰਦਰ ਸਾਹਿਬ ਸੰਪੂਰਣ ਗੁਰ ਮਰਿਆਦਾ ਅਨੁਸਾਰ ਮਾਨਵੀ ਪਿਆਰ ਨੂੰ ਪੂਰੀ ਤੱਤਪਰਤਾ ਨਾਲ ਉਭਾਰਨ ਲਗ ਪਿਆ, ਸੰਵਾਰਨ ਲਗ ਪਿਆ ਜਿਸ ਨਾਲ ਕੌਮ ਵਿੱਚ ਬਲਵਾਨਤਾ ਵਧੀ, ਪਰਸਪਰ ਪ੍ਰੇਮ ਪਿਆਰ ਵਿਕਸਤ ਹੋਇਆ ਅਤੇ ਇਵੇਂ ਸਹੀ ਅਰਥਾਂ ਵਿੱਚ ਸੰਗਤ ਤੇ ਪੰਗਤ ਇਕ ਹੋ ਗਈ ਅਤੇ ਊਚ ਨੀਚ ਦੀਆਂ ਵੰਡੀਆਂ ਹਰਿਮੰਦਰ ਸਾਹਿਬ ਵਿੱਚੋਂ ਖੰਭ ਲਾ ਕੇ ਉੱਡ ਪੁੱਡ ਗਈਆਂ। ਉਕਤ ਸਾਰੇ ਕਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਕਰਦੀਆਂ ਸੰਗਤਾਂ ਨੂੰ ਇਵੇਂ ਲਗਿਆ ਕਿ ਸਤਿਗੁਰਾਂ ਨੇ ਆਪਣੀ ਮਿਹਰ ਵਰਤਾ ਕੇ ਅੰਮ੍ਰਿਤ ਕੜਾਹ ਪ੍ਰਸ਼ਾਦ ਦੀ ਦਾਤ ਉਨ੍ਹਾਂ ਨੂੰ ਬਖ਼ਸ਼ੀ ਹੈ।

ਪਵਿੱਤਰ ਕੜਾਹ ਪ੍ਰਸ਼ਾਦ ਦੀ ਬਹੁ ਪਰਕਾਰੀ ਸਤਿਕਾਰੀ ਭਾਵਨਾ ਨੂੰ ਦੇਖਦਿਆਂ ਹੋਇਆਂ ਹਰਿਮੰਦਰ ਸਾਹਿਬ ਵਿਖੇ 8 ਅਕਤੂਬਰ 2012 ਤੋਂ ਦੂਰ ਦੁਰਾਡੇ ਤੋਂ ਆਈਆਂ ਸੰਗਤਾਂ ਨੂੰ ਕੜਾਹ ਪ੍ਰਸ਼ਾਦ ਦੀ ਬਖ਼ਸ਼ਸ਼ ਦੀ ਥਾਂ ਪਿੰਨੀ ਪ੍ਰਸ਼ਾਦ ਦੇਣ ਦੀ ਵਿਵਸਥਾ ਕਰ ਦਿੱਤੀ ਗਈ ਹੈ ਕਿਉਂਕਿ ਅਜਿਹਾ ਪ੍ਰਸ਼ਾਦ ਬਹੁਤ ਦਿਨਾਂ ਤੱਕ ਭੋਗ ਲਾਉਣ ਯੋਗ ਰਹਿ ਸਕਦਾ ਹੈ ਅਤੇ ਇਸ ਨੂੰ ਦੇਸ ਬਦੇਸ਼ਾਂ ਵਿੱਚ ਬੈਠੀਆਂ ਸੰਗਤਾਂ ਰਸਨਾਂ ਨਾਲ ਲਗਾ ਕੇ ਗੁਰੂ ਦੀਆਂ ਇਲਾਹੀ ਖ਼ੁਸ਼ੀਆਂ ਦੀਆਂ ਪਾਤਰ ਬਣ ਸਕਦੀਆਂ ਹਨ।

.43.

ਹਰਿਮੰਦਰ ਉੱਪਰ ਅਮਾਨਵੀ ਹਮਲੇ

ਤਾਕਤ ਦਾ ਨਸ਼ਾ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦੇਂਦਾ ਉਹ ਕਈ ਵਾਰੀ ਉਸ ਨੂੰ ਵਹਿਸ਼ੀਪੁਣੇ ਤਕ ਲੈ ਜਾ ਕੇ ਵੀ ਸ਼ਾਂਤ ਨਹੀਂ ਹੁੰਦਾ। ਮੂਰਖ ਅਭਿਮਾਨੀ ਤਾਂ ਰੱਬ ਨਾਲ ਵੀ ਟੱਕਰ ਲੈਣ ਤੋਂ ਗੁਰੇਜ਼ ਨਹੀਂ ਕਰਦਾ। ਪਠਾਣ ਤੇ ਮੁਗਲ ਜਰਵਾਣਿਆਂ ਨੇ ਇਸੇ ਅਮਾਨਵੀ ਪ੍ਰਭਾਵ ਦੇ ਤਾਬੇ ਰੱਬ ਦੇ ਘਰ ਹਰਿਮੰਦਰ ਨੂੰ ਵੀ ਆਪਣੀ ਨਫਰਤ ਦਾ ਨਿਸ਼ਾਨਾ ਬਣਾਈ ਰਖਿਆ। ਦੁਰਾਨੀ, ਅਬਦਾਲੀ ਸੋਨੇ ਦੀ ਚਿੜੀ ਭਾਰਤ ਨੂੰ ਹੜੱਪ ਕਰਨਾ ਚਾਹੁੰਦੇ ਸਨ ਪਰ ਪੰਜਾਬ ਵਿਚੋਂ ਲੰਘਦਿਆਂ ਉਨ੍ਹਾਂ ਨੂੰ ਸਿੰਘਾਂ ਨਾਲ ਦੋ ਦੋ ਚਾਰ ਚਾਰ ਹੱਥ ਕਰਨੇ ਪੈਂਦੇ ਜਿਹੜੇ ਆਪਣੀ ਅਥਾਹ ਸੂਰਮਗਤੀ ਅਤੇ ਯੁੱਧ ਕੁਸ਼ਲਤਾ ਕਾਰਨ ਉਨ੍ਹਾਂ ਦੀ ਦਾਲ ਨਹੀਂ ਸਨ ਗਲਣ ਦੇਂਦੇ। ਗੁਰੂ ਗੋਬਿੰਦ ਸਿੰਘ ਸਾਹਿਬ ਪਾਸੋਂ ਸਿੰਘਾਂ ਨੂੰ 'ਸਵਾ ਲਾਖ ਸੇ ਏਕ ਲੜਾਊਂ' ਦੀ ਮਿਲੀ ਗੁੜ੍ਹਤੀ ਸਦਕਾ ਮੌਤ ਦੇ ਡਰ ਤੋਂ ਪੂਰਨ ਰੂਪ ਵਿਚ ਬੇਖੌਫ ਸਿੰਘ ਅਹਿਮਦਸ਼ਾਹ ਅਬਦਾਲੀ ਦਾ ਰਸਤਾ ਰੋਕ ਲੈਂਦੇ ਅਤੇ ਉਸ ਦਾ ਜੀਣਾ ਹਰਾਮ ਕਰ ਦੇਂਦੇ, ਜਿਸ ਲਈ ਅਬਦਾਲੀ ਸਿੱਖਾਂ ਦੇ ਕਾਰਿਆਂ ਤੋਂ ਬਹੁਤ ਦੁਖੀ ਸੀ। ਆਖਰ ਉਸ ਨੇ ਫੈਸਲਾ ਕੀਤਾ ਕਿ ਸਭ ਤੋਂ ਪਹਿਲੇ ਉਹ ਸਿੱਖਾਂ ਦਾ ਸਫਾਇਆ ਕਰੇਗਾ ਤਦ ਹੀ ਉਸਦਾ ਹਿੰਦੁਸਤਾਨ ਤੇ ਕਬਜ਼ਾ ਕਰਨ ਦਾ ਮਨਸੂਬਾ ਪੂਰਾ ਹੋ ਸਕੇਗਾ। ਇਸ ਸੋਚ ਨੂੰ ਅਮਲੀ ਜਾਮਾ ਪਵਾਉਣ ਖਾਤਰ ਉਸ ਨੇ 1762 ਈ. ਵਿਚ ਇਕ ਹਮਲਾ ਕੇਵਲ ਸਿੱਖਾਂ ਦਾ ਨਾਮੋ-ਨਿਸ਼ਾਨ (ਖੁਰਾ-ਖੋਜ) ਮਿਟਾਉਣ ਲਈ ਹੀ ਕੀਤਾ।

ਉਸ ਨੂੰ ਪਤਾ ਲਗਾ ਕਿ ਲਗਪਗ ਸਾਰੇ ਸਿੱਖ ਮਲੇਰਕੋਟਲੇ ਕੋਲ ਕੁਪ ਰਹੀੜੇ ਦੇ ਸਥਾਨ ਤੇ ਧਾਰਮਿਕ ਸਮਾਗਮ ਕਰਨ ਲਈ ਇਕੱਤਰ ਹੋ ਰਹੇ ਹਨ। ਅਬਦਾਲੀ ਨੇ ਇਸ ਨੂੰ ਚੰਗਾ ਮੌਕਾ ਸਮਝਿਆ ਕਿ ਸਾਰੇ ਸਿੱਖ ਇਕੋ ਥਾਂ ਤੇ ਹੋਣ ਕਾਰਨ ਉਨ੍ਹਾਂ ਨੂੰ ਮਾਰਨਾ ਸੌਖਾ ਹੋਵੇਗਾ। ਉਹ ਦਿਨ ਰਾਤ ਘੋੜੇ ਦਾ ਟਾਪੋ ਟਾਪ ਸਫਰ ਕਰਦਾ ਆਪਣੇ ਭਾਰੀ ਲਸ਼ਕਰ ਸਮੇਤ ਕੁਪ ਪਹੁੰਚ ਗਿਆ। ਸਿੰਘਾਂ ਨੂੰ ਉਸ ਦੇ ਆਉਣ ਦੀ ਕੋਈ ਸੂਹ ਨਾ ਮਿਲੀ ਇਸ ਲਈ ਉਹ ਬੁਰੀ ਤਰ੍ਹਾਂ ਘਿਰ ਗਏ ਅਤੇ ਪਹਿਲੇ ਹੀ ਦਿਨ 5 ਫਰਵਰੀ 1762 ਨੂੰ ਅਬਦਾਲੀ ਨੇ ਹਜ਼ਾਰਾਂ ਸਿੰਘ ਮੌਤ ਦੇ ਘਾਟ ਉਤਾਰ ਦਿੱਤੇ ਅਤੇ ਰਾਤ ਨੂੰ ਆਪਣੇ ਸੂਹਿਆਂ ਨੂੰ ਸਿੱਖਾਂ ਦੀ ਮੁਖਬਰੀ ਕਰਨ ਲਈ ਉਨ੍ਹਾਂ ਦੇ ਕੈਂਪ ਵਿਚ ਭੇਜ ਦਿੱਤਾ। ਉਸ ਦਾ ਖਿਆਲ ਸੀ ਕਿ 10 ਹਜ਼ਾਰ ਸਿੱਖਾਂ ਦੇ ਉਸ ਹਥੋਂ ਇੱਕੋ ਦਿਨ ਵਿਚ ਮਾਰੇ ਜਾਣ ਕਾਰਨ ਸਿੱਖਾਂ ਦੀਆਂ ਸਫਾਂ ਵਿਚ ਮਾਤਮ ਛਾ ਗਿਆ ਹੋਵੇਗਾ ਤੇ ਉਹ ਈਨ ਤੇ ਦੀਨ ਮੰਨਣ

ਦੀ ਜਾਂ ਫਿਰ ਨਸਣ ਦੀ ਵਿਉਂਤ ਬਣਾ ਰਹੇ ਹੋਣਗੇ ਪਰ ਉਸ ਦੇ ਜਸੂਸਾਂ ਨੇ ਰਾਤ ਨੂੰ ਸਿੱਖਾਂ ਦੀ ਅਰਦਾਸ ਸੁਣੀ ਜਿਸ ਵਿਚ ਇਹ ਬਚਨ ਕਹੇ ਗਏ ਕਿ 'ਅਕਾਲ ਪੁਰਖ ਸਚੇ ਪਾਤਸ਼ਾਹ, ਆਪ ਜੀ ਦੀ ਮਿਹਰ ਸਦਕਾ ਚਾਰ ਪਹਿਰ ਦਿਨ ਦੇ ਸੁਖ ਨਾਲ ਬਤੀਤ ਹੋਏ ਹਨ, ਕ੍ਰਿਪਾ ਕਰਕੇ ਚਾਰ ਪ੍ਹਿਰ ਰਾਤ ਦੇ ਸੁਖ ਨਾਲ ਬਤੀਤ ਕਰਨ ਦੀ ਸਮਰਥਾ ਬਖਸ਼ਣੀ।'

ਜਦ ਆਪਣੇ ਜਸੂਸਾਂ ਤੋਂ ਅਹਿਮਦਸ਼ਾਹ ਨੂੰ ਸਿੱਖਾਂ ਦੀ ਇਸ ਹੈਰਾਨ ਕਰਨ ਵਾਲੀ ਚੜ੍ਹਦੀਕਲਾ ਦਾ ਪਤਾ ਲਗਾ ਤਾਂ ਉਹ ਬਹੁਤ ਘਬਰਾਇਆ। ਪਰ ਸਿੱਖਾਂ ਨੂੰ ਖਤਮ ਕਰ ਦੇਣ ਦੇ ਮਨਸੂਬੇ ਨਾਲ ਕੀਤੀ ਗਈ ਚੜ੍ਹਾਈ ਕਾਰਨ ਉਹ ਅਗਲੇ ਦਿਨ ਹੋਰ ਕਰੜਾਈ ਨਾਲ ਨਿਹੱਥੇ ਸਿੰਘਾਂ, ਬਚਿਆਂ ਤੇ ਬੀਬੀਆਂ ਤੇ ਟੁਟ ਪਿਆ ਤੇ 35 ਹਜ਼ਾਰ ਸਿੰਘਾਂ ਨੂੰ ਸ਼ਹੀਦ ਕਰਕੇ ਹੀ ਉਸ ਨੇ ਸਾਹ ਲਿਆ। ਅਬਦਾਲੀ ਨੇ ਆਪਣੇ ਲਈ ਖੁਦ 'ਦੁਰ-ਏ-ਦੌਰਾਂ' ਦਾ ਖਤਾਬ ਚੁਣਿਆ ਹੋਇਆ ਸੀ ਜਿਸ ਦੇ ਅਰਥ ਹਨ 'ਮੋਤੀਆਂ ਵਿਚੋਂ ਵੀ ਸਿਰਤਾਜ ਮੋਤੀ'। ਉਸ ਦਾ ਇਹੀ ਦੁਰ-ਏ-ਦੌਰਾਂ ਦਾ ਖਤਾਬ ਵਿਗੜਦਾ ਵਿਗੜਦਾ 'ਦੁਰਾਨੀ' ਬਣ ਗਿਆ। ਸੁਚੇ ਮੋਤੀਆਂ ਤੋਂ ਵੀ ਸਰੇਸ਼ਠ ਮੋਤੀ ਦੇ ਨਾਜ਼ੁਕ ਖਤਾਬ ਵਾਲੇ ਇਸ ਧਾੜਵੀ ਦੀਆਂ ਕਰਤੂਤਾਂ ਕਿਤਨੀਆਂ ਅਮਾਨਵੀ ਤੇ ਸੰਗਦਿਲ ਸਨ। ਇਸ ਦੇ ਕਾਲੇ ਕਾਰਨਾਮੇ ਵੇਖ ਕੇ ਇਸ ਦਾ ਇਹ ਲਕਬ (ਖਿਤਾਬ) ਇਸ ਨੂੰ ਲਾਅਨਤਾਂ ਪਾਉਣ ਵਾਲਾ ਲਗਦਾ ਸੀ। ਅਬਦਾਲੀ ਵਲੋਂ ਢਾਹੇ ਉਕਤ ਅਮਾਨਵੀ ਜ਼ੁਲਮ ਸਦਕਾ ਉਸ ਨੇ ਬੜੇ ਸੰਤੋਖ ਅਤੇ ਅਭਿਮਾਨ ਨਾਲ ਕਿਹਾ ਕਿ ਮੈਂ ਸਿੱਖਾਂ ਦਾ ਸਰਵਨਾਸ਼ ਕਰ ਚਲਿਆਂ ਹਾਂ ਜਦ ਕਿ ਦੂਜੇ ਪਾਸੇ ਸਿੱਖਾਂ ਨੇ ਇਸ ਵਡੇ ਘਲੂਘਾਰੇ ਦੀ ਘਟਨਾ ਤੇ ਆਪਣਾ ਪ੍ਰਤੀਕਰਮ ਵਿਅਕਤ ਕਰਨ ਲਗਿਆਂ ਇਹ ਹੀ ਕਿਹਾ ਕਿ ਜੋ ਖੋਟ ਸੀ ਉਹ ਨਿਕਲ ਗਈ ਹੈ ਤੇ ਸ਼ੁਧ ਖਾਲਸਾ ਰੂਪੀ ਸੋਨਾ ਅਬਦਾਲੀ ਨਾਲ ਲੋਹਾ ਲੈਣ ਲਈ ਬਚ ਗਿਆ ਹੈ। ਇਸ ਦਾ ਭਾਵ ਇਹ ਨਹੀਂ ਸੀ ਕਿ ਜੋ ਸਿੰਘ ਸ਼ਹੀਦ ਹੋਏ ਉਹ ਖੋਟੇ ਸਨ ਪਰ ਆਪਣੀ ਚੜ੍ਹਦੀਕਲਾ ਦਾ ਪ੍ਰਗਟਾਵਾ ਕਰਕੇ ਅਬਦਾਲੀ ਨੂੰ ਘਬਰਾਉਣ ਲਈ ਸਿੰਘਾਂ ਵੱਲੋਂ ਇਹ ਸ਼ਬਦ ਵਰਤੇ ਗਏ।

ਭਾਵੇਂ ਅਬਦਾਲੀ ਨੇ ਸਿੱਖਾਂ ਦੇ ਇਨ੍ਹਾਂ ਸ਼ਬਦਾਂ ਨੂੰ ਗੰਭੀਰਤਾ ਨਾਲ ਨਾ ਲਿਆ, ਪਰ ਉਸ ਨੂੰ ਇਹ ਜ਼ਰੂਰ ਪਤਾ ਸੀ ਕਿ ਸਿੱਖ ਹਰਿਮੰਦਰ ਸਰੋਵਰ ਵਿਚ ਇਸ਼ਨਾਨ ਕਰਕੇ ਅਗੰਮੀ ਸ਼ਕਤੀ ਤੇ ਹੌਸਲਾ ਪ੍ਰਾਪਤ ਕਰ ਕੇ ਫਿਰ ਜੰਗ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਹੋ ਜਾਂਦੇ ਹਨ ਇਸ ਲਈ ਜੇ ਸਿੱਖਾਂ ਦੀ ਹਸਤੀ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ ਤਾਂ ਇਨ੍ਹਾਂ ਦੇ ਧਾਰਮਿਕ ਕੇਂਦਰ ਹਰਿਮੰਦਰ ਸਾਹਿਬ ਤੇ ਅੰਮ੍ਰਿਤ ਸਰੋਵਰ ਦਾ ਵੀ ਖਾਤਮਾ ਕਰਨਾ ਜ਼ਰੂਰੀ ਹੈ। ਇਸ ਲਈ ਉਹ ਕ੍ਰੋਧ ਅਤੇ ਆਪਣੀ ਜਿਤ ਦੇ ਅਭਿਮਾਨ ਨਾਲ ਭਰਿਆ

ਹੋਇਆ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚਿਆ। ਪਰ ਅੰਮ੍ਰਿਤਸਰ ਪਹੁੰਚ ਕੇ ਵੀ ਉਸ ਨੂੰ ਕੁਝ ਸਿੰਘਾਂ ਨਾਲ ਟਾਕਰਾ ਕਰਨਾ ਪਿਆ। ਉਸ ਨਾਲ ਆਇਆ ਬਲੋਚੀ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਇਸ ਬਾਰੇ ਲਿਖਦਾ ਹੈ 'ਕਿ ਜਦੋਂ ਅਹਿਮਦਸ਼ਾਹ ਅਬਦਾਲੀ ਅੰਮ੍ਰਿਤਸਰ ਪੁਜਾ ਤਾਂ ਇਕ ਵੀ ਕਾਫਰ (ਸਿੱਖ) ਨਜ਼ਰੀਂ ਨਾ ਪਿਆ ਪਰ ਫਿਰ ਵੀ ਜਥੇਦਾਰ ਗੁਰਬਖਸ਼ ਸਿੰਘ ਦੀ ਕਮਾਨ ਹੇਠ ਕੁਝ ਸਿੱਖ ਇਕ ਬੁੰਗੇ ਵਿਚ ਤਾੜ ਲਾ ਕੇ ਬੈਠੇ ਹੋਏ ਸਨ ਤਾ ਕਿ ਉਹ ਬਾਦਸ਼ਾਹ ਦਾ ਰਸਤਾ ਰੋਕ ਕੇ ਆਪਣੀ ਕੁਰਬਾਨੀ ਦੇ ਸਕਣ। ਉਹ ਆਪਣੇ ਜੀਂਦੇ ਜੀ ਉਸ ਨੂੰ ਦਰਬਾਰ ਸਾਹਿਬ ਤਕ ਨਹੀਂ ਸਨ ਜਾਣ ਦੇਣਾ ਚਾਹੁੰਦੇ। ਜਦ ਉਨ੍ਹਾਂ ਨੇ ਅਬਦਾਲੀ ਦੀਆਂ ਫੌਜਾਂ ਦਰਬਾਰ ਸਾਹਿਬ ਵਲ ਵਧਦੀਆਂ ਦੇਖੀਆਂ ਤਾਂ ਜਲਾਲ ਵਿਚ ਆ ਗਏ ਤੇ ਆਹਮੋ ਸਾਹਮਣੇ ਹੋ ਗਏ। ਉਹ ਕੇਵਲ 30 ਮਨੁੱਖ ਸਨ ਪਰ ਬਿਲਕੁਲ ਭੈ ਰਹਿਤ। ਉਹ ਸ਼ਾਹੀ ਫੌਜੀਆਂ ਨਾਲ ਗੁੱਥਮ ਗੁੱਥਾ ਹੋ ਗਏ ਤੇ ਹਰ ਪਾਸੇ ਖੂਨ ਹੀ ਖੂਨ ਚਲਣ ਲੱਗ ਪਿਆ। ਸਾਰੇ ਦੇ ਸਾਰੇ ਬਦਕਿਸਮਤ ਸਿੱਖ ਮਾਰੇ ਗਏ ਪਰ ਉਹ ਮੈਦਾਨ ਛਡ ਕੇ ਨੱਸੇ ਨਹੀਂ ਤੇ ਨਾ ਹੀ ਮੌਤ ਤੋਂ ਡਰੇ ਹਨ' (ਹਵਾਲਾ ਜੰਗਨਾਮਾ ਪੰਨਾ-35 ਅਤੇ 100)। ਜਿਨ੍ਹਾਂ ਨੂੰ ਇਹ ਇਤਿਹਾਸਕਾਰ ਬਦਕਿਸਮਤ ਸਿੱਖ ਲਿਖਦਾ ਹੈ, ਸਿੱਖ ਇਤਿਹਾਸ ਵਿੱਚ ਇਨ੍ਹਾਂ ਨੂੰ ਉੱਤਮ ਸ਼ਹੀਦ ਮੰਨਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਧਰਮ ਦੀ ਰਾਖੀ ਲਈ ਜਾਨਾਂ ਵਾਰੀਆਂ ਹਨ। ਇਨ੍ਹਾਂ ਸ਼ਹੀਦਾਂ ਵਲੋਂ ਸਿਰਜਤ ਇਸ ਘਟਨਾ ਤੋਂ ਸਿੱਖਾਂ ਦੀ ਸੂਰਮਗਤੀ ਦੇ ਨਾਲ ਨਾਲ ਉਨ੍ਹਾਂ ਦੀ ਹਰਿਮੰਦਰ ਸਾਹਿਬ ਪ੍ਰਤੀ ਅਥਾਹ ਪ੍ਰੇਮ ਤੇ ਸਤਿਕਾਰ ਦੀ ਵੀ ਮਾਣਜਨਕ ਝਲਕ ਪੈਂਦੀ ਹੈ।

ਇਸ ਭੇੜ ਕਾਰਨ ਲੋਹਾ ਲਾਖਾ ਹੋਇਆ ਅਬਦਾਲੀ ਹਰਿਮੰਦਰ ਸਾਹਿਬ ਪਹੁੰਚਿਆ। ਇਸ ਨੂੰ ਬਰਬਾਦ ਕਰਨ ਹਿਤ ਉਸ ਨੇ ਇਸ ਪਵਿੱਤਰ ਧਾਮ ਦੇ ਆਸ ਪਾਸ ਤੋਪਾਂ ਬੀੜ ਦਿੱਤੀਆਂ ਤੇ ਪਹਿਲਾ ਗੋਲਾ ਆਪ ਦਾਗਿਆ। ਰੱਬ ਦੀ ਕਰਨੀ ਦੇਖੋ ਕਿ ਹਰਿਮੰਦਰ ਸਾਹਿਬ ਵਿਚੋਂ ਗੋਲੇ ਦੀ ਮਾਰ ਨਾਲ ਉੱਡ ਕੇ ਆਈ ਇਕ ਇੱਟ ਇਤਨੇ ਜ਼ੋਰ ਨਾਲ ਉਸ ਦੇ ਨੱਕ ਤੇ ਵੱਜੀ ਕਿ ਉਸ ਨੇ ਉਸ ਦਾ ਨੱਕ ਫੇਹ ਦਿੱਤਾ। ਉਹ ਹੋਰ ਰੋਹ ਵਿਚ ਆ ਗਿਆ ਅਤੇ ਉਸ ਨੇ ਚੈਨ ਉਸ ਵਕਤ ਹੀ ਲਿਆ ਜਦ ਸਾਰਾ ਹਰਿਮੰਦਰ ਪੂਰਨ ਰੂਪ ਵਿਚ ਬਰਬਾਦ ਹੋ ਗਿਆ। ਫਿਰ ਉਸ ਨੇ ਪਵਿੱਤਰ ਸਰੋਵਰ ਦੀ ਬੇਅਦਬੀ ਕਰਨ ਲਈ ਹੁਕਮ ਕੀਤਾ ਕਿ ਸਾਰੇ ਸ਼ਹਿਰ ਦਾ ਗੰਦ ਇਸ ਵਿਚ ਪਾਇਆ ਜਾਵੇ, ਗਊਆਂ ਵੱਢ ਕੇ ਇਸ ਵਿਚ ਸੁੱਟੀਆਂ ਜਾਣ ਅਤੇ ਇਸ ਨੂੰ ਬਿਲਕੁਲ ਪੂਰ ਕੇ ਖੇਤ ਬਣਾ ਦਿੱਤਾ ਜਾਵੇ। ਇੱਥੇ ਤਕ ਕਿ ਆਪਣੀ ਸੀਨਾ ਜ਼ੋਰੀ ਦਖਾਂਦਿਆਂ ਹੋਇਆਂ ਸਰੋਵਰ ਵਾਲੀ ਇਸ ਧਰਤੀ ਤੇ

ਉਸ ਨੇ ਫਸਲ ਬਿਜਵਾ ਦਿੱਤੀ। ਇਤਨਾ ਕੁਝ ਕਰਕੇ ਉਸ ਨੇ ਸਮਝਿਆ ਕਿ ਉਹ ਸਿੱਖਾਂ ਦੀ ਹਸਤੀ ਨੂੰ ਖਤਮ ਕਰ ਚਲਿਆ ਹੈ।

ਬੜੀ ਸੁਰਖਰੂ ਭਾਵਨਾ ਨਾਲ ਉਹ ਝਨਾ ਦਰਿਆ ਦੇ ਕੰਢੇ ਤਕ ਪਹੁੰਚਿਆ। ਜੰਗਲਾਂ ਵਿਚ ਲੁਕੇ ਬਾਕੀ ਰਹਿੰਦੇ ਖੂੰਹਦੇ ਸਿੱਖ, ਫੌਰਨ ਇਕਠੇ ਹੋ ਗਏ ਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਇਸ ਜਰਵਾਣੇ ਨੂੰ ਸਬਕ ਸਿਖਾਏ ਬਿਨਾਂ ਵਾਪਸ ਨਹੀਂ ਪਰਤਣ ਦੇਣਾ।

ਦਰਿਆ ਸ਼ੂਕਦਾ ਵਗ ਰਿਹਾ ਸੀ ਕਿ ਸਿੱਖ ਅੱਧੀ ਰਾਤ ਨੂੰ ਅਬਦਾਲੀ ਤੇ ਟੁਟ ਪਏ। ਅਬਦਾਲੀ ਸਮਝ ਨਾ ਸਕਿਆ ਕਿ ਉਸ ਉੱਤੇ ਇਹ ਕਹਿਰ ਕਿਥੋਂ ਆ ਪਿਆ ਹੈ। ਜਦ ਉਸ ਨੂੰ ਆਪਣੀ ਜਾਨ ਦੇ ਲਾਲੇ ਪਏ ਦਿਸੇ ਤਾਂ ਉਸ ਨੇ ਬੇਵਸੀ ਦੀ ਹਾਲਤ ਵਿਚ ਦਰਿਆ ਵਿਚ ਛਾਲ ਮਾਰ ਦਿੱਤੀ ਅਤੇ ਬੜੀ ਮੁਸ਼ਕਲ ਪਾਰਲੇ ਪਾਸੇ ਲਗਿਆ। ਉਸ ਦਾ ਪੁਤਰ ਸਿੰਘਾਂ ਹੱਥੋਂ ਮਾਰਿਆ ਗਿਆ। ਅਬਦਾਲੀ ਦੀ ਲੁਟ ਦਾ ਸਾਰਾ ਸਾਮਾਨ ਸਿੱਖਾਂ ਨੇ ਖੋਹ ਲਿਆ। ਅਬਦਾਲੀ ਦੇ ਕਾਫੀ ਫੌਜੀ ਮਾਰੇ ਗਏ, ਕੁਝ ਨਸ ਗਏ ਤੇ ਕੁਝ ਸਿੱਖਾਂ ਦੇ ਹੱਥ ਆ ਗਏ ਜਿਨ੍ਹਾਂ ਤੋਂ ਉਨ੍ਹਾਂ ਨੇ ਸਰੋਵਰ ਨੂੰ ਸਾਫ ਕਰਵਾਉਣ ਦੀ ਸੇਵਾ ਲਈ। ਸਿੱਖਾਂ ਨੇ ਪੂਰੀ ਗੰਭੀਰਤਾ ਨਾਲ ਹਰਿਮੰਦਰ ਨੂੰ ਮੁੜ ਜਲਦੀ ਤੋਂ ਜਲਦੀ ਸੁਰਜੀਤ ਕਰਨ ਲਈ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਸਿਲਸਿਲੇ ਵਿੱਚ 10 ਅਪ੍ਰੈਲ 1763 ਨੂੰ ਸਿੱਖ ਆਪਣੀ ਕਾਰਜਨੀਤੀ ਤੈਅ ਕਰਨ ਲਈ ਹਰਿਮੰਦਰ ਸਾਹਿਬ ਦੇ ਪਰੀਸਰ ਵਿਚ ਸੋਚ ਵਿਚਾਰਾਂ ਕਰ ਰਹੇ ਸਨ ਕਿ ਕਸੂਰ ਦੇ ਰਹਿਣ ਵਾਲੇ ਕੁਝ ਬਰਾਹਮਣ ਉਨ੍ਹਾਂ ਪਾਸ ਫਰਿਆਦ ਲੈ ਕੇ ਆ ਗਏ ਤੇ ਕਹਿਣ ਲਗੇ ਕਿ ਕਸੂਰ ਦੇ ਇਕ ਧਾੜਵੀ ਪਠਾਣ ਉਥਮਾਨ ਖਾਨ ਨੇ ਇਕ ਗਰੀਬ ਬ੍ਰਾਹਮਣ ਦੀ ਪਤਨੀ ਜਬਰੀ ਚੁਕ ਲਈ ਹੈ ਤੇ ਉਸਨੇ ਉਸਨੂੰ ਇਸਲਾਮ ਧਰਮ ਵਿਚ ਤਬਦੀਲ ਕਰਕੇ ਆਪਣੇ ਪਾਸ ਰਖ ਲਿਆ ਹੈ। ਸ. ਹਰੀ ਸਿੰਘ ਭੰਗੀ ਅਤੇ ਸ. ਚੜਤ ਸਿੰਘ ਨੇ ਉਨ੍ਹਾਂ ਮੁਥਾਜਾਂ ਦੀ ਮਦਦ ਕਰਨ ਦਾ ਪ੍ਰਣ ਕੀਤਾ ਤੇ ਉਨ੍ਹਾਂ ਨਾਲ ਹੋ ਤੁਰੇ। ਕਸੂਰ ਪਹੁੰਚ ਕੇ ਉਨ੍ਹਾਂ ਉਥਮਾਨ ਖਾਨ ਨੂੰ ਜਾ ਲਲਕਾਰਿਆ। ਘਮਸਾਣ ਦੀ ਲੜਾਈ ਹੋਈ, ਉਥਮਾਨ ਖਾਨ ਆਪਣੇ ਪੰਜ ਸੌ ਸਾਥੀਆਂ ਸਮੇਤ ਮਾਰਿਆ ਗਿਆ। ਲੜਕੀ ਨੂੰ ਵਾਪਸ ਘਰ ਵਾਲਿਆਂ ਤਕ ਪਹੁੰਚਾਇਆ ਗਿਆ। ਹਰਿਮੰਦਰ ਦੀ ਸਿੱਖਿਆ ਤੇ ਅਮਲ ਕਰਦਿਆਂ ਸਿੰਘਾਂ ਦੇ ਇਸ ਸ਼ਾਨਦਾਰ ਕਰਮ ਨੇ ਜਰਵਾਣਿਆਂ ਨੂੰ ਸਹਿਜ ਸੁਭਾਏ ਹੀ ਇਹ ਗੱਲ ਸਮਝਾ ਦਿੱਤੀ ਕਿ ਚਾਹੇ ਸਿੰਘਾਂ ਤੇ ਕੋਈ ਕਿਤਨਾ ਵੱਡਾ ਅੱਤਿਆਚਾਰ ਵੀ ਕਿਉਂ ਨਾ ਕਰੇ, ਉਨ੍ਹਾਂ ਨੇ ਕਿਸੇ ਦੀ ਬੇਲੋੜੀ ਈਨ ਨਹੀਂ ਮੰਨਣੀ ਤੇ ਅਜਿਹੀ ਸੀਨਾ ਜ਼ੋਰੀ ਕਿਸੇ ਤੇ ਨਹੀਂ ਹੋਣ ਦੇਣੀ (ਹਵਾਲਾ ਗ਼ੁਲਾਮ ਮੋਹੀਉਦੀਨ ਤਵਾਰੀਖ ਪੰਜਾਬ ਫਾਰਸੀ ਖਰੜਾ

ਸੰਨ 1848)। ਇਸ ਉਕਤ ਘਟਨਾ ਨੇ ਸਾਰੇ ਪੰਜਾਬ ਦੀ ਫਿਜ਼ਾ ਫਿਰ ਸਿੱਖਾਂ ਦੇ ਹੱਕ ਵਿਚ ਕਰ ਦਿੱਤੀ। ਇਵੇਂ ਹਰਿਮੰਦਰ ਸਾਹਿਬ ਨੂੰ ਮਲੀਆ ਮੇਟ ਕਰਕੇ ਸਿੱਖਾਂ ਦੇ ਮਨੋਬਲ ਨੂੰ ਨਸ਼ਟ ਕਰਨ ਦੀ ਅਬਦਾਲੀ ਦੀ ਯੋਜਨਾ ਕੋਈ ਇੱਛਤ ਪ੍ਰਭਾਵ ਨਾ ਪਾ ਸਕੀ ਸਗੋਂ ਇਸ ਸਾਰੇ ਕੁਝ ਵਿਚੋਂ ਉਸਨੂੰ ਨਮੋਸ਼ੀਆਂ ਤੇ ਮਾਯੂਸੀਆਂ ਦਾ ਹੀ ਸਾਹਮਣਾ ਕਰਨਾ ਪਿਆ। ਹਰਿਮੰਦਰ ਸਾਹਿਬ ਨੂੰ ਤੋਪਾਂ ਨਾਲ ਉਡਾਣ ਸਮੇਂ ਟੁੱਟ ਰਹੇ ਹਰਿਮੰਦਰ ਵਿਚੋਂ ਜਿਹੜੀ ਇੱਕ ਇੱਟ ਉੱਡ ਕੇ ਅਬਦਾਲੀ ਦੇ ਨੱਕ ਤੇ ਆ ਕੇ ਵੱਜੀ ਸੀ, ਉਸ ਨਾਲ ਪੈਦਾ ਹੋਇਆ ਜ਼ਖ਼ਮ ਸਮਾਂ ਪਾ ਕੇ ਵਧਦਾ ਹੀ ਗਿਆ ਹੈ ਉਹ ਨਾਸੂਰ ਬਣ ਗਿਆ ਜਿਹੜਾ ਕਦੇ ਠੀਕ ਹੋਣ ਦਾ ਨਾਂ ਨਹੀਂ ਸੀ ਲੈਂਦਾ। ਅਬਦਾਲੀ ਇਸ ਰੱਬੀ ਫਿਟਕਾਰ ਤੋਂ ਵੀ ਡਾਢਾ ਦੁਖੀ ਸੀ। ਦੁਖ, ਬਦਸੂਰਤੀ ਤੇ ਸ਼ਰਮਸਾਰੀ ਕਾਰਨ ਉਹ ਹਰ ਵਕਤ ਚੋਰਾਂ ਵਾਂਗਰਾਂ ਆਪਣਾ ਮੂੰਹ ਸਭ ਦੇ ਸਾਹਮਣੇ ਲੁਕਾਈ ਰਖਦਾ। ਇਸ ਬੀਮਾਰੀ ਕਾਰਨ ਉਹ ਇਤਨਾ ਪਰੇਸ਼ਾਨ ਤੇ ਦੁਖੀ ਹੋਇਆ ਕਿ ਮੂੰਹ ਨੰਗਾ ਕਰਕੇ ਤੇ ਅੱਖਾਂ ਵਿੱਚ ਅੱਖਾਂ ਪਾ ਕੇ ਆਪਣੇ ਫੌਜੀਆਂ ਨੂੰ ਦੇਖ ਵੀ ਨਾ ਸਕਦਾ, ਉਸਨੇ ਉਨ੍ਹਾਂ ਨੂੰ ਸੇਧ ਤੇ ਆਦੇਸ਼ ਕੀ ਦੇਣੇ ਸਨ। (ਹਵਾਲਾ ਐਸ.ਐਸ. ਅਕਾਲ ਬੁੰਗਾ ਦੀ ਪੁਸਤਕ The history of Golden Temple page 12, edition 1908)। ਇਹ ਘਟਨਾ ਸਭ ਲਈ ਇਕ ਖੁਲ੍ਹੀ ਚੇਤਾਵਨੀ ਹੈ ਕਿ ਰੱਬ ਦੇ ਘਰ ਹਰਿਮੰਦਰ ਵਲ ਮਾੜੀ ਅੱਖ ਨਾਲ ਵੇਖਣ ਵਾਲੇ ਦਾ ਮਾੜਾ ਹਾਲ ਹੋਣਾ ਅਵੱਸ਼ਕ ਹੈ। ਹਰਿਮੰਦਰ ਇਕ ਪੂਜਾ ਸਥਲ ਹੈ ਜਿੱਥੇ ਮੁਰਾਦਾਂ ਬਰ ਆਉਂਦੀਆਂ ਹਨ ਭਾਵ ਪੂਰੀਆਂ ਹੁੰਦੀਆਂ ਹਨ। ਇੱਥੇ ਆਉਣ ਲਗਿਆਂ ਹਉਮੈ, ਹੰਕਾਰ ਤੇ ਤਕੱਬਰ ਨੂੰ ਤਲਾਂਜ ਕੇ ਆਉਣ ਨਾਲ ਹੀ ਸੁਖ ਸ਼ਾਂਤੀ ਤੇ ਪਿਆਰ ਦੀਆਂ ਦਾਤਾਂ ਨਸੀਬ ਹੁੰਦੀਆਂ ਹਨ। ਇਨ੍ਹਾਂ ਸਾਰੇ ਹਾਲਾਤਾਂ ਨੂੰ ਦੇਖਦਿਆਂ ਹੋਇਆਂ ਸ. ਜਸਾ ਸਿੰਘ ਆਹਲੂਵਾਲੀਆ ਨੇ ਥੋੜ੍ਹੇ ਹੀ ਸਮੇਂ ਵਿਚ ਨਵੇਂ ਸਿਰੇ ਤੋਂ ਉਸਾਰੀ ਦਾ ਕਾਰਜ ਕਰਵਾ ਕੇ ਹਰਿਮੰਦਰ ਦੀ ਸ਼ਾਨ ਬਹਾਲ ਕੀਤੀ। ਉਸ ਵਕਤ ਸਿੱਖ ਸੰਗਤਾਂ ਗੁਰੂ ਅਰਜਨ ਪਾਤਸ਼ਾਹ ਦੇ ਉਨ੍ਹਾਂ ਬਚਨਾਂ ਨੂੰ ਯਾਦ ਕਰ ਰਹੀਆਂ ਸਨ ਜਦ ਮੀਆਂ ਮੀਰ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਲਗਿਆਂ ਜਿਹੜੀ ਇੱਟ ਰਖੀ ਸੀ ਉਸ ਨੂੰ ਨਾਦਾਨ ਮਿਸਤਰੀ ਨੇ ਪੁਟ ਕੇ ਜ਼ਰਾ ਸਿਧਾ ਕੀਤਾ ਸੀ ਤਾਂ ਗੁਰੂ ਸਾਹਿਬ ਨੇ ਸਹਿਜ ਸੁਭਾਏ ਹੀ ਇਹ ਸ਼ਬਦ ਕਹੇ ਸਨ ਕਿ ਹਰਿਮੰਦਰ ਦੋਬਾਰਾ ਉਸਰੇਗਾ। ਅਜ ਉਹ ਬਚਨ ਵੀ ਸਚ ਹੋ ਗਏ ਸਨ।

ਉਧਰ ਅਬਦਾਲੀ ਸਿੱਖਾਂ ਤੋਂ ਇਤਨੀ ਮਾਰ ਖਾਣ ਅਤੇ ਨਮੋਸ਼ੀ ਉਠਾਣ ਕਾਰਨ ਬਹੁਤ ਘਬਰਾ ਗਿਆ, ਉਸ ਦੇ ਹੌਸਲੇ ਪਸਤ ਹੋਣੇ ਸ਼ੁਰੂ ਹੋ ਗਏ, ਉਸ ਦੇ ਹਿੰਦੁਸਤਾਨ ਹਥਿਆਉਣ ਦੇ ਸੁਪਨੇ ਉਸ ਦੀਆਂ ਅੱਖਾਂ ਦੇ ਸਾਹਮਣੇ ਖੇਰੂੰ ਖੇਰੂੰ ਹੁੰਦੇ

ਦਿਸਣ ਲਗ ਪਏ ਤੇ ਉਹ ਮਨ ਹੀ ਮਨ ਵਿਚ ਸਿੱਖਾਂ ਤੋਂ ਭੈ ਖਾਣ ਲਗ ਪਿਆ। ਸਿੱਖਾਂ ਦੇ ਸ਼ਾਨਦਾਰ ਬਹਾਦਰੀ ਭਰੇ ਕਾਰਨਾਮਿਆਂ ਕਰਕੇ ਅਤੇ ਅਬਦਾਲੀ ਨਾਲ ਨਿਡਰ ਹੋ ਕੇ ਟਕਰ ਲੈਣ ਕਾਰਨ ਉਨ੍ਹਾਂ ਦੀ ਸੂਰਮਗਤੀ ਦੀ ਅਜਿਹੀ ਧਾਂਕ ਜਰਵਾਣੇ ਅਬਦਾਲੀ ਦੇ ਮਨ ਤੇ ਬੈਠ ਗਈ ਕਿ ਉਹ 1768 ਈ. ਵਿਚ ਪੂਰੇ ਯਤਨ ਕਰਕੇ, ਲਸ਼ਕਰ ਇਕਠੇ ਕਰਕੇ, ਜਹਾਦ ਦਾ ਨਾਅਰਾ ਬੁਲੰਦ ਕਰਕੇ ਵੀ ਇਹ ਹੌਸਲਾ ਨਾ ਕਰ ਸਕਿਆ ਕਿ ਪੰਜਾਬ ਵਿਚ ਦਾਖਲ ਹੋ ਸਕੇ ਅਤੇ ਆਪਣੇ ਅੰਦਰੇ ਦੀ ਕਮਜ਼ੋਰੀ ਕਾਰਨ ਅਤੇ ਸਿੰਘਾਂ ਦੀ ਸੂਰਮਗਤੀ ਭਰੇ ਕਰਾਰੇ ਵਾਰਾਂ ਦੇ ਡਰ ਤੋਂ ਭੈ ਭੀਤ ਹੋ ਕੇ ਪਸ਼ੌਰ ਤੋਂ ਹੀ ਪਰਤ ਗਿਆ। ਵਾਪਸ ਪਰਤ ਕੇ ਵੀ ਉਸ ਦੇ ਅੰਦਰ ਹਿੰਦੁਸਤਾਨ ਨੂੰ ਫਤਿਹ ਕਰਨ ਦੀਆਂ ਲੂਹਰੀਆਂ ਤਾਂ ਉਠਦੀਆਂ ਰਹੀਆਂ ਪਰ ਕੀ ਕਰਦਾ, ਰਸਤੇ ਵਿਚ ਬਬਰ ਸ਼ੇਰ ਸਿੰਘਾਂ ਨਾਲ ਵਾਸਤਾ ਪੈਂਦਾ ਸੀ ਜਿਨ੍ਹਾਂ ਜੋਗਾ ਉਹ ਨਹੀਂ ਸੀ ਰਿਹਾ। ਪਰ ਜਿਸ ਦੇ ਮੂੰਹ ਨੂੰ ਖੂਨ ਲਗਾ ਹੋਵੇ ਉਹ ਚੈਨ ਨਾਲ ਬੈਠ ਕੇ ਇਨਸਾਫ ਪਸੰਦੀ ਵਾਲਾ ਜੀਵਨ ਕਿਵੇਂ ਬਤੀਤ ਕਰ ਸਕਦਾ ਹੈ। ਇਸ ਲਈ 1770 ਈ: ਵਿਚ ਉਹ ਫਿਰ ਹਿੰਮਤ ਕਰਕੇ ਪਸ਼ੌਰ ਤਕ ਆਇਆ ਪਰ ਦਰਾ-ਖ਼ੈਬਰ ਦੀਆਂ ਉਚਾਈਆਂ ਤੋਂ ਹੀ ਉਹ ਲਲਚਾਈਆਂ ਅੱਖਾਂ ਨਾਲ ਭਾਰਤ ਵਲ ਵੇਖਦਾ ਰਿਹਾ। ਉਸ ਵਿਚ ਨਾ ਹੌਸਲਾ ਸੀ ਨਾ ਹਿੰਮਤ ਤੇ ਨਾ ਹੀ ਮਾਨਸਿਕ ਸ਼ਕਤੀ ਕਿ ਉਹ ਸਿੱਖਾਂ ਨਾਲ ਟੱਕਰ ਲੈ ਸਕੇ ਅਤੇ ਇਸ ਤਰ੍ਹਾਂ ਭਾਰੀ ਮਨ ਨਾਲ ਆਹ ਭਰਦਿਆਂ ਹੋਇਆਂ ਉਸ ਨੂੰ ਵਾਪਸ ਆਪਣੇ ਦੇਸ਼ ਖਾਲੀ ਹੱਥ ਹੀ ਪਰਤਣਾ ਪਿਆ। (ਹਵਾਲਾ Delhi chronicle-225)

ਨਿਕਲਨਾ ਖੁਲਦ (ਸਵਰਗ) ਸੇ ਆਦਮ ਕਾ ਸੁਨਤੇ ਆਏ ਥੇ ਲੇਕਿਨ,
ਬੜੇ ਬੇ ਆਬਰੂ ਹੋਕਰ ਤੇਰੇ ਕੂਚੇ ਸੇ ਹਮ ਨਿਕਲੇ।

ਆਖਿਰ ਅਹਿਮਦ ਸ਼ਾਹ ਨੇ ਆਪਣੇ ਅਫ਼ਗਾਨ ਭਰਾ ਨਜੀਬ-ਉਦ-ਦੌਲਾ ਨੂੰ ਮੁਗਲ ਹਕੂਮਤ ਦਾ ਤਾਨਾਸ਼ਾਹ ਬਣਾਇਆ ਪਰ ਸਿੱਖਾਂ ਨੇ ਉਸ ਦੀ ਵੀ ਦਾਲ ਨਾ ਗਲਣ ਦਿੱਤੀ। ਉਸ ਦੇ ਇਲਾਕੇ ਤੇ ਹੱਲੇ ਬੋਲ ਬੋਲ ਕੇ ਉਸ ਦਾ ਜੀਣਾ ਹਰਾਮ ਕਰ ਦਿੱਤਾ। ਨਜੀਬ ਨੇ ਮਹਾਰਾਣੀ ਨੂੰ ਲਿਖਿਆ ਕਿ ਉਹ ਸਿੱਖਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਤੇ ਅੰਤ ਤੰਗ ਆ ਕੇ ਮੱਕੇ ਜਾਂ ਕਿਸੇ ਹੋਰ ਇਕਾਂਤ ਥਾਂ ਤੇ ਛੁਪ ਜਾਣਾ ਚਾਹੁੰਦਾ ਹੈ । ਉਹ ਸ਼ਾਹੀ ਆਦੇਸ਼ ਉਡੀਕੇ ਬਿਨਾਂ ਹੀ ਦਿੱਲੀਓਂ ਨਸਿਆ ਤੇ ਰਸਤੇ ਵਿਚ ਹੀ ਮਰ ਗਿਆ। ਉਸ ਦੇ ਪੁੱਤਰ ਤੇ ਜਾਨਸ਼ੀਨ (ਉਤਰਾਧਕਾਰੀ) ਜ਼ਬੀਤਾ ਖਾਨ ਰੋਹਲੇ ਨੇ ਸਿੱਖਾਂ ਤੋਂ ਡਰਦਿਆਂ 1777 ਈ. ਵਿੱਚ ਸਿੱਖ ਧਰਮ ਧਾਰਨ ਕਰ ਲਿਆ। ਇਸ ਲਈ ਉਸ ਵਾਸਤੇ ਸਿੱਖ ਜਗਤ ਵਿਚ ਨਿਮਨ ਕਹਾਵਤ ਮਸ਼ਹੂਰ ਹੋ ਗਈ :

ਇਕ ਗੁਰੂ ਕਾ, ਦੋ ਚੇਲਾ॥
ਅਧਾ ਸਿੱਖ, ਅਧਾ ਰੋਹੇਲਾ।

ਉਧਰ ਸਖਤ ਹਾਰ ਦਾ ਮੂੰਹ ਦੇਖਣ ਉਪਰੰਤ ਬਿਲਕੁਲ ਪੂਰਨ ਤੌਰ ਤੇ ਮਾਯੂਸ ਹੋਏ ਅਬਦਾਲੀ ਨੇ 14 ਅਪਰੇਲ, 1772 ਨੂੰ ਸਦਾ ਲਈ ਅੱਖਾਂ ਮੀਟ ਲਈਆਂ। ਸਿੱਖਾਂ ਨੂੰ ਪਤਾ ਲਗਾ ਤਾਂ ਉਨ੍ਹਾਂ ਪਸ਼ੌਰ ਨੂੰ ਜਾ ਘੇਰਿਆ। ਸ਼ਹਿਰ ਵਿਚ ਖੂਬ ਖੂਨ-ਖਰਾਬਾ ਹੋਇਆ, ਸਿੰਘਾਂ ਦੇ ਜੈਕਾਰਿਆਂ ਨੇ ਅਫ਼ਗਾਨੀਆਂ ਤੇ ਪਸ਼ੌਰੀਆਂ ਨੂੰ ਭੈ ਭੀਤ ਕਰ ਦਿੱਤਾ ਅਤੇ ਸਿੰਘਾਂ ਦੀ ਚੜ੍ਹਤ ਨੂੰ ਦੇਖਦਿਆਂ ਹੋਇਆਂ ਪਠਾਣਾਂ ਦੇ ਮੂੰਹ ਆਪ ਮੁਹਾਰੇ ਨਿਕਲਣ ਲੱਗ ਪਿਆ, 'ਤੋਬਾ ਤੋਬਾ ਖੁਦਾ ਖੁਦ ਖਾਲਸਾ ਸ਼ੁਦ,' ਭਾਵ ਇਹ ਕਿ ਖੁਦਾ ਖੁਦ ਖਾਲਸਾ ਸਜ ਗਿਆ ਹੈ, ਇਸੇ ਲਈ ਪਠਾਣਾਂ ਦੀ ਹਾਰ ਹੋ ਰਹੀ ਹੈ। ਮਗਰੋਂ ਜਦ 1834 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨਲੂਆ ਨੂੰ ਪਸ਼ੌਰ ਦਾ ਗਵਰਨਰ ਥਾਪਿਆ ਤਾਂ ਉਸ ਤੋਂ ਪਹਿਲਾਂ ਅਫ਼ਗਾਨੀਆਂ ਤੇ ਪਠਾਣਾਂ ਨੇ ਰਲਕੇ ਸਿੱਖਾਂ ਵਿਰੁਧ 'ਲੋਹਾ-ਗਾਜ਼ਾ' ਦਾ ਨਾਅਰਾ ਬੁਲੰਦ ਕੀਤਾ ਜਿਸਦੇ ਅਰਥ ਹਨ, 'ਵੱਡਾ ਜਹਾਦ' (ਧਾਰਮਿਕ ਯੁਧ), ਪਰ ਸਿੰਘਾਂ ਦੇ ਹੌਸਲਿਆਂ ਅੱਗੇ ਉਨ੍ਹਾਂ ਦੀ ਪੇਸ਼ ਨਾ ਗਈ ਤੇ ਉਨ੍ਹਾਂ ਦੇ ਅਵਤਾਰੀ ਪੁਰਸ਼ ਜਨਰਲ ਸਯੱਦ ਅਹਿਮਦ ਬਰੇਲਵੀ ਨੂੰ ਪਹਿਲੇ ਸਿੰਘਾਂ ਹੱਥੋਂ ਹਾਰਾਂ ਹੋਈਆਂ ਤੇ ਮਗਰੋਂ ਉਹ ਹਰੀ ਸਿੰਘ ਨਲੂਏ ਹਥੋਂ ਮਾਰਿਆ ਗਿਆ। ਉਸ ਦੀ ਮੌਤ ਨੇ ਤਾਂ ਪਠਾਣਾਂ ਦਾ ਸਾਹ ਸਤ ਹੀ ਮੁਕਾ ਦਿੱਤਾ ਤੇ ਉਹ ਹਥਿਆਰ ਸੁਟ ਕੇ ਨਿਤਾਣੇ ਹੋ ਗਏ। ਖੁਦਾ ਵਲ ਫਿਰ ਗਿਲਾ ਕਰਦਿਆਂ ਉਨ੍ਹਾਂ ਕਿਹਾ ਕਿ 'ਖਾਲਸਾ ਹਮ ਖੁਦਾ ਸ਼ੁਰਦਾ' ਭਾਵ ਇਹ ਕਿ ਖਾਲਸਾ ਤਾਂ ਹੁਣ ਖੁਦ ਖੁਦਾ ਦੇ ਬਰਾਬਰ ਹੋ ਗਿਆ ਹੈ (ਹਵਾਲਾ ਸੀਤਾ ਰਾਮ ਕੋਹਲੀ ਦੀ ਪੰਜਾਬੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ', ਐਡੀਸ਼ਨ 1951 ਪੰਨਾ-153)। ਜਾਦੂ ਉਹ ਜੋ ਸਿਰ ਚੜ੍ਹ ਬੋਲੇ-ਸਿੰਘੋ ਤੁਹਾਡੀ ਕਮਾਲ ਹੈ ਤੇ ਸਦਕੇ ਜਾਈਏ ਤੁਹਾਡੀ ਸੂਰਮਗਤੀ ਤੋਂ।

ਕੁਦਰਤ ਦੇ ਰੰਗ ਦੇਖੋ, ਕਰੋੜਾਂ ਭਾਰਤੀਆਂ ਨੂੰ ਅੱਗੇ ਲਾ ਲੈਣ ਵਾਲੇ ਉਹ ਪਠਾਣ, ਗੁਰੂ ਦੇ ਦੁਲਾਰੇ ਕੁਝ ਸਿੰਘਾਂ ਦੀ ਝਾਲ ਝਲਣ ਜੋਗੇ ਵੀ ਨਾ ਰਹੇ। ਇਹ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਦੀ ਸ਼ਕਤੀ ਤੇ ਉਨ੍ਹਾਂ ਦੇ ਵਰਦਾਨ ਦਾ ਕਮਾਲ ਅਤੇ ਹਰਿਮੰਦਰ ਸਾਹਿਬ ਨੂੰ ਅਪਮਾਨਤ ਕਰਨ ਦਾ ਪ੍ਰਤੀਕਰਮ ਜਿਸ ਨੇ ਦੁਨੀਆ ਨੂੰ ਚਕਰਤ ਕਰ ਦਿੱਤਾ। ਇਹ ਸਾਰਾ ਕੁਝ ਅਨੁਭਵ ਕਰ ਕੇ ਹੀ ਅਬਦਾਲੀ ਨੇ ਆਪਣੇ ਦਿਲ ਦੀ ਭੜਾਸ ਕਢਦਿਆਂ ਕਿਸੇ ਵੇਲੇ ਕਿਹਾ ਹੋਵੇਗਾ ਕਿ ਭਾਰਤ ਦੇਸ਼ ਤੇ ਪੂਰੀ ਤਰ੍ਹਾਂ ਆਪਣਾ ਤਸੱਲਤ (ਕਬਜ਼ਾ) ਜਮਾਉਣ ਲਈ ਉਸ ਨੂੰ ਉਤਨੀ ਦੇਰ ਤਕ ਇੰਤਜ਼ਾਰ ਕਰਨੀ ਪਵੇਗੀ ਜਦ ਤਕ ਸਿੱਖਾਂ ਦਾ

ਧਾਰਮਿਕ ਜਜ਼ਬਾ ਠੰਡਾ ਨਹੀਂ ਪੈ ਜਾਂਦਾ। ਅਬਦਾਲੀ ਨੂੰ ਇਹ ਸਮਾਂ ਦੇਖਣਾ ਨਸੀਬ ਨਾ ਹੋਇਆ। ਉਸਨੂੰ ਇਸ ਗੱਲ ਦਾ ਅਹਿਸਾਸ ਨਾ ਹੋ ਸਕਿਆ ਕਿ ਦਸਾਂ ਗੁਰੂਆਂ ਦੀ ਅਮਲੀ ਤੇ ਅਧਿਆਤਮਿਕ ਸਿਖਿਆ ਤੋਂ ਇਲਾਵਾ ਸਿੱਖਾਂ ਦੇ ਵਿਰਸੇ ਵਿਚ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਹਨ ਜੋ ਉਨ੍ਹਾਂ ਨੂੰ ਹਮੇਸ਼ਾ ਹਮੇਸ਼ਾ ਲਈ ਮਾਨਵ ਹਿਤ ਨਾਲ ਪਰੀਪੂਰਨ ਜਜ਼ਬੇ ਤੋਂ ਸਰਸ਼ਾਰ ਕਰੀ ਰਖਣਗੇ ਅਤੇ ਹਰਿਮੰਦਰ ਵਰਗਾ ਰੂਹਾਨੀ ਮਰਕਜ਼ (ਕੇਂਦਰ) ਉਨ੍ਹਾਂ ਨੂੰ ਨਿਰੰਤਰ ਸ਼ਕਤੀ ਪਰਦਾਨ ਕਰਦਾ ਰਹੇਗਾ। ਫਿਰ ਇਹ ਉਡੀਕ ਕਰਨੀ ਕਿ ਸਿੱਖਾਂ ਦਾ ਧਾਰਮਿਕ ਤੇ ਹਿਤਕਾਰੀ ਜਜ਼ਬਾ ਠੰਡਾ ਹੋਣ ਤੇ ਹੀ ਕੋਈ ਅਗਲੇਰੀ ਕਾਰਵਾਈ ਕੀਤੀ ਜਾਵੇਗੀ, ਸਿਰਫ ਆਪਣੀ ਹਾਰ ਨੂੰ ਸ਼ਰਮਸਾਰੀ ਤੋਂ ਬਚਾਉਣ ਦੀ ਹੀ ਗੱਲ ਸੀ। ਸੂਰਜ ਦੀ ਤਪਸ਼ ਤਾਂ ਸਮਾਂ ਪਾ ਕੇ ਠੰਡੀ ਹੋ ਸਕਦੀ ਹੈ ਪਰ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਮਾਰਗ ਦਰਸ਼ਨ ਦਾ ਅਸਰ ਠੰਡਾ ਨਹੀਂ ਪੈ ਸਕਦਾ, ਕਦੇ ਵੀ ਨਹੀਂ ਪੈ ਸਕਦਾ।

ਇਵੇਂ ਅਬਦਾਲੀ ਸਿੱਖਾਂ ਅਤੇ ਹਰਿਮੰਦਰ ਸਾਹਿਬ ਨਾਲ ਟਕਰ ਲੈਂਦਾ ਲੈਂਦਾ ਆਪਣੀ ਬਾਦਸ਼ਾਹੀ ਗਵਾ ਬੈਠਾ, ਪਰਿਵਾਰ ਗਵਾ ਬੈਠਾ ਤੇ ਆਪਣੀ ਅੰਦਰੂਨੀ ਸ਼ਕਤੀ ਗਵਾ ਕੇ ਨਿਤਾਣਾ ਹੋ ਕੇ ਖਾਕ ਵਿਚ ਰਲ ਗਿਆ। ਅੱਜ ਕੋਈ ਉਸ ਦਾ ਨਾਂ ਲੇਣ ਵਾਲਾ ਵੀ ਨਹੀਂ ਤੇ ਜੇ ਕੋਈ ਲੈਂਦਾ ਵੀ ਹੈ ਤਾਂ ਫਿਟਕਾਰਾਂ ਪਾਉਣ ਲਈ। ਪਰ ਇਧਰ ਹਰਿਮੰਦਰ ਨੂੰ ਨਿਤ ਨਵੇਂ ਚੜ੍ਹੇ ਸੂਰਜ ਤੇ ਹਜ਼ਾਰਾਂ ਲਖਾਂ ਸ਼ਰਧਾਲੂ ਆਪਣਾ ਸਤਿਕਾਰ ਅਰਪਤ ਕਰਦੇ, ਨਕ ਰਗੜਦੇ, ਮੁਰਾਦਾਂ ਮੰਗਦੇ, ਸ਼ੁਕਰਾਨੇ ਕਰਦੇ ਨਹੀਂ ਥਕਦੇ। ਅਬਦਾਲੀ ਤੇ ਹੋਰ ਜਰਵਾਣਿਆਂ ਬਾਰੇ ਨਿਮਨ ਕੁਝ ਕਵਿਤਾ ਪੰਗਤੀਆਂ ਕਾਫੀ ਢੁਕਦੀਆਂ ਹਨ :

ਤੈਨੂੰ ਦਿਤੀ ਖ਼ੁਦਾ ਨੇ ਬਾਦਸ਼ਾਹੀ, ਬਾਹਵਾਂ ਸਾਡੀਆਂ ਵਿਚ ਬਾਹੂ-ਬਲ ਦਿਤਾ।
ਤੂੰ ਉਹਦੀ ਮਖਲੂਕ ਦਾ ਨਾਸ ਕੀਤਾ, ਤੇਰੇ ਨਾਸ ਨੂੰ ਅਸਾਂ ਉੱਥਲ ਦਿਤਾ।
ਸਾਡੇ ਦਰਾਂ ਤੇ ਹੁੰਦੀ ਹੈ ਦੀਪਮਾਲਾ, ਮੇਲੇ ਸਾਡੇ ਸ਼ਹੀਦਾਂ ਦੇ ਲਗਣੇ ਨੇ।
ਤੇਰੀ ਕਬਰ ਤੇ ਕੋਈ ਵੀ ਝਾਕਦਾ ਨਹੀਂ, ਨਾ ਹੀ ਹਸ਼ਰ ਤੀਕਰ ਦੀਵੇ ਜਗਣੇ ਨੇ।

ਮੰਦਾ ਚਿਤਵਤ ਚਿਤਵਤ ਪਚਿਆ (ਸੜਿਆ)
ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ਅੰਗ-825

.44.

ਹਰਿਮੰਦਰ ਸਾਹਿਬ ਵਿਖੇ ਮਨੁੱਖ ਵਲੋਂ ਮਨੁੱਖ ਨੂੰ ਮੱਥਾ ਟੇਕਣਾ

1980 ਦੀ ਘਟਨਾ

ਜਿਵੇਂ ਕਿ ਪਹਿਲੇ ਵੀ ਸੰਖੇਪ ਰੂਪ ਵਿਚ ਲਿਖਿਆ ਜਾ ਚੁੱਕਾ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਸਿੱਖਾਂ ਲਈ ਅਤਿਅੰਤ ਸ਼ਰਧਾ ਦਾ ਅਸਥਾਨ ਹੈ ਜਿਸ ਦੇ ਦਰਸ਼ਨ ਇਸ਼ਨਾਨ ਸੰਸਾਰ ਵਿਚ ਕਿਧਰੇ ਵੀ ਰਹਿ ਰਿਹਾ ਸਿੱਖ ਦੋਵੇਂ ਵੇਲੇ ਲੋਚਦਾ ਹੈ ਅਤੇ ਇਸ ਲੋਚਾ ਦੀ ਪੂਰਤੀ ਲਈ ਅਕਾਲਪੁਰਖ ਅੱਗੇ ਅਰਦਾਸ ਰੂਪ ਵਿਚ ਅਰਜੋਈ ਕਰਦਾ ਰਹਿੰਦਾ ਹੈ। ਇਸ ਮਹਾਨ ਤੀਰਥ ਦੇ ਸ਼ਰਧਾ, ਪਿਆਰ, ਅਦੁੱਤੀ ਸਤਿਕਾਰ ਅਤੇ ਨਿਮਰਤਾ ਨਾਲ ਦਰਸ਼ਨ ਕਰਨ ਸਮੇਂ ਮੈਂ ਜਦ ਵੀ ਉੱਥੇ ਹਾਜ਼ਰੀ ਭਰੀ, ਇਕ ਗੱਲ ਨੇ ਮੈਨੂੰ ਹਮੇਸ਼ਾ ਬੋਝਲ ਕੀਤਾ ਤੇ ਉਹ ਹੈ ਰਾਤ ਦੀ ਇਤਿਹਾਸਕ ਮਹਤੱਤਾ ਰਖਦੀ ਗਸ਼ਤੀ ਚੌਕੀ ਜਿਹੜੀ ਇਕ ਮਹੰਤ ਹੋਰੀ ਕੱਢਦੇ ਹੁੰਦੇ ਸਨ। ਮੈਂ ਜਿਸ ਘਟਨਾ ਦਾ ਜ਼ਿਕਰ ਕਰ ਰਿਹਾ ਹਾਂ ਇਹ ਮੇਰੇ ਨਾਲ 1980 ਵਿੱਚ ਵਾਪਰੀ। ਇਹ ਚੌਕੀ ਪੂਰੇ ਨੇਮ ਨਾਲ ਹੁਣ ਵੀ ਨਿਕਲਦੀ ਹੈ ਪਰ ਉਹ ਮਹੰਤ ਇਸ ਵੇਲੇ ਇਸ ਸੰਸਾਰ ਵਿੱਚ ਨਹੀਂ ਹਨ ਜਿਨ੍ਹਾਂ ਨਾਲ ਮੇਰੀ ਵਾਰਤਾਲਾਪ ਹੋਈ ਸੀ। ਇਸ ਚੌਕੀ ਵਿਚ ਸ਼ਬਦ ਗਾਇਨ ਹੁੰਦਾ ਹੈ, ਮਸ਼ਾਲ ਲੈ ਕੇ ਸੰਗਤਾਂ ਪ੍ਰਕਰਮਾ ਕਰਦੀਆਂ ਹਨ। ਇਹ ਚੌਂਕੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਤਿਕਾਰ ਵਿਚ ਕੱਢੀ ਜਾਂਦੀ ਹੈ।

ਇੱਥੇ ਤਕ ਤਾਂ ਸਾਰਾ ਕੁਝ ਠੀਕ ਹੈ ਪਰ ਮਹੰਤ ਦੇ ਪੈਰਾਂ ਤੇ ਲੋਕਾਂ ਵਲੋਂ ਅੰਧਾ ਧੁੰਦ ਮੱਥਾ ਟੇਕਣ ਦੀ ਪਰਵਿਰਤੀ ਜਿਹੜੀ ਇਸ ਚੌਕੀ ਸਾਹਿਬ ਦਾ ਸ਼ਾਇਦ ਮੂਲ ਧੁਰਾ ਬਣ ਗਈ ਸੀ, ਬਹੁਤ ਸਾਰੇ ਸਿੱਖਾਂ ਨੂੰ ਨਹੀਂ ਸੀ ਭਾਉਂਦੀ। 1980 ਵਿੱਚ ਜਦੋਂ ਮੈਂ ਉਸ ਚੌਕੀ ਸਾਹਿਬ ਨਾਲ ਸਾਰੀ ਪ੍ਰਕਰਮਾ ਕੀਤੀ ਤਾਂ ਮੈਂ ਨੋਟ ਕੀਤਾ ਕਿ 67 ਵਿਕਤੀਆਂ ਨੇ ਮਹੰਤ ਦੇ ਪੈਰਾਂ ਤੇ ਮੱਥਾ ਟੇਕਿਆ। ਚੌਕੀ ਦੀ ਸਮਾਪਤੀ ਮਗਰੋਂ ਮੈਂ ਮਹੰਤ ਨੂੰ ਮਿਲਿਆ ਅਤੇ ਬੇਨਤੀ ਕੀਤੀ ਕਿ ਉਹ ਮੱਥਾ ਟੇਕਣ ਵਾਲੀ ਸੰਗਤ ਨੂੰ ਇਵੇਂ ਕਰਨ ਤੋਂ ਹੋੜ ਦੇਣ ਕਿਉਂਕਿ ਗੁਰੂ ਰਾਮਦਾਸ ਪਾਤਸ਼ਾਹ ਦੇ ਦਰਬਾਰ ਵਿਚ ਬੰਦੇ ਦੇ ਪੈਰਾਂ ਤੇ ਬੰਦਾ ਮੱਥਾ ਟੇਕਦਾ ਸੋਭਦਾ ਨਹੀਂ ਕਿਉਂਕਿ ਇਸ ਸਤਿਕਾਰ ਦੇ ਸਵਾਮੀ ਕੇਵਲ ਗੁਰਦੇਵ ਪਿਤਾ ਜੀ ਆਪ ਹੀ ਹਨ, ਪਰ ਮਹੰਤ ਨੂੰ ਮੇਰੀ ਇਹ ਗੱਲ ਪਸੰਦ ਨਾ ਆਈ ਅਤੇ ਉਸ ਨੇ ਮੈਨੂੰ ਪੂਰੇ ਜਲਾਲ ਵਿਚ ਕਿਹਾ ਕਿ ਲੋਕੀਂ ਉਸ ਨੂੰ ਮੱਥਾ ਨਹੀਂ ਟੇਕਦੇ ਸਗੋਂ ਜਿਸ

ਸਮੇਂ ਉਹ ਚੌਂਕੀ ਤੇ ਚੜ੍ਹਿਆ ਹੋਇਆ ਹੁੰਦਾ ਹੈ ਉਸ ਸਮੇਂ ਉਸ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਪ ਬਿਰਾਜਮਾਨ ਹੁੰਦੇ ਹਨ ਅਤੇ ਇਵੇਂ ਉਸ ਨੂੰ ਮੱਥਾ ਟੇਕ ਕੇ ਲੋਕੀਂ ਸਤਿਗੁਰਾਂ ਨੂੰ ਆਪਣਾ ਸਤਿਕਾਰ ਅਰਪਤ ਕਰਦੇ ਹਨ।

ਮੈਨੂੰ ਇਹ ਗੱਲ ਬੇਲੋੜੀ ਤੇ ਓਪਰੀ ਜਾਪੀ। ਮੈਂ ਮਹੰਤ ਨੂੰ ਫਿਰ ਬੇਨਤੀ ਕੀਤੀ ਤੇ ਕਿਹਾ ਕਿ ਸਤਿਗੁਰੂ ਹਰਿਗੋਬਿੰਦ ਸਾਹਿਬ ਤਾਂ ਸਦਾ ਸਾਡੇ ਸਾਰਿਆਂ ਦੇ ਅੰਗ ਸੰਗ ਹਨ ਫਿਰ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਚੌਂਕੀ ਸਾਹਿਬ ਵੇਲੇ ਤੇਰੇ ਵਿਚ ਸਮਾਉਣ ਦੀ ਕੀ ਲੋੜ ਹੈ? ਇਸਦੇ ਉੱਤਰ ਵਿਚ ਮਹੰਤ ਨੇ ਕਿਹਾ ਕਿ ਉਹ ਪਿਛਲੇ 60 ਸਾਲਾਂ ਤੋਂ ਲਗਾਤਾਰ ਇਸ ਚੌਂਕੀ ਦੀ ਸੇਵਾ ਕਰ ਰਿਹਾ ਹੈ ਅਤੇ ਸਤਿਗੁਰਾਂ ਨੇ ਉਸ ਨੂੰ ਵਰ ਦਿੱਤਾ ਹੋਇਆ ਹੈ ਕਿ ਜੇ ਕੋਈ ਬੰਦਾ ਚੌਂਕੀ ਦੇ ਕਾਰਜ ਵਿਚ ਖਲਲ (ਵਿਘਨ) ਪਾਏਗਾ, ਉਹ ਭਸਮ ਹੋ ਜਾਏਗਾ। ਮੈਂ ਹੋਰ ਅਰਜ਼ ਕੀਤੀ ਕਿ ਮੇਰਾ ਵਿਘਨ ਪਾਉਣ ਦਾ ਕੋਈ ਮਨੋਰਥ ਨਹੀਂ, ਮੈਂ ਆਪਣੇ ਸਾਰੇ ਗੁਰੂ ਸਾਹਿਬਾਨ ਵਿਚ ਅਥਾਹ ਸ਼ਰਧਾ ਰਖਦਾ ਹਾਂ, ਗੁਰ ਦੀ ਸ਼ਾਨ ਵਿਚ ਆਪਣੀ ਜਾਨ ਤਕ ਕੁਰਬਾਨ ਕਰ ਦੇਣੀ ਇਕ ਮਾਮੂਲੀ ਗੱਲ ਸਮਝਦਾ ਹਾਂ ਪਰ ਮੈਨੂੰ ਇਹ ਚੰਗਾ ਨਹੀਂ ਲਗਦਾ ਕਿ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਾਨ ਤੀਰਥ ਉੱਤੇ ਦੇਹ ਧਾਰੀ ਗੁਰੂ ਵਰਗੀ ਹਸਤੀ ਉਭਰ ਰਹੀ ਹੋਵੇ।

ਇਸ ਤੇ ਉਹ ਮਹੰਤ ਹੋਰ ਰੋਹਬ ਨਾਲ ਬੋਲਿਆ-'ਲੋਕੀਂ ਉਸ ਨੂੰ ਮੱਥਾ ਨਹੀਂ ਟੇਕਦੇ ਸਗੋਂ ਉਸ ਸ਼ਬਦ ਦੇ ਸਤਿਕਾਰ ਵਜੋਂ ਮਥਾ ਟੇਕਦੇ ਹਨ ਜਿਹੜਾ ਉਹ ਚੌਂਕੀ ਵੇਲੇ ਗਾਇਨ ਕਰ ਰਿਹਾ ਹੁੰਦਾ ਹੈ।' ਮੈਂ ਆਪਣੀ ਅਸਹਿਮਤੀ ਪ੍ਰਗਟ ਕਰਦਿਆਂ ਗੁਜ਼ਾਰਸ਼ (ਬੇਨਤੀ) ਕੀਤੀ ਕਿ ਪਰਕਰਮਾ ਦੀ ਹਰ ਨੁੱਕਰ ਵਿਚ ਗੁਰਬਾਣੀ ਦਾ ਕੀਰਤਨ ਹਰ ਸਮੇਂ ਸੁਣਾਈ ਦੇ ਰਿਹਾ ਹੁੰਦਾ ਹੈ, ਫਿਰ ਇਸ ਸ਼ਬਦ ਦੀ ਕੀ ਵਿਸ਼ੇਸ਼ਤਾ ਹੈ ਕਿ ਲੋਕੀਂ ਇਸਨੂੰ ਸੁਣਦੇ ਸਾਰ ਬਦੋਬਦੀ ਤੇਰੇ ਪੈਰਾਂ ਉੱਪਰ ਆ ਡਿਗਦੇ ਹਨ ਜਦ ਕਿ ਅਸਲੀਅਤ ਤਾਂ ਇਹ ਹੈ ਕਿ ਤੇਰਾ ਸ਼ਬਦ ਪੜ੍ਹਨ ਦਾ ਲਹਿਜਾ ਕੁਝ ਇਸ ਤਰ੍ਹਾਂ ਦਾ ਓਪਰਾ ਜਿਹਾ ਹੈ ਕਿ ਆਮ ਵਿਅਕਤੀ ਨੂੰ ਤਾਂ ਤੁਹਾਡੇ ਵਲੋਂ ਪੜ੍ਹੇ ਜਾ ਰਹੇ ਸ਼ਬਦ ਦੀ ਪੰਗਤੀ ਤਕ ਵੀ ਸਮਝ ਨਹੀਂ ਆਉਂਦੀ।

ਜਿਉਂ ਜਿਉਂ ਗੱਲ ਵਧਦੀ ਗਈ ਮਹੰਤ ਦੀ ਘਬਰਾਹਟ ਵਿਚ ਵੀ ਵਾਧਾ ਹੋਣਾ ਸ਼ੁਰੂ ਹੋ ਗਿਆ ਅਤੇ ਫਿਰ ਉਸ ਨੇ ਗੱਲ ਬਾਤ ਦਾ ਲਹਿਜਾ ਬਦਲ ਕੇ ਮੈਨੂੰ ਕਿਹਾ ਕਿ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਆਪਣੇ ਦਰਬਾਰ ਦਾ ਚਪੜਾਸੀ ਥਾਪਿਆ ਹੈ, ਸੰਗਤਾਂ ਆਪਣੀਆਂ ਅਰਜ਼ੀਆਂ (ਬੇਨਤੀਆਂ) ਮੈਨੂੰ ਦਸਦੀਆਂ ਹਨ, ਮੈਂ ਅਰਦਾਸ ਦੇ ਰੂਪ ਵਿਚ ਗੁਰੂ ਜੀ ਅੱਗੇ ਪੇਸ਼ ਕਰ ਦਿੰਦਾ ਹਾਂ ਅਤੇ ਜੋ ਵੀ ਉਹ ਜਵਾਬ ਦਿੰਦੇ ਹਨ, ਉਹ ਮੈਂ ਸੰਗਤਾਂ ਨੂੰ ਦਸ ਦੇਂਦਾ ਹਾਂ। ਇਹ ਗੱਲ ਸੁਣ ਕੇ ਮੇਰੇ ਮਨ ਦੀ ਹਾਲਤ ਬਹੁਤ ਚਿੰਤਾਤੁਰ ਹੋਈ।

ਹੁਣ ਮੈਨੂੰ ਕਿਆਸ ਜਿਹਾ ਹੋ ਚੁਕਾ ਸੀ ਕਿ ਇਸ ਸੇਵਾ ਭਾਵਨਾ ਨਾਲ ਕੀਤੀ ਜਾ ਰਹੀ ਆਰਤੀ ਜਾਂ ਚੌਕੀ ਪਿੱਛੇ ਗੁਰੂ ਦੇ ਨਾਂ ਤੇ ਕੀਤੀ ਜਾ ਰਹੀ ਕੋਈ ਦੁਕਾਨਦਾਰੀ ਵੀ ਹੋ ਸਕਦੀ ਹੈ। ਮਹੰਤ ਨੇ ਮੈਨੂੰ ਕਿਹਾ, ਲਾਚੀ ਬੇਰ ਗੁਰਦਵਾਰੇ ਦੇ ਸਾਹਮਣੇ ਚਲੋ, ਆਪਣੇ ਮਨ ਦੀ ਮੁਰਾਦ ਮੈਨੂੰ ਦਸ ਦਿਓ ਤੇ ਮੈਂ ਹੁਣੇ ਗੁਰੂ ਜੀ ਅੱਗੇ ਅਰਦਾਸ ਦੇ ਰੂਪ ਵਿਚ ਪੇਸ਼ ਕਰ ਦਿੰਦਾ ਹਾਂ।

ਮੈਂ ਇਸ ਗੱਲ ਨੂੰ ਨਿਰਾ ਪਾਖੰਡ ਸਮਝਿਆ, ਪਰ ਕਿਹਾ, ਚਲੋ ਮੈਂ ਚਲਦਾ ਹਾਂ। ਫਿਰ ਉਸ ਮੈਨੂੰ ਪੁਛਿਆ ਕਿ ਤੂੰ ਗੁਰੂ ਜੀ ਤੋਂ ਕੀ ਚਾਹੁੰਦਾ ਏਂ? ਮੈਂ ਉਨ੍ਹਾਂ ਨੂੰ ਕੀ ਕਹਾਂ? ਮੈਂ ਕਿਹਾ ਉਨ੍ਹਾਂ ਨੂੰ ਮੇਰੀ ਤਰਫੋਂ ਬੇਨਤੀ ਕਰੋ ਕਿ ਭਟਕਿਆ ਹੋਇਆ ਇਕ ਨਿਮਾਣਾ ਜਿਹਾ ਸਿੱਖ ਤੁਹਾਡੇ ਦਰਸ਼ਨਾਂ ਦੀ ਤੀਬਰ ਲੋਚਾ ਵਿਚ ਵਿਆਕੁਲ ਹੈ, ਕਿਰਪਾ ਕਰੋ ਤੇ ਦਰਸ਼ਨ ਦਿਓ। ਮਹੰਤ ਮੇਰੀ ਇਸ ਇੱਛਾ ਤੇ ਹੈਰਾਨ ਜਿਹਾ ਹੋ ਗਿਆ ਤੇ ਕਹਿਣ ਲਗਾ ਕਿ ਗੁਰੂ ਸਾਹਿਬ ਸਭ ਮੁਰਾਦਾਂ ਪੂਰੀਆਂ ਕਰਦੇ ਹਨ, ਤੁਸੀਂ ਨੌਕਰੀ ਮੰਗੋ, ਮਕਾਨ ਮੰਗੋ, ਪੁੱਤਰ ਮੰਗੋ, ਮਾਣ ਮੁਰਾਤਬਾ ਮੰਗੋ, ਮੈਂ ਯਕੀਨ ਦਿਵਾਂਦਾ ਹਾਂ ਕਿ ਗੁਰੂ ਹਰਿਗੋਬਿੰਦ ਜੀ ਵਲੋਂ ਤੁਹਾਨੂੰ ਇਹ ਸਭੇ ਦਾਤਾਂ ਪ੍ਰਾਪਤ ਹੋਣਗੀਆਂ। ਮੈਂ ਉਸ ਦੀ ਇਹ ਪੇਸ਼ਕਸ਼ ਠੁਕਰਾਂਦਿਆਂ ਮਹੰਤ ਨੂੰ ਯਾਦ ਦਿਵਾਇਆ ਕਿ ਸਿੱਖ ਗੁਰੂ ਸਾਹਿਬਾਨ ਤਾਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਅਕਾਲਪੁਰਖ ਦੇ ਨਾਮ ਸਾਹਮਣੇ ਹੇਚ ਦਸਦੇ ਹਨ ਫਿਰ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਨਾਂ ਲੈ ਕੇ ਸੰਗਤਾਂ ਦਾ ਇਨ੍ਹਾਂ ਪ੍ਰਤੀ ਮੋਹ ਕਿਉਂ ਵਧਾ ਰਿਹਾ ਹੈ? ਜਵਾਬ ਵਿਚ ਮਹੰਤ ਨੇ ਇਹੀ ਕਿਹਾ ਕਿ ਸਭ ਕੁਝ ਅਕਾਲਪੁਰਖ ਦੇ ਹੁਕਮ ਵਿਚ ਹੀ ਹੋ ਰਿਹਾ ਹੈ, ਮੈਂ ਆਪ ਕੁਝ ਨਹੀਂ ਕਰ ਰਿਹਾ।

ਮੈਨੂੰ ਸਖਤ ਅਫਸੋਸ ਹੋਇਆ ਕਿ ਇਕ ਆਦਮੀ ਜਿਹੜਾ 60 ਸਾਲ ਤੋਂ ਲਗਾਤਾਰ ਗੁਰੂ ਦੀ ਚੌਕੀ ਭਰ ਰਿਹਾ ਹੈ ਉਹ ਇਤਨਾ ਵੀ ਨਹੀਂ ਜਾਣ ਸਕਿਆ ਕਿ ਉਹ ਆਪਣੇ ਅਜਿਹੇ ਕਰਮਾਂ ਸਦਕਾ ਸਤਿਗੁਰੂ ਦੀ ਵਡਿਆਈ ਨੂੰ ਕਿਤਨੀ ਨੀਵੀਂ ਹੱਦ ਤਕ ਲੈ ਆਇਆ ਹੈ। ਮਹੰਤ ਦੀ ਇਸ ਸੋਚ ਨੂੰ ਦੇਖਣ ਮਗਰੋਂ ਮੈਂ ਆਪਣਾ ਵਤੀਰਾ ਬਦਲਿਆ ਅਤੇ ਜ਼ਰਾ ਜ਼ੋਰ ਨਾਲ ਕਿਹਾ ਕਿ ਮੈਂ ਸੰਗਤ ਨੂੰ ਤੁਹਾਡੇ ਪੈਰਾਂ ਤੇ ਮੱਥਾ ਨਹੀਂ ਟੇਕਣ ਦੇਣਾ ਇਸ ਪਿੱਛੇ ਭਾਵੇਂ ਮੈਨੂੰ ਕੋਈ ਵੀ ਪਰੇਸ਼ਾਨੀ ਤੇ ਨਿਰਾਦਰੀ ਕਿਉਂ ਨਾ ਝਲਣੀ ਪਵੇ। ਤੁਹਾਡੇ ਪ੍ਰਤੀ ਮੱਥਾ ਟੇਕਣ ਦੇ ਇਸ ਕਰਮ ਦਵਾਰਾ ਹਜ਼ਾਰਾਂ ਭੋਲੇ-ਭਾਲੇ ਯਾਤਰੂ, ਦੇਹਧਾਰੀ ਗੁਰੂਆਂ ਨੂੰ ਮੱਥਾ ਟੇਕਣ ਦੀ ਗੁੜ੍ਹਤੀ ਇੱਥੋਂ ਹਰ ਰੋਜ਼ ਲੈ ਕੇ ਜਾਂਦੇ ਹਨ।

ਦੂਜੇ ਪਾਸੇ ਮੈਂ ਕਈ ਲੋਕਾਂ ਤੋਂ ਪੁੱਛਿਆ ਕਿ ਤੁਸੀਂ ਮਹੰਤ ਨੂੰ ਮੱਥਾ ਕਿਉਂ ਟੇਕਿਆ, ਤਾਂ ਉਨ੍ਹਾਂ ਵਿਚੋਂ ਕੁਝ ਨੇ ਕਿਹਾ ਕਿ 'ਅਸੀਂ ਗੁਰੂ ਰਾਮਦਾਸ ਸਤਿਗੁਰੂ ਜੀ ਦੇ ਦਰਬਾਰ ਵਿਚ ਦਰਸ਼ਨਾਂ ਲਈ ਆਏ ਹਾਂ, ਮਨ ਵਿਚ ਬੜੀ ਸ਼ਰਧਾ ਹੈ। ਇੱਥੇ ਸਿਆਣੇ ਸਿਆਣੇ ਤੇ ਪੜ੍ਹੇ ਲਿਖੇ ਲੋਕੀਂ ਮਹੰਤ ਨੂੰ ਮੱਥਾ ਟੇਕ ਰਹੇ ਸਨ,

ਅਸੀਂ ਸਮਝਿਆ ਕੋਈ ਪਹੁੰਚਿਆ ਹੋਇਆ ਸੰਤ ਹੈ, ਕਿਧਰੇ ਮਥਾ ਨਾ ਟੇਕ ਕੇ ਸਾਡੀ ਯਾਤਰਾ ਵਿਚ ਕੋਈ ਕਮੀ ਹੀ ਨਾ ਰਹਿ ਜਾਵੇ। ਮੈਂ ਮਹੰਤ ਨੂੰ ਇਹ ਗੱਲ ਵੀ ਦਸੀ ਅਤੇ ਕਿਹਾ ਇਸ ਦਰਬਾਰ ਸਾਹਿਬ ਵਿਚ ਤੁਹਾਡੇ ਪੈਰਾਂ ਤੇ ਮੱਥਾ ਟੇਕਣਾ ਤੁਹਾਡੇ ਲਈ ਪਾਪ ਹੈ ਕਿਉਂਕਿ ਸੰਗਤ ਭੋਲੀ ਭਾਲੀ ਤੇ ਸ਼ਰਧਾਲੂ ਹੈ, ਪਰ ਮਹੰਤ ਉੱਤੇ ਮੇਰੇ ਕਹਿਣ ਦਾ ਕੋਈ ਬਹੁਤਾ ਪ੍ਰਭਾਵ ਨਹੀਂ ਸੀ ਪੈ ਰਿਹਾ।.....

ਆਖਿਰ ਗੁਰੂ ਨੇ ਮਿਹਰ ਕੀਤੀ ਤੇ ਗੱਲਬਾਤ ਦਾ ਰੁਖ ਪਲਾਂ ਛਿਨਾਂ ਵਿਚ ਬਦਲ ਗਿਆ। ਉਧਰ ਦਰਬਾਰ ਸਾਹਿਬ ਤੋਂ ਰਾਤ ਦਾ ਅੰਤਲਾ ਵਾਕ ਲੈਣ ਦੀ ਕਾਰਵਾਈ ਸ਼ੁਰੂ ਹੋਣ ਲਗ ਪਈ। ਮੈਂ ਮਹੰਤ ਨੂੰ ਕਿਹਾ ਕਿ ਇਸ ਅਸਥਾਨ ਤੇ ਬਹੁਤ ਸਾਰੇ ਫੈਸਲੇ ਗੁਰੂ ਮਹਾਰਾਜ ਦੇ ਵਾਕਾਂ ਨਾਲ ਵੀ ਹੋਏ ਹਨ ਇਸ ਲਈ ਸਾਨੂੰ ਵੀ ਉਸ ਦੇ ਹੁਕਮ ਅਨੁਸਾਰ ਹੀ ਚਲਣਾ ਚਾਹੀਦਾ ਹੈ। ਉਹ ਮੇਰੀ ਇਸ ਗੱਲ ਤੇ ਰਾਜ਼ੀ ਹੋ ਗਿਆ। **ਪਤਾ ਨਹੀਂ ਕਿਵੇਂ ਉਸ ਵੇਲੇ ਮੇਰੇ ਮੂੰਹੋਂ ਇਹ ਸ਼ਬਦ ਨਿਕਲੇ ਕਿ ਮਿਤਰਾ ਮੇਰੀ ਆਤਮਾ ਇਹ ਕਹਿ ਰਹੀ ਹੈ ਕਿ ਗੁਰੂ ਮਹਾਰਾਜ ਜੀ ਤੈਨੂੰ ਇਹ ਹੁਕਮ ਦੇਣਗੇ ਕਿ ਭਗਤਾ ਪਿਛੇ ਜੋ ਕੁਝ ਹੋ ਗਿਆ ਹੈ ਸੋ ਹੋ ਗਿਆ, ਪਰ ਅੱਗੇ ਤੋਂ ਬੰਦਾ ਬਣ ਜਾ। ਉਹ ਹਸ ਪਿਆ ਤੇ ਕਹਿਣ ਲਗਾ ਜੇ ਗੁਰੂ ਮਹਾਰਾਜ ਦੀ ਇਹ ਖੁਸ਼ੀ ਹੈ ਤਾਂ ਮੈਂ ਮੱਥਾ ਟਿਕਾਉਣਾ ਬੰਦ ਕਰ ਦੇਵਾਂਗਾ ਕਿਉਂਕਿ ਮੈਂ ਤਾਂ ਸਮਝਦਾ ਹਾਂ ਕਿ ਲੋਕੀ ਮੈਨੂੰ ਮੱਥਾ ਨਹੀਂ ਟੇਕਦੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਾਂ ਸ਼ਬਦ ਨੂੰ ਮੱਥਾ ਟੇਕਦੇ ਹਨ।** ਉਧਰ ਇਕ ਦੋ ਮਿੰਟਾਂ ਮਗਰੋਂ ਵਾਕ ਪ੍ਰਾਰੰਭ ਹੋ ਗਿਆ ਜਿਸ ਦੇ ਸ਼ੁਰੂ ਦੇ ਬੋਲ ਇਵੇਂ ਸਨ:

ਸੋਰਠਿ ਮਹਲਾ ੫ ॥

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ॥

ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ॥ ਅੰਗ-624

ਪਹਿਲੀ ਪੰਗਤੀ ਤੇ ਹੀ ਮਹੰਤ ਵਿਚ ਕਾਫੀ ਹਲਚਲ ਹੋਣੀ ਸ਼ੁਰੂ ਹੋ ਗਈ। ਇਹ ਦੇਖ ਕੇ ਮੈਨੂੰ ਇਤਨਾ ਜ਼ਰੂਰ ਲਗਿਆ ਕਿ ਵਾਕ ਉਸ ਦੇ ਉਲਟ ਜਾ ਰਿਹਾ ਹੈ। ਚੌਥੀ ਪੰਜਵੀਂ ਪੰਗਤੀ ਵਿਚ ਗੁਰੂ ਜੀ ਨੇ ਸਪੱਸ਼ਟ ਫਰਮਾਇਆ : **'ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ'** ਮਹੰਤ ਨੇ ਅਤੇ ਮੈਂ ਜਦ ਇਹ ਪੰਗਤੀ ਸੁਣੀ ਤਾਂ ਮੇਰੇ ਨੇਤਰ ਸੱਜਲ ਹੋ ਗਏ ਤੇ ਮਹੰਤ ਵੀ ਆਪਣੇ ਮੂੰਹ ਤੇ ਚਪੇੜਾਂ ਮਾਰਨ ਲਗ ਪਿਆ। ਉਸ ਨੂੰ ਹੁਕਮਨਾਮੇ ਦੀ ਹਰ ਪੰਗਤੀ ਦੁਆਰਾ ਆਪਣੇ ਆਪ ਤੇ ਲਾਅਨਤਾਂ ਪੈਂਦੀਆਂ ਪਰਤੀਤ ਹੋਈਆਂ। ਮੈਂ ਉਸ ਨੂੰ ਢਾਰਸ ਦਿੱਤੀ ਤੇ ਉਹ ਪਛਤਾਵੇ ਦੀ ਮੁਦਰਾ ਵਿਚ ਹੀ ਆਪਣੀ ਐਨਕ ਲਾਹ ਕੇ ਆਪਣੇ ਅਥਰੂਆਂ ਨੂੰ ਪੂੰਝਣ ਲਗ ਪਿਆ। ਇਸ ਤੋਂ ਮਗਰੋਂ ਉਸ ਦੀ ਵਾਰਤਾਲਾਪ ਦਾ ਲਹਿਜਾ ਬਦਲ ਗਿਆ। ਉਹ ਤਾਂ ਪਲਾਂ ਪਲਾਂ ਵਿੱਚ ਗੁਰੂ ਦਾ ਕੂਕਰ ਬਣ ਗਿਆ ਅਤੇ ਇਵੇਂ ਮਹਿਸੂਸ ਹੋਇਆ ਕਿ ਖਿੰਨ ਪਲ ਵਿਚ ਹੀ ਉਸ ਅੰਦਰ

ਨਿਮਰਤਾ ਪਰਵੇਸ਼ ਕਰ ਗਈ ਹੋਵੇ। ਉਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਅਕਾਲ ਤਖਤ ਤੇ ਲਗੀ ਵੱਡੀ ਫੋਟੋ ਵਲ ਹੱਥ ਜੋੜ ਕੇ ਕਹਿਣ ਲਗਾ: ਅਕਾਲ ਪੁਰਖ ਪਿਤਾ ਜੀਓ, ਇਸ ਭੁਲਣਹਾਰ ਨੂੰ ਰਾਹੇ ਪਾਇਆ ਏ, ਮੈਂ ਆਪ ਜੀ ਦਾ ਅਤੀ ਧੰਨਵਾਦੀ ਹਾਂ, ਕਿਰਪਾ ਕਰਕੇ ਇਸ ਨਿਮਾਣੇ ਦੀ ਰਿਣਤਾ ਕਬੂਲ ਕਰਨੀ। ਗੱਲ ਇੱਥੇ ਨਹੀਂ ਮੁਕੀ। ਉਸਨੇ ਅਕਾਲ ਤਖਤ ਸਾਹਿਬ ਅੱਗੇ ਖੜ ਕੇ ਅਰਦਾਸ ਕੀਤੀ ਕਿ ਉਹ ਅੱਗੇ ਤੋਂ ਕਿਸੇ ਕੋਲੋਂ ਮੱਥਾ ਨਹੀਂ ਟਿਕਵਾਏਗਾ ਅਤੇ ਸੰਗਤ ਨੂੰ ਬੇਨਤੀ ਕਰੇਗਾ ਕਿ ਉਹ ਉਸ ਨੂੰ ਕੇਵਲ ਫਤਿਹ ਬੁਲਾਵੇ। ਮੈਂ ਖੁਸ਼ ਸਾਂ ਕਿ ਮਨ ਦੀ ਦੁਬਿਧਾ ਦੂਰ ਹੋਈ।

ਇਸ ਘਟਨਾ ਤੋਂ ਕੁਝ ਦਿਨਾਂ ਮਗਰੋਂ ਮੈਂ ਫਿਰ ਅੰਮ੍ਰਿਤਸਰ ਗਿਆ। ਪਿਛਲੇ ਦਿਨੀਂ ਬੀਤੀ ਉਕਤ ਘਟਨਾ ਦਾ ਅਸਰ ਦੇਖਣ ਲਈ ਮੈਂ ਚੌਕੀ ਦੇ ਨਾਲ ਨਾਲ ਚਲ ਰਿਹਾ ਸਾਂ। ਕੀ ਵੇਖਿਆ ਕਿ ਜਿਹੜਾ ਵੀ ਸੱਜਣ ਮਹੰਤ ਨੂੰ ਮੱਥਾ ਟੇਕਣ ਲਈ ਅੱਗੇ ਵਧਦਾ, ਮਹੰਤ ਤਰ੍ਹਬਕ ਕੇ ਦੋ ਤਿੰਨ ਕਦਮ ਪਿੱਛੇ ਹਟ ਜਾਂਦਾ। ਪਰ ਇਤਨੀ ਜਲਦੀ ਇਤਨੀ ਦੇਰ ਦੀ ਪਈ ਪਿਰਤ ਕਿਵੇਂ ਟੁਟ ਸਕਦੀ ਹੈ? ਹਾਂ ਇਤਨਾ ਜ਼ਰੂਰ ਸੀ ਕਿ ਜੋ ਵਾਅਦਾ ਮਹੰਤ ਨੇ ਅਰਦਾਸ ਰੂਪ ਵਿਚ ਕੀਤਾ ਸੀ ਉਹ ਉਸਨੂੰ ਪੂਰਾ ਕਰ ਰਿਹਾ ਸੀ। ਮੈਂ ਸੋਚਿਆ ਹੁਣ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪ ਸੰਕੋਚ ਕਰੀਏ ਤੇ ਆਪਣੇ ਗੁਰਾਂ ਪ੍ਰਤੀ ਸ਼ਰਧਾ ਤੇ ਸਤਿਕਾਰ ਨੂੰ ਮਾਮੂਲੀ ਮਨੁੱਖਾਂ ਦੇ ਪੈਰਾਂ ਤੇ ਮੱਥੇ ਟੇਕ ਟੇਕ ਕੇ ਠੇਸ ਨਾ ਪਹੁੰਚਾਈਏ। ਗੁਰੂ ਦੇ ਸਿੱਖ ਦਾ ਸੀਸ ਤਾਂ ਅਕਾਲਪੁਰਖ ਅੱਗੇ ਹੀ ਝੁਕਦਾ ਹੈ ਪਰ ਅਸੀਂ ਆਪਣੀ ਅਲਪ ਤੇ ਕੋਝੀ ਸੋਚ ਨਾਲ ਮਨੁੱਖ ਨੂੰ ਖੁਦਾਈ ਦਰਜਾ ਦੇ ਦਿੰਦੇ ਹਾਂ। ਬਬ੍ਰਮਾਨ ਦੇ ਗਾਏ ਗੀਤ 'ਇਕ ਬਾਬਾ ਨਾਨਕ ਸੀ ਜਿਨੇ ਤੁਰ ਕੇ ਦੁਨੀਆ ਗਾਹ ਤੀ' ਵਿੱਚ ਦੱਸੇ ਅਨੁਸਾਰ ਅਸੀਂ ਡੇਰਾਧਾਰੀ, ਪਖੰਡੀ ਸਾਧਾਂ ਅੱਗੇ ਹੁਣ ਮੱਥਾ ਹੀ ਨਹੀਂ ਟੇਕਦੇ ਸਗੋਂ ਆਪਣਾ ਸਭ ਕੁਝ ਉਨ੍ਹਾਂ ਅੱਗੇ ਲੁਟਾਣ ਵਿੱਚ ਵੀ ਗੁਰੇਜ਼ ਨਹੀਂ ਕਰਦੇ। ਅੱਜ ਇਹ ਪਰਵਿਰਤੀ 1980 ਦੇ ਮੁਕਾਬਲੇ ਵਿੱਚ ਕਿਤੇ ਵਧ ਪ੍ਰਬਲ ਹੋ ਗਈ ਹੈ। 'ਤਿੰਨ ਸੌ ਸਾਲ ਗੁਰੂ ਦੇ ਨਾਲ' ਦਾ ਜੈਕਾਰਾ ਬੁਲੰਦ ਕਰਨ ਵਾਲੇ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਵਧ ਤਰਜੀਹ ਦੇ ਕੇ ਇਸ ਪਾਖੰਡ ਦਾ ਭਾਗੀਦਾਰ ਨਹੀਂ ਬਣਨਾ ਚਾਹੀਦਾ। ਰੱਬ ਦੇ ਘਰ ਹਰਿਮੰਦਰ ਵਿਚ ਜਾ ਕੇ ਸਾਨੂੰ ਇਹ ਅਹਿਸਾਸ ਪ੍ਰਬਲ ਰੂਪ ਵਿਚ ਆਪਣੇ ਸਾਹਮਣੇ ਰਖਣਾ ਚਾਹੀਦਾ ਹੈ ਕਿ ਇਸ ਅਸਥਾਨ ਦੇ ਤੁਲ ਹੋਰ ਕੁਝ ਵੀ ਨਹੀਂ ਕਿਉਂਕਿ ਹਰਿਮੰਦਰ ਅਕਾਲਪੁਰਖ ਦਾ ਆਪਣਾ ਨਿਵਾਸ ਹੈ ਅਤੇ ਸ਼ਬਦ ਰੂਪ ਅਕਾਲਪੁਰਖ, ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਉੱਥੇ ਸ਼ਸ਼ੋਭਿਤ ਹਨ। ਇਸ ਲਈ ਹਰ ਭੁਲੇ ਭਟਕੇ ਨੂੰ ਉੱਥੇ ਜਾ ਕੇ ਭੁੱਲਾਂ ਬਖਸ਼ਾਉਣੀਆਂ ਚਾਹੀਦੀਆਂ ਹਨ। ਹਰਿਮੰਦਰ, ਭੁੱਲੇ ਭਟਕਿਆਂ ਨੂੰ ਸਹੀ ਰਸਤੇ ਪਾਉਣ ਦੀ ਸੁਜਿੰਦ ਜੁਗਤ ਹੈ।

ਭੂਲੇ ਮਾਰਗੁ ਜਿਨਹਿ ਬਤਾਇਆ॥
ਐਸਾ ਗੁਰੁ ਵਡਭਾਗੀ ਪਾਇਆ॥ ਅੰਗ-803

.45.

ਗੁਰੂ ਲਈ ਹਰਿਮੰਦਰ ਦੇ ਦਵਾਰ ਬੰਦ

ਮਨੁੱਖ ਆਪਣੇ ਲਾਲਚ ਵਿਚ ਆ ਕੇ ਇਤਨੀ ਨੀਵੀਂ ਹਦ ਤਕ ਚਲਾ ਜਾਂਦਾ ਹੈ ਕਿ ਉਹ ਭਲੇ ਬੁਰੇ ਦੀ ਤਮੀਜ਼ ਕੀਤੇ ਬਿਨਾਂ ਆਪਣਾ ਨਿਜ ਸਵਾਰਥ ਪੂਰਾ ਕਰਨ ਲਈ, ਜਾਂ ਆਪਣਾ ਉਲੂ ਸਿੱਧਾ ਕਰਨ ਲਈ ਜਾਂ ਫਿਰ ਆਪਣੇ ਫਾਇਦੇ ਨੂੰ ਕਾਇਮ ਰੱਖਣ ਲਈ ਉਹ ਕੁਝ ਵੀ ਕਰਨ ਵਿਚ ਗੁਰੇਜ਼ ਨਹੀਂ ਕਰਦਾ ਜੋ ਉਸ ਲਈ ਸ਼ਰਮਨਾਕ ਵੀ ਹੁੰਦਾ ਹੈ ਤੇ ਅਫਸੋਸਜਨਕ ਵੀ। ਇਹੋ ਕੁਝ ਹੀ ਮੀਣਿਆਂ ਤੇ ਉਨ੍ਹਾਂ ਦੇ ਪਿਠੂ ਪੁਜਾਰੀਆਂ ਨੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਕੀਤਾ। 24 ਸਾਲ ਲਗਾਤਾਰ ਬਾਬਾ ਬਕਾਲੇ ਵਿਖੇ ਭੋਰੇ ਵਿਚ ਬੈਠ ਕੇ ਤਪ ਸਾਧਣ ਮਗਰੋਂ ਜਦ ਮੱਖਣ ਸ਼ਾਹ ਲੁਬਾਣੇ ਦੇ ਉਚੇਚੇ ਉਦਮਾਂ ਸਦਕਾ ਉਨ੍ਹਾਂ ਨੂੰ ਲਭ ਕੇ ਨੌਵੇਂ ਗੁਰੂ ਦੇ ਰੂਪ ਵਿਚ ਸੁਭਾਇਮਾਨ ਕੀਤਾ ਗਿਆ ਤਾਂ ਸਿੱਖ ਸੰਗਤਾਂ ਵਿਚ ਦੂਰ ਦੂਰ ਤਕ ਖੁਸ਼ੀ ਦੀ ਲਹਿਰ ਦੌੜ ਗਈ। ਹਰ ਪਾਸੇ ਤੋਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਬੇਹਬਲ ਹੋ ਉਠੀਆਂ। ਗੁਰੂ ਸਾਹਿਬ ਨੇ ਸੰਗਤਾਂ ਨੂੰ ਦਰਸ਼ਨ ਦੇਣ ਲਈ ਤੇ ਗੁਰਸਿੱਖੀ ਦਾ ਪੈਗ਼ਾਮ ਫੈਲਾਉਣ ਲਈ ਬਾਬਾ ਬਕਾਲਾ ਨਗਰ ਛੱਡਿਆ ਤੇ ਅੰਮ੍ਰਿਤਸਰ ਵਲ ਚਾਲੇ ਪਾ ਦਿੱਤੇ। ਜਿੱਥੇਂ ਜਿੱਥੇਂ ਉਹ ਲੰਘਦੇ ਗਏ, ਸੰਗਤਾਂ ਨਿਹਾਲ ਹੁੰਦੀਆਂ ਗਈਆਂ। ਜਦ ਉਹ ਹਰਿਮੰਦਰ ਸਾਹਿਬ ਦੇ ਸਨਮੁਖ ਪਹੁੰਚੇ ਤਾਂ ਇਸ ਅਸਥਾਨ ਦੀ ਸੇਵਾ ਧੀਰਮਲੀਆਂ, ਮੀਣਿਆਂ ਤੇ ਉਨ੍ਹਾਂ ਦੇ ਹੱਥ ਠੋਕੇ ਮਸੰਦਾਂ, ਪੁਜਾਰੀਆਂ ਤੇ ਮਹੰਤਾਂ ਦੇ ਹੱਥ ਹੋਣ ਕਾਰਨ ਉਨ੍ਹਾਂ ਵਿਚ ਇਹ ਘਬਰਾਹਟ ਪੈਦਾ ਹੋ ਗਈ ਕਿ ਜੇਕਰ ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਵਿਚ ਪਕਾ ਡੇਰਾ ਲਗਾ ਲਿਆ ਤਾਂ ਉਨ੍ਹਾਂ ਦਾ ਕੀ ਬਣੇਗਾ? ਇਸ ਲਈ ਉਨ੍ਹਾਂ ਨੇ ਇਕ ਕਮੀਨੀ ਸਕੀਮ ਸੋਚੀ ਕਿ ਗੁਰੂ ਸਾਹਿਬ ਨੂੰ ਦਰਬਾਰ ਸਾਹਿਬ ਵਿਚ ਆਉਣ ਹੀ ਨਾ ਦਿੱਤਾ ਜਾਵੇ। ਇਸ ਸੋਚ ਨੂੰ ਜਨਮ ਦੇਣ ਵਾਲਾ ਗੁਰੂ ਅਰਜਨ ਦੇਵ ਜੀ ਦੇ ਵਡੇ ਭਰਾ ਪ੍ਰਿਥੀ ਚੰਦ ਦਾ ਪੋਤਰਾ ਤੇ ਸੋਢੀ ਮਿਹਰਬਾਨ ਦਾ ਲਾਲਚੀ ਪੁਤਰ ਹਰੀਜੀ ਮੀਣਾ ਸੀ ਜੋ ਖੁਦ ਗੁਰਗਦੀ ਸੰਭਾਲਣਾ ਚਾਹੁੰਦਾ ਸੀ। ਇਸ ਨੇ ਆਪਣੀ ਇਸ ਕੋਹਝੀ ਚਾਲ ਤੇ ਅਮਲ ਕਰਦਿਆਂ ਹੋਇਆਂ ਦਰਬਾਰ ਸਾਹਿਬ ਦੇ ਮੁਖ ਪਰਵੇਸ਼ ਦਵਾਰ ਦੇ ਕਵਾੜ ਬੰਦ ਕਰਵਾ ਦਿੱਤੇ ਅਤੇ ਆਪ ਇਧਰ ਉਧਰ ਹੋ ਗਿਆ। ਗੁਰੂ ਸਾਹਿਬ ਨੇ ਸੁਨੇਹਾ ਭੇਜਿਆ ਕਿ ਉਹ ਤਾਂ ਕੇਵਲ ਦਰਸ਼ਨਾਂ ਲਈ ਹੀ ਆਏ ਹਨ ਪਰ ਖੁਦਗਰਜ਼ ਵਿਅਕਤੀਆਂ ਨੇ ਆਪਣੀ ਮਨਮਾਨੀ ਹੀ ਕੀਤੀ ਤੇ ਦਰਵਾਜ਼ੇ ਨਾ ਖੋਲ੍ਹੇ। ਗੁਰੂ ਸਾਹਿਬ ਦਰਬਾਰ ਸਾਹਿਬ ਦੇ ਸਾਹਮਣੇ ਬਣੇ ਇਕ ਥੜ੍ਹੇ ਤੇ ਕੁਝ ਦੇਰ ਬੈਠੇ ਤੇ ਫਿਰ ਇਹ ਕਹਿ ਕੇ ਸ਼ਹਿਰ ਨੂੰ ਛਡ ਗਏ ਕਿ 'ਨਹ ਇਹ ਜਾਣੋ ਅੰਮ੍ਰਿਤਸਰੀਏ, ਤ੍ਰਿਸ਼ਨਾ ਅਗਨ ਤੇ ਅੰਤਰ

ਸੜੀਏ' ਅਤੇ 'ਵੱਲੇ' ਪਿੰਡ ਵਿਚ ਆਪਣੇ ਇਕ ਸੇਵਕ ਦੇ ਘਰ ਜਾ ਵਿਸ਼ਰਾਮ ਕੀਤਾ। ਕੁਝ ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਨੇ ਜਾਣ ਤੋਂ ਪਹਿਲਾਂ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ।

ਜਦ ਇਹ ਗੱਲ ਅੰਮ੍ਰਿਤਸਰ ਦੇ ਲੋਕਾਂ ਨੂੰ ਪਤਾ ਲਗੀ ਤਾਂ ਉਨ੍ਹਾਂ ਬਹੁਤ ਪਛਤਾਵਾ ਕੀਤਾ, ਪੁਜਾਰੀਆਂ ਤੇ ਮਹੰਤਾਂ ਨੂੰ ਬੁਰਾ ਭਲਾ ਕਿਹਾ ਪਰ ਹਿੰਮਤ ਕਰਕੇ ਗੁਰੂ ਸਾਹਿਬ ਨੂੰ ਰੋਕ ਲੈਣ ਦੀ ਉਨ੍ਹਾਂ ਵਿਚ ਤਾਕਤ ਨਾ ਪੈਦਾ ਹੋ ਸਕੀ। ਦੂਜੇ ਪਾਸੇ ਸ਼ਰਾਰਤੀ ਟੋਲੇ ਦੀ ਇਸ ਨਿਰਲੱਜ ਕੁਤਾਹੀ ਕਾਰਨ ਕੋਈ ਵੀ ਇਹ ਨਹੀਂ ਸੀ ਚਾਹੁੰਦਾ ਕਿ ਇਸ ਬਦਇਖਲਾਕੀ ਭਰੀ ਕਰਤੂਤ ਕਾਰਨ ਅੰਮ੍ਰਿਤਸਰ ਸ਼ਹਿਰ ਤੇ ਇਸ ਦੇ ਵਸਨੀਕਾਂ ਨੂੰ ਇਤਿਹਾਸ ਵਿਚ ਨਾਵਾਜਬ ਸ਼ਬਦਾਂ ਨਾਲ ਯਾਦ ਕੀਤਾ ਜਾਣ ਲਗ ਪਏ। ਆਖਰ ਅੰਮ੍ਰਿਤਸਰ ਸ਼ਹਿਰ ਦੀਆਂ ਬੀਬੀਆਂ ਅੱਗੇ ਹੋਈਆਂ ਤੇ ਉਨ੍ਹਾਂ ਨੇ ਗੁਰੂ ਸਾਹਿਬ ਦਾ ਪਿਛਾ ਕੀਤਾ ਤੇ ਵੱਲੇ ਪਿੰਡ ਵਿਚ ਜਾ ਕੇ ਉਨ੍ਹਾਂ ਦਾ ਪਿਆਰ ਨਾਲ ਰਸਤਾ ਰੋਕਿਆ। ਉਹ ਕੀਰਤਨ ਵਿਚ ਜੁਟ ਗਈਆਂ ਅਤੇ ਗੁਰੂ ਸਾਹਿਬ ਨੂੰ ਬੇਨਤੀਆਂ ਤਰਲੇ ਕਰਨ ਲਗ ਪਈਆਂ ਕਿ ਲਾਲਚੀ ਤੇ ਬੇਪਰਤੀਤੇ ਪੁਜਾਰੀਆਂ ਅਤੇ ਮਹੰਤਾਂ ਦੀ ਘੋਰ ਅਵੱਗਿਆ ਨੂੰ ਮਾਫ ਕਰਕੇ ਉਹ ਸ਼ਹਿਰ ਵਿਚ ਦੋਬਾਰਾ ਚਰਨ ਪਾਉਣ ਅਤੇ ਇਤਨੀ ਦੇਰ ਤਕ ਉਨ੍ਹਾਂ ਨੇ ਆਪਣੀ ਬੇਨਤੀ ਭਰੀ ਮੰਗ ਨੂੰ ਜਾਰੀ ਰਖਿਆ ਜਦ ਤਕ ਗੁਰੂ ਸਾਹਿਬ ਨੇ ਮੁਸਕਰਾ ਕੇ ਇਹ ਸ਼ਬਦ ਨਾ ਕਹੇ ਕਿ: *'ਮਾਈਆਂ ਰਬ ਰਜਾਈਆਂ ਭਗਤੀ ਲਾਈਆਂ'* ਭਾਵ ਇਹ ਕਿ ਜਿਸ ਗੱਲ ਮਗਰ ਸਿਦਕ ਦਿਲੀ ਨਾਲ ਬੀਬੀਆਂ ਲਗ ਜਾਣ ਉਸ ਨੂੰ ਉਹ ਕਰਕੇ ਹੀ ਸਾਹ ਲੈਂਦੀਆਂ ਹਨ ਤੇ ਉਹ ਤਾਂ ਰੁੱਸੇ ਹੋਏ ਰੱਬ ਨੂੰ ਵੀ ਮਨਾ ਸਕਣ ਦੀ ਸਮਰਥਾ ਰੱਖਦੀਆਂ ਹਨ। ਬੀਬੀਆਂ ਗੁਰੂ ਸਾਹਿਬ ਦੇ ਇਨ੍ਹਾਂ ਬਚਨਾਂ ਨਾਲ ਖੁਸ਼ ਹੋ ਗਈਆਂ ਕਿਉਂਕਿ ਗੁਰੂ ਸਾਹਿਬ ਨੇ ਸਭ ਨੂੰ ਮਾਫ ਕਰ ਦਿੱਤਾ ਤੇ ਨਾਲੇ ਉਨ੍ਹਾਂ ਨੂੰ ਇਕ ਬਹੁਤ ਵੱਡੇ ਸਦੀਵੀ ਵਰਦਾਨ ਨਾਲ ਨਿਹਾਲ ਕਰ ਦਿੱਤਾ।

ਸਿੱਖ ਮਾਈਆਂ ਨੂੰ ਆਪਣੇ ਇਸ ਇਲਾਹੀ ਵਰਦਾਨ ਦਾ ਪੂਰਾ ਪੂਰਾ ਖਿਆਲ ਰਖਦੇ ਹੋਏ ਇਸ ਨੂੰ ਮਨੁੱਖੀ ਹਿਤਾਂ ਤੇ ਕੌਮੀ ਲਾਭਾਂ ਲਈ ਹਮੇਸ਼ਾ ਪ੍ਰਯੋਗ ਵਿਚ ਲਿਆਉਣਾ ਚਾਹੀਦਾ ਹੈ ਅਤੇ ਆਪਣੇ ਬਚਿਆਂ, ਆਪਣੇ ਪਰਿਵਾਰਾਂ, ਆਪਣੇ ਸਾਕ ਸਬੰਧੀਆਂ ਨੂੰ ਨੇਕ ਜੀਵਨ ਜਾਚ ਧਾਰਨ ਕਰਨ ਲਈ ਆਪਣਾ ਹਰ ਪਰਕਾਰ ਦਾ ਅਸਰ ਰਸੂਖ ਵਰਤਣਾ ਚਾਹੀਦਾ ਹੈ। ਹਰਿਮੰਦਰ ਤੋਂ ਖੈਰ ਮੰਗ ਕੇ ਆਪਣੇ ਜੀਵਨ ਨੂੰ ਗੁਰਬਾਣੀ ਤੇ ਅਧਾਰਤ ਗੁਣਾਂ ਨਾਲ ਮਾਲਾ ਮਾਲ ਕਰਕੇ ਮਨੁੱਖਤਾ ਵਿਚ ਹਲੀਮੀ, ਪਿਆਰ ਤੇ ਸਦਭਾਵਨਾ ਦਾ ਸਵੱਛ ਵਾਤਾਵਰਨ ਸਜਾਉਣ ਵਿਚ ਪੇਸ਼ ਪੇਸ਼ (ਅੱਗੇ ਅੱਗੇ) ਹੋਣਾ ਚਾਹੀਦਾ ਹੈ ਤਾਂ ਕਿ ਮਾਨਵ ਸਮਾਜ ਵਿਚ ਸਰਬਪੱਖੀ ਬਿਹਤਰੀ ਦਾ ਪਸਾਰਾ ਹੋ ਸਕੇ।

ਭਾਵੇਂ ਬੀਬੀਆਂ ਨੇ ਗੁਰੂ ਸਾਹਿਬ ਨੂੰ ਰਾਜ਼ੀ ਕਰ ਲਿਆ ਪਰ ਗੁਰੂ ਸਾਹਿਬ ਆਪਣੇ ਪ੍ਰੇਮੀ ਸ਼ਰਧਾਲੂਆਂ ਦੀ ਬੇਨਤੀ ਤੇ ਵੀ ਦੋਬਾਰਾ ਅੰਮ੍ਰਿਤਸਰ ਨਾ ਪਰਤੇ ਅਤੇ ਵੱਲੇ ਪਿੰਡ ਵਿਚ ਦੋ ਦਿਨ ਕਿਆਮ ਕਰਨ ਉਪਰੰਤ ਅੱਗੇ ਚਲੇ ਗਏ ਪਰ ਇਸ ਦੇ ਉਲਟ ਡਾ. ਤਰਲੋਚਨ ਸਿੰਘ ਆਪਣੀ ਪੁਸਤਕ Guru Tegh Bahadur, Prophet and Martyr ਦੇ ਪੰਨਾ-167 ਤੇ ਲਿਖਦਾ ਹੈ ਕਿ ਗੁਰੂ ਸਾਹਿਬ ਸੰਗਤਾਂ ਦੀ ਬੇਨਤੀ ਮੰਨ ਕੇ ਕੁਝ ਪਲਾਂ ਲਈ ਹਰਿਮੰਦਰ ਸਾਹਿਬ ਗਏ ਤੇ ਉੱਥੇ ਜਾ ਕੇ ਆਪਣਾ ਸਤਿਕਾਰ ਅਰਪਤ ਕੀਤਾ ਅਤੇ ਹਰੀਜੀ ਤੇ ਉਸ ਦੇ ਕਰਿੰਦੇ ਪੁਜਾਰੀਆਂ ਨੇ ਉਨ੍ਹਾਂ ਤੋਂ ਰਸਮੀ ਤੌਰ ਤੇ ਮਾਫ਼ੀ ਮੰਗੀ।

ਉਧਰ ਜਦ ਮੱਖਣ ਸ਼ਾਹ ਲੁਬਾਣੇ ਨੂੰ ਪਤਾ ਲੱਗਾ ਕਿ ਗੁਰੂ ਜੀ ਨਾਲ ਬੇਦੀਨੇ, ਬੇਸਿਦਕੇ, ਨਿਗੁਰੇ ਤੇ ਮਾਇਆ ਦੇ ਲਾਲਚੀ ਪੁਜਾਰੀਆਂ ਅਤੇ ਉਨ੍ਹਾਂ ਦੀ ਜੁੰਡਲੀ ਨੇ ਇਸ ਕਿਸਮ ਦਾ ਕੋਹਝਾ ਵਿਹਾਰ ਕੀਤਾ ਹੈ ਤਾਂ ਉਸ ਨੇ ਪੁਜਾਰੀਆਂ ਨੂੰ ਜਾ ਘੇਰਿਆ, ਪਰ ਉਨ੍ਹਾਂ ਨੂੰ ਕਿਸੇ ਕਿਸਮ ਦਾ ਕੋਈ ਸਬਕ ਸਿਖਾਉਣ ਤੋਂ ਪਹਿਲਾਂ ਉਹ ਗੁਰੂ ਸਾਹਿਬ ਦੀ ਆਗਿਆ ਜ਼ਰੂਰ ਲੈ ਲੈਣਾ ਚਾਹੁੰਦਾ ਸੀ। ਪ੍ਰਬੰਧਕਾਂ ਤੇ ਪੁਜਾਰੀਆਂ ਪ੍ਰਤੀ ਗੁੱਸੇ ਵਿਚ ਭਰਿਆ ਪੀਤਾ ਲੁਬਾਣਾ ਗੁਰੂ ਸਾਹਿਬ ਦੇ ਪਿੱਛੇ ਪਿੱਛੇ 'ਵੱਲੇ' ਪਿੰਡ ਪੁੱਜਿਆ। ਉਸ ਨੇ ਗੁਰੂ ਸਾਹਿਬ ਨੂੰ ਆਪਣੇ ਮਨ ਦੀ ਹਾਲਤ ਦਸੀ ਪਰ ਗੁਰੂ ਸਾਹਿਬ ਨੇ ਉਸ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਜਿਥੇ ਵੀ ਗੁਰੂ ਨਾਨਕ ਦੀ ਹਸਤੀ ਦਾ ਪਰਕਾਸ਼ ਪੈਂਦਾ ਹੈ ਉਹ ਰੱਬ ਦਾ ਪਵਿੱਤਰ ਘਰ ਬਣ ਜਾਂਦਾ ਹੈ। ਇਹ ਅਗਿਆਨ ਵਿਅਕਤੀ ਰੱਬ ਦੇ ਘਰ ਹਰਿਮੰਦਰ ਨੂੰ ਆਪਣੀ ਜਾਇਦਾਦ ਸਮਝਣ ਦੇ ਭਰਮ ਵਿਚ ਪੈ ਗਏ ਹਨ। ਇਨ੍ਹਾਂ ਦੇ ਨਿਜੀ ਲਾਲਚ ਨੇ ਇਨ੍ਹਾਂ ਨੂੰ ਅੰਨ੍ਹਾ ਕਰ ਦਿੱਤਾ ਹੈ ਜਿਸ ਕਰਕੇ ਇਨ੍ਹਾਂ ਨੇ ਇਹ ਘਨਾਉਣੀ ਹਰਕਤ ਕੀਤੀ ਹੈ। ਇਹ ਮਾਇਆ ਦੇ ਲਾਲਚ ਤੇ ਉਸ ਦੀ ਅੱਗ ਵਿਚ ਹੀ ਜਲਣਗੇ। ਇਹ ਮਸੰਦ ਧਰਮ ਦੇ ਪਰਚਾਰਕਾਂ ਵਜੋਂ ਨਿਯੁਕਤ ਕੀਤੇ ਗਏ ਸਨ ਪਰ ਇਹ ਕੁਕਰਮੀ ਭਾਵਨਾ ਵਾਲੇ ਪੁਜਾਰੀ ਬਣ ਗਏ ਹਨ। ਬਸ ਇਨ੍ਹਾਂ ਦੇ ਹੁਣ ਗਿਣਤੀ ਦੇ ਹੀ ਦਿਨ ਰਹਿ ਗਏ ਹਨ। ਇਹ ਜਲਦੀ ਹੀ ਆਪਣਾ ਬੀਜਿਆ ਵੱਢਣਗੇ। ਕੋਈ ਵੀ ਸਿੱਖ ਇਨ੍ਹਾਂ ਨੂੰ ਮੂੰਹ ਨਹੀਂ ਲਗਾਏਗਾ ਇਸ ਲਈ ਤੂੰ ਇਨ੍ਹਾਂ ਬਾਰੇ ਵਿਸ਼ੇਸ਼ ਕਰੋਧ ਨਾ ਕਰ ਤੇ ਮੇਰੇ ਵਾਂਗਰਾਂ ਸ਼ਾਂਤ ਚਿਤ ਹੋ ਜਾ (ਹਵਾਲਾ ਸੂਰਜ ਪਰਕਾਸ਼)। ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਤੇ ਉਨ੍ਹਾਂ ਨੂੰ ਸ਼ਾਂਤ ਚਿਤ ਵੇਖ ਕੇ ਮਖਣ ਸ਼ਾਹ ਲੁਬਾਣੇ ਦਾ ਬਦਲਾ ਲੈਣ ਵਾਲਾ ਕਰੋਧ ਠੰਡਾ ਪੈ ਗਿਆ ਅਤੇ ਮਾਫ਼ ਕਰ ਦੇਣ ਵਾਲੀ ਬਿਰਤੀ ਪ੍ਰਬਲ ਰੂਪ ਧਾਰਨ ਕਰ ਗਈ। ਆਖਰ ਮੱਖਣ ਸ਼ਾਹ ਲੁਬਾਣਾ ਦੋ ਦਿਨ ਵੱਲੇ ਪਿੰਡ ਵਿਚ ਰਹਿ ਕੇ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਆਪਣੇ ਪਿੰਡ ਟਾਂਡੇ ਵਲ ਤੁਰ ਗਿਆ ਅਤੇ ਗੁਰੂ ਸਾਹਿਬ ਸੰਗਤਾਂ ਨੂੰ ਦਰਸ਼ਨ ਤੇ ਉਪਦੇਸ਼ ਦੇਂਦੇ ਹੋਏ ਫਿਰ ਬਕਾਲੇ ਜਾ ਬਿਰਾਜੇ।

ਇਤਿਹਾਸ ਦਸਦਾ ਹੈ ਕਿ ਜਦ 1696 ਈ. ਨੂੰ ਸੋਢੀ ਹਰੀਜੀ ਮਰਿਆ ਤਾਂ ਉਸ ਦੇ ਉਤਰਾਧਕਾਰੀਆਂ ਵਿਚਕਾਰ ਹਰਿਮੰਦਰ ਸਾਹਿਬ ਨੂੰ ਆਪਣੇ ਕੰਟਰੋਲ ਵਿਚ ਰਖਣ ਲਈ ਗੰਭੀਰ ਝਗੜਾ ਸ਼ੁਰੂ ਹੋ ਗਿਆ। ਮਸੰਦਾਂ ਨੇ ਇਨ੍ਹਾਂ ਹਾਲਾਤਾਂ ਦਾ ਫਾਇਦਾ ਉਠਾਣਾ ਚਾਹਿਆ ਤੇ ਹਰਿਮੰਦਰ ਦੇ ਚੜ੍ਹਾਵੇ ਨੂੰ ਹੜੱਪਣ ਦੇ ਸਾਰੇ ਯਤਨ ਉਨ੍ਹਾਂ ਖੁਲ੍ਹੇ ਆਮ ਕੀਤੇ। ਹੁਣ ਅੰਮ੍ਰਿਤਸਰ ਦੇ ਪੁਰਸ਼ਾਂ ਦੀ ਵਾਰੀ ਸੀ। ਸ਼ਹਿਰ ਦੇ ਕੁਝ ਪਤਵੰਤੇ ਸੱਜਣ ਸੰਗਤ ਰੂਪ ਵਿਚ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਪਾਸ ਬੇਨਤੀ ਕਰਨ ਗਏ ਕਿ ਹਰਿਮੰਦਰ ਸਾਹਿਬ ਦਾ ਪ੍ਰਬੰਧ ਉਹ ਆਪਣੇ ਪਵਿੱਤਰ ਹੱਥਾਂ ਵਿਚ ਲੈਣ। ਸੰਗਤਾਂ ਦੀ ਇਸ ਬੇਨਤੀ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਨੇ 1699 ਈ. ਨੂੰ ਭਾਈ ਮਨੀ ਸਿੰਘ ਨੂੰ ਪੰਜ ਸਿੰਘਾਂ ਨੂੰ ਆਪਣੀਆਂ ਬਖਸ਼ਿਸ਼ਾਂ ਦੇ ਕੇ ਹਰਿਮੰਦਰ ਸਾਹਿਬ ਦਾ ਪ੍ਰਬੰਧਕ ਥਾਪ ਕੇ ਭੇਜਿਆ ਤੇ ਇਵੇਂ ਗੁਰੂ ਤੇਗ਼ ਬਹਾਦਰ ਸਾਹਿਬ ਦੇ ਉਚਰੇ ਬਚਨ ਸਤ ਹੋ ਗਏ।

ਇਤਿਹਾਸ ਦੇ ਪੰਨਿਆਂ ਵਿਚ ਜੀਵਤ ਉਕਤ ਮੰਦਭਾਗੀ ਘਟਨਾ ਅਜ ਵੀ ਸਾਨੂੰ ਇਸ ਗੱਲ ਦਾ ਅਹਿਸਾਸ ਕਰਾਉਂਦੀ ਹੈ ਕਿ ਮਨੁੱਖ ਨੂੰ ਆਪਣੇ ਨਿਜ ਸਵਾਰਥ ਨੂੰ ਸਾਹਮਣੇ ਰਖ ਕੇ ਉਹ ਕੁਝ ਨਹੀਂ ਕਰਨਾ ਚਾਹੀਦਾ ਜਿਸ ਨੂੰ ਸਮਾਜ, ਸਦਾਚਾਰ ਜਾਂ ਧਰਮ ਪ੍ਰਵਾਨ ਨਾ ਕਰਦਾ ਹੋਵੇ ਅਤੇ ਜਿੱਥੇ ਤੱਕ ਹਰਿਮੰਦਰ ਸਾਹਿਬ ਦਾ ਸਬੰਧ ਹੈ ਉੱਥੇ ਤਾਂ ਕਿਸੇ ਨਾਲ ਜ਼ਿਆਦਤੀ ਜਾਂ ਵਿਤਕਰਾ ਨਹੀਂ ਸ਼ੋਭਦਾ। ਹਰਿਮੰਦਰ ਦੀ ਪਵਿੱਤਰ ਮਰਿਆਦਾ ਇਹ ਅਨਿਆਂ ਬਰਦਾਸ਼ਤ ਵੀ ਨਹੀਂ ਕਰਦੀ, ਫਿਰ ਇਸਨੂੰ ਸਵੀਕਾਰ ਕਿਵੇਂ ਕਰ ਸਕਦੀ ਹੈ। ਸਭ ਕੁਝ ਠੀਕ ਠਾਕ ਚਲਦੇ ਹੋਣ ਦੇ ਬਾਵਜੂਦ ਵੀ ਕਦੇ ਕਦੇ ਵਿਸਰ ਭੋਲੇ ਵਿੱਚ ਕੁਝ ਤਰੁਟੀਆਂ ਰਹਿ ਵੀ ਸਕਦੀਆਂ ਹਨ। ਇਕ ਤਰੁਟੀ ਇਹ ਦੇਖਣ ਵਿੱਚ ਆਈ ਹੈ ਕਿ ਮਰਦ ਤੋਂ ਅਧਿਕ ਸਤਿਕਾਰੀ ਔਰਤ ਜ਼ਾਤ ਨੂੰ ਕਈ ਵਾਰੀ ਪੂਰਾ ਮਾਣ ਸਨਮਾਨ ਦੇਣ ਵਿਚ ਭੁਲ ਹੋ ਜਾਂਦੀ ਹੈ। ਤਾਜ਼ੀ ਮਿਸਾਲ ਇਹ ਹੈ ਕਿ 9.10.2012 ਨੂੰ ਪੂਰੀ ਸ਼ਰਧਾ ਨਾਲ ਮਨਾਏ ਗਏ ਸ੍ਰੀ ਗੁਰੂ ਰਾਮਦਾਸ ਜੀ ਦੇ ਆਗਮਨ ਪੁਰਬ ਤੇ ਸੰਗਤਾਂ ਵਿੱਚੋਂ ਚੁਣ ਚੁਣ ਕੇ ਕਈ ਸ਼ਰਧਾਲੂਆਂ ਨੂੰ ਸਿਰੋਪਿਆਂ ਦੀ ਬਖ਼ਸ਼ਸ਼ ਕੀਤੀ ਗਈ ਜਿਸਨੂੰ ਸਭ ਨੇ ਟੀ.ਵੀ. ਤੇ ਸਾਰਾ ਦਿਨ ਦੇਖਿਆ ਪਰ ਕਿਸੇ ਇਕ ਬੀਬੀ ਨੂੰ ਇਹ ਬਖ਼ਸ਼ਸ਼ ਭਰਿਆ ਸਨਮਾਨ ਪ੍ਰਦਾਨ ਨਹੀਂ ਕੀਤਾ ਗਿਆ। ਕੀ ਇਹ ਭੁਲ ਹੈ ਜਾਂ ਨੀਤੀ। ਜੇ ਨੀਤੀ ਹੈ ਤਾਂ ਇਸਨੂੰ ਤੁਰੰਤ ਬਦਲਣ ਦੀ ਲੋੜ ਹੈ। ਇਸ ਤਰ੍ਹਾਂ ਕਰਨ ਨਾਲ ਅਵੱਸ਼ ਹੀ ਹਰਿਮੰਦਰ ਦੀ ਅੰਤਰੀਵ ਆਤਮਾ ਵੀ ਦੁਖੀ ਹੁੰਦੀ ਹੋਵੇਗੀ। ਹਰਿਮੰਦਰ ਤੋਂ ਖ਼ੁਸ਼ੀਆਂ ਭਰੀਆਂ ਬਖ਼ਸ਼ਸ਼ਾਂ ਲੈਂਦੇ ਲੈਂਦੇ ਅਸੀਂ ਨਾ-ਸਮਝੀ ਵੱਲ ਨਾ ਵਧ ਤੁਰੀਏ।

ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ
ਓਨਿ ਲਾਹਾ ਮੂਲੁ ਸਭੁ ਗਵਾਇਆ॥ ਅੰਗ-304

.46.

ਮਸਾ ਰੰਘੜ ਵਲੋਂ ਹਰਿਮੰਦਰ ਸਾਹਿਬ ਦਾ ਘੋਰ ਅਪਮਾਨ

ਸਿੱਖਾਂ ਨੂੰ ਭੈ-ਭੀਤ ਕਰਨ ਲਈ ਤੇ ਉਨ੍ਹਾਂ ਦੇ ਹੌਸਲੇ ਪਸਤ ਕਰ ਕੇ ਨਿਰਬਲ ਬਣਾਉਣ ਲਈ ਮੁਗ਼ਲ ਹਾਕਮਾਂ ਨੇ ਕੋਈ ਹੀਲਾ ਵਸੀਲਾ ਨਾ ਛੱਡਿਆ। ਹੁਕਮ ਜਾਰੀ ਕਰ ਦਿੱਤਾ ਗਿਆ ਕਿ ਜਿਸ ਪਿੰਡ ਵਿਚ ਕੋਈ ਸਿੱਖ ਰਹਿੰਦਾ ਦਿਸ ਗਿਆ ਤਾਂ ਉਸ ਪਿੰਡ ਦੇ ਨੰਬਰਦਾਰ ਨੂੰ ਸੌ ਰੁਪਿਆ ਜੁਰਮਾਨਾ ਕੀਤਾ ਜਾਵੇਗਾ ਤੇ ਨੰਬਰਦਾਰੀ ਤੋਂ ਵੀ ਹਟਾ ਕੇ ਜ਼ਲੀਲ ਕੀਤਾ ਜਾਵੇਗਾ। ਇਸ ਲਈ 'ਸਿੱਖ ਮਾਰੋ ਤੇ ਇਨਾਮ ਪਾਓ' ਦੀ ਨੀਤੀ ਤੇ ਚਲਦਿਆਂ ਹਰ ਕੋਈ ਸਿੱਖਾਂ ਦਾ ਵੈਰੀ ਹੋ ਗਿਆ। ਵਿਚਾਰੇ ਸਿੱਖ ਹਾਲਾਤਾਂ ਦੀ ਮਾਰ ਹੇਠ ਆਏ ਦੂਰ ਜੰਗਲਾਂ ਅਤੇ ਬੇਲਿਆਂ ਵਿਚ ਜਾ ਲੁਕੇ। ਸਿੱਖਾਂ ਦੇ ਮਨੋਬਲ ਨੂੰ ਖਤਮ ਕਰਨ ਲਈ ਉਨ੍ਹਾਂ ਦੇ ਤੀਰਥ ਅਸਥਾਨਾਂ ਨੂੰ ਅਪਵਿੱਤਰ ਕਰਨ ਦੇ ਹਰ ਗੰਦੇ ਤੇ ਕੁਕਰਮੀ ਵਿਹਾਰ ਕੀਤੇ ਗਏ। ਮੱਸਾ ਰੰਘੜ ਚੌਧਰੀ ਜਿਸਦਾ ਅਸਲੀ ਨਾਂ ਮੁਸਲੀਹ-ਉਲ-ਦੀਨ ਸੀ ਤੇ ਜੋ ਜੰਡਿਆਲੇ ਦਾ ਨੰਬਰਦਾਰ ਅਤੇ ਅੰਮ੍ਰਿਤਸਰ ਦੇ ਇਲਾਕੇ ਦਾ ਤਾਲਕੇਦਾਰ ਸੀ, ਪਾਪਾਂ ਦਾ ਭਰਿਆ ਹੋਇਆ ਘੜਾ ਸੀ। ਉਸਨੇ ਰੱਬ ਦੇ ਘਰ ਹਰਿਮੰਦਰ ਸਾਹਿਬ ਨੂੰ ਅਪਵਿੱਤਰ ਕਰਨ ਲਈ ਕੀ ਕੀ ਨਹੀਂ ਕੀਤਾ। ਉੱਥੇ ਹੁੱਕਾ ਸਿਗਰਟ ਪੀਂਦਾ, ਕੰਜਰੀਆਂ ਨਚਾਉਂਦਾ ਤੇ ਸ਼ਰਾਬ ਦੀਆਂ ਮਹਿਫਲਾਂ ਜਮਾ ਕੇ ਖੁਸ਼ ਹੁੰਦਾ। ਅਜਿਹਾ ਕਰਕੇ ਉਹ ਸਿੱਖਾਂ ਦੀ ਗ਼ੈਰਤ ਨੂੰ ਚੈਲੰਜ ਕਰਦਾ ਅਤੇ ਆਪਣੀ ਹਉਮੈ ਦਾ ਪ੍ਰਗਟਾਵਾ ਕਰ ਕੇ ਫੁਲਿਆ ਨਾ ਸਮਾਉਂਦਾ। ਦੂਰ ਦੂਰ ਤਕ ਕੋਈ ਅਜਿਹਾ ਸਿੱਖ ਸੂਰਮਾ ਨਾ ਦਿਸਦਾ ਜੋ ਉਸ ਦੀਆਂ ਮਨ ਮਾਨੀਆਂ ਨੂੰ ਠਲ੍ਹ ਪਾ ਸਕੇ। ਬਲਾਕਾ ਸਿੰਘ ਨਾਮੀ ਇਕ ਸਿੱਖ ਇਹ ਸਭ ਕੁਝ ਦੇਖ ਸੁਣ ਕੇ ਬੀਕਾਨੇਰ ਪਹੁੰਚਿਆ ਤਾਂ ਉੱਥੇ ਰਹਿੰਦੇ ਸਿੱਖਾਂ ਨੇ ਉਸ ਤੋਂ ਦਰਬਾਰ ਸਾਹਿਬ ਦਾ ਹਾਲ ਚਾਲ ਪੁੱਛਿਆ ਜਿਸ ਤੇ ਉਸ ਦੀਆਂ ਭੁੱਬਾਂ ਨਿਕਲ ਗਈਆਂ। ਉਸ ਨੇ ਉਨ੍ਹਾਂ ਨੂੰ ਮਸਾ ਰੰਘੜ ਦੀ ਸਾਰੀ ਵਿਥਿਆ ਸੁਣਾਈ। ਇਹ ਅਮਾਨਵੀ ਬਿਰਤਾਂਤ ਸੁਣ ਕੇ ਇਕ ਹੋਰ ਸਿੱਖ ਸ. ਬੁਢਾ ਸਿੰਘ ਨੇ ਆਪਣੀ ਕਿਰਪਾਨ ਇਕੱਤਰ ਹੋਏ ਸਿੰਘਾਂ ਦੀ ਸਭਾ ਵਿਚ ਰਖ ਦਿੱਤੀ ਅਤੇ ਬੋਲਿਆ, ਹੈ ਕੋਈ ਮਾਈ ਦਾ ਲਾਲ ਗੁਰੂ ਦਾ ਸਿੱਖ ਜੋ ਦਰਬਾਰ ਸਾਹਿਬ ਵਿਚ ਕੰਜਰੀਆਂ ਨਚਾਉਣ ਵਾਲੇ ਮਸੇ ਰੰਘੜ ਦਾ ਸਿਰ ਵੱਢ ਕੇ ਲੈ ਆਵੇ। ਇਹ ਚਣੌਤੀ ਸੁਣ ਕੇ ਸੁਖਾ ਸਿੰਘ ਕੰਬੋਮਾੜੀ ਵਾਲਾ ਅਤੇ ਮਹਿਤਾਬ ਸਿੰਘ ਭੰਗੂ ਮੀਰਾਂ ਕੋਟੀਆ ਉਠ ਖੜ੍ਹੇ ਹੋਏ ਤੇ ਸ੍ਰੀ ਸਾਹਿਬ ਨੂੰ ਚੁਕ ਕੇ ਚੁੰਮਿਆ, ਸਤਿਕਾਰਿਆ ਅਤੇ ਅਰਦਾਸਾ ਸੋਧ ਕੇ ਆਪਣੇ ਨਿਰਧਾਰਤ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਵਲ ਤੁਰ

ਪਏ ਅਤੇ 12 ਜੇਠ 1797 ਬਿਕਰਮੀ ਵਾਲੇ ਦਿਨ ਦੁਪਿਹਰ ਕੁ ਵੇਲੇ ਅੰਮ੍ਰਿਤਸਰ ਦਰਬਾਰ ਸਾਹਿਬ ਪੁਜ ਗਏ। ਆਪਣੇ ਘੋੜਿਆਂ ਨੂੰ ਲਾਚੀ ਬੇਰੀ ਨਾਲ ਬੰਨ੍ਹਿਆ ਤੇ ਮੂੰਹ ਨੂੰ ਮੰਡਾਸਾ ਮਾਰ ਕੇ ਠੀਕਰੀਆਂ ਦੀ ਭਰੀ ਇਕ ਇਕ ਥੈਲੀ ਚੁਕ ਕੇ ਬੜੇ ਅਰਾਮ ਨਾਲ ਦਰਸ਼ਨੀ ਡਿਉਡੀ ਵਿਚੋਂ ਲੰਘ ਕੇ ਪੁਲ ਤੋਂ ਚਲਦੇ ਚਲਦੇ ਹਰਿਮੰਦਰ ਦੇ ਪਰਵੇਸ਼ ਦਵਾਰ ਤਕ ਪਹੁੰਚ ਗਏ। ਰਸਤੇ ਵਿਚ ਹਰ ਇਕ ਪਹਿਰੇਦਾਰ ਨੇ ਇਹ ਸਮਝ ਕੇ ਉਨ੍ਹਾਂ ਨੂੰ ਨਾ ਰੋਕਿਆ ਕਿ ਉਹ ਆਪਣਾ ਮਾਮਲਾ ਤਾਰਨ ਲਈ ਰੁਪਏ ਲੈ ਕੇ ਆਏ ਹਨ ਜੋ ਮਸੇ ਨੂੰ ਦਿੱਤੇ ਜਾਣੇ ਹਨ।

ਜਦ ਉਨ੍ਹਾਂ ਦਰਬਾਰ ਸਾਹਿਬ ਦੇ ਅੰਦਰ ਝਾਤੀ ਮਾਰੀ ਤਾਂ ਮਸਾ ਪਲੰਘ ਤੇ ਮਸਤਾਨਾ ਹੋਇਆ ਬੈਠਾ ਸੀ ਤੇ ਕੰਜਰੀਆਂ ਮੁਜਰਾ ਕਰ ਰਹੀਆਂ ਸਨ। ਦੋਨੋ ਸਿੰਘ ਇਹ ਕੁਕਰਮ ਆਪਣੀ ਅੱਖੀਂ ਦੇਖ ਕੇ ਅੱਗ ਬਗੂਲਾ (ਲੋਹਾ ਲਾਖਾ) ਹੋ ਗਏ ਪਰ ਜ਼ਬਤ ਤੋਂ ਕੰਮ ਲੈਂਦੇ ਹੋਏ ਅੱਗੇ ਵਧੇ ਅਤੇ ਥੈਲੀਆਂ ਮਸੇ ਦੇ ਪਲੰਘ ਹੇਠਾਂ ਖਿਸਕਾ ਦਿੱਤੀਆਂ। ਮਸੇ ਨੇ ਪਲੰਘ ਤੋਂ ਬੈਠੇ ਹੋਏ ਨੇ ਸਿਰ ਨੀਵਾਂ ਕਰ ਕੇ ਥੈਲੀਆਂ ਵਲ ਝਾਤ ਮਾਰੀ ਕਿ ਮਹਿਤਾਬ ਸਿੰਘ ਦੀ ਕਿਰਪਾਨ ਨੇ ਉਸ ਤੇ ਬਿਜਲੀ ਵਾਂਗ ਲਿਸ਼ਕਵਾਂ ਵਾਰ ਕੀਤਾ ਅਤੇ ਉਸ ਦਾ ਸਿਰ ਉੱਡ ਕੇ ਪਰੇ ਜਾ ਪਿਆ। ਸੁਖਾ ਸਿੰਘ ਨੇ ਵੀ ਤਲਵਾਰ ਮਿਆਨੋਂ ਧੂਹ ਲਈ ਤੇ ਮਸੇ ਦੇ ਆਸ ਪਾਸ ਚਟਖਾਰੇ ਲੈ ਰਹੇ ਕੁਕਰਮੀਆਂ ਨੂੰ ਮੁਖ ਕੰਜਰੀ ਸਮੇਤ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤਰ੍ਹਾਂ ਇਨ੍ਹਾਂ ਦੋ ਸੂਰਬੀਰਾਂ ਨੇ ਮਸੇ ਵਲੋਂ ਮੈਲਾ ਕੀਤਾ ਦਰਬਾਰ ਸਾਹਿਬ ਦਾ ਫਰਸ਼ ਮਸੇ ਦੀ ਰਤ ਨਾਲ ਹੀ ਕਜ ਦਿੱਤਾ। ਇਵੇਂ ਮਸੇ ਨੂੰ ਰੱਬ ਦੇ ਘਰ ਦਾ ਅਪਮਾਨ ਕਰਨ ਦਾ ਫਲ ਮਿਲ ਗਿਆ। ਉਨ੍ਹਾਂ ਸੂਰਬੀਰਾਂ ਨੇ ਮਸੇ ਦਾ ਸਿਰ ਤਲਵਾਰ ਦੀ ਨੋਕ ਤੇ ਟੰਗਿਆ ਅਤੇ ਘਬਰਾਈ ਹੋਈ ਚੰਡਾਲ ਚੌਕੜੀ ਜੋ ਨਾਚ ਮੁਜਰੇ ਦਾ ਆਨੰਦ ਮਾਣ ਰਹੀ ਸੀ, ਅੱਗੇ ਅੱਗੇ ਦੌੜ ਪਈ ਤੇ ਦੋਨੋ ਸਿੰਘ ਖੂਨ ਨਾਲ ਲਥਪਥ ਤਲਵਾਰਾਂ ਹੱਥਾਂ ਵਿਚ ਚੁਕੀ ਉਸ ਦੇ ਮਗਰ ਮਗਰ ਸਨ। ਬਾਹਰ ਆ ਕੇ ਦੋਨਾਂ ਬਹਾਦਰਾਂ ਨੇ ਆਪਣੇ ਆਪਣੇ ਘੋੜਿਆਂ ਤੇ ਪਲਾਕੀਆਂ ਮਾਰੀਆਂ ਤੇ ਹਵਾ ਨਾਲ ਗੱਲਾਂ ਕਰਦੇ ਸਭ ਨੂੰ ਮਾਤ ਦੇਂਦੇ ਹੋਏ ਬਿਲਕੁਲ ਸੁਰੱਖਿਅਤ ਰੂਪ ਵਿਚ ਸ਼ਹਿਰੋਂ ਬਾਹਰ ਨਿਕਲ ਗਏ। ਕੁਝ ਦੇਰ ਮਗਰੋਂ ਡਰਦੇ ਡਰਦੇ ਕੁਝ ਸਰਕਾਰੀ ਸਪਾਹੀਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਪਰ ਉਨ੍ਹਾਂ ਦਾ ਹੀਆ ਹੀ ਨਾ ਪਿਆ ਕਿ ਇਨ੍ਹਾਂ ਮਰ ਜੀਵੜਿਆਂ ਦਾ ਰਸਤਾ ਰੋਕ ਕੇ ਇਨ੍ਹਾਂ ਨਾਲ ਲੋਹਾ ਲੈ ਸਕਣ। ਆਖਰ ਇਹ ਦੋਨੋ ਸਿੰਘ ਬਚਦੇ ਬਚਾਂਦੇ ਵਾਪਸ ਰਾਜਸਥਾਨ ਪਹੁੰਚੇ ਤੇ ਪੰਥ ਖਾਲਸਾ ਅੱਗੇ ਮਸੇ ਦਾ ਸਿਰ ਜਾ ਧਰਿਆ। ਦੋਨਾਂ ਵਰਿਆਮੀ ਸਪੂਤਾਂ ਦੀ ਅਦਭੁਤ ਸੂਰਮਗਤੀ ਨੂੰ ਵੇਖ ਕੇ ਸਿੱਖ ਸੰਗਤਾਂ ਨੇ ਖੁਸ਼ੀ ਦੇ ਜੈਕਾਰੇ ਲਗਾਏ ਤੇ ਇਨ੍ਹਾਂ ਦੋਹਾਂ ਯੋਧਿਆਂ ਦਾ ਬੜਾ ਮਾਨ ਸਤਿਕਾਰ ਕੀਤਾ। ਇਸ ਸੂਰਬੀਰਤਾ ਦੇ ਕਾਰਨਾਮੇ ਸਦਕਾ ਹਰਿਮੰਦਰ ਸਾਹਿਬ ਤੇ ਕੌਮ ਦੋਹਾਂ ਦੀ ਅਣਖ ਸਿਖਰਾਂ ਛੂਹ ਗਈ।

ਉਧਰ ਲਾਹੌਰ ਦੇ ਨਵਾਬ ਖਾਨ ਬਹਾਦਰ ਨੇ ਸਾਰੇ ਤਲਕੇਦਾਰਾਂ ਤੇ ਚੌਧਰੀਆਂ ਨੂੰ ਆਪਣੇ ਪਾਸ ਸਦ ਲਿਆ ਅਤੇ ਉਨ੍ਹਾਂ ਨੂੰ ਜੁੱਤੀਆਂ ਮਾਰ ਮਾਰ ਕੇ ਬੇਹੋਸ਼ ਕਰ ਦਿੱਤਾ। ਉਨ੍ਹਾਂ ਤੋਂ ਉਹ ਇਹੀ ਪੁਛਦਾ ਕਿ ਜਦ ਤੁਸੀ ਇਹ ਕਹਿੰਦੇ ਹੋ ਕਿ ਅਸੀ ਦੂਰ ਦੂਰ ਤਕ ਕੋਈ ਵੀ ਸਿੱਖ ਜ਼ਿੰਦਾ ਨਹੀਂ ਰਹਿਣ ਦਿੱਤਾ ਤਾਂ ਇਹ ਸਿੱਖ ਕਿਥੋਂ ਨਿਕਲ ਆਏ ਤੇ ਕਿਵੇਂ ਦਰਬਾਰ ਸਾਹਿਬ ਤਕ ਬੇਖਤਰ (ਬਿਨਾਂ ਕਿਸੇ ਡਰ ਦੇ) ਪਹੁੰਚ ਕੇ ਮਸੇ ਨੂੰ ਮਾਰ ਗਏ? ਇਸ ਲਈ ਤੁਹਾਨੂੰ ਹੁਕਮ ਹੈ ਕਿ ਇਨ੍ਹਾਂ ਨੂੰ ਜਿਵੇਂ ਵੀ ਹੋਵੇ ਪਕੜ ਕੇ ਮੇਰੇ ਸਾਹਮਣੇ ਪੇਸ਼ ਕਰੋ ਵਰਨਾ ਤੁਹਾਡੀ ਖ਼ੈਰ ਨਹੀਂ। ਇਸ ਹੁਕਮ ਤੇ ਅਮਲ ਕਰਨ ਲਈ ਇਨ੍ਹਾਂ ਦੋਨਾਂ ਸਿੰਘਾਂ ਨੂੰ ਗ੍ਰਿਫਤਾਰ ਕਰਨ ਲਈ ਸਭ ਹੀਲੇ ਵਸੀਲੇ ਵਰਤੇ ਗਏ। ਮਹਿਤਾਬ ਸਿੰਘ ਮਸੇ ਨੂੰ ਕਤਲ ਕਰਨ ਮਗਰੋਂ 5 ਸਾਲ ਬਾਅਦ 1745 ਈ. ਨੂੰ ਆਪਣੇ ਪਿੰਡ ਆਇਆ। ਚੁਗ਼ਲ ਖੋਰਾਂ ਤੇ ਸੂਹ ਦੇਣ ਵਾਲਿਆਂ ਨੂੰ ਉਸਦੇ ਆਉਣ ਦੀ ਭਿਣਕ ਪੈ ਗਈ ਅਤੇ ਸਰਕਾਰ ਨੇ ਪਿੰਡ ਨੂੰ ਘੇਰ ਲਿਆ। ਇਸ ਤੋਂ ਪਹਿਲੇ ਕਿ ਮਹਿਤਾਬ ਸਿੰਘ ਨਸ ਜਾਂਦਾ ਜਾਂ ਮੁਕਾਬਲਾ ਕਰਦਾ, ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਚਰਖੜੀਆਂ ਤੇ ਚੜ੍ਹਾ ਕੇ ਉਸਦਾ ਬੀਰਾ ਬੀਰਾ ਕਰ ਦਿੱਤਾ ਗਿਆ। ਇਸੇ ਤਰ੍ਹਾਂ ਭਾਈ ਸੁਖਾ ਸਿੰਘ ਵੀ 1753 ਈ. ਨੂੰ ਮੁਗ਼ਲਾਂ ਨਾਲ ਲੜਦਾ ਲੜਦਾ ਸ਼ਹੀਦੀ ਪ੍ਰਾਪਤ ਕਰ ਗਿਆ।

ਇਨ੍ਹਾਂ ਦੋਨਾਂ ਸ਼ਹੀਦਾਂ ਨੇ ਆਪਣੇ ਪਰਾਨਾਂ ਦੀ ਆਹੂਤੀ ਦੇ ਕੇ ਕੌਮ ਦੀ ਅਣਖ ਨੂੰ ਬਚਾ ਲਿਆ। ਇਨ੍ਹਾਂ ਦੀ ਅਦੁਤੀ ਸੋਚ ਭਰੀ ਦਲੇਰਾਨਾ ਕਾਰਵਾਈ ਸਦਕਾ ਮੁਗ਼ਲ ਰਾਜ ਨੂੰ ਸ਼ਰਮਸਾਰੀ ਦਾ ਮੂੰਹ ਦੇਖਣਾ ਪਿਆ ਅਤੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲਾ ਮਸਾ ਰੰਘੜ ਖੁਨਾਮੀ ਦੀ ਹਾਲਤ ਵਿਚ ਮੌਤ ਦੀ ਬੁੱਕਲ ਵਿਚ ਜਾ ਲੁਕਿਆ ।ਸੰਤ ਸਪਾਹੀ ਖਾਲਸੇਈ ਰੂਪ ਸੂਰਬੀਰਾਂ ਨੇ ਗੁਰੂ ਦੀ ਸਿਖਿਆ ਸਫਲ ਕਰ ਵਿਖਾਈ ਤੇ ਨਾਲ ਹੀ ਆਪਣਾ ਜੀਵਨ ਵੀ ਸਫਲਾ ਕਰ ਲਿਆ। ਅਜ ਉਹ ਆਪਣੇ ਅਣਖੀਲੇ ਕਰਮ ਕਾਰਨ ਇਤਿਹਾਸ ਵਿਚ ਪ੍ਰਬਲ ਰੂਪ ਵਿਚ ਜੀਵਤ ਹਨ। ਮਾਣਜਨਕ ਤੇ ਗੌਰਵਮਈ ਕਰਮ ਕਰ ਕੇ ਉਨ੍ਹਾਂ ਇਕ ਵਾਰੀ ਫਿਰ ਇਹ ਸਾਬਤ ਕਰ ਦਿੱਤਾ ਕਿ ਹਰਿਮੰਦਰ ਵਲ ਮਾੜੀ ਅੱਖ ਰਖਣ ਵਾਲਾ ਕਦੇ ਬਚਿਆ ਨਹੀਂ ਤੇ ਉਸ ਦੀ ਸ਼ਾਨ ਬਹਾਲ ਕਰਨ ਵਾਲਾ ਕਦੇ ਮਰਿਆ ਨਹੀਂ। ਕੌਣ ਕਹਿ ਸਕਦਾ ਹੈ ਕਿ ਹਰਿਮੰਦਰ ਦੀ ਸ਼ਾਨ ਬਹਾਲ ਕਰਨ ਵਾਲੇ ਇਹ ਦੋਨੋਂ ਸੂਰੇ ਅੱਜ ਜੀਵਤ ਨਹੀਂ ਹਨ। ਹਰ ਸਿੱਖ ਦੇ ਹਿਰਦੇ ਵਿਚ ਇਨ੍ਹਾਂ ਦਾ ਮਾਣ ਧੜਕਦਾ ਹੈ, ਸ਼ਾਨ ਧੜਕਦੀ ਹੈ, ਪਿਆਰ ਧੜਕਦਾ ਹੈ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ਅੰਗ-1105

.47.

ਪੁਰਾਣੇ ਰੂਸੀ ਹੁਕਮਰਾਨਾਂ ਦੀ ਹਰਿਮੰਦਰ ਬਾਰੇ .ਗਲਤ ਸੋਚਣੀ

ਰੱਬ ਤੋਂ ਬੇਮੁਖ ਹੋਇਆ ਮਨੁੱਖ ਰੱਬ ਨਾਲ ਟਿਚਰਾਂ ਕਰਨ ਵਿਚ ਵੀ ਆਪਣੀ ਵਡਿਆਈ ਸਮਝਦਾ ਹੈ। ਉਹ ਆਪਣੀ ਹਉਮੈ ਦੇ ਤਾਬੇ ਇਸ ਅਜ਼ੀਮ ਸ਼ਕਤੀ ਬਾਰੇ ਉਹ ਕੁਝ ਕਹਿਣ ਵਿਚ ਵੀ ਸੰਕੋਚ ਨਹੀਂ ਕਰਦਾ ਜੋ ਅਸਭਿਐ ਤੋਂ ਅਸਭਿਐ ਮਨੁੱਖ ਵੀ ਕਹਿਣ ਤੋਂ ਸ਼ਰਮਾਂਦਾ, ਝਕਦਾ ਜਾਂ ਕਤਰਾਂਦਾ ਹੈ। ਆਸਤਿਕ ਮਨੁੱਖ ਹਰ ਕਰਮ ਵਿਚ ਰੱਬ ਦੇ ਹੁਕਮ ਨੂੰ ਅੱਗੇ ਰਖਦਾ ਹੈ, ਕੋਈ ਸੁਖ ਮਿਲੇ ਤਾਂ ਉਸ ਨੂੰ ਅਕਾਲਪੁਰਖ ਦੀ ਬਖਸ਼ਸ਼ ਸਮਝ ਕੇ ਧੰਨਵਾਦ ਕਰਦਾ ਹੈ। ਨਾਸਤਕ ਮਨੁੱਖ ਇਸ ਸੂਖਮ ਅਮਲ ਤੋਂ ਖਾਲੀ, ਕੋਰਾ ਅਤੇ ਅਭਿਜ ਹੈ। ਇਸ ਦੀ ਮਿਸਾਲ ਇਵੇਂ ਹੈ। ਇਕ ਵਾਰੀ ਇਕ ਬੱਚਾ ਅਚਾਨਕ ਬਰੇਕ ਲਗਣ ਕਾਰਨ ਚਲਦੀ ਬਸ ਤੋਂ ਥੱਲੇ ਗਿਰ ਗਿਆ। ਬਸ ਰੋਕੀ ਗਈ ਅਤੇ ਉਸਦੇ ਮਾਪਿਆਂ ਨੇ ਯਕਦਮ ਬੱਚੇ ਨੂੰ ਉਠਾ ਲਿਆ। ਉਸ ਨੂੰ ਚੰਗੀ ਤਰ੍ਹਾਂ ਦੇਖਿਆ, ਉਸ ਨੂੰ ਗਿਰਨ ਕਾਰਨ ਕੋਈ ਸੱਟ ਨਾ ਲਗੀ, ਕੋਈ ਨੁਕਸਾਨ ਨਾ ਪੁੱਜਾ। ਬੱਚੇ ਨੂੰ ਬਸ ਵਿਚ ਦੋਬਾਰਾ ਲਿਆਂਦਾ ਗਿਆ ਤੇ ਲੋਕਾਂ ਦੇ ਪੁੱਛਣ ਤੇ ਮਾਪਿਆਂ ਨੇ ਕਿਹਾ ਕਿ ਬੱਚਾ ਗਿਰਿਆ ਤਾਂ ਬੁਰੀ ਤਰ੍ਹਾਂ ਸੀ ਪਰ ਰੱਬ ਨੇ ਹੱਥ ਦੇ ਕੇ ਉਸ ਨੂੰ ਰਖ ਲਿਆ ਹੈ, ਉਸ ਦਾ ਲੱਖ ਲੱਖ ਸ਼ੁਕਰ ਹੈ। ਸਭ ਨੇ ਇਵੇਂ ਹੀ ਸੋਚਿਆ ਪਰ ਉਨ੍ਹਾਂ ਦੀ ਨਾਲ ਦੀ ਸੀਟ ਤੇ ਇਕ ਨਾਸਤਕ ਵੀ ਬੈਠਾ ਸੀ ਜਿਸਨੇ ਇਹ ਸੁਣਦਿਆਂ ਸਾਰ ਅਵਾਜ਼ਾ ਕਸਿਆ ਕਿ ਜੇ ਬਸ ਵਿਚੋਂ ਸੁਟ ਕੇ ਫਿਰ ਹੱਥ ਦੇ ਕੇ ਰੱਬ ਨੇ ਬੱਚੇ ਨੂੰ ਰੱਖ ਹੀ ਲੈਣਾ ਸੀ ਤਾਂ ਉਸ ਨੇ ਬੱਚੇ ਨੂੰ ਡੇਗਣ ਦਾ ਪੰਗਾ ਹੀ ਕਿਉਂ ਲਿਆ? ਇਹ ਨਾਸਤਕ ਦੀ ਸੋਚ ਤੇ ਅਪਰੋਚ ਹੈ, ਜਦ ਕਿ ਆਸਤਕ, ਬੱਚੇ ਨੂੰ ਸੱਟ ਨਾ ਲਗਣ ਕਾਰਨ ਪ੍ਰਮਾਤਮਾ ਦਾ ਲੱਖ ਲੱਖ ਧੰਨਵਾਦ ਕਰਦਾ ਨਾ ਥਕਿਆ।

ਸਿੱਖਾਂ ਦਾ ਮੋਰਚਾ ਜਿਹੜਾ ਕੁਝ ਮੰਗਾਂ ਲੈ ਕੇ 1982 ਵਿਚ ਪਹਿਲੇ ਕਪੂਰੀ ਤੋਂ ਚਲ ਰਿਹਾ ਸੀ, ਉਹ ਮਗਰੋਂ ਦਰਬਾਰ ਸਾਹਿਬ ਤੋਂ ਚਲਣਾ ਸ਼ੁਰੂ ਹੋ ਗਿਆ। ਹਾਲਾਤ ਦਿਨ-ਬਦਿਨ ਦੋਹਾਂ ਧਿਰਾਂ ਲਈ ਨਾਜ਼ਕ ਹੁੰਦੇ ਗਏ। ਸਰਕਾਰ ਕੋਈ ਸਖਤ ਕਾਰਵਾਈ ਕਰਨ ਤੋਂ ਇਸ ਗੱਲੋਂ ਕਤਰਾਂਦੀ ਸੀ ਕਿ ਇਸ ਅਮਲ ਵਿਚ ਪਵਿੱਤਰ ਧਾਮ ਨੂੰ ਠੇਸ ਲਗ ਸਕਦੀ ਹੈ ਤੇ ਫਿਰ ਉਸਦੀ ਹਰ ਵਰਗ ਵਲੋਂ ਅਲੋਚਨਾ ਹੋਣੀ ਸ਼ੁਰੂ ਹੋ ਜਾਏਗੀ। ਆਮ ਭਾਰਤੀ ਕਹਿੰਦੇ ਹਨ ਕਿ ਇਸ ਦੁਚਿਤੀ ਦੀ ਸਥਿਤੀ ਸਮੇਂ ਰੂਸੀਆਂ ਨੇ ਜੋ ਭਾਰਤ ਦੇ ਪਰਮ ਮਿੱਤਰ ਅਖਵਾਉਂਦੇ

ਸਨ, ਸਰਕਾਰ ਨੂੰ ਸਲਾਹ ਦਿੱਤੀ ਕਿ ਉਹ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਧਾਰਮਿਕ ਅਸਥਾਨ ਦਾ ਜਾਂ ਸ਼ਰਧਾਲੂਆਂ ਦਾ ਨੁਕਸਾਨ ਹੁੰਦਾ ਹੈ ਕਿ ਨਹੀਂ, ਉੱਥੇ ਆਪਣੀ ਕਾਰਵਾਈ ਕਰੇ। ਆਖਰ ਅਜਿਹੀ ਕਥਿਤ ਸਲਾਹ ਦੇ ਪ੍ਰਭਾਵ ਕਾਰਨ ਸਰਕਾਰ ਨੇ ਜੂਨ 1984 ਨੂੰ ਨੀਲਾ ਤਾਰਾ ਓਪਰੇਸ਼ਨ ਕਰ ਕੇ ਹਰਿਮੰਦਰ ਪ੍ਰੀਸਰ ਦਾ ਭਾਰੀ ਨੁਕਸਾਨ ਕੀਤਾ। ਰੱਬ ਨੂੰ ਪਿਆਰ ਕਰਨ ਵਾਲੇ ਹਰ ਦਿਲ ਨੂੰ ਠੇਸ ਲਗੀ।

ਮਨਮੁਖ ਹਰਿਮੰਦਰ ਦੀ ਸਾਰ ਨ ਜਾਣਨੀ
ਤਿਨੀ ਜਨਮੁ ਗਵਾਤਾ॥ ਅੰਗ-953

ਮੁਲਕ ਵਿਚ ਇਸ ਘਟਨਾ ਦਾ ਜੋ ਪ੍ਰਤੀਕਰਮ ਹੋਇਆ ਉਸ ਤੋਂ ਹਰ ਭਾਰਤੀ ਵਾਕਫ ਹੈ ਪਰ ਉਨ੍ਹਾਂ ਰੂਸੀ ਲੀਡਰਾਂ, ਜਿਨ੍ਹਾਂ ਨੇ ਇਸ ਗਲਤ ਸੋਚ ਨੂੰ ਕਥਿਤ ਸ਼ਹਿ ਦਿੱਤੀ, ਨੇ ਵੀ ਸੁਖ ਦਾ ਸਾਹ ਨਹੀਂ ਲਿਆ। ਪਤਾ ਨਹੀਂ ਰੱਬ ਦੀ ਕੀ ਮਾਰ ਵਗੀ ਕਿ ਬੜੀ ਤੜ੍ਹੀ ਨਾਲ ਸੰਸਾਰ ਵਿਚ ਵਿਚਰ ਰਹੇ ਅਮਰੀਕਾ ਦੇ ਮੁਕਾਬਲੇ ਵਿਚ ਖੜੇ ਸ਼ਕਤੀਸ਼ਾਲੀ ਦੇਸ਼ ਸੋਵੀਅਤ ਸੰਘ ਤੇ ਜਿਵੇਂ ਅਕਾਸ਼ੋਂ ਕਹਿਰ ਟੁਟ ਪਿਆ ਹੋਵੇ। ਦਿਨਾਂ ਦਿਨਾਂ ਤੇ ਪਲਾਂ ਪਲਾਂ ਵਿਚ ਉਹ ਮਹਾਨ ਅਖਵਾਂਦਾ ਦੇਸ਼ ਬਿਨਾਂ ਕਿਸੇ ਬਾਹਰੀ ਹਮਲੇ ਜਾਂ ਹਸਤਕਸ਼ੇਪ ਦੇ ਇਵੇਂ ਢਹਿ ਢੇਰੀ ਹੋ ਗਿਆ ਜਿਵੇਂ ਰੇਤ ਦੀ ਦੀਵਾਰ ਤੇ ਖੜਾ ਹੋਇਆ ਮਹਿਲ ਗਿਰ ਜਾਂਦਾ ਹੈ। ਦੁਨੀਆ ਇਹ ਸਭ ਕੁਝ ਦੇਖ ਕੇ ਹੈਰਾਨ ਹੋ ਗਈ। ਉੱਚੀਆਂ ਗਰਦਨਾਂ ਕਰਕੇ ਚਲਣ ਵਾਲੇ ਰੱਬ ਦੇ ਸ਼ਰੀਕ ਬਣੇ ਰੂਸੀ, ਖੰਨੀ ਖੰਨੀ ਰੋਟੀ ਤੋਂ ਆਤਰ ਹੋ ਗਏ ਤੇ ਆਪਣੇ ਸਰੀਰ ਦੀ ਅੱਗ ਬੁਝਾਣ ਲਈ ਵੀ ਉਨ੍ਹਾਂ ਨੂੰ ਹੱਥ ਅਡ ਕੇ ਦੁਨੀਆ ਤੋਂ ਰਾਸ਼ਨ ਮੰਗਣਾ ਪਿਆ।

ਗੁਰਬਾਣੀ ਨੂੰ ਰੱਬੀ ਹੁਕਮ ਸਮਝਣ ਵਾਲੇ ਸ਼ਰਧਾਲੂ ਇਸ ਸਾਰੇ ਕੁਝ ਪਿੱਛੇ ਹਰਿਮੰਦਰ ਦੀ ਬੇ-ਹੁਰਮਤੀ (ਅਪਮਾਨ) ਕਰਨ ਦੀ ਰੂਸੀਆਂ ਵਲੋਂ ਦਿੱਤੀ ਕਥਿਤ ਸਲਾਹ ਨੂੰ ਹੀ ਕਾਰਨ ਰੂਪ ਵਿਚ ਮੰਨਦੇ ਹਨ। ਰੂਸੀ ਰਾਜ 75 ਸਾਲ ਰੱਬ ਦੀ ਹੋਂਦ ਤੋਂ ਮੁਨਕਰ ਹੋਇਆ ਰਿਹਾ ਅਤੇ ਇਕ ਨਖੱਸਮੇ ਤੇ ਆਪ ਹੁਦਰੇ ਮਨੁੱਖ ਦੀ ਭੂਮਕਾ ਨਿਭਾਂਦਾ ਰਿਹਾ ਪਰ ਉਹ ਆਪਣੀਆਂ ਨੀਤੀਆਂ ਵਿਚ ਸਫਲ ਨਹੀਂ ਹੋਇਆ ਅਤੇ ਉਸ ਦਾ ਸੰਘ ਤੇ ਸੰਗਠਨ ਟੁਟ ਭੱਜ ਗਿਆ। ਹੁਣ ਸਾਬਕਾ ਸੋਵੀਅਤ ਸੰਘ ਵਿਚੋਂ 15 ਦੇਸ਼ ਬਣ ਗਏ ਹਨ। ਉਹ ਹੈਰਾਨ ਹੋ ਕੇ ਸੋਚਦੇ ਹਨ ਕਿ ਇਹ ਸਾਰਾ ਕੁਝ ਕਿਵੇਂ ਹੋ ਗਿਆ, ਕਿਉਂ ਹੋ ਗਿਆ। ਇਨ੍ਹਾਂ 15 ਦੇਸ਼ਾਂ ਵਿਚੋਂ ਦੋ ਤਿੰਨ ਦੇਸ਼ਾਂ ਦੇ ਕੁਝ ਸਰਕਰਦਾ ਮਨੁੱਖ ਇਕ ਡੈਲੀਗੇਸ਼ਨ ਲੈ ਕੇ ਅਪਰੈਲ 1998 ਵਿਚ ਭਾਰਤ ਆਏ। ਉਨ੍ਹਾਂ ਤੋਂ ਪੁਛਿਆ ਗਿਆ ਕਿ ਤੁਹਾਡਾ ਦੇਸ਼ ਅਚਾਨਕ ਟੁਟ ਕਿਵੇਂ ਗਿਆ? ਇਸ ਦੇ ਉੱਤਰ ਵਿਚ ਇੰਟਰਨੈਸ਼ਨਲ ਪੀਸ

ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਐਮ.ਸਿਦਰੋਵ ਅਤੇ ਲੀਗਲ ਚੈਂਬਰ ਇਨਟਰਨੈਸ਼ਨਲ ਐਸੋਸੀਏਸ਼ਨ ਆਫ ਸੈਂਟਰਲ ਰਸ਼ੀਆ ਦੇ ਪ੍ਰਮੁਖ ਸ੍ਰੀ ਯੂਰੀ.ਏ. ਐਗੋਸ਼ਿਕ ਜੋ ਕਿ ਉਸ ਡੈਲੀਗੇਸ਼ਨ ਦੇ ਸਰਬਰਾਹ ਸਨ, ਨੇ ਬੜਾ ਢੁਕਵਾਂ ਉੱਤਰ ਦੇਂਦਿਆਂ ਕਿਹਾ ਕਿ ਦੁਨੀਆ ਸਾਰੀ ਭਾਵੇਂ ਸੋਵੀਅਤ ਸੰਘ ਦੇ ਟੁੱਟਣ ਦੇ ਕੁਝ ਵੀ ਕਾਰਨ ਪਈ ਦਸੇ ਪਰ ਸਾਨੂੰ ਤਾਂ ਇਸ ਦੇ ਖੇਰੂੰ ਖੇਰੂੰ ਹੋਣ ਦਾ ਇਕੋ ਇਕ ਕਾਰਨ ਦਿਸਦਾ ਹੈ ਅਤੇ ਉਹ ਇਹ ਹੈ ਕਿ ਇਸ ਦੇਸ਼ ਨੇ ਰੱਬ ਨੂੰ ਮੰਨਣਾ ਬੰਦ ਕਰ ਦਿੱਤਾ ਸੀ ਅਤੇ ਆਪ ਰੱਬ ਬਣ ਬੈਠਿਆ ਸੀ। ਰੱਬ ਦੀਆਂ ਬਖਸ਼ਸ਼ਾਂ ਤੇ ਰਹਿਮਤਾਂ ਤੋਂ ਪਰੇ ਹੋ ਕੇ ਇਹ ਕਿਤਨਾ ਕੁ ਚਿਰ ਜੀ ਸਕਦਾ ਸੀ? ਆਖਰ ਰੱਬ ਦੀ ਸੱਤਾ ਦੀ ਮਾਰ ਇਸ ਨੂੰ ਝਲਣੀ ਪਈ ਤੇ ਇਹ ਟੁਕੜੇ ਟੁਕੜੇ ਹੋ ਕੇ ਆਤਰ ਹੋ ਗਿਆ। ਰੱਬ ਦੇ ਨਾਮ ਨੂੰ ਧਾਰਨ ਕਰਨ ਵਿਚ ਹੀ ਇਹ ਦੋਬਾਰਾ ਇਲਾਹੀ ਬਰਕਤਾਂ ਦਾ ਭਾਗੀਦਾਰ ਬਣ ਸਕਦਾ ਹੈ

ਗਾਵਹੁ ਰਾਮ ਕੇ ਗੁਣ ਗੀਤ ॥
ਨਾਮੁ ਜਪਤ ਪਰਮ ਸੁਖੁ ਪਾਈਐ
ਆਵਾਗਉਣੁ ਮਿਟੈ ਮੇਰੇ ਮੀਤ ॥ ਅੰਗ-901

ਟਰਬਿਊਨ ਅਤੇ ਜਗਬਾਣੀ ਅਖਬਾਰਾਂ ਦੇ ਪ੍ਰਤੀਨਿਧਾਂ ਨਾਲ ਇਸ ਡੈਲੀਗੇਸ਼ਨ ਦੀ ਜੋ ਹੋਰ ਗੱਲ ਬਾਤ ਹੋਈ ਉਹ ਇਨ ਬਿੰਨ ਥੱਲੇ ਦਿੱਤੀ ਜਾਂਦੀ ਹੈ। ਡੈਲੀਗੇਸ਼ਨ ਦੇ ਮੈਂਬਰਾਂ ਨੇ ਕਿਹਾ ਕਿ **'ਸਾਡਾ ਸਮਾਜਵਾਦ ਨਾਸਤਿਕ ਨਮੂਨੇ ਦਾ ਸੀ ਜਦ ਕਿ ਸਾਡੀ ਲੋੜ ਅਧਿਆਤਮਿਕ ਸਮਾਜਵਾਦ ਦੀ ਸੀ।'**

ਵਫਦ ਦੇ ਮੈਂਬਰਾਂ ਨੇ ਕਿਹਾ ਕਿ ਅਸੀਂ ਸੰਸਾਰ ਭਰ ਦੇ ਦੇਸ਼ਾਂ ਦੀ ਯਾਤਰਾ ਇਸ ਲਈ ਕਰ ਰਹੇ ਹਾਂ ਕਿ ਇਹ ਜਾਣ ਸਕੀਏ ਕਿ ਕਿਸ ਪ੍ਰਕਾਰ ਦਾ ਅਧਿਆਤਿਮਵਾਦ ਰੂਸ, ਊਕਰੇਨ ਅਤੇ ਬਿਲਾਰੂਸ ਦੇਸ਼ਾਂ ਲਈ ਉਪਯੋਗੀ ਹੋ ਸਕਦਾ ਹੈ ਜੋ ਕਿ 1917 ਵਿਚ ਅਕਤੂਬਰ ਕ੍ਰਾਂਤੀ ਦੇ ਪਿੱਛੋਂ ਪਿਛਲੇ 70 ਸਾਲਾਂ ਵਿਚ ਬਿਨਾਂ ਅਧਿਆਤਿਮਵਾਦ ਦੇ ਰਹੇ ਹਨ। **'ਸਿੱਖ ਧਰਮ ਅਤੇ ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤ ਸਾਨੂੰ ਕਿਸੇ ਹੋਰ ਸਿਧਾਂਤ ਨਾਲੋਂ ਵਧੇਰੇ ਆਕਰਸ਼ਤ ਕਰਦੇ ਹਨ। ਇਹ ਸਿਧਾਂਤ ਉਨ੍ਹਾਂ ਲੋਕਾਂ ਦੀ ਵਿਚਾਰਧਾਰਾ ਦੇ ਅਧਿਕ ਨਜ਼ਦੀਕ ਹਨ ਜਿਨ੍ਹਾਂ ਨੇ ਸਮਾਜਵਾਦ ਦੇ ਸਿਧਾਂਤ ਨੂੰ ਘੜਿਆ ਸੀ।'** ਇਹ ਸ਼ਬਦ ਪ੍ਰੋਫੈਸਰ ਸਿਦਰੋਵ ਵਲੋਂ ਕਹੇ ਗਏ।

ਜਦ ਡੈਲੀਗੇਸ਼ਨ ਦੇ ਮੈਂਬਰਾਂ ਕੋਲੋਂ ਇਹ ਪੁੱਛਿਆ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਵਿਚੋਂ ਕਿਸ ਗੱਲ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੇ

ਬੁਨਿਆਦੀ ਅਸੂਲ ਹਨ: ਮਿਹਨਤ ਕਰਨਾ, ਵੰਡ ਕੇ ਛਕਣਾ, ਨੇਕ ਕਿਰਤ ਕਰਨੀ ਤੇ ਰੱਬ ਵਿਚ ਅਥਾਹ ਵਿਸ਼ਵਾਸ਼ ਰਖਣਾ। ਭਾਵੇਂ ਸਮਾਜਵਾਦ ਦੀ ਬੁਨਿਆਦ ਵੀ ਇਨ੍ਹਾਂ ਗੱਲਾਂ ਤੇ ਹੀ ਰਖੀ ਗਈ ਸੀ ਪਰ ਉਹ ਗ਼ਲਤ ਬਿਆਨੀਆਂ ਤੇ ਬਹੁਤ ਸਾਰੀਆਂ ਊਣਤਾਈਆਂ ਨਾਲ ਪ੍ਰਦੂਸ਼ਤ ਹੋਇਆ ਪਿਆ ਸੀ ਜਿਸ ਕਰਕੇ ਸਾਨੂੰ ਬਹੁਤ ਨੁਕਸਾਨ ਉਠਾਣਾ ਪਿਆ।

ਉਨ੍ਹਾਂ ਨੂੰ ਜਦ ਇਹ ਕਿਹਾ ਗਿਆ ਕਿ ਲੈਨਿਨ, ਜਿਸ ਨੂੰ ਰੂਸੀ ਇਨਕਲਾਬ ਦਾ ਸਵਾਮੀ ਕਿਹਾ ਜਾਂਦਾ ਹੈ, ਉਹ ਕਿਹਾ ਕਰਦਾ ਸੀ ਕਿ 'ਧਰਮ ਲੋਕਾਂ ਲਈ ਇਕ ਅਫੀਮ ਹੈ' ਜਿਸ ਦੇ ਸੇਵਨ ਨਾਲ ਉਹ ਹੋਰ ਕਿਸੇ ਕੰਮ ਜੋਗੇ ਨਹੀਂ ਰਹਿੰਦੇ ਤਾਂ ਡੈਲੀਗੇਸ਼ਨ ਦੇ ਮੈਂਬਰਾਂ ਨੇ ਇਸਦੇ ਉੱਤਰ ਵਿੱਚ ਕਿਹਾ ਕਿ ਸ਼ਾਇਦ ਸਮਾਜਵਾਦ ਦੀ ਇਹ ਇਕ ਸਭ ਤੋਂ ਵੱਡੀ ਗ਼ਲਤ ਬਿਆਨੀ ਸੀ ਜਿਸ ਦਾ ਖਮਿਆਜ਼ਾ (ਨਤੀਜਾ) ਸਾਨੂੰ ਭੁਗਤਣਾ ਪਿਆ ਹੈ।

ਉਨ੍ਹਾਂ ਨੂੰ ਜਦ ਇਹ ਦੱਸਿਆ ਗਿਆ ਹੈ ਕਿ ਇਕ ਪਾਸੇ ਤਾਂ ਤੁਸੀਂ ਸਭ ਤੋਂ ਚੰਗਾ ਅਧਿਆਤਮਿਕ ਫਲਸਫਾ ਲੱਭਣ ਲਈ ਦੁਨੀਆ ਦਾ ਭਰਮਣ ਕਰ ਰਹੇ ਹੋ ਅਤੇ ਦੂਜੇ ਪਾਸੇ ਭਾਰਤ ਦੇ ਕਮਿਊਨਿਸਟ ਅਜੇ ਵੀ ਧਰਮ ਬਾਰੇ ਲੈਨਿਨ ਦੇ ਵਿਚਾਰਾਂ ਨੂੰ ਹੀ ਅਪਣਾ ਰਹੇ ਹਨ ਤਾਂ ਡੈਲੀਗੇਸ਼ਨ ਦੇ ਮੈਂਬਰਾਂ ਨੇ ਬਿਨਾਂ ਸੰਕੋਚ ਕਿਹਾ ਕਿ ਭਾਰਤ ਦੇ ਕਮਿਊਨਿਸਟ ਵੀ ਸਮਾਂ ਆਉਣ ਤੇ ਸੋਵੀਅਤ ਯੂਨੀਅਨ ਦੇ ਅਨੁਭਵਾਂ ਤੋਂ ਸਿਖਿਆ ਲੈਣਗੇ। ਉਨ੍ਹਾਂ ਸਪੱਸ਼ਟ ਤਾਂ ਨਹੀਂ ਕਿਹਾ ਪਰ ਲਗਦਾ ਸੀ ਕਿ ਉਹ ਇਹ ਕਹਿਣਾ ਚਾਹੁੰਦੇ ਸਨ ਕਿ ਮੱਛੀ ਪੱਥਰ ਚੱਟ ਕੇ ਹੀ ਮੁੜੇਗੀ।

ਡੈਲੀਗੇਸ਼ਨ ਦੇ ਨੇਤਾਵਾਂ ਨੇ ਇਹ ਦੱਸਣ ਵਿਚ ਆਨੰਦ ਮਹਿਸੂਸ ਕੀਤਾ ਕਿ ਜਲਦੀ ਹੀ ਰੂਸ ਵਿਚ ਇਕ ਅਧਿਆਤਮਿਕ ਕਾਨਫਰੰਸ ਕੀਤੀ ਜਾਵੇਗੀ ਜਿਸ ਵਿਚ ਸਿੱਖ ਧਰਮ ਦੀਆਂ ਬੁਨਿਆਦੀ ਗੱਲਾਂ ਦਾ ਪ੍ਰਚਾਰ ਕੀਤਾ ਜਾਵੇਗਾ। ਉਨ੍ਹਾਂ ਇਹ ਕਹਿ ਕੇ ਵੀ ਖੁਸ਼ੀ ਪ੍ਰਗਟਾਈ ਕਿ ਸਿੱਖ ਧਰਮ ਗ੍ਰੰਥਾਂ ਦਾ ਸਾਬਕਾ (ਭੂਤਪੂਰਵਕ) ਸੋਵੀਅਤ ਯੂਨੀਅਨ ਦੀਆਂ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਜਾਣ ਦੇ ਯਤਨ ਜਾਰੀ ਹਨ ਤਾਂ ਕਿ ਲੋਕ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸੰਦੇਸ਼ਾਂ ਨੂੰ ਅਪਣਾ ਸਕਣ। ਇਸ ਸਿਲਸਲੇ ਵਿਚ 'ਜਾਪ ਸਾਹਿਬ' ਅਤੇ 'ਜਪੁਜੀ ਸਾਹਿਬ' ਦਾ ਅਨੁਵਾਦ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ ਅਤੇ ਜਲਦੀ ਹੀ ਹੋਰ ਠੋਸ ਕਾਰਜ ਸਾਹਮਣੇ ਆਉਣਗੇ। ਮਿਸ ਐਲ.ਵੀ. ਖੋਖਲੋਵਾ ਅਤੇ ਪ੍ਰੋ.ਬੀ. ਅਜ਼ੋਖੋਰਿਨ ਆਫ ਡੀਪਾਰਟਮੈਂਟ ਆਫ ਇੰਡੀਅਨ ਫਿਲਾਲੋਜੀ, ਇਨਸਟੀਚਿਊਟ ਆਫ ਏਸ਼ੀਅਨ ਐਂਡ ਅਫਰੀਕਨ ਸਟੱਡੀਜ਼,

ਮਾਸਕੋ ਸਟੇਟ ਯੂਨੀਵਰਸਿਟੀ ਮਾਸਕੋ ਨੂੰ 03.09.2000 ਨੂੰ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਲੰਡਨ ਵਿਖੇ ਇਸ ਸਿਲਸਿਲੇ ਵਿਚ ਸਨਮਾਨਤ ਵੀ ਕੀਤਾ ਗਿਆ। ਲੇਖਕ ਨੂੰ ਵੀ ਉਨ੍ਹਾਂ ਦੇ ਸਨਮਾਨ ਤੇ ਪ੍ਰੀਚੇ ਵਿਚ ਕੁਝ ਕਹਿਣ ਦਾ ਅਵਸਰ ਪ੍ਰਾਪਤ ਹੋਇਆ ਕਿਉਂਕਿ ਸੰਜੋਗਵਸ ਉਹ ਉਸਦੇ ਮਿੱਤਰ ਸਨ। ਉਕਤ ਦੋਨੋਂ ਸਕਾਲਰ ਸਿੱਖ ਕੌਮ ਤੋਂ ਮਾਣ ਸਨਮਾਨ ਪ੍ਰਾਪਤ ਕਰਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਵੀ ਸਿੱਖ ਧਰਮ ਦੀ ਸ਼ਾਨ ਤੇ ਮਹਾਨਤਾ ਬਾਰੇ ਬਹੁਤ ਸੁਹਣੇ ਸ਼ਬਦ ਕਹਿ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਆਪਣੀ ਵਚਨਬਧਤਾ ਦੋਹਰਾਈ ਕਿ ਉਹ ਰਸ਼ੀਆ ਨਿਵਾਸੀਆਂ ਨੂੰ ਸਿੱਖ ਧਰਮ ਦੇ ਬੇਨਜ਼ੀਰ ਤੇ ਵਿਸ਼ਵ ਵਿਆਪੀ ਅਸੂਲਾਂ ਤੋਂ ਜਾਣੂੰ ਕਰਵਾਣ ਲਈ ਵਧ ਤੋਂ ਵਧ ਗੁਰਮਤਿ ਸਾਹਿਤ ਰੂਸੀ ਭਾਸ਼ਾਵਾਂ ਵਿਚ ਅਨੁਵਾਦ ਕਰਕੇ ਪਹੁੰਚਾਂਦੇ ਰਹਿਣਗੇ ਤਾਕਿ ਧਾਰਮਿਕ ਪਖੋਂ ਹੋਰ ਵਧੇਰੇ ਹਿਰਦਿਆਂ ਦੀ ਤ੍ਰਿਪਤੀ ਹੋ ਸਕੇ। ਉਨ੍ਹਾਂ ਨੇ ਇਸ ਪੁਸਤਕ ਦੇ ਲੇਖਕ ਨੂੰ ਵੀ ਮਾਸਕੋ ਆਉਣ ਦਾ ਸੱਦਾ ਦਿੱਤਾ ਤਾਕਿ ਉਹ ਆਪਣੀ ਅੱਖੀਂ ਸਾਰੀਆਂ ਗਤੀਆਂ ਵਿਧੀਆਂ ਤੇ ਝਾਤ ਮਾਰ ਸਕੇ ਤੇ ਕੁਝ ਜ਼ਰੂਰੀ ਸੇਧਾਂ ਵੀ ਪਰਦਾਨ ਕਰ ਸਕੇ।

ਸੰਖੇਪ ਵਿਚ ਲਿਖਦਿਆਂ ਹੋਇਆਂ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਜਿਸ ਹਰਿਮੰਦਰ ਨੂੰ ਢਾਹੁਣ ਲਈ ਰੂਸੀਆਂ ਨੇ ਕਥਿਤ ਸਲਾਹ ਦਿੱਤੀ ਸੀ, ਉਸ ਦੀ ਫਿਲਾਸਫੀ ਅਤੇ ਉਸਦੇ ਲੜ ਲਗਣ ਨਾਲ ਹੀ ਉਨ੍ਹਾਂ ਨੂੰ ਇਕ ਸੰਤੁਲਤ ਜੀਵਨ ਜੀਣ ਦੀ ਜੁਗਤ ਪ੍ਰਾਪਤ ਹੋਣੀ ਹੈ ਅਤੇ ਇਵੇਂ ਉਨ੍ਹਾਂ ਦਾ ਸਰਬਪੱਖੀ ਭਲਾ ਹੋਣਾ ਹੈ। ਉਨ੍ਹਾਂ ਵਿਚੋਂ ਕੁਝ ਤਾਂ ਇਸ ਪਾਸੇ ਵਲ ਵਧ ਰਹੇ ਹਨ ਅਤੇ ਦੇਖੋ ਦੇਖੀ ਬਾਕੀਆਂ ਦੀ ਵੀ ਉਸ ਹਰਿਮੰਦਰ ਦੀ ਫਿਲਾਸਫੀ ਵਿਚ ਦਿਲਚਸਪੀ ਵਧੇਗੀ ਜੋ ਸਭ ਨੂੰ ਹਲੀਮੀ, ਨਿਮਰਤਾ, ਨਿਰਭੈਤਾ ਤੇ ਨਿਰਵੈਰਤਾ ਦਾ ਪ੍ਰਸ਼ਾਦ ਵੰਡ ਰਹੀ ਹੈ ਅਤੇ ਸਰਬੱਤ ਦੇ ਭਲੇ ਦਾ ਹੋਕਾ ਹੋਰ ਬੁਲੰਦ ਕਰ ਰਹੀ ਹੈ। ਸੰਸਾਰ ਵਿੱਚ ਭਰਾਤਰੀ ਭਾਵ ਅਤੇ ਆਪਸੀ ਪ੍ਰੇਮ ਪਿਆਰ ਪਰਪੱਕ ਕਰਨ ਲਈ ਹਰਿਮੰਦਰ ਵਿਸ਼ਵ ਭਾਈਚਾਰੇ ਸਾਹਮਣੇ ਲਾਜਵਾਬ ਅਮਲੀ ਮਿਸਾਲ ਪੇਸ਼ ਕਰ ਰਿਹਾ ਹੈ ਅਤੇ ਹਰ ਕਿਸੇ ਨੂੰ ਪ੍ਰੇਮ ਦੇ ਮਾਹੌਲ ਵਿੱਚ ਸੁਖੀ ਸਾਂਦੀ ਜੀਵਨ ਬਤੀਤ ਕਰਨ ਲਈ ਯੋਗ ਅਗਵਾਈ ਬਖ਼ਸ਼ ਰਿਹਾ ਹੈ।

ਹਰਿ ਬਿਸਰਤ ਸਦਾ ਖੁਆਰੀ॥
ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥

ਅੰਗ-712

.48.

ਸਿੱਖਾਂ ਅਤੇ ਹਰਿਮੰਦਰ ਦਾ ਵੈਰੀ ਮੀਰ ਮਨੂੰ

ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ,
ਜਿਉਂ ਜਿਉਂ ਮਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।

ਲਗਪਗ ਸਾਰੀ 18ਵੀਂ ਸਦੀ ਸਿੱਖਾਂ ਲਈ ਬਿਪਤਾ ਦੀ ਸਦੀ ਸੀ। ਹਰ ਦਿਨ ਨਵੀਂ ਆਫਤ ਨਾਲ ਉਨ੍ਹਾਂ ਨੂੰ ਮੁਕਾਬਲਾ ਕਰਨਾ ਪੈਂਦਾ। ਕਦੇ ਮੁਗ਼ਲਾਂ ਦੇ ਅਮਾਨਵੀਂ ਹਲੇ ਤੇ ਜ਼ਾਲਮਾਨਾ ਹੁਕਮ ਸਿੱਖਾਂ ਨੂੰ ਟਿਕਣ ਨਹੀਂ ਸਨ ਦੇਂਦੇ ਤੇ ਕਦੇ ਅਫ਼ਗ਼ਾਨੀਆਂ ਦੇ ਹਮਲਿਆਂ ਦਾ ਇਨ੍ਹਾਂ ਨੂੰ ਨਿਸ਼ਾਨਾ ਬਣਨਾ ਪੈਂਦਾ। ਸਿੱਖ ਹੋਣਾ ਤਾਂ ਬਸ ਮੌਤ ਨੂੰ ਸਿੱਧੀ ਅਵਾਜ਼ ਮਾਰਨਾ ਸੀ। ਸਿੱਖਾਂ ਦੇ ਸਿਰਾਂ ਦੇ ਭਾਰੀ ਮੁੱਲ ਸਨ, ਇਸ ਲਈ ਇਨ੍ਹਾਂ ਦਾ ਸ਼ਿਕਾਰ ਕਰਨ ਦੀ ਹਰ ਕਿਸੇ ਦੇ ਮਨ ਵਿਚ ਤਾਂਘ ਰਹਿੰਦੀ। ਮੈਕਾਲਫ ਲਿਖਦਾ ਹੈ ਕਿ ਪੰਜਾਬ ਵਿਚ ਉਨ੍ਹਾਂ ਦਿਨਾਂ ਵਿਚ ਜੇ ਕੋਈ ਪੰਜਾਬਣ ਸਵਾਣੀ ਕਿਸੇ ਦੂਜੀ ਪੰਜਾਬਣ ਤੋਂ ਪੁੱਛਦੀ ਕਿ ਭੈਣੇ ਤੇਰੇ ਕਿਤਨੇ ਪੁੱਤਰ ਹਨ ਤਾਂ ਉਹ ਕਹਿੰਦੀ 'ਹੈ ਤਾਂ ਸੁੱਖ ਨਾਲ ਪੰਜ ਹਨ ਪਰ ਉਨ੍ਹਾਂ ਵਿਚੋਂ ਇਕ ਸਿੰਘ ਸਜ ਗਿਆ ਹੈ।' ਇਸ ਲਈ ਉਹ ਵਾਸਤਵ ਵਿਚ ਆਪਣੇ ਚਾਰ ਪੁਤੱਰ ਹੀ ਗਿਣਦੀ ਸੀ, ਕਿਉਂਕਿ ਪੰਜਵੇਂ ਸਿੱਖ ਸਜੇ ਦਾ ਕੋਈ ਪਤਾ ਨਹੀਂ ਅੱਜ ਹੈ ਤੇ ਕੱਲ ਤੱਕ ਹੋਵੇਗਾ ਵੀ ਕਿ ਨਹੀਂ। ਸਿੱਖ ਇਸ ਹਾਲਤ ਵਿਚ ਵੀ ਚੜ੍ਹਦੀਕਲਾ ਵਿਚ ਹੀ ਰਹੇ।

ਜਿਹੜਾ ਵੀ ਵਿਅਕਤੀ ਪੰਜਾਬ ਦਾ ਗਵਰਨਰ ਬਣਦਾ ਉਸ ਦਾ ਇਕੋ ਇਹੀ ਪ੍ਰੋਗਰਾਮ ਹੁੰਦਾ ਕਿ ਉਸ ਨੇ ਵੱਧ ਤੋਂ ਵੱਧ ਸਿੱਖਾਂ ਨੂੰ ਕਿਵੇਂ ਮਾਰਨਾ ਹੈ ਅਤੇ ਕਿਵੇਂ ਇਨ੍ਹਾਂ ਦਾ ਪੂਰਨ ਰੂਪ ਵਿਚ ਸਫਾਇਆ ਕਰ ਕੇ ਖੁਰਾ ਖੋਜ ਮਿੱਟਾ ਦੇਣਾ ਹੈ। ਉਹ ਸਮਝਦੇ ਸਨ ਕਿ ਜੇ ਅਜਿਹਾ ਨਾ ਹੋਇਆ ਤਾਂ ਇਹ ਸੂਰਬੀਰ ਸਿੱਖ ਜੋ ਦਰਬਾਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕਰ ਕੇ ਮੌਤ ਦੇ ਭੈ ਤੋਂ ਮੁਕਤ ਹੋ ਕੇ ਅਮਰ ਹੋ ਜਾਂਦੇ ਹਨ, ਮੁਗਲਾਂ ਤੇ ਅਫ਼ਗ਼ਾਨੀਆਂ ਹੱਥੋਂ ਦੇਸ਼ ਆਜ਼ਾਦ ਕਰਾ ਲੈਣਗੇ ਤੇ ਉਨ੍ਹਾਂ ਨੂੰ ਆਤਰ ਕਰ ਦੇਣਗੇ। ਇਸ ਲਈ ਜ਼ਕਰੀਆ ਖਾਨ ਹੋਵੇ ਜਾਂ ਫਰਖ ਸੇਈਅਰ, ਨਾਦਰ ਸ਼ਾਹ ਹੋਵੇ ਜਾਂ ਅਹਿਮਦ ਸ਼ਾਹ, ਮਸਾ ਰੰਘੜ ਹੋਵੇ ਜਾਂ ਮੀਰ ਮਨੂੰ ਸਭ ਸਿੱਖਾਂ ਦੇ ਵੈਰੀ ਸਨ ਤੇ ਚੱਪਾ ਚੱਪਾ ਧਰਤੀ ਵੀ ਸਿੱਖਾਂ ਦੀ ਦੁਸ਼ਮਣ ਜਾਪਦੀ ਸੀ।

ਸਾਰੇ ਸਿੱਖ-ਮਾਰੂ ਦਰਿੰਦਿਆਂ ਵਿਚੋਂ ਸਭ ਨਾਲੋਂ ਵੱਧ ਖਤਰਨਾਕ ਮੀਰ ਮਨੂੰ ਸੀ ਜਿਸ ਨੂੰ ਆਪਣੀ ਸੂਰਮਗਤੀ ਤੇ ਲੋੜ ਨਾਲੋਂ ਵਧ ਮਾਣ ਸੀ ਤੇ ਜਿਸ ਨੇ ਆਪਣੇ ਪਿਉ ਵਜ਼ੀਰ ਕੁਮਾਰ-ਉ-ਦੀਨ ਨਾਲ ਰਲ ਕੇ 11 ਮਾਰਚ 1748

ਨੂੰ ਮਨੂਪੁਰ ਵਿਖੇ ਅਹਿਮਦ ਸ਼ਾਹ ਅਬਦਾਲੀ ਤਕ ਦਾ ਰਸਤਾ ਰੋਕ ਲਿਆ ਸੀ। ਭਾਵੇਂ ਮੀਰ ਮਨੂੰ ਦਾ ਪਿਉ ਇਸ ਲੜਾਈ ਵਿਚ ਮਾਰਿਆ ਗਿਆ ਪਰ ਮੀਰ ਮਨੂੰ ਨੇ ਆਪਣੀ ਬਹਾਦਰੀ ਦੇ ਬਲ ਬੂਤੇ ਤੇ ਅਹਿਮਦ ਸ਼ਾਹ ਨੂੰ ਭਾਜਣਾਂ ਪਾ ਦਿੱਤੀਆਂ ਤੇ ਉਹ ਮੈਦਾਨ ਛੱਡ ਕੇ ਅਫ਼ਗਾਨਿਸਤਾਨ ਵੱਲ ਭੱਜ ਗਿਆ। ਮੀਰ ਮਨੂੰ ਨੂੰ ਇਸ ਬਹਾਦਰੀ ਲਈ 1748 ਈ. ਵਿਚ ਪੰਜਾਬ ਦਾ ਗਵਰਨਰ ਬਣਾ ਦਿੱਤਾ ਗਿਆ। ਆਪਣੀ ਜਿੱਤ ਦੇ ਨਸ਼ੇ ਵਿਚ ਮੀਰ ਮਨੂੰ ਕਿਸੇ ਨੂੰ ਆਪਣੀ ਅੱਖ ਥੱਲੇ ਨਹੀਂ ਸੀ ਲਿਆਉਂਦਾ। ਉਸ ਨੂੰ ਬਸ ਸਿੱਖਾਂ ਦੀ ਸ਼ਕਤੀ ਤੋਂ ਹੀ ਭੈ ਆਉਂਦਾ ਸੀ ਇਸ ਲਈ ਉਸ ਨੇ ਹੁਕਮ ਸਾਦਰ (ਜਾਰੀ) ਕਰ ਦਿੱਤਾ ਕਿ ਜਿਥੇ ਕਿਧਰੇ ਵੀ ਕੋਈ ਸਿੱਖ ਮਿਲੇ ਉਸ ਨੂੰ ਬੇਰਹਿਮੀ ਨਾਲ ਮਾਰ ਦਿਉ। ਉਸ ਨੂੰ ਦਰਬਾਰ ਸਾਹਿਬ ਵੱਲ ਕਿਸੇ ਵੀ ਹਾਲਤ ਵਿਚ ਨਾ ਜਾਣ ਦਿਉ। ਉਧਰ ਮਨੂੰ ਦੇ ਗਵਰਨਰ ਬਣਨ ਵਾਲੇ ਸਾਲ ਵਿਚ ਹੀ ਦੀਵਾਲੀ ਤੇ ਸਿੱਖਾਂ ਨੇ ਰਾਮ ਰਉਨੀ ਕਿਲ੍ਹੇ ਵਿਚ 5 ਸੌ ਜਵਾਨ ਇਕੱਠੇ ਕਰ ਲਏ ਤਾਂ ਜੋ ਜੇਕਰ ਮੀਰ ਮਨੂੰ ਸਿੱਖ ਸ਼ਰਧਾਲੂਆਂ ਨੂੰ ਦਰਬਾਰ ਸਾਹਿਬ ਵਿਖੇ ਦੀਵਾਲੀ ਮਨਾਉਣ ਤੋਂ ਰੋਕੇਗਾ ਤਾਂ ਉਸ ਨੂੰ ਆਪਣੇ ਜੌਹਰ ਦਖਾਵਾਂਗੇ। ਮੀਰ ਮਨੂੰ ਨੇ ਆਪਣੀ ਤੜੀ ਵਿਚ ਆ ਕੇ ਇਸ ਕਿਲ੍ਹੇ ਨੂੰ ਘੇਰੇ ਵਿਚ ਲੈ ਲਿਆ। ਇਹ ਘੇਰਾ ਚਾਰ ਮਹੀਨੇ ਤੱਕ ਰਿਹਾ। ਸਿੱਖ ਰਾਤ ਨੂੰ ਕਿਲ੍ਹੇ ਤੋਂ ਬਾਹਰ ਨਿਕਲ ਕੇ ਮੀਰ ਮਨੂੰ ਦੀ ਫੌਜ ਤੇ ਟੁੱਟ ਪੈਂਦੇ ਤੇ ਕਈਆਂ ਦਾ ਸਫਾਇਆ ਕਰ ਆਉਂਦੇ। ਕੁਝ ਉਦਮੀ ਸਿੱਖ ਜਾਨ ਦੀ ਬਾਜ਼ੀ ਲਗਾ ਕੇ ਵੀ ਦਰਬਾਰ ਸਾਹਿਬ ਇਸ਼ਨਾਨ ਕਰ ਆਉਂਦੇ। ਜਲਦੀ ਹੀ ਮੀਰ ਮਨੂੰ ਇਸ ਸਭ ਕੁਝ ਤੋਂ ਦੁਖੀ ਹੋ ਗਿਆ ਪਰ ਉਸ ਦਾ ਹੀਆ ਨਾ ਪਿਆ ਕਿ ਉਹ ਸਿੱਖਾਂ ਤੇ ਵੱਡਾ ਹਮਲਾ ਬੋਲ ਸਕੇ। ਆਖਿਰ ਦੀਵਾਨ ਕੌੜਾ ਮਲ ਦੇ ਵਿਚ ਪੈਣ ਨਾਲ ਦੋਹਾਂ ਧਿਰਾਂ ਵਿਚ ਸੁਲਾਹ ਸਫਾਈ ਹੋਈ। ਮਨੂੰ ਨੇ ਘੇਰਾ ਚੁਕਿਆ ਅਤੇ ਸ਼ਾਂਤੀ ਬਣਾਈ ਰਖਣ ਲਈ ਉਸ ਨੂੰ ਪੱਟੀ ਦੇ ਇਲਾਕੇ ਤੋਂ ਪ੍ਰਾਪਤ ਹੁੰਦੇ ਮਾਲੀਏ ਵਿਚੋਂ ਚੌਥਾ ਹਿੱਸਾ ਸਿੱਖਾਂ ਨੂੰ ਦੇਣਾ ਪਿਆ। ਇਵੇਂ ਕਰ ਕੇ ਸਿੱਖਾਂ ਨੇ ਸ਼ੁਰੂ ਵਿੱਚ ਹੀ ਮੀਰ ਮਨੂੰ ਨੂੰ ਘਾਹ ਖਵਾ ਦਿੱਤਾ।

ਉਹ ਮੀਰ ਮਨੂੰ ਜੋ ਅਹਿਮਦ ਸ਼ਾਹ ਅਬਦਾਲੀ ਨੂੰ ਭਜਾਣ ਵਿਚ ਕਾਮਯਾਬ ਹੋ ਗਿਆ ਸੀ ਉਸ ਨੂੰ ਮੁੱਠੀ ਭਰ ਸਿੱਖਾਂ ਅੱਗੇ ਗੋਡੇ ਟੇਕਣੇ ਪਏ ਪਰ ਉਸ ਨੇ ਆਪਣੀ ਇਸ ਜ਼ਿੱਲਤ (ਬੇਇੱਜ਼ਤੀ) ਦਾ ਬਦਲਾ ਲੈਣ ਦੀ ਮਨ ਵਿਚ ਜ਼ਰੂਰ ਠਾਣ ਲਈ। ਸਿੱਖ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਮੀਰ ਮਨੂੰ 5 ਸਾਲ ਤੱਕ ਪੰਜਾਬ ਦਾ ਗਵਰਨਰ ਰਿਹਾ ਅਤੇ ਉਸ ਨੇ ਸਿੱਖਾਂ ਨੂੰ ਮੁਢੋਂ ਮੁਕਾ ਦੇਣ ਵਿਚ ਕੋਈ ਕਸਰ ਨਾ ਛੱਡੀ। ਤਾਮਸ ਖਾਨ ਮਸਕੀਨ ਜਿਸ ਨੇ ਮੀਰ ਮਨੂੰ ਦੇ ਸਿੱਖਾਂ ਤੇ ਹੁੰਦੇ ਅਤਿਆਚਾਰ ਆਪਣੀ ਅੱਖੀਂ ਵੇਖੇ ਹਨ, ਆਪਣੇ ਤਜ਼ਕਰੇ ਵਿਚ ਲਿਖਦਾ ਹੈ ਕਿ ਹਜ਼ਾਰਾਂ ਹੀ ਸਿੱਖ ਮਨੂੰ ਹੱਥੋਂ ਮਾਰੇ ਗਏ, ਮਨੂੰ ਦਾਤਰੀ ਸੀ ਅਤੇ

ਸਿੱਖ ਉਸ ਦੀ ਦਾਤਰੀ ਨਾਲ ਵੱਢੇ ਜਾਣ ਵਾਲੇ ਸੋਏ (ਨਰਮ ਘਾਹ) ਸਨ। ਮਨੂੰ ਦੇ ਹੁਕਮ ਨਾਲ ਜਮਾਲ ਉਦ-ਦੀਨ ਖਾਨ ਅਤੇ ਗ਼ਾਜ਼ੀ ਬੇਗ ਖਾਨ ਨੇ ਰਾਮ ਰੌਣੀ ਕਿਲ੍ਹਾ, ਜਿਸ ਨੂੰ ਮਗਰੋਂ ਰਾਮਗੜ੍ਹ ਕਿਹਾ ਜਾਣ ਲੱਗ ਪਿਆ, ਨੂੰ ਰੋਂਦ ਦਿੱਤਾ ਅਤੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ। ਇਵੇਂ ਉੱਥੇ 900 ਤੋਂ ਵੱਧ ਸਿੰਘ ਸੂਰਮੇ ਸ਼ਹੀਦ ਹੋਏ। ਇੱਥੇ ਤਕ ਕਿ ਸਿੱਖ ਬੀਬੀਆਂ ਅਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਉਨ੍ਹਾਂ ਨੂੰ ਦਰਬਾਰ ਸਾਹਿਬ ਦੇ ਇਲਾਕੇ ਵਿਚੋਂ ਜਾਂ ਦੂਰ ਨੇੜਿਓਂ ਫੜ ਕੇ ਜ਼ੰਜੀਰਾਂ ਵਿਚ ਜਕੜ ਕੇ ਲਾਹੌਰ ਲਿਆਂਦਾ ਜਾਂਦਾ ਅਤੇ ਨਿਖਾਸ ਚੌਂਕ ਵਿਖੇ ਤੱਸੀਏ ਦੇ ਕੇ ਸ਼ਹੀਦ ਕੀਤਾ ਜਾਂਦਾ ਪਰ ਮੀਰ ਮਨੂੰ ਦੇ ਸਖਤ ਅਮਾਨਵੀ ਜ਼ੁਲਮਾਂ ਦੇ ਬਾਵਜੂਦ ਵੀ ਸਿੱਖਾਂ ਦੇ ਹੌਸਲੇ ਪਸਤ ਨਾ ਹੋਏ। ਉਨ੍ਹਾਂ ਦਾ ਮੂੰਹ ਹਮੇਸ਼ਾ ਹਰਿਮੰਦਰ ਸਾਹਿਬ ਵਲ ਹੀ ਰਿਹਾ। ਸਿੱਖ ਬੀਬੀਆਂ ਨੇ ਹਸ ਹਸ ਕੇ ਆਪਣੇ ਬੱਚਿਆਂ ਦੇ ਟੁਕੜੇ ਕਰਵਾ ਕੇ ਆਪਣੇ ਗਲਾਂ ਵਿਚ ਹਾਰ ਪਵਾਏ ਪਰ ਸੀ ਨਹੀਂ ਕੀਤੀ ਅਤੇ ਅਕਾਲਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਮਨੂੰ ਦੇ ਅਤਿਆਚਾਰਾਂ ਕਾਰਨ ਉਨ੍ਹਾਂ ਦਿਨਾਂ ਵਿਚ ਸਿੱਖਾਂ ਵਿਚ ਇਹ ਬੋਲਾ ਸੁਤੇ ਸਿੱਧ ਹੀ ਪ੍ਰਚਲਤ ਹੋ ਗਿਆ ਕਿ :

ਮਨੂੰ ਅਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ
ਜਿਉਂ ਜਿਉਂ ਮਨੂੰ ਵੱਢਦਾ ਅਸੀ ਦੂਣ ਸਵਾਏ ਹੋਏ।

ਸਚਮੁਚ ਸਿੱਖਾਂ ਨੇ ਆਪਣੀ ਇਤਨੀ ਭੀੜਾ ਦੀ ਘੜੀ ਨੂੰ ਵੀ ਗੁਰੂ ਗੋਬਿੰਦ ਸਿੰਘ ਵਲੋਂ ਬਖਸ਼ਿਸ਼ ਰੂਪ ਵਿਚ ਪ੍ਰਦਾਨ ਕੀਤੀ ਚੜ੍ਹਦੀਕਲਾ ਦੀ ਭਾਵਨਾ ਨੂੰ ਲਾਸਾਨੀ ਢੰਗ ਨਾਲ ਪ੍ਰਦਰਸ਼ਤ ਕਰਦਿਆਂ ਹੋਇਆਂ ਇਕ ਟਿੱਚਰ ਸਮਝ ਕੇ ਭਜਾ ਦਿੱਤਾ ਅਤੇ ਗੁਰੂ ਦੇ ਹੁਕਮ ਦੇ ਤਾਬੇ 'ਸਵਾ ਲਾਖ ਸੇ ਏਕ ਲੜਾਓਂ' ਦੀ ਸ਼ਕਤੀ ਦੇ ਧਾਰਨੀ ਬਣ ਕੇ ਦਾਅ ਲਗਦੇ ਹੀ ਮੈਦਾਨ ਵਿਚ ਇਵੇਂ ਕੁਦ ਪੈਂਦੇ ਜਿਵੇਂ ਇਨ੍ਹਾਂ ਨੂੰ ਹੋਇਆ ਹੀ ਕੁਝ ਨਹੀਂ ਹੁੰਦਾ।

ਆਖਰ ਸਿੱਖਾਂ ਨੂੰ ਮਾਰ ਮੁਕਾਣ ਦੇ ਮਨਸੂਬੇ ਨੂੰ ਅਮਲੀ ਜਾਮਾ ਪਵਾਣ ਵਾਲਾ ਮੀਰ ਮਨੂੰ 3 ਨਵੰਬਰ 1753 ਨੂੰ ਖੁਦ ਮੌਤ ਦੇ ਮੂੰਹ ਵਿਚ ਜਾ ਪਿਆ ਤੇ ਸਿੱਖਾਂ ਦੇ ਜੈਕਾਰਿਆਂ ਨੂੰ ਪੰਜਾਬ ਦੀ ਫਿਜ਼ਾ ਵਿਚ ਗੂੰਜਣ ਲਈ ਮੈਦਾਨ ਇਨ੍ਹਾਂ ਦੇ ਹਵਾਲੇ ਕਰਕੇ ਮਿੱਟੀ ਵਿਚ ਮਿਲ ਗਿਆ (ਹਵਾਲਾ The City of Amritsar, An Introduction ਪੰਨਾ-79/80)।

ਰਬ ਨੂੰ ਇੰਜ ਹੀ ਭਾਇਆ, ਮਨੂੰ ਦਾ ਹੋਇਆ ਸਫਾਇਆ।

ਜਿਸ ਕੈ ਅੰਤਰਿ ਰਾਜ ਅਭਿਮਾਨੁ॥
ਸੋ ਨਰਕ ਪਾਤੀ ਹੋਵਤ ਸੁਆਨੁ (ਕੁੱਤਾ)॥ ਅੰਗ-278

.49.

ਹਰਿਮੰਦਰ ਸਾਹਿਬ ਵਿਖੇ ਸ਼ਹੀਦਾਂ ਦੇ ਪਹਿਰੇ

ਜਦ ਸ. ਸੁੱਖਾ ਸਿੰਘ, ਮਹਿਤਾਬ ਸਿੰਘ ਨੂੰ ਇਹ ਪਤਾ ਲੱਗਾ ਕਿ ਮਸਾ ਰੰਘੜ ਦਰਬਾਰ ਸਾਹਿਬ ਦੀ ਬੇਅਦਬੀ ਕਰਦਿਆਂ ਉੱਥੇ ਸ਼ਰਾਬਾਂ ਪੀਂਦਾ ਅਤੇ ਕੰਜਰੀਆਂ ਨਚਾਉਂਦਾ ਹੈ ਤਾਂ ਉਨ੍ਹਾਂ ਦਾ ਖ਼ੂਨ ਖੌਲ ਉਠਿਆ। ਉਹ ਬਰਦਾਸ਼ਤ ਨਾ ਕਰ ਸਕੇ ਕਿ ਰੱਬ ਦੇ ਪਾਵਨ ਘਰ ਨੂੰ ਅੰਨ੍ਹੇ ਅਭਿਮਾਨੀ ਮਨੁੱਖ ਇਸ ਤਰ੍ਹਾਂ ਅਪਵਿੱਤਰ ਕਰ ਸਕਣ। ਦੋਨਾਂ ਨੇ ਅਰਦਾਸਾ ਸੋਧਿਆ ਕਿ ਜਾਂ ਤਾਂ ਉਸ ਨਾਪਾਕ ਇਨਸਾਨ ਨੂੰ ਖਤਮ ਕਰ ਦਿਆਂਗੇ ਜਾਂ ਫਿਰ ਵਾਪਸ ਨਹੀਂ ਪਰਤਾਂਗੇ। ਇਨ੍ਹਾਂ ਦੋਨਾਂ ਸੂਰਮਿਆਂ ਨੇ ਆਪਣੀ ਅਰਦਾਸ ਦੇ ਬਚਨ ਪੂਰੇ ਕੀਤੇ ਅਤੇ ਮਨ ਆਈਆਂ ਕਰਨ ਵਾਲੇ ਮਸੇ ਦਾ ਸਿਰ ਦਰਬਾਰ ਸਾਹਿਬ ਅੰਦਰ ਹੀ ਕਲਮ ਕਰ ਕੇ ਆਪਣੇ ਆਪ ਨੂੰ ਕੌਮੀ ਭਾਰ ਤੋਂ ਮੁਕਤ ਕੀਤਾ। ਸਿੱਖ ਜਗਤ ਅਜ ਵੀ ਉਨ੍ਹਾਂ ਦੀ ਇਸ ਸੂਰਮੇਈ ਕੀਰਤੀ ਤੇ ਫਖਰ ਕਰਦਾ ਹੈ ਤੇ ਹਮੇਸ਼ਾ ਕਰਦਾ ਰਹੇਗਾ।

ਜ਼ਕਰੀਏ ਨੇ ਜਦ ਦੁਰਾਨੀ ਨੂੰ ਦੱਸਿਆ ਕਿ ਸਿੱਖ ਤਾਂ ਹਰਿਮੰਦਰ ਦੇ ਸ਼ੈਦਾਈ ਹਨ, ਸਖਤ ਪਹਿਰਾ ਲਗਾ ਹੋਣ ਕਾਰਨ ਵੀ ਉਹ ਹਨੇਰੇ ਸਵੇਰੇ ਆਪਣੀ ਜਾਨ ਤਲੀ ਤੇ ਰਖ ਕੇ ਹਰਿਮੰਦਰ ਦੇ ਦਰਸ਼ਨਾਂ ਲਈ ਆ ਜਾਂਦੇ ਹਨ ਅਤੇ ਸਰੋਵਰ ਵਿਚ ਚੁੱਭੀ ਲਗਾ ਕੇ ਪਲਾਂ ਪਲਾਂ ਵਿੱਚ ਹੀ ਹਵਾ ਹੋ ਜਾਂਦੇ ਹਨ ਤਾਂ ਉਹ ਬਹੁਤ ਹੈਰਾਨ ਹੋਇਆ। ਉਸ ਨੂੰ ਹੋਰ ਇਹ ਵੀ ਦੱਸਿਆ ਗਿਆ ਕਿ ਸਿੱਖਾਂ ਦੇ ਸਰੋਵਰ ਵਿਚ ਐਸੀ ਸ਼ਕਤੀ ਹੈ ਕਿ ਇਸ ਵਿਚ ਇਸ਼ਨਾਨ ਕਰਨ ਨਾਲ ਉਹ ਸਦਾ ਲਈ ਮੌਤ ਦੇ ਡਰ ਤੋਂ ਮੁਕਤ ਹੋ ਕੇ ਨਿਡਰ ਹੋ ਜਾਂਦੇ ਹਨ ਤੇ ਇਕੱਲੇ ਇਕੱਲੇ ਰੂਪ ਵਿਚ ਵੀ ਲਸ਼ਕਰਾਂ ਨਾਲ ਜੂਝ ਪੈਂਦੇ ਹਨ। ਪੁੱਛਣ ਤੇ ਦਸਦੇ ਹਨ ਕਿ ਇਸ ਅੰਮ੍ਰਿਤ ਸਰੋਵਰ ਵਰਗਾ ਸਰੋਵਰ ਤਿੰਨਾਂ ਜਹਾਨਾਂ ਵਿਚ ਨਹੀਂ ਹੈ। ਸੁਭਾਵਿਕ ਹੀ ਹੈ ਜਿਸ ਅਸਥਾਨ ਨਾਲ ਦੁਸ਼ਮਨ ਦੇ ਮਨ ਵਿਚ ਇਤਨਾ ਪ੍ਰਭਾਵ ਬਣਿਆ ਹੋਇਆ ਹੋਵੇ ਉਹ ਉਸਨੂੰ ਕਾਇਮ ਕਿਵੇਂ ਰਹਿਣ ਦੇਵੇਗਾ? ਇਸ ਲਈ ਇਸ ਅਸਥਾਨ ਰੂਪੀ ਮੂਲ ਸਰੋਤ ਨੂੰ ਖਤਮ ਕਰਨ ਲਈ ਹੀ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਤੋਪਾਂ ਨਾਲ ਉਡਵਾਇਆ ਅਤੇ ਸਿੱਖਾਂ ਨੂੰ ਸ਼ਹੀਦ ਕਰਕੇ ਉਨ੍ਹਾਂ ਦੀਆਂ ਲੋਥਾਂ ਨਾਲ ਸਰੋਵਰ ਭਰ ਦਿੱਤਾ। ਉਸਨੂੰ ਸ਼ਾਇਦ ਇਹ ਅਹਿਸਾਸ ਨਹੀਂ ਸੀ ਕਿ ਸਿੱਖ ਆਪਣਾ ਸਭ ਕੁਝ ਤਾਂ ਗੰਵਾ ਸਕਦੇ ਹਨ ਪਰ ਆਪਣੀ ਜਾਨ ਨਾਲੋਂ ਕਿਤੇ ਵਧ ਪਿਆਰੇ ਹਰਿਮੰਦਰ ਨੂੰ ਆਂਚ ਨਹੀਂ ਆਉਣ ਦੇਂਦੇ। ਇਤਿਹਾਸ ਗਵਾਹੀ ਭਰਦਾ

ਹੈ ਕਿ ਅਬਦਾਲੀ ਨੂੰ ਆਪਣੇ ਕੀਤੇ ਦੀ ਡਾਢੀ ਸਜ਼ਾ ਭੁਗਤਣੀ ਪਈ ਅਤੇ ਉਸ ਦਾ ਬੁਰਾ ਹਸ਼ਰ ਹੋਇਆ।

ਉਸ ਤੋਂ ਵੀ ਪਹਿਲੇ 1757 ਈ ਵਿਚ ਇਸ ਪਵਿੱਤਰ ਅਸਥਾਨ ਨੂੰ ਬਰਬਾਦ ਕਰਨ ਦੇ ਮਨਸੂਬੇ ਬਣਾਏ ਗਏ। ਦਮਦਮਾ ਸਾਹਿਬ ਵਿਖੇ ਰਹਿੰਦੇ ਇਕ ਸ਼ਰਧਾਲੂ ਵਿਦਵਾਨ ਬਾਬਾ ਦੀਪ ਸਿੰਘ ਨੂੰ ਜਦ ਇਹ ਪਤਾ ਲੱਗਾ ਤਾਂ ਉਹ ਚੁਪ ਨਾ ਰਹਿ ਸਕਿਆ। ਆਪਣੇ ਤਪ ਅਸਥਾਨ ਤੋਂ ਉਠਿਆ ਅਤੇ ਉਸ ਨੇ 20 ਸੂਰਬੀਰਾਂ ਨੂੰ ਨਾਲ ਲਿਆ ਅਤੇ ਇਹ ਪ੍ਰਣ ਕੀਤਾ ਕਿ ਹਰਿਮੰਦਰ ਸਾਹਿਬ ਨਾਲ ਜ਼ਿਆਦਤੀ ਕਰਨ ਵਾਲੇ ਅਫ਼ਗ਼ਾਨ ਜਰਵਾਣਿਆਂ ਨੂੰ ਮਜ਼ਾ ਚਖਾਉਣਾ ਹੈ ਅਤੇ ਇਸ ਮਕਸਦ ਦੀ ਸਿੱਧੀ ਲਈ ਜਾਨ ਵੀ ਹਲੂਣੀ ਪਈ ਤਾਂ ਧੰਨ ਭਾਗ ਸਮਝਾਂਗਾ। ਪ੍ਰਣ ਪੂਰਤੀ ਲਈ ਉਹ ਅੰਮ੍ਰਿਤਸਰ ਦੀ ਧਰਤੀ ਵਲ ਵਧਿਆ ਅਤੇ ਤਰਨਤਾਰਨ ਤਕ ਪੁਜਣ ਤਕ ਉਸ ਨਾਲ ਪੰਜ ਹਜ਼ਾਰ ਸਿੰਘ ਸੂਰਬੀਰ ਰਲ ਗਏ ਜਿਨ੍ਹਾਂ ਨੇ ਆਪਣੀਆਂ ਕਲਾਈਆਂ ਤੇ ਸ਼ਹੀਦੀ ਗਾਨੇ ਅਤੇ ਸਿਰਾਂ ਤੇ ਕੇਸਰੀ ਦਸਤਾਰਾਂ ਸਜਾ ਕੇ ਸ਼ਹੀਦੀ ਜਾਮਾ ਧਾਰਨ ਕਰ ਲਿਆ ਅਤੇ ਅੰਮ੍ਰਿਤਸਰ ਤੋਂ ਕੁਝ ਮੀਲਾਂ ਦੀ ਦੂਰੀ ਤੇ ਗੋਹਲਵਾਲ ਵਿਖੇ ਪਹੁੰਚਣ ਤੇ ਜਹਾਨ ਖਾਨ ਦੀਆਂ ਫੌਜਾਂ ਨੂੰ ਜਾ ਲਲਕਾਰਿਆ। ਅਫ਼ਗ਼ਾਨੀਏ ਉਨ੍ਹਾਂ ਦੀ ਦਲੇਰੀ ਦੇਖ ਕੇ ਦੰਗ ਰਹਿ ਗਏ। ਜੰਗ ਸ਼ੁਰੂ ਹੋ ਗਈ। ਸਿੱਖ ਸੂਰਮਿਆਂ ਨੇ ਖੁਨਾਮੀਆਂ ਦੇ ਆਹੂ ਲਾਹ ਦਿੱਤੇ ਤੇ ਜੰਗ ਕਰਦੇ ਕਰਦੇ ਦਰਬਾਰ ਸਾਹਿਬ ਵਲ ਵਧਦੇ ਗਏ। ਮਕਸਦ ਦਰਬਾਰ ਸਾਹਿਬ ਨੂੰ ਦੁਸ਼ਟਾਂ ਤੋਂ ਮੁਕਤ ਕਰਵਾਣਾ ਸੀ। ਪ੍ਰਣ ਵੀ ਦਰਬਾਰ ਸਾਹਿਬ ਤਕ ਪਹੁੰਚਣ ਦਾ ਸੀ ਪਰ ਤਲਵਾਰਾਂ ਦੀ ਹੱਥੋ-ਹੱਥੀ ਲੜਾਈ ਵਿਚ ਦੁਸ਼ਮਣ ਦੇ ਇਕ ਵਾਰ ਨੇ ਮਹਾਨ ਯੋਧੇ ਬਾਬਾ ਦੀਪ ਸਿੰਘ ਦੇ ਸੀਸ ਨੂੰ ਧੜ ਨਾਲੋਂ ਵੱਖ ਕਰ ਦਿੱਤਾ। ਦੁਸ਼ਮਣਾਂ ਨੇ ਖੁਸ਼ੀ ਮਨਾਈ ਤੇ ਨਾਲ ਹੀ ਇਹ ਤਾਅਨਾ ਮਾਰਿਆ ਕਿ ਸਿੰਘਾ ਤੂੰ ਤਾਂ ਦਰਬਾਰ ਸਾਹਿਬ ਤਕ ਅਪੜਨਾ ਸੀ ਇੱਥੇ ਰਸਤੇ ਵਿਚ ਹੀ ਰਹਿ ਗਿਆ ਏਂ, ਆਪਣਾ ਪ੍ਰਣ ਤਾਂ ਪੂਰਾ ਕਰਦਾ। ਇਤਿਹਾਸ ਵਿਚ ਜ਼ਿਕਰ ਹੈ ਕਿ ਇਹ ਸ਼ਬਦ ਸੁਣ ਕੇ ਬਾਬਾ ਦੀਪ ਸਿੰਘ ਜੀ ਨੇ ਆਪਣਾ ਸਿਰ ਤਲੀ ਤੇ ਧਰ ਕੇ ਫਿਰ ਖੰਡਾ ਵਾਹੁਣਾ ਸ਼ੁਰੂ ਕਰ ਦਿੱਤਾ। ਇਹ ਦੇਖ ਕੇ ਦੁਸ਼ਮਣਾਂ ਦੀਆਂ ਸਫਾਂ ਵਿਚ ਭਗਦੜ ਮਚ ਗਈ। ਬਾਬਾ ਦੀਪ ਸਿੰਘ ਨੇ ਸਭ ਨੂੰ ਅੱਗੇ ਲਾ ਲਿਆ ਤੇ ਉਨ੍ਹਾਂ ਨੂੰ ਕਟਦੇ ਵੱਢਦੇ ਅੰਮ੍ਰਿਤਸਰ ਦੀ ਹੱਦ ਵਿਚ ਆ ਗਏ ਤੇ ਰਾਮਸਰ ਦੇ ਉਸ ਅਸਥਾਨ ਤਕ ਪਹੁੰਚੇ ਜਿਸ ਦੇ ਨਾਲ ਅਜਕਲ ਸ਼ਹੀਦਾਂ ਦਾ ਗੁਰਦਵਾਰਾ ਸਥਿਤ ਹੈ। ਇੱਥੇ ਤਕ ਪਹੁੰਚਦੇ ਬਾਬਾ ਜੀ ਦਾ ਸਰੀਰ ਠੰਢਾ ਹੋ ਗਿਆ। ਬਾਬਾ ਦੀਪ ਸਿੰਘ ਨੇ ਸੋਚਿਆ ਕਿ ਦਰਬਾਰ ਸਾਹਿਬ ਤਕ ਹਾਲੇਂ ਵੀ ਨਹੀਂ ਪਹੁੰਚ ਸਕਿਆ। ਸੋ ਆਪਣਾ ਪ੍ਰਣ ਪੂਰਾ ਕਰਦੇ ਹੋਏ ਇਸ ਲਾਸਾਨੀ ਬਲੀਦਾਨੀ ਨੇ ਪੂਰੇ ਜ਼ੋਰ ਨਾਲ ਉਥੋਂ ਆਪਣਾ ਸਿਰ ਹਰਿਮੰਦਰ ਸਾਹਿਬ

ਵਲ ਸੁਟਿਆ ਜੋ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਉੱਥੇ ਆ ਕੇ ਡਿਗਾ ਜਿਥੇ ਇਹ ਯਾਦਗਾਰ ਅਜ ਵੀ ਕਾਇਮ ਹੈ। ਇਹ ਕੌਤਕ ਦੇਖ ਕੇ ਸਭ ਧਾੜਵੀ ਡਰ ਨਾਲ ਕੁਝ ਸਮੇਂ ਲਈ ਹਰਿਮੰਦਰ ਸਾਹਿਬ ਤੋਂ ਨਸ ਗਏ ਤੇ ਇਵੇਂ ਗੁਰੂ ਦੇ ਸਿੱਖ ਨੇ ਆਪਣੇ ਬਚਨ ਪੂਰੇ ਕੀਤੇ। ਬਾਬਾ ਦੀਪ ਦੀ ਕਮਾਨ ਹੇਠ ਲੜ ਰਹੇ ਹੋਰ ਸਿੰਘਾਂ ਨੇ ਵੀ ਦਰਬਾਰ ਸਾਹਿਬ ਦੀ ਸ਼ਾਨ ਲਈ ਹਸ ਹਸ ਕੇ ਕੁਰਬਾਨੀਆਂ ਦਿੱਤੀਆਂ ਤੇ ਵਾਹ ਲਗਦੇ ਦੁਸ਼ਮਣਾਂ ਦੇ ਦੰਦ ਖਟੇ ਕਰ ਦਿੱਤੇ।

ਅੱਜ ਵੀ ਕੌਮ ਦੇ ਸ਼ਹੀਦ ਦਰਬਾਰ ਸਾਹਿਬ ਦੀ ਰਾਖੀ ਕਰਦੇ ਹਨ, ਪਹਿਰਾ ਦੇਂਦੇ ਹਨ। 1984 ਦੇ ਨੀਲਾ ਤਾਰਾ ਉਪਰੇਸ਼ਨ ਦੌਰਾਨ ਸਰਕਾਰ ਨਾਜ਼ੇਬ ਕਾਰਵਾਈ ਕਰਦੀ ਹੋਈ ਦਰਬਾਰ ਸਾਹਿਬ ਵਿਚ ਟੈਂਕ ਲੈ ਆਈ ਤਾਕਿ ਹਰਿਮੰਦਰ ਪਰੀਸਰ ਦੇ ਇਕ ਅਮਿਟ ਭਾਗ ਅਕਾਲ ਤਖਤ ਨੂੰ ਨੁਕਸਾਨ ਪਹੁੰਚਾ ਸਕੇ। ਜਦ ਇਹ ਟੈਂਕ ਬਾਬਾ ਦੀਪ ਸਿੰਘ ਦੇ ਸੀਸ ਡਿਗਣ ਵਾਲੀ ਥਾਂ ਤੇ ਪਹੁੰਚੇ ਤਾਂ ਅਮਰ ਸ਼ਹੀਦਾਂ ਨੇ ਉਨ੍ਹਾਂ ਦਾ ਰਸਤਾ ਰੋਕ ਲਿਆ। ਪੂਰੇ ਜ਼ੋਰ ਲਗਾਉਣ ਤੇ ਵੀ ਟੈਂਕ ਅੱਗੇ ਨਾ ਵਧ ਸਕੇ ਸਗੋਂ ਜਦ ਉਨ੍ਹਾਂ ਦੇ ਪਰਕਰਮਾ ਵਿਚ ਚੱਲਣ ਲਈ ਹੋਰ ਜ਼ੋਰ ਲਗਾਇਆ ਤਾਂ ਉਹ ਟੈਂਕ ਬਾਬਾ ਦੀਪ ਸਿੰਘ ਦੇ ਇਸ ਤਾਰੀਖੀ ਅਸਥਾਨ ਦੇ ਬਿਲਕੁਲ ਅੱਗੇ ਜ਼ਮੀਨ ਵਿਚ ਧਸਣੇ ਸ਼ੁਰੂ ਹੋ ਗਏ ਤੇ ਇਵੇਂ ਸ਼ਹੀਦ ਆਤਮਾਵਾਂ ਨੇ ਕੁਕਰਮੀਆਂ ਦੇ ਸਾਰੇ ਮਨਸੂਬਿਆਂ ਤੇ ਪਾਣੀ ਫੇਰ ਦਿੱਤਾ ਅਤੇ ਇਸ ਗੱਲ ਨੂੰ ਸਾਬਤ ਕਰ ਦਿੱਤਾ ਕਿ ਜਦ ਮਨੁੱਖ ਕਰੋਧ ਜਾਂ ਅਭਿਮਾਨ ਵਿਚ ਆ ਕੇ ਜਾਂ ਕਿਸੇ ਨੂੰ ਨੀਚਾ ਦਖਾਣ ਲਈ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਂਦਾ ਹੈ ਤਾਂ ਅਗੰਮੀ ਤਾਕਤਾਂ ਇਸ ਅਸਥਾਨ ਦੀ ਰਖਿਆ ਲਈ ਸਾਹਮਣੇ ਆ ਖੜਦੀਆਂ ਹਨ। ਜੇ ਕਿਸੇ ਨੇ ਸੀਨਾ ਜ਼ੋਰੀ ਨਾਲ ਹਰਿਮੰਦਰ ਢਾਹ ਵੀ ਦਿੱਤਾ ਤਾਂ ਉਸੇ ਅਸਥਾਨ ਅਤੇ ਉਸੇ ਨਕਸ਼ੇ ਤੇ ਪਹਿਲੇ ਨਾਲੋਂ ਵੀ ਵਧੇਰੀ ਸਜ ਧਜ ਨਾਲ ਫਿਰ ਕਾਇਮ ਹੋ ਗਿਆ। ਸ਼ਹੀਦਾਂ ਵਲੋਂ ਹਰਿਮੰਦਰ ਸਾਹਿਬ ਵਿੱਚ ਪਹਿਰੇ ਦੀ ਗਾਥਾ ਨੂੰ ਇਸ ਗੱਲ ਤੋਂ ਹੋਰ ਬਲ ਪ੍ਰਦਾਨ ਹੁੰਦਾ ਹੈ ਕਿ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੌਰਾਨ ਮਹੰਤ ਨਰਾਇਣ ਦਾਸ ਵਲੋਂ ਨਿਹੱਥੇ ਸਿੰਘਾਂ ਤੇ ਢਾਹੇ ਮਾਰੂ ਅੱਤਿਆਚਾਰਾਂ ਦੌਰਾਨ ਸ਼ਹੀਦ ਹੋਈ ਪਾਵਨ ਬੀੜ ਵੀ ਹਰਿਮੰਦਰ ਪਰੀਸਰ ਵਿੱਚ ਹੀ ਸੁਭਾਇਮਾਨ ਹੈ ਜਿਸਦਾ ਹਰ ਸਾਲ 21 ਫਰਵਰੀ ਨੂੰ ਉਸ ਘਨੌਣੇ ਸਾਕੇ ਦੀ ਯਾਦ ਨੂੰ ਤਾਜ਼ਾ ਕਰਦੇ ਸਮੇਂ ਮੰਜੀ ਸਾਹਿਬ ਵਿਖੇ ਇਕ ਘੰਟੇ ਲਈ ਪ੍ਰਕਾਸ਼ ਕੀਤਾ ਜਾਂਦਾ ਹੈ ਤਾਕਿ ਕੌਮ ਨੂੰ ਯਾਦ ਦਵਾਇਆ ਜਾ ਸਕੇ ਕਿ ਹਰਿਮੰਦਰ ਸਾਹਿਬ ਦੇ ਸੁਪਰੀਮ ਸ਼ਹੀਦਾਂ ਦੀ ਅਗਵਾਈ ਵਿੱਚ ਸ਼ਬਦ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਸ਼ਰੀਕ ਹਨ ਜਿਨ੍ਹਾਂ ਨੂੰ ਅਕਲ ਦੇ ਅੰਨ੍ਹਿਆਂ ਤੇ ਅਭੀਮਾਨ ਨਾਲ ਮਤਿਆਂ, ਮੂਰਖ ਸਵਾਰਥੀ ਪਸ਼ੂ ਪੁਰਖਾਂ ਦੀ ਕਮ-ਅਕਲੀ ਦਾ ਸ਼ਿਕਾਰ

ਹੋਣਾ ਪਿਆ। ਹੁਣ ਤਾਂ ਨੀਲਾ ਤਾਰਾ ਦੇ ਕੋਝੇ ਓਪਰੇਸ਼ਨ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਨਾਂ ਲਈ ਆਈਆਂ ਸਿੱਖ ਸੰਗਤਾਂ ਨੂੰ ਸ਼ਹੀਦ ਕੀਤੇ ਜਾਣ ਨਾਲ ਹਰਿਮੰਦਰ ਸਾਹਿਬ ਦੀ ਫਿਜ਼ਾ ਸ਼ਹੀਦਾਂ ਦੇ ਅਦਿਖ ਪ੍ਰਤਾਪ ਵਿੱਚ ਸ਼ਰਾਬੋਰ ਹੋਈ ਪਈ ਹੈ। ਇਹ ਗੱਲ ਸਾਰਿਆਂ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਉਤਨੀ **ਦੇਰ ਤਕ ਹਰਿਮੰਦਰ ਢਹਿ ਨਹੀਂ ਸਕਦਾ ਜਿਤਨੀ ਦੇਰ ਤਕ ਹਰਿਮੰਦਰ ਦਾ ਮਾਲਕ ਹਰੀ ਕਾਇਮ ਹੈ ਅਤੇ ਹਰ ਕਿਸੇ ਨੂੰ ਪਤਾ ਹੈ ਕਿ ਉਹ ਕਰਤਾ ਪੁਰਖ ਅਬਿਨਾਸ਼ੀ ਹੈ ਜਿਸ ਨੂੰ ਕੋਈ ਖਤਮ ਨਹੀਂ ਕਰ ਸਕਦਾ।** ਕਰਤਾਪੁਰਖ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ, ਇਸੇ ਤਰ੍ਹਾਂ ਉਸਦੇ ਸਚਖੰਡ ਨੂੰ ਵੀ ਖ਼ਤਮ ਕਰਨਾ ਮਨੁੱਖੀ ਸ਼ਕਤੀ ਤੋਂ ਬਾਹਰੀ ਗੱਲ ਹੈ। ਇੱਥੇ ਇਹ ਵਰਨਣ ਕਰਨਾ ਵੀ ਜ਼ਰੂਰੀ ਹੈ ਕਿ ਹਰ ਮਨੁੱਖ ਨੂੰ ਪਵਿੱਤਰ ਮੰਦਰਾਂ, ਮਕੱਦਸ ਮਸਜਦਾਂ, ਪੁਨੀਤ ਗਿਰਜਿਆਂ ਅਤੇ ਇਲਾਹੀ ਗੁਰਧਾਮਾਂ ਨੂੰ ਆਪਣੀ ਹੋਛੀ ਸੋਚ, ਕੋਹਝੀ ਕਰਤੂਤ ਅਤੇ ਨਫ਼ਰਤ ਭਰੀ ਅਮਾਨਵੀ ਹੁਲੜਬਾਜ਼ੀ ਦਾ ਨਿਸ਼ਾਨਾ ਬਣਾਣ ਤੋਂ ਭਰਵਾਂ ਸੰਕੋਚ ਕਰਨਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਮ ਸਮੁਚੀ ਮਨੁੱਖੀ ਸੋਚ ਨੂੰ ਗੰਦਲਾ ਕਰਦਾ ਹੈ, ਕਰਮਾਂ ਨੂੰ ਕਲੰਕਤ ਕਰਦਾ ਹੈ ਅਤੇ ਧਾਰਮਿਕ ਕੀਮਤਾਂ ਕਦਰਾਂ ਨੂੰ ਤਹਿਸ ਨਹਿਸ ਕਰਕੇ ਸਭਯ ਮਨੁੱਖ ਨੂੰ ਅਸਭਯ ਜਾਨਵਰਾਂ ਦੀ ਸ਼੍ਰੇਣੀ ਵਿਚ ਲਿਆ ਖੜਾ ਕਰਦਾ ਹੈ। ਇਸ ਤਰ੍ਹਾਂ ਕੁਝ ਲੋਕਾਂ ਦੀ ਮੰਦ-ਭਾਗੀ ਸੋਚ ਸਮੁਚੇ ਮਨੁੱਖੀ ਸੱਭਿਆਚਾਰ ਨੂੰ ਇਤਿਹਾਸ ਦੇ ਕਟਿਹਰੇ ਵਿਚ ਘੋਰ ਗੁਨਾਹਗਾਰ ਬਣਾ ਕੇ ਖੜਾ ਕਰ ਦੇਂਦੀ ਹੈ ਅਤੇ ਧਰਮ ਦੇ ਖੇਤਰ ਵਿਚ ਉਸ ਉੱਤੇ ਪਾਪੀ-ਪੁਣੇ ਦੀ ਕਾਲਖ ਮਲ ਦੇਂਦੀ ਹੈ ਜਿਹੜੀ ਸਦੀਆਂ ਦੇ ਪਸਚਾਤਾਪ ਕਰਨ ਅਤੇ ਸੰਤਾਪ ਭੋਗਣ ਤੇ ਵੀ ਨਾ ਤਾਂ ਉਤਰਦੀ ਹੈ ਤੇ ਨਾ ਹੀ ਮੱਧਮ ਪੈਂਦੀ ਹੈ।

ਆਓ ਸਾਰੇ ਮਨੁੱਖ ਰਲ ਬੈਠ ਕੇ ਇਸ ਨੁਕਤੇ ਤੇ ਗ਼ੌਰ ਕਰੀਏ ਅਤੇ ਆਪਣੇ ਗਲਵਾਨਾਂ ਵਿਚ ਮੂੰਹ ਪਾ ਕੇ ਦੇਖੀਏ ਕਿ ਅਸੀਂ ਕਿੱਥੇ ਖੜੇ ਹਾਂ। ਸੁਚੇ ਅਸਥਾਨਾਂ ਤੇ ਸੱਚ ਦਾ ਪਹਿਰਾ ਹੋਣਾ ਚਾਹੀਦਾ ਹੈ ਜਿਸ ਤੋਂ ਸੁਹਿਰਦਤਾ ਜਨਮ ਲੈਂਦੀ ਹੈ ਅਤੇ ਸੱਚੀਆਂ ਕੀਮਤਾਂ ਕਦਰਾਂ ਪ੍ਰਫੁਲਤ ਹੋ ਕੇ ਮਾਨਵ ਸਮਾਜ ਵਿਚ ਸਰਬਪੱਖੀ ਬੇਹਤਰੀ, ਖੁਸ਼ਹਾਲੀ ਤੇ ਖੁਸ਼ ਅਸਲੂਬੀ ਪ੍ਰਦਾਨ ਕਰਨ ਵਿਚ ਸਹਾਈ ਸਿੱਧ ਹੁੰਦੀਆਂ ਹਨ। ਹਰਿਮੰਦਰ, ਮਨੁੱਖ ਮਾਤਰ ਨੂੰ ਅਜਿਹੇ ਇਖਲਾਕ ਦਾ ਸੰਦੇਸ਼ ਦੇਂਦਾ ਹੈ। ਸਾਨੂੰ ਤਾਂ ਹਰਿਮੰਦਰ ਅੱਗੇ ਸੀਸ ਨਿਵਾਉਣਾ ਹੀ ਸੋਭਦਾ ਹੈ ਜੋ ਸਚੇ ਪ੍ਰਮਾਤਮਾ ਦਾ ਸੱਚਾ ਦਰਬਾਰ ਹੈ ਅਤੇ ਜਿਸ ਦੀ ਰਾਖੀ ਤੇ ਆਨ ਸ਼ਾਨ ਵਿਚ ਅਜ ਵੀ ਸ਼ਹੀਦਾਂ ਦੀ ਪੂਰੀ ਪੂਰੀ ਦੇਖ ਰੇਖ ਹੈ। ਉਨ੍ਹਾਂ ਸ਼ਹੀਦਾਂ ਨੂੰ ਸਦ ਪਰਣਾਮ।

ਜਿਸ ਕਉ ਤੂੰ ਪ੍ਰਭ ਭਇਆ ਸਹਾਈ॥
ਤਿਸੁ ਤਤੀ ਵਾਉ ਨ ਲਗੈ ਕਾਈ॥ ਅੰਗ-132

.50.

ਹਰਿਮੰਦਰ ਵਿੱਚ ਅਨੋਖੀ ਜੋਤ ਦਾ ਪ੍ਰਕਾਸ਼

ਸ਼ਬਦ ਰੂਪੀ ਵਿਸਮਾਦੀ ਜੋਤ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਹਰਿਮੰਦਰ ਵਿਚ ਹਰ ਸਮੇਂ ਪ੍ਰਕਾਸ਼ਮਾਨ ਹੈ। ਇਸ ਜੋਤ ਦੇ ਸੁਭਾਇਮਾਨ ਹੋਣ ਨਾਲ ਹਰ ਪਰਕਾਰ ਦਾ ਹਨੇਰਾ ਮਿਟਦਾ ਹੈ। ਜਿਸ ਨੇ ਸ਼ਬਦ ਗੁਰੂ ਨਾਲ ਪ੍ਰੇਮ ਪਾ ਲਿਆ ਉਸ ਦੇ ਹਿਰਦੇ ਵਿਚ ਪੂਰਨ ਜੋਤ ਜਗ ਪੈਣਾ ਸੁਭਾਵਕ ਹੈ। ਅਜਿਹੀ ਰੱਬੀ ਨੂਰ ਨਾਲ ਪਰੀਪੂਰਨ ਜੋਤ ਦੇ ਹੁੰਦਿਆਂ ਕਿਸੇ ਹੋਰ ਜੋਤ ਦਾ ਹਰਿਮੰਦਰ ਸਾਹਿਬ ਵਿਚ ਜਗਣਾ ਕੋਈ ਅਰਥ ਨਹੀਂ ਰਖਦਾ। ਉਂਜ ਵੀ ਗੁਰੂ ਦਾ ਸਿੱਖ ਗੁਰ ਆਸ਼ੇ ਤੇ ਚਲਦਿਆਂ ਜੋਤਾਂ ਦਾ ਪੁਜਾਰੀ ਨਹੀਂ। ਕਿਸੇ ਵਹਿਮ ਭਰਮ ਜਾਂ ਬਰਾਹਮਣੀ ਰੀਤੀ ਰਵਾਜ ਨਾਲ ਉਸਦਾ ਦੂਰ ਦਾ ਵੀ ਵਾਸਤਾ ਨਹੀਂ। ਇਤਨੀ ਸਖਤ ਬੰਦਸ਼ ਦੇ ਬਾਵਜੂਦ ਵੀ ਦਰਬਾਰ ਸਾਹਿਬ ਵਿਚ ਇਕ ਜੋਤ ਹਰ ਰੋਜ਼ ਸ਼ਾਮ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਜਗਾਈ ਜਾਂਦੀ ਹੈ ਜੋ ਸਾਰੀ ਰਾਤ ਸੁਚੇ ਦੇਸੀ ਘਿਓ ਦੇ ਸਹਾਰੇ ਜਗਦੀ ਰਹਿੰਦੀ ਹੈ ਅਤੇ ਸਵੇਰੇ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਮਗਰੋਂ ਵਧਾ ਦਿੱਤੀ ਜਾਂਦੀ ਹੈ। ਇਹ ਜੋਤ ਦਰਬਾਰ ਸਾਹਿਬ ਦੇ ਪ੍ਰਵੇਸ਼ ਦਵਾਰ ਦੇ ਨਾਲ ਹੀ ਇਕ ਨੁਕਰ ਵਿਚ ਇਕ ਸਟੈਂਡ ਤੇ ਸਥਿਤ ਹੈ ਅਤੇ ਪਤਲੇ ਸਫੇਦ ਜਾਲੀਦਾਰ ਕਪੜੇ ਨਾਲ ਢੱਕੀ ਰਹਿੰਦੀ ਹੈ।

ਇਸ ਜੋਤ ਦੇ ਇਤਿਹਾਸ ਬਾਰੇ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੂੰ ਇਤਨਾ ਹੀ ਪਤਾ ਹੈ ਕਿ ਚਿਰਾਂ ਤੋਂ ਇਹ ਰਾਤ ਵੇਲੇ ਜਗਾਈ ਜਾਂਦੀ ਹੈ ਤੇ ਸਵੇਰੇ ਬੁਝਾ ਦਿੱਤੀ ਜਾਂਦੀ ਹੈ ਪਰ ਵਕਤ ਦੀ ਮੰਗ ਹੈ ਕਿ ਦੁਨੀਆ ਦੇ ਸਭ ਤੋਂ ਮਹਤਵਪੂਰਣ ਅਧਿਆਤਮਿਕ ਤੀਰਥ ਹਰਿਮੰਦਰ ਸਾਹਿਬ, ਜਿਸ ਦਾ ਸਬੰਧ ਸਾਰੀ ਮਨੁੱਖਤਾ ਨਾਲ ਹੈ, ਨਾਲ ਸਬੰਧਤ ਛੋਟੀ ਤੋਂ ਛੋਟੀ ਗੱਲ ਵੀ ਸਹੀ ਤੋਰ ਤੇ ਖੋਜ ਕਰਕੇ ਲਿਖਤੀ ਰੂਪ ਵਿਚ ਸੁਲਭ ਹੋਣੀ ਚਾਹੀਦੀ ਹੈ ਤਾਂ ਕਿ ਇਸ ਅਦਭੁਤ ਅਸਥਾਨ ਦੇ ਦਰਸ਼ਨਾਂ ਲਈ ਆਈ ਸੰਗਤ ਦੀ ਹਰ ਪ੍ਰਕਾਰ ਦੀ ਜਗਿਆਸਾ ਦਾ ਹਲ ਹੋ ਸਕੇ।

ਕਈ ਸੁਘੜ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਜੋਤ ਦੇ ਜਗਾਏ ਬੁਝਾਏ ਜਾਣ ਬਾਰੇ ਇਤਨੀ ਗੱਲ ਦੀ ਸਹਿਮਤੀ ਜ਼ਰੂਰ ਹੁੰਦੀ ਹੈ ਕਿ ਜਦ ਬਿਜਲੀ ਦਾ ਪ੍ਰਵੇਸ਼ ਦਰਬਾਰ ਸਾਹਿਬ ਨੂੰ ਰੁਸ਼ਨਾਉਣ ਦੇ ਮੰਤਵ ਲਈ ਨਹੀਂ ਸੀ ਹੋਇਆ, ਉਸ ਸਮੇਂ ਦੀਵੇ ਬਾਲ ਕੇ ਹੀ ਰੋਸ਼ਨੀ ਕੀਤੀ ਜਾਂਦੀ ਸੀ। ਫਿਰ ਜਦ ਬਿਜਲੀ ਆ ਵੀ ਗਈ ਤਦ ਵੀ ਕੁਝ ਦੀਵੇ ਜ਼ਰੂਰ ਬਾਲੇ ਜਾਂਦੇ ਸਨ ਕਿਉਂਕਿ ਬਿਜਲੀ ਦੇ ਅਚਾਨਕ ਚਲੇ ਜਾਣ ਦਾ ਡਰ ਹਰ ਵਕਤ ਬਣਿਆ ਰਹਿੰਦਾ ਸੀ। ਹੁਕਮਨਾਮਾ ਲੈਣ ਸਮੇਂ ਭਾਵੇਂ ਬਿਜਲੀ ਲਟ ਲਟ ਜਗ ਵੀ ਰਹੀ ਹੁੰਦੀ ਸੀ ਫਿਰ ਵੀ ਸੁੱਚੀਆਂ ਮੋਮਬੱਤੀਆਂ ਤੇ ਦੀਵੇ ਜਗਾ ਕੇ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਇਰਦ ਗਿਰਦ ਖੜੇ ਹੋ ਜਾਂਦੇ ਸਨ ਤਾਂ ਕਿ ਨਿਰਵਿਘਨਤਾ ਬਣੀ

ਰਹੇ। ਜਦ ਬਿਜਲੀ ਪ੍ਰਤੀ ਵਿਸ਼ਵਾਸ ਵਧਦਾ ਗਿਆ, ਇਹ ਵਿਸ਼ੇਸ਼ ਦੀਵੇ ਤੇ ਮੋਮਬਤੀਆਂ ਵੀ ਹਟਾ ਲਈਆਂ ਗਈਆਂ ਪਰ ਇਕ ਜੋਤ ਅਪਾਤਕਾਲੀ ਸਥਿਤੀ (emergency) ਲਈ ਜਗਦੀ ਰਹਿਣ ਦਿੱਤੀ ਗਈ।

ਜੋਤ ਦੀ ਇਸ ਉਕਤ ਉਪਯੋਗਤਾ ਤੋਂ ਇਲਾਵਾ ਇਸਦਾ ਇਕ ਹੋਰ ਇਤਿਹਾਸਕ ਪੱਖ ਵੀ ਹੈ ਜਿਸ ਕਰ ਕੇ ਇਸ ਨੂੰ ਦਰਬਾਰ ਸਾਹਿਬ ਵਿਚ ਜਲਾਇਆ ਜਾਂਦਾ ਹੈ। ਇਸ ਘਟਨਾ ਪਿੱਛੇ ਸਿੱਖ ਕੌਮ ਦਾ ਆਲੀਸ਼ਾਨ ਗੌਰਵ ਹੈ, ਸੂਰਮਗਤੀ ਦਾ ਇਤਿਹਾਸ ਹੈ, ਸਿੱਖੀ ਸਿਦਕ ਦਾ ਪਰਕਾਸ਼ ਹੈ, ਅਟੁੱਟ ਸ਼ਰਧਾ ਦੀ ਤਰਜਮਾਨੀ ਹੈ ਤੇ ਅਖੰਡ ਨਿਸਚੇ ਦੇ ਦਰਸ਼ਨ ਦੀਦਾਰੇ ਹਨ। ਜੋਤ ਨਾਲ ਜੁੜੇ ਇਤਿਹਾਸ ਦਾ ਪਰਕਾਸ਼ ਸਾਡੇ ਸਾਹਮਣੇ ਕੁਝ ਇਵੇਂ ਪੈਂਦਾ ਹੈ।

ਜਦ ਮੁਗ਼ਲਾਂ ਤੇ ਪਠਾਣਾਂ ਨੇ ਸਿੱਖ ਕੌਮ ਦੇ ਸਰਵਨਾਸ਼ ਦਾ ਹੁਕਮ ਜਾਰੀ ਕਰ ਦਿੱਤਾ ਤਾਂ ਸਿੱਖਾਂ ਦੇ ਖ਼ਾਤਮੇ ਲਈ ਹਰ ਪ੍ਰਕਾਰ ਦੇ ਯਤਨ ਕੀਤੇ ਗਏ। ਇੱਥੇ ਤਕ ਕਿ ਸਿੱਖਾਂ ਨੂੰ ਆਪਣੇ ਗੁਰੂ ਤੋਂ ਮਾਨਸਕ ਤੌਰ ਤੇ ਦੂਰ ਕਰਨ ਲਈ ਕਿਸੇ ਨੂੰ 'ਗੁੜ' ਸ਼ਬਦ ਤਕ ਨੂੰ ਵੀ ਉਚਾਰਨ ਨਹੀਂ ਸੀ ਕਰਨ ਦਿੱਤਾ ਜਾਂਦਾ ਕਿਉਂਕਿ ਇਸ ਦੇ ਬੋਲਣ ਵਿਚ ਵੀ ਕੁਝ ਕੁਝ 'ਗੁਰ' ਸ਼ਬਦ ਦਾ ਪ੍ਰਭਾਵ ਮਨ ਵਿਚ ਬਣ ਸਕਦਾ ਹੈ। ਹਾਕਮਾਂ ਨੇ ਇਹ ਵੀ ਫੈਸਲਾ ਕਰ ਲਿਆ ਕਿ ਇਕ ਇਕ ਸਿੱਖ ਨੂੰ ਚੁਣ ਚੁਣ ਕੇ ਮਾਰ ਦੇਣਾ ਹੈ ਤਾਂ ਕਿ ਇਨ੍ਹਾਂ ਦੇ ਹਰਿਮੰਦਰ ਵਿਚ ਦੀਵਾ ਜਗਾਣ ਵਾਲਾ ਵੀ ਕੋਈ ਨਾ ਰਹੇ। ਸਿੱਖ ਨਿਰਦੇਈ ਹਾਕਮਾਂ ਦੇ ਅਜਿਹੇ ਮਾਰੂ ਆਦੇਸ਼ਾਂ ਦੇ ਹੁੰਦਿਆਂ ਹੋਇਆਂ ਵੀ ਦਰਬਾਰ ਸਾਹਿਬ ਆ ਕੇ ਦੀਵਾ ਜਗਾਣ ਦਾ ਪ੍ਰਯਤਨ ਲਗਾਤਾਰ ਕਰਦੇ ਰਹੇ। ਰਾਤ ਦੇ ਹਨੇਰੇ ਵਿਚ ਆਉਂਦੇ, ਆਪਣੀਆਂ ਦਸਤਾਰਾਂ ਵਿਚ ਦੀਵੇ ਲੁਕਾ ਕੇ ਲੈ ਆਉਂਦੇ। ਜਦ ਉਨ੍ਹਾਂ ਦਾ ਦਾਅ ਲਗਦਾ, ਉਹ ਸਰੋਵਰ ਵਿਚ ਇਸ਼ਨਾਨ ਕਰ ਜਾਂਦੇ ਤੇ ਇਸ ਪਵਿੱਤਰ ਧਾਮ ਵਿਚ ਕੌਮ ਦੀ ਅਣਖ ਦਾ ਪਰਤੀਕ ਦੀਵਾ ਜਗਾ ਜਾਂਦੇ। ਹਾਕਮਾਂ ਨੂੰ ਜਦ ਪਤਾ ਲਗਦਾ ਤਾਂ ਉਹ ਗੁਸੇ ਨਾਲ ਲਾਲ ਪੀਲੇ ਹੋ ਜਾਂਦੇ, ਹੋਰ ਵਧ ਅੱਤਿਆਚਾਰ ਕਰਦੇ ਪਰ ਗੁਰੂ ਦੇ ਮਤਵਾਲੇ ਸਿੱਖ ਜਿਨ੍ਹਾਂ ਦੇ ਹਿਰਦਿਆਂ ਵਿਚ ਹਰਿਮੰਦਰ ਦਾ ਪਰਕਾਸ਼ ਹੋਇਆ ਹੋਇਆ ਹੁੰਦਾ, ਉਹ ਆਪਣੀਆਂ ਜਾਨਾਂ ਹੂਲ ਕੇ ਵੀ ਆਉਂਦੇ ਤੇ ਜੋਤ ਜਗਾ ਜਾਂਦੇ। ਇਸ ਅਣਖੀਲੇ ਕਾਰਜ ਦੀ ਸਿਧੀ ਵਿਚ ਹੋਰਨਾਂ ਅਨੇਕ ਸਿੰਘਾਂ ਦੇ ਨਾਲ ਨਾਲ ਹਰਿਮੰਦਰ ਸਾਹਿਬ ਦੇ ਹੈਡਗ੍ਰੰਥੀ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਨਿਕਟਵਰਤੀ ਸ. ਦਰਸ਼ਨ ਸਿੰਘ, ਉਨ੍ਹਾਂ ਦੀ ਸੁਪਤਨੀ ਸਰਦਾਰਨੀ ਹਰਿ ਕੌਰ, ਜਵਾਨ ਬੇਟੇ ਤੇ ਬੇਟੀ ਗੁਣਵੰਤੀ ਅਤੇ ਅਨੇਕ ਸਾਕ ਸਬੰਧੀਆਂ ਤੇ ਸਾਥੀਆਂ ਨੇ ਆਪਣੇ ਪਰਾਣਾਂ ਦੀਆਂ ਆਹੂਤੀਆਂ ਦਿੱਤੀਆਂ। ਹਰਿਮੰਦਰ ਦੇ ਪ੍ਰੇਮੀ ਸ੍ਰੀ ਪਰਸ ਰਾਮ ਤੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਹਰ ਪਰਕਾਰ ਦੇ ਤਸੀਹੇ ਝੱਲੇ ਤਾਕਿ ਇਹ ਪਵਿੱਤਰ ਜੋਤ ਜਗਦੀ ਰਹੇ। ਗੁਰਸਿੱਖ ਬੀਬੀਆਂ ਮੁਸਲਮਾਣੀ ਬੁਰਕੇ ਪਾ ਕੇ ਵੀ ਜੋਤ ਜਗਾਣ ਦੀ ਖਤਰਿਆਂ ਭਰੀ ਸੇਵਾ ਨਿਭਾਉਣ ਦਾ ਡਾਢਾ ਔਖਾ ਫਰਜ਼

ਪੂਰਾ ਕਰਨ ਵਿਚ ਜੁਟੀਆਂ ਰਹੀਆਂ। ਸਿੱਖ ਸੂਰਬੀਰਾਂ ਨੇ ਤਾਂ ਇਸ ਜਗਦੀ ਜੋਤ ਨੂੰ ਸਿੱਖੀ ਦੀ ਸ਼ਾਨ ਮੰਨ ਲਿਆ ਤੇ ਇੱਥੇ ਤਕ ਕਿ ਇਸਦੇ ਪ੍ਰਕਾਸ਼ ਨੂੰ ਹੀ ਸਿੱਖੀ ਦੀ ਲਾਟ ਕਿਹਾ ਜਾਣ ਲਗ ਪਿਆ। ਇਸ ਹਾਲਤ ਵਿਚ ਇਸ ਜੋਤ ਦਾ ਬੁਝਾਇਆ ਜਾਣਾ ਅਸੰਭਵ ਸੀ ਕਿਉਂਕਿ ਸਿੱਖ ਲਈ ਧਰਮ ਦੀ ਆਨ ਸ਼ਾਨ ਵਾਸਤੇ ਸ਼ਹੀਦ ਹੋਣਾ ਜੀਵਨ ਦੀ ਸਭ ਤੋਂ ਉੱਤਮ ਪਦਵੀ ਪ੍ਰਾਪਤ ਕਰਨ ਸਮਾਨ ਹੈ ਜਿਸਨੂੰ ਹਾਸਲ ਕਰਨ ਤੋਂ ਉਹ ਕਦੇ ਨਹੀਂ ਖੁੰਝਦਾ (ਹਵਾਲਾ 'ਜੋਤ ਜਗਦੀ ਰਹੀ', ਲੇਖਕ ਤਿਰਲੋਕ ਸਿੰਘ ਗਿਆਨੀ)।

ਇਤਿਹਾਸ ਗਵਾਹ ਹੈ ਕਿ ਹਰ ਹੀਲਾ ਵਸੀਲਾ ਵਰਤ ਕੇ ਵੀ ਜਰਵਾਣੇ ਬੜੇ ਜ਼ੁਲਮਾਂ ਦੇ ਬਾਵਜੂਦ ਵੀ ਇਸ ਦੀਵੇ ਨੂੰ ਬੁਝਾਅ ਨਾ ਸਕੇ, ਮਿਟਾ ਨਾ ਸਕੇ। ਬੜੇ ਹੈਰਾਨ ਹੁੰਦੇ ਕਿ ਇਹ ਸਿੱਖ ਕਿਸ ਮਿੱਟੀ ਦੇ ਬਣੇ ਹਨ, ਇਨ੍ਹਾਂ ਤੇ ਜਿਤਨੀ ਵਧ ਸਖ਼ਤੀ ਕੀਤੀ ਜਾਵੇ ਉਤਨੇ ਵਧ ਜਲਾਲ ਨਾਲ ਇਹ ਸਥਿਤੀ ਨੂੰ ਆਪਣੇ ਹੱਕ ਵਿਚ ਕਰਨ ਵਿਚ ਤੱਤਪਰ ਹੋ ਜਾਂਦੇ ਹਨ। ਪਤਾ ਨਹੀਂ ਹਰਿਮੰਦਰ ਦੇ ਦਰਸ਼ਨਾਂ ਤੇ ਸਰੋਵਰ ਦੇ ਇਸ਼ਨਾਨ ਵਿਚ ਕਿਹੜੀ ਸ਼ਕਤੀ ਹੈ ਜਿਹੜੀ ਸਿੱਖਾਂ ਨੂੰ ਮੌਤ ਦੇ ਡਰ ਤੋਂ ਮੁਕਤ ਕਰ ਕੇ ਚੜ੍ਹਦੀ ਕਲਾ ਦਾ ਸਵਾਮੀ ਬਣਾ ਦੇਂਦੀ ਹੈ? ਇਹ ਸੋਚ ਹੀ ਉਨ੍ਹਾਂ ਦੇ ਹੌਸਲੇ ਪਸਤ ਕਰਦੀ ਜਾਂਦੀ ਤੇ ਦੂਜੇ ਪਾਸੇ ਗੁਰੂ ਦੇ ਦੁਲਾਰੇ ਸਿਰਫ ਇਸ ਜੋਤ ਨੂੰ ਜਗਾ ਕੇ ਮੁਗ਼ਲਾਂ ਦੇ ਬਲ ਨੂੰ ਨਿਤਾਣਾ ਕਰਨ ਲਈ ਆਪਣੇ ਪ੍ਰਾਣਾਂ ਦੀਆਂ ਆਹੂਤੀਆਂ ਦੇਣ ਵਿਚ ਵੀ ਆਪਣੇ ਧੰਨ ਭਾਗ ਸਮਝਦੇ। ਅਜਿਹੀ ਹਾਲਤ ਵਿੱਚ ਇਹ ਦੀਵਾ ਕੌਣ ਬੁਝਾ ਸਕਦਾ ਸੀ? ਇਸ ਲਈ ਸਭ ਨੂੰ ਇਹ ਵਿਦਤ ਹੋਣਾ ਚਾਹੀਦਾ ਹੈ ਕਿ ਸਾਧਾਰਨ ਤੇ ਨਿਰਬਲ ਦਿਸਦੀ ਇਹ ਜੋਤ ਸਾਧਾਰਨ ਨਹੀਂ ਕਿਉਂਕਿ ਇਸ ਜੋਤ ਦੇ ਪਿੱਛੇ ਜੁੜਿਆ ਇਤਿਹਾਸ ਆਸਾਧਾਰਣ ਹੈ, ਮਾਣ ਜਨਕ ਹੈ, ਕੌਮ ਦਾ ਸਿਰ ਉੱਚਾ ਕਰਨ ਵਾਲਾ ਹੈ, ਹਰਿਮੰਦਰ ਨਾਲ ਇਤਨੇ ਮਹਾਨ ਇਤਿਹਾਸਕ ਸਨੇਹ ਨੂੰ ਮਾਣਨ ਵਾਲਾ ਹੈ। ਇਸ ਲਈ ਮਤ ਇਹ ਸੋਚੀਏ ਕਿ ਇਸ ਜੋਤ ਵਿਚ ਸੁੱਚਾ ਘਿਓ ਜਲਦਾ ਹੈ, ਇਸ ਵਿਚ ਤਾਂ ਉੱਤਮ ਸ਼ਹੀਦਾਂ ਦਾ ਲਹੂ ਬਲਦਾ ਹੈ ਤੇ ਇਸ ਦੀ ਵਟੀ ਸੜ ਬਲ ਕੇ ਵੀ ਕੌਮੀ ਤਰਾਣ ਦੀ ਤਰਜਮਾਨੀ ਕਰਦੀ ਹੈ। ਕਿੱਥੇ ਹੈ ਕੋਈ ਹੋਰ ਅਜਿਹਾ ਸ਼ਕਤੀਸ਼ਾਲੀ ਤੇ ਮਾਣਮਤਾ ਇਤਿਹਾਸ? ਕੌਣ ਦੇ ਸਕਦਾ ਹੈ ਇਹੋ ਜਹੀ ਹੋਰ ਗਵਾਹੀ?

ਰੱਬ ਦੇ ਘਰ ਦਾ ਦੀਵਾ ਬੁਝਾਣ ਵਾਲੇ ਆਪ ਬੁਝ ਗਏ, ਅਜ ਉਨ੍ਹਾਂ ਦੀਆਂ ਕਬਰਾਂ ਵੀਰਾਨ ਹਨ, ਕੋਈ ਉੱਥੇ ਦੀਵਾ ਜਗਾਉਣ ਵਾਲਾ ਨਹੀਂ ਪਰ ਹਰਿਮੰਦਰ ਦੀ ਸ਼ੋਭਾ ਹੀ ਨਿਆਰੀ ਹੈ, ਇੱਥੇ ਤਾਂ 'ਦੀਵਾ ਬਲੇ ਸਾਰੀ ਰਾਤ' ਤੇ 'ਪੂਰਨ ਜੋਤਿ ਜਗੈ ਘਟ ਮੈਂ' ਦਾ ਨੂਰ ਹਰ ਵਕਤ ਹਰ ਪਾਸੇ ਪਸਰਿਆ ਰਹਿੰਦਾ ਹੈ।

ਜੋ ਤਿਸੁ ਭਾਵੈ ਸੋ ਥੀਐ

ਨਾਨਕ ਕਿਆ ਮਾਨੁਖ ॥ ਅੰਗ-417

.51.

ਮਨੁੱਖੀ ਮਨਾਂ ਵਿਚ ਹਰਿਮੰਦਰ ਸਾਹਿਬ ਦੀ ਸ਼ੋਭਾ

ਉਂਜ ਤਾਂ ਹਰਿਮੰਦਰ ਮਾਨਵ ਸਮਾਜ ਲਈ ਰੂਹਾਨੀਅਤ ਦਾ ਸਰੋਤ ਹੈ, ਸੈਲਾਨੀ ਇੱਥੇ ਚਾਅ ਨਾਲ ਆਉਂਦੇ ਹਨ ਤੇ ਸ਼ਰਧਾ ਵਿਚ ਬਝ ਕੇ ਪ੍ਰਤਦੇ ਹਨ। ਪਸ਼ੂ ਪੰਛੀ ਵੀ ਇਸ ਅਦੁੱਤੀ ਅਸਥਾਨ ਨੂੰ ਸਤਿਕਾਰਦੇ ਹਨ ਤੇ ਆਪਣੇ ਆਪਣੇ ਢੰਗਾਂ ਨਾਲ ਇਸ ਦੀ ਕਦਮ-ਬੋਸੀ (ਚਰਨ ਬੰਦਨਾ) ਕਰ ਕੇ ਆਪਣਾ ਸਨੇਹ ਪ੍ਰਗਟਾਉਂਦੇ ਹਨ ਪਰ ਇਕ ਅਭਿਲਾਸ਼ੀ ਜੋ ਹਰਿਮੰਦਰ ਨੂੰ ਰੱਬ ਦਾ ਘਰ ਸਮਝਦਾ ਹੈ, ਸਚ ਖੰਡ ਸਮਝਦਾ ਹੈ, ਇਲਾਹੀ ਨੂਰ ਦਾ ਖ਼ਜ਼ਾਨਾ ਸਮਝਦਾ ਹੈ ਉਹ ਜਦ ਹਰਿਮੰਦਰ ਦੇ ਦਰਸ਼ਨਾਂ ਤੋਂ ਦੂਰ ਹੁੰਦਾ ਹੈ ਤਾਂ ਉਸ ਦੇ ਧੁਰ ਅੰਦਰੇ ਵਿਚ ਜੁਦਾਈ ਦਾ ਅਜਿਹਾ ਅਨੁਭਵ ਬਣਿਆ ਰਹਿੰਦਾ ਹੈ ਜਿਸ ਅਨੁਸਾਰ ਉਹ ਇਹ ਸੋਚਦਾ ਹੈ '**ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ**' ਅਤੇ ਜਦ ਕਿਸੇ ਪਾਸਿਓਂ ਉਸਨੂੰ ਹਰਿਮੰਦਰ ਤੇ ਉਸ ਦੇ ਗੁਰਬਾਣੀ ਸੰਗੀਤ ਦੀ ਧੁਨੀ ਕੰਨੀਂ ਪੈਂਦੀ ਹੈ ਤਾਂ ਉਹ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਣ ਲਗ ਜਾਂਦਾ ਹੈ। ਉਹ ਆਪਣੇ ਖਿਆਲਾਂ ਵਿਚ ਹਰਿਮੰਦਰ ਸਾਹਿਬ ਪਹੁੰਚ ਜਾਂਦਾ ਹੈ, ਸੰਤ ਸਭਾ ਦੇ ਦਰਸ਼ਨ ਕਰਦਾ ਖੀਵਾ ਹੋ ਜਾਂਦਾ ਹੈ ਤੇ ਉਸ ਦੇ ਮਨ ਦੇ ਵੇਗ ਕੁਝ ਇਸ ਪ੍ਰਕਾਰ ਹੋ ਜਾਂਦੇ ਹਨ:

ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ॥
ਅਨੰਦ ਮੰਗਲ ਹਰਿ ਚਲਤ ਤਮਾਸੇ॥ ਅੰਗ-1077

ਅਤੇ

ਸੁਣਿ ਸੁਣਿ ਜੀਵਾ ਸੋਇ ਤੁਮਾਰੀ॥
ਸਦਾ ਸਦਾ ਜਾਈ ਬਲਿਹਾਰੀ॥ ਅੰਗ-1077

ਹਰ ਸ਼ਰਧਾਲੂ ਇਹ ਭਲੀ ਭਾਂਤੀ ਜਾਣਦਾ ਹੈ ਕਿ ਹਰਿਮੰਦਰ ਹਰ ਕਿਸੇ ਨੂੰ ਮੇਲ ਮਿਲਾਪ ਸਖਾਉਂਦਾ ਹੈ, ਪ੍ਰੇਮ ਪਿਆਰ ਦਾ ਸਬਕ ਪੜ੍ਹਾਉਂਦਾ ਹੈ, ਜੀਓ ਤੇ ਜੀਣ ਦਿਓ ਦੀ ਸੁਚੀ ਭਾਵਨਾ ਨੂੰ ਵਿਕਸਤ ਕਰਦਾ ਹੈ ਅਤੇ '**ਬਿਨਸੇ ਬੈਰ ਨਾਹੀ ਕੋ ਬੈਰੀ, ਸਭੁ ਏਕੋ ਹੈ ਭਾਲਣਾ**' ਹਰਿਮੰਦਰ ਦਾ ਪਵਿੱਤਰ ਸੰਦੇਸ਼ ਹੈ। ਜੋ ਕੁਝ ਵੀ ਕਿਸੇ ਮਨੁੱਖ ਨੂੰ ਚੰਗਾ ਮਨੁੱਖ ਬਣਾਉਣ ਲਈ ਲੋੜੀਂਦਾ ਹੈ, ਹਰਿਮੰਦਰ ਉਸ ਦਾ ਭੰਡਾਰ ਹੈ ਤੇ ਹਰ ਕਿਸੇ ਨੂੰ ਉਹ ਹਰ ਦਾਤ ਬਿਨਾਂ ਕਿਸੇ ਭੇਦ ਭਾਵ ਦੇ ਵੰਡ ਰਿਹਾ ਹੈ ਤੇ ਵੰਡੀ ਹੀ ਜਾ ਰਿਹਾ ਹੈ ਇਸ ਲਈ ਜਿਹੜਾ ਪ੍ਰਾਣੀ ਇਹ

ਸਮਝਦਾ ਹੈ ਕਿ ਉਹ ਸਗਲ ਦੁਆਰਿਆਂ ਨੂੰ ਛਡ ਕੇ ਪ੍ਰਭੂ ਦੇ ਇਸ ਪੁਨੀਤ ਦਵਾਰੇ ਦਾ ਪ੍ਰੀਤਵਾਨ ਬਣਿਆ ਹੈ, ਉਸ ਅੰਦਰ ਸੰਤੋਖ ਵਿਕਸਤ ਹੁੰਦਾ ਹੈ ਤੇ ਉਹ ਸਹਿਜ ਸੁਭਾਏ ਹੀ ਇਹ ਮੰਨਣ ਲਗ ਜਾਂਦਾ ਹੈ ਕਿ

ਹੋਰੁ ਦੁਆਰਾ ਕੋਇ ਨ ਸੂਝੈ ॥
ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ
ਇਹੁ ਰਤਨੁ ਤਿਸੈ ਤੇ ਪਾਇਣਾ ॥ ਅੰਗ-1078

ਸਪੱਸ਼ਟ ਹੈ ਕਿ ਜਿਸ ਨੇ ਨਾਮ ਰਤਨ ਪ੍ਰਾਪਤ ਕਰਨਾ ਹੈ ਉਸ ਨੂੰ ਵਾਹਿਗੁਰੂ ਦੇ ਘਰ ਦਾ ਹੀ ਸਵਾਲੀ ਬਣਨਾ ਪਵੇਗਾ ਕਿਉਂਕਿ ਉੱਥੇ ਹੀ ਸ਼ਬਦ ਰੂਪ ਨਾਮ ਦਾ ਨਿਖੁਟ ਖ਼ਜ਼ਾਨਾ ਅਮੁਕ ਰੂਪ ਵਿਚ ਮੌਜੂਦ ਹੈ। ਸ਼ਾਇਦ ਇਸੇ ਭਾਵਨਾ ਦੀ ਵਿਆਖਿਆ 19ਵੀਂ ਸਦੀ ਦਾ ਵਿਸ਼ਵ ਪ੍ਰਸਿਧ ਫੋਟੋਗ੍ਰਾਫਰ ਕੈਪਟਨ W.G. Stretton ਇਹ ਕਹਿ ਕੇ ਕਰਨਾ ਚਾਹੁੰਦਾ ਹੈ ਕਿ ਹਰਿਮੰਦਰ ਇਕ ਐਸਾ ਪਵਿੱਤਰ ਤੇ ਪ੍ਰਸਿਧ ਅਸਥਾਨ ਹੈ ਜਿਸ ਨੂੰ ਇਸ ਦੇ ਆਸ ਪਾਸ 200 ਮੀਲ ਤਕ ਰਹਿੰਦੇ ਹਰ ਵਿਅਕਤੀ ਨੇ ਦਰਸ਼ਨ ਕਰ ਕੇ ਆਪਣੀ ਸ਼ਰਧਾ ਦੇ ਪੁਸ਼ਪ ਅਰਪਤ ਕੀਤੇ ਹਨ ਤੇ ਮਨ ਦੀਆਂ ਮੁਰਾਦਾਂ ਪਾਈਆਂ ਹਨ। ਹਰਿਮੰਦਰ ਦੀ ਸਿਫ਼ਤ ਕਰਦਿਆਂ ਉਹ 1870 ਈ. ਨੂੰ ਤਿਆਰ ਕੀਤੇ ਹਰਿਮੰਦਰ ਚਿਤਰ ਥੱਲੇ ਇਹ ਵੀ ਲਿਖਦਾ ਹੈ ਕਿ ਹਰਿਮੰਦਰ ਕਿਸੇ ਵੀ ਹੋਰ ਚੀਜ਼ ਨਾਲ ਮੇਲ ਨਹੀਂ ਖਾਂਦਾ, ਇਹ ਆਪਣੀ ਕਿਸਮ ਦਾ ਆਪ ਹੀ ਹੈ, ਨਿਆਰਾ ਨਿਆਰਾ ਤੇ ਪਿਆਰਾ ਪਿਆਰਾ। ਅੱਜ ਤੋਂ ਲਗਪਗ ਡੇਢ ਸੌ ਸਾਲ ਪਹਿਲੇ ਜਦ ਸੂਚਨਾ ਭੇਜਣ ਤੇ ਸਫ਼ਰ ਕਰਨ ਦੇ ਸਾਧਨ ਬਹੁਤ ਹੀ ਸੀਮਤ ਸਨ, ਉਸ ਸਮੇਂ ਕਿਸੇ ਬਦੇਸ਼ੀ ਜਾਤਰੂ ਦਾ ਹਰਿਮੰਦਰ ਸਬੰਧੀ ਇਸ ਤਰ੍ਹਾਂ ਦਾ ਵਿਚਾਰ ਰਖਣਾ ਹਰਿਮੰਦਰ ਦੀ ਸਰਬ ਵਿਆਪੀ ਉੱਤਮਤਤਾ ਤੇ ਸਤਿਕਾਰੀ ਭਾਵਨਾ ਨੂੰ ਉਜਾਗਰ ਕਰਦਾ ਹੈ (ਹਵਾਲਾ ਵਿਕਟੋਰੀਆ ਤੇ ਐਲਬਰਟ ਅਜਾਇਬ ਘਰ ਲੰਡਨ ਦੀ ਪਰਦਰਸ਼ਨੀ, ਸਿੱਖ ਤੇ ਉਨ੍ਹਾਂ ਦੀਆਂ ਰਿਆਸਤਾਂ ਦੇ ਕਲਾਤਮਕ ਹੁਨਰ ਵਾਲਾ ਭਾਗ 1999)।

ਪੂਰਾ ਥਾਟੁ (ਬਣਤਰ) ਬਣਾਇਆ ਪੂਰੇ ਵੇਖਹੁ ਏਕ ਸਮਾਨਾ ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ
ਮਤੁ ਕੋ ਧਰਹੁ ਗੁਮਾਨਾ ॥ ਅੰਗ-797

ਆਪਣੇ ਇਲਾਹੀ ਗੁਣਾਂ ਕਰ ਕੇ ਹੀ ਹਰਿਮੰਦਰ ਦੀ ਵੱਡੀ ਵਿਲਖਣਤਾ ਹੈ, ਨੂਰਾਨੀ ਪ੍ਰਤਾਪ ਹੈ, ਨਿਰਮਲ ਗੀਤ ਹੈ, ਨਿਆਰੇ ਚੋਜ ਹਨ, ਅਦਭੁਤ ਅਭਿਨੰਦਨ ਹੈ, ਤੇਜੱਸਵੀ ਤੇਜ ਹੈ। ਇਸ ਦੀ ਤਾਂ ਚਰਨ ਧੂੜ ਨੂੰ ਵੀ ਦੇਵਤੇ ਲੋਚਦੇ ਹਨ।

ਜਾ ਕੀ ਧੂਰਿ ਕਰੇ ਪੁਨੀਤਾ॥
ਸੁਰਿ ਨਰ ਦੇਵ ਨ ਪਾਵਹਿ ਮੀਤਾ॥ ਅੰਗ-1078

ਇਹ ਚਰਨ ਧੂੜ ਮਨੁੱਖੀ ਸਰੀਰ ਨੂੰ ਪਵਿੱਤਰ ਪੁਨੀਤ ਕਰ ਦੇਂਦੀ ਹੈ। ਇਹ ਦੁਰਲਭ ਦਾਤ ਹਰਿਮੰਦਰ ਤੋਂ ਹੀ ਨਸੀਬ ਹੁੰਦੀ ਹੈ, ਨਸੀਬਾਂ ਵਾਲਿਆਂ ਨੂੰ ਮਿਲ ਜਾਵੇ ਤਾਂ ਭਟਕਣਾਂ ਮੁਕ ਜਾਂਦੀਆਂ ਹਨ, ਮੰਜ਼ਲ ਪ੍ਰਾਪਤ ਹੋ ਜਾਂਦੀ ਹੈ, ਤੇ ਅਭਿਲਾਸ਼ੀ ਪੁਰਸ਼ ਸਹਿਜ ਸੁਭਾਏ ਕਹਿ ਉਠਦਾ ਹੈ :

ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ॥
ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ॥ ਅੰਗ-1078

ਹਰਿਮੰਦਰ ਵਿਚ ਅਜਿਹੀ ਅਦਭੁਤ ਸ਼ਕਤੀ ਦੀਆਂ ਤਰੰਗਾਂ ਹਰ ਵਕਤ ਤੇਜਮਾਨ ਰਹਿੰਦੀਆਂ ਹਨ ਜੋ ਹਰ ਆਏ ਗਏ ਪਰਾਣੀ ਦੇ ਮਨ ਤੇ ਆਕਰਸ਼ਤਕਾਰੀ ਪ੍ਰਭਾਵ ਪਾਉਂਦੀਆਂ ਹਨ। ਇਹ Spiritual Waves (ਅਧਿਆਤਮਿਕ ਤਰੰਗ.ਹਸਾਸ ਨੂੰ ਹਰ ਸ਼ਰਧਾਲੂ ਵੀ ਮਾਣਦਾ ਹੈ ਤੇ ਹਰ ਦਰਸ਼ਕ ਜਾਂ ਯਾਤਰੂ ਵੀ ਪਰ ਇਸ ਸਚਖੰਡੀ ਆਨੰਦ ਤੇ ਅਨੁਭਵ ਨੂੰ ਪੂਰੀ ਤਰ੍ਹਾਂ ਨਾ ਤਾਂ ਜ਼ਬਾਨ ਹੀ ਬਿਆਨ ਕਰ ਸਕਦੀ ਹੈ ਤੇ ਨਾ ਹੀ ਕਲਮ। ਜਿਨ੍ਹਾਂ ਅਜਿਹੇ ਅਦਭੁਤ ਹਰਿਮੰਦਰ ਨੂੰ ਨਹੀਂ ਲਖਿਆ, ਨਹੀਂ ਪਛਾਣਿਆ, ਉਹ ਖੁੰਝ ਗਏ। ਇਸ ਗੱਲ ਵਿੱਚ ਕੋਈ ਗ਼ਲਤ ਬਿਆਨੀ ਨਹੀਂ ਕਿ ਹਰਿਮੰਦਰ ਸੈਰ ਸਪਾਟੇ ਵਾਲਾ ਅਸਥਾਨ ਬਿਲਕੁਲ ਨਹੀਂ ਹੈ ਸਗੋਂ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ, ਤੀਰਥ ਹੈ, ਆਤਮਿਕ ਸ਼ਾਂਤੀ ਪ੍ਰਾਪਤੀ ਦਾ ਚਸ਼ਮਾ ਹੈ, ਮਨ ਦੀ ਤ੍ਰਿਪਤੀ ਦਾ ਸਰੋਤ ਹੈ। ਇੱਥੇ ਆ ਕੇ ਚਿੰਤਾ ਮਰ ਜਾਂਦੀ ਹੈ ਅਤੇ ਸ਼ੁਭ ਲੋਚਾ ਬਰ (ਪੂਰੀ) ਆਉਂਦੀ ਹੈ। ਕਿਆ ਕਮਾਲ ਹੈ ਇਹ ਹਰਿਮੰਦਰ, ਕਿਤਨਾ ਮਹਾਨ ਹੈ ਇਹ ਹਰਿਮੰਦਰ, ਇਸਦੀ ਨਿਆਰੀ ਆਬੋ ਤਾਬ ਨੂੰ ਸਮੁੱਚੀ ਮਾਨਵਤਾ ਸਜਦਾ ਕਰਦੀ ਹੈ ਕਿਉਂਕਿ ਇਸਦੇ ਪ੍ਰੀਸਰ ਦੇ ਚਪੇ ਚਪੇ ਵਿੱਚ ਸਿੱਖਾਂ ਦਾ ਗੌਰਵਮਈ ਕੁਰਬਾਨੀਆਂ ਭਰਿਆ ਇਤਿਹਾਸ ਮੂਰਤੀਮਾਨ ਹੋਇਆ ਦਿਸਦਾ ਹੈ ਅਤੇ ਇਥੋਂ ਹੀ ਇਹ ਅਗਲੀਆਂ ਪੀੜ੍ਹੀਆਂ ਨੂੰ ਨਿਰੰਤਰ ਸ਼ਕਤੀ ਪ੍ਰਦਾਨ ਕਰਦਾ ਰਹਿੰਦਾ ਹੈ।

ਹਰਿਮੰਦਰ ਵਸਤੁ ਅਨੇਕ ਹੈ
ਨਵਨਿਧਿ ਨਾਮੁ ਸਮਾਲਿ॥ ਅੰਗ-1418

.52.

ਬਦਲਦੇ ਰੰਗਾਂ ਸੰਗ ਹਰਿਮੰਦਰ

ਹਰਿਮੰਦਰ ਦੀ ਹਰ ਗੱਲ ਵਚਿੱਤਰ ਹੈ, ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਜਲ ਨਾਲ ਭਰੇ ਸਰੋਵਰ ਵਿਚ ਰੂਪਮਾਨ ਕੀਤਾ। ਇਸ ਤਰ੍ਹਾਂ ਇਸ ਦਾ ਕੁਝ ਭਾਗ ਪਾਣੀ ਤੋਂ ਥੱਲੇ, ਕੁਝ ਪਾਣੀ ਵਿਚਕਾਰ, ਕੁਝ ਧਰਤੀ ਤੇ ਅਤੇ ਕੁਝ ਅਕਾਸ਼ ਵਿਚ ਸੁਭਾਇਮਾਨ ਹੋਣ ਕਾਰਨ ਇਹ ਸਭ ਰੰਗਾਂ ਦਾ ਸਵਾਮੀ ਹੈ। ਕਹਿਣ ਨੂੰ ਇਹ ਸਿੱਖਾਂ ਦਾ ਪ੍ਰਮੁੱਖ ਤੀਰਥ ਸਥਾਨ ਹੈ ਪਰ ਇਸ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਇਕ ਮੁਸਲਮਾਨ ਸੂਫ਼ੀ ਫ਼ਕੀਰ ਮੀਆਂ ਮੀਰ ਜੀ ਤੋਂ ਰਖਵਾਈ ਜੋ ਮੁਸਲਮਾਨ ਧਰਮ ਦੇ ਅਨੁਯਾਈ ਸਨ। ਰੱਬ ਦਾ ਘਰ ਹੋਣ ਕਾਰਨ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਸਭ ਲਈ ਸਾਂਝਾ ਰੱਖਿਆ। ਉਨ੍ਹਾਂ ਦੇ ਸਮੇਂ ਕੀਰਤਨ ਲਈ ਜੋ ਸੱਤ ਰਾਗੀ ਜਥੇ ਸੇਵਾ ਕਰਦੇ ਸਨ ਉਨ੍ਹਾਂ ਵਿਚੋਂ 6 ਰਬਾਬੀ ਜਥੇ ਮੁਸਲਮਾਨ ਸ਼ਰਧਾਲੂਆਂ ਦੇ ਸਨ। ਹਰ ਰੰਗ, ਹਰ ਧਰਮ, ਹਰ ਸੋਚ, ਹਰ ਦਿਸ਼ਾ, ਹਰ ਦੇਸ਼ ਦੇ ਮਨੁੱਖ ਨੇ ਬਿਨਾਂ ਕਿਸੇ ਝਿਜਕ ਤੇ ਸੰਕੋਚ ਦੇ ਇਸ ਅਸਥਾਨ ਤੇ ਆ ਕੇ ਸ਼ਾਂਤੀ ਪ੍ਰਾਪਤ ਕੀਤੀ ਹੈ, ਖੇੜਾ ਪ੍ਰਾਪਤ ਕੀਤਾ ਹੈ ਤੇ ਮਨ ਦੀਆਂ ਮੁਰਾਦਾਂ ਪਾਈਆਂ ਹਨ ਤੇ ਇਹ ਪ੍ਰਵਾਹ ਅਜ ਵੀ ਜਾਰੀ ਹੈ।

ਹਰਿਮੰਦਰ ਮਹਿ ਸ਼ਬਦ ਜੁ ਸੁਨਹਿ
ਜਨਮ ਜਨਮ ਕੇ ਪਾਪਨਿ ਹਨਿਹੈ (ਖਤਮ ਕਰੇ)
ਉਪਜੈ ਭਗਤਿ ਗਯਾਨ ਕੋ ਪਾਵੈ
ਆਵਨ ਜਾਨੋ ਜੁਗਤ ਮਿਟਾਵੈ (ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ-1863)

ਇਸ ਦੀ ਵਚਿਤਰਤਾ ਦੀ ਦਾਸਤਾਨ ਹੋਰ ਵੀ ਨਿਆਰੀ ਹੈ। ਆਪਣੀ ਹੋਂਦ ਦੇ ਪਹਿਲੇ 30 ਸਾਲ ਇਸ ਨੇ ਗੁਰੂ ਸਾਹਿਬਾਨ ਤੇ ਹੋਰ ਸਤਿਕਾਰੀ ਬਜ਼ੁਰਗਾਂ, ਅਨਿਨ ਭਗਤਾਂ ਤੇ ਨਿਸ਼ਕਾਮ ਸੇਵਕਾਂ ਦੀ ਸੰਗਤ ਮਾਣੀ। 1634 ਈ. ਨੂੰ ਜਦ ਗੁਰੂ ਹਰਿ ਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਹਿਜਰਤ ਕਰ ਗਏ (ਚਲੇ ਗਏ) ਤਾਂ ਹਰਿਮੰਦਰ ਸਾਹਿਬ ਦਾ ਨਾਤਾ ਲਗਪਗ ਪੱਕੇ ਤੌਰ ਤੇ ਗੁਰੂ ਸਾਹਿਬਾਨ ਦੇ ਵਾਸਤਵਕ ਸੰਪਰਕ ਤੋਂ ਟੁੱਟ ਗਿਆ।

1634 ਈ. ਤੋਂ 1699 ਈ. ਤਕ ਹਰਿਮੰਦਰ ਗੁਰੂ ਘਰ ਦੇ ਦੋਖੀਆਂ ਦੇ ਪ੍ਰਬੰਧ ਵਿਚ ਰਿਹਾ ਜਿਨ੍ਹਾਂ ਨੇ ਆਪਣੀ ਜ਼ਮੀਰ ਨੂੰ ਵੇਚ ਕੇ ਰੱਬ ਦੇ ਇਸ ਘਰ ਨੂੰ ਆਪਣੇ ਜ਼ਾਤੀ ਲਾਭਾਂ ਲਈ ਮਹੰਤਾਂ ਤੇ ਮਸੰਦਾਂ ਨੂੰ ਸੌਂਪ ਦਿੱਤਾ। 1639 ਈ. ਵਿਚ ਸੋਢੀ ਮਿਹਰਬਾਨ ਦੇ ਮਰ ਜਾਣ ਤੇ ਉਸ ਦੇ ਪੁੱਤਰ ਸੋਢੀ ਹਰਿ ਜੀ ਨੇ ਇਸ

ਅਸਥਾਨ ਨੂੰ ਤਾਂ ਆਪਣੀ ਨਿਜੀ ਜਾਇਦਾਦ ਹੀ ਬਣਾ ਲਿਆ, ਅਤੇ 1664 ਈ. ਨੂੰ ਜਦ ਗੁਰੂ ਤੇਗ ਬਹਾਦਰ ਸਾਹਿਬ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਉਸ ਨੇ ਹਰਿਮੰਦਰ ਦੇ ਮੁਖ ਕਵਾੜ ਹੀ ਬੰਦ ਕਰਵਾ ਦਿੱਤੇ। ਇਵੇਂ ਰੱਬ ਨੂੰ ਰੱਬ ਦੇ ਆਪਣੇ ਘਰ ਵਿਚ ਪ੍ਰਵੇਸ਼ ਕਰਨ ਤੇ ਪਾਬੰਦੀ ਲਗ ਗਈ। ਹਰੀਜੀ ਦੀ ਇਸ ਅਮਾਨਵੀ ਕਰਤੂਤ ਨੂੰ ਇਤਿਹਾਸ ਕਦੇ ਮਾਫ ਨਹੀਂ ਕਰ ਸਕੇਗਾ। ਜਦੋਂ 1696 ਈ. ਵਿਚ ਉਹ ਮਰਿਆ ਤਾਂ ਉਸ ਦੇ ਪੁੱਤਰਾਂ ਵਿਚ ਖਾਨਾਜੰਗੀ ਸ਼ੁਰੂ ਹੋ ਗਈ ਜਿਸ ਕਰ ਕੇ ਮੀਣਿਆਂ ਤੇ ਅੰਮ੍ਰਿਤਸਰ ਦੀਆਂ ਹੋਰ ਸੰਗਤਾਂ ਨੇ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬੇਨਤੀ ਰੂਪੀ ਸਦਾ ਭੇਜਿਆ ਕਿ ਉਹ ਹਰਿਮੰਦਰ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲੈਣ। ਸ਼ਹੀਦ ਬਿਲਾਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਜਦ 1699 ਈ. ਦੀ ਵਿਸਾਖੀ ਨੂੰ ਖਾਲਸੇ ਦੀ ਸਾਜਨਾ ਕੀਤੀ ਤਾਂ ਨਾਲ ਹੀ ਆਪਣੇ ਬਹੁਤ ਹੀ ਸੁਘੜ ਤੇ ਸੂਰਬੀਰ ਸਿੱਖ ਭਾਈ ਮਨੀ ਸਿੰਘ ਜੀ ਨੂੰ ਥਾਪੜਾ ਦੇ ਕੇ ਦਰਬਾਰ ਸਾਹਿਬ ਦੀ ਆਭਾ ਵਧਾਉਣ ਤੇ ਖਾਲਸੇਈ ਮਰਿਆਦਾ ਪ੍ਰਾਰੰਭ ਕਰਨ ਹਿਤ ਉੱਥੇ ਭੇਜਿਆ ਜਿਨ੍ਹਾਂ ਨੇ ਮੀਣਿਆਂ, ਮਸੰਦਾਂ ਤੇ ਮਹੰਤਾਂ ਦੀ ਜੁੰਡਲੀ ਦਾ ਜੁਲਾ ਲਾ ਸੁਟਿਆ ਤੇ ਆਨੰਦਪੁਰੀ ਮਰਿਆਦਾ ਨਾਲ ਹਰਿਮੰਦਰ ਦੀ ਨਿਤ ਕਿਰਿਆ ਨੂੰ ਸੰਵਾਰਿਆ, ਸ਼ਿੰਗਾਰਿਆ ਤੇ ਸਜਾਇਆ। ਕੁਝ ਸਮੇਂ ਵਿਚ ਹੀ ਹਰਿਮੰਦਰ ਵਿਚ ਗੁਰਸਿੱਖੀ ਦੀ ਨਵੀਂ ਰੂਹ ਪ੍ਰਵੇਸ਼ ਕਰ ਗਈ। ਗੁਰੂ ਦੇ ਬਚਨਾਂ ਦਾ ਸਤਿਕਾਰ ਬਹਾਲ ਹੋ ਗਿਆ, ਗੁਰਬਾਣੀ ਕੀਰਤਨ ਤੇ ਕਥਾ ਵਾਰਤਾ ਨੇ ਸੰਗਤਾਂ ਨੂੰ ਨਿਹਾਲ ਕਰਨਾ ਸ਼ੁਰੂ ਕਰ ਦਿੱਤਾ। ਇਵੇਂ ਪੌਣੀ ਸਦੀ ਮਗਰੋਂ ਫਿਰ ਹਰਿਮੰਦਰ ਸਮੂਹ ਸੰਗਤਾਂ ਲਈ ਲਾਮਿਸਾਲੀ ਆਕਰਸ਼ਣ ਦਾ ਕਾਰਨ ਬਣਿਆ। ਦੂਰ ਨੇੜੇ ਦੀਆਂ ਸੰਗਤਾਂ ਹੁੰਮ ਹੁਮਾ ਕੇ ਜੁੜਨ ਲਗ ਪਈਆਂ। ਦੀਵਾਲੀ ਤੇ ਵਿਸਾਖੀ ਦੇ ਮੇਲੇ ਫਿਰ ਭਰਨ ਲੱਗ ਪਏ। ਨਵੇਂ ਉਮਾਹ ਨੇ ਨਵੀਆਂ ਤੇ ਸੁੱਚੀਆਂ ਭਾਵਨਾਵਾਂ ਸ਼ਰਧਾਲੂਆਂ ਵਿਚ ਉਜਾਗਰ ਕਰ ਦਿੱਤੀਆਂ। ਪਰ ਇਤਨੇ ਦਹਾਕਿਆਂ ਦੀ ਉਡੀਕ ਉਪਰੰਤ ਪ੍ਰਾਪਤ ਹੋਈਆਂ ਇਹ ਖੁਸ਼ੀਆਂ ਲੰਮੇ ਸਮੇਂ ਤਕ ਬਣੀਆਂ ਨਾ ਰਹਿ ਸਕੀਆਂ। ਮੁਗਲ ਹਾਕਮਾਂ ਨੂੰ ਸਿੱਖਾਂ ਦਾ ਹਰਿਮੰਦਰ ਸਾਹਿਬ ਵਿਖੇ ਆ ਜੁੜਨਾ ਬਿਲਕੁਲ ਚੰਗਾ ਨਾ ਲਗਾ ਕਿਉਂਕਿ ਇਵੇਂ ਸਿੱਖ ਸੰਗਠਤ ਹੋ ਕੇ ਤਾਕਤ ਫੜ ਸਕਦੇ ਸਨ ਇਸ ਲਈ ਇਨ੍ਹਾਂ ਨੂੰ ਕਮਜ਼ੋਰ ਕਰਨ ਲਈ ਹਾਕਮਾਂ ਨੂੰ ਹਰ ਚਾਲ ਚਲਣੀ ਜਾਇਜ਼ ਜਾਪੀ। ਹਰਿਮੰਦਰ ਦੀ ਸ਼ਾਨ ਉਨ੍ਹਾਂ ਨੂੰ ਰੜਕਣ ਲਗ ਪਈ ਤੇ ਉਨ੍ਹਾਂ ਨੇ 1734 ਈ ਨੂੰ ਭਾਈ ਮਨੀ ਸਿੰਘ ਨੂੰ ਸ਼ਹੀਦ ਕਰਨ ਦਾ ਰਾਹ ਲੱਭ ਲਿਆ।

ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਇਆ ਗਿਆ ਜਿਥੇ ਉਨ੍ਹਾਂ ਦੇ ਘੋੜਾ ਮੰਡੀ ਚੌਕ ਵਿਚ ਬੰਦ ਬੰਦ ਕਟ ਦਿੱਤੇ ਗਏ। ਸਿੱਖ ਸੂਰਬੀਰਾਂ

ਲਈ ਫਿਰ ਚਣੌਤੀ ਦੀ ਘੜੀ ਆ ਗਈ ਤੇ ਹਰਿਮੰਦਰ ਪ੍ਰਬੰਧ ਦਾ ਰੰਗ ਇਕ ਵਾਰੀ ਫਿਰ ਬਦਲਿਆ। ਹੁਣ ਹਰਿਮੰਦਰ ਮੁਗਲ ਹਾਕਮਾਂ ਦੇ ਸਿਧੇ ਅਖਤਿਆਰ ਹੇਠ ਆ ਗਿਆ। ਸਿੰਘਾਂ ਦੇ ਸਰਵ ਨਾਸ਼ ਲਈ ਉਨ੍ਹਾਂ ਦੇ ਸਿਰਾਂ ਦੇ ਮੁੱਲ ਪੈਣ ਲਗੇ ਜਿਸ ਕਾਰਨ ਉਨ੍ਹਾਂ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਹਰਿਮੰਦਰ ਤੋਂ ਦੂਰ ਜੰਗਲਾਂ ਵਿਚ ਜਾ ਕੇ ਵਾਸ ਕਰਨਾ ਪਿਆ। ਉਹ ਨੰਗ, ਭੁੱਖ, ਦੁੱਖ, ਤਕਲੀਫ਼ਾਂ, ਤਸ਼ੱਦਦ, ਅੱਤਿਆਚਾਰ ਸਹਿੰਦੇ ਪਰ ਜਿਥੇ ਵੀ ਹੁੰਦੇ ਹਰਿਮੰਦਰ ਨਾਲ ਆਪਣੀ ਆਤਮਿਕ ਲਿਵ ਜੋੜੀ ਰਖਦੇ। ਆਪਣੀ ਨਿਤ ਦੀ ਅਰਦਾਸ ਵਿਚ ਹਰਿਮੰਦਰ ਦੇ ਦਰਸ਼ਨਾਂ ਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਦੀ ਅਰਜੋਈ ਕਰਦੇ। ਉਨ੍ਹਾਂ ਦਾ ਪ੍ਰਬਲ ਅਕੀਦਾ ਸੀ ਕਿ :

ਦੁਰਮਤਿ ਮੈਲੁ ਗਈ ਸਭ ਨੀਕਰਿ
ਹਰਿ ਅੰਮ੍ਰਿਤਿ ਹਰਿ ਸਰਿ ਨਾਤਾ॥ ਅੰਗ-984

ਪਵਿੱਤਰ ਸਰੋਵਰ ਤੇ ਹਰਿਮੰਦਰ ਦੀ ਪੁਨੀਤ ਭਾਵਨਾ ਉਨ੍ਹਾਂ ਦੇ ਦਿਲਾਂ ਵਿਚੋਂ ਕੋਈ ਵੀ ਨਾ ਕੱਢ ਸਕਿਆ। ਹਰਿਮੰਦਰ ਦੇ ਨਵੇਂ ਪ੍ਰਬੰਧਕਾਂ ਨੇ ਆਪਣੀ ਘਨਾਉਣੀ ਨਫਰਤ ਦਾ ਪ੍ਰਗਟਾਵਾ ਕਰਦਿਆਂ ਸਰੋਵਰ ਨੂੰ ਪੂਰ ਦਿੱਤਾ ਤੇ ਇਸ ਨੂੰ ਹਰ ਲਿਹਾਜ਼ ਨਾਲ ਅਪਵਿੱਤਰ ਕਰਨ ਵਿਚ ਕੋਈ ਕਸਰ ਨਾ ਛਡੀ। ਸਿੱਖਾਂ ਲਈ ਇਹ ਕਹਿਰ ਝੱਲਣਾ ਅਸੰਭਵ ਸੀ।

ਮੁਗ਼ਲਾਂ ਦੀ ਸ਼ਹਿ ਉੱਤੇ ਦੀਵਾਨ ਲਖਪਤ ਰਾਏ ਨੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਸਿੱਖਾਂ ਦਾ ਖੁਰਾ ਖੋਜ ਮੁਕਾ ਦੇਣ ਦਾ ਪ੍ਰਣ ਕਰ ਲਿਆ। ਉਹ ਤਾਂ ਕਿਸੇ ਸਿੱਖ ਨੂੰ ਹਰਿਮੰਦਰ ਵਲ ਮੂੰਹ ਤਕ ਨਾ ਕਰਨ ਦੇਂਦਾ। ਥਾਂ ਥਾਂ ਤੇ ਉਸਨੇ ਮੁਨਾਦੀ ਕਰਵਾ ਕੇ ਹੁਕਮ ਜਾਰੀ ਕਰ ਦਿੱਤਾ ਕਿ ਕੋਈ ਵਿਅਕਤੀ ਨਾ ਤਾਂ ਗੁਰਬਾਣੀ ਪੜ੍ਹੇਗਾ ਤੇ ਨਾ ਹੀ ਸੁਣੇਗਾ। ਹੁਕਮ ਨਾ ਮੰਨਣ ਵਾਲਿਆਂ ਦਾ ਸ਼ਰੇਆਮ ਢਿਡ ਚੀਰ ਦਿੱਤਾ ਜਾਵੇਗਾ। ਇੱਥੇ ਤਕ ਕਿ ਜੇਕਰ ਕੋਈ ਵਿਅਕਤੀ 'ਗੁੜ' ਸ਼ਬਦ ਉਚਾਰਦਾ ਤਾਂ ਉਸ ਦੀ ਜ਼ੁਬਾਨ ਖਿਚ ਲਈ ਜਾਂਦੀ ਸੀ ਕਿਉਂਕਿ 'ਗੁੜ' ਦੀ ਅਵਾਜ਼ 'ਗੁਰ' ਸ਼ਬਦ ਨਾਲ ਮਿਲਦੀ ਸੀ। ਸਭ ਨੂੰ ਹੁਕਮ ਹੋਇਆ ਕਿ ਉਹ ਗੁੜ ਨੂੰ ਗੁੜ ਨਾ ਕਹਿ ਕੇ 'ਰੋੜੀ' ਕਹਿਣ। 'ਗ੍ਰੰਥ' ਦੀ ਥਾਂ 'ਪੋਥੀ' ਬੋਲੀ ਜਾਵੇ। ਸਿੱਖਾਂ ਵਿਚ ਹੋਰ ਘਬਰਾਹਟ ਪਾਉਣ ਲਈ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਨਸ਼ਟ ਕਰਨ ਦੀ ਘਨਾਉਣੀ ਕਾਰਵਾਈ ਵੀ ਕੀਤੀ ਗਈ (ਹਵਾਲਾ A short History of the Sikhs, Orient Longmans Part I, page 132)। ਅਜਿਹੀ ਹਾਲਤ ਵਿਚ ਕਿਸੇ ਕੌਮ ਦਾ ਜੀਣਾ ਕਿਤਨਾ ਕਠਨ ਹੈ ਪਰ ਹਰਿਮੰਦਰ ਪ੍ਰਤੀ ਬੇਪਨਾਹ ਸ਼ਰਧਾ ਰਖਣ ਵਾਲਾ ਸ. ਜਸਾ ਸਿੰਘ ਆਹਲੂਵਾਲੀਆ ਉਠਿਆ, ਉਸ ਕਮਰ ਕਸਾ ਕੀਤਾ ਤੇ ਹਰਿਮੰਦਰ ਨੂੰ ਦੁਸ਼ਟਾਂ

ਤੋਂ ਅਜ਼ਾਦ ਕਰਵਾਣ ਲਈ 1748 ਈ. ਦੇ ਸ਼ੁਰੂ ਵਿਚ ਅੰਮ੍ਰਿਤਸਰ ਤੇ ਚੜ੍ਹ ਆਇਆ। ਮੁਗ਼ਲ ਉਸ ਦੇ ਹੱਲੇ ਦੀ ਝਾਲ ਨਾ ਝਲ ਸਕੇ ਤੇ ਮਾਰ ਖਾ ਕੇ ਸ਼ਹਿਰ ਛਡ ਕੇ ਨਸ ਗਏ। ਹਰਿਮੰਦਰ ਦਾ ਪਿਆਰਾ ਸ਼ਰਧਾਲੂ ਇਕ ਵਾਰੀ ਫਿਰ ਹਰਿਮੰਦਰ ਸਾਹਿਬ ਵਿਚ ਆਪਣਾ ਸਤਿਕਾਰ ਲੈ ਕੇ ਜਾ ਝੁਕਿਆ। ਜੰਗੀ ਪੱਧਰ ਤੇ ਹਰਿਮੰਦਰ ਸਾਹਿਬ ਵਿਚ ਵਿਸਾਖੀ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਤੇ ਸਿੱਘਾਂ ਨੇ 1748 ਈ ਦੀ ਵਿਸਾਖੀ ਹਰਿਮੰਦਰ ਸਾਹਿਬ ਦੀ ਗੋਦ ਵਿਚ ਬੈਠ ਕੇ ਮਨਾਈ ਅਤੇ ਇਵੇਂ ਹੀ ਅਗਲੀ ਦੀਵਾਲੀ ਵੀ ਦੀਪਮਾਲਾ ਕਰ ਕੇ ਦੋਵੀ ਖੁਸ਼ੀ ਨਾਲ ਮਨਾਈ।

ਆਪਣੇ ਪਿਆਰਿਆਂ ਦੀ ਸੰਗਤ ਮਾਣਨਾ ਹਰਿਮੰਦਰ ਨੂੰ ਬਹੁਤ ਦੇਰ ਤਕ ਫਿਰ ਨਸੀਬ ਨਾ ਹੋਇਆ। ਜੇ ਮੁਗ਼ਲ ਕਮਜ਼ੋਰ ਹੋਏ ਤਾਂ ਕਾਬਲ ਤੋਂ ਅਹਿਮਦ ਸ਼ਾਹ ਅਬਦਾਲੀ 1751 ਈ. ਵਿਚ ਆ ਧਮਕਿਆ। ਉਹ ਵੱਡਾ ਲੁਟੇਰਾ ਸੀ, ਅਤਿ ਦਰਜੇ ਦਾ ਜ਼ਾਲਮ ਸੀ ਤੇ ਗ਼ੈਰ-ਮੁਸਲਮ ਤੇ ਵਿਸ਼ੇਸ਼ ਕਰਕੇ ਸਿੱਖਾਂ ਦਾ ਜਾਨੀ ਦੁਸ਼ਮਣ ਸੀ ਕਿਉਂਕਿ ਸਾਰੇ ਹਿੰਦੁਸਤਾਨ ਵਿਚ ਕੇਵਲ ਮੁੱਠੀ ਭਰ ਸਿੰਘ ਸੂਰਮੇ ਹੀ ਅਜਿਹੇ ਬਹਾਦਰ ਸਨ ਜੋ ਉਸ ਦੇ ਪੈਰਾਂ ਤਲੇ ਧਮੂਚੇ ਡਾਉਂਦੇ ਸਨ। ਇਸ ਲਈ ਸਿੱਖਾਂ ਉੱਤੇ ਹਰ ਪ੍ਰਕਾਰ ਦਾ ਜ਼ੁਲਮ ਕਰਨ ਉਪਰੰਤ ਵਾਪਸ ਕਾਬਲ ਜਾਂਦਿਆਂ ਅਬਦਾਲੀ ਮੀਰ ਮਨੂੰ ਨੂੰ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਥਾਪੜਾ ਦੇ ਗਿਆ। ਮਨੂੰ ਨੇ ਨਿਰਦੋਸ਼ ਸਿੱਖਾਂ ਦੇ, ਉਨ੍ਹਾਂ ਦੇ ਬੀਵੀ ਬੱਚਿਆਂ ਤੇ ਬਜ਼ੁਰਗਾਂ ਦੇ ਆਹੂ ਲਾ ਦਿੱਤੇ ਤੇ ਜਦ ਉਹ ਮਰਿਆ ਤਾਂ 1757 ਈ. ਵਿਚ ਅਬਦਾਲੀ ਫਿਰ ਆ ਗਿਆ। ਉਸ ਦੇ ਵਿਸ਼ੇਸ਼ ਹੁਕਮਾਂ ਨਾਲ ਸਰੋਵਰ ਨੂੰ ਫਿਰ ਪੂਰਵਾ ਦਿੱਤਾ ਗਿਆ ਤੇ ਹਰਿਮੰਦਰ ਸਾਹਿਬ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਸਿੱਖਾਂ ਨੇ ਫਿਰ ਯੋਜਨਾ-ਬਧ ਤਰੀਕੇ ਨਾਲ ਹਮਲਾ ਕਰ ਕੇ ਹਰਿਮੰਦਰ ਸਾਹਿਬ ਨੂੰ ਅਜ਼ਾਦ ਕਰਵਾਇਆ। ਦੁਸ਼ਮਣ ਦੇ ਕੈਦੀ ਬਣਾਏ ਫੌਜੀਆਂ ਤੋਂ ਸਫਾਈ ਤੇ ਮੁਰੰਮਤ ਆਦਿ ਦੀ ਸੇਵਾ ਲਈ। ਇਹ ਕੰਮ ਸਿੱਖਾਂ ਦੇ ਮਰਾਠੇ ਮਿੱਤਰਾਂ, ਰਘੂਨਾਥ ਰਾਓ ਤੇ ਮਲਹਾਰ ਰਾਓ ਹੋਲਕਰ ਦੇ ਸਪੁਰਦ ਕੀਤਾ ਗਿਆ ਜਿਨ੍ਹਾਂ ਨੇ ਦਰਬਾਰ ਸਾਹਿਬ ਵਿਖੇ ਇਸ ਸੇਵਾ ਦੇ ਨਾਲ ਨਾਲ ਸਵਾ ਲੱਖ ਰੁ. ਦਾ ਚੜ੍ਹਾਵਾ ਵੀ ਚੜ੍ਹਾਇਆ (ਹਵਾਲਾ The Golden Temple by Sirdar Kapur Singh I.C.S. ਪੰਨਾ-16)। ਅਬਦਾਲੀ ਨੂੰ ਜਦ ਸਿੱਖਾਂ ਦੇ ਇਸ ਕਾਰਨਾਮੇ ਦਾ ਪਤਾ ਲਗਾ ਤਾਂ ਉਹ ਬਹੁਤ ਤਲਮਲਾਇਆ ਅਤੇ ਜਦ ਉਸਨੂੰ ਇਹ ਪਤਾ ਲਗਾ ਕਿ ਸਿੱਖ ਮੇਲਾ ਮਨਾਉਣ ਦੇ ਮੂਡ ਵਿਚ ਹਨ ਤਾਂ ਉਹ ਇਸ ਨੂੰ ਵਧੀਆ ਅਵਸਰ ਸਮਝ ਕੇ ਰਾਤੋ ਰਾਤ ਕਾਬਲੋਂ ਪੰਜਾਬ ਆਇਆ, 5 ਫਰਵਰੀ 1762 ਨੂੰ ਉਸਨੇ ਕੁਪ ਰਹੀੜੇ (ਮਲੇਰਕੋਟਲੇ ਕੋਲ) ਮੇਲਾ ਮਨਾ ਰਹੇ ਸਿੱਖਾਂ ਵਿਚੋਂ ਹਜ਼ਾਰਾਂ ਨੂੰ ਖਤਮ ਕਰ ਦਿੱਤਾ ਅਤੇ ਇਸ ਵੱਡੇ ਘਲੂਘਾਰੇ ਮਗਰੋਂ

ਉਹ ਸਿੱਧਾ ਦਰਬਾਰ ਸਾਹਿਬ ਪਹੁੰਚਿਆ ਅਤੇ ਆਪਣੀ ਨਫਰਤ ਦੀ ਭੜਾਸ ਹਰਿਮੰਦਰ ਸਾਹਿਬ ਨੂੰ ਬਾਰੂਦ ਅਤੇ ਤੋਪਾਂ ਨਾਲ ਉਡਵਾ ਕੇ ਕਢੀ। ਜੋ ਕੁਝ ਵੀ ਮਾੜਾ ਉਹ ਕਰ ਸਕਦਾ ਸੀ, ਉਸ ਕੀਤਾ ਪਰ ਸਿੱਖਾਂ ਨੂੰ ਉਹ ਪੂਰੀ ਤਰ੍ਹਾਂ ਦਬਾ ਨਾ ਸਕਿਆ। 1764 ਈ. ਵਿਚ ਇਕ ਵਾਰੀ ਫਿਰ ਹਰਿਮੰਦਰ ਸਾਹਿਬ ਦੀ ਸਥਿਤੀ ਦੇਖਣ ਆਇਆ ਪਰ ਸਿੰਘਾਂ ਨੇ ਉਸ ਦਾ ਰਸਤਾ ਰੋਕਿਆ। ਹਰਿਮੰਦਰ ਦਾ ਅਪਮਾਨ ਸਿੱਖ ਕਿਵੇਂ ਸਹਾਰ ਸਕਦੇ ਸਨ, ਸਿੱਖਾਂ ਨੇ ਉਸ ਨੂੰ ਲੋਹੇ ਦੇ ਚਣੇ ਚਬਾ ਦਿੱਤੇ। ਅਬਦਾਲੀ ਕਾਬਲ ਵਲ ਨਸਿਆ ਤੇ ਸਿੰਘਾਂ ਨੇ ਸਰਹੰਦ ਨੂੰ ਜਾ ਘੇਰਿਆ। ਸ਼ਹਿਰ ਨੂੰ ਲੁੱਟਿਆ ਅਤੇ ਮੁਗਲਾਂ ਤੇ ਦੁਰਾਨੀਆਂ ਨੂੰ ਨੀਵਾਂ ਦਖਾਉਣ ਲਈ ਲੁਟ ਦੇ ਮਾਲ ਨੂੰ ਵੇਚ ਕੇ ਉਸ ਨਾਲ ਹਰਿਮੰਦਰ ਦੇ ਪੁਨਰ ਨਿਰਮਾਣ ਦਾ ਕਾਰਜ ਪ੍ਰਾਰੰਭ ਕੀਤਾ ਅਤੇ 1776 ਈ. ਵਿਚ ਹਰਿਮੰਦਰ ਇਕ ਵਾਰੀ ਫਿਰ ਵਿਸ਼ਵ ਦੇ ਧਾਰਮਿਕ ਨਕਸ਼ੇ ਤੇ ਪੂਰੀ ਸਜ ਧਜ ਨਾਲ ਰੂਪਮਾਨ ਹੋਇਆ। ਸਿੰਘਾਂ ਦੇ ਇਸ ਲਾਸਾਨੀ ਜਲਾਲ ਤੇ ਹਰਿਮੰਦਰ ਦੇ ਨੂਰਾਨੀ ਜਲੌ ਨੇ ਜਰਵਾਣਿਆਂ ਦੇ ਹੌਸਲੇ ਪਸਤ ਕਰ ਦਿੱਤੇ ਅਤੇ ਇਵੇਂ ਹਰਿਮੰਦਰ ਤੋਂ ਇਹ ਕਹਿਰਾਂ ਦੀ ਝੁਲ ਰਹੀ ਹਨੇਰੀ ਦਾ ਅੰਤ ਹੋਇਆ। ਮਿਸਲੀ ਸਰਦਾਰਾਂ ਨੇ ਪਰਕਰਮਾ ਦੇ ਆਸ ਪਾਸ ਨਵੇਂ ਬੁੰਗੇ ਉਸਾਰੇ ਤਾਂ ਜੋ ਹਰਿਮੰਦਰ ਸਾਹਿਬ ਦੀ ਹੋਰ ਵਧ ਸੁਰਖਿਆ ਯਕੀਨੀ ਬਣਾਈ ਜਾ ਸਕੇ। ਸਾਰਾ ਕਾਰਜ 1784 ਈ. ਵਿਚ ਸੰਪੰਨ ਹੋਇਆ। 200 ਸਾਲ ਮਗਰੋਂ 1984 ਵਿਚ ਉਸ ਸਮੇਂ ਦੀ ਸਰਕਾਰ ਨੇ ਇਸ ਮਾਨਵ ਹਿਤਕਾਰੀ ਪਰੀਸਰ ਤੇ ਫੌਜ ਵਲੋਂ ਹਮਲਾ ਕਰਵਾਇਆ ਤੇ ਇਵੇਂ ਆਪਣਿਆਂ ਫੌਜੀਆਂ ਨੇ ਵੀ ਦਿਲ ਖੋਹਲ ਕੇ ਹਰਿਮੰਦਰ ਸਾਹਿਬ, ਪਰਕਰਮਾ, ਸਰੋਵਰ, ਬੁੰਗਿਆਂ ਤੇ ਅਕਾਲ ਤਖਤ ਸਾਹਿਬ ਦੀ ਬਰਬਾਦੀ ਤੇ ਬੇਪਰਤੀਤੀ ਕੀਤੀ। ਇਕ ਮਹੀਨੇ ਤੋਂ ਵਧ ਸਮੇਂ ਤਕ ਹਰਿਮੰਦਰ ਸਰਕਾਰੀ ਪ੍ਰਬੰਧ ਹੇਠ ਤੇ ਭਾਰਤੀ ਫੌਜ ਦੀ ਦੇਖ ਰੇਖ ਹੇਠ ਰਿਹਾ ਤੇ ਇਵੇਂ ਹਰਿਮੰਦਰ ਪ੍ਰਬੰਧ ਵਿਚ ਇਕ ਨਵਾਂ ਰੰਗ ਹੋਰ ਭਰਿਆ ਗਿਆ ਜਿਸ ਦੀ ਭਾ ਨੀਲੇ ਤਾਰੇ ਦੀ ਰੌਸ਼ਨੀ ਵਰਗੀ ਸੀ। ਜੇ ਕਰ ਇਹ ਰੌਸ਼ਨੀ ਕਿਸੇ ਲਾਲ ਤਾਰੇ ਵਰਗੀ ਹੁੰਦੀ ਤਾਂ ਪਤਾ ਨਹੀਂ ਕੀ ਬਣਦਾ।

1799 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਤੇ ਇਵੇਂ ਪੰਜਾਬ ਵਿਚ ਖਾਲਸਈ ਰਾਜ ਕਾਇਮ ਹੋਇਆ। 1803 ਈ. ਵਿਚ ਮਹਾਰਾਜੇ ਨੇ ਅੰਮ੍ਰਿਤਸਰ ਨੂੰ ਵੀ ਆਪਣੇ ਰਾਜ ਵਿੱਚ ਮਿਲਾ ਲਿਆ ਅਤੇ ਹਰਿਮੰਦਰ ਸਾਹਿਬ ਦਾ ਸਮੁਚਾ ਪ੍ਰਬੰਧ ਪਹਿਲੀ ਵਾਰੀ ਸ਼ਕਤੀਸ਼ਾਲੀ ਰੂਪ ਵਿਚ ਰਣਜੀਤ ਸਿੰਘ ਪਾਸ ਆਇਆ। ਇਹ ਦੌਰ ਹਰਿਮੰਦਰ ਦੇ ਸਤਿਕਾਰ ਦਾ, ਮਾਣ ਮਰਿਆਦਾ ਦਾ, ਸਜ ਸਜਾਵਟ ਦਾ ਸੁਨਹਿਰੀ ਦੌਰ ਸੀ। ਮਹਾਰਾਜੇ ਤੇ ਹੋਰ ਸਿੱਖ ਸਰਦਾਰਾਂ ਅਤੇ ਸੰਗਤਾਂ ਨੇ ਹਰਿਮੰਦਰ ਨੂੰ ਅਤਿਅੰਤ ਖੂਬਸੂਰਤ ਬਣਾਉਣ ਲਈ ਕੋਈ ਕਸਰ ਨਾ ਛੱਡੀ। ਸੋਨੇ ਤੇ ਸੰਗਮਰਮਰ ਨਾਲ ਹਰਿਮੰਦਰ ਬਾਹਰੋਂ

ਚਮਕ ਉਠਿਆ ਅਤੇ ਬੇਤਰੀਨ ਨਕਾਸ਼ੀ ਨਾਲ ਇਸ ਦੀ ਅੰਦਰਲੀ ਸ਼ੋਭਾ ਮਨਮੋਹਣੀ ਬਣ ਗਈ। ਜੋ ਕੋਈ ਵੀ ਦਰਸ਼ਨ ਕਰਦਾ, ਖੀਵਾ ਹੋ ਜਾਂਦਾ।

1849 ਈ ਵਿਚ ਸਿੱਖ ਮਹਾਰਾਜੇ ਦਾ ਰਾਜ ਖਤਮ ਹੋ ਗਿਆ ਤੇ ਹਰਿਮੰਦਰ ਹੁਣ ਬਦੇਸ਼ੀ ਅੰਗਰੇਜ਼ਾਂ ਦੇ ਨਿਰੰਤਣ ਵਿਚ ਚਲਾ ਗਿਆ। ਸ਼ਾਇਦ ਹੀ ਕਿਸੇ ਹੋਰ ਧਾਰਮਿਕ ਅਸਥਾਨ ਨੇ ਇਸ ਕਿਸਮ ਦੀਆਂ ਵਿਪਰੀਤ ਸਥਿਤੀਆਂ ਤੇ ਅਜੀਬੋ ਗਰੀਬ ਰੰਗ ਢੰਗ ਦੇਖੇ ਹੋਣਗੇ ਜਿਹੜੇ ਹਰਿਮੰਦਰ ਦੇ ਹਿਸੇ ਆਏ। ਇਸ ਨੇ ਗੁਰੂਆਂ ਦੀ ਪਵਿੱਤਰਤਾ ਦਾ ਰੰਗ ਮਾਣਿਆ, ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਵਰਗੇ ਸ਼ਰਧਾਲੂਆਂ ਦਾ ਸਤਿਕਾਰ ਹੰਡਾਇਆ। ਮੀਣਿਆਂ ਦੇ ਮਾੜੇ ਮਨਸੂਬਿਆਂ ਵਿਚ ਦਿਨ ਕਟੀ ਕੀਤੀ। ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਵਰਗੇ ਸੂਰਬੀਰਾਂ ਦਾ ਪਿਆਰ ਜੀਵਿਆ। ਮੁਗ਼ਲਾਂ ਦੇ ਬੇਹੂਦਾ ਨਾਚਾਂ ਤੇ ਅਸ਼ਲੀਲ ਮਹਿਫਲਾਂ ਵਿਚ ਵੀ ਗੁਜ਼ਾਰਾ ਕੀਤਾ ਅਤੇ ਨਾਦਰੀ ਤੇ ਅਬਦਾਲੀ ਹਮਲਿਆਂ ਦੀਆਂ ਮਾਰਾਂ ਆਪਣੇ ਪਿੰਡੇ ਤੇ ਸਹੀਆਂ। ਸਿੱਖਾਂ ਦੇ ਚਾਵਾਂ ਤੇ ਅਰਮਾਨਾਂ ਨਾਲ ਗਲਵਕੜੀਆਂ ਪਾਈਆਂ। ਗੋਰਿਆਂ ਦੀਆਂ ਮੱਕਾਰੀ ਚਾਲਾਂ ਦੀ ਰਾਜਨੀਤੀ ਭੋਗੀ। ਅਕਾਲੀਆਂ ਦੇ ਪ੍ਰਤਾਪ ਨੂੰ ਮਾਣਿਆ। ਇੰਦਰਾ ਗਾਂਧੀ ਦੇ ਟੈਂਕਾਂ ਨੂੰ ਆਪਣੀ ਛਾਤੀ ਤੇ ਸਹਾਰਿਆ ਪਰ ਇਤਨਾ ਕੁਝ ਹੋਣ ਦੇ ਬਾਵਜੂਦ ਵੀ ਹਰਿਮੰਦਰ ਨੇ ਹਰ ਆਏ ਗਏ ਦੀਆਂ ਝੋਲੀਆਂ ਖੁਸ਼ੀਆਂ ਨਾਲ ਹੀ ਭਰੀਆਂ। ਇਹ ਹਰਿਮੰਦਰ ਦਾ ਆਪਣਾ ਕਰਮ ਸੀ, ਸੁਚਾ ਬਿਰਦ ਸੀ, ਸਤਪੁਰਸ਼ੀ ਸ਼ੇਵਾ ਸੀ। ਆਖਰ ਅੰਗਰੇਜ਼ ਵਿਰੁਧ ਅਵਾਜ਼ ਬੁਲੰਦ ਕਰ ਕੇ ਸਿੰਘਾਂ ਨੇ 1925 ਈ. ਵਿਚ ਹਰਿਮੰਦਰ ਨੂੰ ਆਪਣੇ ਸਰੀਰ ਤੇ ਸਵਾਸਾਂ ਨਾਲ ਅਭਿੰਨ ਕਰ ਲਿਆ ਅਤੇ ਇਵੇਂ ਹਰਿਮੰਦਰ ਲਈ ਸਚੀ ਸ਼ਾਂਤੀ ਦਾ ਦੌਰ ਹੋਂਦ ਵਿਚ ਆਇਆ ਜਿਹੜਾ ਹੁਣ ਨਿਤ ਨਵੀਂ ਸੱਜ ਧੱਜ ਨਾਲ ਚਲ ਰਿਹਾ ਹੈ ਤੇ ਸ਼ਾਲਾ ਚਲਦਾ ਹੀ ਰਹੇ।

ਹਰਿਮੰਦਰ ਕਿਉਂਕਿ ਸਰਬ ਮਾਨਵਤਾ ਦਾ ਸਾਂਝਾ ਅਸਥਾਨ ਹੈ ਇਸ ਲਈ ਵੱਖ ਵੱਖ ਧਰਮਾਂ, ਇਲਾਕਿਆਂ, ਅਕੀਦਿਆਂ, ਧਾਰਨਾਵਾਂ ਦੇ ਲੋਕਾਂ ਨੇ ਵੱਖ ਵੱਖ ਸਮਿਆਂ ਤੇ ਹਰਿਮੰਦਰ ਨਾਲ ਆਪਣਾ ਪ੍ਰਸਪਰ ਸੰਪਰਕ ਬਣਾਈ ਰਖਿਆ ਭਾਵੇਂ ਉਹ ਸੰਪਰਕ ਜਸ ਦਾ ਹੋਵੇ ਜਾਂ ਅਪਜੱਸ ਦਾ, ਟਹਿਲ ਦਾ ਹੋਵੇ ਜਾਂ ਟੈਂਕਾਂ ਦਾ, ਸ਼ਰਧਾ ਦਾ ਹੋਵੇ ਜਾਂ ਸ਼ਰਾਰਤ ਦਾ, ਸੇਵਾ ਦਾ ਹੋਵੇ ਜਾਂ ਸਵਾਰਥ ਦਾ, ਗੁਰਮਤਿ ਦਾ ਹੋਵੇ ਜਾਂ ਦੁਰਮੱਤ ਦਾ, ਇਨਸਾਨੀਅਤ ਦਾ ਹੋਵੇ ਜਾਂ ਹੈਵਾਨੀਅਤ ਦਾ, ਵਿਸ਼ਵਾਸ਼ਾਂ ਦਾ ਹੋਵੇ ਜਾਂ ਵਿਸਫੋਟਾਂ ਦਾ, ਨਫਾਸਤ ਦਾ ਹੋਵੇ ਜਾਂ ਆਫਤ ਦਾ, ਸਨਮਾਨ ਦਾ ਹੋਵੇ ਜਾਂ ਅਪਮਾਨ ਦਾ।

ਜੋ ਕਿਛੁ ਵਰਤੈ ਸਭ ਤੇਰਾ ਭਾਣਾ॥
ਹੁਕਮੁ ਬੂਝੇ ਸੋ ਸਚਿ ਸਮਾਣਾ॥ ਅੰਗ-193

.53.

ਹਰਿਮੰਦਰ ਨੂੰ ਗੁਰੂ ਸਾਹਿਬਾਨ ਵਲੋਂ ਅਲਵਿਦਾ

ਗੁਰੂ ਅਰਜਨ ਦੇਵ ਸਚੇ ਪਾਤਸ਼ਾਹ ਨੇ ਹਰਿਮੰਦਰ ਦਾ ਨਿਰਮਾਣ ਕਰ ਕੇ ਅਤੇ ਉਸ ਵਿਚ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਮਾਨਵ ਸਮਾਜ ਨੂੰ ਇਕ ਅਜਿਹਾ ਇਲਾਹੀ ਤੀਰਥ ਬਖਸ਼ ਦਿੱਤਾ ਜਿਸ ਵਿਚ ਭਰਾਤਰੀ ਭਾਵ, ਰੱਬੀ ਪਿਆਰ, ਮਾਨਸਿਕ ਤ੍ਰਿਪਤੀ, ਆਤਮਿਕ ਆਨੰਦ ਦਾ ਵਾਤਾਵਰਨ ਹਰ ਵਕਤ ਬਣਿਆ ਰਹਿੰਦਾ ਹੈ। ਇਸ ਪਵਿੱਤਰ ਪ੍ਰੀਸਰ ਵਿਚ ਦਾਖਲ ਹੁੰਦਿਆਂ ਭਟਕੇ ਹੋਏ ਮਨ ਨੂੰ ਇਵੇਂ ਸੁਖ ਸ਼ਾਂਤੀ ਦਾ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਵੇਂ ਕਿਸੇ ਐਸੀ ਭਟਕਦੀ ਮਾਂ ਨੂੰ ਮਿਲਦਾ ਹੋਵੇ ਜਿਸਨੂੰ ਬੜੀ ਦੇਰ ਦਾ ਆਪਣਾ ਇਕਲੌਤਾ ਗਵਾਚਾ ਪੁੱਤਰ ਮਿਲ ਗਿਆ ਹੋਵੇ। ਗੁਰੂ ਅਰਜਨ ਦੇਵ ਤੇ ਉਨ੍ਹਾਂ ਦੇ ਮਹਿਲ ਮਾਤਾ ਗੰਗਾ ਜੀ, ਆਈਆਂ ਸੰਗਤਾਂ ਦੀ ਦੇਖ ਭਾਲ ਖੁਦ ਚਾਈਂ ਚਾਈਂ ਕਰਦੇ, ਲਾਡ ਪਿਆਰ ਕਰਦੇ ਜਿਸ ਕਰਕੇ ਸ਼ਰਧਾਲੂਆਂ ਦਾ ਉਤਸ਼ਾਹ ਵਧਦਾ ਤੇ ਉਹ ਜਿਤਨੇ ਦਿਨ ਹਰਿਮੰਦਰ ਵਿਚ ਰਹਿੰਦੇ ਇਕ ਵਿਸਮਾਦੀ ਆਨੰਦ ਮਾਣਦੇ। ਹਰਿਮੰਦਰ ਦਾ ਸਨੇਹ ਪਿਆਰਾ ਤੇ ਨਿਆਰਾ ਹੀ ਹੁੰਦਾ।

ਪਰ ਕੁਝ ਸਾਲਾਂ ਵਿਚ ਹੀ ਸ਼ਾਂਤੀ ਤੇ ਠੰਡ ਵਰਤਾਣ ਵਾਲੇ ਗੁਰੂ ਅਰਜਨ ਦੇਵ ਪਾਤਸ਼ਾਹ ਨੂੰ ਜਹਾਂਗੀਰ ਦੀ ਸੰਕੀਰਣਤਾ ਕਾਰਨ ਤੱਤੀਆਂ ਤਵੀਆਂ ਤੇ ਚੜ੍ਹ ਕੇ ਆਪਣੀ ਕੁਰਬਾਨੀ ਦੇਣੀ ਪਈ ਤੇ ਉਨ੍ਹਾਂ ਦੇ ਸਪੁਤਰ ਗੁਰੂ ਹਰਿਗੋਬਿੰਦ ਸਾਹਿਬ ਨੇ 1606 ਈ ਨੂੰ ਆਪਣੀ ਗੱਦੀ-ਨਸ਼ੀਨੀ ਦੇ ਸਮੇਂ ਰਵਾਇਤੀ ਸੇਲੀ ਟੋਪੀ ਨੂੰ ਅੰਗੀਕਾਰ ਨਾ ਕੀਤਾ ਅਤੇ ਇਨ੍ਹਾਂ ਵਸਤਾਂ ਨੂੰ ਤੋਸ਼ੇਖਾਨੇ ਵਿੱਚ ਭਿਜਵਾ ਦਿੱਤਾ ਅਤੇ ਆਪਣੀ ਦਸਤਾਰਬੰਦੀ ਕਰਵਾਈ ਜੋ ਬਾਬਾ ਬੁੱਢਾ ਜੀ ਦੇ ਕਰ ਕਮਲਾਂ ਦੁਆਰਾ ਕੀਤੀ ਗਈ। ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਅੰਗੀਕਾਰ ਕਰ ਕੇ ਆਪਣੇ ਸਿੱਖਾਂ ਨੂੰ ਭਗਤੀ ਦੇ ਨਾਲ ਨਾਲ ਸ਼ਕਤੀ ਦਾ ਸਬਕ ਦੇਣਾ ਪ੍ਰਾਰੰਭ ਦਿੱਤਾ ਜਿਸ ਨਾਲ ਮੁਗਲ ਰਾਜ ਤਲਮਲਾ ਉਠਿਆ। ਅਕਬਰ ਦੇ ਜ਼ਮਾਨੇ ਦੀ ਧਾਰਮਿਕ ਫਰਾਖਦਿਲੀ ਦੀ ਨੀਤੀ ਜਹਾਂਗੀਰ ਨੇ ਉਲਟ ਦਿੱਤੀ। ਇਸ ਦਾ ਸਿੱਧਾ ਅਸਰ ਸਿੱਖ ਗੁਰੂ ਸਾਹਿਬਾਨ ਦੀਆਂ ਸਰਗਰਮੀਆਂ ਤੇ ਪਿਆ। ਜਿਥੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਪ੍ਰਾਪਤ ਕਰਨੀ ਪਈ ਉੱਥੇ ਉਨ੍ਹਾਂ ਦੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਮੁਗਲਾਂ ਦੀ ਕੈਦ ਕੱਟਣੀ ਪਈ ਅਤੇ ਕੌਮੀ ਅਣਖ ਨੂੰ ਸੁਰਜੀਤ ਕਰਨ ਹਿਤ ਮੁਗਲ

ਹਾਕਮਾਂ ਵਿਰੁਧ ਜੰਗਾਂ ਵੀ ਲੜਨੀਆਂ ਪਈਆਂ। ਇਤਨੀ ਸ਼ਕਤੀਸ਼ਾਲੀ ਹਕੂਮਤ ਨਾਲ ਲੋਹਾ ਲੈਣ ਲਈ ਕਿਸੇ ਸੁਰੱਖਿਅਤ ਥਾਂ ਦੀ ਭਾਲ ਜ਼ਰੂਰੀ ਬਣ ਗਈ। ਸੰਨ 1634 ਨੂੰ ਮੁਗ਼ਲ ਫੌਜ ਨੂੰ ਭਾਂਜ ਦੇਣ ਤੋਂ ਬਾਅਦ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਸਰਕਾਰ ਕਿਸੇ ਢੁਕਵੇਂ ਸਮੇਂ ਤੇ ਫਿਰ ਹੱਲਾ ਬੋਲ ਸਕਦੀ ਹੈ ਇਸ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਨੂੰ ਛੱਡ ਕੇ ਕੀਰਤਪੁਰ ਦੇ ਜੰਗਲੀ ਤੇ ਨੀਮ ਪਹਾੜੀ ਇਲਾਕੇ ਨੂੰ ਆਪਣੇ ਵਸੇਬੇ ਲਈ ਚੁਣਿਆ। ਕੌਮ ਨੇ ਨਵੇਂ ਦੌਰ ਵਿਚ ਦਾਖਲ ਹੋਣਾ ਸੀ, ਹੱਕ-ਇਨਸਾਫ ਲਈ ਜਾਨ ਦੀ ਬਾਜ਼ੀ ਲਾਣ ਦੀ ਖੇਡ ਖੇਡਣੀ ਸੀ।

ਗੁਰੂ ਜੀ ਦੇ ਇਸ ਫੈਸਲੇ ਨੇ ਅੰਮ੍ਰਿਤਸਰ ਦੇ ਨਾਗਰਿਕਾਂ ਨੂੰ ਚਿੰਤਾ ਵਿਚ ਪਾ ਦਿੱਤਾ। ਹਰਿਮੰਦਰ ਦੇ ਸ਼ਰਧਾਲੂ ਆਪਣੇ ਗੁਰੂ ਤੋਂ ਬਿਨਾਂ ਕਿਵੇਂ ਵਿਚਰਨਗੇ, ਇਹ ਸੋਚ ਕੇ ਸਭ ਗ਼ਮਗੀਨ ਹੋ ਗਏ। ਗੁਰੂ ਸਾਹਿਬ ਨੇ ਸਭ ਨੂੰ ਧੀਰਜ ਦਿੱਤਾ ਤੇ ਫਰਮਾਇਆ ਕਿ ਅਕਾਲਪੁਰਖ ਨੂੰ ਇਵੇਂ ਹੀ ਭਾਵੰਦਾ ਹੈ। ਉਹ ਸਭ ਦੀ ਰਖਿਆ ਕਰੇਗਾ। ਉਨ੍ਹਾਂ ਸੰਗਤਾਂ ਨੂੰ ਸੁਦ੍ਰਿੜ੍ਹ ਕੀਤਾ ਕਿ ਹਰਿਮੰਦਰ ਨਾਲ ਜੁੜੇ ਰਹਿਣ ਨਾਲ ਉਨ੍ਹਾਂ ਨੂੰ ਸੁਖ ਪ੍ਰਾਪਤ ਹੋਵੇਗਾ।

ਸ੍ਰੀ ਸਤਿਗੁਰੂ ਹਰਿਮੰਦਰ ਹੋਇ, ਜਿਸ ਤੇ ਸੁਖ ਪ੍ਰਾਪਤ ਸਭ ਕੋਇ
ਕਲਿਜੁਗ ਮਹਿ ਨਿਹਚਲ ਇਸ ਨੀਵ, ਬੁਰਾ ਜਿ ਚਿਤਵਹਿ ਬਿਨਾਸੀ ਥੀਵ
ਅੰਗ ਸੰਗ ਸਤਿਗੁਰੂ ਸਹਾਇ, ਸਿਰ ਸ਼ਤ੍ਰੂਨਿ ਕੇ ਇਹ ਦਿਪਤਾਇ

(ਹਵਾਲਾ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ 6ਵੀਂ, ਪੰਨਾ-1856)

ਅੰਮ੍ਰਿਤਸਰ ਛਡਣ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਸਮੇਤ ਪਰਿਵਾਰ ਹਰਿਮੰਦਰ ਸਾਹਿਬ ਪਧਾਰੇ। ਸੰਗਤਾਂ ਵਿਚ ਬਿਰਾਜ ਕੇ ਕੀਰਤਨ ਸੁਣਿਆ, ਆਪਣੇ ਮਹਿਲਾਂ ਤੋਂ ਬਣਵਾ ਕੇ ਲਿਆਏ ਕੜਾਹ ਪ੍ਰਸ਼ਾਦ ਨੂੰ ਖੁਦ ਸੰਗਤਾਂ ਵਿਚ ਵਰਤਾਇਆ। ਸਭ ਨੂੰ ਪਿਆਰ ਕੀਤਾ, ਹੌਸਲਾ ਦਿੱਤਾ ਅਤੇ ਇਵੇਂ ਹਰਿਮੰਦਰ ਨੂੰ ਆਪਣੇ ਪਵਿੱਤਰ ਨੇਤਰਾਂ ਨਾਲ ਨਿਹਾਰਦੇ ਹੋਏ ਉਥੋਂ ਅਕਾਲ ਤਖਤ ਤੇ ਪਧਾਰੇ ਤੇ ਫਿਰ ਪ੍ਰਕਰਮਾ ਕਰ ਕੇ ਸੰਗਤਾਂ ਤੋਂ ਆਗਿਆ ਲਈ। ਹਰਿਮੰਦਰ ਨੂੰ ਅਲਵਿਦਾ, ਅਲਵਿਦਾ।

ਇਹ ਸੋਚਦਿਆਂ ਹੋਇਆਂ ਕਿ ਦੁਸ਼ਮਣ ਕਿਧਰੇ ਹਰਿਮੰਦਰ ਨੂੰ ਨੁਕਸਾਨ ਪਹੁੰਚਾਣ ਦੇ ਇਰਾਦੇ ਨਾਲ ਹਮਲਾ ਹੀ ਨਾ ਕਰ ਦੇਵੇ, ਆਦਿ ਗ੍ਰੰਥ ਸਾਹਿਬ ਰੂਪੀ ਮਾਣਕ ਮੋਤੀਆਂ ਦੇ ਖਜ਼ਾਨੇ ਨੂੰ ਵੀ ਉਨ੍ਹਾਂ ਆਪਣੇ ਨਾਲ ਲੈ ਜਾਣਾ ਮੁਨਾਸਬ ਸਮਝਿਆ। ਇਵੇਂ 30 ਸਾਲ ਦੇ ਸੰਖੇਪ ਜਹੇ ਪਰ ਵਿਸਮਾਦੀ ਸਮੇਂ ਮਗਰੋਂ ਮਨੁੱਖੀ ਨਫਰਤ ਨੇ ਸ਼ਬਦ ਰੂਪੀ ਅਕਾਲ ਪੁਰਖ ਨੂੰ ਆਪਣੇ ਸਚਖੰਡ ਵਿਚੋਂ

ਨਿਕਾਲਾ ਦੇ ਦਿੱਤਾ। ਬੜਾ ਭਾਵਪੂਰਕ ਮਾਹੌਲ ਸੀ। ਪਿਆਰਾ ਗੁਰੂ ਜਾ ਰਿਹਾ ਸੀ ਤੇ ਉਸ ਦੇ ਨਾਲ ਸ਼ਬਦ ਰੂਪ ਪ੍ਰਮਾਤਮਾ ਵੀ ਤੁਰ ਚਲਿਆ। ਇਕ ਖਿੰਨ ਪਲ ਦੀ ਜੁਦਾਈ ਨਾ ਸਹਾਰਦੀ ਸੰਗਤ ਨੂੰ ਲੰਮੇ ਵਿਛੋੜੇ ਦੇ ਸਲ੍ਹ ਨੇ ਬੇਹਾਲ ਕਰ ਦਿੱਤਾ। ਗੁਰ ਬਿਲਾਸ ਛੇਵੀਂ ਪਾਤਸ਼ਾਹੀ ਦੇ ਹਵਾਲੇ ਅਨੁਸਾਰ ਆਦਿ ਗ੍ਰੰਥ ਸਾਹਿਬ ਨੂੰ ਮੋਤੀਆਂ ਨਾਲ ਸਜੀ ਪਾਲਕੀ ਵਿਚ ਸੁਭਾਇਮਾਨ ਕਰ ਕੇ ਸੰਗਤਾਂ ਨੇ ਸੇਜਲ ਨੇਤਰਾਂ ਨਾਲ ਵਿਦਾਇਗੀ ਦਿੱਤੀ। ਹਰ ਹਿਰਦਾ ਇਤਨੀ ਵੱਡੀ ਜੁਦਾਈ ਕਾਰਨ ਡੂੰਘੇ ਅਫਸੋਸ ਵਿਚ ਸੀ। ਖੁਸ਼ ਸਨ ਤਾਂ ਪ੍ਰਿਥੀ ਚੰਦ ਦੇ ਪਰਿਵਾਰ ਦੇ ਮੈਂਬਰ ਜਿਨ੍ਹਾਂ ਨੂੰ ਗੁਰੂ ਸਾਹਿਬ ਤੋਂ ਮਗਰੋਂ ਹਰਿਮੰਦਰ ਸਾਹਿਬ ਵਿਚ ਮਨ ਮਰਜ਼ੀਆਂ ਕਰਨ ਦਾ ਅਵਸਰ ਮਿਲ ਜਾਣਾ ਸੀ (ਹਵਾਲਾ ਪੁਸਤਕ 'ਅੰਮ੍ਰਿਤਸਰ' ਪੰਨਾ-8, ਪ੍ਰਕਾਸ਼ਕ ਪੰਜਾਬ ਸਰਕਾਰ, ਲੋਕ ਸੰਪਰਕ ਵਿਭਾਗ ਵਰਸ਼ 1977)।

ਗੁਰੂ ਸਾਹਿਬ ਦੇ ਜਾਣ ਦੀ ਦੇਰ ਸੀ ਕਿ ਪ੍ਰਿਥੀ ਚੰਦ ਦੇ ਪੁੱਤਰ ਸੋਢੀ ਮਿਹਰਬਾਨ ਨੇ ਹਰਿਮੰਦਰ ਸਾਹਿਬ ਤੇ ਆਪਣਾ ਕਬਜ਼ਾ ਜਮਾ ਲਿਆ। ਹੋਣੀ ਦੇ ਕਰਤਵ ਦੇਖੋ ਕਿ ਗੁਰੂ ਦੇ ਦੋਖੀ, ਗੁਰੂ ਘਰ ਦੇ ਦੋਖੀ, ਹਰਿਮੰਦਰ ਦੇ ਦੋਖੀ ਸਭ ਕੁਝ ਦੇ ਮਾਲਕ ਬਣ ਬੈਠੇ ਅਤੇ ਅਗਲੇ 65 ਸਾਲ ਉਨ੍ਹਾਂ ਨੇ ਆਪਣੀਆਂ ਚੰਮ ਦੀਆਂ ਚਲਾਈਆਂ। ਗੁਰੂ ਹਰਿ ਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਜਾ ਵਸੇ ਤੇ 3 ਮਾਰਚ 1644 ਈ. ਨੂੰ ਜੋਤੀ ਜੋਤ ਸਮਾ ਗਏ। ਉਨ੍ਹਾਂ ਤੋਂ ਮਗਰੋਂ ਸਤਵੇਂ, ਅਠਵੇਂ ਤੇ ਦਸਵੇਂ ਪਾਤਸ਼ਾਹ ਦਰਬਾਰ ਸਾਹਿਬ ਨਾ ਆ ਸਕੇ। 1651 ਈ. ਨੂੰ ਗੁਰੂ ਹਰਿ ਰਾਏ ਸਾਹਿਬ ਕੁਝ ਦੇਰ ਲਈ ਦੀਵਾਲੀ ਦੇ ਅਵਸਰ ਤੇ ਦਰਸ਼ਨਾਂ ਵਾਸਤੇ ਪਧਾਰੇ ਪਰ ਜਲਦੀ ਹੀ ਵਾਪਸ ਕੀਰਤਪੁਰ ਸਾਹਿਬ ਚਲੇ ਗਏ। ਗੁਰੂ ਤੇਗ ਬਹਾਦਰ ਸਾਹਿਬ ਇਕ ਵਾਰੀ ਦਰਸ਼ਨਾਂ ਲਈ ਦਰਬਾਰ ਸਾਹਿਬ ਆਏ ਪਰ ਮੀਣੇ ਹਰਿ ਜੀ ਨੇ ਦਰਸ਼ਨੀ ਡਿਉਡੀ ਦੇ ਕਵਾੜ ਬੰਦ ਕਰਵਾ ਦਿੱਤੇ ਤੇ ਆਪ ਕਿਧਰੇ ਖਿਸਕ ਗਿਆ। ਗੁਰੂ ਸਾਹਿਬ ਨੇ ਕੁਝ ਚਿਰ ਉਡੀਕ ਕੀਤੀ ਪਰ ਉਸ ਕਿੱਥੋਂ ਆਉਣਾ ਸੀ। ਮਾੜੀ ਨੀਅਤ ਉਸ ਤੇ ਹਾਵੀ ਰਹੀ। ਗੁਰੂ ਸਾਹਿਬ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਸ਼ਹਿਰ ਛੱਡ ਗਏ। ਇਵੇਂ ਹਰਿਮੰਦਰ ਸਾਹਿਬ ਨੂੰ ਕੇਵਲ ਤੇ ਕੇਵਲ 30 ਸਾਲ ਲਈ ਹੀ ਦੋ ਗੁਰੂ ਸਾਹਿਬਾਨ ਦਾ ਪਵਿੱਤਰ ਸਪਰਸ਼ ਪ੍ਰਾਪਤ ਹੋਇਆ। ਇਸ ਤੋਂ ਮਗਰੋਂ ਫਿਰ ਜੁਦਾਈ ਦੀਆਂ ਘੜੀਆਂ ਇਤਨੀਆਂ ਲੰਮੀਆਂ ਹੋ ਗਈਆਂ ਕਿ ਮੁਕਣ ਵਿਚ ਨਾ ਆਈਆਂ। ਹਰਿਮੰਦਰ ਦੀ ਆਤਮਾ ਗੁਰੂ ਪਾਤਸ਼ਾਹਾਂ ਦੇ ਦਰਸ਼ਨਾਂ ਲਈ ਤਾਂਘਦੀ ਹੀ ਰਹੀ। ਉਦੋਂ ਤਕ ਤਾਂਘਦੀ ਰਹੀ ਜਦ ਤਕ ਸ਼ਬਦ ਰੂਪ ਗੁਰੂ ਗ੍ਰੰਥ ਸਾਹਿਬ ਦੋਬਾਰਾ ਆਪਣੇ ਨਿਜ ਧਾਮ ਹਰਿਮੰਦਰ ਵਿਚ ਨਾ ਪਧਾਰੇ। ਜਦ ਵਸਲ ਹੋਇਆ ਤਾਂ ਗੂੰਜਾਂ ਸੁਣਾਈ ਦਿੱਤੀਆਂ:

ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ॥
ਮੋਤੀ ਹੀਰਾ ਨਿਰਮਲਾ ਕੰਚਨ (ਸੋਨੇ ਦੇ) ਕੋਟ ਰੀਸਾਲ॥ ਅੰਗ-17

ਇਤਨਾ ਜ਼ਰੂਰ ਹੈ ਕਿ ਜਿਸ ਮੁਗਲ ਬਾਦਸ਼ਾਹ ਸ਼ਾਹਜਹਾਨ ਦੀ ਕਟੜਤਾ ਕਾਰਨ 1634 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਨੂੰ ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਛੱਡਣਾ ਪਿਆ ਉਸ ਸ਼ਾਹਜਹਾਨ ਨੂੰ ਵੀ ਜੀਂਦੇ ਜੀ ਆਪਣੇ ਤਖਤ ਤੋਂ ਬੇਦਖਲ ਹੋ ਕੇ ਕੈਦ, ਜ਼ਿਲਤ (ਬੇਇਜ਼ਤੀ) ਤੇ ਸਖਤ ਦੁਸ਼ਵਾਰੀ ਦੀ ਹਾਲਤ ਵਿਚ ਆਪਣੀ ਆਖਰੀ ਉਮਰ ਆਗਰੇ ਦੇ ਕਿਲ੍ਹੇ ਵਿਚ ਭੁਖੇ ਤਿਹਾਏ ਕਟਣੀ ਪਈ ਤੇ ਤਾਜ ਮਹਲ ਨੂੰ ਦੇਖਣ ਤੋਂ ਉਹ ਤਰਸਦਾ ਰਿਹਾ ਜਿਥੇ ਉਸ ਦੇ ਪਿਆਰ ਦੀ ਮੂਰਤ ਉਸਦੀ ਬੀਵੀ ਮਲਕਾ ਮੁਮਤਾਜ਼ ਮਹਲ ਦਫਨ ਸੀ। ਪਾਣੀ ਦੇ ਇਕ ਇਕ ਗਲਾਸ ਤੋਂ ਸਹਿਕਦਾ ਆਪਣੀ ਕਿਸਮਤ ਨੂੰ ਕੋਸਦਿਆਂ ਹੋਇਆਂ ਉਸਨੇ ਆਪਣੇ ਪੁੱਤਰ ਔਰੰਗਜ਼ੇਬ ਨੂੰ ਇੱਥੇ ਤਕ ਕਹਿ ਦਿੱਤਾ ਕਿ ਤੇਰੇ ਨਾਲੋਂ ਤਾਂ ਹਿੰਦੂ ਹਜ਼ਾਰ ਦਰਜੇ ਚੰਗੇ ਹਨ ਜੋ ਆਪਣੇ ਮਰਿਆਂ ਹੋਇਆਂ ਪਿਤਰਾਂ ਨੂੰ ਪਵਿੱਤਰ ਜਲ ਭੇਜਦੇ ਰਹਿੰਦੇ ਹਨ ਜਦਕਿ ਤੂੰ ਆਪਣੇ ਜੀਂਦੇ ਪਿਓ ਦੀ ਬਾਦਸ਼ਾਹੀ ਲੁੱਟ ਕੇ ਵੀ ਉਸਨੂੰ ਕੈਦ ਕਰ ਰਖਿਆ ਹੈ ਤੇ ਉਸਨੂੰ ਪੀਣ ਲਈ ਇਕ ਗਲਾਸ ਪਾਣੀ ਦੇਣ ਵਿਚ ਵੀ ਆਨਾ ਬਹਾਨਾ ਕਰਦਾ ਏਂ। ਸ਼ਾਹ ਜਹਾਨ ਦਾ ਇਹ ਗਿਲਾ ਪੁੱਤਰ ਲਈ ਤਾਂ ਜਾਇਜ਼ ਹੋ ਸਕਦਾ ਹੈ ਪਰ ਸ਼ਾਇਦ ਉਸਨੂੰ ਭੁਲ ਗਿਆ ਕਿ ਉਸਨੇ ਵੀ ਸੁੱਚੀਆਂ ਆਤਮਾਵਾਂ ਨੂੰ ਨਾਹੱਕ ਸਤਾਇਆ ਹੈ ਤੇ ਆਖਰੀ ਉਮਰ ਵਿੱਚ ਕਿਲ੍ਹੇ ਵਿੱਚ ਡਕਿਆ ਹੋਇਆ ਉਸਦਾ ਫਲ ਹੀ ਭੋਗ ਰਿਹਾ ਹੈ। ਪਰ ਇਸ ਤਰ੍ਹਾਂ ਦੀ ਸਥਿਤੀ ਵਿਚੋਂ ਵਿਚਰਦਿਆਂ ਸ਼ਾਇਦ ਉਸ ਨੂੰ ਇਤਨੀ ਗੱਲ ਤਾਂ ਸਮਝ ਆ ਹੀ ਗਈ ਹੋਵੇਗੀ ਕਿ ਜੋ ਦੂਜਿਆਂ ਲਈ ਟੋਏ ਪੁਟਦਾ ਹੈ ਉਸ ਦੇ ਆਪਣੇ ਲਈ ਖੱਡੇ ਤਿਆਰ ਹੁੰਦੇ ਹਨ ਇਸ ਲਈ ਬੁਰਾ ਕਰਨ ਜਾਂ ਬੁਰਾ ਚਿਤਵਣ ਨਾਲੋਂ ਕਿਸੇ ਨਾਲ ਚੰਗਾ ਕਰਨਾ ਬਹੁਤ ਚੰਗੀ ਗੱਲ ਹੈ ਅਤੇ ਇਕ ਰਾਜੇ, ਇਕ ਸ਼ਾਸਕ, ਇਕ ਅਧਿਕਾਰੀ ਨੂੰ ਇਹੀ ਸ਼ੋਭਦਾ ਹੈ ਕਿ ਜੇਕਰ ਉਸਦੀ ਸਮਰਥਾ ਵਿੱਚ ਆਉਂਦਾ ਹੈ ਤਾਂ ਉਹ ਆਪਣੀ ਤਾਕਤ ਜਾਂ ਪ੍ਰਭਾਵ ਦੀ ਵਰਤੋਂ ਮਾਨਵਤਾ ਦੇ ਭਲੇ ਲਈ ਹੀ ਕਰੇ ਤਾਕਿ ਸਰਬੱਤ ਦੇ ਭਲੇ ਦੀ ਗੱਲ ਅੱਗੇ ਵਧ ਸਕੇ। ਹਰਿਮੰਦਰ ਸਾਨੂੰ ਨਿਸ਼ਕਾਮ ਸੇਵਾ ਦਵਾਰਾ ਸਭ ਨਾਲ ਭਲਾ ਕਰਨਾ ਹੀ ਸਿਖਾਉਂਦਾ ਹੈ।

'ਕਰ ਭਲਾ, ਹੋਸੀ ਭਲਾ
ਅੰਤ ਭਲੇ ਦਾ ਭਲਾ'

.54.

ਹਰਿਮੰਦਰ ਸਾਹਿਬ ਦੀ ਦਿਨ ਕਿਰਿਆ

ਹਰਿਮੰਦਰ ਵਿਚ ਹਰ ਸਮੇਂ ਇਲਾਹੀ ਬਖ਼ਸ਼ਿਸ਼ਾਂ ਦੀ ਵਰਸ਼ਾ ਹੁੰਦੀ ਰਹਿੰਦੀ ਹੈ। ਇਸ ਲਈ ਦਿਨ ਹੋਵੇ ਜਾਂ ਰਾਤ, ਹਰ ਸਮੇਂ ਪ੍ਰੇਮੀ ਜਨ ਹਰਿਮੰਦਰ ਸਾਹਿਬ ਵਿਖੇ ਪਹੁੰਚ ਕੇ ਅਨੰਤ ਖੇੜਾ ਅਨੁਭਵ ਕਰਦੇ ਹੀ ਰਹਿੰਦੇ ਹਨ। ਹਰਿਮੰਦਰ ਹਰ ਸਮੇਂ ਹਰ ਕਿਸੇ ਨੂੰ ਖਿੜੇ ਮੱਥੇ ਝਲਦਾ ਹੈ, ਪਿਆਰ ਕਰਦਾ ਹੈ, ਹੌਸਲਾ ਬਖ਼ਸ਼ਦਾ ਹੈ, ਅਸੀਸਾਂ ਤੇ ਬਖਸ਼ਿਸ਼ਾਂ ਨਾਲ ਮਾਲਾ ਮਾਲ ਕਰਦਾ ਹੈ ਅਤੇ ਨਾਮ ਦੀ ਵੱਡਮੁੱਲੀ ਦਾਤ ਨਾਲ ਸਰਸ਼ਾਰ ਕਰਦਾ ਰਹਿੰਦਾ ਹੈ। ਦਿਨ ਦੀ ਚਕਾਚੌਂਧ ਰੌਸ਼ਨੀ ਹੋਵੇ ਜਾਂ ਰਾਤ ਦੀ ਮਿੱਠੀ ਨਿੰਮੀ ਚਾਨਣੀ, ਹਰਿਮੰਦਰ ਦਾ ਜਲਓ ਹਮੇਸ਼ਾ ਅਦਭੁਤ ਨਜ਼ਾਰਾ ਪੇਸ਼ ਕਰਦਾ ਰਹਿੰਦਾ ਹੈ। ਇਸਦੇ ਦਰਸ਼ਨਾਂ ਨਾਲ ਦਿਲ ਨੂੰ ਤਸਕੀਨ ਮਿਲਦੀ ਹੈ, ਇਸਦੀ ਸੇਵਾ ਨਾਲ ਮਨ ਨੂੰ ਸ਼ਾਂਤੀ ਪ੍ਰਦਾਨ ਹੁੰਦੀ ਹੈ ਤੇ ਇਸਦੇ ਗੁਰਬਾਣੀ ਬਚਨਾਂ ਨਾਲ ਆਤਮਿਕ ਰਸ ਪ੍ਰਾਪਤ ਹੁੰਦਾ ਹੈ। ਇਵੇਂ ਹਰਿਮੰਦਰ ਸਾਹਿਬ ਵਿਚ ਹਰ ਅਭਿਲਾਸ਼ੀ ਦੀ ਹਰ ਸਮੇਂ ਸਰਬਪੱਖੀ ਤਰਿਪਤੀ ਦੀ ਅਵਸਥਾ ਬਣੀ ਰਹਿੰਦੀ ਹੈ।

ਹਰਿਮੰਦਰ ਕਦੇ ਬੰਦ ਨਹੀਂ ਹੁੰਦਾ, ਕਦੇ ਸੌਂਦਾ ਨਹੀਂ, ਨਿਤ ਨਵਾਂ ਨਕੋਰ, ਪਵਿੱਤਰ ਪੁਨੀਤ, ਖੁਸ਼ੀਆਂ ਖੇੜੇ ਵੰਡਦਾ ਅੰਮ੍ਰਿਤ ਸਰੋਵਰ ਵਿਚ ਸੁਭਾਇਮਾਨ ਆਪਣਾ ਪ੍ਰਤਾਪੀ ਨੂਰ ਬਖੇਰਦਾ ਹੀ ਦਿਸਦਾ ਹੈ। ਇਸਦੇ ਦਰਸ਼ਨਾਂ ਲਈ ਗਿਆ ਹਰ ਸ਼ਰਧਾਲੂ ਇਸਦੀ ਗੋਦ ਵਿੱਚ ਬੈਠ ਕੇ ਆਤਮਿਕ ਹੁਲਾਰੇ ਮਾਣਨ ਲਗ ਜਾਂਦਾ ਹੈ ਅਤੇ ਨਿਹਾਲ ਨਿਹਾਲ ਹੋ ਜਾਂਦਾ ਹੈ।

ਗਰਮੀਆਂ ਵਿਚ ਅੰਮ੍ਰਿਤ ਵੇਲੇ ਦੋ ਵਜੇ ਦਰਸ਼ਨੀ ਡਿਓਡੀ ਦੇ ਕਵਾੜ ਸੰਗਤਾਂ ਦੇ ਦਰਸ਼ਨ ਦੀਦਾਰਿਆਂ ਲਈ ਖੁਲ੍ਹ ਜਾਂਦੇ ਹਨ। ਪਰ ਇਸ ਤੋਂ ਪਹਿਲੇ ਹੀ ਦਰਸ਼ਨ ਕਰਨ ਵਾਲੀਆਂ ਸੰਗਤਾਂ ਮੁਖ ਕਵਾੜ ਅੱਗੇ ਬੈਠ ਕੇ ਸੁਖਮਨੀ ਸਾਹਿਬ ਦਾ ਪਾਠ ਕਰਦੀਆਂ ਹਨ ਤੇ ਕਵਾੜ ਖੁੱਲ੍ਹਣ ਤੋਂ ਤਕਰੀਬਨ 10 ਮਿੰਟ ਪਹਿਲੇ ਦਰਸਨ ਦੀਜੈ ਖੋਲਿ ਕਿਵਾਰ ਦਾ ਸ਼ਬਦ ਅਲਾਪਦੀਆਂ ਦਰਸ਼ਨਾਂ ਦੀ ਤਾਂਘ ਦੁਹਰਾਂਦੀਆਂ ਹਨ। ਜਦ ਐਨ ਨਿਸਚਤ ਸਮੇਂ ਤੇ ਦਰਸ਼ਨੀ ਡਿਓਡੀ ਦੇ ਕਵਾੜ ਖੁਲ੍ਹਦੇ ਹਨ ਤਾਂ ਹਰਿਮੰਦਰ ਸਾਹਿਬ ਦੇ ਅੰਦਰ ਪਹਿਲੇ ਹੀ ਪਾਸ ਲੈ ਕੇ ਗਈਆਂ ਸੰਗਤਾਂ, ਹਰਿਮੰਦਰ ਸਾਹਿਬ ਨੂੰ ਦੁੱਧ ਅਤੇ ਹਰਿ ਕੀ ਪਉੜੀ ਦੇ ਪਵਿੱਤਰ ਜਲ ਨਾਲ ਇਸ਼ਨਾਨ ਕਰਵਾ ਕੇ, ਸੁੱਚੇ ਤੌਲੀਆਂ ਨਾਲ ਪੂੰਝ ਸੁਕਾ ਕੇ, ਉੱਤੇ ਨਵੀਂ ਵਿਛਾਈ ਕਰਵਾ ਕੇ, ਗੁਰੂ ਮਹਾਰਾਜ ਲਈ ਨਿਸ਼ਚਤ ਸਥਾਨ ਉੱਤੇ ਚੰਦੋਆ ਸਾਹਿਬ ਤੇ ਹੋਰ ਚਾਦਰਾਂ ਆਦਿ ਬਦਲਾ ਕੇ, ਅਤਰ ਫਲੇਲ ਛਿੜਕ ਕੇ ਉਸਨੂੰ ਸਜਾਅ ਚੁਕੀਆਂ ਹੁੰਦੀਆਂ ਹਨ। ਇਸ ਸੇਵਾ ਲਈ ਆਮ ਦਿਨਾਂ ਵਿਚ

ਡੇਢ ਸੌ ਤੋਂ ਪੌਣੇ ਦੋ ਸੌ ਸੇਵਾਦਾਰ ਅਤੇ ਗੁਰਪੁਰਬਾਂ ਦੇ ਮੌਕਿਆਂ ਤੇ ਤਕਰੀਬਨ 5 ਸੌ ਸੇਵਾਦਾਰ ਨਿਸ਼ਕਾਮ ਸੇਵਾ ਵਿਚ ਜੁਟਦੇ ਹਨ ਤੇ 30 ਕਿਲੋ ਦੁਧ ਹਰਿਮੰਦਰ ਸਾਹਿਬ ਦੀ ਧੋ-ਧਵਾਈ ਲਈ ਵਰਤੋਂ ਵਿਚ ਲਿਆਇਆ ਜਾਂਦਾ ਹੈ। ਜਿਥੇ ਤਕ ਚੰਦੋਆ ਸਾਹਿਬ ਦਾ ਸਬੰਧ ਹੈ ਉਹ ਪਹਿਲੇ ਤਾਂ ਹਫ਼ਤੇ ਵਿਚ ਦੋ ਵਾਰੀ, ਬੁਧਵਾਰ ਤੇ ਸ਼ੁਕਰਵਾਰ ਨੂੰ ਬਦਲਿਆ ਜਾਂਦਾ ਸੀ, ਪਰ ਹੁਣ ਹਰ ਰੋਜ਼ ਦਰਸ਼ਨੀ ਰੁਮਾਲਿਆਂ ਦੇ ਨਾਲ ਚੰਦੋਆ ਸਾਹਿਬ ਨੂੰ ਵੀ ਬਦਲਿਆ ਜਾਂਦਾ ਹੈ। ਸਾਰੀ ਤਿਆਰੀ ਤੋਂ ਮਗਰੋਂ ਜਿਉਂ ਹੀ ਸੰਗਤਾਂ ਦਰਬਾਰ ਸਾਹਿਬ ਅੰਦਰ ਪ੍ਰਵੇਸ਼ ਕਰਕੇ ਸਥਾਨ ਗ੍ਰਹਿਣ ਕਰਦੀਆਂ ਹਨ ਉਸੇ ਸਮੇਂ 'ਪ੍ਰੇਮ ਦੀ ਚੌਕੀ' ਦਾ ਇਕ ਘੰਟੇ ਲਈ ਰਸਭਿੰਨਾ ਕੀਰਤਨ ਅਰੰਭ ਹੋ ਜਾਂਦਾ ਹੈ। ਇਹ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ। ਹਰ ਪਾਸੇ ਆਨੰਦ ਹੀ ਆਨੰਦ। ਹਰ ਮਨ ਦੁਨੀਆਂ ਦੇ ਝਮੇਲਿਆਂ ਤੋਂ ਬੇਨਿਆਜ਼ ਸ਼ਾਂਤ ਰੂਪ ਵਿਚ ਟਿਕਿਆ ਹੋਇਆ। ਇਹੀ ਸਮਝੋ ਕਿ ਬਦੋ ਬਦੀ ਮਨ ਟਿਕਣ ਦੀਆਂ ਇਹ ਪਵਿੱਤਰ ਘੜੀਆਂ ਹੁੰਦੀਆਂ ਹਨ। ਇਸ ਕੀਰਤਨ ਨੂੰ ਲਾਊਡ ਸਪੀਕਰ ਤੇ ਪਰਸਾਰਤ ਨਹੀਂ ਕੀਤਾ ਜਾਂਦਾ।

ਇਕ ਘੰਟੇ ਦੇ ਇਸ ਕੀਰਤਨ ਮਗਰੋਂ ਨਵਾਂ ਰਾਗੀ ਜੱਥਾ ਆਸਾ ਦੀ ਵਾਰ ਦਾ ਕੀਰਤਨ ਪ੍ਰਾਰੰਭ ਕਰ ਦੇਂਦਾ ਹੈ ਤੇ ਲਾਊਡ ਸਪੀਕਰ ਵੀ ਚਾਲੂ ਕਰ ਦਿੱਤੇ ਜਾਂਦੇ ਹਨ। ਇਕ ਘੰਟੇ ਦੇ ਕੀਰਤਨ ਉਪਰੰਤ ਉਧਰ ਅਕਾਲ ਤਖਤ ਸਾਹਿਬ ਵਿਖੇ ਸਥਿਤ ਕੋਠਾ ਸਾਹਿਬ ਜਿਸ ਨੂੰ ਸ਼ੁਰੂ ਸ਼ੁਰੂ ਵਿੱਚ ਪੰਚਮ ਪਾਤਸ਼ਾਹ ਨੇ ਆਪਣੀ ਰਿਹਾਇਸ਼ ਲਈ ਬਣਵਾਇਆ ਸੀ, ਤੋਂ ਸੁਨਹਿਰੀ ਪਾਲਕੀ ਵਿਚ ਗੁਰੂ ਮਹਾਰਾਜ ਦਾ ਸਰੂਪ ਨਗਾਰੇ ਦੀ ਚੋਟ ਨਾਲ ਤੇ ਸ਼ਬਦਾਂ ਦੇ ਗਾਇਨ ਦੁਆਰਾ ਦਰਸ਼ਨੀ ਡਿਉਡੀ ਤਕ ਲਿਆਇਆ ਜਾਂਦਾ ਹੈ ਅਤੇ ਗਰਮੀਆਂ ਵਿਚ ਸਵੇਰੇ 4 ਵਜੇ ਦੇ ਕਰੀਬ ਅਤੇ ਸਰਦੀਆਂ ਵਿਚ 5 ਵਜੇ ਦੇ ਕਰੀਬ ਪਾਲਕੀ ਸਾਹਿਬ ਹਰਿਮੰਦਰ ਸਾਹਿਬ ਪੁਜਦੀ ਹੈ। ਗ੍ਰੰਥੀ ਸਾਹਿਬ ਆਪਣੇ ਸੀਸ ਤੇ ਗੁਰੂ ਸਾਹਿਬ ਦੇ ਸਰੂਪ ਨੂੰ ਸ਼ਸ਼ੋਭਤ ਕਰਕੇ ਪਰਕਾਸ਼ ਅਸਥਾਨ ਤਕ ਲੈ ਕੇ ਆਉਂਦੇ ਹਨ। ਹਰਿਮੰਦਰ ਸਾਹਿਬ ਵਿਚ ਸਜੀਆਂ ਸਾਰੀਆਂ ਸੰਗਤਾਂ ਸਤਿਕਾਰ ਵਿਚ ਖੜੀਆਂ ਹੋ ਜਾਂਦੀਆਂ ਹਨ ਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਲਗ ਪੈਂਦੀਆਂ ਹਨ। ਇਤਨੇ ਨੂੰ ਗੁਰੂ ਸਾਹਿਬ ਦੇ ਸਰੂਪ ਨੂੰ ਪਰਕਾਸ਼ ਕਰਨ ਦੀ ਕਾਰਵਾਈ ਪ੍ਰਾਰੰਭ ਹੋ ਜਾਂਦੀ ਹੈ ਤੇ ਕੁਝ ਸਿੰਘ ਵਾਰੋ ਵਾਰੀ ਉਸਤਤੀ ਦੇ ਸਵਈਏ ਪੜ੍ਹਦੇ ਹਨ। ਇਸ ਤੋਂ ਮਗਰੋਂ ਹੁਕਮਨਾਮਾ ਲਿਆ ਜਾਂਦਾ ਹੈ ਜਿਸਦੀ ਸੰਗਤਾਂ ਨੂੰ ਉਡੀਕ ਹੁੰਦੀ ਹੈ ਤੇ ਜਿਸ ਦੇ ਸਰਵਣ ਕਰਨ ਨਾਲ ਇਕ ਸਿੱਖ ਦਾ ਦਿਨ ਸ਼ੁਰੂ ਹੁੰਦਾ ਹੈ। ਹੁਕਮਨਾਮੇ ਤੋਂ ਲਗਪਗ 15,20 ਮਿੰਟਾਂ ਤੋਂ ਮਗਰੋਂ ਆਨੰਦ ਸਾਹਿਬ ਦੀਆਂ 6 ਪਉੜੀਆਂ ਦਾ ਕੀਰਤਨ ਰੂਪ ਵਿਚ ਪਾਠ ਹੁੰਦਾ ਹੈ ਤੇ ਇਸ ਤੋਂ ਮਗਰੋਂ ਅਰਦਾਸਾ ਕੀਤਾ ਜਾਂਦਾ ਹੈ ਅਤੇ ਸਾਰੀਆਂ ਬੈਠੀਆਂ ਸੰਗਤਾਂ ਵਿਚ

ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ। (ਹਰਿਮੰਦਰ ਸਾਹਿਬ ਵਿਚ ਸਾਰੇ ਦਿਨ ਵਿੱਚ 6 ਅਰਦਾਸਾਂ ਹੁੰਦੀਆਂ ਹਨ।) ਅਰਦਾਸੇ ਤੋਂ ਮਗਰੋਂ ਆਸਾ ਦੀ ਵਾਰ ਦਾ ਕੀਰਤਨ ਚਲਦਾ ਰਹਿੰਦਾ ਹੈ ਜਿਸਦੀ ਸਮਾਪਤੀ ਗਰਮੀਆਂ ਵਿਚ 6.30 ਵਜੇ ਸਵੇਰੇ ਹੁੰਦੀ ਹੈ ਤੇ ਉਸ ਤੋਂ ਮਗਰੋਂ ਦੂਜੀ ਵਾਰੀ ਅਰਦਾਸ ਹੁੰਦੀ ਹੈ ਤੇ ਹੁਕਮਨਾਮਾ ਲਿਆ ਜਾਂਦਾ ਹੈ। ਇਹ ਹੁਕਮਨਾਮਾ ਉਹੀ ਹੁੰਦਾ ਹੈ ਜੋ ਪਹਿਲੇ ਅੰਮ੍ਰਿਤ ਵੇਲੇ ਆਇਆ ਹੁੰਦਾ ਹੈ। ਆਸਾ ਦੀ ਵਾਰ ਦੇ ਕੀਰਤਨ ਦੀ ਸੰਪੰਨਤਾ ਤੇ ਸਾਰੀ ਰਾਤ ਜਗਣ ਵਾਲੀ ਜੋਤ ਨੂੰ ਬੁਝਾ ਦਿੱਤਾ ਜਾਂਦਾ ਹੈ।

ਇਸ ਤੋਂ ਮਗਰੋਂ ਸਾਰਾ ਦਿਨ ਵੱਖ ਵੱਖ ਕੀਰਤਨੀ ਜਥੇ ਕੀਰਤਨ ਰੂਪੀ ਚੌਂਕੀਆਂ ਵਿਚ ਕੀਰਤਨ ਦੀ ਸੇਵਾ ਕਰਦੇ ਰਹਿੰਦੇ ਹਨ ਜੋ ਨਿਰੰਤਰ ਚਲਦਾ ਰਹਿੰਦਾ ਹੈ। 12 ਵਜੇ ਤੀਜੀ ਅਰਦਾਸ ਹੁੰਦੀ ਹੈ ਤੇ ਉਸ ਤੋਂ ਮਗਰੋਂ ਫਿਰ ਕੀਰਤਨ ਦਾ ਪ੍ਰਵਾਹ ਚਲ ਪੈਂਦਾ ਹੈ। ਤਿੰਨ ਵਜੇ ਚੌਥੀ ਅਰਦਾਸ ਹੁੰਦੀ ਹੈ ਤੇ ਗਰਮੀਆਂ ਵਿਚ ਇਸ ਤੋਂ ਮਗਰੋਂ ਦਿਨ ਛਿਪਣ ਤਕ ਤਿੰਨ ਹੋਰ ਚੌਂਕੀਆਂ ਕੀਰਤਨ ਕਰਦੀਆਂ ਹਨ। ਸ਼ਾਮ ਨੂੰ ਸੂਰਜ ਛਿਪਦੇ ਸਾਰ ਹੀ ਰਹਿਰਾਸ ਸਾਹਿਬ ਦਾ ਪਾਠ ਗੁਰੂ ਮਹਾਰਾਜ ਦੀ ਤਾਬਿਆ ਵਿਚ ਬੈਠਿਆ ਗ੍ਰੰਥੀ ਸਿੰਘ ਕਰਦਾ ਹੈ। ਇਸ ਸਮੇਂ ਦਰਬਾਰ ਸਾਹਿਬ ਵਿਚ ਪਈ ਵਿਸ਼ੇਸ਼ ਜੋਤ ਜਗਾਈ ਜਾਂਦੀ ਹੈ ਜੋ ਇਕ ਜਾਲੀਦਾਰ ਕੱਪੜੇ ਨਾਲ ਢਕੀ ਹੁੰਦੀ ਹੈ। ਇਸ ਤੋਂ ਪਹਿਲੇ ਕਿਸੇ ਹੋਰ ਪ੍ਰਸੰਗ ਵਿੱਚ ਲਿਖਿਆ ਜਾ ਚੁੱਕਾ ਹੈ ਕਿ ਰਹਿਰਾਸ ਸਾਹਿਬ ਦੇ ਪਾਠ ਦੀ ਸਮਾਪਤੀ ਤੋਂ ਮਗਰੋਂ ਪੰਜਵੀਂ ਅਰਦਾਸ ਹੁੰਦੀ ਹੈ। ਇਸ ਉਪਰੰਤ ਆਰਤੀ ਦੇ ਸ਼ਬਦ ਪੜ੍ਹੇ ਜਾਂਦੇ ਹਨ। ਇਸ ਚੌਂਕੀ ਦਾ ਨਾਂ ਆਰਤੀ ਦੀ ਚੌਂਕੀ ਹੈ। ਇਸ ਉਪਰੰਤ ਫਿਰ ਕੀਰਤਨ ਸ਼ੁਰੂ ਹੋ ਜਾਂਦਾ ਹੈ। ਇਸ ਦੌਰਾਨ ਬਾਬਾ ਬੁੱਢਾ ਜੀ ਵਲੋਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਤਿਕਾਰ ਵਿਚ ਪ੍ਰਾਰੰਭ ਕੀਤੀ ਚੌਂਕੀ ਸਾਰੀ ਪ੍ਰਕਰਮਾ ਦੀ ਪ੍ਰਕਰਮਾ ਕਰਨ ਉਪਰੰਤ ਦਰਬਾਰ ਸਾਹਿਬ ਦੇ ਸਾਹਮਣੇ ਦੇ ਮੁਖ ਪਰਵੇਸ਼ ਦਵਾਰ ਤੇ ਪਹੁੰਚ ਜਾਂਦੀ ਹੈ। ਇਸ ਸਮੇਂ ਕੁਝ ਮਿੰਟਾਂ ਲਈ ਅੰਦਰਲਾ ਕੀਰਤਨ ਬੰਦ ਹੋ ਜਾਂਦਾ ਹੈ ਅਤੇ ਚੌਂਕੀ ਨਾਲ ਸਬੰਧਤ ਅਰਦਾਸੀਆ ਬਾਹਰ ਦਰਵਾਜ਼ੇ ਅੱਗੇ ਖੜ੍ਹ ਕੇ ਹੀ ਸੰਖੇਪ ਅਰਦਾਸਾ ਕਰਦਾ ਹੈ ਤੇ ਮਗਰੋਂ ਪਰਸ਼ਾਦ ਵੰਡਦਾ ਹੈ। ਇਸ ਉਪਰੰਤ ਅੰਦਰ ਫਿਰ ਕੀਰਤਨ ਸ਼ੁਰੂ ਹੋ ਜਾਂਦਾ ਹੈ ਜੋ ਰਾਤ ਤਕਰੀਬਨ 10 ਵਜੇ ਤਕ ਚਲਦਾ ਰਹਿੰਦਾ ਹੈ। ਇਸ ਦੌਰਾਨ ਇਕ ਹੋਰ ਗਸ਼ਤੀ ਚੌਂਕੀ ਦਰਬਾਰ ਸਾਹਿਬ ਦੀ ਵੱਡੀ ਪ੍ਰਕਰਮਾ ਕਰਨ ਉਪਰੰਤ ਛੋਟੀ ਪਰਕਰਮਾ ਕਰਦੀ ਹੈ ਪਰ ਉਸ ਸਮੇਂ ਅੰਦਰ ਹੋ ਰਿਹਾ ਕੀਰਤਨ ਬਾਕਾਇਦਗੀ ਨਾਲ ਚਲਦਾ ਰਹਿੰਦਾ ਹੈ। ਕੀਰਤਨ ਤੋਂ ਮਗਰੋਂ ਉਸ ਦਿਨ ਦੇ ਦੀਵਾਨ ਦੀ ਸਮਾਪਤੀ ਤੋਂ ਪਹਿਲੇ ਅੰਤਮ ਹੁਕਮਨਾਮਾ ਲਿਆ ਜਾਂਦਾ ਹੈ ਅਤੇ ਗੁਰੂ ਸਾਹਿਬ ਦੇ ਸਰੂਪ ਦਾ ਸੁਖ ਆਸਨ ਕਰਦੇ ਸਮੇਂ ਕੀਰਤਨ ਸੋਹਲੇ ਦਾ ਪਾਠ ਕੀਤਾ ਜਾਂਦਾ ਹੈ, ਅਰਦਾਸਾ ਸੋਧ ਕੇ ਗੁਰੂ ਮਹਾਰਾਜ ਦੇ ਸਰੂਪ ਨੂੰ ਪਾਲਕੀ ਸਾਹਿਬ ਵਿਚ ਸੁਭਾਇਮਾਨ ਕਰਕੇ ਬੜੀ ਸ਼ਰਧਾ ਤੇ ਸ਼ਬਦਾਂ

ਦੇ ਗਾਇਨ ਸਹਿਤ ਕੋਠਾ ਸਾਹਿਬ ਲਿਜਾਇਆ ਜਾਂਦਾ ਹੈ। ਇਹ ਨਜ਼ਾਰਾ ਵੀ ਦੇਖਣ ਵਾਲਾ ਹੁੰਦਾ ਹੈ, ਬੜਾ ਅਲੌਕਿਕ, ਬੜਾ ਰਮਣੀਕ, ਬੜਾ ਸੁਹਾਵਣਾ ਤੇ ਬਹੁਤ ਹੀ ਜ਼ਾਬਤਾਬੱਧ। ਸਾਢੇ ਦਸ ਵਜੇ ਤੱਕ ਗੁਰੂ ਸਾਹਿਬ ਦਾ ਸਰੂਪ ਅਕਾਲ ਤਖਤ ਵਿਖੇ ਸਥਿਤ ਕੋਠਾ ਸਾਹਿਬ ਵਿਖੇ ਆਰਾਮ ਲਈ ਪਹੁੰਚ ਜਾਂਦਾ ਹੈ ਤੇ ਸੰਗਤਾਂ ਫਤਿਹ ਬੁਲਾ ਕੇ ਵਿਦਾ ਹੁੰਦੀਆਂ ਹਨ।

ਰਾਤ 10 ਵਜੇ ਤੋਂ ਲੈ ਕੇ ਅੰਮ੍ਰਿਤ ਵੇਲੇ 2 ਵਜੇ ਤਕ ਹਰਿਮੰਦਰ ਆਮ ਸੰਗਤਾਂ ਲਈ ਜ਼ਰੂਰ ਬੰਦ ਹੁੰਦਾ ਹੈ ਪਰ ਉੱਥੇ ਘਟੋ ਘਟ ਦੋ ਅਖੰਡ ਪਾਠ ਸਾਹਿਬ ਹਰ ਸਮੇਂ ਚਲਦੇ ਹੀ ਰਹਿੰਦੇ ਹਨ। ਰਾਤ ਗੁਰੂ ਗ੍ਰੰਥ ਸਾਹਿਬ ਦੀ ਅਸਵਾਰੀ ਜਾਣ ਉਪਰੰਤ ਪ੍ਰੇਮੀ ਜਨ ਸਤਿਨਾਮ ਵਾਹਿਗੁਰੂ ਦੀ ਧੁਨੀ ਸਹਿਤ ਹਰਿਮੰਦਰ ਸਾਹਿਬ ਦੀ ਪੂਰਨ ਸੁਕੀ ਸਫਾਈ ਦਾ ਕਾਰਜ ਇਕ ਘੰਟੇ ਲਈ ਕਰਦੇ ਹਨ। ਇਸ਼ਨਾਨ ਤੇ ਵਿਛਾਈਆਂ ਕਰਨ ਉਪਰੰਤ ਗੁਰੂ ਸਾਹਿਬ ਜੀ ਦਾ ਸਿੰਘਾਸਨ ਸਜਾਇਆ ਜਾਂਦਾ ਹੈ ਜਿਸ ਨਾਲ ਸਾਰੀ ਤਿਆਰੀ ਸੰਪੰਨ ਸਮਝੀ ਜਾਂਦੀ ਹੈ। ਸ਼ੁਕਰਾਨੇ ਵਜੋਂ ਅਰਦਾਸ ਹੁੰਦੀ ਹੈ, ਕੜਾਹ ਪਰਸ਼ਾਦ ਵਰਤਾਇਆ ਜਾਂਦਾ ਹੈ ਅਤੇ ਇਸ ਕਿਰਿਆ ਦੇ ਕਰਨ ਨਾਲ ਹੀ ਕਵਾੜ ਖੁਲ੍ਹਣ ਦਾ ਸਮਾਂ ਆ ਜਾਂਦਾ ਹੈ ਤੇ ਸੰਗਤਾਂ ਦੇ ਪਰਵੇਸ਼ ਕਰਦੇ ਹੀ ਪ੍ਰੇਮ ਦੀ ਪ੍ਰਥਮ ਚੌਂਕੀ ਜਿਸਨੂੰ ਤਿੰਨ ਪਹਿਰੇ ਦੀ ਚੌਂਕੀ ਵੀ ਕਿਹਾ ਜਾਂਦਾ ਹੈ, ਦਾ ਕੀਰਤਨ ਪ੍ਰਾਰੰਭ ਹੋ ਜਾਂਦਾ ਹੈ।

ਇਹ ਹੈ ਸੰਖੇਪ ਵਿਚ ਹਰਿਮੰਦਰ ਸਾਹਿਬ ਦੀ ਇਕ ਦਿਨ ਭਾਵ 24 ਘੰਟੇ ਦੀ ਮਰਿਆਦਾ, ਜਿਹੜੀ ਸੁਚਮਤਾ ਨਾਲ ਭਰੀ ਹੈ ਤੇ ਅਦਭੁਤ ਸ਼ਰਧਾ ਦਾ ਇਕ ਬੇਹਤਰੀਨ ਨਮੂਨਾ ਹੈ। ਜਿਹੜੀ ਸੁਭਾਗੀ ਸੰਗਤ ਰਾਤ ਦੀ ਸਫਾਈ ਦੀ ਸੇਵਾ ਨਿਭਾਉਂਦੀ ਹੈ ਉਹ ਵੱਡੇ ਭਾਗਾਂ ਵਾਲੀ ਹੈ। ਕਿਸੇ ਨਾ ਕਿਸੇ ਰੂਪ ਵਿਚ ਹਰ ਸਮੇਂ ਹਰਿਮੰਦਰ ਸਾਹਿਬ ਵਿਚ ਸੇਵਾ ਦਾ ਪਰਵਾਹ ਚਲਦਾ ਹੀ ਰਹਿੰਦਾ ਹੈ ਜਿਸ ਵਿਚ ਜਲ ਛਕਾਉਣ ਦੀ ਸੇਵਾ ਦਾ ਵੀ ਆਪਣਾ ਹੀ ਸਥਾਨ ਤੇ ਇਤਿਹਾਸ ਹੈ। ਇਸਦੇ ਨਾਲ ਨਾਲ ਅੰਮ੍ਰਿਤ ਵੇਲੇ ਤੇ ਦੁਪਹਿਰ ਸਮੇਂ ਸੰਗਤਾਂ ਵੱਡੀ ਪ੍ਰਕਰਮਾ ਨੂੰ ਵੀ ਖੁਲ੍ਹਾ ਇਸ਼ਨਾਨ ਕਰਵਾਂਦੀਆਂ ਤੇ ਸੁਕਾਂਦੀਆਂ ਹਨ ਤਾਂ ਕਿ ਸਵੱਛਤਾ ਤੇ ਸਫਾਈ ਹਰ ਵਕਤ ਬਣੀ ਰਹੇ। ਇਨ੍ਹਾਂ ਸਾਰੀਆਂ ਨਿਸ਼ਕਾਮੀ ਸੇਵਾਵਾਂ ਸਦਕਾ ਸਮੁੱਚਾ ਹਰਿਮੰਦਰ ਪਰੀਸਰ ਹਰ ਸਮੇਂ ਸਚਖੰਡੀ ਨਜ਼ਾਰਾ ਪੇਸ਼ ਕਰਦਾ ਹੈ ਤੇ ਹਰ ਦਰਸ਼ਕ ਤੇ ਸ਼ਰਧਾਲੂ ਦਾ ਮਨ ਮੋਹ ਲੈਂਦਾ ਹੈ।

ਹਰੀ ਦਾ ਇਹ ਮੰਦਰ ਹੈ, ਸੁਹਣਾ ਵੀ ਜ਼ਰੂਰ ਹੈ।
ਹਰ ਸਿੱਖ ਨੂੰ, ਇਸ ਤੇ ਪਿਆਰ ਤੇ ਗ਼ਰੂਰ ਹੈ।
ਅੰਦਰ ਸ਼ਬਦ ਗੁਰੂ ਰੂਪ ਸਜਿਆ ਹਜ਼ੂਰ ਹੈ।
ਉਹ ਵੀ ਨੂਰੋ ਨੂਰ ਹੈ, ਤੇ ਮਾਹੌਲ ਪੁਰ-ਨੂਰ ਹੈ।

ਸੁਖਿੰਦਰਪਾਲ ਸਿੰਘ ਅਲੱਗ

.55.

ਹਰਿਮੰਦਰ ਸਾਹਿਬ ਵਿੱਚ ਪ੍ਰਚਲਤ ਗਸ਼ਤੀ ਚੌਂਕੀਆਂ

ਹਰਿਮੰਦਰ ਸਾਹਿਬ ਵਿਖੇ ਰਾਗੀ ਸਿੰਘ ਸਤਿਗੁਰਾਂ ਦੀ ਹਜ਼ੂਰੀ ਵਿੱਚ ਬੈਠ ਕੇ ਸਾਰਾ ਦਿਨ ਕੀਰਤਨ ਕਰਦੇ ਹਨ, ਅਕਾਲ ਉਸਤਤ ਵਿਚ ਗੁਰਬਾਣੀ ਗਾਇਨ ਕਰਦੇ ਹਨ। ਇਸ ਤੋਂ ਇਲਾਵਾ ਇਕ ਦਿਨ ਵਿਚ ਪੰਜ ਸ਼ਬਦੀ ਜਥੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੇ ਕਰਦੇ ਸ਼ਬਦ ਗਾਇਨ ਕਰਦੇ ਹਰਿਮੰਦਰ ਸਾਹਿਬ ਦੀ ਫੇਰੀ ਲਗਾਉਂਦੇ ਹਨ। ਇਨ੍ਹਾਂ ਨੂੰ ਗਸ਼ਤੀ ਚੌਂਕੀਆਂ ਕਿਹਾ ਜਾਂਦਾ ਹੈ। ਇਹ ਪੰਜ ਚੌਂਕੀਆਂ ਕਾਫੀ ਸਮੇਂ ਤੋਂ ਪੂਰੇ ਨੇਮ ਨਾਲ ਹਰ ਰੋਜ਼ ਨਿਸ਼ਚਤ ਸਮੇਂ ਤੇ ਚੜ੍ਹਦੀਆਂ ਹਨ ਤੇ ਮੀਂਹ, ਹਨੇਰੀ, ਗਰਮੀ, ਸਰਦੀ ਕਾਰਨ ਇਨ੍ਹਾਂ ਦੇ ਪ੍ਰੋਗਰਾਮਾਂ ਵਿਚ ਕੋਈ ਵਿਘਨ ਨਹੀਂ ਪੈਂਦਾ।

ਪ੍ਰਥਮ ਚੌਂਕੀ ਬੜੀ ਇਤਿਹਾਸਕ ਮਹਤੱਤਾ ਰਖਦੀ ਹੈ ਕਿਉਂਕਿ ਇਸ ਨਾਲ ਗੁਰ ਇਤਿਹਾਸ ਜੁੜਿਆ ਹੋਇਆ ਹੈ ਜੋ ਸੰਖੇਪ ਵਿਚ ਇਵੇਂ ਹੈ। ਜਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਹਾਂਗੀਰ ਬਾਦਸ਼ਾਹ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਤਾਂ ਹਰਿਮੰਦਰ ਸਾਹਿਬ ਦੀਆਂ ਸੰਗਤਾਂ ਉਨ੍ਹਾਂ ਦੀ ਯਾਦ ਵਿਚ ਬੇਹਬਲ ਹੋ ਗਈਆਂ। ਕਈ ਉਤਸ਼ਾਹੀ ਸ਼ਰਧਾਲੂ ਸਜਣ ਅੰਮ੍ਰਿਤਸਰ ਤੋਂ ਗਵਾਲੀਅਰ ਦੇ ਕਿਲ੍ਹੇ ਤਕ ਗੁਰਬਾਣੀ ਗਾਉਂਦੇ ਜਾਣ ਲਗ ਪਏ। ਬਾਬਾ ਬੁੱਢਾ ਜੀ ਨੇ ਵੀ ਸਤਿਗੁਰਾਂ ਦੇ ਗਵਾਲੀਅਰ ਦੇ ਕਿਲ੍ਹੇ ਵਿੱਚ ਜਾ ਕੇ ਦਰਸ਼ਨ ਕੀਤੇ। ਜੇਕਰ ਦਰਸ਼ਨਾਂ ਨੂੰ ਗਈਆਂ ਸੰਗਤਾਂ ਨੂੰ ਗਵਾਲੀਅਰ ਪਹੁੰਚ ਕੇ ਸਤਿਗੁਰਾਂ ਦੇ ਦਰਸ਼ਨ ਨਾ ਕਰਨ ਦਿੱਤੇ ਜਾਂਦੇ ਤਾਂ ਉਹ ਗਵਾਲੀਅਰ ਕਿਲ੍ਹੇ ਦੇ ਬਾਹਰ ਹੀ ਉੱਚੀ ਉੱਚੀ ਕੀਰਤਨ ਕਰਦੀਆਂ ਤੇ ਸਤਿਗੁਰਾਂ ਨੂੰ ਇਵੇਂ ਆਪਣਾ ਸਤਿਕਾਰ ਅਰਪਤ ਕਰਕੇ ਪਰਤਦੀਆਂ। ਉਸ ਸਮੇਂ ਦਾ ਸਮਕਾਲੀ ਮੁਸਲਮਾਨ ਇਤਿਹਾਸਕਾਰ ਮੁਹਸਨ ਫਾਨੀ ਵੀ ਇਸ ਗੱਲ ਦਾ ਜ਼ਿਕਰ ਆਪਣੀ ਪੁਸਤਕ ਦਬਿਸਤਾਨ-ਏ-ਮਜ਼ਾਹਿਬ ਵਿਚ ਕਰਦਾ ਹੈ। ਜਦ ਬਾਬਾ ਬੁੱਢਾ ਜੀ ਸੰਗਤਾਂ ਦੇ ਭਾਰੀ ਇਕੱਠ ਨਾਲ ਕੀਰਤਨ ਕਰਦੇ ਗਵਾਲੀਅਰ ਗਏ ਤਾਂ ਰਸਤੇ ਦੀਆਂ ਸੰਗਤਾਂ ਵਿਚ ਵੀ ਵੱਡਾ ਉਤਸ਼ਾਹ ਪੈਦਾ ਹੋਇਆ। ਵਾਪਸੀ ਤੇ ਅੰਮ੍ਰਿਤਸਰ ਆ ਕੇ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਦੀ ਯਾਦ ਤੇ ਸਨਮਾਨ ਵਿਚ ਇਹ ਗਸ਼ਤੀ ਚੌਂਕੀ ਪ੍ਰਾਰੰਭ ਕੀਤੀ ਜਿਸ ਵਿਚ ਸੰਗਤਾਂ ਹੁੰਮ ਹੁਮਾ ਕੇ ਸ਼ਾਮਲ ਹੁੰਦੀਆਂ ਤੇ ਕੀਰਤਨ ਜਸ ਨਾਲ ਆਪਣੇ ਗੁਰੂ ਨੂੰ ਯਾਦ ਕਰਦੀਆਂ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੀਆਂ। ਇਹ ਚੌਂਕੀ ਉਸ ਸਮੇਂ ਦੀ ਸ਼ੁਰੂ ਹੋਈ ਹੋਈ ਹੈ ਤੇ ਹਾਲਾਤਾਂ

ਨੂੰ ਦੇਖਦਿਆਂ ਹੋਇਆਂ ਅਜ ਤਕ ਆਪਣੇ ਆਪ ਨੂੰ ਕਾਇਮ ਰਖ ਰਹੀ ਹੈ। ਇਹ ਚੌਂਕੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਰਹਿਰਾਸ ਸਾਹਿਬ ਦੇ ਭੋਗ ਪੈਣ ਤੇ ਉਥੋਂ ਅਰੰਭ ਹੋ ਕੇ ਸਾਰੀ ਪ੍ਰਕਰਮਾ ਕਰਕੇ ਹਰਿਮੰਦਰ ਸਾਹਿਬ ਵਿਖੇ ਛੋਟੀ ਪ੍ਰਕਰਮਾ ਵਿਚ ਅਰਦਾਸ ਕਰਕੇ ਸੰਪੰਨ ਹੁੰਦੀ ਹੈ। ਇਸ ਚੌਂਕੀ ਵਿਚ ਕੁਝ ਗਿਣੇ ਮਿੱਥੇ ਵਿਅਕਤੀ ਹਰ ਰੋਜ਼ ਹੁੰਦੇ ਹਨ ਤੇ ਕੁਝ ਚੁਣੇ ਹੋਏ ਸ਼ਬਦ ਹੀ ਉਹ ਰੋਜ਼ਾਨਾ ਪੜ੍ਹਦੇ ਹਨ। ਅੱਧੇ ਸਜਣ ਅੱਗੇ ਅੱਗੇ ਇਕ ਸ਼ਬਦ ਪੜ੍ਹਦੇ ਹਨ ਤੇ ਪਿੱਛੇ ਆ ਰਹੇ ਬਾਕੀ ਸਜਣ ਉਸੇ ਪੰਗਤੀ ਨੂੰ ਦੁਹਰਾਂਦੇ ਹਨ। ਕੁਝ ਭੋਲੇ ਭਾਲੇ ਜਾਂ ਅਗਿਆਨੀ ਦਰਸ਼ਕ ਚੌਂਕੀ ਦੇ ਸਰਬਰਾਹ ਦੇ ਪੈਰਾਂ ਤੇ ਅੱਗੇ ਹੋ ਕੇ ਮੱਥਾ ਵੀ ਟੇਕ ਦੇਂਦੇ ਹਨ ਜੋ ਕੇ ਪੂਰੀ ਤਰ੍ਹਾਂ ਮਨ ਮਤ ਹੈ, ਅਵੱਗਿਆ ਹੈ ਅਤੇ ਪਵਿੱਤਰ ਹਰਿਮੰਦਰ ਦਾ ਅਪਮਾਨ ਕਰਨ ਦੇ ਤੁਲ ਹੈ ਕਿਉਂਕਿ ਗੁਰੂ ਦੇ ਸਿੱਖ ਨੇ ਜੇਕਰ ਕਿਧਰੇ ਵੀ ਮੱਥਾ ਟੇਕਣਾ ਹੈ ਤਾਂ ਉਸਨੇ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਟੇਕਣਾ ਹੈ, ਹੋਰ ਕਿਸੇ ਅੱਗੇ ਨਹੀਂ।

ਇਸ ਚੌਂਕੀ ਬਾਰੇ ਇਵੇਂ ਵੀ ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਸੰਗਤਾਂ ਬਹੁਤ ਬੇਬ੍ਹਲ ਹੋ ਗਈਆਂ ਅਤੇ ਪਰੇਸ਼ਾਨ ਰਹਿਣ ਲਗ ਪਈਆਂ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਨ੍ਹਾਂ ਦਾ ਮਨੋਬਲ ਉੱਚਾ ਕਰਨ ਲਈ ਉਨ੍ਹਾਂ ਨੂੰ ਸ਼ਬਦ ਗਾਇਨ ਕਰਦਿਆਂ ਹਰਿਮੰਦਰ ਸਾਹਿਬ ਦੇ ਇਰਦ ਗਿਰਦ ਪਰਕਰਮਾ ਕਰਨ ਵੱਲ ਪਰੇਰਿਆ ਅਤੇ ਸੰਗਤਾਂ ਨੂੰ ਉਤਸ਼ਾਹਤ ਕਰਨ ਹਿਤ ਉਹ ਖੁਦ ਵੀ ਚੌਂਕੀ ਵਿੱਚ ਹਾਜ਼ਰੀ ਲਗਵਾਉਂਦੇ।

ਜਦ ਇਹ ਚੌਂਕੀ ਸੰਪੰਨ ਹੋ ਜਾਂਦੀ ਹੈ ਤਾਂ ਦੋ ਹੋਰ ਚੌਂਕੀਆਂ ਅਗੜ ਪਿਛੜ ਚੜ੍ਹਦੀਆਂ ਹਨ ਜਿਨ੍ਹਾਂ ਦਾ ਇਤਿਹਾਸ 1830 ਈ ਤਕ ਪਿੱਛੇ ਜਾ ਅਪੜਦਾ ਹੈ ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਤੇ ਹਰਿਮੰਦਰ ਸਾਹਿਬ ਦੀ ਆਨ ਸ਼ਾਨ ਆਪਣੇ ਸਿਖਰਾਂ ਤੇ ਸੀ। ਇਨ੍ਹਾਂ ਚੌਂਕੀਆਂ ਦਾ ਇਤਿਹਾਸਕ ਪੱਖ ਤਾਂ ਕੋਈ ਖਾਸ ਨਹੀਂ ਪਰ ਹੁਣ ਇਹ ਹਰਿਮੰਦਰ ਪਰੀਸਰ ਦੀ ਮਰਿਆਦਾ ਦਾ ਇਕ ਹਿੱਸਾ ਜ਼ਰੂਰ ਬਣ ਗਈਆਂ ਹਨ ਜਿਨ੍ਹਾਂ ਤੋਂ ਹਰਿਮੰਦਰ ਸਾਹਿਬ ਪ੍ਰਤੀ ਪੁਰਾਤਨ ਸਿੱਖਾਂ ਦੇ ਪਿਆਰ ਤੇ ਉਮਾਹ ਦੀ ਝਲਕ ਪੈਂਦੀ ਹੈ। ਇਨ੍ਹਾਂ 1830 ਈ: ਨੂੰ ਸ਼ੁਰੂ ਹੋਈਆਂ ਚੌਂਕੀਆਂ ਨੂੰ ਪ੍ਰਾਰੰਭ ਕਰਨ ਵਾਲੇ ਸ਼ਰਧਾਲੂ ਸਿੰਘ ਭਾਈ ਘਨਈਆ ਸਿੰਘ ਸਨ।

ਅੰਮ੍ਰਿਤ ਵੇਲੇ ਜਦ ਗੁਰੂ ਮਹਾਰਾਜ ਦੀ ਸਵਾਰੀ ਹਰਿਮੰਦਰ ਸਾਹਿਬ ਵਿਚ ਸੁਭਾਇਮਾਨ ਹੋ ਜਾਂਦੀ ਹੈ ਉਸ ਸਮੇਂ ਵੀ ਇਕ ਚੌਂਕੀ ਦਰਬਾਰ ਸਾਹਿਬ ਦੀ ਪ੍ਰਕਰਮਾ ਕਰਦੀ ਹੋਈ ਦਰਸ਼ਨੀ ਡਿਉਡੀ ਤੇ ਆ ਕੇ ਨਮਸਕਾਰ ਕਰਦੀ ਹੈ। ਗਿਆਨੀ ਕਿਰਪਾਲ ਸਿੰਘ ਹੋਰਾਂ ਦੀ ਪੁਸਤਕ 'ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਵਿਚ ਦੱਸੇ ਅਨੁਸਾਰ ਇਹ ਚੌਂਕੀ 1905 ਈ. ਵਿਚ ਭਾਈ ਨਰੈਣ ਸਿੰਘ ਨੇ ਪ੍ਰਾਰੰਭ ਕੀਤੀ ਸੀ।

ਉਕਤ ਚੌਂਕੀ ਦੇ ਨਕਸ਼ੇ ਕਦਮ ਤੇ ਚਲਦਿਆਂ ਹੋਇਆਂ 1910 ਈ. ਵਿਚ ਭਾਈ ਸੰਤ ਸਿੰਘ ਨੇ ਇਕ ਹੋਰ ਚੌਂਕੀ ਅਰੰਭ ਕੀਤੀ ਜੋ ਆਸਾ ਕੀ ਵਾਰ ਤੋਂ ਮਗਰੋਂ ਹੁਕਮਨਾਮਾ ਲਏ ਜਾਣ ਉਪਰੰਤ ਚੜ੍ਹਦੀ ਹੈ ਤੇ ਹਰਿਮੰਦਰ ਸਾਹਿਬ ਦੀ ਵੱਡੀ ਪ੍ਰਕਰਮਾ ਕਰਦੀ ਹੈ।

ਉਕਤ ਚੌਂਕੀਆਂ ਤੋਂ ਇਲਾਵਾ ਕੁਝ ਹੋਰ ਚੌਂਕੀਆਂ ਵੀ ਹਰਿਮੰਦਰ ਪਰੀਸਰ ਤੋਂ ਪ੍ਰਾਰੰਭ ਹੁੰਦੀਆਂ ਹਨ ਅਤੇ ਉਨ੍ਹਾਂ ਵਿੱਚ ਸੰਗਤਾਂ ਸਾਰੀ ਰਾਤ ਕੀਰਤਨ ਕਰਦੀਆਂ ਕਰਦੀਆਂ ਅੰਮ੍ਰਿਤ ਵੇਲੇ ਤਰਨ ਤਾਰਨ ਸਾਹਿਬ ਜਾ ਹਾਜ਼ਰੀ ਲਵਾਉਂਦੀਆਂ ਹਨ। ਇਸੇ ਤਰ੍ਹਾਂ ਇਕ ਹੋਰ ਚੌਂਕੀ ਅਕਾਲ ਤਖ਼ਤ ਸਾਹਿਬ ਤੋਂ ਸ਼ੁਰੂ ਹੋ ਕੇ ਅੰਮ੍ਰਿਤ ਵੇਲੇ ਗੋਇੰਦਵਾਲ ਸਾਹਿਬ ਪਹੁੰਚਦੀ ਹੈ। ਪਹਿਲੀ ਚੌਂਕੀ ਮੱਸਿਆ ਤੇ ਅਤੇ ਦੂਜੀ ਪੁੰਨਿਆ ਤੇ ਨਿਕਲਦੀ ਹੈ ਪਰ ਅੱਜ ਕੱਲ੍ਹ ਜ਼ਿੰਦਗੀ ਦੇ ਵਧਰੇ ਰੁਝੇਵਿਆਂ ਕਾਰਨ ਇਨ੍ਹਾਂ ਦੋਨੋਂ ਚੌਂਕੀਆਂ ਦੇ ਪਰਚਰਣ ਵਿੱਚ ਪਹਿਲੇ ਵਰਗੀ ਉਦਮਸ਼ੀਲਤਾ ਨਹੀਂ ਰਹੀ।

ਸੰਖੇਪ ਵਿੱਚ ਇਨ੍ਹਾਂ ਸਾਰੀਆਂ ਚੌਂਕੀਆਂ ਦਾ ਮੰਤਵ ਧਰਮ ਦੀ ਚੇਤਨਾ ਉਭਾਰਨਾ, ਯਾਤਰੂਆਂ ਨੂੰ ਸਤਰਕ ਰਖਣਾ, ਗੁਰਬਾਣੀ ਦੀ ਮਹਿਮਾ ਚਲਦਿਆਂ, ਫਿਰਦਿਆਂ, ਉਠਦਿਆਂ ਬੈਠਦਿਆਂ ਦਰਸਾਉਣਾ ਹੈ। ਮਨੋਰਥ ਬਹੁਤ ਚੰਗਾ ਹੈ ਜੋ ਅਜ ਵੀ ਉਪਯੋਗੀ ਹੈ ਤੇ ਇਨ੍ਹਾਂ ਚੌਂਕੀਆਂ ਤੋਂ ਪ੍ਰੇਰਨਾ ਲੈ ਕੇ ਅਜ ਕਲ ਥਾਂ ਥਾਂ ਤੇ ਗੁਰੂ ਸਾਹਿਬਾਨ ਦੇ ਗੁਰਪੁਰਬਾਂ ਦੇ ਨੇੜੇ ਤੇੜੇ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਨਿਰੋਲ ਕੀਰਤਨ ਹੀ ਹੁੰਦਾ ਹੈ ਅਤੇ ਸੰਗਤਾਂ ਵੱਖ ਵੱਖ ਇਲਾਕਿਆਂ ਵਿਚ ਅੰਮ੍ਰਿਤ ਵੇਲੇ ਕੀਰਤਨ ਕਰਦੀਆਂ ਲੰਘਦੀਆਂ ਹੋਈਆਂ ਅਵੇਸਲੇ ਮਨਾਂ ਨੂੰ ਧਰਮ ਕਰਮ ਵਲ ਰੁਚਤ ਹੋਣ ਦੀ ਸੁਤੇ ਸਿਧ ਪ੍ਰੇਰਨਾ ਬਖ਼ਸ਼ਦੀਆਂ ਹਨ। ਇਹ ਆਪਣੇ ਆਪ ਵਿਚ ਇਕ ਸੁੱਚਾ ਕਰਮ ਹੈ ਜੋ ਫਿਜ਼ਾ ਨੂੰ ਪਵਿੱਤਰ ਬਣਾਂਦਾ ਹੈ ਤੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ। ਮਨੁੱਖ ਅੰਮ੍ਰਿਤ ਵੇਲੇ ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸ਼ਰੀਕ ਹੋਣ ਲਈ ਜਾਂ ਇਨ੍ਹਾਂ ਦੇ ਦਰਸ਼ਨ ਕਰਨ ਲਈ ਜਦ ਆਪਣੀ ਨੀਂਦ ਨੂੰ ਤਿਲਾਂਜਲੀ ਦੇਂਦਾ ਹੈ ਤਾਂ ਨੀਂਦ ਦੇ ਗ਼ਲਬੇ ਵਿੱਚੋਂ ਕੱਢੇ ਇਨ੍ਹਾਂ ਪਲਾਂ ਨੂੰ ਸਹਿਜ ਸੁਭਾਏ ਹੀ ਧਰਮ ਕਰਮ ਵਿੱਚ ਸਰਫ ਕਰਕੇ ਆਪਣੇ ਜੀਵਨ ਨੂੰ ਆਤਮਿਕ ਪੱਖੋਂ ਵਧ ਸਵੱਛ ਤੇ ਸ਼ਕਤੀਸ਼ਾਲੀ ਬਣਾਉਣ ਦੇ ਉਦਮ ਵਿੱਚ ਪੈ ਜਾਂਦਾ ਹੈ ਅਤੇ ਹੋ ਸਕਦਾ ਹੈ ਕਿ ਉਸ ਨੂੰ ਇਸ ਤਰ੍ਹਾਂ ਅੰਮ੍ਰਿਤ ਵੇਲੇ ਉਠ ਕੇ ਆਪਣਾ ਇਹ ਦੁਰਲਭ ਅੰਮ੍ਰਿਤ ਵੇਲਾ ਸੰਭਾਲਣ ਦੀ ਸੋਝੀ ਹੀ ਹੋ ਜਾਵੇ। ਇਸ ਤਰ੍ਹਾਂ ਹਰਿਮੰਦਰ ਸਾਹਿਬ ਦੀ ਇਸ ਦੇਣ ਨੂੰ ਵੀ ਵਿਸ਼ਵ ਸਮਾਜ ਨੇਕ ਭਾਵਨਾਵਾਂ ਨਾਲ ਗ੍ਰਹਿਣ ਕਰਕੇ ਆਪਣੀਆਂ ਪਰੇਸ਼ਾਨੀਆਂ, ਆਪਣੇ ਤਨਾਵਾਂ ਤੇ ਆਪਣੀਆਂ ਸਮੱਸਿਆਵਾਂ ਨੂੰ ਠੱਲ੍ਹ ਪਾ ਸਕਦਾ ਹੈ ਅਤੇ ਆਪਣੇ ਜੀਵਨ ਨੂੰ ਸਹੀ ਮਾਰਗ ਤੇ ਤੋਰ ਕੇ ਸਫਲ ਬਣਾ ਸਕਦਾ ਹੈ।

.56.

ਹਰਿਮੰਦਰ ਪਰੀਸਰ ਵਿੱਚ ਦੋ ਕੇਸਰੀ ਨਿਸ਼ਾਨ ਸਾਹਿਬ

ਨਿਸ਼ਾਨ ਸਾਹਿਬ ਜੀਂਦੀਆਂ ਜਾਗਦੀਆਂ ਕੌਮਾਂ ਦੇ ਸਨਮਾਨ ਜਨਕ ਪਹਿਚਾਨ ਚਿੰਨ੍ਹ ਹੁੰਦੇ ਹਨ। ਇਹ ਧਾਰਮਿਕ ਗੌਰਵ, ਕੌਮੀ ਮਾਣ ਤੇ ਤੇਜੱਸਵੀ ਇਤਿਹਾਸ ਨੂੰ ਉਭਾਰਦੇ ਹਨ। ਇਤਿਹਾਸਕਾਰ ਮੰਨਦੇ ਹਨ ਕਿ ਜਦ ਗੁਰੂ ਹਰਿਗੋਬਿੰਦ ਸਾਹਿਬ ਨੇ 1609 ਈ. ਵਿਚ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਸਾਹਿਬ ਦੀ ਸਿਰਜਨਾ ਕੀਤੀ ਤਾਂ ਉਸ ਅਸਥਾਨ ਦੇ ਗੌਰਵ ਨੂੰ ਦੇਖਦਿਆਂ ਹੋਇਆਂ ਉਸਨੂੰ ਕੇਸਰੀ ਨਿਸ਼ਾਨ ਸਾਹਿਬ ਪ੍ਰਦਾਨ ਕਰਕੇ ਸਜਾਇਆ। ਪ੍ਰਾਚੀਨ ਪੰਥ ਪਰਕਾਸ਼ ਵਿਚ ਦਸੇ ਅਨੁਸਾਰ ਖਾਲਸੇ ਦਾ ਕੇਸਰੀ ਨਿਸ਼ਾਨ ਸਾਹਿਬ ਗੁਰੂ ਨਾਨਕ ਸਾਹਿਬ ਨੇ ਸਚਖੰਡ ਵਿਚ ਝੂਲਦਾ ਵੇਖਿਆ ਜਿਥੋਂ ਇਹ ਲਿਆਂਦਾ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦ 1699 ਈ. ਨੂੰ ਖਾਲਸਾ ਸਾਜਿਆ ਤਾਂ ਨਿਸ਼ਾਨ ਸਾਹਿਬ ਦੇ ਲਹਿਰਾਂਦੇ ਫਰ੍ਹੇ ਵਿਚ ਖੰਡੇ ਦਾ ਚਿੰਨ੍ਹ ਵੀ ਸ਼ਸ਼ੋਭਤ ਕਰ ਦਿੱਤਾ (ਹਵਾਲਾ 'The Sikhs' Kuala Lumpur Malaysia Sept/ Oct 1990 ਪੰਨਾ-27)। ਜਦ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਨੂੰ ਪੰਜ ਹੋਰ ਸਿੰਘਾਂ ਸਹਿਤ ਹਰਿਮੰਦਰ ਸਾਹਿਬ ਦਾ ਪ੍ਰਬੰਧ ਕਰਨ ਲਈ ਅੰਮ੍ਰਿਤਸਰ ਭੇਜਿਆ ਤਾਂ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਨਾਲ ਨਾਲ ਇਕ ਰਣਜੀਤ ਨਗਾਰਾ ਤੇ ਇਕ ਨਿਸ਼ਾਨ ਸਾਹਿਬ ਵੀ ਬਖਸ਼ਿਸ਼ ਕੀਤਾ (ਹਵਾਲਾ Sikh Courier International London, Spring-Summer 2000 issue, page-45)

ਜਿੱਥੇ ਤਕ ਹਰਿਮੰਦਰ ਸਾਹਿਬ ਦਾ ਸਬੰਧ ਹੈ ਉੱਥੇ ਸਭ ਤੋਂ ਪਹਿਲੀ ਵਾਰੀ ਨਿਸ਼ਾਨ ਸਾਹਿਬ ਭੰਗੀ ਮਿਸਲ ਦੇ ਜਥੇਦਾਰ ਸ. ਝੰਡਾ ਸਿੰਘ ਨੇ ਲਹਿਰਾਇਆ। ਇਸ ਤੋਂ ਕੁਝ ਚਿਰ ਮਗਰੋਂ ਸੰਨ 1833 ਵਿਚ ਦੋ ਉਦਾਸੀ ਸੰਪਰਦਾਈ ਸਾਧੂਆਂ, ਬਾਵਾ ਸੰਤੋਖ ਦਾਸ ਅਤੇ ਪ੍ਰੀਤਮ ਦਾਸ ਨੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ (ਹਵਾਲਾ ਅਕਾਲ ਤਖਤ ਸਾਹਿਬ ਦੇ ਹੈਡ ਗ੍ਰੰਥੀ ਭਗਵਾਨ ਸਿੰਘ ਦਾ ਪੱਤਰ ਜੋ 11 ਦਸੰਬਰ 1995 ਨੂੰ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਨੂੰ ਲਿਖਿਆ ਗਿਆ।) ਅੱਜ ਜੋ ਦੋ ਉੱਚੇ ਉੱਚੇ ਨਿਸ਼ਾਨ ਸਾਹਿਬ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਝੂਲਦੇ ਦਿਸਦੇ ਹਨ ਇਨ੍ਹਾਂ ਨੂੰ ਉਨ੍ਹਾਂ ਨਿਸ਼ਾਨ ਸਾਹਿਬਾਨ ਦੀ ਥਾਂ ਤੇ ਬਦਲ ਕੇ ਲਗਾਇਆ ਗਿਆ ਹੈ ਜੋ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ

ਇਨ੍ਹਾਂ ਤੋਂ ਪੁਰਾਣੇ ਨਿਸ਼ਾਨ ਸਾਹਿਬਾਂ ਨੂੰ ਉਤਾਰ ਕੇ 1962 ਵਿਚ ਲਗਵਾਏ ਸਨ ਕਿਉਂਕਿ ਪਹਿਲੇ ਲੱਗੇ ਨਿਸ਼ਾਨ ਸਾਹਿਬ ਬਿਰਧ ਹੋ ਗਏ ਸਨ। ਇਹ ਜੋ ਨਵੇਂ ਦੋ ਨਿਸ਼ਾਨ ਸਾਹਿਬ ਤਕਰੀਬਨ 8, 10 ਸਾਲ ਪਹਿਲੇ ਸਜਾਏ ਗਏ ਹਨ ਇਨ੍ਹਾਂ ਵਿਚੋਂ ਜਿਹੜਾ ਹਰਿਮੰਦਰ ਸਾਹਿਬ ਵਲ ਹੈ ਉਹ ਹਰਿਮੰਦਰ ਸਾਹਿਬ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਜਿਹੜਾ ਅਕਾਲ ਤਖ਼ਤ ਸਾਹਿਬ ਵਲ ਹੈ ਉਹ ਅਕਾਲ ਤਖਤ ਦੀ ਨੁਮਾਇੰਦਗੀ ਕਰਦਾ ਹੈ। ਭਾਵ ਇਹ ਹੈ ਕਿ ਇਕ ਪੀਰੀ ਦਾ ਸੂਚਕ ਹੈ ਤੇ ਦੂਜਾ ਮੀਰੀ ਦਾ। ਹਰਿਮੰਦਰ ਸਾਹਿਬ ਵਾਲਾ ਨਿਸ਼ਾਨ ਸਾਹਿਬ ਦੂਜੇ ਨਾਲੋਂ ਇਕ ਫੁਟ ਅਧਿਕ ਉੱਚਾ ਹੈ। **ਇਸਦਾ ਅਰਥ ਇਹ ਹੀ ਲਿਆ ਜਾਂਦਾ ਹੈ ਕਿ ਸਿੱਖ ਰਹੁ-ਰੀਤੀ ਵਿਚ ਭਗਤੀ ਤੇ ਸ਼ਕਤੀ ਦੋਹਾਂ ਵਿਚੋਂ ਭਗਤੀ ਦੀ ਪ੍ਰਮੁਖਤਾ ਹੈ। ਪਰ ਕਮਾਲ ਦੀ ਗੱਲ ਇਹ ਵੀ ਹੈ ਕਿ ਇਹ ਦੋਨੋਂ ਨਿਸ਼ਾਨ ਸਾਹਿਬ ਸੈਂਟਰ ਵਿਚੋਂ ਇਕ ਦੂਜੇ ਨਾਲ ਜੁੜੇ ਹੋਏ ਹਨ। ਇਸ ਤੋਂ ਦੋਨਾਂ ਵਡਮੁੱਲੇ ਸਿੱਖ ਸਿਧਾਂਤਾਂ ਦੀ ਆਪਸੀ ਸਾਂਝ ਪ੍ਰਤੱਖ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ।** ਉਂਜ ਵੀ ਜੇ ਅਕਾਲ ਤਖਤ ਤੇ ਬੈਠੀਏ ਤਾਂ ਸਾਹਮਣੇ ਹਰਿਮੰਦਰ ਸਾਹਿਬ ਦੇ ਦਰਸ਼ਨ ਹੁੰਦੇ ਹਨ ਪਰ ਹਰਿਮੰਦਰ ਸਾਹਿਬ ਵਿਚ ਬੈਠੀਆਂ ਸੰਗਤਾਂ ਨੂੰ ਅਕਾਲ ਤਖਤ ਦੀ ਝਲਕ ਨਹੀਂ ਪੈਂਦੀ। ਇਸਦਾ ਵੀ ਸਪੱਸ਼ਟ ਅਰਥ ਇਹ ਹੀ ਲਿਆ ਜਾਂਦਾ ਹੈ ਕਿ ਅਕਾਲ ਤਖਤ ਦਾ ਫੈਸਲਾ ਹਰਿਮੰਦਰ ਸਾਹਿਬ ਭਾਵ ਭਗਤੀ ਦੀ ਪ੍ਰਮੁਖਤਾ ਨੂੰ ਸਾਹਮਣੇ ਰਖ ਕੇ ਕੀਤਾ ਜਾਣਾ ਚਾਹੀਦਾ ਹੈ ਅਤੇ ਭਗਤੀ ਵਾਲੇ ਸਥਾਨ ਤੇ ਲਿਵ ਲਗੀ ਹੋਈ ਹੋਵੇ ਤਾਂ ਦੁਨਿਆਵੀ ਸ਼ਕਤੀ ਕੁਝ ਓਝਲ ਹੀ ਰਹੇ ਤਾਂ ਠੀਕ ਹੈ। ਪਰ ਨਿਰਸੰਦੇਹ ਇਹ ਦੋਨੋਂ ਇਕ ਦੂਜੇ ਦੀਆਂ ਭਾਈਵਾਲ ਸ਼ਕਤੀਆਂ ਹਨ।

ਜੋ ਦੋ ਨਿਸ਼ਾਨ ਸਾਹਿਬ ਹਰਿਮੰਦਰ ਪਰੀਸਰ ਵਿਚ 1962 ਵਿਚ ਲਗਾਏ ਗਏ ਸਨ ਉਹ ਲੋਹੇ ਤੇ ਤਾਂਬੇ ਦੇ ਮਿਸ਼ਰਨ ਨਾਲ ਬਣਾਏ ਗਏ ਸਨ ਅਤੇ ਇਨ੍ਹਾਂ ਤੇ ਵੀ ਸੋਨੇ ਦੇ ਪਤਰੇ ਚੜ੍ਹਾਏ ਗਏ ਸਨ ਤਾਕਿ ਇਹ ਸੁਹਣੇ ਵੀ ਲਗਣ ਤੇ ਪਾਇਦਾਰ ਵੀ ਰਹਿਣ। ਇਕ ਅਖ਼ਬਾਰੀ ਖ਼ਬਰ ਅਨੁਸਾਰ ਸਨ 2002 ਵਿੱਚ ਲਗਾਏ ਗਏ ਨਵੇਂ ਨਿਸ਼ਾਨ ਸਾਹਿਬਾਨ ਤੇ 2 ਕਰੋੜ ਰੁਪਏ ਦਾ ਸੋਨਾ ਲਗਾਇਆ ਗਿਆ ਹੈ। ਪਰ ਜਦ ਇਨ੍ਹਾਂ ਤੇ ਹਰ ਸਮੇਂ ਚੋਲਾ ਚੜ੍ਹਿਆ ਰਹਿਣਾ ਹੈ ਅਤੇ ਸੋਨੇ ਨੇ ਕਦੇ ਦਿਸਣਾ ਹੀ ਨਹੀਂ ਤਾਂ ਇਹ ਦੋ ਕਰੋੜ ਰੁਪਿਆ ਕਿਸੇ ਹੋਰ ਉਪਯੋਗੀ ਕਾਰਜ ਤੇ ਵਰਤਿਆ ਜਾ ਸਕਦਾ ਸੀ। ਹਰ ਯਾਤਰੂ ਜੋ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦਾ ਹੈ ਇਨ੍ਹਾਂ ਨਿਸ਼ਾਨ ਸਾਹਿਬਾਨ ਅੱਗੇ ਆਪਣਾ ਸੀਸ ਨਿਵਾਉਂਦਾ ਹੈ, ਆਪਣੀ ਨਿਤ ਦੀ ਅਰਦਾਸ ਵਿਚ ਇਨ੍ਹਾਂ ਨੂੰ ਸ਼ਾਨ ਨਾਲ ਝੁਲਦੇ ਰਹਿਣ ਦੀ ਪ੍ਰਾਰਥਨਾ ਕਰਦਾ ਹੈ ਕਿ 'ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ

ਕੇ' (ਹਵਾਲਾ ਐਨਸਾਈਕਲੋਪੀਡੀਆ ਆਫ ਸਿਖਇਜ਼ਮ ਆਨ ਸੀ.ਡੀ., ਵਲੋਂ ਰਘਬੀਰ ਸਿੰਘ ਬੈਂਸ, ਸਰੀ ਬੀ.ਸੀ., ਕੈਨੇਡਾ)

ਜੇ ਦਰਬਾਰ ਸਾਹਿਬ ਪਰੀਸਰ ਵਿਚ ਝੁਲਦੇ ਨਿਸ਼ਾਨ ਸਾਹਿਬਾਨ ਦੇ ਹੋਰ ਪੁਰਾਣੇ ਇਤਿਹਾਸ ਵਲ ਝਾਤੀ ਮਾਰੀ ਜਾਵੇ ਤਾਂ ਗਿਆਨੀ ਕਿਰਪਾਲ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ ਦੇ ਹਵਾਲੇ ਵਿਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਹਰਿਮੰਦਰ ਸਾਹਿਬ ਦੀ ਉਸਾਰੀ ਸੰਪੰਨ ਹੋਣ ਤੇ ਬਾਂਸ ਦੇ ਖੰਭੇ ਵਾਲਾ ਇਕ ਨਿਸ਼ਾਨ ਸਾਹਿਬ ਹਰਿਮੰਦਰ ਸਾਹਿਬ ਤੇ ਲਗਾਇਆ ਗਿਆ। ਅੱਜ ਵੀ ਇਕ ਛੋਟਾ ਜਿਹਾ ਅਜਿਹਾ ਨਿਸ਼ਾਨ ਸਾਹਿਬ ਹਰਿਮੰਦਰ ਸਾਹਿਬ ਦੀ 'ਹਰਿ ਕੀ ਪਉੜੀ' ਦੇ ਛਤ ਤੇ ਲਹਿਰਾਂਦਾ ਦਿਸਦਾ ਹੈ। ਬਾਕੀ ਸਾਰੇ ਗੁਰਦਵਾਰਾ ਸਾਹਿਬਾਨ ਵਿਚ ਨਿਸ਼ਾਨ ਸਾਹਿਬ ਇਮਾਰਤ ਦੇ ਸਾਹਮਣੇ ਜਾਂ ਇਮਾਰਤ ਉੱਪਰ ਅਗਲੇ ਪਾਸੇ ਲਗਾਇਆ ਜਾਂਦਾ ਹੈ ਪਰ ਹਰਿਮੰਦਰ ਸਾਹਿਬ ਦੀ ਵਿਲੱਖਣਤਾ ਤੇ ਸਰਬ ਮਾਨਵੀ ਪਰਤਿਸ਼ਠਾ ਨੂੰ ਦੇਖਦਿਆਂ ਹੋਇਆਂ ਪ੍ਰਚਲਤ ਮਰਿਆਦਾ ਤੋਂ ਜ਼ਰਾ ਹਟਵਾਂ, ਇਸ ਨਿਸ਼ਾਨ ਸਾਹਿਬ ਨੂੰ ਬਿਲਡਿੰਗ ਦੇ ਪਿਛਲੇ ਪਾਸੇ ਲਗਾਇਆ ਗਿਆ ਹੈ।

ਜਿੱਥੇ ਤਕ ਸਿੱਖ ਇਤਿਹਾਸ ਵਿਚ ਨਿਸ਼ਾਨ ਸਾਹਿਬ ਦਾ ਸਬੰਧ ਹੈ, ਨਿਹੰਗ ਸਿੰਘ ਜੰਗਾਂ ਵਿਚ ਨੀਲੇ ਰੰਗ ਦੇ ਵਸਤਰਾਂ ਨਾਲ ਸਜਿਆ ਨਿਸ਼ਾਨ ਸਾਹਿਬ ਆਪਣੇ ਨਾਲ ਰਖਦੇ ਅਤੇ ਇਸ ਅਕਾਲੀ ਨਿਸ਼ਾਨ ਸਾਹਿਬ ਦੀ ਚੜ੍ਹਤ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣਾ ਆਪਣਾ ਧਰਮ ਸਮਝਦੇ ਸਨ। ਸਿੱਖ ਸਾਖੀਆਂ ਵਿੱਚ ਵਰਨਣ ਆਉਂਦਾ ਹੈ ਕਿ ਇਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੰਗ ਵਿੱਚ ਨਿਸ਼ਾਨ ਲਹਿਰਾਉਣ ਵਾਲੇ ਸਿੰਘ ਨੂੰ ਘਾਇਲ ਹੋ ਕੇ ਡਿਗਦਿਆਂ ਦੇਖਿਆ ਤਾਂ ਉਨ੍ਹਾਂ ਨੇ ਯਕਦਮ ਆਪਣੇ ਕਮਰਕਸੇ ਵਿੱਚੋਂ ਥੋੜਾ ਜਿਹਾ ਕਪੜਾ ਪਾੜ ਕੇ ਆਪਣੀ ਦਸਤਾਰ ਤੇ ਟੁੰਗ ਲਿਆ ਅਤੇ ਯੁਧ ਵਿੱਚ ਸਭ ਤੋਂ ਅੱਗੇ ਹੋ ਕੇ ਆਪਣੇ ਸੂਰਬੀਰ ਸਿੰਘਾਂ ਨੂੰ ਇਹ ਦਸਣ ਵਿੱਚ ਸਫਲ ਹੋਏ ਕਿ ਖਾਲਸਈ ਨਿਸ਼ਾਨ ਕਾਇਮ ਹੈ ਤੇ ਝੁਲ ਰਿਹਾ ਹੈ ਅਤੇ ਜਿਤ ਤੁਹਾਡੀ ਹੀ ਹੈ। ਇਸ ਤੋਂ ਮਗਰੋਂ ਤਾਂ ਹਰ ਸਿੰਘ ਆਪਣੀ ਦਸਤਾਰ ਵਿੱਚ ਇਕ ਫਰਾਹ ਨਿਸ਼ਾਨ ਸਾਹਿਬ ਦੇ ਰੂਪ ਵਿੱਚ ਟੰਗਣ ਲਗ ਪਿਆ ਅਤੇ ਦੇਖਣ ਵਾਲੇ ਨੂੰ ਇਵੇਂ ਲਗਦਾ ਕਿ ਹਰ ਪਾਸੇ ਨਿਸ਼ਾਨ ਸਾਹਿਬ ਹੀ ਝੁਲ ਰਹੇ ਹਨ। ਇਨ੍ਹਾਂ ਦੁਮਾਲਿਆਂ ਨਾਲ ਕੌਮ ਦੀਆਂ ਚੜ੍ਹਦੀ ਕਲਾ ਦੀਆਂ ਠਾਠਾਂ ਦਾ ਮਾਨੋ ਹੜ ਆ ਗਿਆ। **ਸਿੱਖਾਂ ਦੀਆਂ 12 ਮਿਸਲਾਂ ਵਿਚੋਂ ਇਕ ਮਿਸਲ ਦਾ ਨਾਂ ਹੀ ਨਿਸ਼ਾਨ ਵਾਲੀਆ ਮਿਸਲ ਸੀ ਜਿਸਦੇ ਬਹਾਦਰ ਸੂਰਬੀਰ ਆਪਣੀਆਂ ਬਾਹਵਾਂ ਤਾਂ ਕਟਵਾ ਸਕਦੇ ਸਨ ਪਰ ਨਿਸ਼ਾਨ ਸਾਹਿਬ ਨੂੰ ਹੱਥਾਂ ਵਿਚੋਂ ਨਹੀਂ ਸਨ ਡਿੱਗਣ ਦੇਂਦੇ।** ਹੋਰ ਕਾਰਜਾਂ

ਦੇ ਨਾਲ ਨਾਲ ਉਨ੍ਹਾਂ ਦਾ ਇਹ ਕਰਤੱਵ ਵੀ ਹੁੰਦਾ ਸੀ ਕਿ ਉਹ ਨਿਸ਼ਾਨ ਸਾਹਿਬ ਤਿਆਰ ਕਰ ਕੇ ਸਿੰਘਾਂ ਨੂੰ ਸਪਲਾਈ ਕਰਦੇ ਸਨ ਤਾਕਿ ਕੌਮ ਦਾ ਮਨੋਬਲ ਅਜਿਤ ਬਣਿਆ ਰਹੇ। ਨਾਲ ਹੀ ਉਹ ਹੋਰ ਸਿੰਘਾਂ ਨੂੰ ਉੱਤਮ ਪ੍ਰਕਾਰ ਦੇ ਨਿਸ਼ਾਨ ਸਾਹਿਬ ਨਿਰਮਤ ਕਰਨ (ਬਣਾਉਣ) ਦੀ ਜੁਗਤ ਵੀ ਬਾਕਾਇਦਾ ਦੱਸਦੇ ਰਹਿੰਦੇ ਸਨ। ਇਨ੍ਹਾਂ ਕੇਸਰੀ ਨਿਸ਼ਾਨਾਂ ਨੇ ਸਾਰੇ ਪੰਜਾਬ ਵਿਚ ਸਿੱਖਾਂ ਨੂੰ ਸ਼ਕਤੀ ਪ੍ਰਦਾਨ ਕੀਤੀ ਤੇ ਜਥੇਬੰਦਕ ਜਜ਼ਬਾਤਾਂ ਨਾਲ ਉਨ੍ਹਾਂ ਨੂੰ ਸਰਸ਼ਾਰ ਕਰ ਦਿੱਤਾ। ਨਿਸ਼ਾਨ ਸਾਹਿਬ ਪ੍ਰਤੀ ਅਜਿਹਾ ਜਜ਼ਬਾ ਅੱਜ ਵੀ ਹਰ ਸਿੱਖ ਪ੍ਰਗਟਾ ਕੇ ਮਾਣ ਮਹਿਸੂਸ ਕਰਦਾ ਹੈ।

ਕੇਸਰੀ ਜਾਂ ਨੀਲਾ ਤਿਰਕੋਨਾ ਨਿਸ਼ਾਨ ਸਾਹਿਬ ਸਿੱਖ ਦੀ ਕੁਰਬਾਨੀ ਦੀ ਵਿਸ਼ਾਲ ਚਿਤਤਾ ਦਾ ਸੂਚਕ ਹੈ ਅਤੇ ਸਿੰਘਾਂ ਨੇ ਆਪਣੇ ਲਹੂ ਨਾਲ ਰੰਗ ਕੇ ਇਨ੍ਹਾਂ ਦੇ ਰੰਗਾਂ ਦੀ ਚਮਕ ਫਿੱਕੀ ਨਹੀਂ ਪੈਣ ਦਿੱਤੀ।

ਹਰਿਮੰਦਰ ਪਰੀਸਰ ਵਿਚ ਪੂਰੀ ਆਬੋਤਾਬ (ਚੜ੍ਹਤ) ਨਾਲ ਝੂਲ ਰਹੇ ਨਿਸ਼ਾਨ ਸਾਹਿਬ ਗਗਨਾਂ ਵਿਚ ਖਾਲਸੇਈ ਚੜ੍ਹਤ ਤੇ ਬੁਲੰਦ ਇਕਬਾਲੀ ਦੇ ਪ੍ਰਤੀਕ ਵਜੋਂ ਮਹੱਤਵਪੂਰਣ ਭੂਮਿਕਾ ਨਿਭਾਅ ਰਹੇ ਹਨ। ਕੋਈ ਵੀ ਸਿੱਖ ਮਰਿਆਦਾ ਦਾ ਪਾਲਣ ਕਰਨ ਵਾਲਾ ਧਾਰਮਿਕ ਅਸਥਾਨ ਨਿਸ਼ਾਨ ਸਾਹਿਬ ਤੋਂ ਬਗੈਰ ਅਧੂਰਾ ਹੈ।

ਗੌਰਵਮਈ ਇਤਿਹਾਸ ਪਿਆ ਦਸਦਾ ਏ,
ਉਚਾ ਰਹੂ ਖਾਲਸੇਈ ਨਿਸ਼ਾਨ ਸਾਡਾ।

ਪੰਜ ਪਿਆਰਿਆਂ ਦੇ ਹੱਥਾਂ ਵਿਚ ਪੂਰੀ ਮਰਿਆਦਾ ਨਾਲ ਸੁਭਾਇਮਾਨ ਨਿਸ਼ਾਨ ਸਾਹਿਬ, ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਸਾਖੀ ਭਰਦੇ ਹਨ ਜਦ ਕਿਧਰੇ ਵੀ ਇਹ ਸ਼ਬਦ-ਗੁਰੂ ਕਿਸੇ ਨਗਰ ਕੀਰਤਨ ਵਿਚ ਵਿਸ਼ਵ ਭਰ ਦੇ ਕਿਸੇ ਕੋਨੇ ਵਿਚ ਵੀ ਸ਼ੋਭਨੀਕ ਹੋ ਕੇ ਵਿਚਰ ਰਹੇ ਹੁੰਦੇ ਹਨ।

ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਨਿਸ਼ਾਨ ਸਾਹਿਬ ਸਿੱਖ ਦੀ ਚੜ੍ਹਤ ਦੀ ਸੰਪੂਰਣਤਾ ਹੈ ਅਤੇ ਹਰਿਮੰਦਰ ਪਰੀਸਰ ਵਿਚ ਦੋ ਨਿਸ਼ਾਨ ਸਾਹਿਬਾਨ ਦਾ ਸੁਮੇਲ ਇਸ ਚੜ੍ਹਤ ਤੇ ਦੋਹਰਾ ਰੰਗ ਚਾੜ੍ਹਦਾ ਹੈ ਤੇ ਚਾੜ੍ਹਦਾ ਹੀ ਰਹੇਗਾ।

ਪੰਥਕ ਨਿਸ਼ਾਨ ਸਾਹਿਬ, ਖਾਲਸੇ ਦੀ ਸ਼ਾਨ ਏ।
ਸਿਖੀ ਦੀ ਇਹ ਅਣਖ ਆਨ, ਕੌਮ ਦਾ ਇਹ ਮਾਣ ਏ।
ਰਾਖਾ ਮਜ਼ਲੂਮਾਂ ਦਾ, ਨਿਤਾਣਿਆਂ ਦਾ ਤਾਣ ਏ।
ਸਭ ਦਾ ਇਹ ਸ਼ਾਂਤੀ ਦੂਤ, ਸਿਖੀ ਦੀ ਪਛਾਣ ਏ।
ਕੇਸਰੀ ਨਿਸ਼ਾਨ ਸਾਹਿਬ, ਖਾਲਸੇ ਦੀ ਸ਼ਾਨ ਏ।

.57.

ਹਰਿਮੰਦਰ ਦੇ ਸਤਿਕਾਰ ਲਈ ਮਰਿਆਦਾ

ਹਰਿਮੰਦਰ, ਪ੍ਰਮਾਤਮਾ ਦਾ ਘਰ ਹੈ। ਸਾਰੀ ਮਨੁੱਖਤਾ ਪ੍ਰਮਾਤਮਾ ਦੀ ਸੰਤਾਨ ਹੈ ਇਸ ਲਈ ਹਰਿਮੰਦਰ ਸਭ ਦਾ ਸਾਂਝਾ ਹੈ, ਇਹ ਕਿਸੇ ਇਕ ਫਿਰਕੇ, ਕੌਮ, ਬਰਾਦਰੀ ਜਾਂ ਖਿੱਤੇ ਦੇ ਲੋਕਾਂ ਦਾ ਤੀਰਥ ਨਹੀਂ। ਹਰਿਮੰਦਰ ਦੀ ਇਹੀ ਵਿਲਖਣਤਾ ਹੈ, ਪਵਿੱਤਰਤਾ ਹੈ ਤੇ ਵਡਿੱਤਣ ਹੈ। ਅਜਿਹੇ ਅਨੂਠੇ ਅਸਥਾਨ, ਜਿਸ ਨੂੰ ਸਾਰੀ ਮਨੁੱਖਤਾ ਆਪਣਾ ਸਮਝਦੀ ਹੈ ਵਿਚ ਪ੍ਰਵੇਸ਼ ਕਰਨ ਦੇ ਕੁਝ ਇਕ ਸਰਬ ਵਿਆਪੀ ਨਿਯਮ ਹਨ ਜਿਨ੍ਹਾਂ ਦੀ ਪਾਲਣਾ ਹਰ ਕਿਸੇ ਨੂੰ ਕਰਨੀ ਪੈਂਦੀ ਹੈ ਤਾਂ ਕਿ ਇਸ ਸਚ ਖੰਡ ਦਾ ਮਾਣ ਸਤਿਕਾਰ ਤੇ ਮਰਿਆਦਾ ਬਣੀ ਰਹੇ ਤੇ ਯਾਤਰੂ ਦੀਆਂ ਘੜੀਆਂ ਲੇਖੇ ਲਗਣ।

ਜਿਸ ਕਿਸੇ ਨੇ ਵੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨੇ ਹੋਣ ਉਸ ਲਈ ਇਹ ਜ਼ਰੂਰੀ ਹੈ ਕਿ ਉਹ ਆਪਣਾ ਸਿਰ ਢੱਕ ਕੇ ਅੰਦਰ ਜਾਵੇ ਅਤੇ ਆਪਣੇ ਬੂਟ ਜੁਰਾਬਾਂ ਉਤਾਰ ਕੇ ਤੇ ਪੈਰ ਚੰਗੀ ਤਰ੍ਹਾਂ ਧੋ ਕੇ ਜਾਵੇ। ਸਿਰ ਢੱਕ ਕੇ ਧਾਰਮਿਕ ਅਸਥਾਨ ਤੇ ਜਾਣ ਨਾਲ ਵਿਗਿਆਨੀਆਂ ਨੇ ਨਿਸ਼ਕਰਸ਼ ਕੱਢਿਆ ਹੈ ਕਿ ਮਨੁੱਖੀ ਰੋਮ ਵਧੇਰੇ ਸ਼ਕਤੀ ਦਾ ਸੰਚਾਰ ਕਰਦੇ ਹਨ ਜਿਸ ਨਾਲ ਇਕਾਗਰਤਾ ਵਧਦੀ ਹੈ ਤੇ ਮਨ ਨੂੰ ਟਕਾਓ ਮਿਲਦਾ ਹੈ। ਜੋੜੇ ਉਤਾਰ ਕੇ ਤੇ ਪੈਰ ਧੋ ਕੇ ਜਾਣ ਨਾਲ ਅਸਥਾਨ ਦੀ ਸਵੱਛਤਾ ਬਣੀ ਰਹਿੰਦੀ ਹੈ ਅਤੇ ਬਹੁਤੇ ਧਰਮਾਂ ਵਿਚ ਸਵੱਛਤਾ ਨੂੰ ਖੁਦਾਈ ਤੋਂ ਮਗਰੋਂ ਦੂਜਾ ਦਰਜਾ ਦਿੱਤਾ ਜਾਂਦਾ ਹੈ।

ਸਿਗਰਟ, ਤਮਾਕੂ, ਸਿਹਤ ਲਈ ਸਖਤ ਹਾਨੀਕਾਰਕ ਹਨ। ਅੱਜ ਦੀ ਸਾਇੰਸ ਕਹਿੰਦੀ ਹੈ ਕਿ ਇਕ ਸਿਗਰਟ ਮਨੁੱਖ ਦੀ ਜ਼ਿੰਦਗੀ ਦੇ ਸਵਾਸ 5 ਮਿੰਟ ਘਟਾ ਦੇਂਦਾ ਹੈ। ਕੈਂਸਰ, ਤਪਦਿਕ, ਖਾਂਸੀ ਵਰਗੀਆਂ ਮਾਰੂ ਬੀਮਾਰੀਆਂ ਤਮਾਕੂ ਦੀ ਹੀ ਦੇਣ ਹਨ, ਇਸ ਲਈ ਸਿੱਖ ਗੁਰੂ ਸਾਹਿਬਾਨ ਨੇ ਇਸ ਨੂੰ ਜਗਤ ਜੂਠ ਕਹਿ ਕੇ ਦੁਰਕਾਰਿਆ ਹੈ ਤੇ ਇਸ ਦੇ ਮਾੜੇ ਪ੍ਰਭਾਵਾਂ ਨੂੰ ਦੇਖਦਿਆਂ ਹੋਇਆਂ ਇਸ ਦੀ ਵਰਤੋਂ ਤੋਂ ਹਰ ਕਿਸੇ ਨੂੰ ਵਰਜਿਆ ਹੈ। ਇਨ੍ਹਾਂ ਦੁਸ਼ਟ ਤੇ ਮਾਰੂ ਔਗਣਾਂ ਕਾਰਨ ਕੋਈ ਵੀ ਵਿਅਕਤੀ ਸਿਗਰਟ, ਬੀੜੀ, ਤਮਾਕੂ ਲੈ ਕੇ ਦਰਬਾਰ ਸਾਹਿਬ ਵਿਚ ਪਰਵੇਸ਼ ਨਹੀਂ ਕਰ ਸਕਦਾ। ਸਗੋਂ ਕਿਸੇ ਵੀ ਸਿੱਖ ਧਾਰਮਿਕ ਅਸਥਾਨ ਤੇ ਇਸ ਨੂੰ ਨਹੀਂ ਲੈ ਜਾ ਸਕਦਾ। ਇਸਦੀ ਸੰਗਤ ਹਰ ਲਿਹਾਜ਼ ਨਾਲ ਮਾੜੀ ਹੈ।

ਸ਼ਰਾਬ, ਸਿਆਣਿਆਂ ਦੇ ਕਥਨ ਅਨੁਸਾਰ ਪਾਣੀ ਵਿਚ ਲੁਕੀ ਹੋਈ ਅੱਗ ਹੈ, ਜੋ ਪੀਣ ਵਾਲੇ ਦੀ ਮਤ ਮਾਰ ਦੇਂਦੀ ਹੈ, ਸ਼ੁਭ ਵਿਚਾਰ ਝੁਲਸ ਦੇਂਦੀ ਹੈ,

ਇਕਾਗਰਤਾ ਨੂੰ ਖੰਡਤ ਕਰਦੀ ਹੈ, ਸੁਧ ਬੁਧ ਨੂੰ ਕੁਝ ਦੇਰ ਲਈ ਸੁਆ ਦੇਂਦੀ ਹੈ ਇਸ ਲਈ ਇਸ ਨੂੰ ਪੀ ਕੇ ਕੋਈ ਵਿਅਕਤੀ ਦਰਬਾਰ ਸਾਹਿਬ ਅੰਦਰ ਨਹੀਂ ਜਾ ਸਕਦਾ। ਇਹ ਬੰਦਸ਼ਾਂ ਘਟੋ ਘਟ ਕੁਝ ਸਮੇਂ ਲਈ ਤਾਂ ਕਿਸੇ ਐਬੀ ਨੂੰ ਝੰਜੋੜਦੀਆਂ ਹਨ ਤੇ ਹੋ ਸਕਦਾ ਹੈ ਉਸ ਤੇ ਕੁਝ ਅਸਰ ਹੋ ਹੀ ਜਾਵੇ ਤੇ ਉਸ ਦੀ ਜ਼ਿੰਦਗੀ ਇਨ੍ਹਾਂ ਵਿਸ਼ੈਲੇ ਨਸ਼ਿਆਂ ਦੀ ਪਕੜ ਜਕੜ ਤੋਂ ਬਾਹਰ ਨਿਕਲ ਆਵੇ। ਇਸ ਲਈ ਹਰਿਮੰਦਰ ਸਾਹਿਬ ਵਿਚ ਦਾਖਲ ਹੋਣ ਵਾਲੇ ਹਰ ਯਾਤਰੂ ਦੇ ਮਨ ਵਿਚ ਚੇਤ ਜਾਂ ਅਚੇਤ ਰੂਪ ਵਿਚ ਨਸ਼ਿਆਂ ਦੇ ਔਗਣ ਜ਼ਰੂਰ ਦਮਾਗ ਦੀਆਂ ਅਖਾਂ ਅਗੋਂ ਲੰਘ ਜਾਂਦੇ ਹੋਣਗੇ। ਇਸ ਚੇਤਾਵਨੀ ਨੂੰ ਹਰਿਮੰਦਰ ਪ੍ਰਵੇਸ਼ ਦਾ ਪਹਿਲਾ ਸਦ ਭਾਵਨਾ ਸੰਦੇਸ਼ ਸਮਝਿਆ ਜਾ ਸਕਦਾ ਹੈ। ਹਰਿਮੰਦਰ ਸਾਨੂੰ ਅੰਦਰੋਂ ਬਾਹਰੋਂ ਸਵੱਛ ਤੇ ਅਚਾਰੀ ਬਣਾਉਣ ਵਿਚ ਸਦਾ ਉਦਮਸ਼ੀਲ ਰਹਿੰਦਾ ਹੈ ਤੇ ਇਸ ਦਾ ਇਹ ਕਰਮ ਹਰ ਸਮੇਂ ਪ੍ਰਚੰਡ ਰਹਿੰਦਾ ਹੈ।

ਰੱਬ ਦੇ ਘਰ ਅਸੀਂ ਰੱਬ ਦੀਆਂ ਇਲਾਹੀ ਬਾਤਾਂ ਸੁਣਨ ਆਉਂਦੇ ਹਾਂ, ਉਸ ਦੇ ਦਰਸ਼ਨਾਂ ਲਈ ਆਉਂਦੇ ਹਾਂ, ਇਸ ਲਈ ਹਰਿਮੰਦਰ ਪ੍ਰੀਸਰ ਵਿਚ ਪ੍ਰਵੇਸ਼ ਕਰਦਿਆਂ ਹੀ ਹਰ ਪਰਕਾਰ ਦੀਆਂ ਫਜ਼ੂਲ ਦੀਆਂ ਗੱਲਾਂ, ਚੁਗਲੀਆਂ, ਬਖ਼ੀਲੀਆਂ ਤੇ ਮੰਦ ਭਾਵਨਾਵਾਂ ਨੂੰ ਬਾਹਰੇ ਤਿਲਾਂਜ ਕੇ ਹੀ ਜਾਣਾ ਚਾਹੀਦਾ ਹੈ ਤਾਂ ਕਿ ਅੰਦਰ ਜਾ ਕੇ ਰੱਬ ਦਾ ਸੁਨੇਹਾ ਪ੍ਰਾਪਤ ਕਰਨ ਜੋਗੇ ਹੋ ਸਕੀਏ, ਅਸੀਸਾਂ ਦੇ ਭਾਗੀਦਾਰ ਬਣ ਸਕੀਏ ਤੇ ਉਸ ਦੀ ਸ਼ੋਭਾ ਨਾਲ ਇਕਮਿਕ ਹੋ ਸਕੀਏ। ਜੇ ਹਰਿਮੰਦਰ ਸਾਹਿਬ ਵਿਚ ਪੜ੍ਹੀ ਜਾਂ ਗਾਈ ਜਾ ਰਹੀ ਬਾਨੀ ਸਾਡੀ ਆਤਮਾ ਨੂੰ ਸਵੱਛ ਕਰਦੀ ਹੈ ਤਾਂ ਅੰਮ੍ਰਿਤ ਸਰੋਵਰ ਸਾਡੇ ਸਰੀਰ ਨੂੰ ਸਵੱਛਤਾ ਦੇ ਨਾਲ ਨਾਲ ਅਰੋਗਤਾ ਬਖਸ਼ਦਾ ਹੈ, ਇਸ ਲਈ ਜੇ ਕਰ ਅਸੀਂ ਸਰੋਵਰ ਸਾਹਿਬ ਦੀ ਮਰਿਆਦਾ ਵਲ ਸੁਚੇਤ ਹੋਵਾਂਗੇ ਤਾਂ ਵਧੇਰੇ ਸ਼ੋਭਨੀਕ ਅਖਵਾਵਾਂਗੇ। ਸਰੋਵਰ ਵਿਚ ਇਸ਼ਨਾਨ ਕਰਨ ਸਮੇਂ, ਕਛਹਿਰੇ ਦਾ ਪਾਇਆ ਹੋਣਾ ਜਾਂ ਪਰਨੇ ਦਾ ਬੰਨ੍ਹਿਆ ਹੋਣਾ ਜ਼ਰੂਰੀ ਹੈ। ਸਰੋਵਰ ਵਿਚ ਕਿਸੇ ਵੀ ਲਿਹਾਜ਼ ਨਾਲ ਅਸਵਛਤਾ ਫੈਲਾਣੀ ਸਾਥੀ ਸ਼ਰਧਾਲੂਆਂ ਨੂੰ ਪਰੇਸ਼ਾਨ ਕਰ ਸਕਦੀ ਹੈ ਇਸ ਲਈ ਸਾਡਾ ਹਰ ਕਰਮ ਬੜਾ ਸਲੀਕੇ ਵਾਲਾ ਹੋਣਾ ਜ਼ਰੂਰੀ ਹੈ। ਜੇ ਸਾਬਣ ਆਦਿ ਮਲ ਕੇ ਨਹਾਉਣਾ ਜ਼ਰੂਰੀ ਹੋਵੇ ਤਾਂ ਉਹ ਟੂਟੀਆਂ ਤੇ ਨਹਾਣ ਲਗਿਆਂ ਲਗਾ ਲਿਆ ਜਾਣਾ ਚਾਹੀਦਾ ਹੈ ਤੇ ਸਵੱਛ ਹੋ ਕੇ ਸਰੋਵਰ ਵਿਚ ਇਸ਼ਨਾਨ ਕਰਨ ਲਈ ਟੁਬਕੀ ਲਗਾਉਣੀ ਚਾਹੀਦੀ ਹੈ। ਇਸ਼ਨਾਨ ਕਰਦੇ ਸਮੇਂ ਵੀ ਜੇ ਵਾਹਿਗੁਰੂ ਦਾ ਜਾਂ ਬਾਨੀ ਦਾ ਜਾਪ ਕੀਤਾ ਜਾਵੇ ਤਾਂ ਮਨ ਨੂੰ ਟਿਕਾਓ ਮਿਲਦਾ ਹੈ। ਸਰੋਵਰ ਵਿਚ ਤਾਰੀ ਤਰਨਾ ਅਤੇ ਕਛਹਿਰਾ, ਪਰਨਾ ਆਦਿ ਧੋਣਾ ਜਾਂ ਨਚੋੜਨਾ ਕਿਸੇ ਵੀ ਨਜ਼ਰੀਏ ਤੋਂ ਵਾਜਬ ਨਹੀਂ ਇਸ ਲਈ ਅਜਿਹਾ ਹਰਗਿਜ਼ ਨਹੀਂ ਕਰਨਾ ਚਾਹੀਦਾ।

ਜਦ ਹਰਿ ਕੀ ਪਉੜੀ ਤੋਂ ਅੰਮ੍ਰਿਤ ਦਾ ਚੂਲਾ ਲੈ ਕੇ ਰਸਨਾ ਨਾਲ ਲਾਉਣਾ ਹੋਵੇ ਤਾਂ ਉਹ ਉਸ ਜਗ੍ਹਾ ਤੋਂ ਪਿੱਛੇ ਹਟ ਕੇ ਹੀ ਮੂੰਹ ਵਿਚ ਪਾਉਣਾ ਚਾਹੀਦਾ ਹੈ ਤਾਂ ਕਿ ਜੂਠਾ ਜਲ ਦੋਬਾਰਾ ਸਰੋਵਰ ਵਿਚ ਨਾ ਗਿਰੇ। ਨਿਕੀਆਂ ਨਿਕੀਆਂ ਸੁਚੇਤਤਾਵਾਂ ਦੂਜਿਆਂ ਤੇ ਬੜਾ ਡੂੰਘਾ ਪ੍ਰਭਾਵ ਪਾਉਂਦੀਆਂ ਹਨ। ਬੀਬੀਆਂ ਲਈ ਜ਼ਰੂਰੀ ਹੈ ਕਿ ਉਹ ਪੌਣਿਆਂ ਵਿਚ ਹੀ ਇਸ਼ਨਾਨ ਕਰਨ ਅਤੇ ਜੇਕਰ ਉਨ੍ਹਾਂ ਨੂੰ ਕਪੜੇ ਆਏ ਹੋਣ ਤਾਂ ਇਸ਼ਨਾਨ ਨਾ ਕਰਨ ਤਾਂ ਕਿ ਸਰੋਵਰ ਸਾਹਿਬ ਦੇ ਜਲ ਦੀ ਸਵੱਛਤਾ ਬਣੀ ਰਹੇ। ਕਿਸੇ ਵੀ ਸਜਣ ਨੂੰ ਹਰਿ ਕੀ ਪਉੜੀ ਤੇ ਇਸ਼ਨਾਨ ਕਰਨ ਦੀ ਆਗਿਆ ਨਹੀਂ ਭਾਵੇਂ ਉਹ ਸਮਾਜ ਦੀਆਂ ਨਜ਼ਰਾਂ ਵਿਚ ਕਿਤਨਾ ਹੀ ਵੱਡਾ ਕਿਉਂ ਨਾ ਹੋਵੇ। ਕਹਿੰਦੇ ਹਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਅਸਥਾਨ ਤੇ ਵਾਹਿਗੁਰੂ ਨੂੰ ਖੁਦ ਟੋਕਰੀ ਢੋਣ ਦੀ ਸੇਵਾ ਕਰਦਿਆਂ ਉਸ ਦੇ ਦਰਸ਼ਨ ਕੀਤੇ ਸਨ।

ਹਰਿਮੰਦਰ ਸਾਹਿਬ ਦੀ ਪਵਿੱਤਰਤਾ ਅਤੇ ਉਚੀ ਸੁਚੀ ਮਰਿਆਦਾ ਨੂੰ ਬਣਾਈ ਰਖਣ ਲਈ ਕੁਝ ਹੋਰ ਸਾਵਧਾਨੀਆਂ ਵਰਤਣ ਦੀ ਵੀ ਲੋੜ ਹੈ ਜਿਨ੍ਹਾਂ ਦਾ ਸੰਖੇਪ ਹਵਾਲਾ ਨਿਮਨ ਅਨੁਸਾਰ ਹੈ।

(1) ਕੋਈ ਵੀ ਸਜਣ ਦਰਬਾਰ ਸਾਹਿਬ ਦੇ ਅੰਦਰ ਅਜਿਹੀ ਵਸਤੂ ਨਹੀਂ ਲੈ ਜਾ ਸਕਦਾ ਜਿਸ ਨਾਲ ਸ਼ਰਧਾਲੂਆਂ ਦੀ ਇਕਾਗਰਤਾ ਜਾਂ ਹਰਿਮੰਦਰ ਦੀ ਮਰਿਆਦਾ ਭੰਗ ਹੁੰਦੀ ਹੋਵੇ। ਇਸ ਲਈ ਬਰਸਾਤੀ, ਛਤਰੀ, ਅਟੈਚੀ ਕੇਸ, ਬਕਸਾ, ਵੱਡਾ ਬੈਗ, ਅਖਬਾਰ, ਕੈਮਰਾ, ਰੇਡਿਓ, ਆਤਸ਼ੀ ਹਥਿਆਰ ਆਦਿ ਬਾਹਰ ਰਖ ਕੇ ਹੀ ਦਰਸ਼ਨੀ ਡੇਉਢੀ ਤੋਂ ਅੱਗੇ ਜਾਣਾ ਚਾਹੀਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਚੋਬਦਾਰ ਯਾਤਰੂ ਨੂੰ ਅੰਦਰ ਜਾਣ ਤੋਂ ਰੋਕ ਸਕਦਾ ਹੈ। **ਗਰਮੀ ਹੋਵੇ, ਸਰਦੀ ਹੋਵੇ ਜਾਂ ਵਰਖਾ, ਕੋਈ ਵੀ ਸੱਜਣ ਛਤਰੀ ਲਗਾ ਕੇ ਦਰਬਾਰ ਸਾਹਿਬ ਨਹੀਂ ਜਾ ਸਕਦਾ। ਇਹ ਚਵਰ ਛਤਰ ਦਾ ਸਤਿਕਾਰ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਹੀ ਸ਼ੋਭਨੀਕ ਹੈ।**

(2) ਕੋਈ ਵੀ ਸਜਣ ਆਪਣੇ ਘਰੋਂ ਕੜਾਹ ਪ੍ਰਸ਼ਾਦ ਆਦਿ ਬਣਾ ਕੇ ਹਰਿਮੰਦਰ ਸਾਹਿਬ ਵਿਖੇ ਨਹੀਂ ਲੈ ਜਾ ਸਕਦਾ ਅਤੇ ਅੱਜ ਕਲ ਇਸ ਗੱਲ ਦੀ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਕੋਈ ਸ਼ਰਧਾਲੂ ਕਿਸੇ ਦੂਜੇ ਸ਼ਰਧਾਲੂ ਤੋਂ ਪ੍ਰਸ਼ਾਦ ਆਦਿ ਨਾ ਲਵੇ ਕਿਉਂਕਿ ਕੁਝ ਅਪਰਾਧਿਕ ਰੁਚੀਆਂ ਰਖਣ ਵਾਲੇ ਲੋਕਾਂ ਨੇ ਸ਼ਰਧਾਲੂਆਂ ਦੇ ਰੂਪ ਵਿਚ ਵਿਚਰਦਿਆਂ ਹੋਇਆਂ ਜ਼ਹਿਰ ਰਲਿਆ ਪਰਸ਼ਾਦ ਦੂਜੇ ਯਾਤਰੂਆਂ ਨੂੰ ਖਵਾ ਕੇ

ਉਨ੍ਹਾਂ ਨੂੰ ਬੇਹੋਸ਼ ਕਰ ਕੇ ਲੁੱਟਣ ਦੀਆਂ ਕੋਹਝੀਆਂ ਵਾਰਦਾਤਾਂ ਵੀ ਕੀਤੀਆਂ ਹਨ।

(3) ਸ਼ਰਧਾਲੂਆਂ ਦੀ ਇਕਾਗਰਤਾ ਨੂੰ ਦੇਖਦਿਆਂ ਹੋਇਆਂ ਹਰਿਮੰਦਰ ਸਾਹਿਬ ਅੰਦਰ ਕਿਸੇ ਨੂੰ ਵੀ ਫੋਟੋਆਂ ਖਿਚਣ ਦੀ ਆਗਿਆ ਨਹੀਂ। ਟੀ.ਵੀ. ਕੈਮਰੇ ਜੋ ਅੱਜ ਕਲ ਦਰਬਾਰ ਸਾਹਿਬ ਦਾ ਪ੍ਰੋਗਰਾਮ ਟੀ.ਵੀ. ਤੇ ਟੈਲੀਕਾਸਟ ਕਰਨ ਹਿਤ ਹਰਕਤ ਵਿਚ ਆਉਂਦੇ ਹਨ ਉਹ ਸੰਗਤਾਂ ਦੀ ਇਕਾਗਰਤਾ ਨੂੰ ਬਹੁਤ ਬੁਰੀ ਤਰ੍ਹਾਂ ਖੰਡਤ ਕਰ ਦੇਂਦੇ ਹਨ। ਦਰਬਾਰ ਸਾਹਿਬ ਕੋਈ ਪਿਕਨਿਕ ਸਪਾਟ ਨਹੀਂ, ਅਧਿਆਤਮਿਕ ਖੇੜਾ ਤੇ ਇਲਾਹੀ ਆਨੰਦ ਪ੍ਰਾਪਤ ਕਰਨ ਦਾ ਸਚਖੰਡੀ ਧਾਮ ਹੈ ਇਸ ਲਈ ਵਧੇਰੇ ਉਚਿਤ ਰਹੇਗਾ ਜੇ ਕਰ ਗੁਪਤ ਤੇ ਰੋਸ਼ਨੀ-ਰਹਿਤ ਕੈਮਰਿਆਂ ਦੀ ਮਦਦ ਲਈ ਜਾਵੇ ਵਰਨਾ ਅਸੀਂ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕੈਮਰੇ ਦੀਆਂ ਰੋਸ਼ਨੀਆਂ ਵਿਚ ਵਿਗਾੜਨ ਦੇ ਭਾਗੀ ਬਣਦੇ ਰਹਾਂਗੇ। ਜੇਕਰ ਕਿਸੇ ਨੇ ਹਰਿਮੰਦਰ ਪਰੀਸਰ ਵਿੱਚ ਬੈਠ ਕੇ ਹਰਿਮੰਦਰ ਸਾਹਿਬ ਦਾ ਕੋਈ ਚਿਤਰ ਆਦਿ ਬਣਾਉਣਾ ਹੋਵੇ ਤਾਂ ਉਹ ਵੀ ਆਪਣੇ ਲਈ ਕਿਸੇ ਕੁਰਸੀ, ਮੇਜ਼ ਜਾਂ ਸਟੂਲ ਦੀ ਵਰਤੋਂ ਨਹੀਂ ਕਰ ਸਕਦਾ ਹੈ ਕਿਉਂਕਿ ਸਤਿਗੁਰਾਂ ਦਾ ਪ੍ਰਕਾਸ਼ ਫਰਸ਼ ਦੇ ਲੈਵਲ ਤੇ ਹੋਇਆ ਹੋਇਆ ਹੁੰਦਾ ਹੈ ਇਸ ਲਈ ਉਨ੍ਹਾਂ ਤੋਂ ਉੱਚਾ ਬੈਠਣ ਦੀ ਪ੍ਰੀਸਰ ਵਿੱਚ ਆਗਿਆ ਨਹੀਂ।

(4) ਕੋਈ ਵਿਅਕਤੀ ਹਰਿਮੰਦਰ ਸਾਹਿਬ ਵਿਚ ਲੈਕਚਰ ਨਹੀਂ ਕਰ ਸਕਦਾ, ਕੱਚੀ ਬਾਣੀ ਨਹੀਂ ਪੜ੍ਹ ਸਕਦਾ ਅਤੇ ਨਾ ਹੀ ਕੋਈ ਵਿਸ਼ੇਸ਼ ਆਸਨ ਲਗਾ ਕੇ ਬੈਠ ਸਕਦਾ ਹੈ। ਹਰਿਮੰਦਰ ਸਾਹਿਬ ਦੇ ਅੰਦਰ ਥਲਵੀਂ ਮੰਜ਼ਲ ਵਿਖੇ ਗੁਟਕੇ ਤੋਂ ਵੀ ਪਾਠ ਨਹੀਂ ਕੀਤਾ ਜਾ ਸਕਦਾ, ਕੀਰਤਨ ਜਾਂ ਹੁਕਮਨਾਮਾ ਆਦਿ ਸਰਵਣ ਕੀਤਾ ਜਾ ਸਕਦਾ ਹੈ।

(5) ਪ੍ਰਕਰਮਾ ਵਿਚ ਜੇ ਕਿਸੇ ਨੇ ਸੌਣਾ ਹੋਵੇ ਤਾਂ ਉਸ ਦਾ ਸਿਰ ਦਰਬਾਰ ਸਾਹਿਬ ਵਲ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਨੰਗੇ ਸਿਰ ਵੀ ਨਹੀਂ ਸੌਣਾ ਚਾਹੀਦਾ। ਜੇ ਕਰ ਆਰਾਮ ਕਰਨ ਲਗਿਆਂ ਵੱਡੀ ਦਸਤਾਰ ਉਤਾਰਨੀ ਵੀ ਹੋਵੇ ਤਾਂ ਛੋਟੀ ਦਸਤਾਰ ਜ਼ਰੂਰ ਸਜਾਅ ਲੈਣੀ ਚਾਹੀਦੀ ਹੈ। ਸਰੋਵਰ ਵਿੱਚ ਕੋਈ ਵੀ ਵਿਅਕਤੀ ਲੱਤਾਂ ਲਟਕਾ ਕੇ ਨਹੀਂ ਬੈਠ ਸਕਦਾ। ਇਹ ਅਵੱਗਿਆ ਹੈ।

(6) ਹਰਿਮੰਦਰ ਸਾਹਿਬ ਵਿਚ ਪ੍ਰਵੇਸ਼ ਕਰਨ ਤੋਂ ਪਹਿਲੇ ਛੋਟੇ ਬਚਿਆਂ ਦੀ ਸਫਾਈ ਆਦਿ ਵਲ ਧਿਆਨ ਕਰ ਲੈਣਾ ਚਾਹੀਦਾ ਹੈ ਤਾਂ ਕਿ ਬੱਚਾ ਮਾਪਿਆਂ ਨੂੰ ਦਰਬਾਰ ਸਾਹਿਬ ਅੰਦਰ ਜਾ ਕੇ ਬੇਲੋੜਾ ਤੰਗ ਨਾ ਕਰੇ,

ਕਿਉਂਕਿ ਉੱਥੇ ਨੇੜੇ ਤੇੜੇ ਐਸੀ ਜਗ੍ਹਾ ਨਹੀਂ ਹੈ ਜਿਥੇ ਬੱਚੇ ਨੂੰ ਲਿਜਾਇਆ ਜਾ ਸਕੇ। ਇਸੇ ਤਰ੍ਹਾਂ ਹਰਿਮੰਦਰ ਸਾਹਿਬ ਦੀ ਸਵੱਛਤਾ ਨੂੰ ਦੇਖਦਿਆਂ ਹੋਇਆਂ ਕਿਸੇ ਐਸੇ ਵਿਅਕਤੀ ਨੂੰ ਵੀ ਪ੍ਰੀਸਰ ਵਿੱਚ ਨਹੀਂ ਲੈ ਜਾਣਾ ਚਾਹੀਦਾ ਜਿਸਨੂੰ ਪਿਸ਼ਾਬ ਦੀ ਥੈਲੀ ਲੱਗੀ ਹੋਵੇ।

(7) ਹਰ ਕਿਸੇ ਦਾ ਫਰਜ਼ ਬਣਦਾ ਹੈ ਕਿ ਉਹ ਦਰਬਾਰ ਸਾਹਿਬ ਦੇ ਸਾਰੇ ਪਰੀਸਰ ਨੂੰ ਸਾਫ ਸੁਥਰਾ ਰਖਣ ਵਿਚ ਆਪਣਾ ਭਰਵਾਂ ਯੋਗ ਦਾਨ ਪਾਵੇ। ਜੇ ਕਰ ਕੋਈ ਵਿਅਕਤੀ ਲਾਪਰਵਾਹੀ ਵਰਤ ਕੇ ਕੋਈ ਕਾਗਜ਼ ਪਤਰ ਜਾਂ ਡੂਨਾ ਪ੍ਰਕਰਮਾ ਵਿਚ ਕਿਧਰੇ ਸੁਟ ਵੀ ਜਾਂਦਾ ਹੈ ਤਾਂ ਇਸ ਨੂੰ ਦੇਖਣ ਵਾਲਾ ਕੋਈ ਦੂਜਾ ਯਾਤਰੂ ਫੌਰਨ ਉਸ ਨੂੰ ਉਠਾ ਕੇ ਕੂੜਾ ਦਾਨ ਵਿਚ ਪਾ ਦੇਵੇ। ਇਹ ਖੁਸ਼ਗਵਾਰ ਸੇਵਾ ਹੈ।

(8) ਜਦ ਦਰਬਾਰ ਸਾਹਿਬ ਵਿਚ ਹੁਕਮਨਾਮਾ ਲਿਆ ਜਾ ਰਿਹਾ ਹੋਵੇ ਤਾਂ ਹੁਕਮਨਾਮੇ ਦੇ ਸ਼ਬਦਾਂ ਨੂੰ ਨਾਲ ਨਾਲ ਉਚਾਰਨ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ ਤਾਂ ਕਿ ਬਾਕੀ ਸ਼ਰਧਾਲੂ ਉਸ ਨੂੰ ਸ਼ਰਧਾਪੂਰਵਕ ਰੱਬੀ ਫਰਮਾਨ ਵਜੋਂ ਹੀ ਗ੍ਰਹਿਣ ਕਰ ਸਕਣ।

(9) ਮੋਬਾਈਲ ਧਾਰੀਆਂ ਨੂੰ ਚਾਹੀਦਾ ਹੈ ਕਿ ਉਹ ਦਰਬਾਰ ਸਾਹਿਬ ਪ੍ਰਵੇਸ਼ ਸਮੇਂ ਜੇ ਇਸ ਨੂੰ ਪਰੀਸਰ ਤੋਂ ਬਾਹਰ ਹੀ ਰਖ ਆਵਣ ਤਾਂ ਚੰਗਾ ਰਹੇਗਾ ਪਰ ਜੇਕਰ ਉਨ੍ਹਾਂ ਨੂੰ ਇਹ ਨਾਲ ਲਿਆਉਣੇ ਹੀ ਪੈਣ ਤਾਂ ਇਸ ਬਾਰੇ ਸਖ਼ਤ ਸੁਚੇਤ ਰਹਿਣ ਕਿ ਇਹ ਦਰਬਾਰ ਸਾਹਿਬ ਕੰਪਲੈਕਸ ਵਿੱਚ ਆਪਣੀ ਆਵਾਜ਼ ਕੱਢ ਕੇ ਇਸ ਅਤੀ ਸ਼ੁਧ ਵਾਤਾਵਰਣ ਦੀ ਪਵਿੱਤਰਤਾ ਅਤੇ ਸ਼ੁਧਤਾ ਨੂੰ ਪ੍ਰਦੂਸ਼ਤ ਨਾ ਕਰਨ। ਉਂਜ ਦੋ ਜੈਮਰ ਲਗ ਜਾਣ ਨਾਲ ਹਰਿਮੰਦਰ ਸਾਹਿਬ ਅੰਦਰ ਖੁਦ ਬਖੁਦ ਹੀ ਮੋਬਾਈਲ ਜਾਮ ਹੋ ਜਾਣਗੇ।

ਹਰ ਯਾਤਰੂ, ਜੇ ਉਕਤ ਗੱਲਾਂ ਦਾ ਖਿਆਲ ਰਖੇਗਾ ਤਾਂ ਉਸ ਦੀ ਦਰਬਾਰ ਸਾਹਿਬ ਦੀ ਯਾਤਰਾ ਵਧੇਰੇ ਆਨੰਦਮਈ ਤੇ ਮੰਤਵਪੂਰਣ ਹੋਵੇਗੀ ਤੇ ਉਸ ਦਾ ਆਇਆ ਸਫਲਿਆ ਸਮਝਿਆ ਜਾਵੇਗਾ। ਉਕਤ ਸਾਰੇ ਨੁਕਤੇ ਕਿਸੇ ਵੀ ਧਾਰਮਿਕ ਅਸਥਾਨ ਦੀ ਜ਼ਿਆਰਤ ਕਰਨ ਲਗਿਆਂ ਧਿਆਨ ਵਿਚ ਰਖਣ ਨਾਲ ਵਾਤਾਵਰਨ ਵਿਚ ਅਵੱਸ਼ ਹੀ ਪਾਕੀਜ਼ਗੀ (ਪਵਿੱਤਰਤਾ) ਆਵੇਗੀ। ਧਾਰਮਿਕ ਅਸਥਾਨ ਦੀ ਯਾਤਰਾ ਕਿਸੇ ਟੂਰਿਸਟ ਸਪਾਟ ਨਾਲੋਂ ਇਨ੍ਹਾਂ ਗੱਲਾਂ ਕਰ ਕੇ ਵੀ ਵਖਰੀ ਤੇ ਨਿਆਰੀ ਹੁੰਦੀ ਹੈ। ਹਰਿਮੰਦਰ ਵਿਚ ਬਿਤਾਈਆਂ ਘੜੀਆਂ ਸਾਡੇ ਜੀਵਨ ਦੀਆਂ ਬਹੁਤ ਹੀ ਸੁਲੱਖਣੀਆਂ ਘੜੀਆਂ ਹੁੰਦੀਆਂ ਹਨ, ਇਸ ਲਈ ਇਨ੍ਹਾਂ ਨੂੰ ਸੁਲਖਣੇ ਰੂਪ ਵਿਚ ਹੀ ਗੁਜ਼ਾਰਨ ਵਿਚ ਆਨੰਦ ਹੈ।

ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਅੰਗ-667

.58.

ਹਰਿਮੰਦਰ ਵਿੱਚ ਪ੍ਰਦਰਸ਼ਤ ਵਿਜੇ ਟਰਾਫੀ

ਸਿੱਖ ਧਰਮ ਚੜ੍ਹਦੀਕਲਾ ਦਾ ਧਰਮ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਸਦਾ ਉਦਮਸ਼ੀਲ ਰਹਿਣ ਦਾ ਸਬਕ ਪੜ੍ਹਾਇਆ ਹੈ। ਦੁਖ ਸੁਖ ਵਿਚ ਇਕ ਸਮਾਨ ਰਹਿਣ ਦੀ ਟਰੇਨਿੰਗ ਇਸ ਨੂੰ 10 ਗੁਰੂ ਸਾਹਿਬਾਨ ਨੇ ਆਪਣਾ ਸਭ ਕੁਝ ਕੁਰਬਾਨ ਕਰ ਕੇ ਚੰਗੀ ਤਰ੍ਹਾਂ ਕੰਠ ਕਰਾਈ ਹੈ, ਇਸ ਲਈ ਭਾਣੇ ਵਿਚ ਰਹਿ ਕੇ ਆਪਣਾ ਕਾਰਜ ਪੂਰੀ ਨੇਕ ਨੀਤੀ ਨਾਲ ਕਰਨਾ ਸਿੱਖਾਂ ਨੇ ਡਾਢਾ ਸੁਹਣਾ ਸਿੱਖਿਆ ਹੈ। ਇਨ੍ਹਾਂ ਗੁਣਾਂ ਸਦਕਾ ਹੀ ਸਿੰਘਾਂ ਨੇ ਇਤਿਹਾਸ ਵਿਚ ਅਜਿਹੇ ਕਾਰਨਾਮੇ ਦਰਜ ਕੀਤੇ ਹਨ ਜਿਨ੍ਹਾਂ ਦੀ ਮਿਸਾਲ ਕਿਧਰੇ ਹੋਰ ਮਿਲਣੀ ਅਸੰਭਵ ਹੈ।

ਸਿੱਖਾਂ ਦੀ ਚੜ੍ਹਦੀਕਲਾ ਤੋਂ ਭੈ ਭੀਤ ਹੋਏ ਮੁਗ਼ਲ ਹਾਕਮ ਤੇ ਜਰਵਾਣੇ ਪਠਾਣ ਇਨ੍ਹਾਂ ਦਾ ਖੁਰਾ ਖੋਜ ਮੁਕਾਣ ਲਈ ਹਰ ਪਰਯਤਨ ਕਰਦੇ ਰਹੇ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ, ਬੱਚਿਆਂ ਤਕ ਨੂੰ ਟੁੱਕੜੇ ਟੁੱਕੜੇ ਕਰ ਦਿੱਤਾ ਜਾਂਦਾ ਰਿਹਾ। ਗੁਰੂ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਵੀ ਚਿਣਵਾਇਆ ਗਿਆ। ਚਰਖੜੀਆਂ ਸਿੰਘਾਂ ਦੇ ਖ਼ੂਨ ਨਾਲ ਲਥ ਪਥ ਰਹਿੰਦੀਆਂ। ਹਰ ਜ਼ੁਲਮ ਦੀ ਅਜ਼ਮਾਇਸ਼ ਸਿੰਘਾਂ ਉੱਤੇ ਚਾਈਂ ਚਾਈਂ ਕੀਤੀ ਜਾਂਦੀ। ਇਨ੍ਹਾਂ ਦੇ ਹਰਿਮੰਦਰ ਨੂੰ ਵੀ ਮੁਗ਼ਲਈ ਤੇ ਪਠਾਣੀ ਨਫ਼ਰਤ ਦੀ ਅੱਗ ਨੇ ਕਈ ਵਾਰੀ ਨੁਕਸਾਨ ਪਹੁੰਚਾਇਆ। ਮਕਸਦ ਇਹੀ ਸੀ ਕਿ ਇਸ ਕੌਮ ਦਾ ਖੁਰਾ ਖੋਜ ਹੀ ਮਿਟਾ ਦਿੱਤਾ ਜਾਵੇ ਅਤੇ ਫਿਰ ਭਾਰਤ ਤੇ ਨਿਸਚਿੰਤ ਹੋ ਕੇ ਰਾਜ ਕੀਤਾ ਜਾਵੇ ਤੇ ਮਨ ਮਰਜ਼ੀਆਂ ਕੀਤੀਆਂ ਜਾਣ। ਗੁਰੂ ਦੇ ਸਿੰਘ ਇਹ ਸਾਰਾ ਕੁਝ ਕਿਵੇਂ ਬਰਦਾਸ਼ਤ ਕਰ ਸਕਦੇ ਸਨ? ਜਦ ਮੁਗ਼ਲ ਕੋਈ ਨਵਾਂ ਅਤਿਆਚਾਰ ਕਰਦੇ ਤਾਂ ਸਿੰਘ ਉਤਨੇ ਹੀ ਹੋਰ ਵਧ ਸਰਗਰਮ ਹੋ ਜਾਂਦੇ। **'ਜਬੈ ਬਾਣ ਲਾਗੈ, ਤਬੈ ਰੋਸ ਜਾਗੈ'** ਦੀ ਭਾਵਨਾ ਨੇ ਸਿੰਘਾਂ ਨੂੰ ਹਮੇਸ਼ਾ ਜੁਝਾਰੂ ਬਣਾਈ ਰਖਿਆ। ਹਰਿਮੰਦਰ ਇਸ ਸਭ ਕੁਝ ਦਾ ਸਰੋਤ ਬਣਿਆ ਰਿਹਾ। ਮੁਗ਼ਲ ਜਾਂ ਪਠਾਣ ਹਾਕਮ ਆਉਂਦੇ ਤਾਂ ਹਰਿਮੰਦਰ ਨੂੰ ਨੁਕਸਾਨ ਪਹੁੰਚਾ ਜਾਂਦੇ। ਸਿੱਖ ਆਪਣਾ ਨੁਕਸਾਨ ਤਾਂ ਖ਼ੁਸ਼ੀ ਨਾਲ ਜਰ ਜਾਂਦੇ ਪਰ ਰੱਬ ਦੇ ਘਰ ਹਰਿਮੰਦਰ ਦਾ ਅਪਮਾਨ ਉਨ੍ਹਾਂ ਤੋਂ ਬਰਦਾਸ਼ਤ ਨਾ ਹੁੰਦਾ। ਹਰਿਮੰਦਰ ਉਨ੍ਹਾਂ ਲਈ ਕੋਈ ਛੋਟੀ ਚੀਜ਼ ਨਹੀਂ ਸੀ। ਉਸ ਦੀ ਵਡਿੱਤਣ ਅੱਗੇ ਤਾਂ ਸਾਰੇ ਜਹਾਨਾਂ ਦੀ ਪਾਤਸ਼ਾਹੀ ਉਨ੍ਹਾਂ ਨੂੰ ਫਿੱਕੀ ਜਿਹੀ ਦਿਸਦੀ। ਉਹ ਤਾਂ ਇਸ ਸੋਚ ਦੇ ਧਾਰਨੀ ਸਨ ਕਿ:

ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥
ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥ ਅੰਗ-53

ਇਸ ਲਈ ਹਰਿਮੰਦਰ ਉਨ੍ਹਾਂ ਲਈ ਸਭ ਕੁਝ ਸੀ। ਉਹ ਤਾਂ ਸਭ ਦਾ ਸੁਖ-ਦਾਤਾ ਸੀ, ਉਸਨੂੰ ਛੇੜਣ ਵਾਲੇ ਨੂੰ ਉਹ ਕਦੇ ਨਹੀਂ ਸਨ ਬਖ਼ਸ਼ ਸਕਦੇ। ਇਸ ਲਈ ਜਿਵੇਂ ਗੇਂਦ ਨੂੰ ਜਿਤਨਾ ਵਧ ਜ਼ੋਰ ਨਾਲ ਧਰਤੀ ਤੇ ਪਟਾਕੋ ਉਹ ਉਤਨੀ ਹੀ ਵਧ ਉਛਲਦੀ ਹੈ, ਇਵੇਂ ਹੀ ਜਿਤਨਾ ਵਧ ਸਿਤਮ ਹਰਿਮੰਦਰ ਤੇ ਹੁੰਦਾ ਉਤਨਾ ਹੀ ਵੱਡਾ ਸਿੰਘਾਂ ਦਾ ਪ੍ਰਤੀਕਰਮ ਹੁੰਦਾ। ਨਫ਼ਰਤ ਦੀ ਅੱਗ ਤੇ ਜ਼ੁਲਮ ਦੇ ਘੁਮੰਡ ਵਿਚ ਵਿਚਰਦੇ ਹੁਕਮਰਾਨ ਇਸ ਗੱਲ ਨੂੰ ਪਛਾਣ ਨਾ ਸਕੇ ਤੇ ਇਹ ਹੀ ਗੱਲ ਉਨ੍ਹਾਂ ਦੇ ਰਾਜ ਭਾਗ ਦੇ ਖ਼ਾਤਮੇ ਦਾ ਕਾਰਨ ਬਣੀ। ਜਦ ਅਹਿਮਦ ਸ਼ਾਹ ਅਬਦਾਲੀ ਨੇ ਅਤੇ ਮੁਗ਼ਲ ਹਾਕਮਾਂ ਦੇ ਕਰਿੰਦਿਆਂ ਨੇ ਹਰਿਮੰਦਰ ਨੂੰ ਢਹਿ ਢੇਰੀ ਕਰ ਦਿੱਤਾ, ਸਰੋਵਰ ਸਾਹਿਬ ਨੂੰ ਪੂਰ ਦਿੱਤਾ, ਹਰਿਮੰਦਰ ਦੀ ਧਰਤੀ ਤੇ ਕਿਸੇ ਨੂੰ ਫੜਕਣ ਨਾ ਦਿੱਤਾ, 'ਗੁਰੂ' ਸ਼ਬਦ ਤਾਂ ਇਕ ਪਾਸੇ ਰਿਹਾ, 'ਗੁੜ' ਸ਼ਬਦ ਬੋਲਣ ਤੇ ਵੀ ਪਾਬੰਦੀ ਲਗਾ ਦਿੱਤੀ ਗਈ ਤਾਂ ਸਿੰਘਾਂ ਨੇ ਵੀ ਮਨ ਵਿਚ ਧਾਰ ਲਿਆ ਕਿ ਇਸ ਸਥਿਤੀ ਨੂੰ ਬਦਲ ਕੇ ਅਤੇ ਇਨ੍ਹਾਂ ਅਮਾਨਵੀ ਕੁਕਰਮਾਂ ਦਾ ਬਦਲਾ ਲੈ ਕੇ ਹੀ ਸਾਹ ਲੈਣਾ ਹੈ। ਸਭ ਕੁਝ ਸਿੰਘਾਂ ਨੇ ਆਪਣੇ ਦ੍ਰਿੜ ਇਰਾਦਿਆਂ ਤੇ ਨੇਕ ਭਾਵਨਾਵਾਂ ਸਦਕਾ ਕਰ ਵਖਾਇਆ। ਹਰਿਮੰਦਰ ਸਾਹਿਬ ਪੂਰੀ ਸਜ ਧਜ ਨਾਲ ਫਿਰ ਸੁਰਜੀਤ ਹੋਇਆ ਅਤੇ ਸਿੰਘਾਂ ਨੇ ਦਿੱਲੀ ਦਰਬਾਰ ਨੂੰ ਸੁਚੇਤ ਕੀਤਾ ਕਿ ਹੁਣ ਉਸਦੇ ਪਤਨ ਦੀ ਵਾਰੀ ਹੈ। ਸ. ਬਘੇਲ ਸਿੰਘ, ਸ. ਜਸਾ ਸਿੰਘ ਆਹਲੂਵਾਲੀਆ, ਸ. ਜਸਾ ਸਿੰਘ ਰਾਮਗੜ੍ਹੀਆ ਨੇ ਦਿੱਲੀ ਤੇ ਜਾ ਹਮਲੇ ਕੀਤੇ ਤੇ ਦਿੱਲੀ ਫਤਿਹ ਕਰ ਲਈ। 1783 ਈ. ਨੂੰ ਦਿੱਲੀ ਦੇ ਲਾਲ ਕਿਲ੍ਹੇ ਤੇ ਸਿੰਘਾਂ ਨੇ ਕੇਸਰੀ ਨਿਸ਼ਾਨ ਸਾਹਿਬ ਜਾ ਝੁਲਾਇਆ। ਇਤਿਹਾਸ ਨੇ ਗੌਰਵਮਈ ਪਲਟਾ ਖਾਧਾ। ਸਤਿਗੁਰਾਂ ਦੇ ਵਰਦਾਨਾਂ ਦੀ ਕਰਾਮਾਤ ਸਭ ਭਾਰਤੀਆਂ ਦੇ ਸਾਹਮਣੇ ਆ ਗਈ। ਹਰਿਮੰਦਰ ਦੀ ਸ਼ਾਨ ਦੇ ਤਾਬੇ ਹੋ ਗਿਆ ਦਿੱਲੀ ਦਾ ਤਖ਼ਤ।

ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥
ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥ ਅੰਗ-53

ਸਿੰਘਾਂ ਦਾ ਮਨੋਰਥ ਦਿੱਲੀ ਨੂੰ ਹਥਿਆ ਕੇ ਭਾਰਤ ਤੇ ਰਾਜ ਕਰਨਾ ਨਹੀਂ ਸੀ, ਉਹ ਤਾਂ ਦੁਨੀਆ ਨੂੰ ਦਸਣਾ ਚਾਹੁੰਦੇ ਸਨ ਕਿ ਹਰਿਮੰਦਰ ਨਾਲ ਮੱਥਾ ਲਾਉਣ ਵਾਲਾ ਜਿੱਤ ਦਾ ਮੂੰਹ ਨਹੀਂ ਵੇਖ ਸਕਦਾ ਕਿਉਂਕਿ ਉਹ ਇਵੇਂ ਅਕਾਲਪੁਰਖ ਨਾਲ ਉਲਝ ਰਿਹਾ ਹੁੰਦਾ ਹੈ ਤੇ ਇਸ ਹਾਲਤ ਵਿੱਚ ਅਕਾਲਪੁਰਖ ਦੀ ਖ਼ਾਲਸਈ ਫੌਜ ਉਸਦਾ ਖੁਰਾ ਖੋਜ ਮਿਟਾ ਕੇ ਹੀ ਸਾਹ ਲਏਗੀ। ਦਿੱਲੀ ਫਤਿਹ ਕਰਨ

ਉਪਰੰਤ ਸ. ਬਘੇਲ ਸਿੰਘ ਤਾਂ ਉੱਥੇ ਗੁਰਦਵਾਰਾ ਸਾਹਿਬਾਨ ਦੇ ਨਿਰਮਾਣ ਕਾਰਜਾਂ ਵਿਚ ਲਗ ਗਿਆ ਪਰ ਜਸਾ ਸਿੰਘ ਰਾਮਗੜ੍ਹੀਆ ਨੇ ਲਾਲ ਕਿਲ੍ਹੇ ਵਿਚ ਸਜੇ ਮੁਗ਼ਲੀਆ ਤਖ਼ਤ ਨੂੰ ਆਪਣੇ ਕਬਜ਼ੇ ਵਿਚ ਕਰਕੇ ਉਸਦੇ ਦੋ ਟੋਟੇ ਕਰ ਦਿੱਤੇ। ਉਹ ਮੁਗ਼ਲ ਤਖ਼ਤ ਜਿਸਦੀ ਅਦਭੁਤ ਸ਼ਕਤੀ ਦਾ ਡਰਾਵਾ ਦੇ ਕੇ ਸਾਰੇ ਭਾਰਤ ਨੂੰ ਡਰਾਇਆ ਜਾਂਦਾ ਸੀ, ਅਜ ਆਪਣੇ ਆਪ ਨੂੰ ਸਿੱਖਾਂ ਦੇ ਹੱਥੋਂ ਨਾ ਬਚਾ ਸਕਿਆ। ਸ. ਜਸਾ ਸਿੰਘ ਨੇ ਉਸਦਾ ਇਕ ਹਿੱਸਾ ਜਿਹੜਾ 6'-3"×4'-6"×0-9" ਸਾਈਜ਼ ਦਾ ਸੀ ਇਕ ਗੱਡੇ ਤੇ ਲੱਦਿਆ ਤੇ ਉਸਨੂੰ ਲੈ ਕੇ ਜੈਕਾਰਿਆਂ ਦੀ ਗੂੰਜ ਨਾਲ ਦਿੱਲੀ ਤੋਂ ਹਰਿਮੰਦਰ ਸਾਹਿਬ ਵਲ ਚਾਲੇ ਪਾ ਦਿੱਤੇ। ਤਖ਼ਤ ਦਾ ਇਹ ਟੁੱਕੜਾ ਮੁਗ਼ਲਾਂ ਦੀ ਗ਼ੈਰਤ ਨੂੰ ਚੁੱਲੂ ਭਰ ਪਾਣੀ ਵਿਚ ਡੋਬਦਾ ਹੋਇਆ ਜੈਕਾਰਿਆਂ, ਲਲਕਾਰਾਂ ਤੇ ਵੰਗਾਰਾਂ ਨਾਲ ਹਰਿਮੰਦਰ ਸਾਹਿਬ ਦੀ ਕਦਮ ਬੋਸੀ ਕਰਨ ਅਤੇ ਆਪਣੀਆਂ ਭੁੱਲਾਂ ਬਖ਼ਸ਼ਾਉਣ ਲਈ ਦਿਨ ਪ੍ਰਤੀ ਦਿਨ ਅੰਮ੍ਰਿਤਸਰ ਵਲ ਅੱਗੇ ਵਧਦਾ ਹੀ ਗਿਆ। ਕਿਸੇ ਦੀ ਅਣਖ ਨਹੀਂ ਜਾਗੀ ਕਿ ਜਸਾ ਸਿੰਘ ਰਾਮਗੜ੍ਹੀਏ ਦੇ ਵਿਜੇ ਦੇ ਇਸ ਕਾਫ਼ਲੇ ਨੂੰ ਰੋਕ ਕੇ ਤਖ਼ਤ ਦਾ ਟੁਕੜਾ ਖੋਹ ਕੇ ਆਪਣੀ ਗ਼ੈਰਤ ਬਚਾ ਸਕੇ। ਜਿਸ ਨੂੰ ਰੱਬ ਨੀਵਾਂ ਦਖਾਉਣਾ ਚਾਹੇ ਉਸਨੂੰ ਕੌਣ ਸਹਾਈ ਹੋ ਸਕਦਾ ਹੈ? ਆਖ਼ਰ ਬਹਾਦਰ ਸਿੰਘ ਸਪੁਤ ਮੁਗ਼ਲਾਂ ਦੇ ਤਖ਼ਤ ਨੂੰ, ਉਨ੍ਹਾਂ ਦੀ ਆਨ ਸ਼ਾਨ ਨੂੰ, ਉਨ੍ਹਾਂ ਦੀ ਸੂਰਮਗਤੀ ਦੀ ਨਿਸ਼ਾਨੀ ਨੂੰ ਜਾਂ ਇਵੇਂ ਕਹਿ ਲਵੋ ਉਨ੍ਹਾਂ ਦੇ ਜ਼ੁਲਮ ਕਰਨ ਵਾਲੇ ਨਿਰਦੇਈ ਪੱਥਰ ਨੂੰ ਨੱਕ ਵਿਚ ਨਥ ਪਾ ਕੇ ਘਸੀਟਦੇ ਘਸੀਟਦੇ ਹਰਿਮੰਦਰ ਸਾਹਿਬ ਲੈ ਆਏ। ਇਹ ਸਿੰਘਾਂ ਦੀ ਅਲੌਕਿਕ ਸ਼ਾਨ ਦੀ ਘੜੀ ਸੀ। ਉਨ੍ਹਾਂ ਦਰਬਾਰ ਸਾਹਿਬ ਪਹੁੰਚ ਕੇ ਸਤਿਗੁਰਾਂ ਦਾ ਧੰਨਵਾਦ ਕੀਤਾ। ਹੁਣ ਸਭ ਨੂੰ ਲਗ ਰਿਹਾ ਸੀ ਕਿ ਮੁਗ਼ਲ ਰਾਜ ਦੀਆਂ ਜੜ੍ਹਾਂ ਪੁੱਟਣ ਦੀ ਭਵਿਸ਼ਵਾਣੀ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਰਾਏ ਕੋਟ ਦੇ ਅਸਥਾਨ ਤੇ ਰਾਏ ਕਲ੍ਹੇ ਦੇ ਸਾਹਮਣੇ ਕੀਤੀ ਸੀ, ਉਹ ਸਾਖਿਆਤ ਰੂਪ ਧਾਰਨ ਕਰ ਗਈ ਹੈ। ਸਿੰਘ ਮੁਗ਼ਲੀਆ ਤਖ਼ਤ ਦੀ ਇਹ ਦੁਰਦਸ਼ਾ ਦੇਖ ਕੇ ਖੀਵੇ ਪਏ ਹੁੰਦੇ ਪਰ ਅਕਾਲ ਉਸਤਤ ਵਿਚ ਸਿਰ ਨਿਵਾਉਂਦੇ। ਜ਼ੁਲਮ ਦਾ ਆਖ਼ਰ ਨਾਸ਼ ਹੁੰਦਾ ਹੈ ਤੇ ਹੱਕ ਇਨਸਾਫ ਦੀ ਜਿਤ ਹੁੰਦੀ ਹੈ। ਇਹ ਤਖ਼ਤ ਦਾ ਨਿਮਾਣਾ ਟੁੱਕੜਾ ਮੂਕ ਰਹਿ ਕੇ ਵੀ ਇਹੀ ਗੱਲ ਪ੍ਰਦਰਸ਼ਤ ਕਰ ਰਿਹਾ ਸੀ। ਸਿੰਘਾਂ ਨੇ ਇਸ ਮੁਗ਼ਲੀਆ ਤਖ਼ਤ ਦੇ ਅੱਧੇ ਟੁਕੜੇ ਨੂੰ ਆਪਣੀ ਜਿਤ ਦੀ ਟਰਾਫੀ ਸਮਝਿਆ ਅਤੇ ਫੈਸਲਾ ਇਹ ਹੀ ਹੋਇਆ ਕਿ ਇਸ ਨੂੰ ਹਰਿਮੰਦਰ ਪਰੀਸਰ ਵਿਚ ਹੀ ਰਖ ਦਿੱਤਾ ਜਾਵੇ ਤਾਂ ਕਿ ਜੋ ਵੀ ਸਿੱਖ ਜਾਂ ਯਾਤਰੂ ਦਰਬਾਰ ਸਾਹਿਬ ਆਵੇ, ਉਸਨੂੰ ਇਹ ਦੇਖ ਕੇ ਪਤਾ ਲਗ ਸਕੇ ਕਿ ਸਿੰਘ ਸੂਰਮੇ ਹਰਿਮੰਦਰ ਤੋਂ ਪ੍ਰੇਰਨਾ ਲੈ ਕੇ ਅਜਿਤ ਇਤਿਹਾਸ ਨੂੰ ਵੀ ਪਲਟਣ ਦੀ ਸ਼ਕਤੀ ਰਖਦੇ ਹਨ। ਇਹ ਤਖ਼ਤ ਜਿਥੇ ਸਿੰਘਾਂ ਦੀ ਅਦਭੁਤ

ਸ਼ਕਤੀ ਦਾ ਪਰਤੀਕ ਬਣਿਆ, ਉੱਥੇ ਮੁਗ਼ਲਾਂ ਦੀ ਬੁਜ਼ਦਿਲੀ ਦੀ ਸਾਖਿਆਤ ਤਸਵੀਰ ਵੀ ਸਾਬਤ ਹੋਇਆ। ਇਸ ਨੂੰ ਦੁਖ ਭੰਜਨੀ ਬੇਰੀ ਦੇ ਬਿਲਕੁਲ ਸਾਹਮਣੇ ਰਾਮਗੜ੍ਹੀਆ ਬੁੰਗੇ ਵਿਚ ਰਖ ਦਿੱਤਾ ਗਿਆ ਜਿਥੇ ਇਹ ਅੱਜ ਵੀ ਪਿਆ ਹੋਇਆ ਹੈ। ਹਰ ਆਉਂਦੇ ਜਾਂਦੇ ਨੂੰ ਆਪਣੀ ਹਾਰ ਦੀ ਤੇ ਬੇਗ਼ੈਰਤੀ ਵਿਹਾਰ ਦੀ ਕਹਾਣੀ ਸੁਣਾਨ ਦੀ ਵੀ ਇਸ ਵਿਚ ਹਿੰਮਤ ਨਹੀਂ ਰਹੀ। ਹਰਿਮੰਦਰ ਪਰੀਸਰ ਵਿਚ ਲਗੀ ਹਰ ਇੱਟ ਦਾ ਸਿੱਖ ਹਿਰਦਿਆਂ ਵਿਚ ਸਤਿਕਾਰ ਹੈ ਪਰ ਇਹ ਤਖ਼ਤ ਆਪਣੇ ਆਪ ਨੂੰ ਹਿੰਦੁਸਤਾਨ ਦਾ ਸਭ ਤੋਂ ਅਨਮੋਲ ਤੇ ਸ਼ਕਤੀਸ਼ਾਲੀ ਅਤੇ ਸੁਹਣਾ ਅਖਵਾਉਂਦਾ ਪੱਥਰ, ਸਿੰਘਾਂ ਦੀਆਂ ਨਜ਼ਰਾਂ ਵਿਚ ਕੌਡੀ ਦੇ ਮੁਲ ਦਾ ਵੀ ਨਹੀਂ ਸੀ। ਇਸਦਾ ਇਕ ਕਾਰਨ ਇਹ ਵੀ ਸੀ ਕਿ ਇਸ ਦਾ ਰਿਸ਼ਤਾ ਮਾੜੇ ਕਰਮਾਂ ਨਾਲ ਜੁੜਿਆ ਰਿਹਾ। ਇਸ ਲਈ ਇਸ ਤਖ਼ਤ ਦਾ ਸਰਵਨਾਸ਼ ਹੋਣਾ ਕੁਦਰਤੀ ਸੀ ਕਿਉਂਕਿ ਅੰਤ ਭਲੇ ਦਾ ਹੀ ਭਲਾ ਹੁੰਦਾ ਹੈ ਤੇ ਬੁਰੇ ਦਾ ਮੂੰਹ ਕਾਲਾ ਹੁੰਦਾ ਹੈ। ਕੂਕ ਕੂਕ ਕੇ ਇਹ ਦਿੱਲੀ ਦਾ ਤਖ਼ਤ ਪੁਕਾਰ ਰਿਹਾ ਹੈ ਕਿ :

ਜੋ ਹਰਿਮੰਦਰ ਸੇ ਟਕਰਾਏ ਗਾ,
ਪਾਸ਼ ਪਾਸ਼ (ਟੁਕੜੇ ਟੁਕੜੇ) ਹੋ ਜਾਏ ਗਾ।
ਜੋ ਇਸ ਦੀ ਸ਼ਰਨ ਵਿਚ ਆਏ ਗਾ,
ਬਾਸ਼ ਬਾਸ਼ (ਖੁਸ਼) ਹੋ ਜਾਏ ਗਾ। ਸੁਖਿੰਦਰਪਾਲ ਸਿੰਘ ਅਲੱਗ

ਇਸ ਲਈ ਐ ਦੁਨੀਆ ਦੇ ਲੋਕੋ ਹਰਿਮੰਦਰ ਦੀ ਸ਼ਰਨ ਵਿਚ ਆਓ ਤੇ ਮਨ ਚਿੰਦੇ ਫਲ ਪਾਓ। ਪਾਸ਼ ਪਾਸ਼ ਦੀ ਭਾਸ਼ਾ ਛੱਡੋ ਇਸ ਨਾਲ ਨਫ਼ਰਤ ਵਧਦੀ ਹੈ ਤੇ ਦਿਲਾਂ ਵਿਚ ਵੰਡੀਆਂ ਪੈਂਦੀਆਂ ਹਨ ਤੇ ਬਾਸ਼ ਬਾਸ਼ ਦੇ ਵਰਦਾਨਾਂ ਦੇ ਧਾਰਨੀ ਬਣੋ ਤੇ ਮਨੁੱਖਤਾ ਵਿਚ ਪਿਆਰ ਦੇ ਪਸਾਰੇ ਲਈ ਕਰਮਸ਼ੀਲ ਹੋਵੋ ਜੋ ਹਰਿਮੰਦਰ ਦਾ ਸਦੀਵੀ ਸੰਦੇਸ਼ ਹੈ ਅਤੇ ਆਤਮਕ ਸ਼ਕਤੀ ਪ੍ਰਦਾਨ ਕਰਨ ਦਾ ਅਮੁਕ ਸਰੋਤ ਵੀ।

ਹਰਿਮੰਦਰ ਵਲ ਕਰੋ ਧਿਆਨ, ਰਜ ਰਜ ਪਾਓ ਨਾਮ ਨਿਧਾਨ, .
ਜੀਵਨ ਜੀਓ ਸਰਬ ਪ੍ਰਵਾਨ, ਚੜ੍ਹਦੀ ਕਲਾ ਰਹੇ ਬਲਵਾਨ।

ਸ. ਪ. ਸਿੰਘ ਅਲੱਗ

.59.

ਹਰਿਮੰਦਰ ਸਾਹਿਬ ਵਿੱਚ ਹਲੇਮੀ ਰਾਜ

ਹਰਿਮੰਦਰ ਸਾਹਿਬ ਵਿਚ ਕੀ ਨਹੀਂ। ਗੁਰਬਾਣੀ ਨਾਲ ਸੰਵਾਰੀ ਸ਼ਖਸੀਅਤ ਦਾ ਇਹ ਨਿਰਮਾਣ ਕੇਂਦਰ ਹੈ। ਇੱਥੇ ਸੁਧ ਬੁਧ ਵਿਕਸਤ ਹੁੰਦੀ ਹੈ, ਬਲ ਪ੍ਰਬੋਧ ਦੀ ਸੁਧਾਈ ਹੁੰਦੀ ਹੈ, ਸੇਵਾ ਸਿਮਰਨ ਦੀ ਅਮਲੀ ਸਿੱਖਿਆ ਮਿਲਦੀ ਹੈ, ਸਚ ਸੰਤੋਖ ਦੀ ਪਾਹ ਚੜ੍ਹਦੀ ਹੈ, ਦੀਨ ਦੁਨੀਆ ਲਈ ਪਿਆਰ ਵਿਗਸਦਾ ਹੈ, ਨਾਮ ਦਾਨ ਦਾ ਪ੍ਰਸਾਦਿ ਮਿਲਦਾ ਹੈ, ਕਿਰਤ ਕਰਮ ਨੂੰ ਪਰਖਿਆ ਜਾਂਦਾ ਹੈ, ਸਬਰ ਸਬੂਰੀ ਦੀ ਸੋਝੀ ਹੁੰਦੀ ਹੈ ਅਤੇ ਮਾਣ ਹੁੰਦੇ ਹੋਏ ਨਿਤਾਣਾ ਰਹਿਣ ਦੇ ਅਨੁਭਵ ਉਜਾਗਰ ਹੁੰਦੇ ਹਨ। ਹਰਿਮੰਦਰ ਦੀ ਹਰ ਕਿਰਿਆ ਵਿਚ ਇਹ ਸੁਚੇ ਗੁਣ ਕਿਸੇ ਨਾ ਕਿਸੇ ਰੂਪ ਵਿਚ ਹਰ ਇਕ ਜਗਿਆਸੂ ਨੂੰ ਮੂਰਤੀਮਾਨ ਹੋਏ ਦਿਸ ਪੈਂਦੇ ਹਨ, ਬਸ ਜ਼ਰਾ ਚਿਤ ਨੂੰ ਸ਼ਾਂਤ ਕਰਨ ਦੀ ਲੋੜ ਹੈ, ਮਨ ਨੂੰ ਕਾਬੂ ਕਰਨ ਦੀ ਅਵਸ਼ਕਤਾ ਹੈ ਤੇ ਦਿਲ ਦਮਾਗ਼ ਦੀਆਂ ਅੱਖਾਂ ਖੋਹਲ ਕੇ ਵਿਚਰਨ ਦੀ ਜ਼ਰੂਰਤ ਹੈ। ਹਰਿਮੰਦਰ ਤੋਂ ਹਰੀ ਭਗਤੀ, ਅਕਾਲ ਤਖ਼ਤ ਤੋਂ ਅਕਾਲੀ ਸ਼ਕਤੀ ਅਤੇ ਆਨੰਦਪੁਰ ਤੋਂ ਆਨੰਦਮਈ ਜੀਵਨ ਦੇ ਅਦੁੱਤੀ ਵਰਦਾਨ ਪ੍ਰਾਪਤ ਕਰਕੇ ਜੋ ਸਿੰਘ ਸੂਰਮਾ ਸਜ ਕੇ ਵਿਸ਼ਵ ਮੰਚ ਤੇ ਪ੍ਰਗਟ ਹੁੰਦਾ ਹੈ ਉਹ ਜੀਵਨ ਮੁਕਤ ਸੰਤ-ਸਿਪਾਹੀ ਹੈ। ਸਭ ਪ੍ਰਕਾਰ ਦੀਆਂ ਸ਼ਕਤੀਆਂ ਦਾ ਸਵਾਮੀ ਹੋਣ ਦੇ ਬਾਵਜੂਦ ਵੀ ਉਹ ਨਿਮਰ ਹੈ, ਆਗਿਆਕਾਰ ਹੈ, ਹਮਦਰਦ ਹੈ, ਸੇਵਾਦਾਰ ਹੈ ਅਤੇ ਸਰਬੱਤ ਦਾ ਭਲਾ ਚਾਹੁਣ ਦੀ ਜੁਗਤ ਦਾ ਧਾਰਨੀ ਹੈ। ਹਰਿਮੰਦਰ ਵਿਚ ਇਸ ਦੀ ਮਿਸਾਲ ਮੌਜੂਦ ਹੈ। ਆਓ ਉਸ ਮਿਸਾਲ ਦੇ ਦਰਸ਼ਨ ਕਰੀਏ।

ਜਦ ਅਬਦਾਲੀ ਅਤੇ ਮੁਗ਼ਲ, ਸਿੰਘਾਂ ਨੂੰ ਮੁਕਾਉਂਦੇ ਮੁਕਾਉਂਦੇ ਆਪ ਮੁਕ ਗਏ ਤਾਂ ਸਿੱਖਾਂ ਨੇ ਉਨ੍ਹਾਂ ਤੋਂ ਅਜ਼ਾਦ ਕਰਵਾਏ ਇਲਾਕਿਆਂ ਵਿਚ ਆਪਣੀ ਰਾਜ ਕਲਾ ਵਰਤਾ ਦਿੱਤੀ। ਇਵੇਂ 12 ਮਿਸਲਾਂ ਹੋਂਦ ਵਿਚ ਆ ਗਈਆਂ। ਇਨ੍ਹਾਂ ਮਿਸਲਾਂ ਦੇ ਸਰਦਾਰ ਆਪਣੇ ਆਪਣੇ ਰਾਜਾਂ ਨੂੰ ਹਲੀਮੀ ਰਾਜ ਬਣਾਉਣ ਲਈ ਹਰਿਮੰਦਰ ਤੋਂ ਅਸੀਸਾਂ ਲੈਂਦੇ ਤੇ ਅਕਾਲ ਤਖ਼ਤ ਤੋਂ ਸੇਧ। ਸਭ ਦੀ ਟੇਕ ਹਰਿਮੰਦਰ ਤੇ ਹੁੰਦੀ। ਉਨ੍ਹਾਂ ਨੂੰ ਜਦ ਵੀ ਸਮਾਂ ਮਿਲਦਾ ਹਰਿਮੰਦਰ ਸਾਹਿਬ ਆਉਂਦੇ, ਸਤਿਗੁਰਾਂ ਦੇ ਸਤਿਕਾਰ ਵਿਚ ਝੁਕਦੇ ਅਤੇ ਹਰਿਮੰਦਰ ਨਾਲ ਸਦੀਵੀ ਸਾਂਝ ਰਖਣ ਖਾਤਰ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਪਰਕਰਮਾ ਦੇ ਆਸ ਪਾਸ ਆਪਣੇ ਆਪਣੇ ਬੁੰਗੇ ਵੀ ਬਣਵਾ ਲਏ ਤਾਂ ਜੋ ਇਸ ਪਵਿੱਤਰ ਸ਼ਕਤੀ ਸਰੋਤ ਨਾਲ ਨਿਰੰਤਰ ਤੇ ਅਟੁਟ ਸਾਂਝ ਬਣੀ ਰਹੇ। ਹਰਿਮੰਦਰ ਤੋਂ ਇਕ ਪਲ ਦੀ ਵੀ

ਦੂਰੀ ਉਹ ਸੋਚ ਨਹੀਂ ਸਨ ਸਕਦੇ। ਹਰਿਮੰਦਰ ਸਾਹਿਬ ਤੇ ਹਰ ਰੋਜ਼ ਉਨ੍ਹਾਂ ਵਲੋਂ ਕੜਾਹ ਪ੍ਰਸਾਦਿ ਦੇ ਚੜ੍ਹਾਵੇ ਚੜ੍ਹਦੇ। ਇਨ੍ਹਾਂ ਮਿਸਲਾਂ ਦੇ ਸਰਦਾਰਾਂ ਵਿਚੋਂ ਇਕ ਸਰਦਾਰ ਸੀ ਸ. ਜਸਾ ਸਿੰਘ ਰਾਮਗੜ੍ਹੀਆ ਜਿਸ ਨੇ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਰਾਮਗੜ੍ਹੀਆ ਬੁੰਗਾ ਬਣਵਾਇਆ ਸੀ ਜਿਸ ਤੋਂ ਉਹ ਆਪਣੀ ਮਿਸਲ ਦਾ ਰਾਜ ਭਾਗ ਚਲਾਉਂਦਾ। ਇਹ ਬੁੰਗਾ ਦੁਖਭੰਜਨੀ ਬੇਰੀ ਦੇ ਬਿਲਕੁਲ ਸਾਹਮਣੇ ਹੈ ਅਤੇ ਦੋ ਉੱਚੇ ਉੱਚੇ ਮੀਨਾਰ ਅੱਜ ਵੀ ਇਸ ਦੇ ਸ਼ਕਤੀਸ਼ਾਲੀ ਇਤਿਹਾਸ ਦੀ ਗਵਾਹੀ ਦੇ ਰਹੇ ਹਨ। ਮੁਗਲ ਰਾਜ ਦੀਆਂ ਜੜ੍ਹਾਂ ਉਖਾੜ ਦੇਣ ਵਾਲਾ ਸ. ਜਸਾ ਸਿੰਘ ਰਾਮਗੜ੍ਹੀਆ ਆਪਣਾ ਰਾਜ ਭਾਗ ਚਲਾਉਣ ਵਿਚ ਇਤਨਾ ਹਲੀਮ ਸੀ ਕਿ ਇਸ ਦੇ ਬਰਾਬਰ ਦੀ ਮਿਸਾਲ ਲਭਣਾ ਅਸੰਭਵ ਹੈ। ਗੁਰਬਾਣੀ ਦੀ ਇਹ ਪੰਗਤੀ ਉਸ ਦਾ ਪਥ ਹਰ ਵਕਤ ਪ੍ਰਦਰਸ਼ਨ ਕਰਦੀ ਸੀ ਕਿ :

ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥ ਅੰਗ–74

ਸਾਨੂੰ ਸਾਰਿਆਂ ਨੂੰ ਪਤਾ ਹੈ ਗੁਰੂ ਅਰਜਨ ਪਾਤਸ਼ਾਹ ਨੇ ਹਰਿਮੰਦਰ ਨੂੰ ਆਮ ਸਤਿਹ ਨਾਲੋਂ 17 ਪਉੜੀਆਂ ਨੀਵਾਂ ਰਖਿਆ ਤਾਂ ਕਿ ਇਸ ਅਸਥਾਨ ਤੇ ਆਉਣ ਵਾਲੇ ਹਰ ਮਨੁੱਖ ਅੰਦਰ ਨਿਮਰਤਾ ਤੇ ਹਲੀਮੀ ਦੇ ਪ੍ਰਭਾਵ ਉਜਾਗਰ ਹੋ ਸਕਣ। ਇਸੇ ਭਾਵਨਾਂ ਨੂੰ ਸਤ ਕਰਕੇ ਜਾਣਨ ਲਈ ਸ. ਜਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਬੁੰਗੇ ਵਿਚ ਜੋ ਦਰਬਾਰ ਹਾਲ ਬਣਵਾਇਆ ਅਤੇ ਜਿਸ ਤਖ਼ਤ ਤੇ ਬੈਠ ਕੇ ਉਹ ਦਰਬਾਰ ਲਗਾਉਂਦਾ, ਵੱਡੇ ਵੱਡੇ ਫੈਸਲੇ ਕਰਦਾ, ਉਹ ਦਰਬਾਰ ਸਾਹਿਬ ਦੀ ਸਤਾਹ ਤੋਂ ਵੀ 17 ਪਉੜੀਆਂ ਹੋਰ ਥੱਲੇ ਜਾ ਕੇ ਬਣਾਇਆ ਗਿਆ ਤਾਂ ਜੋ ਉਸ ਦੇ ਹਰ ਕਰਮ ਵਿਚ ਦਰਬਾਰ ਸਾਹਿਬ ਪ੍ਰਤੀ ਅਦਬ ਸਤਿਕਾਰ ਤੇ ਹਲੀਮੀ ਵਿਚ ਵਿਚਰਨ ਦੀ ਪੂਰੀ ਮਰਿਆਦਾ ਹਮੇਸ਼ਾ ਲਈ ਬਣੀ ਰਹੇ। ਉਹ ਆਪਣੇ ਤਖ਼ਤ ਅਤੇ ਦਰਬਾਰ ਵਿਚ ਬੈਠਾ ਹੋਇਆ ਵੀ ਇਵੇਂ ਲਗਣਾ ਚਾਹੁੰਦਾ ਸੀ ਜਿਵੇਂ ਕਿ ਅਕਾਲ ਪੁਰਖ ਦੀ ਉਸਤਤ ਵਿਚ ਭੋਰੇ ਵਿਚ ਬੈਠਾ ਤਪ ਕਰ ਰਿਹਾ ਹੋਵੇ। ਉਸਨੂੰ ਆਪਣੇ ਇਸ ਦਰਬਾਰ ਹਾਲ ਵਿਚ ਉਦਮਸ਼ੀਲ ਹੁੰਦੇ ਹੋਇਆਂ ਵੀ ਹਰਿਮੰਦਰ ਸਾਹਿਬ ਦੇ ਸੁਹਾਵਣੇ ਦਰਸ਼ਨ ਸਹਿਜ ਸੁਭਾਏ ਹੁੰਦੇ ਰਹਿੰਦੇ ਜਿਸ ਸਦਕਾ ਉਹ ਉਠਦਿਆਂ ਬੈਠਦਿਆਂ ਹਰਿਮੰਦਰ ਨੂੰ ਹੱਥ ਜੋੜ ਕੇ ਨਮਸਕਾਰ ਕਰਦਾ ਤੇ ਸਿਰ ਨਿਵਾ ਕੇ ਹਲੀਮੀ ਦਾ ਹੀ ਵਰਦਾਨ ਮੰਗਦਾ।

ਉਸ ਨੇ ਇਸ ਅਸਥਾਨ ਨੂੰ ਅਜਿਹੀ ਨਿਰਮਾਣ ਕਲਾ ਦੀ ਵਰਤੋਂ ਕਰਕੇ ਬਣਵਾਇਆ ਕਿ ਪਰਕਰਮਾ ਦੇ ਸਤੱਲ ਤੋਂ ਕਈ ਫੁਟ ਹੋਰ ਥੱਲੇ ਹੋਣ ਦੇ ਬਾਵਜੂਦ ਵੀ ਉੱਥੇ ਹਵਾ, ਰੋਸ਼ਨੀ ਪੂਰੀ ਤਰ੍ਹਾਂ ਪਹੁੰਚਦੀ। ਉਸਨੇ ਉੱਥੇ ਇਕ ਖੂਹ ਦਾ

ਨਿਰਮਾਣ ਕਰਵਾਇਆ ਜੋ ਉਤੋਂ ਖੁਲ੍ਹਾ ਹੋਣ ਕਾਰਨ ਪੂਰੀ ਪੂਰੀ ਰੌਸ਼ਨੀ ਤੇ ਹਵਾ ਪ੍ਰਦਾਨ ਕਰਨ ਦਾ ਕੰਮ ਕਰਦਾ। ਜਦ ਹਵਾ ਉਸ ਖੂਹ ਤੋਂ ਟਪ ਕੇ ਉਸਦੇ ਦਰਬਾਰ ਹਾਲ ਵਿਚ ਪਰਵੇਸ਼ ਕਰਦੀ ਤਾਂ ਖੂਹ ਦੇ ਜਲ ਦੀ ਸ਼ੀਤਲਤਾ ਨਾਲ ਓਤ ਪੋਤ ਹੋ ਕੇ ਹਾਲ ਨੂੰ ਗਰਮੀਆਂ ਵਿਚ ਏਅਰ ਕੰਡੀਸ਼ੰਡ ਕਰ ਦੇਂਦੀ। ਅਜ ਭਾਵੇਂ ਉਹ ਖੂਹ ਉਜੜ ਜਿਹਾ ਗਿਆ ਹੈ ਪਰ ਫਿਰ ਵੀ ਹਾਲ ਵਿਚ ਪੰਜ ਮਿੰਟ ਠਹਿਰਨ ਨਾਲ ਗਰਮੀ ਦਾ ਅਹਿਸਾਸ ਖ਼ਤਮ ਹੋ ਜਾਂਦਾ ਹੈ ਅਤੇ ਆਨੰਦਮਈ ਕੁਦਰਤੀ ਠੰਡ ਮਹਿਸੂਸ ਹੋਣ ਲਗ ਪੈਂਦੀ ਹੈ। ਭੂਗੋਲ ਦੇ ਪ੍ਰਸਿਧ ਵਿਦਵਾਨ ਡਾ. ਗੁਰਬਚਨ ਸਿੰਘ ਬਚਨ, ਉਸ ਸਮੇਂ ਦੇ ਸਕੱਤਰ SGPC ਨੇ ਇਸ ਲੇਖਕ ਨੂੰ ਅਤੇ ਨਾਲ ਗਈ ਸਮੁੱਚੀ ਮੰਡਲੀ ਨੂੰ ਆਪ ਨਾਲ ਹੋ ਕੇ ਇਸ ਹਲੀਮੀ ਰਾਜ ਦੇ ਸਿਧਾਂਤ ਦੇ ਪ੍ਰਤਖ ਦਰਸ਼ਨ ਕਰਵਾਉਂਦੇ ਖੁਸ਼ੀ ਭਰੇ ਮਾਣ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਡੇ ਵੱਡੇ ਵਡੇਰੇ ਸਭ ਸ਼ਕਤੀਆਂ ਦੇ ਮਾਲਕ ਹੋਣ ਦੇ ਬਾਵਜੂਦ ਵੀ ਗੁਰਬਾਣੀ ਦੇ ਗੁਰ ਇਤਿਹਾਸ ਦੇ ਸਿਧਾਂਤਾਂ ਅਨੁਸਾਰ ਆਪਣੀ ਜ਼ਿੰਦਗੀ ਦਾ ਹਰ ਕਾਰੋਬਾਰ ਕਰਨ ਵਿਚ ਇਕ ਵਿਸ਼ੇਸ਼ ਪ੍ਰਸੰਨਤਾ ਅਨੁਭਵ ਕਰਦੇ ਸਨ ਅਤੇ ਗੁਰਸਿੱਖੀ ਦੀਆਂ ਕੀਮਤਾਂ ਕਦਰਾਂ ਨੂੰ ਮਜ਼ਬੂਤ ਕਰਨ ਅਤੇ ਹੋਰ ਵਧੇਰੇ ਸਜਾਉਣ ਚਮਕਾਉਣ ਵਿਚ ਸਦਾ ਸਰਗਰਮ ਰਹਿੰਦੇ ਸਨ। ਅਜਿਹੀ ਮਿਸਾਲ ਸਾਡੇ ਸਾਰਿਆਂ ਲਈ ਖੁਸ਼ੀ ਦੀ ਸੂਚਕ ਹੈ ਅਤੇ ਪ੍ਰੇਰਨਾ ਸਰੋਤ ਵੀ। ਅਸੀਂ ਡਾ. ਬਚਨ ਨੂੰ ਬੇਨਤੀ ਕੀਤੀ ਕਿ ਹਲੀਮੀ ਰਾਜ ਨੂੰ ਪ੍ਰਦਰਸ਼ਤ ਕਰਨ ਦੀ ਇਸ ਪਰਤੱਖ ਮਿਸਾਲ ਨੂੰ ਪਰੀਸਰ ਨੂੰ ਹੋਰ ਵਿਸ਼ਾਲ ਜਾਂ ਸੁੰਦਰ ਬਣਾਉਣ ਦੀ ਕਿਸੇ ਯੋਜਨਾ ਅਧੀਨ ਬਲੀ ਨਾ ਚੜ੍ਹਾ ਦਿੱਤਾ ਜਾਵੇ ਕਿਉਂਕਿ ਇੱਥੇ ਆ ਕੇ ਹਰ ਕਿਸੇ ਦੇ ਮਨ ਨੂੰ ਇਕ ਉਸਾਰੂ ਝੰਜੋੜਾ ਮਿਲਦਾ ਹੈ, ਗੌਰਵਮਈ ਇਤਿਹਾਸ ਤਰੋ ਤਾਜ਼ਾ ਹੁੰਦਾ ਹੈ ਤੇ ਸਿੱਖ ਦੀ ਸ਼ਾਨ ਸਵਾਈ ਹੁੰਦੀ ਹੈ। ਇਸ ਅਸਥਾਨ ਤਕ ਪਹੁੰਚਣ ਲਈ ਸੁਖਾਲਾ ਜਿਹਾ ਰਸਤਾ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਪ੍ਰਕਰਮਾ ਵਿਚ ਉਸ ਰਸਤੇ ਦੀ ਨਿਸ਼ਾਨ ਦੇਹੀ ਵੀ ਹੋਣੀ ਜ਼ਰੂਰੀ ਹੈ ਤਾਂ ਕਿ ਸੰਗਤਾਂ ਪਰੀਸਰ ਦੇ ਹੋਰ ਦੁਰਲਭ ਅਸਥਾਨਾਂ ਵਾਂਗ ਇਸ ਹਲੀਮੀ ਰਾਜ ਦੇ ਸੰਕਲਪ ਨੂੰ ਪ੍ਰਦਰਸ਼ਤ ਕਰਨ ਵਾਲੇ ਮਹੱਤਵਪੂਰਨ ਅਸਥਾਨ ਤਕ ਅਸਾਨੀ ਨਾਲ ਪਹੁੰਚ ਕੇ ਸਾਖਿਆਤ ਰੂਪ ਵਿਚ ਇਸਨੂੰ ਆਪਣੇ ਨੇਤਰਾਂ ਨਾਲ ਨਿਹਾਰ ਸਕਣ ਅਤੇ ਆਪਣੇ ਘਰਾਂ ਨੂੰ ਪਰਤਣ ਸਮੇਂ ਜਿਥੇ ਉਹ ਹਰਿਮੰਦਰ ਤੋਂ ਬੇਸ਼ੁਮਾਰ ਮੁਰਾਦਾਂ ਦਾ ਪਰਸ਼ਾਦ ਲੈ ਕੇ ਜਾਂਦੀਆਂ ਹਨ, ਉੱਥੇ ਉਹ ਉਨ੍ਹਾਂ ਮੁਰਾਦਾਂ ਭਰੀਆਂ ਬਖ਼ਸ਼ਿਸ਼ਾਂ ਨੂੰ ਹਲੀਮੀ ਦਾਵੇ ਨਾਲ ਅਤੇ ਨਿਮਰ ਸੁਭਾਅ ਨਾਲ ਵਿਚਰ ਕੇ, ਮਾਨਵ ਜਾਤ ਦੀ ਨਿਸ਼ਕਾਮ ਸੇਵਾ ਭਾਵਨਾ ਵਿਚ ਵਰਤ ਕੇ ਗੁਰੂ ਦੀਆਂ ਖੁਸ਼ੀਆਂ ਦੀਆਂ ਪਾਤਰ ਬਣ ਸਕਣ।

ਸਾਨੂੰ ਇਹ ਲਿਖਣ ਵਿਚ ਪ੍ਰਸੰਨਤਾ ਅਨੁਭਵ ਹੋ ਰਹੀ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਕੁਝ ਹੋਰ ਸੰਸਥਾਵਾਂ ਤੇ ਪ੍ਰੇਮੀਆਂ ਦਾ ਸਹਿਯੋਗ ਪ੍ਰਾਪਤ ਕਰਕੇ ਇਸ ਅਸਥਾਨ ਦੀ ਸੱਜ ਧੱਜ ਬਹਾਲ ਕਰਨ ਲਈ ਉਪਰਾਲੇ ਆਰੰਭੇ ਹਨ ਅਤੇ ਸਾਡਾ ਸੁਝਾਓ ਹੈ ਕਿ ਜਦ ਇਹ ਅਸਥਾਨ ਮੁੜ-ਨਵਿਆ ਲਿਆ (ਭਾਵ Renovate ਕਰ ਲਿਆ) ਜਾਵੇ ਤਾਂ ਇਸਨੂੰ ਸ. ਜਸਾ ਸਿੰਘ ਰਾਮਗੜ੍ਹੀਆ ਨਾਲ ਸਬੰਧਤ ਨਾਮਵਰ ਕਾਰਨਾਮਿਆਂ ਦੇ ਚਿਤਰ ਆਦਿ ਬਣਵਾ ਕੇ ਅਤੇ ਪਰਦਰਸ਼ਤ ਕਰਕੇ ਸਿੱਖ ਕੌਮ ਦੀ ਇਕ ਮਾਣਜਨਕ ਨੁਕਰ ਵਜੋਂ ਸਜਾਇਆ ਜਾਵੇ।

ਜ਼ਿਕਰ ਉਨ ਕਾ ਜਬ ਭੀ ਹੋਗਾ ਜ਼ੇਰੇ-ਲਬ (ਜ਼ੁਬਾਨ ਤੇ)
ਸਰ ਝੁਕਾ ਕਰ ਉਨ ਕਾ ਇਹਤਰਾਮ (ਸਤਿਕਾਰ) ਹੋਗਾ
ਧਰਮ ਪੇ ਮਿਟਨੇ ਵਾਲੋਂ ਕਾ, ਕਿਆ ਉਤਮ ਬਿਆਂ (ਵਰਣਨ) ਹੋਗਾ।

ਹਰਿਮੰਦਰ ਪਰੀਸਰ ਵਿੱਚ ਬੁੰਗਾ ਰਾਮਗੜ੍ਹੀਆ, ਦਿੱਲੀ ਤਖ਼ਤ ਫਤਿਹ ਅਸਥਾਨ ਦੇ ਨਾਂ ਨਾਲ ਮਸ਼ਹੂਰ ਹੈ। ਇਸ ਬੁੰਗੇ ਵਿਚ 'ਹਲੀਮੀ ਰਾਜ ਪਵਿੱਤਰ ਅਸਥਾਨ' ਦਾ ਸੁਭਾਇਮਾਨ ਹੋਣਾ ਸਿੱਖ ਕੌਮ ਦੇ ਮਾਣ ਭਰੇ ਸਨਮਾਨ ਦਾ ਸੂਚਕ ਹੈ ਜਿਸ ਵਿੱਚ ਹਲੀਮੀ ਦੇ ਨਾਲ ਨਾਲ ਖਾਲਸਈ ਅਣਖ ਤੇ ਚੜ੍ਹਦੀ ਕਲਾ ਦੇ ਵੀ ਭਰਪੂਰ ਦਰਸ਼ਨ ਹੁੰਦੇ ਹਨ।

ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ ਅੰਗ-488

.60.

ਹਰਿਮੰਦਰ ਵਿੱਚ ਹਰਿਆਲੀ

ਇਸ ਵਿਚ ਕੋਈ ਅਤਕਥਨੀ ਵਾਲੀ ਗੱਲ ਨਹੀਂ ਕਿ ਹਰਿਮੰਦਰ ਪਰੀਸਰ ਵਿਚ ਜੋ ਕੋਈ ਵੀ ਫੁਲ ਬੂਟਾ ਲਗਾਓ ਉਹ ਹਰਾ ਹੋ ਜਾਂਦਾ ਹੈ। ਪਰ ਇਤਨੀ ਕੁ ਗੱਲ ਪਿੱਛੇ ਬੜੀ ਅਸਚਰਜਤਾ ਜਾਂ ਇਵੇਂ ਕਹਿ ਲਵੋ ਕਿ ਅਕਾਲਪੁਰਖ ਦੀ ਮਿਹਰ ਤਾਂ ਜ਼ਰੂਰ ਅਨੁਭਵ ਹੁੰਦੀ ਹੈ। ਪਰੀਸਰ ਵਿਚ ਆਪ ਮੁਹਾਰੇ ਉਘੇ ਚਨਾਰ ਦੇ ਦਰਖੱਤ ਵੀ ਹਨ ਜੋ ਆਮ ਕਰਕੇ ਬਰਫੀਲੇ ਪਹਾੜਾਂ ਵਿਚ ਹੀ ਜੀਵਤ ਰਹਿ ਸਕਦੇ ਹਨ। ਉਹ ਹਰਿਮੰਦਰ ਲਈ ਬਰਫਾਂ ਤੇ ਪਹਾੜਾਂ ਦਾ, ਠੰਡੀਆਂ ਸਰਦ ਹਵਾਵਾਂ ਦਾ ਸਤਿਕਾਰ ਲੈ ਕੇ ਆਏ ਹਨ। ਗਰਮ ਤੇ ਨੀਮ ਗਰਮ ਰੁਤ ਦੇ ਦਰਖਤ, ਪੌਦੇ ਵੀ ਹਰਿਮੰਦਰ ਵਿਚ ਆਪਣੀ ਹਾਜ਼ਰੀ ਲਗਵਾਣ ਦੀ ਮਰਿਆਦਾ ਪੂਰੀ ਕਰਦੇ ਦਿਸਦੇ ਹਨ। ਨਿਮਾਣੀਆਂ ਬੇਰੀਆਂ ਦੀ ਮਾਣਜਨਕ ਪਹੁੰਚ ਤਾਂ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿਚ ਹੋਈ ਪਈ ਹਰ ਯਾਤਰੂ ਨੂੰ ਜੀ ਆਇਆਂ ਕਹਿੰਦੀ ਹੈ। ਨਿਤਾਣਿਆਂ ਨੂੰ ਜਸ ਮਾਣ ਤੇ ਤਰਾਣ ਦੇਣ ਦੀ ਗੁਰਸਿੱਖੀ ਭਾਵਨਾ ਦੇ ਐਨ ਮੁਤਾਬਕ ਹੀ ਹਰਿਮੰਦਰ ਨੇ ਵੀ ਇਸ ਹਲੀਮੀ ਨਾਲ ਭਰੇ ਰੁਖ ਨੂੰ ਹੀ ਆਪਣੇ ਵਿਹੜੇ ਵਿਚ ਸਜਾਇਆ ਹੈ, ਨੇੜਤਾ ਬਖ਼ਸ਼ੀ ਹੈ, ਵੱਡਾ ਮਾਣ ਬਖ਼ਸ਼ਿਆ ਹੈ। ਜੇਕਰ ਇਨ੍ਹਾਂ ਬੇਰੀਆਂ ਦਾ ਪਰੀਸਰ ਤੋਂ ਬਾਹਰ ਵਾਸਾ ਹੁੰਦਾ ਤਾਂ ਇਨ੍ਹਾਂ ਦੇ ਫਲ ਦੀ ਪ੍ਰਾਪਤੀ ਲਈ ਹਰ ਕੋਈ ਇਨ੍ਹਾਂ ਨੂੰ ਪੱਥਰ ਮਾਰ ਮਾਰ ਕੇ ਹਰ ਸਮੇਂ ਜ਼ਖ਼ਮੀ ਕਰੀ ਰਖਦਾ, ਪਰ ਹਰਿਮੰਦਰ ਦੀ ਸ਼ਰਨ ਵਿਚ ਵਿਕਸਤ ਹੋਣ ਕਾਰਨ ਇਹ ਹਰ ਕਿਸੇ ਦੇ ਸਨਮਾਨ ਦੀਆਂ ਪਾਤਰ ਹਨ। ਇਨ੍ਹਾਂ ਨੇ ਛਾਂ ਦਿੱਤੀ ਹੈ ਪੰਚਮ ਪਾਤਸ਼ਾਹ ਨੂੰ, ਭਾਈ ਗੁਰਦਾਸ ਨੂੰ, ਬਾਬਾ ਬੁੱਢਾ ਜੀ ਨੂੰ, ਭਾਈ ਬਨੋ ਨੂੰ। ਇਨ੍ਹਾਂ ਨੇ ਸੁਖ ਦਿੱਤਾ ਹੈ ਯਾਤਰੂਆਂ ਨੂੰ, ਪਸ਼ੂ ਪੰਛੀਆਂ ਨੂੰ। ਇਨ੍ਹਾਂ ਨੇ ਵਸੇਬਾ ਦਿੱਤਾ ਹੈ ਜੀਵ ਜੰਤੂਆਂ ਨੂੰ। ਹਰਿਮੰਦਰ ਦੀ ਸੰਗਤ ਵਿਚ ਰਹਿਣ ਕਾਰਨ ਇਨ੍ਹਾਂ ਨੇ ਵੀ ਬਸ ਦੇਣ ਦਾ ਹੀ ਸਬਕ ਸਿੱਖਿਆ ਹੈ, ਸਭ ਕਿਸੇ ਨੂੰ ਸਭ ਕੁਝ ਦੇਣ ਦਾ, ਹਰ ਵਕਤ ਦੇਣ ਦਾ, ਬਿਨਾ ਭੇਦ ਭਾਵ ਦੇਣ ਦਾ। ਪਰ ਇਨ੍ਹਾਂ ਕਾਮਧੇਨ ਰੂਪੀ ਬੇਰੀਆਂ ਦੀ ਇਸ ਤਿਆਗੀ ਬਿਰਤੀ ਤੋਂ ਲਾਭ ਲੈਣ ਲਗਿਆਂ ਸਾਨੂੰ ਇਤਨਾ ਖਿਆਲ ਜ਼ਰੂਰ ਰਖਣਾ ਚਾਹੀਦਾ ਹੈ ਕਿ ਇਨ੍ਹਾਂ ਨੂੰ ਸਦੀਵ ਸਮੇਂ ਤਕ ਜੀਵਤ ਰਖਣ ਲਈ ਸਾਨੂੰ ਇਨ੍ਹਾਂ ਨੂੰ ਕਿਸੇ ਪਰਕਾਰ ਦਾ ਜਾਣੇ ਅਣਜਾਣੇ ਵਿਚ ਨੁਕਸਾਨ ਨਹੀਂ ਪਹੁੰਚਾਣਾ ਚਾਹੀਦਾ ਸਗੋਂ ਹੋ ਸਕੇ ਤਾਂ ਯੋਗ ਸੇਵਾ ਸੰਭਾਲ ਵਿਚ ਹੱਥ ਵਟਾਉਣਾ ਚਾਹੀਦਾ ਹੈ।

ਹਰਿਮੰਦਰ ਪਰੀਸਰ ਵਿਚ ਵੀ ਹਰ ਪਰਕਾਰ ਦੀ ਬਨਸਪਤੀ ਨੂੰ ਇਕ ਨੁਕਰ ਵਿਚ ਲਗਾ ਕੇ ਹਰਿਮੰਦਰ ਸਾਹਿਬ ਦੀ ਤਾਬਿਆ ਵਿਚ ਬਨਸਪਤੀ ਪ੍ਰਕਿਰਤੀ ਦੀ ਹਾਜ਼ਰੀ ਲਗਵਾਉਣ ਦਾ ਵੀ ਉਪਰਾਲਾ ਕਰਨਾ ਚਾਹੀਦਾ ਹੈ ਤਾਂ ਕਿ ਪ੍ਰਿੰਦ ਚਰਿੰਦ ਜਿਥੇ ਇਸ ਅਸਥਾਨ ਤੇ ਆਪਣੀ ਹਾਜ਼ਰੀ ਭਰਨ ਆਉਂਦੇ ਹਨ, ਉੱਥੇ ਲਹਿਲਹਾਂਦੇ ਫੁਲ ਤੇ ਘਣੇ ਛਤਰ ਵਾਲੇ ਰੁੱਖ ਵੀ ਪਵਨ ਦੀ ਸੰਗਤ ਵਿੱਚ ਹਰਿਮੰਦਰ ਦੀ ਸ਼ੋਭਾ ਵਿਚ ਝੂਲ ਕੇ ਚਵਰ ਕਰ ਸਕਣ। ਚੰਨ ਤਾਰੇ ਤੇ ਸੂਰਜ ਨਿਰੰਤਰ ਆਪਣੀਆਂ ਕਿਰਨਾਂ ਭੇਜ ਭੇਜ ਕੇ ਹਰਿਮੰਦਰ ਨੂੰ ਸਤਿਕਾਰਦੇ ਹਨ, ਸਰਬ ਸਰਿਸ਼ਟੀ ਦੇ ਮਾਨਵ ਜੀਵ ਇਸਨੂੰ ਨਮਸ਼ਕਾਰਦੇ ਹਨ, ਜਲ ਜੰਤੂ ਇਸ ਦੀ ਸੰਗਤ ਵਿਚ ਆਨੰਦਤ ਹਨ, ਪਸ਼ੂ ਪਕਸ਼ੀ ਇਸਦੀ ਪੰਛੀ ਝਾਤ ਮਾਰ ਕੇ ਆਪਣਾ ਸਨੇਹ ਵਿਅਕਤ ਕਰਦੇ ਹਨ। ਇਸ ਲਈ ਸਾਰੇ ਮਹਾਂਦੀਪਾਂ ਦੇ ਰੁਖਾਂ ਨੂੰ ਵੀ ਖੁਲ੍ਹ ਕੇ ਮੌਕਾ ਮਿਲਣਾ ਚਾਹੀਦਾ ਹੈ ਇਸ ਅਸਥਾਨ ਨਾਲ ਨੇੜਲਾ ਸੰਪਰਕ ਸਥਾਪਤ ਕਰਨ ਦਾ। ਇਸ ਤਰ੍ਹਾਂ ਦੀ ਵੰਨ ਸੁਵੰਨੀ ਬਨਸਪਤੀ ਦਾ ਸੁਖਦਾਈ ਨਜ਼ਾਰਾ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਯਾਤਰੂਆਂ ਤੇ ਸ਼ਰਧਾਲੂਆਂ ਨੂੰ ਬਨਸਪਤੀ ਨੂੰ ਅਧਿਕ ਪਿਆਰ ਤੇ ਸੰਭਾਲ ਕਰਨ ਦਾ ਵੀ ਸੰਦੇਸ਼ ਦੇਣ ਵਿਚ ਸਹਾਈ ਸਿਧ ਹੋ ਸਕਦਾ ਹੈ ਤੇ ਜਿਸ ਤੇ ਅਮਲ ਕਰਨ ਨਾਲ ਪਰਦੂਸ਼ਤ ਹੋ ਰਹੀ ਇਨਸਾਨੀ ਜ਼ਿੰਦਗੀ ਵਿਚ ਕੁਝ ਸਵੱਛਤਾ ਤੇ ਸਿਹਤਮੰਦੀ ਪ੍ਰਵੇਸ਼ ਕਰ ਸਕਦੀ ਹੈ। ਇਸ ਲਈ ਗਲਿਆਰਾ ਯੋਜਨਾ ਵਿਚ ਇਕ ਵਿਸ਼ੇਸ਼ ਟੁੱਕੜਾ ਸੁਹਿਰਦ ਬਨਸਪਤੀ ਦੀ ਨੁਮਾਇੰਦਗੀ ਲਈ ਰਖਣਾ ਸਰਬ ਕਲਿਆਣੀ ਭਾਵਨਾ ਦਾ ਲਖਾਇਕ ਹੋਵੇਗਾ। ਅਜਿਹਾ ਕਰਨ ਨਾਲ ਹਰਿਮੰਦਰ ਪਰੀਸਰ ਵਿਚ ਕੁਦਰਤ ਹੋਰ ਵਿਕਸਤ ਹੋਵੇਗੀ ਅਤੇ ਅਜਿਹਾ ਵਾਤਾਵਰਨ ਹਰਿਮੰਦਰ ਤੇ ਹਰਿਮੰਦਰ ਪ੍ਰੇਮੀਆਂ ਨੂੰ ਬਹੁਤ ਭਾਏਗਾ ਤੇ ਮਨਮੋਹਕ ਸਿਧ ਹੋਵੇਗਾ।

ਹਰਿਮੰਦਰ ਪਰੀਸਰ ਵਿੱਚ ਹੁਣ ਪੌਦਿਆਂ ਦਾ ਜੋ ਪ੍ਰਸ਼ਾਦ ਮਿਲਣ ਲਗ ਪਿਆ ਹੈ, ਉਸ ਨਾਲ 'ਰੁਖ ਉਗਾਓ' ਸੱਭਿਆਚਾਰ ਨੂੰ ਬਲ ਮਿਲੇਗਾ ਅਤੇ ਹਰਿਮੰਦਰ ਸਾਹਿਬ ਤੋਂ ਲੈ ਜਾ ਕੇ ਆਪਣੇ ਆਪਣੇ ਘਰਾਂ ਅਤੇ ਇਲਾਕਿਆਂ ਵਿੱਚ ਲਗਾਏ ਜਾਣ ਵਾਲੇ ਰੁੱਖਾਂ ਦੀ ਠੰਡੀ ਮਿਠੀ ਛਾਂ ਸਾਨੂੰ ਹਰਿਮੰਦਰ ਦੇ ਬਹੁ-ਪਰਕਾਰੀ ਪਰਉਪਕਾਰਾਂ ਦੀ ਹਮੇਸ਼ਾ ਸੁਖਦ ਯਾਦ ਦਵਾਂਦੀ ਰਹੇਗੀ। ਇਸ ਤਰ੍ਹਾਂ ਹਰਿਮੰਦਰ ਸਾਡੇ ਘਰਾਂ ਤੇ ਪਿੰਡਾਂ ਦੇ ਵਾਤਾਵਰਨ ਵਿੱਚ ਪਰਵੇਸ਼ ਕਰਕੇ ਸਾਡੇ ਸਹਾਂ ਨੂੰ ਸੁਖਾਲਾ ਕਰੇਗਾ, ਸਾਡੇ ਜੀਵਨ ਨੂੰ ਪਿਆਰਾ ਕਰੇਗਾ ਅਤੇ ਸਾਡੀ ਮਾਨਵ ਹਿਤਕਾਰੀ ਸੋਚ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

ਸਗਲ ਅਨੰਦੁ ਕੀਆ ਪਰਮੇਸਰਿ
ਅਪਣਾ ਬਿਰਦੁ ਸਮ੍ਾਰਿਆ॥ ਅੰਗ-806

.61.

ਹਰਿਮੰਦਰ ਕੰਪਲੈਕਸ ਵਿੱਚ ਹੋਰ ਇਤਿਹਾਸਕ ਤੇ ਰੌਚਕ ਅਸਥਾਨ

ਵਾਹਿਗੁਰੂ ਦੇ ਘਰ ਹਰਿਮੰਦਰ ਦੇ ਵਿਹੜੇ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਬਹੁਤ ਹੀ ਦੁਰਲਭ ਫੁੱਲ ਖਿੜੇ ਹੋਏ ਹਨ ਜਿਨ੍ਹਾਂ ਕਰਕੇ ਇਹ ਮਹਿਲ ਹੋਰ ਵਧ ਸੁਸੱਜਤ ਤੇ ਸ਼ੋਭਨੀਕ ਹੋ ਗਿਆ ਹੈ। ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਡੀ ਦੇ ਬਿਲਕੁਲ ਸਾਹਮਣੇ ਅਕਾਲ ਤਖਤ ਸਾਹਿਬ ਦੀ ਪਵਿੱਤਰ ਇਮਾਰਤ ਹੈ ਜਿਸ ਦਾ ਨਿਰਮਾਣ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧਤ ਹੈ। ਜੇ ਹਰਿਮੰਦਰ ਭਗਤੀ ਦਾ ਮਰਕਜ਼ (ਕੇਂਦਰ) ਹੈ ਤਾਂ ਅਕਾਲ ਤਖਤ ਸ਼ਕਤੀ ਦਾ ਕੇਂਦਰ ਹੈ। ਇਸ ਪਵਿੱਤਰ ਅਸਥਾਨ ਨੇ ਵੀ ਬੜੇ ਤੱਤੇ ਠੰਡੇ ਦਿਨ ਆਪਣੇ ਪਿੰਡੇ ਤੇ ਹੰਡਾਏ ਹਨ। 1984 ਦੇ ਨੀਲਾ ਤਾਰਾ ਓਪਰੇਸ਼ਨ ਸਮੇਂ ਅਕਾਲ ਤਖ਼ਤ ਸਾਹਿਬ ਨੂੰ ਟੈਂਕਾਂ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਅਕਾਲਪੁਰਖ ਦੇ ਇਸ ਮਹਾਨ ਤਖਤ ਨੂੰ ਬਰਬਾਦ ਕਰਨ ਦੇ ਯਤਨ ਕੀਤੇ ਗਏ। ਫੌਰਨ ਹੀ ਇਸ ਮੰਦਭਾਗੇ ਕਾਰਨਾਮੇ ਮਗਰੋਂ ਨਿਹੰਗ ਸੰਤਾ ਸਿੰਘ ਦੀ ਅਖੌਤੀ ਕਾਰ ਸੇਵਾ ਰਾਹੀਂ ਸਰਕਾਰ ਨੇ ਇਕ ਮਹੀਨੇ ਦੇ ਅੰਦਰ ਅੰਦਰ ਹੀ ਇਸ ਨੂੰ ਪੁਨਰ ਸੁਰਜੀਤ ਕੀਤਾ ਅਤੇ ਇਸ ਦੀ ਰੋਜ਼ਮਰ੍ਹਾ ਦੀ ਮਰਿਆਦਾ ਪ੍ਰਾਰੰਭ ਕਰ ਦਿੱਤੀ ਪਰ ਸਿੱਖ ਸੰਗਤਾਂ ਨੇ ਇਸ ਸਰਕਾਰੀ ਉਦਮਾਂ ਨਾਲ ਬਣੇ ਅਕਾਲ ਤਖ਼ਤ ਸਾਹਿਬ ਨੂੰ ਅਪਰਵਾਨ ਕਰ ਦਿੱਤਾ ਅਤੇ ਇਸ ਨੂੰ ਪੂਰਨ ਰੂਪ ਵਿਚ ਢਾਹ ਕੇ ਦੋਬਾਰਾ ਬਣਾਣ ਦੀ ਸੇਵਾ ਪ੍ਰਾਰੰਭ ਕੀਤੀ ਗਈ ਜੋ 13 ਅਪਰੈਲ 1997 ਨੂੰ ਸੰਪੰਨ ਹੋਈ। ਅੰਦਰ ਦੀ ਸਜਾਵਟ ਦੀ ਸੇਵਾ ਹਾਲੇਂ ਵੀ ਚਲ ਰਹੀ ਹੈ।

ਅਕਾਲ ਤਖਤ ਸਾਹਿਬ ਦੀ ਇਮਾਰਤ ਦੇ ਬਿਲਕੁਲ ਨਾਲ ਹੀ ਥੜ੍ਹਾ ਸਾਹਿਬ ਦਾ ਪਵਿੱਤਰ ਅਸਥਾਨ ਹੈ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਉਸ ਸਮੇਂ ਆ ਕੇ ਸ਼ੁਸ਼ੋਭਤ ਹੋਏ ਜਿਸ ਸਮੇਂ ਉਹ ਗੁਰੂ ਗੱਦੀ ਤੇ ਬਿਰਾਜਮਾਨਣ ਮਗਰੋਂ ਬਾਬਾ ਬਕਾਲਾ ਤੋਂ ਚਲ ਕੇ ਦਰਬਾਰ ਸਾਹਿਬ ਪਧਾਰੇ ਸਨ ਪਰ ਉਸ ਸਮੇਂ ਦੇ ਪ੍ਰਬੰਧਕਾਂ ਨੇ ਆਪਣੇ ਸਵਾਰਥੀ ਹਿਤਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਦਰਬਾਰ ਸਾਹਿਬ ਦੇ ਦਵਾਰ ਬੰਦ ਕਰ ਦਿੱਤੇ ਸਨ ਤਾ ਕਿ ਗੁਰੂ ਸਾਹਿਬ ਅੰਦਰ ਪ੍ਰਵੇਸ਼ ਕਰ ਕੇ ਉੱਥੇ ਡੇਰਾ ਹੀ ਨਾ ਲਾ ਲੈਣ। ਮਨੁੱਖ ਆਪਣੇ ਸਵਾਰਥੀ ਹਿਤਾਂ ਦੀ ਪੂਰਤੀ ਲਈ ਕਈ ਵਾਰੀ ਕਿਤਨੀ ਘਟੀਆ ਹੱਦ ਤਕ ਚਲਾ ਜਾਂਦਾ ਹੈ ?

ਇਹ ਥੜ੍ਹਾ ਸਾਹਿਬ ਪਹਿਲੇ ਅਕਾਲ ਤਖਤ ਸਾਹਿਬ ਦੀ ਇਮਾਰਤ ਤੋਂ ਬਾਹਰਵਾਰ ਪੈਂਦਾ ਸੀ ਪਰ ਨੀਲਾ ਤਾਰਾ ਓਪਰੇਸ਼ਨ ਮਗਰੋਂ ਚਲਾਈ ਗਲਿਆਰਾ ਯੋਜਨਾ ਸਦਕਾ ਇਹ ਦਰਬਾਰ ਸਾਹਿਬ ਪਰੀਸਰ ਵਿਚ ਆ ਗਿਆ ਹੈ ਅਤੇ ਇਸ ਦਾ ਇਕ ਅਨਿਖੜਵਾਂ ਭਾਗ ਬਣ ਗਿਆ ਹੈ। ਥੜ੍ਹਾ ਸਾਹਿਬ ਦੇ ਨਾਲ ਭੋਰਾ ਸਾਹਿਬ ਵੀ ਹੈ।

ਪ੍ਰਕਰਮਾ ਵਿਚ ਅਗਲਾ ਵੱਡਾ ਅਸਥਾਨ ਬੇਰ ਬਾਬਾ ਬੁਢਾ ਜੀ ਹੈ। ਇਸ ਪਵਿੱਤਰ ਬੇਰੀ ਥੱਲੇ ਬੈਠ ਕੇ ਬਾਬਾ ਬੁੱਢਾ ਜੀ ਦਰਬਾਰ ਸਾਹਿਬ ਦੀ ਸੇਵਾ ਕਰਵਾਉਂਦੇ ਹੁੰਦੇ ਸਨ ਅਤੇ ਫੁਰਸਤ ਦੇ ਪਲਾਂ ਵਿਚ ਗੁਰਬਾਣੀ ਗਾਇਨ ਕਰਿਆ ਕਰਦੇ ਸਨ।

ਥੋੜ੍ਹਾ ਜਿਹਾ ਅੱਗੇ ਜਾ ਕੇ ਸਰੋਵਰ ਸਾਹਿਬ ਦੇ ਕੰਢੇ ਤੇ ਹੀ ਅਗਲੀ ਬਾਹੀ ਤੇ ਦੁਖ ਭੰਜਨੀ ਬੇਰੀ ਸੁਭਾਇਮਾਨ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਬੇਰੀ ਉਸ ਛੱਪੜ ਦੇ ਕੰਢੇ ਤੇ ਹੈ ਜਿੱਥੋਂ ਕਾਲਾ ਕਾਂ ਨਹਾ ਕੇ ਚਿੱਟਾ ਹੋ ਗਿਆ ਅਤੇ ਰਜਨੀ ਦਾ ਪਿੰਗਲਾ ਘਰ ਵਾਲਾ ਇਸ਼ਨਾਨ ਕਰ ਕੇ ਬਿਲਕੁਲ ਸਵੱਛ ਤੇ ਨੌ-ਬਰ-ਨੌ ਹੋ ਗਿਆ। ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਵੀ ਇਸ ਬੇਰੀ ਹੇਠਾਂ ਵਿਸ਼ਰਾਮ ਕਰ ਕੇ ਸੰਗਤਾਂ ਨੂੰ ਅਧਿਆਤਮਿਕ ਉਪਦੇਸ਼ ਦੇਂਦੇ ਰਹੇ ਹਨ।

ਦੁਖ ਭੰਜਨੀ ਬੇਰੀ ਤੋਂ ਥੋੜਾ ਜਿਹਾ ਅੱਗੇ ਚਲਣ ਤੇ ਅਠ ਸਠ ਤੀਰਥ ਅਸਥਾਨ ਦਾ ਉੱਚਾ ਥੜ੍ਹਾ ਆਉਂਦਾ ਹੈ ਜਿਥੇ ਗੁਰੂ ਸਾਹਿਬ ਤੇ ਸੰਤ ਆਤਮਾਵਾਂ ਪ੍ਰਭੂ ਉਸਤਤ ਵਿਚ ਵਿਖਿਆਨ ਕਰਦੀਆਂ ਤੇ ਸੰਗਤਾਂ ਨੂੰ ਨਿਹਾਲ ਕਰਦੀਆਂ ਸਨ। ਅੱਜ ਇਸ ਅਸਥਾਨ ਤੇ ਹਰ ਪਰਕਾਰ ਦੇ ਪੰਛੀ ਬਿਨਾ ਰੋਕ ਟੋਕ ਬੈਠਦੇ ਹਨ ਅਤੇ ਅਧਿਆਤਮਿਕ ਖੇੜੇ ਨਾਲ ਚਾਰਜ ਹੋਏ ਵਾਤਾਵਰਨ ਵਿਚ ਬੜੇ ਆਜ਼ਾਦਾਨਾ ਰੂਪ ਵਿਚ ਬੇਫਿਕਰ ਹੋ ਕੇ ਵਿਚਰਦੇ ਹਨ। ਮਨੁੱਖਾਂ ਤੇ ਪੰਛੀਆਂ ਦਾ ਡਾਢਾ ਸੁਹਣਾ ਸੁਮੇਲ ਅਠ ਸਠ ਤੀਰਥ ਤੇ ਵੇਖਣ ਨੂੰ ਮਿਲਦਾ ਹੈ।

ਪ੍ਰਕਰਮਾ ਦੀ ਅਗਲੀ ਬਾਹੀ ਦੇ ਸ਼ੁਰੂ ਹੁੰਦਿਆਂ ਸਾਰ ਹੀ ਉਸ ਲਾਸਾਨੀ ਅਸਥਾਨ ਦੇ ਦਰਸ਼ਨ ਹੁੰਦੇ ਹਨ ਜਿਹੜਾ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਥਾਂ ਤੇ ਹੀ ਬਾਬਾ ਜੀ ਦਾ ਸੀਸ ਜੋ ਉਨਾਂ, ਆਪਣੇ ਪਰਾਣ ਤਿਆਗਣ ਸਮੇਂ ਜ਼ੋਰ ਨਾਲ ਦਰਬਾਰ ਸਾਹਿਬ ਵਲ ਸੁੱਟਿਆ ਸੀ, ਡਿੱਗਾ ਸੀ। ਹਰ ਯਾਤਰੂ ਇੱਥੋਂ ਲੰਘਣ ਲਗਿਆਂ ਇਸ ਅਦੁੱਤੀ ਸ਼ਹੀਦ ਨੂੰ ਆਪਣੀ ਸ਼ਰਧਾ ਦੇ ਫੁਲ ਅਰਪਤ ਕਰ ਕੇ ਹੀ ਅੱਗੇ ਲੰਘਦਾ ਹੈ। ਇਸੇ ਅਸਥਾਨ ਤੇ 1984 ਵਿਚ ਫੌਜੀ ਟੈਂਕ ਅੱਗੇ ਜਾਣੋਂ ਰੁਕ ਗਏ ਸਨ ਤੇ ਵਧੇਰੇ ਜ਼ੋਰ ਲਾਉਣ

ਤੇ ਉਹ ਜ਼ਮੀਨ ਵਿਚ ਹੀ ਧਸ ਗਏ ਸਨ। ਸ਼ਰਧਾ ਰੱਖਣ ਵਾਲੇ ਹਲਕਿਆਂ ਵਿੱਚ ਇਸ ਘਟਨਾ ਨੂੰ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਇਕ ਕਰਾਮਾਤ ਨਾਲੋਂ ਕਿਸੇ ਵੀ ਹਾਲਤ ਵਿਚ ਘਟ ਨਹੀਂ ਸਮਝਿਆ ਜਾਂਦਾ।

ਬਾਬਾ ਦੀਪ ਸਿੰਘ ਜੀ ਦੇ ਅਸਥਾਨ ਤੋਂ ਥੋੜਾ ਹੋਰ ਅੱਗੇ ਜਾ ਕੇ ਜੋ ਪਰਵੇਸ਼ ਦਵਾਰ (ਵੱਡੀ ਡਿਉਡੀ) ਆਉਂਦੀ ਹੈ ਉਸ ਦੀ ਉਤਲੀ ਮੰਜ਼ਿਲ ਤੇ ਸਿੱਖ ਰੈਫਰੈਂਸ ਲਾਇਬਰੇਰੀ ਹੈ ਜਿਸ ਵਿਚ ਹੁਣ ਸੌ ਤੋਂ ਵਧ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਬੀੜਾਂ ਹਨ, ਤਕਰੀਬਨ 800 ਹੱਥ ਲਿਖਤ ਨੁਸਖੇ ਹਨ ਜੋ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਹਨ। ਕੌਮ ਦੀ ਇਸ ਇਕੋ ਇਕ ਰੈਫਰੈਂਸ ਲਾਇਬਰੇਰੀ ਦਾ ਵੀ 1984 ਦੇ ਸਾਕੇ ਵਿਚ ਬਹੁਤ ਸਾਰਾ ਨੁਕਸਾਨ ਹੋਇਆ ਅਤੇ ਕਈ ਦੁਰਲਭ ਨੁਸਖੇ ਸੜ ਗਏ ਅਤੇ ਜ਼ਾਇਆ ਹੋ ਗਏ ਜਾਂ ਫਿਰ ਖੁਰਦ ਬੁਰਦ ਕਰ ਦਿੱਤੇ ਗਏ। ਹੁਣੇ ਹੁਣੇ ਭਾਰਤ ਦੇ ਰੱਖਿਆ ਮੰਤਰੀ ਦੇ ਹਵਾਲੇ ਵਿਚ ਇਹ ਪਤਾ ਲੱਗਾ ਹੈ ਕਿ ਇਸ ਲਾਇਬਰੇਰੀ ਦੀਆਂ ਬਹੁਤ ਸਾਰੀਆਂ ਦੁਰਲੱਭ ਪੁਸਤਕਾਂ ਤੇ ਹੱਥ ਲਿਖਤਾਂ ਸਰਕਾਰ ਪਾਸ ਪਈਆਂ ਹਨ ਜਿਨ੍ਹਾਂ ਨੂੰ 1984 ਦੇ ਨੀਲਾ ਤਾਰਾ ਓਪਰੇਸ਼ਨ ਦੌਰਾਨ ਫੌਜ ਕੱਢ ਕੇ ਲੈ ਗਈ ਸੀ। ਇਨ੍ਹਾਂ ਨੂੰ ਵਾਪਸ ਪ੍ਰਾਪਤ ਕਰਨ ਦੇ ਠੋਸ ਪ੍ਰਯਤਨ ਕਰਨੇ ਬਹੁਤ ਜ਼ਰੂਰੀ ਹਨ।

ਇਸੇ ਬਾਹੀ ਤੇ ਦਰਸ਼ਨੀ ਡਿਉਡੀ ਦੇ ਕੋਲ ਇਲਾਚੀ ਬੇਰ ਦਾ ਪਵਿੱਤਰ ਅਸਥਾਨ ਹੈ ਜਿਥੇ ਬੈਠ ਕੇ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਹਰਿਮੰਦਰ ਸਾਹਿਬ ਦੀ ਸੇਵਾ ਕਰਵਾਉਂਦੇ ਰਹੇ ਸਨ ਅਤੇ ਸੰਗਤਾਂ ਨੂੰ ਦਰਸ਼ਨ ਦੇਂਦੇ ਹੁੰਦੇ ਸਨ। ਇਹੀ ਉਹ ਇਤਿਹਾਸਕ ਗੌਰਵ ਵਾਲਾ ਅਸਥਾਨ ਹੈ ਜਿੱਥੇ ਭਾਈ ਸੁਖਾ ਸਿੰਘ, ਮਹਿਤਾਬ ਸਿੰਘ ਨੇ ਆਪਣੇ ਘੋੜੇ ਬੰਨ੍ਹੇ ਸਨ ਤੇ ਦਰਬਾਰ ਸਾਹਿਬ ਵਿਚ ਜਾ ਕੇ ਕੰਜਰੀਆਂ ਨਚਾ ਰਹੇ ਮਸਾ ਰੰਘੜ ਦਾ ਸਿਰ ਵਢਿਆ ਸੀ ਅਤੇ ਆਪਣੇ ਮਕਸਦ ਦੀ ਸਿੱਧੀ ਉਪਰੰਤ ਆਪਣੇ ਘੋੜਿਆਂ ਤੇ ਪਲਾਕੀਆਂ ਮਾਰ ਕੇ ਹਵਾ ਹੋ ਗਏ ਸਨ। ਇਹ ਅਸਥਾਨ ਆਪਣੇ ਇਸ ਇਤਿਹਾਸ ਕਾਰਨ ਵੀ ਸਿੱਖ ਕੌਮ ਲਈ ਗੌਰਵ ਭਰਿਆ ਮਾਣ ਜਨਕ ਅਸਥਾਨ ਹੈ ਜਿਸ ਨਾਲ ਧਾਰਮਿਕਤਾ ਤੇ ਸੂਰਬੀਰਤਾ ਦੋਵੇਂ ਜੁੜੀਆਂ ਹੋਈਆਂ ਹਨ। ਇਵੇਂ ਸਮਝ ਲਵੋ ਕਿ ਇਹ ਅਸਥਾਨ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੀਆਂ ਖੂਬੀਆਂ ਦੀ ਤਰਜਮਾਨੀ ਕਰਦਾ ਹੈ ਤੇ ਕਰਦਾ ਹੀ ਰਹੇਗਾ।

ਲਾਚੀ ਬੇਰ ਦਾ ਸਥਾਨ ਦਰਸ਼ਨੀ ਡੇਉਡੀ ਦੇ ਬਿਲਕੁਲ ਨਾਲ ਸਥਿਤ ਹੈ ਤੇ ਇਸ ਡੇਉਡੀ ਦੀ ਉਪਰਲੀ ਮੰਜ਼ਲ ਤੇ ਤੋਸ਼ਾ ਖਾਨਾ ਹੈ ਜਿਸ ਵਿਚ ਦੁਰਲਭ ਹੀਰੇ ਮੋਤੀ, ਸੋਨੇ ਦੇ ਕਵਾੜ, ਸੋਨੇ ਦੀਆਂ ਕਹੀਆਂ, ਚਾਂਦੀ ਦੇ ਬਾਟੇ ਅਤੇ ਹੋਰ

ਕੀਮਤੀ ਸਮਾਨ ਪਿਆ ਹੈ ਜਿਸ ਨੂੰ ਸਾਲ ਵਿਚ ਪੰਜ ਤਹਿਵਾਰਾਂ ਤੇ ਸੰਗਤਾਂ ਲਈ ਦੋ ਘੰਟੇ ਵਾਸਤੇ ਸਵੇਰੇ 10 ਵਜੇ ਤੋਂ 12 ਵਜੇ ਤਕ ਪ੍ਰਦਰਸ਼ਤ ਕੀਤਾ ਜਾਂਦਾ ਹੈ। ਤੋਸ਼ੇਖਾਨੇ ਵਿਚ ਇਕ ਬਹੁਤ ਕੀਮਤੀ ਜ਼ਰੀ ਦੀ ਚਾਨਣੀ ਵੀ ਸੀ ਜੋ 1984 ਦੇ ਨੀਲਾ ਤਾਰਾ ਉਪਰੇਸ਼ਨ ਸਮੇਂ ਸੜ ਕੇ ਸਵਾਹ ਹੋ ਗਈ ਹੈ।

ਬਹੁਤਾ ਵਿਸਥਾਰ ਨਾ ਦੇਂਦਿਆਂ ਇਹੀ ਕਿਹਾ ਜਾ ਸਕਦਾ ਹੈ ਕਿ ਸਮੁੱਚੇ ਹਰਿਮੰਦਰ ਕੰਪਲੈਕਸ ਦਾ ਚੱਪਾ ਚੱਪਾ ਪੂਜਣ ਯੋਗ ਹੈ ਜਿਥੇ ਗੁਰਬਾਣੀ ਕੀਰਤਨ ਦੇ ਨਾਲ ਨਾਲ ਸਾਰਾ ਸਾਲ ਹਰ ਸਮੇਂ ਕਈ ਅਖੰਡ ਪਾਠ ਸਾਹਿਬ ਨਿਰੰਤਰ ਚਲ ਰਹੇ ਹੁੰਦੇ ਹਨ। ਇਸ ਪਵਿੱਤਰ ਅਸਥਾਨ ਤੇ ਚਲਿਆ ਇਕ ਇਕ ਕਦਮ ਸਾਨੂੰ ਪ੍ਰਭੂ ਦੇ ਅਨੂਪਮ ਦੀਦਾਰਿਆਂ ਦੇ ਨੇੜੇ ਕਰਦਾ ਹੈ, ਪ੍ਰਭੂ ਦੀ ਸਿਫਤ-ਓ-ਸਨਾ ਦੀ ਜਾਚ ਸਿਖਾਉਂਦਾ ਤੇ ਪ੍ਰੇਰਨਾ ਦੇਂਦਾ ਹੈ। ਇਹ ਸਾਡੇ ਧੰਨ ਭਾਗ ਹਨ ਕਿ ਇਸ ਇਲਾਹੀ ਅਸਥਾਨ ਤਕ ਸਾਡੀ ਸੌਖੀ ਤੇ ਬੇ ਰੋਕ-ਟੋਕ ਰਸਾਈ ਹੈ। ਇਸ ਸਚਖੰਡੀ ਅਸਥਾਨ ਤੇ ਪਹੁੰਚ ਕੇ ਮਨ ਦੁਨਿਆਵੀ ਝਮੇਲਿਆਂ ਨਾਲੋਂ ਸਾਂਝ ਤੋੜ ਕੇ ਅਕਾਲ ਉਸਤਤ ਵਿਚ ਜੁੜਨ ਦੀ ਖਿੱਚ ਮਹਿਸੂਸ ਕਰਦਾ ਹੈ।

ਟੁਕੜੀ ਹੈ ਇਹ ਸਚ ਖੰਡ ਦੀ, ਰੱਬ ਏਸ ਦਾ ਵਾਲੀ ਏ।
ਹਰਿਮੰਦਰ ਦੀ ਸ਼ਾਨ ਸੁਹਾਵੀ, ਅਜਬ ਤੇ ਬਹੁਤ ਨਿਰਾਲੀ ਏ।

(ਦਾਨ ਸਿੰਘ ਕੋਮਲ)

ਸੰਖੇਪ ਵਿਚ ਇਹੀ ਕਹਿਣਾ ਮੁਨਾਸਬ ਹੈ ਕਿ ਹਰਿਮੰਦਰ ਸਾਹਿਬ ਦੀ ਸ਼ਾਨ ਵਿਚ ਜੋ ਕੁਝ ਵੀ ਲਿਖਿਆ ਬੋਲਿਆ ਜਾਵੇ, ਉਹ ਥੋੜ੍ਹਾ ਹੈ। ਹਰਿਮੰਦਰ ਬਹੁਤ ਮਹਾਨ ਹੈ, ਬਹੁਤ ਹੀ ਮਹਾਨ ਹੈ ਤੇ ਇਸਦੀ ਸ਼ੋਭਾ ਕਰਨ ਵਾਲੀ ਮਤ ਥੋੜ੍ਹੀ ਹੈ, ਨਿਰਬਲ ਹੈ, ਅਨਾੜੀ ਹੈ, ਕੱਚੀ ਪਿਲੀ ਹੈ। ਹਰਿਮੰਦਰ ਪਰੀਸਰ ਦੀ ਚੱਪਾ ਚੱਪਾ ਧਰਤੀ ਮਹਾਨ ਸ਼ਹੀਦਾਂ ਅਤੇ ਯੋਧਿਆਂ ਦੇ ਲਹੂ ਨਾਲ ਕਈ ਵਾਰੀ ਰੰਗੀ ਗਈ, ਇਸ ਦੀ ਚੜ੍ਹਤ ਨੂੰ ਕਾਇਮ ਰੱਖਣ ਲਈ ਕਈ ਮਹਾਂਬਲੀਆਂ ਨੇ ਹਸ ਹਸ ਕੇ ਇਕ ਦੂਜੇ ਤੋਂ ਅੱਗੇ ਹੋ ਕੇ ਆਪਣੇ ਪ੍ਰਾਣ ਨਿਛਾਵਰ ਕੀਤੇ। ਇਹ ਸਿਲਸਲਾ ਉਦੋਂ ਦਾ ਹੀ ਚਲ ਰਿਹਾ ਹੈ ਅਤੇ ਚਲਦਾ ਹੀ ਰਹੇਗਾ। ਪਰ ਇਕ ਗੱਲ ਜ਼ਰੂਰ ਹੈ ਕਿ ਗੁਰੂ ਦੇ ਸਿੱਖ ਇਸ ਧਰਤ ਸੁਹਾਵੀ ਤੇ ਸਜੇ ਹਰਿਮੰਦਰ ਦਾ ਤੇਜ ਪ੍ਰਤਾਪ ਬਰਕਰਾਰ ਰੱਖਣ ਲਈ ਕੁਝ ਵੀ ਕਰਨ ਤੋਂ ਕਦੇ ਪਿੱਛੇ ਨਹੀਂ ਹਟ ਸਕਣਗੇ ਕਿਉਂਕਿ ਹਰਿਮੰਦਰ ਉਨ੍ਹਾਂ ਦੇ ਸਵਾਸਾਂ ਨੂੰ ਗਤੀਮਾਨ ਕਰਦਾ ਹੈ।

ਤੂ ਸਮਰਥੁ ਵਡਾ
ਮੇਰੀ ਮਤਿ ਥੋਰੀ ਰਾਮ॥ ਅੰਗ-547

.62.

ਹਰਿਮੰਦਰ ਪਰੀਸਰ ਵਿੱਚ ਸਜਿਆ ਕੇਂਦਰੀ ਸਿੱਖ ਅਜਾਇਬ ਘਰ

ਕਿਸੇ ਕੌਮ ਦੀ ਸ਼ਕਤੀ, ਉਸਦੇ ਮਹਾਨ ਕਾਰਨਾਮਿਆਂ, ਉਸ ਦੀਆਂ ਵਿਸ਼ਵ ਸਮਾਜ ਨੂੰ ਦੇਣਾਂ ਨਾਲ ਸਬੰਧਤ ਹਰ ਪਰਕਾਰ ਦੀਆਂ ਵਸਤਾਂ ਨੂੰ ਆਮ ਮਨੁੱਖ ਅਤੇ ਸਬੰਧਤ ਕੌਮ ਦੀ ਅਗਲੀ ਪੀੜ੍ਹੀ ਨੂੰ ਯੋਗ ਮਾਣ, ਸਨਮਾਨ ਤੇ ਹੱਲਾਸ਼ੇਰੀ ਦੇਣ ਲਈ ਇਕ ਥਾਂ ਤੇ ਇਕੱਤਰ ਕਰ ਕੇ ਰੱਖਣ ਦਾ ਰਵਾਜ ਬੜਾ ਪੁਰਾਣਾ ਹੈ। ਇਸਦਾ ਪ੍ਰਮੁੱਖ ਮਨੋਰਥ ਇਹ ਹੀ ਹੈ ਕਿ ਮਨੁੱਖ ਆਪਣੇ ਗੌਰਵਮਈ ਅਤੀਤ ਅਤੇ ਸੱਭਿਆਚਾਰ ਨਾਲ ਸੁਜਿੰਦ ਰੂਪ ਵਿਚ ਜੁੜਿਆ ਰਹਿ ਸਕੇ। ਇਸ ਆਸ਼ੇ ਦੀ ਪ੍ਰਾਪਤੀ ਲਈ ਵਿਸ਼ਵ ਵਿਚ ਥਾਂ ਪਰ ਥਾਂ ਅਜਾਇਬ ਘਰ ਸਿਰਜੇ ਹੋਏ ਹਨ ਜਿਨ੍ਹਾਂ ਵਿਚ ਬੜੀ ਮਿਹਨਤ ਨਾਲ ਉਹ ਕੁਝ ਸੁਚੇਤ ਤਰੱਦਦਾਂ ਨਾਲ ਸੰਭਾਲ ਕੇ ਰੱਖਿਆ ਗਿਆ ਹੈ ਜਿਸ ਤੇ ਮਾਨਵਤਾ ਮਾਣ ਕਰਦੀ ਹੈ ਤੇ ਆਪਣਾ ਕੀਮਤੀ ਵਿਰਸਾ ਤੇ ਖਜ਼ਾਨਾ ਸਮਝਦੀ ਹੈ। ਸੰਖੇਪ ਵਿਚ ਇਹ ਪਿਓ ਦਾਦੇ ਵਲੋਂ ਮਾਰੀਆਂ ਮਲਾਂ ਦੀ ਨੁਮਾਇਸ਼ ਹੁੰਦੀ ਹੈ ਜਿਹੜੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਰਕਤ ਬਖਸ਼ਦੀ ਹੈ, ਉਤਸ਼ਾਹਤ ਕਰਦੀ ਹੈ ਤੇ ਪਥ ਪ੍ਰਦਰਸ਼ਕ ਬਣਦੀ ਹੈ।

ਸਿੱਖ ਇਤਿਹਾਸ, ਸਿੱਖ ਰਹੁ-ਰੀਤੀ, ਮਾਣ ਮਰਿਆਦਾ ਅਤੇ ਲਾਸਾਨੀ ਕੁਰਬਾਨੀ, ਸੇਵਾ ਤੇ ਸਰਬੱਤ ਦੇ ਭਲੇ ਦੀ ਭਾਵਨਾ ਉੱਤੇ ਸਮੁੱਚਾ ਸੰਸਾਰ ਮਾਣ ਕਰਦਾ ਹੈ। ਇਨ੍ਹਾਂ ਭਾਵਨਾਵਾਂ ਨੂੰ ਅਜਾਇਬ ਘਰਾਂ ਦੁਆਰਾ ਵਿਸ਼ਵ ਮੰਚ ਤੇ ਉਭਾਰਨ ਲਈ ਉਪਰਾਲੇ ਜੁਟਾਏ ਜਾ ਰਹੇ ਹਨ ਤੇ ਵਿਸ਼ਵ ਵਿਚ ਉਪਲੱਬਧ ਆਧੁਨਿਕ ਜੁਗਤਾਂ ਨਾਲ ਲੈਸ ਕੁਝ ਅਜਾਇਬ ਘਰ ਉਸਾਰੇ ਵੀ ਜਾ ਰਹੇ ਹਨ ਤਾ ਕਿ ਵਿਸ਼ਵ ਮਾਨਵ ਸਾਡੇ ਮਾਣ ਮਤੇ ਇਤਿਹਾਸ ਤੇ ਸ਼ਾਨਦਾਰ ਜੀਵਨ ਜਾਚ ਨਾਲ ਵਧੇਰੇ ਨੇੜਲੀ ਸਾਂਝ ਵਿਕਸਤ ਕਰ ਸਕੇ। ਇਸ ਮੰਤਵ ਲਈ 300 ਕਰੋੜ ਰੁਪਏ ਦੀ ਲਾਗਤ ਨਾਲ ਖਾਲਸਾ ਮੈਮੋਰੀਅਲ ਵਿਰਾਸਤ ਪਰੀਸਰ ਆਨੰਦਪੁਰ ਸਾਹਿਬ ਵਿਚ ਸਿਰਜੀ ਗਈ ਹੈ ਜਿਸ ਨੂੰ ਇਕ ਅਜੂਬੇ ਦਾ ਨਾਂ ਦਿੱਤਾ ਗਿਆ ਹੈ। ਇਸੇ ਤਰ੍ਹਾਂ ਵਾਸ਼ਿੰਗਟਨ ਵਿਚ ਵੀ ਇਕ ਆਧੁਨਿਕ ਲੀਹਾਂ ਤੇ ਸਿੱਖ ਅਜਾਇਬ ਘਰ ਉਸਾਰਿਆ ਜਾ ਚੁੱਕਾ ਹੈ। ਸਿੱਖ ਸੰਗਤਾਂ ਦੇ ਉਦਮਾਂ ਨਾਲ ਸਿੱਖ ਰਾਜਾਂ ਤੇ ਹੁਨਰਾਂ ਨਾਲ ਸਬੰਧਤ ਚਲਦੇ ਫਿਰਦੇ ਅਜਾਇਬ ਘਰ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਲਗਾਏ ਤੇ ਦਖਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਰੱਖੀਆਂ ਗਈਆਂ ਸਿੱਖ ਵਿਰਾਸਤ ਨਾਲ ਸਬੰਧਤ ਦੁਰਲਭ ਕਲਾ ਕਿਰਤਾਂ

ਤੇ ਵਸਤਾਂ ਨੇ ਹਰ ਦਰਸ਼ਕ ਦਾ ਮਨ ਮੋਹਿਆ ਹੈ। ਇਹ ਸਾਰੇ ਪ੍ਰਯਤਨ ਆਪਣੇ ਆਪ ਵਿਚ ਸ਼ਲਾਘਾਜਨਕ ਹਨ। ਇਸੇ ਕਿਸਮ ਦਾ ਇਕ ਪ੍ਰਯਾਸ 1957 ਵਿਚ ਮਾਸਟਰ ਤਾਰਾ ਸਿੰਘ ਤੇ ਸ. ਕਿਰਪਾਲ ਸਿੰਘ ਚਕ ਸ਼ੇਰੇਵਾਲੇ ਨੇ ਕਰਕੇ ਹਰਿਮੰਦਰ ਸਾਹਿਬ ਦੇ ਪਰੀਸਰ ਵਿਚ ਘੰਟਾ ਘਰ ਵਾਲੀ ਡਿਓਡੀ ਦੀ ਬਾਹੀ ਉੱਤੇ ਇਕ ਸੈਂਟਰਲ ਸਿੱਖ ਅਜਾਇਬ ਘਰ ਸਥਾਪਤ ਕਰਨ ਦਾ ਫੈਸਲਾ ਲਿਆ ਜਿਸ ਦੀ ਬਦੌਲਤ ਅੱਜ ਇਹ ਅਜਾਇਬ ਘਰ ਸਿੱਖੀ ਸ਼ਾਨ ਨੂੰ ਉਭਾਰਦਾ ਹੋਇਆ ਹਰ ਦਰਸ਼ਕ ਨੂੰ ਸਿੱਖ ਵਿਰਸੇ ਪ੍ਰਤੀ ਜਾਣਕਾਰੀ ਨਾਲ ਮਾਲਾ ਮਾਲ ਕਰ ਰਿਹਾ ਹੈ।

ਇਸ ਅਜਾਇਬ ਘਰ ਵਿਚ ਸਿੱਖ ਗੁਰੂ ਸਾਹਿਬਾਨ, ਗੁਰ ਪਿਆਰਿਆਂ, ਗੁਰੂ ਬੰਸਾਂ ਨਾਲ ਸਬੰਧਤ ਬਹੁਤ ਦੁਰਲਭ ਵਸਤਾਂ ਤੇ ਚਿਤਰ ਸੰਭਾਲੇ ਪਏ ਹਨ। ਸੂਰਬੀਰ ਸਿੰਘਾਂ ਦੇ ਅਦਭੁਤ ਕਾਰਨਾਮਿਆਂ, ਉਨ੍ਹਾਂ ਵਲੋਂ ਪ੍ਰਾਪਤ ਕੀਤੀਆਂ ਸ਼ਹੀਦੀਆਂ ਤੇ ਝੇਲੇ ਘੱਲੂਘਾਰਿਆਂ ਦੇ ਚਿਤਰ-ਸੀਨ ਦੇਖਣ ਵਾਲਿਆਂ ਦੇ ਰੌਂਗਟੇ ਖੜੇ ਕਰ ਦੇਂਦੇ ਹਨ। ਆਪਣੇ ਹੱਕ ਇਨਸਾਫ ਦੀ ਕਾਇਮੀ ਦਾਇਮੀ ਲਈ ਸਿੰਘਾਂ ਵਲੋਂ ਧਰਮ ਯੁਧ ਅਤੇ ਚਲਾਈਆਂ ਕਈ ਲਹਿਰਾਂ ਦੀ ਗਾਥਾ ਦੇਖ ਕੇ ਦਰਸ਼ਕ ਆਪ ਮੁਹਾਰੇ ਕਹਿ ਉਠਦੇ ਹਨ, ਧੰਨ ਸਿੱਖ, ਧੰਨ ਸਿੱਖੀ ਤੇ ਧੰਨ ਸਿੱਖ ਗੁਰੂ ਸਾਹਿਬਾਨ। ਸਿੱਖਾਂ ਦੀ ਨਿਆਰੀ ਚਰ੍ਰਤ, ਨਿਸ਼ਕਾਮ ਸੇਵਾ, ਪ੍ਰਬੀਨ ਕਾਰਜ ਕੁਸ਼ਲਤਾ ਤੇ ਗੌਰਵਮਈ ਯੁਧ ਪ੍ਰਬੀਨਤਾ ਹਰ ਕਿਸੇ ਨੂੰ ਮੁਤਾਸਰ ਕੀਤੇ ਬਿਨਾ ਨਹੀਂ ਰਹਿੰਦੀ। ਬੇਨਜ਼ੀਰ ਕੌਮੀ ਤੇ ਧਾਰਮਿਕ ਹੱਥ ਲਿਖਤਾਂ, ਨਾਦਰ ਸਿੱਕਿਆਂ ਤੇ ਪਵਿੱਤਰ ਸ਼ਸਤਰਾਂ ਦੇ ਦਰਸ਼ਨ ਕਰਕੇ ਇਕ ਸਾਧਾਰਨ ਦਰਸ਼ਕ ਵੀ ਗੁਰਸਿੱਖੀ ਸ਼ਾਨ ਨਾਲ ਭਰਿਆ ਜਾਂਦਾ ਹੈ। ਉਸ ਅੰਦਰ ਆਪਣੇ ਵਿਰਸੇ ਦੀ ਨਵੀਂ ਪਹਿਚਾਣ ਬਝਦੀ ਹੈ ਜਿਹੜੀ ਉਸ ਵਿਚ ਇਕ ਚੇਤਨ ਸ਼ਕਤੀ ਪ੍ਰਚੰਡ ਕਰਨ ਦਾ ਕਾਰਨ ਬਣਦੀ ਹੈ। ਕਈ ਐਸੀਆਂ ਮਹੱਤਵਪੂਰਣ ਦੁਰਲਭ ਵਸਤਾਂ ਵੀ ਇਸ ਅਜਾਇਬ ਘਰ ਵਿਚ ਮੌਜੂਦ ਹਨ ਜਿਨ੍ਹਾਂ ਦੇ ਦਰਸ਼ਨ ਕਰਕੇ ਇਕ ਸ਼ਰਧਾਲੂ ਸਿੱਖ ਦੇ ਨੇਤਰ ਨਮ ਹੋ ਜਾਂਦੇ ਹਨ ਅਤੇ ਉਹ ਭਾਵਕ ਹੋ ਕੇ ਆਪਣੇ ਆਪ ਨੂੰ ਉਸ ਵਾਤਵਰਨ ਦਾ ਇਕ ਹਿੱਸਾ ਸਮਝਣ ਲਗ ਪੈਂਦਾ ਹੈ ਜਿਸਨੂੰ ਉਹ ਦੇਖ ਸੁਣ ਰਿਹਾ ਹੁੰਦਾ ਹੈ। ਮਿਸਾਲ ਵਜੋਂ ਜਦ ਕੋਈ ਦਰਸ਼ਕ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਕਰ ਕਮਲਾਂ ਨਾਲ ਲਿਖੇ ਮੂਲ ਮੰਤਰ ਦੇ ਦਰਸ਼ਨ ਕਰਦਾ ਹੈ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਕੰਘੇ, ਕਮਰਕਸੇ ਅਤੇ ਗਾਤਰੇ ਦੇ ਦਰਸ਼ਨ ਕਰਦਾ ਹੈ ਤਾਂ ਕੁਝ ਪਲਾਂ ਲਈ ਉਹ ਉਨ੍ਹਾਂ ਦੇ ਚਰਨਾਂ ਵਿਚ ਆਪਣੇ ਆਪ ਨੂੰ ਖੜ੍ਹਾ ਮਹਿਸੂਸ ਕਰਨ ਲਗ ਪੈਂਦਾ ਹੈ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਦੁਮਾਲੇ ਤੇ ਚਕਰ, ਸ. ਮਹਿਤਾਬ ਸਿੰਘ ਮੀਰਾਂ ਕੋਟੀਏ ਦੀ ਉਹ ਸ਼ਮਸ਼ੀਰ ਜਿਸ ਨਾਲ ਉਸਨੇ ਦਰਬਾਰ ਸਾਹਿਬ ਵਿਚ ਕੰਜਰੀਆਂ ਨਚਾ ਰਹੇ ਮਸੇ ਰੰਘੜ ਦਾ ਸਿਰ ਉਡਾਇਆ, ਮਹਾਰਾਜਾ ਰਣਜੀਤ ਸਿੰਘ ਦੇ ਕਮਰਕਸੇ ਦੀ ਕਿਰਪਾਨ, ਹੋਰ

ਇਤਿਹਾਸਕ ਸ਼ਸਤਰ, ਸਿੱਖ ਰਾਜ ਨਾਲ ਸਬੰਧਤ ਕੀਮਤੀ ਸਿੱਕੇ, ਲਘੂ ਚਿਤਰ, ਕੀਰਤਨ ਕਰਨ ਵਾਲੇ ਗੁਰਮਤਿ ਸੰਗੀਤ ਸਾਜ਼ ਦੇਖ ਕੇ ਹਰ ਸਿੱਖ ਦਰਸ਼ਕ ਦਾ ਮਨ ਕੌਮੀ ਸਤਿਕਾਰ ਨਾਲ ਭਰ ਜਾਂਦਾ ਹੈ।

ਇਸ ਅਜਾਇਬ ਘਰ ਵਿਚ ਸਿੱਖ ਦੀ ਅਰਦਾਸ ਦੇ ਇਸ ਖੰਡ ਦੇ ਸਾਖਿਆਤ ਦਰਸ਼ਨ ਦੀਦਾਰੇ ਹੁੰਦੇ ਹਨ ਜਿਸ ਵਿਚ ਕਿਹਾ ਜਾਂਦਾ ਹੈ ਕਿ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਤਨ ਆਰਿਆਂ ਨਾਲ ਚਿਰਵਾਏ, ਦੇਗਾਂ ਵਿਚ ਉਬਾਲੇ ਗਏ, ਗੁਰਦਵਾਰਿਆਂ ਦੀ ਸੇਵਾ ਸੰਭਾਲ ਲਈ ਅਨੇਕ ਪਰਕਾਰ ਦੀਆਂ ਕੁਰਬਾਨੀਆਂ ਕੀਤੀਆਂ, ਸੀ ਨਹੀਂ ਕੀਤੀ, ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ। ਇਨ੍ਹਾਂ ਸਾਰਿਆਂ ਮੌਕਿਆਂ ਨਾਲ ਸਬੰਧਤ ਚਿਤਰ ਸ. ਕਿਰਪਾਲ ਸਿੰਘ, ਸ. ਸੋਭਾ ਸਿੰਘ, ਮਾ. ਗੁਰਦਿਤ ਸਿੰਘ, ਸ. ਮਿਹਰ ਸਿੰਘ, ਸ. ਭੁਪਿੰਦਰ ਸਿੰਘ, ਸ. ਅਮੋਲਕ ਸਿੰਘ, ਸ. ਸੁਖਵਿੰਦਰ ਸਿੰਘ ਤੇ ਸ. ਸਤਪਾਲ ਸਿੰਘ ਦਾਨਿਸ਼ ਤੇ ਹੋਰ ਕਈ ਉੱਘੇ ਚਿਤਰਕਾਰਾਂ ਵਲੋਂ ਬਣਾਏ ਗਏ ਹਨ ਜਿਹੜੇ ਦਰਸ਼ਕਾਂ ਤੇ ਬੜਾ ਡੂੰਘਾ ਪ੍ਰਭਾਵ ਪਾਉਂਦੇ ਹਨ।

1984 ਦੇ ਨੀਲਾ ਤਾਰਾ ਓਪਰੇਸ਼ਨ ਦੌਰਾਨ ਇਸ ਅਜਾਇਬ ਘਰ ਨੂੰ ਵੀ ਬਹੁਤ ਨੁਕਸਾਨ ਪੁੱਜਾ ਤੇ ਕਈ ਕੀਮਤੀ ਤੇ ਦੁਰਲਭ ਵਸਤਾਂ ਜਲ ਕੇ ਰਾਖ ਹੋ ਗਈਆਂ, ਬਹੁਤ ਸਾਰੇ ਚਿਤਰ ਨਸ਼ਟ ਹੋ ਗਏ ਪਰ ਵਿਸ਼ੇਸ਼ ਉਪਰਾਲਿਆਂ ਨਾਲ ਇਸ ਸ਼ਰਮਨਾਕ ਘਟਨਾ ਦੁਆਰਾ ਹੋਏ ਨੁਕਸਾਨ ਨੂੰ ਨਵੇਂ ਚਿਤਰ ਬਣਾ ਕੇ ਪੂਰਨ ਦਾ ਭਰਪੂਰ ਯਤਨ ਕੀਤਾ ਗਿਆ ਹੈ ਅਤੇ ਅੱਜ ਵੀ ਇਸ ਅਜਾਇਬ ਘਰ ਨੂੰ ਹੋਰ ਵਿਕਸਤ ਕਰਨ ਲਈ ਜ਼ੋਰਾਂ ਸ਼ੋਰਾਂ ਨਾਲ ਉਪਰਾਲੇ ਚਲ ਰਹੇ ਹਨ। ਨਵੀਆਂ ਗੈਲਰੀਆਂ ਉਸਾਰੀਆਂ ਜਾ ਚੁੱਕੀਆਂ ਹਨ ਤਾ ਕਿ ਵੱਧ ਤੋਂ ਵੱਧ ਕੌਮੀ ਮਾਣ ਦੀਆਂ ਵਸਤਾਂ ਇਨ੍ਹਾਂ ਵਿਚ ਕੌਮੀ ਹਿਤ ਲਈ ਸਜਾਈਆਂ ਜਾ ਸਕਣ।

ਇਕ ਅਨੁਮਾਨ ਅਨੁਸਾਰ ਤਕਰੀਬਨ ਇਕ ਹਜ਼ਾਰ ਦਰਸ਼ਕ ਹਰ ਰੋਜ਼ ਅਜਾਇਬ ਘਰ ਦੇਖਣ ਲਈ ਆਉਂਦੇ ਹਨ। ਤਿਹਵਾਰਾਂ ਤੇ ਇਹ ਗਿਣਤੀ ਬਹੁਤ ਵਧ ਹੁੰਦੀ ਹੈ। ਇਸ ਦਾ ਦਾਖਲਾ ਬਿਲਕੁਲ ਮੁਫਤ ਹੈ। ਸਾਡਾ ਸਾਰਿਆਂ ਦਾ ਕੌਮੀ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਬਹੁਮੁੱਲੇ ਇਤਿਹਾਸ ਦੇ ਸਾਖਿਆਤ ਦਰਸ਼ਨ ਕਰਵਾਣ ਲਈ ਉਨ੍ਹਾਂ ਨੂੰ ਇਸ ਅਜਾਇਬ ਘਰ ਵਿਚ ਲਿਆਈਏ।

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥ ਅੰਗ-186

.63.

ਹਰਿਮੰਦਰ ਸਾਹਿਬ ਦੇ ਯਾਤਰੂ ਰਜਿਸਟਰ ਵਿਚਲੇ ਕੁਝ ਇੰਦਰਾਜ ਤੇ ਹੋਰ ਕਥਨ

ਦਰਬਾਰ ਸਾਹਿਬ ਵਿਖੇ ਜਦ ਕੋਈ ਬਹੁਤ ਹੀ ਮਹੱਤਵਪੂਰਨ ਵਿਅਕਤੀ ਦਰਸ਼ਨਾਂ ਲਈ ਆਉਂਦਾ ਹੈ ਤਾਂ ਜੇਕਰ ਉਹ ਚਾਹੇ ਤਦ ਇਸ ਪੁਨੀਤ ਅਸਥਾਨ ਬਾਰੇ ਆਪਣੇ ਅਨੁਭਵ ਇਕ ਲਾਗ ਬੁਕ (ਯਾਤਰੂ ਰਜਿਸਟਰ) ਵਿਚ ਅੰਕਤ ਕਰ ਸਕਦਾ ਹੈ ਜੋ ਦਰਬਾਰ ਸਾਹਿਬ ਦੇ ਸੂਚਨਾ ਦਫ਼ਤਰ ਵਿਚ ਪਈ ਹੁੰਦੀ ਹੈ। ਕੁਝ ਪ੍ਰਮੁਖ ਸੱਜਣਾਂ ਦੇ ਨਮੂਨੇ ਮਾਤਰ ਸ਼ਬਦ ਨਿਮਨ ਦਰਜ ਹਨ ਜੋ ਉਸ ਲਾਗ ਬੁਕ ਜਾਂ ਹੋਰ ਲਿਖਤਾਂ ਵਿਚੋਂ ਲਏ ਗਏ ਹਨ। ਕੋਸ਼ਿਸ਼ ਇਹੀ ਕੀਤੀ ਗਈ ਹੈ ਕਿ ਨਵੇਂ ਨਵੇਂ ਵਿਚਾਰਾਂ ਵਾਲੀਆਂ ਟੂਕਾਂ ਹੀ ਬਹੁਤ ਹੀ ਸੰਖੇਪ ਰੂਪ ਵਿਚ ਦਰਜ ਕੀਤੀਆਂ ਜਾਣ।

ਮਲਕਾ ਅਲਿਜ਼ਬਥ II ਦੇ ਕਥਨ

ਇੰਗਲੈਂਡ ਦੀ ਮਲਕਾ ਅਲਿਜ਼ਬਥ 99 ਜਦ ਅਕਤੂਬਰ 1997 ਵਿਚ ਭਾਰਤ ਫੇਰੀ ਤੇ ਆਈ ਤਾਂ ਉਹ ਆਪਣੇ ਪਤੀ ਦੇ ਨਾਲ ਵਿਸ਼ੇਸ਼ ਤੌਰ ਤੇ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਈ ਜਿਥੇ ਉਸ ਨੇ ਤਕਰੀਬਨ ਦੋ ਘੰਟੇ ਬੜੇ ਅਨੰਦਮਈ ਬਤਾਏ ਅਤੇ ਇੰਗਲੈਂਡ ਪਰਤ ਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਨੂੰ ਪੱਤਰ ਲਿਖ ਕੇ ਇਸ ਅਦਭੁਤ ਅਸਥਾਨ ਪ੍ਰਤੀ ਆਪਣਾ ਅਪਾਰ ਸਤਿਕਾਰ ਤੇ ਸਨੇਹ ਪ੍ਰਗਟਾਇਆ ਤੇ ਇਨ੍ਹਾਂ ਦਰਸ਼ਨਾਂ ਨੂੰ ਅਭੁਲ, ਦੁਰਲਭ ਤੇ ਪਵਿੱਤਰ ਦਰਸ਼ਨ ਕਿਹਾ ਜਿਨ੍ਹਾਂ ਦੀ ਯਾਦ ਉਸ ਨੂੰ ਸਦਾ ਆਨੰਦਤ ਕਰੀ ਰਖੇਗੀ।

ਜਸਟਿਸ ਏ.ਪੀ. ਮਿਸ਼ਰਾ (ਸਾਬਕਾ ਜੱਜ ਸੁਪਰੀਮ ਕੋਰਟ, ਭਾਰਤ)

ਜਸਟਸ ਏ.ਪੀ. ਮਿਸ਼ਰਾ ਉਸ ਬੈਂਚ ਦਾ ਇਕ ਜਜ ਹੈ ਜਿਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉਵੇਂ ਹੀ ਗੁਰੂ ਦਾ ਦਰਜਾ ਦਿੱਤਾ ਹੈ ਜਿਵੇਂ ਬਾਕੀ ਸਿੱਖ ਗੁਰੂ ਸਾਹਿਬਾਨ ਨੂੰ ਪ੍ਰਾਪਤ ਹੈ। ਫਾਜ਼ਲ ਜਜਾਂ ਦੇ ਇਸ ਫੈਸਲੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਸਭ ਧਾਰਮਿਕ ਗ੍ਰੰਥਾਂ ਤੋਂ ਸਰੇਸ਼ਠ ਸਿਧ ਹੋ ਗਿਆ ਹੈ।

ਜਦ ਉਕਤ ਜਸਟਸ ਮਿਸ਼ਰਾ 23.10.2000 ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਇਆ ਤਾਂ ਉਸਨੇ ਸੂਚਨਾ ਦਫ਼ਤਰ ਵਿਚ ਪਈ ਯਾਤਰੂ ਪੁਸਤਕ ਵਿਚ ਆਪਣੇ ਅਨੁਭਵ ਇਵੇਂ ਪ੍ਰਗਟਾਏ : ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਮੈਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਇਕ ਵੱਡਾ-ਮੌਕਾ ਪ੍ਰਦਾਨ ਕੀਤਾ ਹੈ। ਮੈ ਇਨ੍ਹਾਂ ਦਰਸ਼ਨਾਂ ਲਈ ਆਪਣੇ ਆਪ ਨੂੰ ਵਡ-ਭਾਗਾ

ਸਮਝਦਾ ਹਾਂ ਅਤੇ ਪਵਿੱਤਰਤਾ ਦੇ ਵਧੇਰੇ ਪ੍ਰਭਾਵ ਆਪਣੇ ਵਿਚ ਸਮੋਅ ਕੇ ਪਰਤਦਾ ਹਾਂ। ਮੈਨੂੰ ਲਗਦਾ ਹੈ ਮੇਰੇ ਵਿੱਚ ਵਧੇਰੇ ਰੱਬੀ ਸ਼ਕਤੀ ਦਾ ਪ੍ਰਵੇਸ਼ ਹੋ ਗਿਆ ਹੈ। ਮੇਰੀ ਅਰਦਾਸ ਹੈ ਕਿ ਇਹ ਸ਼ਕਤੀ ਮਾਨਵਤਾ ਦੀ ਸੇਵਾ ਕਰਨ ਦਾ ਮੇਰੇ ਵਿਚ ਹੋਰ ਬਲ ਸੰਚਾਰ ਕਰੇ। (ਹਵਾਲਾ ਟਰਬਿਊਨ 24.10.2000)

ਸ੍ਰੀ ਯੂਲੀ ਵੋਰੋਨਟਸੋਲ—(ਸਾਬਕਾ ਸੋਵੀਅਤ ਸੰਘ ਦਾ ਭਾਰਤ ਵਿਚ ਸਫੀਰ)

ਮੈਂ ਇਹ ਦੇਖ ਕੇ ਬਹੁਤ ਪ੍ਰਭਾਵਤ ਹੋਇਆ ਹਾਂ ਕਿ ਵਿਸ਼ਵ ਦੇ ਇਸ ਮਹੱਤਵਪੂਰਨ ਧਾਰਮਿਕ ਸਥਾਨ ਵਿਖੇ ਰਵਾਇਤਾਂ ਦੇ ਖਜ਼ਾਨੇ ਨੂੰ ਕਿਸ ਵਧੀਆ ਢੰਗ ਵਿਚ ਸੰਭਾਲ ਕੇ ਰੱਖਿਆ ਗਿਆ ਹੈ।

ਸ੍ਰੀ ਮਿਸ਼ਰਾ, ਉੱਤਰੀ ਰੇਲਵੇ ਦੇ ਭੂਤ ਪੂਰਵਕ ਜਨਰਲ ਮੈਨੇਜਰ

ਇਸ ਅਸਥਾਨ ਦੇ ਦਰਸ਼ਨ ਕਰਕੇ ਜੋ ਸ਼ਬਦ ਮੂੰਹ ਵਿਚੋਂ ਆਪ ਮੁਹਾਰੇ ਨਿਕਲਦੇ ਹਨ, ਉਹ ਹਨ: Wonderful as all one can say ਭਾਵ ਮਨੁੱਖ ਆਪ ਮੁਹਾਰੇ ਕਹਿ ਉਠਦਾ ਹੈ 'ਕਮਾਲ ਹੈ, ਆਫਰੀਨ'

ਲਾਰਡ ਆਕਲੈਂਡ

1838 ਈ. ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸੱਦੇ ਤੇ ਭਾਰਤ ਦਾ ਗਵਰਨਰ ਜਨਰਲ ਲਾਰਡ ਆਕਲੈਂਡ ਲਾਹੌਰ ਆਇਆ ਤੇ ਉਸ ਨੇ ਤੇ ਉਸਦੀ ਭੈਣ ਐਮਲੀ ਈਡਨ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਜਾ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਚ ਆਪਣਾ ਸਤਿਕਾਰ ਵਿਅਕਤ ਕੀਤਾ ਤੇ ਕਿਹਾ ਸੀ: 'ਮੈਂ ਸਵਰਨ ਮੰਦਰ, ਇਸ ਦੀ ਖੂਬਸੂਰਤੀ ਤੇ ਸਜਾਵਟੀ ਦੀਪ ਮਾਲਾ ਨੂੰ ਦੇਖ ਕੇ ਪ੍ਰਸੰਨ ਹੋ ਗਿਆ ਹਾਂ।' ਲਾਰਡ ਆਕਲੈਂਡ ਦੀ ਭੈਣ ਐਮਲੀ ਈਡਨ ਅਨੁਸਾਰ ਲਾਰਡ ਆਕਲੈਂਡ ਮਹਾਰਾਜਾ ਰਣਜੀਤ ਸਿੰਘ ਨਾਲ ਦਰਬਾਰ ਸਾਹਿਬ ਵਿਚ ਬੈਠਿਆ ਅਤੇ ਪੂਰੀ ਦਿਲਚਸਪੀ ਨਾਲ ਸਾਰੀ ਕਾਰਵਾਈ ਦੇਖਦਾ ਰਿਹਾ ਅਤੇ ਪੂਰਨ ਇਕਾਗਰਤਾ ਨਾਲ ਉਸ ਨੇ ਗੁਰਬਾਣੀ ਕੀਰਤਨ ਦਾ ਰਸ ਮਾਣਿਆ।

ਲਾਇਲਡ ਟਕਰ—ਕੈਨੇਡਾ

'ਬੜੀ ਸਹਿਨਸ਼ੀਲਤਾ ਵਾਲਾ ਧਰਮ ਹੈ ਸਿੱਖ ਧਰਮ ਜਿਹੜਾ ਬਹੁਤ ਸਾਰੀ ਮਾਨਵਤਾ ਨੂੰ ਕਲਾਵੇ ਵਿਚ ਲਿਆ ਹੋਇਆ ਦਿਸਦਾ ਹੈ।'

ਮਾਰਗਰੇਟ ਗੁਡਵਿਲ—ਇੰਗਲੈਂਡ

'ਮੈਂ ਹਾਲੋਂ ਤਕ ਜੋ ਕੁਝ ਵੀ ਵੇਖਿਆ ਹੈ ਉਸ ਵਿਚੋਂ ਇਸ ਅਸਥਾਨ ਨੇ ਮੈਨੂੰ ਸਭ ਤੋਂ ਵਧ ਅਕਰਸ਼ਤ ਤੇ ਪ੍ਰਭਾਵਤ ਕੀਤਾ ਹੈ।'

ਨਿਕ ਨਿਊਬਰੀ—ਇੰਗਲੈਂਡ

ਸ਼ਾਂਤੀ ਨਾਲ ਤੇ ਸ਼ਾਂਤ ਚਿਤ ਚੁਪ ਚਾਪ ਬੈਠ ਕੇ ਆਨੰਦ ਮਾਣਨ ਲਈ

ਹਰਿਮੰਦਰ ਦੁਨੀਆ ਦੀ ਸਭ ਤੋਂ ਵਧ ਸੰਪੂਰਣ, ਕਾਮਲ ਤੇ ਮੁਕੰਮਲ ਜਗ੍ਹਾ ਹੈ।'

ਸਿਸਟਰ ਇਊਜੀਨ—ਅਸਟਰੇਲੀਆ

ਇਹ ਗੁਰਧਾਮ ਸਚੇ ਭਰਾਤਰੀ ਭਾਵ ਦੀ ਖੂਬਸੂਰਤ ਵਿਆਖਿਆ ਤੇ ਪਰਦਰਸ਼ਨੀ ਕਰਦਾ ਹੈ।

ਡਾ. ਐਲਵਿਕ ਰੋਜ਼ਰ—ਅਮਰੀਕਾ

'ਗੋਲਡਨ ਟੈਂਪਲ ਬਹੁਤ ਹੀ ਸੁੰਦਰ ਤੇ ਮਨ ਮੋਹਣਾ ਹੈ। ਜਦ ਮੈਂ ਇਸ ਵਿਚ ਪਰਵੇਸ਼ ਕੀਤਾ, ਕੀਰਤਨ ਸੰਗੀਤ ਸੁਣਿਆ, ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਵੇਖਿਆ ਤਾਂ ਮੈਨੂੰ ਲਗਿਆ ਕਿ ਮੈਂ ਪਹਿਲੀ ਵਾਰੀ ਧਰਮ ਦਾ ਇਤਨਾ ਡੂੰਘਾ ਅਨੁਭਵ ਕਰ ਰਿਹਾ ਹਾਂ। ਸਿੱਖ ਧਰਮ ਅਜਿਹਾ ਹੈ ਜਿਸਨੂੰ ਸਿੱਖਣ ਲਈ ਮੈਂ ਪੂਰੇ ਪਰਯਤਨ ਕਰਾਂਗਾ। ਮੈਂ ਇੱਥੇ ਦੇ ਲੋਕਾਂ ਦਾ ਸਨੇਹ ਦੇਖ ਕੇ ਵੀ ਦੰਗ ਰਹਿ ਗਿਆ ਹਾਂ।'

ਡੀ. ਕਾਕਬਰਗ ਤੇ ਸਾਥੀ—ਇੰਗਲੈਂਡ

'ਅਸੀਂ ਦਰਬਾਰ ਸਾਹਿਬ ਦੀ ਸਰਾਂ ਵਿਚ ਠਹਿਰੇ ਅਤੇ ਲੰਗਰ ਵਿਚ ਪਰਸ਼ਾਦਾ ਛਕਿਆ। ਅਸੀਂ ਦੇਖਿਆ ਹਜ਼ਾਰਾਂ ਯਾਤਰੂਆਂ ਨੂੰ ਠਹਿਰਾਣ ਦੀ ਸੁਵਿਧਾ ਦਿੱਤੀ ਜਾ ਰਹੀ ਹੈ ਅਤੇ ਮੁਫਤ ਲੰਗਰ ਦਾ ਪ੍ਰਬੰਧ ਹੈ। ਇਹ ਬਹੁਤ ਹੀ ਵਡੀ ਗੱਲ ਹੈ। ਇਹ ਅਸਥਾਨ ਸਚ ਮੁਚ ਨਿਰਾਲਾ ਅਤੇ ਮਹੱਤਵਪੂਰਣ ਹੈ।'

ਸ੍ਰੀ ਬੀ. ਸੀ. ਚਕਰਵਰਥੀ ਹੈਦਰ, ਦਿੱਲੀ

'ਸਿੱਖ ਧਰਮ ਅਮਲੀ ਧਰਮ ਹੈ ਤੇ ਮਨੁੱਖਤਾ ਲਈ ਸੁਹਣੀ ਉਦਾਹਰਨ ਹੈ।'

ਸ. ਹਰਪ੍ਰੀਤ ਸਿੰਘ ਸਾਰੰਗ—ਸਿਆਟਲ, ਅਮਰੀਕਾ

ਹਰਿਮੰਦਰ ਸਾਹਿਬ ਦੇ ਦਰਸ਼ਨ ਆਤਮਾ ਨੂੰ ਨੂਰੋ ਨੂਰ ਕਰ ਦੇਂਦੇ ਹਨ।

ਲੋਥ਼ਰ ਹੈਨਬੈਲ—ਜਰਮਨੀ

ਇਹ ਪਹਿਲਾ ਸਥਾਨ ਹੈ ਜਿਥੇ ਹਰ ਧਰਮ ਦਾ ਹਰ ਵਿਅਕਤੀ ਆ ਕੇ ਪਰਾਰਥਨਾ ਕਰ ਸਕਦਾ ਹੈ। ਇਥੇ ਆ ਕੇ ਇਹ ਅਹਿਸਾਸ ਬਦੋ ਬਦੀ ਉਭਰ ਆਉਂਦਾ ਹੈ ਕਿ ਅਸੀਂ ਸਾਰੇ ਮਨੁੱਖ ਆਪਸ ਵਿਚ ਭਰਾ ਭਰਾ ਹਾਂ।

ਸਯਦ ਅਬਦੁਲਾ ਬੁਖਾਰੀ, ਸ਼ਾਹੀ ਅਮਾਮ ਜਾਮਾ ਮਸਜਦ—ਦਿੱਲੀ

ਅੱਜ ਮੈਂ ਪਵਿੱਤਰ ਦਰਬਾਰ ਸਾਹਿਬ ਦੀ ਜ਼ਿਆਰਤ ਕੀਤੀ ਹੈ। ਇਸ ਯਾਤਰਾ ਨਾਲ ਮੈਨੂੰ ਬਹੁਤ ਮਸੱਰਤ (ਖੁਸ਼ੀ) ਹੋਈ ਹੈ ਤੇ ਮੈਂ ਆਪਣੇ ਆਪ ਨੂੰ ਸਨਮਾਨਤ ਸਮਝਦਾ ਹਾਂ। ਇਹ ਯਾਤਰਾ ਮੇਰੇ ਲਈ ਇਕ ਯਾਦਗਾਰੀ ਮੌਕਾ ਹੈ।

ਵੈਂਕਟਾ ਚਾਲਮ—ਕਲਕੱਤਾ

ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਇਕ ਅਨੁਭੂਤੀ ਭਰਿਆ ਉੱਤਮ

ਤਜਰਬਾ ਹੈ। ਇਸ ਨੇ ਮੈਨੂੰ ਇਹ ਮਹਿਸੂਸ ਕਰਵਾ ਦਿੱਤਾ ਹੈ ਕਿ ਸਿੱਖ ਧਰਮ ਵੱਖ ਵੱਖ ਧਰਮਾਂ ਵਿਚ ਕੋਈ ਭਿੰਨ ਭੇਦ ਨਹੀਂ ਰਖਦਾ ਅਤੇ ਇੱਥੇ ਇਹ ਪ੍ਰਤੱਖ ਦਿਸਦਾ ਹੈ ਕਿ ਰੱਬ ਦੀਆਂ ਨਜ਼ਰਾਂ ਵਿਚ ਸਭ ਬਰਾਬਰ ਹਨ।

ਡੀਨ ਲੋਅ—ਈਰਾਨ

ਸਿੱਖ ਧਰਮ ਬਹੁਤ ਸੱਚਾ ਧਰਮ ਜਾਪਦਾ ਹੈ। ਇਹ ਅਜਿਹਾ ਧਰਮ ਹੈ ਜੋ ਨੇਕ ਕਿਰਤ ਨੂੰ ਮਾਣ ਬਖਸ਼ਦਾ ਹੈ। ਇਹ ਗੱਲ ਹਰਿਮੰਦਰ ਦਰਸ਼ਨਾਂ ਨਾਲ ਮੇਰੀ ਸੋਝੀ ਵਿਚ ਪਈ।

ਮਿਸਟਰ ਟਾਸ—ਇੰਗਲੈਂਡ

ਗੋਲਡਨ ਟੈਂਪਲ ਦੇ ਦਰਸ਼ਨ ਕਰ ਕੇ ਮੈਨੂੰ ਬੇਹੱਦ ਖੁਸ਼ੀ ਹੋਈ ਹੈ। ਮਹਾਂਯੁਧ ਸਮੇਂ ਮੈਂ ਕਈ ਸਾਲ ਸਿੱਖ ਫੌਜੀਆਂ ਨਾਲ ਸੀ। ਉਹ ਮੇਰੇ ਨਾਲ ਦਰਬਾਰ ਸਾਹਿਬ ਬਾਰੇ ਬਹੁਤ ਗੱਲਾਂ ਕਰਦੇ ਸਨ ਇਸ ਲਈ ਮੇਰੇ ਮਨ ਵਿਚ ਆਇਆ ਕਿ ਇਸ ਮਹਾਨ ਤੀਰਥ ਦੇ ਖੁਦ ਦਰਸ਼ਨ ਕਰ ਕੇ ਨਿਹਾਲ ਹੋਵਾਂ। ਅੱਜ ਉਹ ਖੁਸ਼ੀਆਂ ਭਰੀ ਘੜੀ ਮੈਨੂੰ ਨਸੀਬ ਹੋਈ ਹੈ। ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਮੈਨੂੰ ਜੋ ਆਨੰਦ ਆਇਆ ਹੈ ਉਹ ਬਿਆਨ ਤੋਂ ਬਾਹਰਾ ਹੈ। ਇਸ ਦੇ ਪਵਿੱਤਰ ਦਰਸ਼ਨ ਕਰਕੇ ਮਨ ਭਰਦਾ ਹੀ ਨਹੀਂ।

ਇਕ ਮੁਸਲਮਾਨ ਯਾਤਰੂ

ਸਭ ਪੀਰ ਪੈਗੰਬਰ ਸੰਸਾਰ ਵਿਚ ਆਏ ਤੇ ਚਲੇ ਗਏ। ਗੁਰੂ ਨਾਨਕ ਦੇਵ ਵੀ ਧਰਤੀ ਤੇ ਮਨੁੱਖ ਜਾਤੀ ਨੂੰ ਰੱਬ ਦਾ ਸੰਦੇਸ਼ ਦੇਣ ਲਈ ਪਧਾਰੇ ਪਰ ਉਹ ਵਾਪਸ ਨਹੀਂ ਗਏ। ਦਰਬਾਰ ਸਾਹਿਬ ਵਿਚ ਕੀਰਤਨ ਰੂਪ ਵਿਚ ਉਹ ਅਜ ਵੀ ਗਾ ਗਾ ਕੇ ਸਾਨੂੰ ਰੱਬ ਨਾਲ ਜੋੜ ਰਹੇ ਹਨ ਤੇ ਮਾਨਵੀ ਪਿਆਰ ਦਾ ਪਸਾਰਾ ਕਰ ਰਹੇ ਹਨ।

ਸ੍ਰੀ ਉੱਜਲ ਦੁਸਾਂਝ ਸਾਬਕਾ ਪਰੀਮੀਅਰ ਬੀ.ਸੀ. ਕੈਨੇਡਾ

ਕੈਨੇਡਾ ਦਾ ਵਸਨੀਕ ਪੰਜਾਬੀ ਸਰਦਾਰ ਜੋ ਉੱਥੇ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਦਾ ਸਾਬਕਾ ਪਰੀਮੀਅਰ ਹੈ, ਆਪਣੀ ਭਾਰਤ ਫੇਰੀ ਦੌਰਾਨ 22.12.2000 ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਇਆ। ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਅਤੇ ਆਪਣੀ ਸ਼ਰਧਾ ਦੇ ਪੁਸ਼ਪ ਅਰਪਤ ਕਰਨ ਉਪਰੰਤ ਉਸਨੇ ਯਾਤਰੂ ਰਜਿਸਟਰ ਵਿਚ ਲਿਖਿਆ 'The place of spirituality it is'. ਭਾਵ ਇਹ ਆਤਮਿਕ ਆਨੰਦ ਵਾਲਾ ਅਸਥਾਨ ਹੈ।"

ਚੌਧਰੀ ਪਰਵੇਜ਼ ਇਲਾਹੀ, ਸਾਬਕਾ ਮੁਖ ਮੰਤਰੀ ਪਾਕਿਸਤਾਨੀ ਪੰਜਾਬ

ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਮਨ ਨੂੰ ਸ਼ਾਂਤੀ ਮਿਲੀ। ਮੇਰੀ ਅਰਦਾਸ ਹੈ ਕਿ ਮਨੁੱਖੀ ਮੁਹਬਤਾਂ ਬਲਵਾਨ ਹੋਣ ਤੇ ਸੁਖ ਸ਼ਾਂਤੀ ਦਾ ਬੋਲ ਬਾਲਾ ਹੋਵੇ। ਮੈਂ ਇਸ ਜ਼ਿਆਰਤ ਨੂੰ ਹਮੇਸ਼ਾ ਦਿਲ ਵਿੱਚ ਵਸਾਈ ਰਖਾਂਗਾਂ।

ਸ. ਬਲਵੰਤ ਸਿਘ ਰਾਜੋਆਣਾ :

ਸ. ਬਲਵੰਤ ਸਿੰਘ ਰਾਜੋਆਣਾ ਨੂੰ ਪੰਜਾਬ ਦੇ ਉਸ ਸਮੇਂ ਦੇ ਮੁਖ ਮੰਤਰੀ ਸ. ਬੇਅੰਤ ਸਿੰਘ ਕਤਲ ਕੇਸ ਵਿੱਚ 31.3.2012 ਨੂੰ ਸਵੇਰੇ 9 ਵਜੇ ਫਾਂਸੀ ਦਿੱਤੇ ਜਾਣ ਦਾ ਅਦਾਲਤੀ ਨਿਰਣਾ ਆਉਣ ਤੇ ਜਿੱਥੇ ਸਿੱਖ ਸੰਗਤਾਂ ਪਰੇਸ਼ਾਨ ਹੋਈਆਂ, ਉੱਥੇ ਰਾਜੋਆਣਾ ਬੜਾ ਸ਼ਾਂਤ ਚਿਤ ਰਿਹਾ ਅਤੇ ਉਸਦੀ ਇਕੋ ਇਕ ਲੋਚਾ ਹਰਿਮੰਦਰ ਸਾਹਿਬ ਦੇ ਦਰਸਨ ਕਰਨ ਦੀ ਹੀ ਸੀ। ਇਸ ਭਾਵਨਾ ਨੂੰ ਸਤਿਕਾਰ ਬਖ਼ਸ਼ਦਿਆਂ ਹੋਇਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੇ ਪਟਿਆਲਾ ਜੇਹਲ ਵਿੱਚ ਆਪ ਜਾ ਕੇ ਉਸਨੂੰ ਸਰੋਵਰ ਸਾਹਿਬ ਦੇ ਅੰਮ੍ਰਿਤ ਜਲ ਨਾਲ ਇਸ਼ਨਾਨ ਕਰਨ ਦਾ ਅਵਸਰ ਦਿੱਤਾ। ਉਸਨੂੰ 'ਹਰਿਮੰਦਰ ਦਰਸ਼ਨ' ਪੁਸਤਕ ਭੇਜੀ ਗਈ ਤਾਕਿ ਉਹ ਉਸਨੂੰ ਪੜ੍ਹ ਕੇ ਆਪਣੇ ਹਰਿਮੰਦਰ ਸਤਿਕਾਰ ਨੂੰ ਹੋਰ ਤਾਜ਼ਾ ਦਮ ਕਰ ਸਕੇ। ਸ. ਰਾਜੋਆਣਾ ਨੇ ਆਪਣੇ ਦੋਨੋਂ ਨੇਤਰ ਦਰਬਾਰ ਸਾਹਿਬ ਦੇ ਸੂਰਮੇ ਕੀਰਤਨੀਏ ਸ. ਲਖਵਿੰਦਰ ਸਿੰਘ ਨੂੰ ਭੇਂਟ ਕਰਨ ਦੀ ਇੱਛਾ ਪ੍ਰਗਟਾਈ ਤਾਕਿ ਉਹ ਮਰਨ ਤੋਂ ਮਗਰੋਂ ਵੀ ਆਪਣੇ ਜੀਵਤ ਰਹਿ ਗਏ ਨੇਤਰਾਂ ਸਦਕਾ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦਾ ਰਹਿ ਸਕੇ। ਹਰਿਮੰਦਰ ਸਾਹਿਬ ਪ੍ਰਤੀ ਸ. ਰਾਜੋਆਣਾ ਦੀ ਇਸ ਅਨਿਨ ਸ਼ਰਧਾ ਤੇ ਸਤਿਕਾਰ ਦਾ ਜਿਤਨਾ ਵੀ ਅਭੀਨੰਦਨ ਕੀਤਾ ਜਾਵੇ, ਥੋੜ੍ਹਾ ਹੈ। ਸਾਡੀ ਅਰਦਾਸ ਹੈ ਕਿ ਰਾਜੋਆਣਾ ਆਪਣੇ ਨੇਤਰਾਂ ਨਾਲ ਆਪ ਹੀ ਹਰਿਮੰਦਰ ਸਾਹਿਬ ਦੇ ਦਰਸਨ ਕਰਨ ਜੋਗਾ ਹੋ ਸਕੇ। ਸੰਤੋਖ ਦੀ ਗੱਲ ਹੈ ਕਿ ਸ. ਰਾਜੋਆਣਾ ਦੀ ਫਾਂਸੀ ਕੁਝ ਸਮੇਂ ਲਈ ਟਲ ਗਈ ਹੈ ਅਤੇ ਇਸ ਖ਼ਬਰ ਕਰਕੇ ਸਭ ਨੇ ਸੁਖ ਦਾ ਸਾਹ ਲਿਆ। ਸਾਡੀ ਇਹ ਵੀ ਅਰਦਾਸ ਹੈ ਕਿ ਫਾਂਸੀ ਦੀ ਸਜ਼ਾਅ ਵਿਸ਼ਵ ਭਰ ਵਿੱਚੋਂ ਖ਼ਤਮ ਕਰ ਦਿੱਤੀ ਜਾਵੇ ਤਾਕਿ ਇਕ ਮਨੁੱਖ ਦੂਜੇ ਦੀ ਜਾਨ ਨਾ ਲੈ ਸਕੇ ਕਿਉਂਕਿ ਅਜਿਹਾ ਕਰਨਾ ਪ੍ਰਮਾਤਮਾ ਦੇ ਹੁਕਮ ਵਿੱਚ ਸਿਧਾ ਸਿੱਧਾ ਖਲਲ ਪਾਉਣ ਸਮਾਨ ਹੈ, ਜੋ ਨਿਰਮਮ ਅਤੇ ਘਿਰਣਾਜਨਕ ਹੈ। ਸਵਾਸ ਬਖ਼ਸ਼ਣ ਅਤੇ ਉਨ੍ਹਾਂ ਨੂੰ ਅੰਤ ਕਰਨ ਦਾ ਅਧਿਕਾਰ ਕੇਵਲ ਤੇ ਕੇਵਲ ਵਾਹਿਗੁਰੂ ਪਾਸ ਹੈ ਜਿਹੜਾ ਆਦਰਯੋਗ ਹੈ, ਮੰਨਣਯੋਗ ਹੈ ਅਤੇ ਉਸਦੀ ਰਜ਼ਾ ਵਿੱਚ ਰਹਿਣ ਦੀ ਖ਼ੁਸ਼ੀ ਦੇ ਐਨ ਮੁਤਾਬਕ ਹੈ।

ਉਸਤਤਿ ਬਰਨਿ ਨ ਸਕੀਐ
ਸਦ ਸਦ ਕੁਰਬਾਨਾ॥ ਅੰਗ-556

.64.

ਨਹੀ ਤੁਧੁ ਜੇਹਿਆ

ਗੁਰੂ ਅਰਜਨ ਸਾਹਿਬ ਨੇ ਜਦ ਹਰਿਮੰਦਰ ਸਾਹਿਬ ਦੀ ਸਿਫਤ ਵਿਚ ਇਸ ਪੰਗਤੀ ਦਾ ਉਚਾਰਨ ਕੀਤਾ ਹੈ ਕਿ 'ਡਿਠੇ ਸਭੇ ਥਾਵ, ਨਹੀ ਤੁਧੁ ਜਹਿਆ' ਤਾਂ ਅਵੱਸ਼ ਹੀ ਸਤਿਗੁਰਾਂ ਨੇ ਇਸ ਮਹਾਨ ਅਸਥਾਨ ਦੇ ਬਹੁ-ਪ੍ਰਕਾਰੀ ਅਸੀਮ ਗੁਣਾਂ ਨੂੰ ਸਾਹਮਣੇ ਰੱਖ ਕੇ ਹੀ ਇਹ ਰੱਬੀ ਬਚਨ ਕਹੇ ਹੋਣਗੇ। ਪਹਿਲੀ ਨਜ਼ਰੇਂ ਇਸ ਖ਼ੂਬਸੂਰਤ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਨਾਲ ਸਹਿਜ ਸੁਭਾਏ ਹੀ ਆਮ ਦਰਸ਼ਕ ਦੇ ਮੁੱਖ ਵਿਚੋਂ ਅਜਿਹੇ ਸ਼ਬਦ ਨਿਕਲ ਹੀ ਜਾਂਦੇ ਹਨ ਕਿ ਇਹ ਅਸਥਾਨ ਬਹੁਤ ਆਲੀਸ਼ਾਨ ਹੈ, ਰਮਣੀਕ ਹੈ, ਸੁਹਾਵਣਾ ਹੈ, ਦਿਲਕੱਸ਼ ਹੈ, ਸੁੰਦਰ ਸਵੱਛ ਹੈ, ਸੁੱਖ ਸ਼ਾਂਤੀ ਦਾ ਪ੍ਰਤੀਕ ਹੈ ਅਤੇ ਆਪਣੀ ਅਦੁੱਤੀ ਆਭਾ ਕਾਰਨ ਮਨਾਂ ਵਿਚ ਸਨੇਹ ਪੂਰਵਕ ਖਿਚ ਪਾਉਂਦਾ ਹੈ। ਇਹ ਵਿਚਾਰ ਇਸ ਦੇ ਬਾਹਰਲੇ ਹੁਸਨ ਦੇ ਦਰਸ਼ਨਾਂ ਕਾਰਨ ਵੀ ਉਤਪੰਨ ਹੁੰਦੇ ਹਨ ਤੇ ਵਾਤਾਵਰਨਣਕ ਅਮੀਰੀ ਕਾਰਨ ਵੀ ਮਨ ਵਿਚੋਂ ਉਮਡਦੇ ਹਨ।

ਹਰਿਮੰਦਰ ਸਾਹਿਬ ਦੀ ਦਿਲਕਸ਼ ਸਾਦਗੀ ਵੀ ਦੇਖਣ ਵਾਲੇ ਨੂੰ ਮਿਕਨਾਤੀਸੀ ਕਸ਼ਸ਼ ਨਾਲ ਆਪਣੇ ਵੱਲ ਖਿਚ ਕੇ ਆਪਣਾ ਹੀ ਬਣਾ ਲੈਂਦੀ ਹੈ। ਇਸ ਦੀ ਨਿਰਮਾਣ ਕੁਸ਼ਲਤਾ ਤੇ ਅਦਭੁਤ ਫਬ ਕਾਰਨ ਇਸ ਨੂੰ ਵਿਸ਼ਵ ਦੀਆਂ ਅਨੌਖੀਆਂ ਤੇ ਸ਼ਾਨਦਾਰ ਇਮਾਰਤਾਂ ਵਿਚ ਗਿਣਿਆ ਜਾਂਦਾ ਹੈ ਜਿਨ੍ਹਾਂ ਨੂੰ ਦੇਖ ਕੇ ਮਨ ਖੁਸ਼ ਹੁੰਦਾ ਹੈ, ਪਰ ਹਰਿਮੰਦਰ ਦੇ ਦਰਸ਼ਨਾਂ ਨਾਲ ਤਾਂ ਆਤਮਾ ਵੀ ਖੁਸ਼ੀ ਤੇ ਵਿਗਾਸ ਮਹਿਸੂਸ ਕਰਦੀ ਹੈ। ਇਹ ਵੀ ਇਕ ਕਾਰਨ ਹੈ ਜਿਸ ਕਰ ਕੇ ਇਹ ਅਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਅਸਥਾਨ ਵਰਗਾ ਹੋਰ ਕੋਈ ਸਥਾਨ ਨਹੀਂ। ਪਰ ਗੱਲ ਇਥੇ ਹੀ ਨਹੀਂ ਮੁਕਦੀ ਸਗੋਂ ਇੱਥੋਂ ਸ਼ੁਰੂ ਹੁੰਦੀ ਹੈ। ਠੀਕ ਹੈ ਹਰਿਮੰਦਰ ਸਰੀਰਕ ਰੂਪ ਵਿਚ ਬਹੁਤ ਦਿਲਕਸ਼ ਹੈ, ਸੁਹਣਾ ਹੈ ਅਤੀ ਖ਼ੂਬਸੂਰਤ ਹੈ ਪਰ ਇਸ ਤੋਂ ਵੀ ਵੱਡੀ ਗੱਲ ਜੋ ਇਸ ਨੂੰ ਦੁਨੀਆ ਦੇ ਹੋਰ ਅਸਥਾਨਾਂ ਤੋਂ ਸਰਬ ਸਰੇਸ਼ਠ ਬਣਾਉਂਦੀ ਹੈ, ਉਹ ਇਸ ਦੀ ਮਰਿਆਦਾ ਹੈ, ਇਸ ਨਾਲ ਜੁੜਿਆ ਲਾਮਿਸਾਲ ਇਤਿਹਾਸ ਤੇ ਕੀਮਤਾਂ ਕਦਰਾਂ ਹਨ, ਇਸ ਤੋਂ ਮਿਲਦੇ ਸੰਦੇਸ਼ ਹਨ ਅਤੇ ਉਹ ਸਾਰੀਆਂ ਰਸਮਾਂ, ਰਵਾਇਤਾਂ ਹਨ ਜਿਨ੍ਹਾਂ ਦਾ ਸਾਨੀ ਕੋਈ ਹੋਰ ਨਹੀਂ। ਉਨ੍ਹਾਂ ਦਾ ਬਹੁਤ ਹੀ ਸੰਖੇਪ ਵਰਨਣ ਇਵੇਂ ਹੈ।

ਦੁਨੀਆ ਵਿਚ ਮੰਦਰ, ਗਿਰਜੇ, ਮਸਜਦਾਂ ਤਾਂ ਬਥੇਰੀਆਂ ਹਨ ਪਰ ਹਰਿਮੰਦਰ ਸਾਹਿਬ ਕੇਵਲ ਤੇ ਕੇਵਲ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੇ ਹੀ

ਨਾਜ਼ਲ ਹੋਇਆ ਹੈ। ਇਸ ਅਸਥਾਨ ਦੀ ਕਿਤਨੀ ਕਮਾਲ ਦੀ ਮਰਿਆਦਾ ਹੈ ਕਿ ਇਸ ਵਿਚ ਦਿਨ ਰਾਤ ਕੇਵਲ ਤੇ ਕੇਵਲ ਪ੍ਰਭੂ ਜਸ ਹੀ ਗਾਇਨ ਹੁੰਦਾ ਹੈ ਹੋਰ ਇਕ ਅੱਖਰ ਵੀ ਨਹੀਂ ਬੋਲਿਆ ਸੁਣਿਆ ਜਾਂਦਾ। ਨਰੋਲ ਪ੍ਰਭੂ ਉਸਤਤੀ ਇਸੇ ਸੁਭਾਗੇ ਅਸਥਾਨ ਨਾਲ ਹੀ ਵਾਬਸਤਾ ਹੈ। ਇੱਥੇ ਤੱਕ ਕਿ ਖਾਲਸਈ ਜੈਕਾਰਾ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਵੀ ਇੱਥੇ ਅਰਦਾਸ ਤੋਂ ਮਗਰੋਂ ਨਹੀਂ ਗਜਾਇਆ ਜਾ ਸਕਦਾ ਕਿਉਂਕਿ ਉਹ ਜੰਗੀ ਜੈਕਾਰਾ ਹੈ ਪਰ ਦਰਬਾਰ ਸਾਹਿਬ ਦਾ ਸੰਦੇਸ਼ ਤਾਂ ਕੇਵਲ ਤੇ ਕੇਵਲ ਪਿਆਰ ਵਿਚ ਗੁਧਾ ਹੋਇਆ ਹੈ, ਹਮਦਰਦੀ ਵਿਚ ਬਝਾ ਹੋਇਆ ਹੈ ਅਤੇ ਅਧਿਆਤਮਿਕ ਖੇੜੇ ਨਾਲ ਪਰੀਪੂਰਤ ਹੈ। ਇਸ ਅਸਥਾਨ ਵਿਚੋਂ ਦੁਨਿਆਵੀ ਮੋਹ ਮਾਇਆ ਦੀ ਪਕੜ ਕਮਜ਼ੋਰ ਹੋਣ ਦੇ ਸਲੀਕੇ ਉਤਪੰਨ ਹੁੰਦੇ ਹਨ। ਇਸ ਦੇ ਪਰੀਸਰ ਵਿਚ ਪਰਵੇਸ਼ ਕਰਨ ਲੱਗਿਆਂ ਮਨ ਨੀਵਾਂ ਕਰ ਕੇ, ਮਿਠਤ ਨੂੰ ਅਧਾਰ ਬਣਾ ਕੇ, ਦੁਨਿਆਵੀ ਮਾਣ ਮੁਰਾਤਬੇ ਨੂੰ ਬਾਹਰ ਸੰਸਾਰ ਵਿਚ ਰੱਖ ਕੇ, ਹਉਮੈਂ, ਹੰਕਾਰ, ਤਕੱਬਰ ਨੂੰ ਤਲਾਂਜਲੀ ਦੇ ਕੇ ਹੀ ਕੁਝ ਪਉੜੀਆਂ ਨੀਚੇ ਉਤਰ ਕੇ ਆਉਣਾ ਪੈਂਦਾ ਹੈ ਤਾਂ ਕਿ ਜਗਿਆਸੂ ਕੁਝ ਅਧਿਆਤਮਿਕ ਰਸ ਗ੍ਰਹਿਣ ਕਰਨ ਜੋਗਾ ਹੋ ਜਾਵੇ। ਬਾਣੀ ਵੀ ਜੋ ਗਾਈ ਜਾਂਦੀ ਹੈ ਉਹ ਧੁਰ ਕੀ ਬਾਣੀ ਹੈ ਕੋਈ ਕਹਾਣੀਆਂ, ਕਥਾਵਾਂ ਨਹੀਂ ਨਰੋਲ ਅਕਾਲ ਉਸਤਤ ਹੈ ਅਤੇ ਮਨੁੱਖ ਨੂੰ ਚੰਗੇਰਾ ਮਨੁੱਖ, ਸਚ ਦਾ ਧਾਰਨੀ ਮਨੁੱਖ ਬਣਾਉਣ ਵਾਲੀ ਹੈ। ਹਰਿਮੰਦਰ ਸਾਹਿਬ ਦਾ ਅਦੁਤੀ ਸੰਦੇਸ਼ 239 ਸਾਲ ਦੀ ਦਸ ਗੁਰੂ ਸਾਹਿਬਾਨ ਵਲੋਂ ਸਿੱਖ ਨੂੰ ਦਿੱਤੀ ਅਮਲੀ ਟਰੇਨਿੰਗ ਦੇ ਜ਼ਾਬਤੇ ਵਿਚੋਂ ਢੱਲ ਕੇ ਆਇਆ ਸੰਦੇਸ਼ ਹੈ ਜਿਸ ਵਿਚ ਸਮਾਜਕ ਪੁਖਤਗੀ (ਪਕਿਆਈ), ਸਦਾਚਾਰਕ ਪ੍ਰਬੀਨਤਾ, ਵਿਹਾਰਕ ਪ੍ਰਪੱਕਤਾ, ਰਾਜਨੀਤਕ ਸ਼ੁਧਤਾ, ਆਤਮਿਕ ਸੁਹਜਤਾ ਅਤੇ ਨੂਰੀ ਨਫਾਸਤ ਹੈ। ਇਕੋ ਥਾਂ ਤੋਂ ਇਤਨੀਆਂ ਸੁਗ਼ਾਤਾਂ ਹਰ ਸਮੇਂ ਦੁਨੀਆ ਦੇ ਹੋਰ ਕਿਸੇ ਅਸਥਾਨ ਤੇ ਨਹੀਂ ਮਿਲਦੀਆਂ।

ਦੁਨੀਆ ਵਿਚ ਜਿਤਨੇ ਵੀ ਧਾਰਮਿਕ ਪਰੀਸਰ ਹਨ ਉਹ ਰਾਜਿਆਂ ਰਾਣਿਆਂ ਜਾਂ ਸ਼ਰਧਾਲੂਆਂ ਨੇ ਉਸਾਰੇ ਹਨ ਪਰ ਅਲੌਕਿਕ ਹਰਮਿੰਦਰ ਸਾਹਿਬ ਦੀ ਕਾਰ ਸੇਵਾ ਵਿਚ ਖੁਦ ਅਕਾਲਪੁਰਖ ਰੂਪੀ ਗੁਰੂ ਜੋਤਾਂ ਨੇ ਵੀ ਆਪ ਆਪਣੇ ਹੱਥੀਂ ਸੇਵਾ ਨਿਭਾਈ ਹੈ। ਇੱਥੇ ਹੀ ਬਸ ਨਹੀਂ ਅਕਾਲਪੁਰਖ ਨੇ ਵੀ ਚਾਈਂ ਚਾਈਂ ਟੋਕਰੀ ਢੋ ਕੇ ਇਸ ਦੇ ਨਿਰਮਾਣ ਨੂੰ ਸਦੀਵਤਾ ਬਖਸ਼ੀ ਹੈ। ਅਜਿਹਾ ਸੁਭਾਗ ਕਿਸੇ ਹੋਰ ਅਸਥਾਨ ਨੂੰ ਪ੍ਰਾਪਤ ਨਹੀਂ ਹੋਇਆ। ਅਕਾਲਪੁਰਖ ਵਲੋਂ ਇਸ ਅਨੂਪਮ ਅਸਥਾਨ ਪ੍ਰਤੀ ਇਤਨੀ ਦਿਲਚਸਪੀ ਲੈਣ ਕਾਰਨ ਹੀ ਗੁਰੂ ਅਰਜਨ ਦੇਵ ਜੀ ਨੇ ਫਰਮਾਇਆ ਹੈ :

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥ ਅੰਗ-1362

ਜੇ ਕਰ ਕੋਈ ਹਿੰਦੂਆਂ ਦਾ ਪਵਿੱਤਰ ਸਥਾਨ ਹੈ ਤਾਂ ਉਹ ਮੁੱਖ ਕਰ ਕੇ ਹਿੰਦੂਆਂ ਲਈ ਹੀ ਹੈ। ਇਸੇ ਤਰ੍ਹਾਂ ਮੁਸਲਮਾਨਾਂ, ਈਸਾਈਆਂ, ਬੋਧੀਆਂ ਦੇ ਸਥਾਨ ਵੀ ਆਪਣੇ ਆਪਣੇ ਧਰਮਾਂ ਦੇ ਲੋਕਾਂ ਲਈ ਹਨ ਪਰ ਹਰਿਮੰਦਰ ਸਾਹਿਬ ਪ੍ਰਮਾਤਮਾ ਦੀ ਸਮੁੱਚੀ ਸੰਤਾਨ ਦਾ ਆਪਣਾ ਘਰ ਹੈ। ਇਹ ਮਨੁੱਖੀ ਨਸਲ ਦਾ ਸਾਂਝਾ ਤੀਰਥ ਹੈ। ਇਸ ਦੇ ਚਾਰ ਦਿਸ਼ਾਵਾਂ ਵਿਚ ਰੱਖੇ ਚਾਰ ਦਰਵਾਜ਼ੇ ਇਸ ਦੀ ਸਰਬ ਵਿਆਪਕਤਾ ਦੀ ਮੂੰਹ ਬੋਲਦੀ ਤਸਵੀਰ ਹਨ। ਅਕਾਲਪੁਰਖ ਦਾ ਇਹ ਮੰਦਰ ਸਭ ਲਈ ਸਾਂਝਾ ਹੈ, ਇੱਥੇ ਬੈਠਣਾ ਉਠਣਾ ਸਾਂਝਾ ਹੈ, ਕਿਸੇ ਨਾਲ ਭੇਦ ਭਾਵ ਨਹੀਂ, ਊਚ ਨੀਚ ਦੀ ਕੋਈ ਗੱਲ ਨਹੀਂ, ਵੱਡੇ ਛੋਟੇ ਦਾ ਫਰਕ ਨਹੀਂ, ਇਸਤਰੀ ਪੁਰਖ ਦਾ ਇਮਤਿਆਜ਼ ਨਹੀਂ, ਗਰੀਬ ਅਮੀਰ ਵਿਚ ਤਫਰਕਾ ਨਹੀਂ, ਦਿਨਾਂ ਤਿਥੀਆਂ ਤੇ ਪਹਿਰਾਂ ਦੀ ਮਹੱਤਤਾ ਵਿਚ ਅਸਮਾਨਤਾ ਨਹੀਂ, ਜ਼ਾਤ ਪਾਤ ਦੇ ਵਖਰੇਵਿਆਂ ਦਾ ਕੋਹੜ ਨਹੀਂ, ਮਜ਼ਬਾਂ ਮਿਲਤਾਂ ਦੇ ਰੰਗ-ਰੂਪਾਂ ਦੀ ਹਦਬੰਦੀ ਨਹੀਂ, ਭਾਵ ਇਹ ਇਕ ਅਜਿਹਾ ਅਣਮੋਲ ਪਵਿੱਤਰ ਤੀਰਥ ਹੈ ਜਿਥੇ ਕੁਝ ਵੀ ਐਸਾ ਨਹੀਂ ਜਿਸ ਨਾਲ ਜਾਣੇ ਅਣਜਾਣੇ ਕਿਸੇ ਦੇ ਹਿਰਦੇ ਨੂੰ ਠੇਸ ਪਹੁੰਚਦੀ ਹੋਵੇ। ਇੱਥੇ ਆ ਕੇ ਤਾਂ ਹਰ ਇਕ ਦੇ ਮਨ ਵਿਚੋਂ ਬਿਖਿਆ ਦੀ ਮੈਲ ਉਤਰਦੀ ਹੈ, ਇਹ ਸਿਫਤੀ ਦਾ ਘਰ ਹੈ। ਇਸ ਪਵਿੱਤਰ ਸੋਰਵਰ ਵਿਚ ਇਸ਼ਨਾਨ ਕਰਨ ਨਾਲ ਕਾਂ ਵੀ ਹੰਸ ਬਣ ਜਾਂਦਾ ਹੈ, ਭਾਵ ਦੁਰਮਤ ਦੂਰ ਹੁੰਦੀ ਹੈ ਤੇ ਸੁਮੱਤ ਗ੍ਰਹਿਣ ਹੁੰਦੀ ਹੈ। ਸਰੋਵਰ ਦੇ ਇਸ਼ਨਾਨ ਨਾਲ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨਾਲ ਸਰੀਰਕ ਥਕਾਵਟ ਦੂਰ ਹੁੰਦੀ ਹੈ, ਮਾਨਸਿਕ ਚੰਚਲਤਾ ਖਤਮ ਹੁੰਦੀ ਹੈ, ਆਤਮਿਕ ਵਿਕਾਸ ਪ੍ਰਫੁਲਤ ਹੁੰਦਾ ਹੈ ਅਤੇ ਮਨੁੱਖ ਨੂੰ ਨਵੀਂ ਚੇਸ਼ਟਾ, ਨਵਾਂ ਬਲ, ਨਵੀਂ ਜੀਵਨ ਜਾਚ, ਨਵੀਆਂ ਸੂਖਮ ਤਰੰਗਾਂ, ਨਵੇਂ ਜਜ਼ਬਿਆਂ, ਨਵੀਆਂ ਉਸਾਰੂ ਸੋਚਾਂ ਅਤੇ ਅਧਿਆਤਮਿਕ ਉਚਾਈਆਂ ਦਾ ਅਹਿਸਾਸ ਹੁੰਦਾ ਹੈ। ਹਰਿਮੰਦਰ ਸਾਹਿਬ ਸਿੱਖ ਦੇ ਗੌਰਵਮਈ ਇਤਿਹਾਸ ਦੀ ਪ੍ਰਤੱਖ ਪ੍ਰਦਰਸ਼ਨੀ ਹੈ, ਉਸ ਦੇ ਜੀਵਨ ਦੀ ਆਤਮਿਕ ਰੌ ਹੈ, ਚੇਤਨਾ ਦਾ ਸੋਤ ਹੈ, ਇਲਾਹੀ ਸ਼ਕਤੀ ਦਾ ਮੰਬਾ ਹੈ, ਸੁਚੇ ਚਾਵਾਂ ਮਲਹਾਰਾਂ ਦਾ ਸਰ ਚਸ਼ਮਾ ਹੈ, ਭਾਵਾਤਮਿਕ ਏਕਤਾ ਦਾ ਸਦੀਵੀ ਕੇਂਦਰ ਹੈ, ਸਿੱਖੀ ਦਾ ਸੋਮਾ ਹੈ, ਗੁਰਸਿੱਖੀ ਸ਼ਾਨ ਦਾ ਬੁਲੰਦ ਨਿਸ਼ਾਨ ਹੈ ਜਿਸ ਦੇ ਦਰਸ਼ਨਾਂ ਲਈ ਹਰ ਸਿੱਖ ਦੇ ਮਨ ਵਿਚ ਹਮੇਸ਼ਾ ਤਾਂਘ ਬਣੀ ਰਹਿੰਦੀ ਹੈ। ਇਸ ਅਮੁਕ ਗੁਣਾਂ ਵਾਲੇ ਦਰ ਘਰ ਨੂੰ ਛੱਡ ਕੇ ਕਿਧਰੇ ਹੋਰ ਸੁਖ ਸ਼ਾਂਤੀ ਦੀ ਭਾਲ ਕਰਨੀ ਪਾਣੀ ਨੂੰ ਰਿੜਕਣ ਸਮਾਨ ਹੈ।

ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥ ਅੰਗ-1367/68

ਅਲੱਗ ਸ਼ਬਦ ਯੁੱਗ ਟਰੱਸਟ ਦੇ ਸਾਲਾਨਾ ਸਮਾਗਮ (1-1-2013) ਦੀਆਂ ਝਲਕੀਆਂ














A Publication of Alag Shabad Yug International Charitable Trust,
593, Urban Estate, Phase-2, Focal Point, Ludhiana-141010. (Pb.) India
Ph.: +91-161-2671947, 2673416 Fax : 91-161-2670593
Mob.: 98153-23523, 97804-42842
Website : www.sikhglory.alagshabadyug.org
E-mail : alag@alagshabadyug.org and jagbir.s@sify.com
All the publications of Alag Shabad Yug Charitable Trust Ludhiana are free of cost